ਸਾਹਿਤ ਅਧਿਐਨ ਸੀਰੀਜ਼

# ਗੁਰਮਤਿ ਸਾਹਿਤ ਵਿਵੇਚਨ

ਭਾਸ਼ਾ ਵਿਭਾਗ, ਪੰਜਾਬ

ਗੁਰਮਤਿ ਸਾਹਿਤ ਵਿਵੇਚਨ

# ਗੁਰਮਤਿ ਸਾਹਿਤ ਵਿਵੇਚਨ

ਭਾਸ਼ਾ ਵਿਭਾਗ, ਪੰਜਾਬ

GURMAT SAHIT VIVECHAN (In Punjabi)

Revision : Dr. Jagjit Singh

ਗੁਰਮਤਿ ਸਾਹਿਤ ਵਿਵੇਚਨ

ਸੋਧਕ ਡਾ. ਜਗਜੀਤ ਸਿੰਘ

©ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ : 1970

ਦੂਜੀ ਐਡੀਸ਼ਨ : 1993

ਕਾਪੀਆਂ : 2000

ਮੁੱਲ : 20/- ਰੁਪਏ (ਵੀਹ ਰੁਪਏ)

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ, ਪੰਜਾਬ

ਛਾਪਕ : ਬਰਜਿੰਦਰਾ ਪ੍ਰਿੰਟਰਜ਼, ਫਗਵਾੜਾ ਗੇਟ, ਜਲੰਧਰ

ਰਾਹੀਂ : ਕੰਟਰੋਲਰ, ਛਪਾਈ ਤੇ ਸਮੱਗਰੀ ਵਿਭਾਗ ਪੰਜਾਬ ਚੰਡੀਗੜ੍ਹ

## ਦੋ ਸ਼ਬਦ

ਪੁਸਤਕ "ਗੁਰਮਤਿ ਸਾਹਿਤ ਵਿਵੇਚਨ" ਭਾਸ਼ਾ ਵਿਭਾਗ ਦੁਆਰਾ ਸਾਹਿਤ ਅਧਿਐਨ ਸੀਰੀਜ਼ ਅਧੀਨ ਪਹਿਲੀ ਵਾਰ ਸਾਲ 1970 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਹ ਪੁਸਤਕ ਕੁਝ ਸਮੇਂ ਤੋਂ ਸਟਾਕ ਵਿਚੋਂ ਖਤਮ ਹੋ ਚੁਕੀ ਸੀ ਅਤੇ ਪਾਠਕਾਂ ਦੀ ਲਗਾਤਾਰ ਮੰਗ ਨੂੰ ਧਿਆਨ ਵਿਚ ਰਖਦਿਆਂ ਇਸ ਦੀ ਸੋਧੀ ਹੋਈ ਐਡੀਸ਼ਨ ਛਾਪੀ ਜਾ ਰਹੀ ਹੈ। ਇਸ ਦੀ ਨਵੇਂ ਸਿਰਿਉਂ ਸੋਧ ਗੁਰਮਤਿ ਸਾਹਿਤ ਦੇ ਉਘੇ ਵਿਦਵਾਨ ਡਾ. ਜਗਜੀਤ ਸਿੰਘ ਜੀ ਨੇ ਕੀਤੀ ਹੈ।

ਆਸ ਹੈ ਕਿ ਗੁਰਮਤਿ ਸਾਹਿਤ ਵਿਚ ਰੁਚੀ ਰੱਖਣ ਵਾਲੇ ਪਾਠਕ ਇਸ ਪੁਸਤਕ ਦਾ ਸੁਆਗਤ ਕਰਨਗੇ।

**ਜੋਗਿੰਦਰ ਸਿੰਘ ਕੋਮੀ,**
ਆਈ.ਏ.ਐਸ.
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

# ਕੁਝ ਗੁਰਮਤਿ ਸਾਹਿਤ ਬਾਰੇ

**ਡਾ: ਜੀਤ ਸਿੰਘ ਸੀਤਲ**

**ਗੁਰਮਤਿ ਸਾਹਿਤ** ਪੰਜਾਬੀ ਸਾਹਿਤ ਦਾ ਇਕ ਅਨਿੱਖੜਵਾਂ ਅੰਗ ਤੇ ਬਹੁਮੁੱਲਾ ਵਿਰਸਾ ਹੈ। ਗੁਰਮਤਿ ਸਾਹਿਤ ਦੀਆਂ ਧੁੰਧਲੀਆਂ ਲੀਹਾਂ ਸੂਫੀਆਂ ਤੇ ਨਾਥ ਪੰਥੀਆਂ ਨੇ ਪੰਜਾਬ ਦੀ ਧਰਤ ਉਪਰ ਪਹਿਲਾਂ ਹੀ ਪਾ ਛੱਡੀਆਂ ਦਿੱਸਦੀਆਂ ਹਨ। ਗੁਰਮਤਿ ਸਾਹਿਤ ਦੇ ਉਦੇਸ਼ ਭਾਵ ਅਤੇ ਵਿਚਾਰ ਪੰਜਾਬ ਦੀ ਧਰਤ ਵਿਚ ਭਗਤੀ ਲਹਿਰ ਤੇ ਸੂਫੀ ਲਹਿਰ ਨੇ ਬੀਜ ਦਿੱਤੇ ਜਾਪਦੇ ਸਨ। ਇਸੇ ਸਦਕਾ ਪੰਜਾਬੀ ਸਾਹਿਤ ਨੂੰ ਉੱਚ ਪਦਵੀ ਪ੍ਰਾਪਤ ਹੋਈ ਅਤੇ ਇਹ ਵਿਸ਼ਵ ਨੂੰ ਅਮਰ ਤੇ ਦੈਵੀ ਸਾਹਿਤ ਦਾ ਸੰਦੇਸ਼ ਦੇਣ ਯੋਗ ਹੋਇਆ। ਗੁਰਮਤਿ ਸਾਹਿਤ ਕੌਸਰ ਦਾ ਹੌਜ਼ ਹੈ, ਜਿਸ ਚੋਂ ਸਰੋਤੇ ਤੇ ਪਾਠਕ ਆਬ-ਇ-ਹਯਾਤ ਪੀ ਪੀ ਅਮਰ ਹੁੰਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਜਨਮ ਮਰਨ ਤੋਂ ਨਵਿਰਤ ਤੇ ਮੁਕਤ ਹੋ ਜਾਂਦੇ ਹਨ। ਜਿਹੜਾ ਸਾਹਿਤ ਅਜਿਹਾ ਅਮਰ ਤੇ ਅਬਿਨਾਸ਼ੀ ਹੋਵੇ ਉਹ ਕਦੀ ਮੁਰਝਾ ਨਹੀਂ ਸਕਦਾ, ਮਰ ਨਹੀਂ ਸਕਦਾ। ਨਾ ਇਸ ਦੀ ਚਮਕ ਦਮਕ ਮਧਮ ਪੈਂਦੀ ਹੈ ਤੇ ਨਾ ਇਸ ਦੀ ਸ਼ਕਤੀ ਹੀ ਘੱਟ ਹੁੰਦੀ ਹੈ। ਅਜਿਹਾ ਸਾਹਿਤ ਪੰਜਾਬੀ ਸਾਹਿਤ ਨੂੰ ਭੀ ਸ਼ਕਤੀਸ਼ਾਲੀ ਤੇ ਆਕਰਸ਼ਕ ਬਣਾਉਂਦਾ ਹੈ।

**ਗੁਰਮਤਿ ਸਾਹਿਤ** ਦਾ ਪਰਭਾਵ ਪੰਜਾਬ ਦੇ ਸਮਕਾਲੀ ਤੇ ਪ੍ਰਤਿਕਾਲੀ ਸਾਹਿਤ ਪੁਰ ਵੀ ਵੱਡਾ ਪਿਆ। ਇਹ ਪਰਭਾਵ ਵਿਚਾਰਧਾਰਾ ਦਾ, ਸ਼ਬਦਾਵਲੀ ਦਾ, ਵਰਨਣਮਾਲਾ ਤੇ ਲਿਖਣ-ਢੰਗ ਦਾ ਅਤੇ ਵਾਰਤਿਕ ਬੋਲ ਚਾਲ ਦਾ ਸੀ, ਜਿਹੜਾ ਵੱਖ ਵੱਖ ਰੂਪਾਂ ਵਿਚ ਲਗ ਭਗ ਹਰ ਇਕ ਸਾਹਿਤ ਰਚਣਹਾਰੇ ਪੁਰ ਪਿਆ। ਪੰਜਾਬ ਦੇ ਵਸਨੀਕਾਂ ਦੇ ਮਨਾਂ ਵਿਚ ਇਹ ਵਿਚਾਰ ਘਰ ਕਰ ਗਏ ਕਿ ਰੱਬ ਇਕ ਹੈ ਉਹ ਸਰਬ ਸ਼ਕਤੀਮਾਨ ਤੇ ਕਰਨ-ਕਾਰਨ ਹੈ। ਹਿਰਦੇ ਦੀ ਸੁੱਚਤਾ ਅਤੇ ਗੁਰੂ ਦੀ ਕਿਰਪਾ ਦੁਆਰਾ ਉਸ ਦੀ ਪ੍ਰਾਪਤੀ ਹੁੰਦੀ ਹੈ। ਇਹ ਵਿਚਾਰ ਪੰਜਾਬ ਦੀ ਧਰਤੀ ਦੇ ਜਲਵਾਯੂ ਦੇ ਅਨੁਕੂਲ ਸਨ। ਇਸ ਧਰਤ ਦੇ ਦਰਿਆਵਾਂ ਕੰਢੇ ਅਮਰ ਪ੍ਰੀਤੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਸਨ ਅਤੇ ਸਦੀਵੀ ਤੇ ਦੈਵੀ ਪ੍ਰੀਤ ਦੇ ਕਿੱਸੇ ਗਾਂਵੇ ਤੇ ਸੁਣੇ ਜਾਂਦੇ ਰਹੇ ਸਨ। ਇਸ ਲਈ ਇਹ ਭਾਵ ਹੋਰ ਵਧੇਰੇ ਜੜ ਫੜ ਗਿਆ ਕਿ ਜੀਵ-ਰੂਪੀ ਇਸਤ੍ਰੀ ਦਾ ਅਮਰ ਸੰਜੋਗ ਉਸ ਨਿਰੰਕਾਰ ਰੂਪੀ ਸਵਾਮੀ

ਨਾਲ ਹੋਣਾ ਜ਼ਰੂਰੀ ਹੈ। ਇਹ ਸੰਜੋਗ ਗੁਰਮੁਖਾਂ ਦੀ ਸੰਗਤ ਤੇ ਗੁਰੂ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ। ਪੰਜਾਬ ਦੇ ਸਾਰੇ ਸੂਫ਼ੀ ਕਵੀਆਂ ਨੇ ਇਨ੍ਹਾਂ ਹੀ ਭਾਵਾਂ ਨੂੰ ਆਪਣੇ ਸ਼ਬਦਾਂ ਰਾਹੀਂ ਦੁਹਰਾਇਆ ਹੈ। ਸ਼ਾਹ ਹੁਸੈਨ, ਅਲੀ ਹੈਦਰ, ਸ਼ਾਹ ਸ਼ਰਫ਼, ਬੁਲ੍ਹੇ ਸ਼ਾਹ ਆਦਿ ਸਭ ਨੇ ਗੁਰਮਤਿ ਸਾਹਿਤ ਦੇ ਆਸ਼ਿਆਂ ਤੇ ਧਾਰਨੀ ਸ਼ਬਦ ਕਹੇ ਹਨ। ਪੰਜਾਬੀ ਕਿੱਸਾਕਾਰ ਵੀ ਇਸ ਗੱਲੋਂ ਪਿੱਛੇ ਨਹੀਂ ਰਹੇ। ਉਹਨਾਂ ਨੇ ਵੀ ਗੁਰਮਤਿ ਆਸ਼ੇ ਦੇ ਅਧਾਰ ਤੇ ਕਈ ਅਟੱਲ ਸਚਿਆਈਆਂ ਕਹੀਆਂ ਹਨ।

**ਗੁਰਮਤਿ ਸਾਹਿਤ** ਦਾ ਦੂਜਾ ਵੱਡਾ ਅਸਰ ਸ਼ਬਦਾਵਲੀ ਦਾ ਸੀ ਜਿਸ ਦੀ ਛਾਪ ਸਮਕਾਲੀ ਤੇ ਪ੍ਰੀਤਕਾਲੀ ਪੰਜਾਬੀ ਸਾਹਿਤ ਪੁਰ ਅਵਸ਼ ਮਿਲਦੀ ਹੈ। ਇਸੇ ਤਰ੍ਹਾਂ ਰਾਗ ਤੇ ਕਵਿਤਾ ਦੇ ਪਵਿੱਤਰ ਸੰਜੋਗ ਨੂੰ ਗੁਰਮਤਿ ਸਾਹਿਤ ਤੋਂ ਹੀ ਗ੍ਰਹਿਣ ਕੀਤਾ ਗਿਆ। ਸੂਫ਼ੀ ਕਵੀਆਂ ਨੇ ਵਿਸ਼ੇਸ਼ ਕਰਕੇ ਇਹਨਾਂ ਹੀ ਕਾਰਨਾਂ ਕਰਕੇ ਕਈ ਰਾਗਾਂ ਵਿਚ ਆਪਣੀ ਕਵਿਤਾ ਕਹੀ। ਇਕੱਲੇ ਸ਼ਾਹ ਹੁਸੈਨ ਨੇ ਸ੍ਰੀਰਾਗ, ਗਉੜੀ, ਆਸਾ, ਦੇਵ ਗੰਧਾਰੀ, ਗੂਜਰੀ, ਵਡਹੰਸ, ਸੋਰਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਕਿਦਾਰਾ, ਬਸੰਤ, ਭੈਰਵੀ, ਹਡੋਲ, ਸਾਰੰਗ, ਕਾਨੜਾ ਅਤੇ ਤੁਖਾਰੀ ਰਾਗ ਵਰਤੇ ਹਨ। ਇਨ੍ਹਾਂ ਰਾਗ ਰਾਗਨੀਆਂ ਦੇ ਭੂਸ਼ਨ ਗੁਰਮਤਿ ਸਾਹਿਤ ਪਹਿਲਾਂ ਹੀ ਤਿਆਰ ਕਰ ਚੁੱਕਾ ਸੀ।

**ਰਹਾਉ ਤੇ ਬੰਦਾਂ** ਦੇ ਅੰਕਾਂ ਦਾ ਪ੍ਰਯੋਗ ਵੀ ਪੰਜਾਬੀ ਕਵੀਆਂ ਨੂੰ ਗੁਰਮਤਿ ਸਾਹਿਤ ਤੋਂ ਪਰਭਾਵਤ ਹੋ ਕੇ ਕੀਤਾ। ਰਹਾਉ ਤੋਂ ਪਹਿਲਾਂ ਅਤੇ ਪਿਛੋਂ ਦੇ ਕਾਫ਼ੀਏ ਬਦਲਵੇਂ ਵਜ਼ਨ ਤੇ ਬਹਿਰ ਨਿਖੜਵੇਂ ਤੇ ਰਾਗਾਂ ਦੇ ਅਨੁਸਾਰ ਆਉਂਦੇ ਹਨ। ਇਹ ਸਾਰੀ ਰੂਪਰੇਖਾ ਗੁਰਮਤਿ ਸਾਹਿਤ-ਨੇ ਚਿੱਤਰੀ ਸੀ।

**ਅਲੰਕਾਰ ਰੂਪਕ** ਜਾਂ ਉਪਮਾਵਾਂ ਅਤੇ ਸੰਕੇਤ ਵੀ ਬਹੁਤ ਸਾਰੇ ਗੁਰਮਤਿ ਸਾਹਿਤ ਵਿਚ ਅਜੇਹੇ ਆਉਂਦੇ ਹਨ ਜਿਹਨਾਂ ਦੀ ਵਰਤੋਂ ਪਿੱਛੋਂ ਆ ਰਹੇ ਸਾਰੇ ਹੀ ਕਵੀਆਂ ਨੇ ਖੁਲ੍ਹੇ ਤੌਰ ਤੇ ਕੀਤੀ। ਗੁਰਮਤਿ ਸਾਹਿਤ ਦੇ ਆਕਾਸ਼ ਉਪਰ ਚਮਕ ਰਹੇ ਸ਼ਬਦ-ਅਲੰਕਾਰ ਰੂਪੀ ਤਾਰੇ ਪੰਜਾਬ ਦੀ ਕਾਵਿ ਧਰਤ ਨੂੰ ਰੋਸ਼ਨ ਕਰਨ ਲੱਗੇ। ਅਰਬੀ, ਫ਼ਾਰਸੀ ਦੇ ਵੀ ਉਹ ਸਾਰੇ ਸ਼ਬਦ ਜਾਂ ਮੁਹਾਵਰੇ ਜਿਹੜੇ ਗੁਰਮਤਿ ਸਾਹਿਤ ਵਿਚ ਵਰਤੇ ਮਿਲਦੇ ਹਨ, ਪਿਛਲੇਰੇ ਪੰਜਾਬ-ਸਾਹਿਤ ਨੇ ਉਹਨਾਂ ਨੂੰ ਹੀਰੇ ਜਵਾਹਰਾਂ ਵਾਂਗ ਸਾਂਭ ਸਾਂਭ ਕੇ ਰਖਿਆ। ਭਾਈ ਗੁਰਦਾਸ ਦੇ ਪੰਜਾਬੀ ਪ੍ਰੀਤ ਕਿੱਸਿਆਂ ਦ ਸੰਕੇਤ ਪਿੱਛੋਂ ਆਏ ਸਾਰੇ ਹੀ ਪੰਜਾਬੀ ਕਵੀਆਂ ਨੇ ਮੁੜ ਮੁੜ ਗੀਤ ਤੇ ਦੁਹਰਾਏ। ਲਹਿੰਦੀ ਦਾ ਜਿੰਨਾ ਕੁ ਅੰਸ਼ ਗੁਰਮਤਿ ਸਾਹਿਤ ਵਿਚ ਮਿਲਦਾ ਹੈ, ਉਸ ਨੇ ਭੀ ਪਿਛਲੇਰੇ ਪੰਜਾਬ ਸਾਹਿਤ ਨੂੰ ਕਾਫ਼ੀ ਹੱਦ ਤਕ ਪਰਭਾਵਤ ਕੀਤਾ। ਡਖਨੇ ਮਹਲਾ 'ਪੰਜਵੇਂ' ਵਿਚ ਆਏ ਸ਼ਬਦ ਇਸ ਦੀ ਗਵਾਹੀ ਭਰਦੇ ਹਨ। 'ੜ' ਦੀ ਵਰਤੋਂ ਦੀ ਇਕ ਵਿਸ਼ੇਸ਼ਤਾਈ ਹੈ।

**ਗੁਰਮਤਿ ਸਾਹਿਤ** ਆਦਿ ਗ੍ਰੰਥ ਦੇ ਸੰਪਾਦਨ ਤੇ ਸੰਕਲਨ ਪਿਛੋਂ ਗੁਰਮੁਖੀ ਅੱਖਰਾਂ ਵਿਚ ਲਿਖਿਆ ਜਾਣਾ ਅਰੰਭ ਹੋਇਆ। ਆਦਿ ਗ੍ਰੰਥ ਦੀਆਂ ਕਈ ਇਕ ਬੀੜਾਂ ਉਤਾਰੇ ਰਾਹੀਂ ਤਿਆਰ ਕੀਤੀਆਂ ਗਈਆਂ। ਅਨੇਕਾਂ ਪੰਜ-ਗਰੰਥੀਆਂ ਲਿਖੀਆਂ ਗਈਆਂ। ਇਸੇ ਤਰ੍ਹਾਂ ਨਿਤਨੇਮ ਦੇ ਭਾਗ ਅੱਡ

ਅੱਡ ਸੰਕਲਨ ਕੀਤੇ ਜਾਣ ਲੱਗੇ । ਇਸ ਨਾਲ ਪੰਜਾਬ ਵਿਚ ਲਿਖਾਰੀਆਂ ਜਾਂ ਖੁਸ਼-ਨਵੀਸਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੋਂਦ ਵਿਚ ਆਉਣ ਲੱਗੀ ਤੇ ਇਹ ਕਿੱਤਾ ਖਾਨਦਾਨੀ ਤੇ ਕਲਾਮਈ ਰੂਪ ਧਾਰਨ ਕਰਨ ਲੱਗਾ। ਬੜੇ-ਬੜੇ ਸੁੰਦਰ ਨੁਸਖੇ ਤਿਆਰ ਹੋਣ ਲੱਗੇ । ਹਾਸ਼ੀਏ ਸੁਨਹਿਰੀ ਕਿੱਤੇ ਜਾਣ ਲੱਗੇ ਤੇ ਉਨ੍ਹਾਂ ਵਿਚ ਚਿਤਰਕਾਰੀ ਝਾਕਦੀ ਦਿੱਸਣ ਲੱਗੀ। ਇਹ ਇਕ ਵਿਸ਼ੇਸ਼ ਲਿਖਤ-ਢੰਗ ਸੀ, ਜਿਹੜਾ ਆਦਿ ਗਰੰਥ ਦੇ ਨਮੂਨੇ ਅਤੇ ਆਧਾਰ ਤੇ ਘੜਿਆ ਗਿਆ ਸੀ ਇਸੇ ਹੀ ਲਿਖਤ-ਢੰਗ ਦੇ ਆਧਾਰ ਤੇ ਪੰਜਾਬੀ ਸਾਹਿਤ ਦੀਆਂ ਰਚਨਾਵਾਂ ਗੁਰਮੁਖੀ ਅੱਖਰਾਂ ਵਿਚ ਲਿਖੀਆਂ ਜਾਣ ਲੱਗੀਆਂ । ਗੁਰਬਾਣੀ ਵਿਚ ਸ਼ਬਦਾਂ ਨਾਲ ਲੱਗੀਆਂ ਲਗਾਂ ਮਾਤਰਾਂ ਦਾ ਵਿਸ਼ੇਸ਼ ਭਾਵ ਹੁੰਦਾ ਹੈ, ਉਹ ਸ਼ਬਦ ਦੇ ਵਿਆਕਰਣਕ ਰੂਪ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਲਗਾਂ ਮਾਤਰਾਂ ਦੀ ਅਦਲਾ ਬਦਲੀ ਨਾਲ ਸ਼ਬਦਾਂ ਦੇ ਭਾਵਾਂ ਵਿਚ ਫਰਕ ਪੈ ਜਾਂਦਾ ਹੈ । ਇਸੇ ਢੰਗ ਨੂੰ ਹਰ ਪੰਜਾਬੀ ਲਿਖਤ ਨੇ ਅਪਣਾਇਆ। ਭਾਵੇਂ ਮੁਸਲਮਾਨ ਕਵੀ ਫਾਰਸੀ ਅੱਖਰਾਂ ਵਿਚ ਲਿਖਦੇ ਸਨ, ਪਰ ਜਦ ਵੀ ਉਨ੍ਹਾਂ ਦੀਆਂ ਕਿਰਤਾਂ ਦੇ ਉਤਾਰੇ ਗੁਰਮੁਖੀ ਅੱਖਰਾਂ ਵਿੱਚ ਕੀਤੇ ਜਾਂਦੇ,ਤਾਂ ਇਨ ਬਿਨ ਗੁਰਬਾਣੀ-ਲਿਖਤ ਢੰਗ ਨੂੰ ਹੀ ਅਪਣਾਇਆ ਜਾਂਦਾ । ਇਸੇ ਲਈ ਅਜਿਹੀਆਂ ਰਚਨਾਵਾਂ ਦੇ ਆਦਿ ਵਿਚ ਵੀ ''੧ਓ ਸਤਿਗੁਰੂ ਪ੍ਰਸਾਦਿ'' ਮਿਲਦਾ ਹੈ । ਸ਼ਾਹ ਹੁਸੈਨ ਦੀਆਂ ਗੁਰਮੁਖੀ ਅੱਖਰਾਂ ਵਿਚ ਛਪੀਆਂ ਕਾਫੀਆਂ ਦੀ ਲਿਖਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ।

**ਅੰਤਲਾ ਪਰਭਾਵ** ਗੁਰਮਤਿ ਸਾਹਿਤ ਵਿਚ ਆਈ ਵਾਰਤਿਕ ਦਾ ਸੀ ਜਿਹੜਾ ਪਿੱਛੋਂ ਰਚੀਆਂ ਜਾਣ ਵਾਲੀਆਂ ਜਨਮ ਸਾਖੀਆਂ, ਪਰਚੀਆਂ, ਸਾਖੀਆਂ ਆਦਿ ਵਿਚ ਸਾਫ ਦਿਸਦਾ ਹੈ। ਜਿਸ ਵਿਚ ਪੁਰਾਤਨ ਪੰਜਾਬੀ ਦਾ ਰੰਗ ਉਗੜਵਾਂ ਮਿਲਦਾ ਹੈ। ਇਸ ਲਈ ਸ਼ਾਇਦ ਪੰਜਾਬੀ ਵਾਰਤਕ ਦਾ ਮੂਲ ਸੋਮਾ ਵੀ ਗੁਰਮਤਿ ਸਾਹਿਤ ਹੀ ਮੰਨਿਆ ਗਿਆ ਹੈ । ਇਨ੍ਹਾਂ ਸਾਰੇ ਪਰਭਾਵਾਂ ਤੇ ਰੰਗਾਂ ਨੇ ਪੰਜਾਬੀ ਦੀ ਨੁਹਾਰ ਅਧਿਆਤਮਕ ਬਣਾ ਦਿੱਤੀ ਜਿਸ ਨਾਲ ਆਤਮਾ ਤੇ ਸਰੀਰ ਦਾ ਸੰਜੋਗ ਪਕੇਰਾ ਤੇ ਪੀਡਾ ਹੋਣ ਲੱਗਾ । ਇਸ ਨਾਲ ਪੰਜਾਬੀ ਸਾਹਿਤ ਗਗਨਾਂ ਦੀਆਂ ਸਿਖਰਾਂ ਛੂਹਣ ਯੋਗ ਹੋ ਗਿਆ । ਇਸ ਦਾ ਪਸਾਰਾ ਵੱਧ ਗਿਆ । ਅਜਿਹੇ ਗੁਰਮਤਿ ਸਾਹਿਤ, ਜਿਸ ਦਾ ਪੰਜਾਬੀ ਸਾਹਿਤ ਉਪਰ ਇਨਾ ਡੂੰਘਾ ਤੇ ਵਿਸ਼ਾਲ ਪਰਭਾਵ ਹੋਵੇ ਦੇ ਅਧਿਐਨ ਅਤੇ ਵਿਸਲੇਸ਼ਨ ਲਈ ਉਚੇਚੇ ਯਤਨਾਂ ਅਤੇ ਉਪਰਾਲਿਆਂ ਦੀ ਲੋੜ ਹੈ ਕਿਉਂ ਜੋ ਇਸ ਦੇ ਅਧਿਐਨ ਨਾਲ ਹੀ ਪੰਜਾਬੀ ਸਾਹਿਤ ਰੋਸ਼ਨ ਤੇ ਸੰਪੂਰਨ ਹੁੰਦਾ ਹੈ ।

**ਗੁਰਮਤਿ ਸਾਹਿਤ** ਨੂੰ ਸਾਨੂੰ ਕਿਸੇ ਧਰਮ ਜਾਂ ਸੰਪਰਦਾ ਨਾਲ ਨਹੀਂ ਮੇਲਨਾ ਚਾਹੀਦਾ, ਸਗੋਂ ਇਸਦਾ ਵਿਵੇਚਨ ਸਾਹਿਤਕ ਦ੍ਰਿਸ਼ਟੀਕੋਣ ਤੋਂ ਕਰਨਾ ਲਾਹੇਵੰਦ ਹੋਵੇਗਾ । ਇੰਨੇ ਉੱਚੇ ਅਧਿਆਤਮਕ ਅਤੇ ਬਹੁਮੁੱਲੇ ਸਾਹਿਤ ਭੰਡਾਰ ਨੂੰ ਵਿਸ਼ਵ ਸਾਮ੍ਹਣੇ ਉਜਾਗਰ ਕਰਨ ਦੀ ਲੋੜ ਹੈ। ਇਸ ਅਧਿਆਤਮਕ ਸਾਹਿਤ ਪਰਕਾਸ਼ਨ ਨਾਲ ਕਈ ਜਗਿਆਸੂ ਤੇ ਸਾਹਿਤ ਪ੍ਰੇਮੀ ਨਾ ਕੇਵਲ ਵਿਸ਼ੇਸ਼ ਲਾਭ ਹੀ ਪ੍ਰਾਪਤ ਕਰ ਸਕਣਗੇ, ਸਗੋਂ ਆਪਣਾ ਜਨਮ ਵੀ ਸਫਲ ਕਰਨ ਦਾ ਸਹਿਜੇ ਹੀ ਉਪਰਾਲਾ ਕਰ ਰਹੇ ਹੋਣਗੇ । ਪੰਜਾਬੀ ਸਾਹਿਤ ਲਈ ਇਹ ਇਕ ਨੇਕ ਸ਼ਗਨ ਸਾਬਤ ਹੋਵੇਗਾ ।

— 0 —

# ਵਿਸ਼ਾ-ਸੂਚੀ


| ਵਿਸ਼ਾ | ਲੇਖਕ | ਪੰਨਾ |
|---|---|---|
| ਪਰੰਪਰਾਂ :— ਦੋ ਸ਼ਬਦ | —ਰਾਜਿੰਦਰ ਸਿੰਘ | 1 |
| 1. ਗੁਰਮਤਿ ਸਾਹਿਤ ਵਿਵੇਚਨ | —ਡਾ. ਜਗਜੀਤ ਸਿੰਘ | 3 |
| 2. ਕੁਲ ਗੁਰਮਤਿ ਸਾਹਿਤ ਬਾਰੇ | —ਡਾ. ਜੀਤ ਸਿੰਘ ਸੀਤਲ | |
| 3. ਅਧਿਆਤਮਕ ਗ੍ਰੰਥ ਪਰੰਪਰਾ | —ਡਾ. ਧਰਮਪਾਲ ਸੈਨੀ | |
| 4. ਗੁਰਮਤਿ ਸਾਹਿਤ ਪਰੰਪਰਾ | —ਡਾ. ਸੁਰੈਣ ਸਿੰਘ | 9 |
| **ਗੁਰੂ ਗ੍ਰੰਥ ਸਾਹਿਬ—<br>ਸੰਪਾਦਨਾ, ਤਰਜਮੇ ਅਤੇ ਟੀਕੇ** | | |
| 5. ਸੰਪਾਦਨ ਕਲਾ | —ਡਾ. ਸੁਰਿੰਦਰ ਸਿੰਘ ਕੋਹਲੀ | 25 |
| 6. ਬੀੜਾਂ ਦੇ ਭੇਦ | —ਸੰਤ ਇੰਦਰ ਸਿੰਘ ਚੱਕਰਵਰਤੀ | 43 |
| 7. ਅੰਗਰੇਜ਼ੀ ਤਰਜਮੇ | —ਸ. ਰਾਜਿੰਦਰ ਸਿੰਘ | 56 |
| 8. ਪੰਜਾਬੀ ਟੀਕੇ | —ਮੁਨੀ ਅਰਜਨ ਸਿੰਘ ਕਨਖਲ | 60 |
| 9. ਜਪੁ-ਨਿਸਾਨ | —ਡਾ. ਜੀਤ ਸਿੰਘ ਸੀਤਲ | 70 |
| **ਗੁਰੂ ਗ੍ਰੰਥ ਸਾਹਿਬ—ਸਿਧਾਂਤਕ ਪੱਖ** | | |
| 10. ਦਾਰਸ਼ਨਿਕ ਸਿਧਾਂਤ<br>(ਮੂਲ ਮੰਤਰ ਵਿਚ ਵਿਹਮਕਤ) | —ਡਾ. ਤਾਰਨ ਸਿੰਘ | 74 |
| 11. ਬ੍ਰਹਮ-ਸੰਕਲਪ | —ਡਾ. ਜਗਜੀਤ ਸਿੰਘ | 84 |
| 12. ਰਚਨਾ-ਸਿਧਾਂਤ | —ਡਾ. ਜਗਦੀਸ਼ ਸਿੰਘ | 110 |
| 13. ਗੁਰਮਤਿ ਅਤੇ ਨਾਥ ਮਤਿ | —ਸ. ਰ. ਸ਼ਾਰਦਾ | 127 |
| 14. ਗੁਰੂ ਨਾਨਕ ਦੇਵ ਦੇ ਫਲਸਫੇ ਦਾ ਸਾਧਨਾ ਪੱਖ | —ਡਾ. ਸੀਤਾ ਰਾਮ ਬਾਹਰੀ | 145 |

## ਗੁਰੂ ਗ੍ਰੰਥ ਸਾਹਿਬ—ਸਾਹਿਤਿਕ ਵਿਸ਼ੇਸ਼ਤਾਈਆਂ


| | | | |
|---|---|---|---|
| 15. | ਆਦਿ ਗ੍ਰੰਥ ਵਿਚ ਨਿਰਬੰਧ-ਕਾਵਿ | —ਪ੍ਰੋ. ਪ੍ਰਕਾਸ਼ ਸਿੰਘ | 171 |
| 16. | ਆਦਿ ਗ੍ਰੰਥ ਦਾ ਛੰਦ-ਪ੍ਰਬੰਧ | —ਸ. ਸ਼ਮਸ਼ੇਰ ਸਿੰਘ ਅਸ਼ੋਕ | 196 |
| 17. | ਸੁਖਮਨੀ ਸਿਧਾਂਤ ਤੇ ਸੁਹਜ | —ਪ੍ਰਿੰ. ਸੰਤ ਸਿੰਘ ਸੇਖੋਂ | 219 |
| 18. | ਪੰਜਾਬੀ ਗੋਸ਼ਟਾਂ | —ਸਰਨ ਸਿੰਘ ਸਰੋਜ | 247 |
| 19. | ਭਗਤ ਅਤੇ ਭੱਟ ਬਾਣੀ | —ਹਰੀ ਸਿੰਘ | 259 |
| 20. | ਆਦਿ ਗ੍ਰੰਥ ਵਿਚ ਸੰਗੀਤ | —ਪ੍ਰੋ, ਗੁਰਦਿਆਲ ਸਿੰਘ | 265 |


## ਗੁਰੂ ਗ੍ਰੰਥ ਸਾਹਿਬ—ਸਮਾਜਕ ਚੇਤਨਤਾ


| | | | |
|---|---|---|---|
| 21. | ਸਮਾਜਕ ਚੇਤਨਤਾ | —ਪ੍ਰੋ. ਕਿਸ਼ਨ ਸਿੰਘ | 279 |
| 22. | ਸਮਾਂ ਅਤੇ ਸਮਾਜ | —ਪ੍ਰਿੰ. ਸ. ਸ. ਅਮੋਲ | 306 |
| 23. | ਗੁਰਮਤਿ ਸਾਹਿਤ ਅਤੇ ਸਮਾਜ | —ਡਾ. ਗੁਰਦਰਸ਼ਨ ਸਿੰਘ ਅਕਾਲੀ | 315 |
| 24. | ਦਸਮ ਗ੍ਰੰਥ—ਇਕ ਸਰਵੇਖਣ | —ਡਾ. ਰਤਨ ਸਿੰਘ ਜੱਗੀ | 328 |
| 25. | ਸਾਂਝੀਵਾਲਤਾ ਦੀ ਮੂਰਤਿ ਗੁਰੂ ਗ੍ਰੰਥ ਸਾਹਿਬ | —ਪਿਆਰਾ ਸਿੰਘ ਪਦਮ | 344 |
| | —ਅੰਤਿਕਾ | —ਬਾਣੀ ਬਿਉਰਾ | 358 |

# ਗੁਰਮਤਿ ਸਾਹਿਤ ਵਿਵੇਚਨ

ਗੁਰਮਤਿ ਸਾਹਿਤ ਦੀ ਪਰੰਪਰਾ ਗੁਰੂ ਪਰੰਪਰਾ ਜਿੰਨੀ ਹੀ ਪੁਰਾਤਨ ਹੈ। ਪੰਜਾਬੀ ਸਾਹਿਤ ਵਿਚ ਗੁਰਮਤਿ ਸ਼ਬਦ ਦਾ ਪ੍ਰਸੰਗ ਨਾਥ ਯੋਗੀਆ ਦੀਆਂ ਰਚਨਾਵਾਂ ਅਤੇ ਵਿਸ਼ੇਸ਼ ਕਰਕੇ ਭਗਤ ਬਾਣੀ ਵਿਚ ਪ੍ਰਾਪਤ ਹੈ। ਪੰਜਾਬੀ ਸਾਹਿਤ ਦਾ ਮੁਢ ਬਾਬਾ ਫਰੀਦ (੧੧੭੩—੧੨੬੬) ਦੇ ਸ਼ਲੋਕਾਂ ਤੋਂ ਮੰਨਿਆ ਜਾਂਦਾ ਹੈ। ਬਾਬਾ ਫਰੀਦ ਦੀ ਰਚਨਾ ਗੁਰਮਤਿ ਸਾਹਿਤ ਦਾ ਅਨਿਖੜਵਾਂ ਅੰਗ ਹੈ। ਗੁਰੂ ਨਾਨਕ ਦੇਵ (੧੪੬੯—੧੫੩੯) ਅਤੇ ਉਨ੍ਹਾਂ ਦੇ ਉਤਰ-ਅਧਿਕਾਰੀਆਂ ਦੀਆਂ ਰਚਨਾਵਾਂ ਨਾਲ ਗੁਰਮਤਿ ਸਾਹਿਤ ਨੇ ਸਿਖਰਾਂ ਛੋਹੀਆਂ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (੧੬੦੪) ਨਾਲ ਪਹਿਲੀ ਵਾਰ ਲਗਭਗ ੫੦੦ ਸਾਲ ਦੇ ਗੁਰਮਤਿ ਸਾਹਿਤ ਦੀ ਸੰਭਾਲ ਹੋਈ। ਗੁਰੂ ਅਰਜਨ ਦੇਵ ਨੇ ਇਸ ਮਹਾਨ ਕਾਰਜ ਰਾਹੀਂ ਅਮੋਲਕ ਹੀਰੇ ਜਵਾਹਰਾਤ ਸਾਂਭ ਲਏ। ਪਿਊ ਦਾਦੇ ਦੇ ਇਸ ਭਰਪੂਰ ਖਜ਼ਾਨੇ ਵਿਚ ਪ੍ਰਾਪਤ ਸ਼ਬਦ-ਬ੍ਰਹਮ, ਅਨਹਦ-ਨਾਦ, ਨਾਮ-ਅੰਮ੍ਰਿਤ, ਬਿਬੇਕ-ਬੁੱਧ-ਗਿਆਨ, ਰੱਬੀ ਸੰਗੀਤ, ਰੰਗ ਰੱਸ, ਕੁਦਰਤ ਦੇ ਅਨੂਠੇ ਬਹੁ-ਰੰਗੀ, ਬਹੁ-ਭਾਂਤੀ ਝਲਕਾਰੇ ਲਖਾਂ ਦਿਲਾਂ ਨੂੰ ਟੁੰਬਦੇ ਚਲ ਆ ਰਹੇ ਹਨ। ਇਸ ਵਿਚ ਚੰਗੇਰੇ ਸਮਾਜ ਅਤੇ ਭਲੇਰੇ ਭਾਈਚਾਰੇ ਦੀਆਂ ਕਲਪਨਾਵਾਂ ਹਨ। ਪਸ਼ੂ-ਬਿਰਤੀ ਤੋਂ ਮਨੁੱਖ ਨੂੰ ਨਖੇੜਿਆ ਗਿਆ ਹੈ। ਗੁਰੂ ਨਾਨਕ ਦੇਵ ਵਲੋਂ ਦਰਸਾਈ ਕਸਵਟੀ ਅਨੁਸਾਰ ਚੰਗੇਰੇ ਮਨੁੱਖ ਵਿਚ ਸ਼ਬਦ, ਨਾਦ, ਵੇਦ, ਸੰਗੀਤ, ਰਸ ਅਤੇ ਬਿਬੇਕ-ਬੁੱਧੀ ਦੇ ਗੁਣ ਪ੍ਰਾਪਤ ਹੁੰਦੇ ਹਨ। ਇਨ੍ਹਾਂ ਕਲਾਤਮਕ ਗੁਣਾ ਵਿਹੂਣਾ ਮਨੁੱਖ ਮਨੁੱਖ ਨਹੀਂ, ਪਸ਼ੂ ਸਮਾਨ ਹੈ:

ਇਕਨਾ ਨਾਦ ਨ ਬੇਦ ਨ ਗੀਅ ਰਸੁ
ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਧਰ,
ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤਿ ॥੨॥ (੧੨੪੬)

ਬਾਣੀ ਦੇ ਇਨ੍ਹਾਂ ਗੁਣਾਂ ਦੀ ਸੰਖੇਪ ਝਲਕ ਇਸ ਪੁਸਤਕ ਦੇ ਲੇਖ 'ਸੰਪਾਦਨ ਕਲਾ' ਵਿਚ ਦਰਸਾਈ ਗਈ ਹੈ।

ਪ੍ਰੈਸ ਦੀ ਅਣਹੋਂਦ ਕਾਰਨ ਪਹਿਲੇ ਸਮਿਆਂ ਵਿਚ ਗ੍ਰੰਥਾਂ ਦੇ ਉਤਾਰੇ ਵਿਅਕਤੀਗਤ ਉਦਮ ਨਾਲ ਕੀਤੇ ਜਾਂਦੇ ਸੀ। ਗੁਰੂ ਗ੍ਰੰਥ ਸਾਹਿਬ ਦੇ ਵੀ ਕਈ ਉਤਾਰੇ ਕੀਤੇ ਗਏ ਅਤੇ ਇਸ ਤਰ੍ਹਾਂ ਸਰੂਪਾਂ ਵਿਚ ਕਈ ਭੇਦ ਅਤੇ ਅੰਤਰ ਵੀ ਪੈ ਗਏ। **'ਬੀੜਾਂ ਦੇ ਭੇਦਾਂ'** ਦੀ ਕੁਝ ਜਾਣਕਾਰੀ ਏਥੇ ਦਿੱਤੀ ਹੈ। ਆਧੁਨਿਕ ਯੁਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਗਾਮੀ ਕਲਾਮ ਨੂੰ ਜਾਣਨ ਦੀ ਰੁਚੀ ਗੈਰ-ਪੰਜਾਬੀ ਵਿਦਵਾਨਾਂ ਵਿਚ ਵੀ ਪੈਦਾ ਹੋਈ। ਨਤੀਜੇ ਵਜੋਂ ਗੁਰਬਾਣੀ ਨੂੰ ਅੰਗਰੇਜ਼ੀ ਭਾਸ਼ਾ ਵਿਚ ਉਲਥਾਉਣ ਦੇ ਯਤਨ ਹੋਏ। **'ਅੰਗਰੇਜ਼ੀ ਤਰਜਮੇ'** ਸਿਰਲੇਖ ਹੇਠ ਇਸ ਉਦਮ ਦਾ ਕੁਝ ਵੇਰਵਾ ਦਿੱਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੂਲ ਰੂਪ ਵਿਚ ਰਹੱਸਵਾਦੀ ਅਨੁਭਵੀ ਬਾਣੀ ਹੈ, ਬ੍ਰਹਮ-ਬੀਚਾਰ ਹੈ ਅਨਹਦ-ਸ਼ਬਦ ਹੈ। ਇਹ ਕੋਈ ਦਾਰਸ਼ਨਿਕ ਵਿਚਾਰ ਧਾਰਾ ਦਾ ਗ੍ਰੰਥ ਨਹੀਂ ਪਰ ਫਿਰ ਵੀ ਥਾਂ ਪਰ ਥਾਂ ਦਰਸ਼ਨ ਦੇ ਅਨੇਕਾਂ ਮੂਲ ਮਸਲੇ ਕਈ ਸ਼ਬਦਾਂ ਸ਼ਲੋਕਾਂ ਵਿਚ ਛੋਹੇ ਗਏ ਹਨ। ਇਨ੍ਹਾਂ ਦੇ ਆਧਾਰ ਤੇ ਬ੍ਰਹਮ, ਜੀਵ ਅਤੇ ਜਗਤ ਸਿਧਾਤਾਂ ਦੀ ਉਸਾਰੀ ਕੀਤੀ ਗਈ ਹੈ। **ਦਾਰਸ਼ਨਿਕ ਸਿਧਾਂਤ, ਬ੍ਰਹਮ ਸੰਕਲਪ, ਰਚਨਾ ਸਿਧਾਂਤ, ਸਾਧਨਾ ਪੱਖ** ਇਸ ਵਿਸ਼ੇ ਦੇ ਵਿਸ਼ੇਸ਼ ਲੇਖ ਹਨ।

ਪੰਜਾਬੀ ਸਾਹਿਤ ਪ੍ਰੇਮੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੂੰ ਪੰਜਾਬੀ ਸਾਹਿਤ ਦਾ ਅਮੋਲਕ ਖਜ਼ਾਨਾ ਮੰਨਿਆ ਹੈ। ਇਸ ਵਿਚ ਪ੍ਰਾਪਤ **ਕਾਵਿ-ਰੂਪਾਂ, ਛੰਦ ਪ੍ਰਬੰਧ, ਸੰਗੀਤ ਅਤੇ ਸੁਹਜ** ਦੀ ਝਲਕ **ਸਾਹਿਤਕ ਵਿਸ਼ੇਸ਼ਤਾਈਆਂ** ਸਿਰਲੇਖ ਹੇਠ ਦਿਤੇ ਇਨ੍ਹਾਂ ਲੇਖਾਂ ਵਿਚ ਪ੍ਰਾਪਤ ਹੈ। ਗੁਰੂ ਸਾਹਿਬਾਨ ਨੇ ਸਮਾਜ ਵਿਚ ਆਮ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੇ ਦੁਖਾਂ ਸੁਖਾਂ ਨਾਲ ਸਾਂਝ ਪਾਈ ਤੇ ਇਸ ਤਰ੍ਹਾਂ ਨਰੋਏ ਸਿਹਤਮੰਦ ਪ੍ਰਗਤੀਸ਼ੀਲ ਸਮਾਜ ਦੀ ਕਲਪਣਾ ਕੀਤੀ। ਇਸ ਪੁਸਤਕ ਵਿਚ ਬਾਣੀ ਦਾ ਇਹ ਪੱਖ ਵੀ ਉਜਾਗਰ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਉਪਰੰਤ ਇਸ ਕਾਲ ਦੀ ਵੱਡੀ ਦੇਣ ਦਸਮ-ਗ੍ਰੰਥ ਦੀ ਰਚਨਾ ਹੈ ਜਿਸ ਦਾ **'ਇਕ ਸਰਵੇਖਣ'** ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ।

ਗੁਰੂਆਂ ਦੇ ਜੀਵਨ ਅਤੇ ਬਾਣੀ ਨੇ ਪੰਜਾਬੀ ਸਾਹਿਤ ਨੂੰ ਅਤਿਅੰਤ ਪ੍ਰਫੁਲਤ ਕੀਤਾ। ਅਨੇਕਾਂ ਜਨਮ ਸਾਖੀਆਂ, ਟੀਕੇ, ਗੋਸ਼ਟਾਂ ਇਸ ਤੱਥ ਦਾ ਪ੍ਰਮਾਣ ਹਨ। ਆਧੁਨਿਕ ਕਾਲ ਦੇ ਬਹੁਤ ਸਾਰੇ ਕਵੀ ਗੁਰਬਾਣੀ ਤੋਂ ਪ੍ਰਭਾਵਤ ਹਨ। ਇਹ ਸਰਵੇਖਣ ਇਸ ਪੁਸਤਕ ਵਿਚ ਨਹੀਂ ਦਿਤਾ ਜਾ ਸਕਿਆ। ਨਾਂ ਹੀ ਪ੍ਰਮੁਖ ਬਾਣੀਆਂ, ਜਪੁਜੀ, ਸਿਧ ਗੋਸ਼ਟਿ, ਆਸਾ ਦੀ ਵਾਰ, ਬਾਰਹਮਾਹਾ, ਅਨੰਦ ਸਾਹਿਬ ਆਦਿ ਦਾ ਵੱਖਰਾ ਵੱਖਰਾ ਮੁਲਾਂਕਣ ਹੋ ਸਕਿਆ ਹੈ। ਇਸ ਨਾਲ ਪੁਸਤਕ ਦਾ ਆਕਾਰ ਬਹੁਤ ਵੱਧ ਜਾਣਾ ਸੀ। ਇਸ ਅਧੂਰੇ ਕਾਰਜ ਦੀ ਅਗਲੀ ਪੁਸਤਕ ਵਿਚ ਪੂਰੇ ਹੋਣ ਦੀ ਆਸ ਕੀਤੀ ਜਾਂਦੀ ਹੈ।

ਪਟਿਆਲਾ, 25-7-86

**ਜਗਜੀਤ ਸਿੰਘ (ਡਾ.)**
ਪ੍ਰਿੰਸੀਪਲ ਗੁਰਮਤਿ ਕਾਲਜ

ਗੁਰੂ ਤੇਗ ਬਹਾਦਰ ਦੇ ਸਲੋਕ ਪੱਛਮੀ ਹਿੰਦੀ ਵਿਚ ਹਨ । ਭੱਟਾਂ ਨੇ ਬ੍ਰਿਜ-ਭਾਖਾ ਜਾਂ ਪੂਰਬੀ ਹਿੰਦੀ ਵਿਚ ਆਪਣੇ ਸਵੈਯੇ ਲਿਖੇ । ਸਹਸਕ੍ਰਿਤੀ, ਪੂਰਬੀ ਪੰਜਾਬੀ ਅਤੇ ਪੱਛਮੀ ਪੰਜਾਬੀ ਦੀਆਂ ਉਦਾਹਰਣਾਂ ਇਕੋ ਜੈਤਸਰੀ ਦੀ ਵਾਰ ਮਹਲਾ ਪੰਜਵਾਂ ਵਿਚ ਮਿਲ ਜਾਂਦੀਆਂ ਹਨ ਜਿਵੇਂ ਹੇਠਲੀ ਉਦਾਹਰਣ ਵਿਚ ਪਹਿਲਾ ਸ਼ਲੋਕ ਸਹਸਕ੍ਰਿਤੀ ਵਿਚ ਹੈ । ਦੂਜਾ ਸ਼ਲੋਕ ਲਹਿੰਦੀ (ਪੱਛਮੀ ਪੰਜਾਬੀ) ਵਿਚ ਅਤੇ ਪਉੜੀ ਪੂਰਬੀ ਪੰਜਾਬੀ ਵਿਚ :—

ਸ਼ਲੋਕ —

ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ।
ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥1॥
ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ।
ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥2॥

ਪਉੜੀ —

ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ।
ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ।
ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ ।
ਆਵਣ ਜਾਣਾ ਹੁਕਮੁ ਸਭ ਨਿਹਚਲ ਤੁਧੁ ਥੇਹੁ ।
ਨਾਨਕ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥20॥

ਉਪ੍ਰੋਕਤ ਭਾਖਾਵਾਂ ਅਤੇ ਉਪ-ਭਾਖਾਵਾਂ ਤੋਂ ਛੁੱਟ ਆਦਿ ਗ੍ਰੰਥ ਵਿਚ ਗੁਜਰਾਤੀ, ਪੂਰਬੀ, ਮਾਰਵਾੜੀ, ਬਾਂਗਰੂ, ਦੱਖਣੀ, ਜਾਂਗਲੀ ਅਤੇ ਅਵਧੀ ਦੇ ਕੁਝ ਸ਼ਬਦ ਅਤੇ ਪ੍ਰਤਯ ਵੀ ਮਿਲਦੇ ਹਨ ।

ਆਦਿ ਗ੍ਰੰਥ ਦੀਆਂ ਰਚਨਾਵਾਂ ਸੰਗੀਤ-ਬਧ ਅਤੇ ਤੋਲ-ਬਧ ਹਨ । ਹਰ ਸ਼ਬਦ ਪਦਿਆਂ ਵਿਚ ਵੰਡਿਆ ਹੋਇਆ ਹੈ ਅਤੇ ਹਰ ਪਦੇ ਵਿਚ ਇਕ ਜਾਂ ਵਧੀਕ ਤੁੱਕਾਂ ਹਨ । ਇਕ, ਦੋ, ਤਿੰਨ ਅਤੇ ਚਾਰ ਤੁਕਾਂ ਵਾਲੇ ਪਦਿਆਂ ਨੂੰ ਲੜੀਵਾਰ ਇਕ ਤੁਕੇ, ਦੋ ਤੁਕੇ, ਤਿਤੁਕੇ, ਅਤੇ ਚਉਤੁਕੇ ਕਿਹਾ ਗਿਆ ਹੈ । ਹੇਠਾਂ ਕੁਝ ਉਦਾਹਰਣਾਂ ਦੇਂਦੇ ਹਾਂ :—

ਇਕ ਤੁੱਕਾ :—

ਜੀਵਤ ਦੀਸੈ ਤਿਸੁ ਸਰਪਰ ਮਰਣਾ ।
ਮੁਆ ਹੋਵੈ ਤਿਸੁ ਨਿਹਚਲੁ ਰਹਣਾ ॥1॥

(ਆਸਾ ਮਹਲਾ ੫)

ਦੋ ਤੁੱਕਾ :—

1. ਉਨ ਕੈ ਸੰਗਿ ਤੂ ਕਰਤੀ ਕੇਲ ।
ਉਨ ਕੈ ਸੰਗਿ ਹਮ ਤੁਮ ਸੰਗਿ ਮੇਲ ।
ਉਨ ਕੈ ਸੰਗਿ ਤੁਮ ਸਭ ਕੋਊ ਲੋਰੈ ।
ਓਸੁ ਬਿਨਾ ਕੋਊ ਮੁਖ ਨਹੀਂ ਜੋਰੈ ॥੧॥

(ਆਸਾ ਮਹਲਾ ੫)

22 ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ।
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ।

(ਆਸਾ ਸ੍ਰੀ ਕਬੀਰ ਜੀਉ ਕੇ)

ਉਪਰਲੀਆਂ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਛੋਟੇ ਤੋਲ ਦੀਆਂ ਦੋ ਤੁੱਕਾਂ ਨੂੰ ਇਕਤੁਕਾ ਕਿਹਾ ਗਿਆ ਹੈ, ਇਵੇਂ ਹੀ ਛੋਟੇ ਤੋਲ ਦੀਆਂ ਚਾਰ ਤੁੱਕਾਂ ਨੂੰ ਦੋ ਤੁੱਕਾ ।

ਆਦਿ ਗ੍ਰੰਥ ਦੀਆਂ ਰਚਨਾਵਾਂ ਨੂੰ ਪਦਿਆਂ, ਪਉੜੀਆਂ, ਸ਼ਲੋਕਾਂ, ਛੰਤਾਂ ਅਤੇ ਸਵੈਯਾਂ ਵਿਚ ਵੰਡਿਆ ਗਿਆ ਹੈ । ਦੋ, ਤਿੰਨ, ਚਾਰ, ਪੰਜ, ਛੇ, ਅੱਠ ਅਤੇ ਸੋਲਾਂ ਪਦਿਆਂ ਵਾਲੇ ਸ਼ਬਦਾਂ ਨੂੰ ਲੜੀ ਵਾਰ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ, ਅਸਟਪਦੀ ਅਤੇ ਸੋਲਹਾ ਕਿਹਾ ਗਿਆ ਹੈ । ਇਨ੍ਹਾਂ ਵਿਚੋਂ ਸੋਲਹਾ ਕੇਵਲ ਰਾਗ ਮਾਰੂ ਵਿਚ ਮਿਲਦਾ ਹੈ ਅਤੇ ਬਾਕੀ ਕਈ ਰਾਗਾਂ ਵਿਚ । ਆਦਿ ਗ੍ਰੰਥ ਵਿਚ ਕੁਲ 608 ਦੁਪਦੇ, 73 ਤਿਪਦੇ, 1255 ਚਉਪਦੇ, 80 ਪੰਚਪਦੇ, 11 ਛਿਪਦੇ, 331 ਅਸਟਪਦੀਆਂ ਅਤੇ 62 ਸੋਲਹੇ ਹਨ । ਲੰਮੇਰੀਆਂ ਰਚਨਾਵਾਂ ਦੇ ਪਦਿਆਂ ਨੂੰ ਪਉੜੀਆਂ ਕਿਹਾ ਜਾਂਦਾ ਹੈ । ਜਿਵੇਂ ਜਪੁਜੀ ਵਿਚ 38 ਪਉੜੀਆਂ ਹਨ ਅਤੇ ਆਨੰਦ ਵਿਚ 40 ਪਉੜੀਆਂ । ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਨਿਸਚਿਤ ਨਹੀਂ, ਨਾ ਹੀ ਕੋਈ ਛੰਦ ਨਿਸਚਿਤ ਹੈ । ਸ਼ਲੋਕਾਂ ਤੋਂ ਵੱਖਰਾ ਕਰਨ ਲਈ ਵਾਰਾਂ ਵਿਚ ਪਉੜੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ । ਗੁਰੂ ਅਰਜਨ ਦੇਵ ਜੀ ਦੀ ਬਾਵਨ ਅੱਖਰੀ ਅਤੇ ਥਿਤੀ ਗਉੜੀ ਵਿਚ ਵੀ 'ਪਉੜੀ' ਸ਼ਬਦ ਦੀ ਵਰਤੋਂ ਮਿਲਦੀ ਹੈ, ਪਰ ਉਨ੍ਹਾਂ ਦੀ ਰਚਨਾ 'ਰੁੱਤੀ' ਵਿਚ ਹਰ ਪਦੇ ਨਾਲ 'ਛੰਤ' ਵਰਤਿਆ ਗਿਆ ਹੈ । ਪਉੜੀ ਸ਼ਬਦ ਦੀ ਵਿਸ਼ੇਸ਼ ਵਰਤੋਂ ਵਾਰ ਦੇ ਸੰਬੰਧ ਵਿਚ ਹੀ ਕੀਤੀ ਜਾਂਦੀ ਹੈ ।

ਆਦਿ ਗ੍ਰੰਥ ਵਿਚ ਬਾਈ ਵਾਰਾਂ ਹਨ । ਇਨ੍ਹਾਂ ਵਿਚ ਪੰਜ ਅਤੇ ਅੱਠ ਤੁੱਕਾਂ ਵਾਲੀਆਂ ਪਉੜੀਆਂ ਮਿਲਦੀਆਂ ਹਨ । ਪੰਜਾਂ ਤੁਕਾਂ ਵਾਲੀ ਪਉੜੀ ਵਿਚ ਤੁਕਾਂਤ ਸਭ ਦਾ ਮਿਲਦਾ ਹੈ ਪਰ ਅੱਠਾਂ ਤੁਕਾਂ ਵਾਲੀ ਪਉੜੀ ਵਿਚ ਬਹੁਤ ਕਰਕੇ ਦੋ ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ । ਕਿਤੇ ਕਿਤੇ ਮਧੁ ਅਨੁਪ੍ਰਾਸ ਦੀ ਵਰਤੋਂ ਵੀ ਮਿਲਦੀ ਹੈ । ਵਾਰਾਂ ਦੀਆਂ ਪਉੜੀਆਂ ਦੀ ਗਿਣਤੀ ਨਿਸਚਿਤ ਨਹੀਂ । ਪਉੜੀਆਂ ਵਿਚ ਭਿੰਨ ਭਿੰਨ ਮਾਤ੍ਰਿਕ ਪ੍ਰਬੰਧ ਵਰਤੇ ਹੋਏ ਮਿਲਦੇ ਹਨ ਜਿਵੇਂ :—11, 9. 11, 10; 13, 9; 13, 10; 13, 11; 13, 15; 13, 16; 14, 9; 14, 10;

15,14; 15, 15; 16, 12; 16, 14 । ਕਿਸੇ ਕਿਸੇ ਪਉੜੀ ਵਿਚ ਬਿਖਮ ਤੁਕਾਂਤ ਦੀ ਵਰਤੋਂ ਵੀ ਕੀਤੀ ਹੋਈ ਹੈ ।

ਆਦਿ ਗ੍ਰੰਥ ਵਿਚ ਪਉੜੀ ਤੋਂ ਮਗਰੋਂ ਸਲੋਕ ਦਾ ਵਿਸ਼ੇਸ਼ ਸਥਾਨ ਹੈ । ਲੰਮੇਰੀਆਂ ਰਚਨਾਵਾਂ ਅਤੇ ਖਾਸ ਕਰਕੇ ਵਾਰਾਂ ਵਿਚ ਸਲੋਕ ਦੀ ਵਰਤੋਂ ਮਿਲਦੀ ਹੈ । ਵਾਰਾਂ ਤੋਂ ਬਚੇ ਹੋਏ ਸ਼ਲੋਕ ਆਦਿ ਗ੍ਰੰਥ ਦੇ ਅਖੀਰਲੇ ਭਾਗ ਵਿਚ ਹਨ । ਇਸ ਭਾਗ ਵਿਚ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ ਅਤੇ ਸ਼ਲੋਕ ਵੀ ਹਨ ਅਤੇ ਭਗਤ ਕਬੀਰ, ਬਾਬਾ ਫਰੀਦ ਅਤੇ ਮਹਲਾ 9 ਦੇ ਸ਼ਲੋਕ ਵੀ ਹਨ । ਗੁਰੂ ਅਰਜਨ ਦੇਵ ਜੀ ਦੀ ਮਾਰੂ ਕੀ ਵਾਰ ਵਿਚ ਸ਼ਲੋਕ ਲਈ 'ਡਖਣਾ' ਸ਼ਬਦ ਵਰਤਿਆ ਗਿਆ ਹੈ । ਇਨ੍ਹਾਂ ਸਲੋਕਾਂ ਵਿਚ ਦੱਖਣੀ ਕਾਵ ਸਿੰਧੀ ਦੀ ਵਰਤੋਂ ਕੀਤੀ ਗਈ ਹੈ । ਕਬੀਰ, ਫਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕ ਬਹੁਤੇ ਦੁਤੁਕੇ ਹਨ ਅਤੇ ਆਮ ਤੌਰ ਤੇ ਦੋਹਿਰੇ ਦੇ ਰੂਪ ਵਿਚ ਹਨ, ਪਰ ਕਿਤੇ ਕਿਤੇ ਸੋਰਠਾ ਵੀ ਹੈ । ਬਾਕੀ ਗੁਰੂ ਸਾਹਿਬਾਨ ਨੇ ਸਲੋਕ ਕਈ ਤੁਕਾਂ ਦਾ ਵਰਤਿਆ ਹੈ ਅਤੇ ਇਹਦੇ ਲਈ ਹੋਰ ਕਾਵਿ ਤੋਲ ਵੀ ਵਰਤੇ ਹਨ । ਸਭ ਤੋਂ ਵਧੀਕ ਤੁਕਾਂ ਵਾਲਾ ਸ਼ਲੋਕ ਮਲਾਰ ਕੀ ਵਾਰ ਵਿਚ ਹੈ ਜਿਸ ਦੀਆਂ 26 ਤੁਕਾਂ ਹਨ ।

ਆਦਿ ਗ੍ਰੰਥ ਵਿਚ ਛੰਤ ਚਾਰ ਤੁਕਾਂ ਦਾ ਵੀ ਹੈ ਅਤੇ ਛੇ ਤੁਕਾਂ ਦਾ ਵੀ । ਛੇ ਤੁਕਾਂ ਦੇ ਛੰਤ ਵਿਚ ਕੁੰਡਲੀਏ ਦੀ ਵਿਲਕਵੀਂ ਵਰਤੋਂ ਕੀਤੀ ਗਈ ਹੈ । ਕਿਤੇ ਕਿਤੇ ਮੇਰੀ ਜਿੰਦੜੀਏ, 'ਰਾਮ ਰਾਜੇ' 'ਰਾਮ ਜੀਉ' ਆਦਿਕ ਸ਼ਬਦ ਪਾ ਕੇ ਤੇ ਤੁਕਾਂ ਨੂੰ ਲੰਮਿਆ ਕੇ ਰਸ ਪੈਦਾ ਕੀਤਾ ਗਿਆ ਹੈ । ਭੱਟਾਂ ਦੇ ਸਵੈਯੇ ਜੋ ਆਦਿ ਗ੍ਰੰਥ ਵਿਚ ਸ਼ਾਮਲ ਹਨ, ਨਿਰੇ ਸਵੈਯੇ ਦੇ ਭਿੰਨ ਭਿੰਨ ਰੂਪ ਨਹੀਂ । ਉਨ੍ਹਾਂ ਵਿਚ ਹੋਰ ਛੰਦਾਂ ਦੀ ਵਰਤੋਂ ਵੀ ਕੀਤੀ ਗਈ ਹੈ ।

ਆਦਿ ਗ੍ਰੰਥ ਵਿਚ ਜਿਹੜੇ ਛੰਦਾਂ ਦੀ ਬਹੁਤੀ ਵਰਤੋਂ ਮਿਲਦੀ ਹੈ, ਉਹ ਹਨ ਦੋਹਿਰਾ, ਸੋਰਠਾ, ਸਵੈਯਾ, ਅੜਿਲ, ਕੁੰਡਲੀਆਂ, ਚੌਪਈ, ਦਵੈਯਾ, ਤਾਟੰਕ, ਚਿਤ੍ਰਕਲਾ, ਝੂਲਣਾ ਅਤੇ ਨਿਸ਼ਾਨੀ । ਭਗਤਾਂ, ਸੰਤਾਂ ਨੇ ਛੰਦਾਬੰਦੀ ਦੇ ਨਿਯਮਾਂ ਦੀ ਪਰਵਾਹ ਨਹੀਂ ਕੀਤੀ । ਉਹ ਲੋਕ ਕਵੀ ਸਨ ਜਿਨ੍ਹਾਂ ਨੇ ਹਰ ਮਨ ਪਿਆਰੀਆਂ ਤਰਜ਼ਾਂ ਉੱਤੇ ਆਪਣੀ ਕਾਵਿ ਰਚਨਾ ਕੀਤੀ । ਕਵਿਤਾ ਰਚਨ ਵੇਲੇ ਕਿਸੇ ਛੰਦ ਨੂੰ ਮੁਖ ਨਹੀਂ ਸਨ ਰਖਦੇ, ਅਤੇ ਨ ਹੀ ਉਹ ਤੁਕਾਂ ਵਿਚ ਮਾਤਰਾ ਦਾ ਅਤੇ ਬੰਦਾਂ ਵਿਚ ਤੁਕਾਂ ਦਾ ਖਿਆਲ ਰਖਦੇ ਸਨ । ਉਨ੍ਹਾਂ ਨੇ ਵੱਖ ਵੱਖ ਕਿਸਮ ਦੀਆਂ ਕਵਿਤਾਵਾਂ ਲਈ ਇਕੋ ਪਰਕਾਰ ਦੇ ਤੋਲ ਵਰਤੇ ਹਨ । ਜਿਥੇ ਉਨ੍ਹਾਂ ਨੇ ਲੋਕ-ਤਰਜ਼ਾਂ ਨੂੰ ਅਪਣਾਇਆ, ਉਥੇ ਉਨ੍ਹਾਂ ਨੇ ਪਟੀ, ਬਾਰਾਮਾਹ, ਸਤਵਾਰਾ, ਰੁੱਤੀ, ਥਿੱਤੀ, ਬਾਵਨ ਅਖਰੀ, ਪਹਿਰੇ, ਅਲਾਹੁਣੀ, ਘੋੜੀਆਂ ਅਤੇ ਵਾਰ ਕਾਵਿ-ਭੇਦ ਵੀ ਅਪਣਾਏ ।

ਮੁੱਢ ਵਿਚ ਆਏ ਜਪੁਜੀ ਅਤੇ ਅੰਤ ਵਿਚ ਆਏ ਸਲੋਕਾਂ ਅਤੇ ਸਵੈਯਾਂ ਤੋਂ ਛੁੱਟ ਆਦਿ ਗ੍ਰੰਥ ਦੀ ਬਾਕੀ ਦੀ ਸਾਰੀ ਬਾਣੀ ਰਾਗਾਂ ਵਿਚ ਹੈ । ਇਹ ਰਾਗ ਕੁਲ 31 ਹਨ । ਇਨ੍ਹਾਂ ਵਿਚੋਂ ਅਸਲ ਵਿਚ ਚੌਦਾਂ ਰਾਗ ਹਨ ਅਤੇ ਸਤਾਰਾਂ ਰਾਗਣੀਆਂ । ਆਸਾਵਰੀ ਰਾਗਣੀ ਅਤੇ ਆਸਾ ਰਾਗਣੀ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਹੈ । ਇਸ ਗੱਲ ਨੂੰ ਮੁਖ ਰਖ ਕੇ ਅਸੀਂ ਆਦਿ ਗ੍ਰੰਥ ਦੇ ਬੱਤੀ ਰਾਗ ਰਾਗਣੀਆਂ ਮੰਨ ਸਕਦੇ ਹਾਂ । ਆਦਿ ਗ੍ਰੰਥ ਦੇ ਅਖੀਰ ਵਿਚ ਦਿੱਤੀ ਗਈ ਰਾਗ ਮਾਲਾ ਵਿਚ ਛੇ ਵੱਡੇ

ਰਾਗਾਂ ਵਿਚੋਂ ਆਦਿ ਗ੍ਰੰਥ ਵਿਚ ਕੁਲ ਦੋ ਵੱਡੇ ਰਾਗ ਹਨ । ਸ੍ਰੀ ਰਾਗ ਅਤੇ ਭੈਰਉ ਰਾਗ। ਤੀਹ ਵਹੁਟੀਆਂ ਅਤੇ ਅਠਤਾਲੀ ਪੁੱਤਰਾਂ ਦੇ ਵੱਡੇ ਪਰਵਾਰ ਵਿਚੋਂ ਆਦਿ ਗ੍ਰੰਥ ਵਿਚ ਕੇਵਲ ਯਾਰਾਂ ਵਹੁਟੀਆਂ ਅਤੇ ਅੱਠ ਪੁੱਤਰ ਹਨ। ਆਦਿ ਗ੍ਰੰਥ ਵਿਚ ਆਏ ਬਿਹਾਗੜਾ, ਵਡਹੰਸ, ਮਾਲੀ-ਗਉੜਾ, ਅਤੇ ਕਲਿਆਨ ਰਾਗਾਂ ਅਤੇ ਮਾਝ, ਜੈਤਸਰੀ, ਰਾਮਕਲੀ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ ਰਾਗਣੀਆਂ ਦਾ ਕੋਈ ਜ਼ਿਕਰ ਨਹੀਂ।

ਰਾਗ ਮਾਲਾ ਨਾ ਨਿਰੋਲ ਰਾਗਮਾਲਾ ਹੈ, ਨਾ ਇਕ ਤਤਕਰਾ, ਨਾ ਗੁਰਮਤ-ਸੰਗੀਤ ਦੀ ਕੋਈ ਇਕ ਰਚਨਾ। ਨਾ ਆਦਿ ਗ੍ਰੰਥ ਦੇ ਸਾਰੇ ਰਾਗ ਇਸ ਵਿਚ ਹਨ ਅਤੇ ਨਾ ਹੀ ਇਹਦੇ ਵਿਚ ਆਏ ਸਾਰੇ ਰਾਗ ਰਾਗਣੀਆਂ ਆਦਿ ਗ੍ਰੰਥ ਵਿਚ ਹਨ, ਸਗੋਂ ਇਹਦੇ ਵਿਚ ਕਈ ਰਾਗ ਰਾਗਣੀਆਂ ਦੇ ਨਾਂ ਗਲਤ ਹਨ। ਇਹ ਭੁੱਲਾਂ ਗੁਰੂ ਅਰਜਨ ਦੇਵ ਜਾਂ ਭਾਈ ਗੁਰਦਾਸ ਤੋਂ ਹੋਣੀਆਂ ਸੰਭਵ ਨਹੀਂ। ਇਹ ਰਚਨਾ ਸ਼ਾਇਦ ਭਾਈ ਬੰਨੋ ਨੇ ਕਰਤਾਰਪੁਰ ਵਾਲੀ ਬੀੜ ਦੀ ਜਿਲਦ ਬੰਨ੍ਹਾਉਣ ਸਮੇਂ ਆਪਣੀ ਤਿਆਰ ਕੀਤੀ ਬੀੜ ਅਤੇ ਇਹਦੇ ਵਿਚ ਚੜ੍ਹਵਾ ਦਿੱਤੀ। ਅਸਲ ਵਿਚ ਇਹ ਕਵੀ ਆਲਮ ਦੀ 'ਮਾਧਵਾਨਲ ਕਾਮ ਕੰਦਲਾ' ਦਾ ਇਕ ਭਾਗ ਹੈ। ਇਹ ਰਾਗ ਮਾਲਾ ਹਨੂਮਾਨ ਮਤ ਦੀ ਰਾਗਮਾਲਾ ਸਹੀ ਹੁੰਦੀ ਹੈ।

ਆਦਿ ਗ੍ਰੰਥ ਕਿਸੇ ਰਾਗ ਨੂੰ ਕੋਈ ਵਿਸ਼ੇਸ਼ਤਾਈ ਨਹੀਂ ਦੇਂਦਾ, ਇਹਦੇ ਲਈ ਹਰ ਉਹ ਰਾਗ ਚੰਗਾ ਹੈ ਜੋ ਪ੍ਰਭੂ-ਪਿਆਰ ਵਿਚ ਗੜੂੰਦ ਕਰ ਦੇਂਦਾ ਹੈ।

**ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨ ਆਇ।**

(ਸਲੋਕ ਵਾਰਾਂ ਤੇ ਵਧੀਕ ਮਹਲਾ ੪)

ਆਦਿ ਗ੍ਰੰਥ ਦੇ ਬਿੰਬ ਅਤੇ ਸ਼ਬਦ-ਚਿਤਰ ਘਰੋਗੀ ਜੀਵਨ ਅਤੇ ਕੁਦਰਤ ਦੇ ਪਸਾਰੇ ਦੋਹਾਂ ਵਿਚੋਂ ਲਏ ਗਏ ਹਨ । ਕੁਦਰਤ ਦੇ ਪਸਾਰੇ ਦੀ ਬਿੰਬਾਵਲੀ ਵਿਚ ਰੁੱਤਾਂ ਅਤੇ ਦਿਨ੍ਹਾਂ ਦੇ ਪਲਟੇ, ਆਕਾਸ਼, ਸੂਰਜ-ਉਦੈ, ਸਵਾਂਤ, ਮੀਂਹ, ਝੱਖੜ, ਧੁੱਪ, ਛਾਂ, ਬਾਗ਼, ਫੁੱਲ, ਰੁੱਖ, ਖਾਦ, ਬੂਟੀਆਂ, ਸਾਗਰ, ਜਹਾਜ਼, ਦਰਿਆ ਤੇ ਇਹਦਾ ਕਿਨਾਰਾ, ਘਾਹ, ਛੱਪੜ, ਪਸ਼ੂ, ਪੰਛੀ, ਕੀੜੇ ਆਦਿ ਦੇ ਬਿੰਬਾਂ ਦੀ ਵਰਤੋਂ ਹੈ । ਘਰੋਗੀ ਜੀਵਨ ਵਿਚੋਂ ਖਾਣ, ਪੀਣ, ਹੰਢਾਉਣ, ਧੋਣ, ਨੀਂਦ, ਸੁਪਨੇ, ਕਪੜੇ, ਅੱਗ, ਬੀਮਾਰੀ, ਦਵਾਈਆਂ, ਮਾਪੇ, ਬੱਚੇ, ਜਨਮ, ਮੌਤ, ਵਿਆਹ ਆਦਿ ਦੇ ਸ਼ਬਦ ਚਿੱਤਰਾਂ ਦੀ ਵਰਤੋਂ ਕੀਤੀ ਗਈ ਹੈ । ਇਨ੍ਹਾਂ ਤੋਂ ਛੁੱਟ ਮਨੁੱਖ ਦੀਆਂ ਸ਼੍ਰੇਣੀਆਂ, ਰਾਜਿਆਂ, ਦਰਬਾਰੀਆਂ, ਸਿਪਾਹੀਆਂ, ਮੰਗਤਿਆਂ, ਚੋਰਾਂ, ਕੈਦੀਆਂ, ਚਾਕਰਾਂ, ਆਦਿ ਦੇ ਚਿੱਤਰ ਵੀ ਮਿਲਦੇ ਹਨ।

ਆਦਿ ਗ੍ਰੰਥ ਵਿਚ ਪਰਮਾਤਮਾ ਨੂੰ ਸਗਲਾ ਸੁਖ-ਸਾਗਰ, ਗੁਣ-ਨਿਧਾਨ, ਸੂਤਰਧਾਰ, ਚਿੱਤਰਕਾਰ ਰਾਜਾ, ਨਾਇਕ, ਭਰਤਾ, ਮਾਤਾ, ਪਿਤਾ, ਮਾਲੀ, ਮਿੱਤਰ, ਬਾਜ਼ੀਗਰ, ਸਰਬ ਜੋਤ, ਜੋਗੀ, ਭੋਗੀ, ਕੰਵਲ-ਨੈਨ, ਬਨਵਾਰੀ, ਸੁੰਦਰ ਆਦਿ ਕਿਹਾ ਗਿਆ ਹੈ । ਸਤਿਗੁਰ ਨੂੰ ਸਮੁੰਦਰ, ਸਰਾਫ਼, ਸ਼ਾਹ, ਸਖੀ ਸੂਰਬੀਰ, ਦਰਿਆ, ਪਾਂਧਾ, ਖੇਵਟ, ਪਾਰਸ, ਫ਼ੀਲਵਾਨ, ਵਿਚੋਲਾ, ਵੈਦ ਆਦਿ ਦਾ ਰੂਪ ਦਿਤਾ ਗਿਆ ਹੈ। ਨਾਮ ਧਨ ਹੈ, ਅੰਮ੍ਰਿਤ ਹੈ, ਉਦਕ ਹੈ, ਮਾਇਆ ਸਰਪਣੀ ਹੈ, ਮਿੱਠਾ ਹੈ,

ਜਾਲ ਹੈ। ਮਨ ਮੈਗਲ ਅਤੇ ਬਾਸਾ ਹੈ, ਸਰੀਰ ਘੋੜੀ, ਮਟਕੀ ਅਤੇ ਦੇਵਲ ਹੈ। ਜੀਵ ਚੂਹਾ ਹੈ ਜੀਵ ਚਿੜੀ ਅਤੇ ਜਮਰਾਜ ਬਾਜ਼।

ਆਦਿ 'ਗ੍ਰੰਥ' ਵਿਚ ਦ੍ਰਿਸ਼ਟਾਂਤਾਂ ਅਤੇ ਤੁਲਨਾਵਾਂ ਨਾਲ ਵੀ ਬਿੰਬਾਵਲੀ ਉਪਜਦੀ ਮਿਲਦੀ ਹੈ। ਚਿੰਨ੍ਹਾਂ ਅਤੇ ਸੰਕੇਤਾਂ ਦੀ ਵਰਤੋਂ ਵੀ ਕੀਤੀ ਗਈ ਹੈ। ਮਿਥਿਹਾਸਕ ਹਵਾਲੇ ਵੀ ਬਿੰਬ-ਉਸਾਰੀ ਕਰਦੇ ਹਨ । ਭਾਵੇਂ ਆਦਿ ਗ੍ਰੰਥ ਵਿਚ ਵਿਚਾਰਾਂ ਦਾ ਦੁਹਰਾਉ ਬਹੁਤ ਮਿਲਦਾ ਹੈ, ਪਰ ਰੂਪਕਾਂ ਉਪਮਾਵਾਂ ਅਤੇ ਬਿੰਬਾਵਲੀ ਦੀ ਵਰਤੋਂ ਨਾਲ ਅਕੇਵਾਂ ਨਹੀਂ ਆਉਂਦਾ। ਬਾਣੀ ਸਦਾ ਸਜਰੀ ਅਤੇ ਰਸਦਾਇਕ ਪ੍ਰਤੀਤ ਹੁੰਦੀ ਹੈ।

ਹੇਠਾਂ ਅਸੀਂ ਬਿੰਬਾਂ ਦੀਆਂ ਕੁਝ ਉਦਾਹਰਣਾਂ ਦੇਂਦੇ ਹਾਂ :—

1. **ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ।**

(ਵਾਰ ਗਉੜੀ ਮਹਲਾ ੫)

2. **ਜੈਸੇ ਗਾਇ ਕਾ ਬਾਛਾ ਛੂਟਲਾ।**
**ਥਨ ਚੋਖਤਾ ਮਾਖਨੁ ਘੂਟਲਾ ।੨।**
**ਨਾਮਦੇਉ ਨਾਰਾਇਨੁ ਪਾਇਆ।**
**ਗੁਰੁ ਭੇਟਤ ਅਲਖੁ ਲਖਾਇਆ ।੩।**

(ਗੋਂਡ ਨਾਮਦੇਵ)

3. **ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ।**
**ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ।**

(ਵਾਰ ਮਾਰੂ ਮ: ੫)

4. **ਨਟੂਏ ਸਾਂਗ ਬਣਾਇਆ ਬਾਜੀ ਸੰਸਾਰਾ।**
**ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀਂ ਬਾਰਾ।**

(ਆਸਾ ਮਹਲਾ ੧)

5. **ਜਿਉ ਕਾਜਰ ਭਰਿ ਮੰਦਰੁ ਰਾਖਿਓ, ਜੋ ਪੈਸੈ ਕਾਲੂਖੀ ਰੇ।**

(ਆਸਾ ਮਹਲਾ ੧)

ਗੁਰੂ ਨਾਨਕ ਦੇਵ ਦੀ ਰਚਨਾ ਵਿਚ ਬਿੰਬਾਂ ਦੀ ਬਹੁਲਤਾ ਹੈ ਕਿਉਂਕਿ ਉਨ੍ਹਾਂ ਦਾ ਤਜਰਬਾ ਵਿਸ਼ਾਲ ਹੈ। ਜਿਤਨਾ ਚੌੜੇਰਾ ਕਿਸੇ ਕਵੀ ਦਾ ਜੀਵਨ ਤਜਰਬਾ ਹੈ, ਉਤਨੇ ਹੀ ਚੌੜੇ ਪਸਾਰੇ ਵਿਚੋਂ ਉਸ ਦੇ ਬਿੰਬ ਹਨ।

ਜਿਵੇਂ ਕਿ ਉੱਤੇ ਦੱਸਿਆ ਜਾ ਚੁੱਕਾ ਹੈ, ਆਦਿ ਗ੍ਰੰਥ ਵਿਚ ਜਿਨ੍ਹਾਂ ਮਹਾਂ ਪੁਰਸ਼ਾਂ ਦੀ ਬਾਣੀ ਦਰਜ ਹੈ, ਉਹ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤਕ ਹੋਏ । ਇਸ ਸਮੇਂ ਭਾਰਤ ਉੱਤੇ

ਮੁਸਲਮਾਨਾਂ ਦਾ ਰਾਜ ਸੀ। ਰਾਜ-ਮਦ ਵਿਚ ਉਹਦਾ ਹਿੰਦੂ ਜਨਤਾ ਉੱਤੇ ਜਬਰ ਦਾ ਜ਼ਿਕਰ ਗੁਰੂ ਨਾਨਕ ਦੇਵ ਨੇ ਅਲੰਕਾਰਕ ਢੰਗ ਨਾਲ ਹੇਠ ਲਿਖੀਆਂ ਤੁਕਾਂ ਰਾਹੀਂ ਕੀਤਾ ਹੈ :—

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।**
**ਹਉ ਭਾਲਿ ਵਿਕੁੰਨੀ ਹੋਈ**
**ਆਧੇਰੈ ਰਾਹੁ ਨ ਕੋਈ ।**
**ਵਿਚਿ ਹਉਮੈ ਕਰਿ ਦੁਖੁ ਰੋਈ ।**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ।**

(ਵਾਰ ਮਾਝ ਮਹਲਾ ੧)

ਉਸ ਸਮੇਂ ਸਮਾਜਕ ਅਤੇ ਧਾਰਮਕ ਤੌਰ ਤੇ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਨੀਵੀਂ ਪਧਰ ਦੇ ਸਨ। ਰਾਜੇ ਕਸਾਈ ਸਨ ਅਤੇ ਉਨ੍ਹਾਂ ਨੇ ਪਰਜਾ ਵਲ ਆਪਣੇ ਫਰਜ਼ਾਂ ਨੂੰ ਭੁਲਾ ਦਿੱਤਾ ਸੀ। ਸੱਚ ਅਤੇ ਧਰਮ ਜਗਤ ਵਿਚੋਂ ਪਰ ਲਾ ਕੇ ਉੱਡ ਗਏ ਸਨ ਅਤੇ ਹਉਮੈ ਨਾਲ ਸੰਸਾਰ ਦੁਖੀ ਹੋ ਰਿਹਾ ਸੀ। ਜਿਥੇ ਪਰਜਾ ਰਾਜੇ ਦੇ ਹੱਥੋਂ ਦੁੱਖੀ ਸੀ, ਉਥੇ ਸੂਦਰ ਬ੍ਰਾਹਮਣ ਦੇ ਹੱਥੋਂ ਤੰਗ ਸੀ ਅਤੇ ਇਸਤਰੀ ਮਰਦ ਦੇ ਹੱਥੋਂ। ਕਪਟ ਅਤੇ ਭੇਖ ਦਾ ਰਾਜ ਸੀ। ਜੋਗੀ ਅਤੇ ਸੰਨਿਆਸੀ ਵੀ ਠੱਗੀ ਦਾ ਜੀਵਨ ਜੀ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਤਾਂ ਇਥੋਂ ਤਕ ਕਹਿ ਦਿੱਤਾ :—

**ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ।**
**ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ।੩।**
**ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ।**
**ਜੀਵਤ ਕਉ ਮੂਆ ਕਹੈ ਮੂਏ ਨਹੀਂ ਰੋਤਾ ।**
**ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ।**
**ਪੋਖਰੁ ਨੀਰੁ ਵਿਰੋਲੀਐ ਮਾਖਨ ਨਹੀ ਰੀਸੈ ।**

(ਗਉੜੀ ਮਹਲਾ ੧)

ਉਸ ਸਮੇਂ ਦੀ ਧਾਰਮਕ ਅਧੋਗਤੀ ਦਾ ਵੱਡਾ ਕਾਰਨ ਤੱਤ ਵਸਤੂ ਨੂੰ ਭੁੱਲ ਕੇ ਕਰਮ ਕਾਂਡਾਂ ਵਿਚ ਖਚਿਤ ਹੋਣਾ ਸੀ। ਬ੍ਰਾਹਮਣਾਂ ਨੂੰ ਆਪ ਗਿਆਨ ਕਾਂਡ ਦੀ ਸੋਝੀ ਨਹੀਂ ਸੀ। ਇਸ ਲਈ ਉਹ ਹਿੰਦੂ ਜਨਤਾ ਨੂੰ ਆਪਣੇ ਲਾਭ ਲਈ ਠੱਗ ਰਿਹਾ ਸੀ। ਹਿੰਦੂ ਜਾਤ ਨਿਤ ਅਤੇ ਨਿਮਿਤ ਕਰਮਾਂ, ਸੂਤਕ ਪਾਤਕ ਅਤੇ ਸੰਸਕਾਰਾਂ ਦੇ ਚੱਕਰ ਵਿਚ ਪਈ ਹੋਈ ਸੀ। ਮੁਸਲਮਾਨ ਵੀ ਕਈ ਕਿਸਮ ਦੇ ਕਰਮ ਕਾਂਡਾਂ ਵਿਚ ਖਚਿਤ ਸਨ। ਆਦਿ ਗ੍ਰੰਥ ਵਿਚ ਕਰਮ ਕਾਂਡਾਂ ਨੂੰ ਵਿਅਰਥ ਮੰਨਿਆ ਗਿਆ ਹੈ, ਕਿਉਂ ਜੋ ਇਹ ਜੀਵ ਨੂੰ ਹਉਮੈ ਦੇ ਬੰਧਨਾਂ ਵਿਚ ਪਾ ਕੇ ਰੱਬ ਤੋਂ ਦੂਰ ਲੈ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ :—

**ਹਰਿ ਬਿਨਿ ਅਵਰ ਕ੍ਰਿਆ ਬਿਰਥੇ ।**
**ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ।**

ਆਦਿ ਗ੍ਰੰਥ ਦੀ ਬਾਣੀ ਵਿਚ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਆਪਣੇ ਸਮਕਾਲੀ ਮੱਤਾਂ ਦੇ ਅਨੁਜਾਈਆਂ ਦੇ ਧਾਰਮਕ ਜੀਵਨ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਦੀ ਰਚਨਾ ਵਿਚ ਸਮਕਾਲੀ ਮੱਤਾਂ ਦੇ ਸਿਧਾਂਤਾਂ ਅਤੇ ਵਿਚਾਰ-ਧਾਰਾ ਦਾ ਵੀ ਜ਼ਿਕਰ ਹੈ। ਉਸ ਸਮੇਂ ਬ੍ਰਾਹਮਣੀ ਮਤ ਦਾ ਜ਼ੋਰ ਸੀ। ਛੇ ਸ਼ਾਸਤਰਾਂ ਦੇ ਮੰਨਣ ਵਾਲੇ ਭੀ ਕਈ ਸਨ। ਜੈਨੀ ਵੀ ਦੇਸ਼ ਵਿਚ ਵਿਚਰਦੇ ਸਨ। ਬੁੱਧ ਧਰਮ ਵਿਚ ਭਾਵੇਂ ਜਾਨ ਨਹੀਂ ਸੀ, ਪਰ ਇਸ ਦੇ ਮਗਰਲੇ ਅਸਰ ਪਰਤੱਖ ਸਨ। ਮੁਸਲਮਾਨੀ ਮੱਤ, ਜਿਸ ਨੂੰ ਭਾਰਤ ਵਿਚ ਆਇਆਂ ਬਹੁਤੀ ਦੇਰ ਨਹੀਂ ਸੀ ਹੋਈ, ਆਪਣਾ ਦਬਦਬਾ ਜਮਾ ਰਿਹਾ ਸੀ। ਵੇਦਾਂ, ਪੁਰਾਣਾਂ ਅਤੇ ਸ਼ਾਸਤਰਾਂ ਦੇ ਮੰਨਣ ਵਾਲੇ ਆਪਣੇ ਇਸ਼ਟ-ਦੇਵ ਨੂੰ ਹੀ 'ਬ੍ਰਹਮ' ਸਿਧ ਕੇ ਇਕ ਦੂਜੇ ਨਾਲ ਲੜਦੇ ਸਨ। ਸ਼ਿਵ, ਸ਼ਕਤੀ ਅਤੇ ਵਿਸ਼ਨੂੰ ਦੇ ਉਪਾਸ਼ਕਾਂ ਦਾ ਬੜਾ ਜ਼ੋਰ ਸੀ।

ਆਦਿ ਗ੍ਰੰਥ ਵਿਚ ਸਿੱਧਾਂ, ਬੁੱਧਾਂ ਅਤੇ ਨਾਥਾਂ ਦਾ ਜ਼ਿਕਰ ਇਕੱਠਾ ਹੀ ਮਿਲਦਾ ਹੈ। ਇਹ ਸੰਜੋਗ-ਬੁੱਧ ਮਤ ਅਤੇ ਨਾਥ ਮਤ ਦੇ ਸਬੰਧਾਂ ਨੂੰ ਪਰਗਟ ਕਰਦਾ ਹੈ। ਨਾਥਾਂ ਜੋਗੀਆਂ ਦੀ ਜੀਵਨ-ਜੁਗਤੀ ਦਾ ਗੁਰੂ ਨਾਨਕ ਦੇਵ ਜੀ ਨੇ ਸਿੱਧ-ਗੋਸਟਿ ਵਿਚ ਖੰਡਨ ਕੀਤਾ ਹੈ। ਜੈਨੀਆਂ ਦੀ ਜੀਵਨ-ਜੁਗਤੀ ਦੀ ਪੜਚੋਲ ਮਾਝ ਕੀ ਵਾਰ ਵਿਚ ਕੀਤੀ ਗਈ ਹੈ। ਸਾਂਖ ਮਤ ਦਾ ਦਵੈਤਵਾਦ ਆਦਿ ਗ੍ਰੰਥ ਦੇ ਮਹਾਂ ਪੁਰਖਾਂ ਨੂੰ ਪਰਵਾਨ ਨਹੀਂ। ਪੁਰਸ਼ ਅਤੇ ਪ੍ਰਕ੍ਰਿਤੀ ਦੋਵੇਂ ਹੀ ਸ਼ਾਖ-ਮਤ ਅਨੁਸਾਰ ਅਨਾਦੀ ਹਨ, ਪਰ ਗੁਰਮਤਿ ਅਕਾਲ ਪੁਰਖ ਨੂੰ ਪ੍ਰਕ੍ਰਿਤੀ ਦਾ ਕਰਤਾ ਮੰਨਦੀ ਹੈ। ਵੈਸ਼ੇਸ਼ਕ ਵੀ ਸਾਂਖ ਵਾਂਗੂ ਨਾਸਤਕ ਹੈ ਅਤੇ ਨਯਾਇ ਸ਼ਾਸਤਰ ਦਲੀਲਾਂ ਨਾਲ ਪ੍ਰਭੂ ਦੀ ਹੋਂਦ ਨੂੰ ਸਿੱਧ ਕਰਨ ਦਾ ਜਤਨ ਕਰਦਾ ਹੈ। ਆਦਿ ਗ੍ਰੰਥ ਅਤੇ ਇਨ੍ਹਾਂ ਚੌਹਾਂ ਮਤਾਂ ਦੀ ਆਪੋ ਵਿਚ ਕੋਈ ਸਾਂਝ ਨਹੀਂ। ਜੈਮਿਨੀ ਦਾ ਪੂਰਬ-ਮੀਮਾਂਸਾ ਕਰਮ-ਕਾਂਡ ਉੱਤੇ ਜ਼ੋਰ ਦੇਂਦਾ ਹੈ। ਇਸ ਨੂੰ ਆਦਿ ਗ੍ਰੰਥ ਦੇ ਸੰਤ ਕਵੀਆਂ ਨੇ ਸਵੀਕਾਰ ਨਹੀਂ ਕੀਤਾ। ਆਦਿ ਗ੍ਰੰਥ ਦੀ ਵਿਚਾਰ-ਪ੍ਰਣਾਲੀ ਦੀ ਬਹੁਤੀ ਸਾਂਝ ਵੇਦਾਂਤ ਨਾਲ ਹੈ। ਵੇਦਾਂ ਦਾ ਗਿਆਨ-ਕਾਂਡ ਉਪਨਿਸ਼ਦ ਹਨ ਅਤੇ ਆਦਿ ਗ੍ਰੰਥ ਦੇ 'ਜਪੁਜੀ' ਅਤੇ 'ਸੁਖਮਨੀ' ਵਰਗੇ ਦਾਰਸ਼ਨਿਕ ਕਾਵਿ ਆਧੁਨਿਕ ਬੋਲੀ ਵਿਚ 'ਉਪਨਿਸ਼ਦ' ਕਹੇ ਜਾ ਸਕਦੇ ਸਨ। ਸ਼ੰਕਰਾਚਾਰੀਆ ਦੇ 'ਅਦਵੈਤਵਾਦ' ਨਾਲੋਂ ਰਾਮਾਨੁਚਾਰੀਆ ਦਾ 'ਵਿਸ਼ਿਸ਼ਟਾ-ਅਦਵੈਤ' ਆਦਿ ਗ੍ਰੰਥ ਦੇ ਬ੍ਰਹਮ ਵਿਚਾਰ ਦੇ ਬਹੁਤ ਨੇੜੇ ਹੈ। ਸ਼ੰਕਰਾਚਾਰੀਆ ਅਨੁਸਾਰ ਕੇਵਲ ਬ੍ਰਹਮ ਹੀ ਸਤ ਹੈ, ਬਾਕੀ ਸੰਸਾਰ ਕੇਵਲ ਅਵਿੱਦਿਆ ਦੇ ਕਾਰਨ ਭਾਸਦਾ ਹੈ। ਉਹਦਾ ਵਿਸ਼ੇਸ਼ ਬੋਲਾ 'ਤਤਵਮਸਿ' (ਤਤਵਮਸੀ) ਹੈ ਜੋ ਆਦਿ ਗ੍ਰੰਥ ਨੇ ਪਰਵਾਨ ਨਹੀਂ ਕੀਤਾ। ਆਦਿ ਗ੍ਰੰਥ ਅਨੁਸਾਰ ਸੰਸਾਰ ਵੀ ਸਤ ਹੈ, ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ਼ੰਕਰਾਚਾਰੀਆ ਸੰਨਿਆਸ ਧਾਰਨ ਕਰਨ ਉੱਤੇ ਜ਼ੋਰ ਦੇਂਦਾ ਹੈ, ਪਰ ਆਦਿ ਗ੍ਰੰਥ ਗ੍ਰਹਸਥੀ ਜੀਵਨ ਜਾਂ ਪਰਵਿਰਤੀ ਮਾਰਗ ਦਾ ਪਰਚਾਰ ਕਰਦਾ ਹੈ। ਰਾਮਾਨੁਚਾਰੀਆ ਦਾ ਵਿਸ਼ਿਸ਼ਟਾ-ਦਵੈਤ ਬ੍ਰਹਮ ਨੂੰ ਸਭ ਕੁਝ ਮੰਨਦਾ ਹੋਇਆ ਵੀ ਸੰਸਾਰ ਦੀ ਸਤਤਾ ਤੋਂ ਇਨਕਾਰੀ ਨਹੀਂ। ਉਹ ਬ੍ਰਹਮ ਨੂੰ ਦਇਆਵਾਨ, ਮਿੱਠਾ ਅਤੇ ਪਿਆਰ ਕਰਨ ਵਾਲਾ ਮੰਨਦਾ ਹੈ, ਉਹ ਭਗਤੀ ਭਾਵ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੋ ਹੀ ਗੁਰਮਤਿ ਦਾ ਵੀ ਮਾਰਗ ਹੈ।

ਆਦਿ ਗ੍ਰੰਥ ਵਿਚ ਵਰਨਾਂ ਅਤੇ ਆਸ਼ਰਮਾਂ ਦੀਆਂ ਵੰਡੀਆਂ ਤੋਂ ਉੱਚਾ ਉੱਠਣ ਲਈ

ਪਰੋਇਆ ਗਿਆ ਹੈ ਅਤੇ ਹਿੰਦੂ ਧਰਮ ਦੇ ਕਰਮ ਅਤੇ ਆਵਾਗਉਣ ਦੇ ਸਿਧਾਂਤਾਂ ਨੂੰ ਪਰਵਾਨ ਕੀਤਾ ਗਿਆ ਹੈ। 'ਭਗਵਤ ਗੀਤਾ' ਵਿਚ ਵਿਸ਼ੇਸ਼ ਤੌਰ ਤੇ ਤਿੰਨ ਯੋਗਾਂ ਦਾ ਵਰਣਨ ਮਿਲਦਾ ਹੈ – ਕਰਮ-ਯੋਗ, ਭਗਤੀ-ਯੋਗ ਅਤੇ ਗਿਆਨ-ਯੋਗ। ਆਦਿ ਗ੍ਰੰਥ ਵਿਅਕਤੀ ਦੀ ਜੀਵਨ-ਉਸਾਰੀ ਲਈ ਇਨ੍ਹਾਂ ਤਿੰਨਾਂ ਦੇ ਸੰਤੁਲਨ ਨੂੰ ਸਵੀਕਾਰ ਕਰਦਾ ਹੈ। ਅਵਤਾਰਵਾਦ ਅਤੇ ਦੇਵੀ ਦੇਵਤਿਆਂ ਦੀ ਪੂਜਾ ਆਦਿ ਗ੍ਰੰਥ ਦੇ ਸੰਤਾਂ, ਭਗਤਾਂ ਨੇ ਪਰਵਾਨ ਨਹੀਂ ਕੀਤੀ, ਇਸ ਲਈ ਦੇਵੀ ਦੇਵਤਿਆਂ ਅਤੇ ਅਵਤਾਰਾਂ ਨੂੰ ਪੂਜਣ ਵਾਲੇ ਮਤਾਂ ਦੀ ਉਨ੍ਹਾਂ ਨੇ ਆਲੋਚਨਾ ਕੀਤੀ ਹੈ। ਉਨ੍ਹਾਂ ਅਨੁਸਾਰ ਸਭ ਦੇਵੀ ਦੇਵਤੇ ਮਾਇਆ ਦੇ ਮੋਹੇ ਹੋਏ ਹਨ :—

**ਮਾਇਆ ਅੰਤਰਿ ਭੀਨੇ ਦੇਵ ॥**

**(ਭੈਰਉ ਕਬੀਰ)**

**ਮਾਇਆ ਮੋਹੇ ਦੇਵੀ ਸਭਿ ਦੇਵਾ ॥**

**(ਗਉੜੀ ਮਹਲਾ ੧)**

ਹਿੰਦੂ ਧਰਮ ਦੇ ਉਸ ਸਮੇਂ ਦੇ ਪਰਧਾਨ ਮਤ ਵੈਸ਼ਣਵ-ਮਤ ਅਤੇ ਸ਼ਾਕਤ ਮਤ ਸਨ। ਇਹ ਯਥਾ ਲੜੀ ਵਾਰ ਵਿਸ਼ਨੂੰ,ਸ਼ਿਵਜੀ ਅਤੇ ਸ਼ਕਤੀ – (ਭਾਵ ਦੁਰਗਾ ਉਮਾ, ਭਵਾਨੀ ਪਾਰਬਤੀ, ਕਾਲੀ ਆਦਿਕ) ਨੂੰ ਹੀ ਬ੍ਰਹਮਾਸਤ ਮੰਨਦੇ ਸਨ। ਆਦਿ ਗ੍ਰੰਥ ਦੇਵੀ ਦੇਵਤਿਆਂ ਨੂੰ ਮਾਇਆ ਦਾ ਮੂਲ ਸਮਝ ਕੇ, ਇਸ ਭਾਵ ਨੂੰ ਸਵੀਕਾਰ ਨਹੀਂ ਕਰਦਾ। ਬ੍ਰਹਮਾ ਦੀਆਂ ਭਿੰਨ-ਭਿੰਨ ਸ਼ਕਤੀਆਂ ਨੂੰ ਬ੍ਰਹਮ ਕਹਿਣਾ ਠੀਕ ਨਹੀਂ। ਇਹ ਸ਼ਕਤੀਆਂ ਕਰਮ ਦੇ ਹੁਕਮ ਅਨੁਸਾਰ ਚਲਦੀਆਂ ਹਨ। ਗੁਰੂ ਅਮਰ ਦਾਸ ਜੀ ਦਾ ਬਚਨ ਹੈ :—

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ।**

**(ਰਾਮਕਲੀ ਮਹਲਾ ੩, ਅਨੰਦੁ)**

ਨਾਥਾਂ ਅਤੇ ਜੋਗੀਆਂ ਦੀ ਜੀਵਨ-ਜੁਗਤੀ ਸਬੰਧੀ ਵੀ ਆਦਿ ਗ੍ਰੰਥ ਵਿਚ ਕਰੜੀ ਆਲੋਚਨਾ ਮਿਲਦੀ ਹੈ। ਉਨ੍ਹਾਂ ਦੇ ਸ਼ਬਦ-ਭੰਡਾਰ ਦੀ ਵਰਤੋਂ ਇਕ ਨਵੇਂ ਤੇ ਨਵੇਕਲੇ ਰੂਪ ਵਿਚ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ 'ਸਿਧ-ਗੋਸਟਿ' ਵਿਚ ਗੁਰਮਤ ਅਤੇ ਜੋਗ ਮਤਿ ਦਾ ਤੁਲਨਾ-ਤਮਕ ਅਧਿਐਨ ਮਿਲਦਾ ਹੈ।

ਆਦਿ ਗ੍ਰੰਥ ਵਿਚ ਗੋਰਖ, ਮਛੰਦਰ, ਚਰਪਟ ਅਤੇ ਲਹੁਰੀਪਾ ਪ੍ਰਸਿੱਧ ਜੋਗੀਆਂ ਦੇ ਨਾਂ ਮਿਲਦੇ ਹਨ। ਇਹ ਜੋਗੀ ਤਾਂ ਇਤਿਹਾਸਕ ਵਿਅਕਤੀਆਂ ਸਨ, ਆਦਿ ਗ੍ਰੰਥ ਵਿਚ ਇਨ੍ਹਾਂ ਦਾ ਨਾਂ ਕੇਵਲ ਇਨ੍ਹਾਂ ਦੇ ਮਤ (ਵਿਚਾਰਾਂ) ਨੂੰ ਪਰਗਟ ਕਰਨ ਲਈ ਹੀ ਵਰਤਿਆ ਗਿਆ ਹੈ। ਇਸਲਾਮ ਬਾਰੇ ਵੀ ਆਦਿ ਗ੍ਰੰਥ ਵਿਚ ਕਈ ਵਿਚਾਰ ਮਿਲਦੇ ਹਨ। ਹਿੰਦੂ ਮਤ ਦੇ ਕਰਮ ਕਾਂਡ ਵਾਂਗੂੰ ਹੀ ਮੁਸਲਮਾਨਾਂ ਦਾ ਕਰਮ ਕਾਂਡ ਆਦਿ ਗ੍ਰੰਥ ਵਿਚ ਪਰਵਾਨ ਨਹੀਂ ਕੀਤਾ ਗਿਆ। ਇਕ ਮੁਸਲਮਾਨ ਸਾਲਿਕ ਜਦੋਂ ਤਰੀਕਤ ਉੱਤੇ ਚਲਦਾ ਹੈ ਤਾਂ ਉਸ ਨੂੰ ਮਾਰਫਤ ਅਤੇ ਹਕੀਕਤ ਦੀ ਤਾਂਘ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਇਕ ਸ਼ਬਦ ਵਿਚ ਇਨ੍ਹਾਂ ਬਾਰੇ ਆਪਣੇ ਵਿਚਾਰ ਦਿਤੇ ਹਨ :—

**ਸ਼ਰਾ ਸ਼ਰੀਅਤਿ ਲੇ ਕੰਮਾਵਹੁ ।**
**ਤਰੀਕਤਿ ਤਰਕ ਖੋਜਿ ਟੋਲਾਵਹੁ ।**
**ਮਾਰਫਤਿ ਮਨੁ ਮਾਰਹੁ ਅਬਦਾਲਾ**
**ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ।**

(ਮਾਰੂ ਮਹਲਾ ੫)

ਵਰਨਾਂ ਅਤੇ ਆਸਰਮਾਂ ਵਿਚ ਵੰਡਿਆ ਹੋਇਆ ਹੋਣ ਕਰਕ ਹਿੰਦੂ ਧਰਮ ਵਿਚ ਹਰ ਵਰਨ ਅਤੇ ਹਰ ਆਸਰਮ ਲਈ ਸਦਾਚਾਰ ਨੀਤੀ ਨਿਸਚਿਤ ਸੀ । ਆਦਿ ਗ੍ਰੰਥ ਵਿਚ ਇਸ ਸਦਾਚਾਰ ਨੀਤੀ ਦੀਆਂ ਤਰੁਟੀਆਂ ਵਲ ਇਸ਼ਾਰਾ ਕਰਕੇ, ਸੰਤ ਕਵੀਆਂ ਨੇ, ਆਪਣੇ ਵਿਚਾਰਾਂ ਅਨੁਸਾਰ ਇਕ ਵਿਸ਼ੇਸ਼ ਸਦਾਚਾਰ ਲਈ ਸੰਸਾਰਕ ਘੋਲ ਵਿਚ ਪੈਣ ਅਤੇ ਉਦਮ ਕਰਨ ਦਾ ਸਾਹਸ ਦਿੱਤਾ ਹੈ । ਇਸ ਦਾ ਆਦਰਸ਼ 'ਪਰਮ-ਆਤਮਾ' ਦੀ ਪ੍ਰਾਪਤੀ ਹੈ । ਇਸ ਲਈ ਉਹ ਕਰਮ ਜੋ ਆਤਮਾ ਅਤੇ 'ਪਰਮ-ਆਤਮਾ' ਦੇ ਮੇਲ ਵਿਚ ਸਹਾਇਕ ਹੁੰਦੇ ਹਨ, ਠੀਕ ਕਰਮ ਹਨ, ਪਰ ਇਨ੍ਹਾਂ ਵਿਚ ਕਰਮ ਕਾਂਡ ਜਾਂ ਖਟ ਕਰਮ ਜਾਂ ਦਵਾਦਸ ਕਰਮ ਨਹੀਂ ਆਉਂਦੇ । ਇਹ ਕਰਮ ਜਾਂ ਤਾਂ ਸਦਾਚਾਰਕ ਗੁਣ ਹਨ ਜਾਂ ਉਹ ਜੋ ਇਹ ਗੁਣ ਪੈਦਾ ਕਰਨ ਵਿਚ ਸਹਾਇਕ ਹੁੰਦੇ ਹਨ । ਆਦਿ ਗ੍ਰੰਥ ਕੇਵਲ ਨਾਮ-ਸਿਮਰਨ ਤੇ ਜ਼ੋਰ ਦਿੰਦਾ ਹੈ, ਇਸ ਲਈ ਉਪਾਸ਼ਨਾ ਵਾਲੇ ਹੋਰ ਸਭ ਕਰਮ ਵਿਵਰਜਤ ਹਨ ।

ਆਦਿ ਗ੍ਰੰਥ ਦੀ ਸਦਾਚਾਰਕ ਨੀਤੀ ਦੀਆਂ ਕੁਝ ਉਦਾਹਰਣਾਂ :—

1. **ਫਕੜ ਜਾਤੀ ਫਕੜੁ ਨਾਉ ।**
   **ਸਭਨਾ ਜੀਆ ਇਕਾ ਛਾਉ ।**
   (ਵਾਰ ਸ੍ਰੀ ਰਾਗ ਮਹਲਾ ੧)
2. **ਘਾਲਿ ਖਾਇ ਕਿਛੁ ਹਥਹੁ ਦੇਹਿ ।**
   **ਨਾਨਕ ਰਾਹੁ ਪਛਾਣਹਿ ਸੇਇ ।**
   (ਵਾਰ ਵਡਹੰਸ ਮਹਲਾ ੧)
3. **ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ।**
   (ਸਲੋਕ ਕਬੀਰ)
4. **ਥੋੜ੍ਹੀ ਨਿੰਦ੍ਰਾ ਅਲਪ ਅਹਾਰੀ ।**
   (ਰਾਮਕਲੀ ਮਹਲਾ ੧)
5. **ਬਹੁਤਾ ਬੋਲਣੁ ਝਖਣੁ ਹੋਇ ।**
   (ਧਨਾਸਰੀ ਮਹਲਾ ੧)
6. **ਵਿਚਿ ਦੁਨੀਆ ਸੇਵ ਕਮਾਈਐ ।**
   **ਤਾ ਦਰਗਹਿ ਬੈਸਣੁ ਪਾਈਐ ।**
   (ਸਿਰੀ ਰਾਗ ਮਹਲਾ ੧)

ਆਦਿ ਗ੍ਰੰਥ ਵਿਚ ਪਰਗਟ ਕੀਤਾ ਹੋਇਆ ਧਰਮ ਇਕ ਅਮਲੀ ਅਤੇ ਸਰਬ-ਸਾਂਝਾ ਧਰਮ ਹੈ। ਆਦਿ ਗ੍ਰੰਥ ਦਾਰਸ਼ਨਿਕ ਗ੍ਰੰਥ ਨਹੀਂ, ਸਗੋਂ ਇਹਦੇ ਪਿਆਰ ਅਤੇ ਭਗਤੀ ਨਾਲ ਭਰੇ ਹੋਏ ਗੀਤਾਂ ਵਿਚੋਂ ਦਰਸ਼ਨ ਪਰਗਟ ਹੁੰਦਾ ਹੈ। ਸੱਚ, ਸੰਤੋਖ, ਨਿਮਰਤਾ, ਪਰਮਾਤਮਾ ਦਾ ਪਿਤਾ ਸਮਾਨ ਹੋਣਾ, ਮਨੁੱਖ ਦਾ ਭਰਾਤਰੀ, ਭਾਵ, ਸੰਜਮ, ਦਇਆ, ਤਨ ਅਤੇ ਮਨ ਦੀ ਪਵਿੱਤਰਤਾ ਆਤਮਾ ਅਤੇ ਪਰਮਾਤਮਾ ਦੀ ਖੋਜ, ਮਰਦ ਅਤੇ ਇਸਤਰੀ ਦੀ ਬਰਾਬਰੀ, ਸੇਵਾ, ਖਾਣ ਅਤੇ ਪਹਿਨਣ ਦੀ ਖੁਲ੍ਹ ਇਹ ਸਭ ਗੱਲਾਂ ਆਦਿ ਗ੍ਰੰਥ ਵਿਚ ਪਰਗਟਾਏ ਗਏ ਧਰਮ ਨੂੰ ਸਰਬ ਸੰਸਾਰਕ ਧਰਮ ਬਣਾਉਂਦੀਆਂ ਹਨ। ਇਕ ਗ੍ਰਹਿਸਥੀ ਦਾ ਜੀਵਨ ਗੁਜ਼ਾਰਨ ਉੱਤੇ ਜ਼ੋਰ ਦੇਣਾ ਅਤੇ ਤਿਆਗ ਦਾ ਖੰਡਨ ਕਰਨ— ਕਰਕੇ ਇਹ ਇਕ ਅਮਲੀ ਧਰਮ ਹੈ। ਇਹ ਧਰਮ, ਵੇਦਾਂ, ਸ਼ਾਸਤਰਾਂ ਅਤੇ ਪੁਰਾਣਾਂ ਨੂੰ ਪਰਮਾਣੀਕ ਨਹੀਂ ਮੰਨਦਾ। ਸ਼ੰਕਰਾਚਾਰੀਆ ਅਤੇ ਰਾਮਾਨੁਜ ਦੇ 'ਬ੍ਰਹਮ ਸੂਤਰਾਂ' ਦੇ ਭਾਵਾਰਥ ਨੂੰ ਕੁਝ ਹੱਦ ਤਕ ਸਵੀਕਾਰਦਾ ਹੈ। ਪੁਰਾਣਾਂ ਅਤੇ ਤੰਤਰਾਂ ਵਲੋਂ ਪਰਚਾਰੀ ਗਈ ਬੁਤ ਪੂਜਾ ਦਾ ਇਹ ਕੱਟੜ ਵਿਰੋਧੀ ਹੈ। ਇਹ ਨਾ ਹਿੰਦੂ ਧਰਮ ਦਾ ਇਕ ਫਿਰਕਾ ਹੈ ਅਤੇ ਨਾ ਹੀ ਇਸਲਾਮ ਦਾ। ਇਹ ਸੰਜੋਗਾਤਮਕ ਹੁੰਦਾ ਹੋਇਆ, ਦੋਹਾਂ ਧਰਮਾਂ ਦੇ ਚੰਗੇ ਭਾਵਾਂ ਨੂੰ ਗ੍ਰਹਿਣ ਕਰਦਾ ਹੈ।

ਆਦਿ ਗ੍ਰੰਥ ਅਨੁਸਾਰ ਕੇਵਲ ਪਰਮਾਤਮਾ ਇਕ ਅਤੇ ਅਨਾਦੀ ਹੈ। ਉਹ ਕਰਤਾ ਪੁਰਖ ਹੈ ਪ੍ਰਕ੍ਰਿਤੀ ਉਸ ਦੀ ਪੈਦਾ ਕੀਤੀ ਹੋਈ ਹੈ, ਇਸ ਲਈ ਤਿੰਨ ਗੁਣ ਉਸ ਦੀ ਰਚਨਾ ਹਨ। ਉਹ ਜੀਵ-ਪੁਰਸ਼ਾਂ ਤੋਂ ਇਸ ਗੱਲ ਵਿਚ ਭਿੰਨ ਹੈ ਕਿ ਉਹ ਆਦਿ ਪੁਰਖ ਹੈ, ਸਤਿ ਪੁਰਖ ਹੈ, ਕਰਤਾ ਪੁਰਖ ਹੈ, ਅਕਾਲ ਪੁਰਖ ਹੈ। ਉਹ ਨਿਰਭਉ, ਨਿਰਵੈਰ, ਅਜੂਨੀ ਸੈਭੰ। ਉਹ ਭੀ ਨਿਰਗੁਣ ਵੀ ਹੈ ਤੇ ਸਰਗੁਣ ਵੀ। ਸੰਸਾਰ-ਰਚਨਾ ਤੋਂ ਪਹਿਲੇ ਉਹ ਸੁੰਨ ਸਮਾਧੀ ਵਿਚ ਲੀਨ ਸੀ। ਉਹ ਹੀ ਬ੍ਰਹਮ ਹੈ ਤੇ ਉਹ ਹੀ ਈਸ਼ਵਰ। ਉਪਜਾਉਣਾ, ਪਾਲਣਾ ਅਤੇ ਸੰਘਾਰਨਾ, ਉਸ ਦੀਆਂ ਹੀ ਤਿੰਨ ਸ਼ਕਤੀਆਂ ਹਨ ਜਿਨ੍ਹਾਂ ਨੂੰ ਬ੍ਰਹਮਾ, ਵਿਸ਼ਨੂੰ, ਅਤੇ ਸ਼ਿਵ ਦਾ ਨਾਂ ਦਿੱਤਾ ਗਿਆ। ਉਹ ਸਰਬ-ਵਿਆਪੀ ਅਤੇ ਸਰਬ-ਸ਼ਕਤੀਮਾਨ ਹੈ। ਹਰ ਰੰਗ ਵਿਚ ਉਹ ਆਪ ਹੀ ਵਰਤ ਰਿਹਾ ਹੈ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ :

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।**

(ਬਿਲਾਵਲੁ ਮਹਲਾ ੫)

ਉਹ ਪੂਰਨ, ਗੁਣ-ਨਿਧਾਨ, ਬੇਮੁਹਤਾਜ, ਅਤੁੱਲ, ਅਡੋਲ, ਅਛਲ, ਅਛੇਦ, ਅਵਿਗਤ, ਅਮੋਲਕ, ਪਾਵਨ, ਜੋਤ-ਸਰੂਪ, ਸੁੰਦਰ, ਆਪੇ, ਆਪ, ਦਾਨਾ ਬੀਨਾ, ਅਗਾਧਿ, ਅਪਾਰ, ਅਮਿਤ, ਵਰਨਾਂ ਚਿਹਨਾਂ ਤੋਂ ਬਾਹਰਾ ਸਭ ਕੁਝ ਹੈ। ਉਹਦੇ ਅਣਗਿਣਤ ਨਾਂ ਹਨ,ਪਰ ਉਸ ਦਾ ਸਭ ਤੋਂ ਵਿਸ਼ੇਸ਼ ਨਾਂ ਸਤਿ ਹੈ ਜਿਹੜਾ ਉਸ ਦੀ ਸਦੀਵੀ ਹੋਂਦ ਨੂੰ ਪਰਗਟ ਕਰਦਾ ਹੈ। ਉਹ ਆਪ ਸਤਿ ਹੈ ਅਤੇ ਉਸ ਦਾ ਰਚਿਆ ਜਗਤ ਵੀ ਸਤਿ ਹੈ ਕਿਉਂਕਿ ਇਹ ਸੱਚੇ ਦਾ ਨਿਵਾਸ-ਅਸਥਾਨ ਹੈ। ਇਹ ਜਗਤ ਅਨੰਤ ਹੈ, ਜਿਸ ਵਿਚ ਲੱਖਾਂ ਕਰੋੜਾਂ ਆਕਾਸ਼ ਪਾਤਾਲ ਹਨ।

ਆਦਿ ਗ੍ਰੰਥ ਅਨੁਸਾਰ ਮਾਇਆ ਸਰਪਨੀ ਵੀ ਪਾਰਬ੍ਰਹਮ ਦੀ ਪੈਦਾ ਕੀਤੀ ਹੋਈ ਹੈ :—

ਇਹ ਸ੍ਰਪਨੀ ਤਾ ਕੀ ਕੀਤੀ ਹੋਈ ।
ਬਲ ਅਬਲੁ ਕਿਆ ਇਸ ਤੇ ਹੋਈ ।

(ਆਸਾ ਕਬੀਰ)

ਗੁਰੂ ਅਮਰ ਦਾਸ ਜੀ ਦੇ ਸ਼ਬਦਾਂ ਵਿਚ ਉਹ ਸਭ ਕੁਝ ਮਾਇਆ ਹੈ, ਜਿਸ ਨਾਲ ਲਗ ਕੇ ਅਸੀਂ ਪਾਰਬ੍ਰਹਮ ਨੂੰ ਵਿਸਾਰ ਦੇਂਦੇ ਹਾਂ :—

ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ।

(ਅਨੰਦੁ)

ਜੀਵਾਤਮਾ ਮਾਇਆ ਵਿਚ ਖੁਭ ਕੇ ਚੁਰਾਸੀ ਦੇ ਗੇੜ ਵਿਚ ਪੈ ਜਾਂਦੀ ਹੈ । ਜੀਵਾਤਮਾ ਪਾਰਬ੍ਰਹਮ ਦਾ ਰੂਪ ਹੈ ਅਤੇ ਉਸ ਵਾਂਗ ਹੀ ਅਮਰ ਹੈ । ਇਸ ਬਾਰੇ ਗੁਰੂ ਅਰਜਨ ਦੇਵ ਜੀ ਲਿਖਦੇ ਹਨ :—

ਅਚਰਜ ਕਥਾ ਮਹਾ ਅਨੂਪ ।
ਪ੍ਰਾਤਮਾ ਪਾਰਬ੍ਰਹਮ ਕਾ ਰੂਪ ॥

(ਗੋਂਡ ਮਹਲਾ ੫)

ਮਰਣਹਾਰੁ ਇਹੁ ਜੀਅਰਾ ਨਾਹੀ ।

(ਗਉੜੀ ਮਹਲਾ ੫)

# ਬੀੜਾਂ ਦੇ ਭੇਦ

## ਸੰਤ ਇੰਦਰ ਸਿੰਘ ਚਕਰਵਰਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਕਈ ਭੇਦ ਹਨ। ਮੰਗਲ ਰੂਪਾਂ ਦੀ ਤਰਤੀਬ ਸਿਲਸਿਲੇਵਾਰ ਇਕ ਨਹੀਂ। ਪਾਠ ਭੇਦ ਵੀ ਕਾਫੀ ਹੈ। ਬਾਣੀਆਂ ਦਾ ਵੀ ਅੰਤਰ ਹੈ। ਲਿਖਤੀ ਬੀੜਾਂ ਦਾ ਰੂਪ ਇਕ ਨਹੀਂ, ਸਗੋਂ ਅਡ ਅੱਡਰਾ ਹੈ। ਪ੍ਰਚੱਲਤ ਬੀੜ ਜਿਸ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਤ ਕੀਤਾ ਹੈ। ਇਸ ਸਬੰਧੀ ਵੀ ਕੁਝ ਲੋਕੀਂ ਰੌਲਾ ਪਾ ਰਹੇ ਹਨ ਕਿ ਇਸ ਵਿਚ ਮੰਗਲ ਦੀ ਅਦਲ ਬਦਲ ਕਰ ਦਿੱਤੀ ਗਈ ਹੈ। ਜਿਸ ਸਬੰਧੀ ਕਾਫੀ ਬਹਿਸ ਚਲ ਰਹੀ ਹੈ। ਭਾਵੇਂ ਇਹ ਭੇਦ ਤੇ ਫਰਕ ਅਜਿਹਾ ਨਹੀਂ ਜਿਸ ਨਾਲ ਜਮਾਤੀ ਤੌਰ ਤੇ ਕੁਝ ਨੁਕਸਾਨ ਤੇ ਫਰਕ ਪਏ। ਨੁਕਸਾਨ ਤੇ ਉਹ ਲੋਕੀਂ ਕਰ ਰਹੇ ਹਨ, ਜਿਨ੍ਹਾਂ ਵਲੋਂ ਗੁਰਬਾਣੀ ਤੇ ਕਿੰਤੂ ਕੀਤਾ ਜਾ ਰਿਹਾ ਹੈ। ਭੂਤ ਕਾਲ ਵਿਚ ਗੁਰਬਾਣੀ ਸਬੰਧੀ ਕੋਈ ਵੀ ਤੁਲਨਾਤਮਕ ਸਮੀਖਿਆ,ਆਲੋਚਨਾ,ਪ੍ਰਤੀਲੋਚਨਾ ਬਰਦਾਸ਼ਤ ਨਹੀਂ ਸੀ ਕੀਤੀ ਜਾ ਸਕਦੀ। ਜਦ ਵੀ ਕੋਈ ਅਜਿਹਾ ਕਰਦਾ ਤਦ ਸਮੂਹਕ ਰੂਪ ਵਿਚ, ਵਿਸ਼ਾਲ ਸਿੱਖ ਸ਼ਾਂਤ ਮਹਾਂ ਸਾਗਰ ਵਿਚ ਤੂਫਾਨ ਆ ਜਾਂਦਾ। ਸਾਰਾ ਸਿੱਖ ਸੰਸਾਰ ਤਲਮਲਾ ਉਠਦਾ ਸੀ। ਮੇਰਾ ਇਹ ਭਾਵ ਨਹੀਂ ਕਿ ਗੁਰਬਾਣੀ ਸਬੰਧੀ ਵਿਚਾਰ ਨਾ ਹੋਵੇ। ਬਾਣੀ ਦੀ ਫਲਾਸਫੀ, ਗੁਰਮਤਿ ਦਰਸ਼ਨ, ਗੁਰਬਾਣੀ ਦੇ ਸੰਸਕ੍ਰਿਤਕ ਪੱਖ ਦਾ ਜਿਤਨਾ ਵੀ ਦਿਗ ਦਰਸ਼ਨ ਕਰਾਇਆ ਜਾਏ, ਉਹ ਥੋੜ੍ਹਾ ਹੈ। ਜਿਤਨੀ ਵੀ ਮਹਾਨਤਾ ਦਰਸਾਈ ਜਾਏ ਉਹ ਘੱਟ ਹੈ। ਪਰ ਇਹ ਨਾ ਹੋਵੇ ਕਿ ਇਸ ਧੁਰ ਕੀ ਆਈ ਬਾਣੀ ਨੂੰ ਵੇਦ ਕਤੇਬੀ ਪੌਰਾਣਿਕ ਮਤ ਦਾ ਅਨੁਵਾਦ ਮਾਤ੍ਰ ਆਖ ਕੇ, ਅਤੇ ਇਹ ਛਿਆਂ ਸ਼ਾਸਤਰਾਂ ਦਾ ਉਲਥਾ ਮਾਤਰ ਹੋ ਕੇ ਰਹਿ ਜਾਏ। ਅਜਿਹਾ ਆਖ ਕੇ ਪੇਸ਼ ਕਰਨ ਨਾਲੋਂ ਤੇ ਨਾ ਕਰਨਾ ਉਚਿਤ ਤੇ ਚੰਗਾ ਹੈ। ਅਜਿਹੀ ਕੋਈ ਲਿਖਤ, ਕੋਈ ਵੀ ਵਿਚਾਰ, ਸਹੀ ਜੋਗ ਤੇ ਠੀਕ ਨਹੀਂ ਜਿਸ ਨਾਲ ਅਨਮਤੀਆਂ ਨੂੰ ਉਪਹਾਸ ਕਰਨ ਦਾ ਮੌਕਾ ਮਿਲੇ ਅਤੇ ਇਸਦੀ ਇਲਹਾਮਤਾ ਹਾਸੋਹੀਣੀ ਹੋ ਕੇ ਰਹਿ ਜਾਏ। ਅਜ ਕਲ ਤੇ ਇਹ ਰਿਵਾਜ ਇਥੋਂ ਤੀਕ ਪ੍ਰਚਲਤ ਹੋ ਗਿਆ ਹੈ ਕਿ ਕੁਝ ਇਕ ਸਿੱਖ ਕਹਾਉਣ ਵਾਲੇ ਨਾਮ ਧਰੀਕ ਸਜਨ ਸ੍ਰੀ ਮੁਖ ਵਾਕ 'ਜਾਪ' ਆਦਿ ਦਸਮ ਗੁਰੂ ਜੀ ਦੀ ਬਾਣੀ ਨੂੰ ਕਵੀ ਪ੍ਰਵੀਨ ਦਸ ਕੇ, ਇਸ ਦੀ ਮਾਨਤਾ ਤੇ ਮਹਾਨਤਾ ਨੂੰ ਘਟੇ ਕੌਡੀ ਰੁਲਾਣ ਦਾ ਜ਼ੋਰ

ਲਾ ਰਹੇ ਹਨ। ਸ਼ੁਕਰ ਦੀ ਗੱਲ ਇਹ ਹੈ ਕਿ ਅਜਿਹਾ ਸਾਹਿਤ, ਪੰਜਾਬੀ ਵਿਚ ਨਾ ਹੋ ਕੇ ਆਮ ਤੌਰ ਤੇ ਅੰਗਰੇਜ਼ੀ ਵਿਚ ਹੀ ਪ੍ਰਕਾਸ਼ਿਤ ਹੋ ਰਿਹਾ ਹੈ, ਜਿਸ ਤੋਂ ਸਿਧੇ ਸਾਦੇ ਸ਼ਰਧਾਲੂ ਸਿੱਖ ਅਪ੍ਰਚਿਤ ਹੀ ਰਹਿ ਰਹੇ ਹਨ । ਪਰ ਜਦੋਂ ਇਹ ਸਰਬ ਸਾਧਾਰਨ ਦੇ ਹੱਥਾਂ ਵਿਚ ਆਇਆ ਫਿਰ ਇਸਦਾ ਜੋ ਸਿੱਟਾ ਨਿਕਲੇਗਾ, ਉਸ ਦੀ ਕਲਪਨਾ ਅੱਜ ਨਹੀਂ ਕੀਤੀ ਜਾ ਸਕਦੀ। ਸਮਾਂ ਹੀ ਦੱਸ ਸਕੇਗਾ।

**ਆਦਿ ਬੀੜ :—**

ਆਦਿ ਬੀੜ ਉਹ ਬੀੜ ਹੈ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਆਪਣੀ ਬਾਣੀ ਸਾਹਿਤ ਸੰਪਾਦਤ ਕੀਤਾ ਅਤੇ ਭਾਈ ਗੁਰਦਾਸ ਜੀ ਨੇ ਜਿਸ ਨੂੰ ਲਿਖਤੀ ਰੂਪ ਵਿਚ ਲਿਆਂਦਾ। ਜਿਸ ਵਿਚ ਛਿਆਂ ਗੁਰੂਆਂ ਦੀ ਬਾਣੀ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਉਨ੍ਹਾਂ ਦੇ ਸਮੇਂ ਵਿਚ ਹੀ ਲਿਖੀ ਗਈ। ਗੁਰੂਆਂ ਤੋਂ ਬਿਨਾਂ ਭੱਟਾਂ ਆਦਿ ਦੀ ਹੋਰ ਬਾਣੀ ਵੀ ਇਸ ਵਿਚ ਹੈ। ਪਰ ਇਹ ਬੀੜ ਕਰਤਾਰ ਪੁਰ ਧੀਰ ਮਲੀਆਂ ਦੇ ਖਾਨਦਾਨ ਕੋਲ ਦੱਸੀ ਜਾਂਦੀ ਹੈ । ਜਿਸ ਬੀੜ ਨੂੰ ਉਹ ਅੱਜ ਦੇ ਸਮੇਂ ਸੰਗ੍ਰਾਂਦ ਦੇ ਦਿਨ ਪ੍ਰਕਾਸ਼ ਕਰਕੇ ਦਰਸ਼ਨ ਕਰਾਂਦੇ ਹਨ ਪਰ ਉਹ ਬੀੜ ਤੇ ਭਾਈ ਬੰਨੋ ਜੀ ਦੀ ਬੀੜ ਹੀ ਜਾਪਦੀ ਹੈ ਜਿਸ ਉੱਤੇ ਥਾਂ ਥਾਂ ਭਾਈ ਬੰਨੋ ਦੇ ਵਾਧੂ ਸ਼ਬਦਾਂ ਤੇ ਹੜਤਾਲ ਫੇਰੀ ਨਜ਼ਰ ਆ ਰਹੀ ਹੈ। ਅਸਲ ਬੀੜ ਕਿਥੇ ਗਈ, ਇਸ ਦਾ ਕੋਈ ਪਤਾ ਨਹੀਂ ਚਲ ਰਿਹਾ। ਸ਼ਾਇਦ ਜੀ.ਬੀ. ਸਿੰਘ ਦੀ ਗੱਲ ਹੀ ਠੀਕ ਹੋਵੇ ?

## ਭਾਈ ਬੰਨੋ ਦੀ ਬੀੜ

ਦੂਸਰੀ ਬੀੜ ਭਾਈ ਬੰਨੋ ਦੀ ਬੀੜ ਦੇ ਨਾਂ ਨਾਲ ਪ੍ਰਸਿੱਧ ਹੈ, ਸੰਪ੍ਰਦਾਈ ਗਿਆਨੀ ਭਾਈ ਗੁਰਦਾਸ ਜੀ ਲਿਖਤ ਬੀੜ ਨੂੰ 'ਮਿਠੀ ਬੀੜ' ਅਤੇ ਭਾਈ ਬੰਨੋ ਵਾਲੀ ਨੂੰ 'ਖਾਰੀ ਬੀੜ' ਦੇ ਨਾਂ ਤੋਂ ਸਦਦੇ ਹਨ।

ਭਾਈ ਬੰਨੋ ਜੀ ਮਾਂਗਟ ਪਿੰਡ ਦੇ ਵਸਨੀਕ ਗੁਰੂ ਕੀ ਕਾਰ ਭੇਟ ਉਗਰਾਹੁਣ ਵਾਲੇ ਇਲਾਕੇ ਦੀਆਂ ਸੰਗਤਾਂ ਦੇ ਮੁਖੀਏ ਸਜਨ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਸ੍ਰੀ ਅੰਮ੍ਰਿਤਸਰ ਜੀ ਆਏ ਹੋਏ ਸਨ। ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਲਾਹੌਰ ਜਾ ਕੇ ਬੀੜ ਦੀ ਜਿਲਦ ਤਿਆਰ ਕਰਾਉਣ ਲਈ ਹੁਕਮ ਕੀਤਾ । ਉਨ੍ਹਾਂ ਅਰਜ਼ ਕੀਤੀ ਕਿ 'ਜੇ ਆਗਿਆ ਦਿਉ, ਤਦ ਮੈਂ ਇਸ ਪਰਮ ਪਾਵਨ ਬੀੜ ਦਾ ਦਰਸ਼ਨ ਆਪਣੇ ਪਿੰਡ ਮਾਂਗਟ ਕਰਾ ਆਵਾਂ। ਸ੍ਰੀ ਗੁਰੂ ਜੀ ਨੇ ਆਗਿਆ ਦੇ ਦਿੱਤੀ, ਨਾਲ ਹੀ ਹੁਕਮ ਕੀਤਾ ਕਿ ਮਾਂਗਟ ਇਕ ਰਾਤ ਤੋਂ ਜ਼ਿਆਦਾ ਨਹੀਂ ਰਹਿਣਾ। ਭਾਈ ਸਾਹਿਬ ਜਾਂਦੀ ਵਾਰੀ ਲਾਹੌਰ ਤੋਂ ਕਾਗਜ਼ ਕਲਮਾਂ ਖਰੀਦ ਕੇ ਲੈ ਗਏ। ਕੁਝ ਲਿਖਾਰੀ ਸਜਨ ਬੁਲਾ ਕੇ ਦੂਜੀ ਬੀੜ ਤਿਆਰ ਕਰਾਉਣੀ ਆਰੰਭ ਦਿਤੀ। ਸ੍ਰੀ ਗੁਰੂ ਜੀ ਨੇ ਮਾਂਗਟ ਵਿਚ ਇਕ ਰਾਤ ਰਹਿਣ ਦਾ ਹੁਕਮ ਕੀਤਾ ਸੀ ਪਰ ਰਸਤੇ ਵਿਚ ਕਿਤਨੀਆਂ ਰਾਤਾਂ ਤੇ ਦਿਨ ਲਾਉਣੇ ਹਨ, ਇਸ ਦਾ ਕੋਈ ਹੁਕਮ ਨਹੀਂ ਸੀ ਕੀਤਾ : —

**''ਪੰਥ ਰੈਨ ਕਛੁ ਭਾਖੀ ਨਾਹੀ**
**ਤਾਂਤੇ ਜਤਨ ਕਰ ਇਮ ਆਹੀ''** (ਗੁਰ ਬਿਲਾਸ ਪਾ: ੧੦)

ਮਾਂਗਟ ਇਕ ਦਿਨ ਦਰਸ਼ਨ ਕਰਾਕੇ ਤੁਰ ਆਏ, ਮਾਂਗਟ ਤੋਂ ਲਾਹੌਰ ਆਂਦਿਆਂ ਜਾਂਦਿਆਂ

ਨਾ ਕੇਵਲ ਦੂਜੀ ਜਿਲਦ ਹੀ ਤਿਆਰ ਕਰਵਾ ਲਈ ਸਗੋਂ ਕੁਝ ਇਕਬਾਣੀਆਂ ਅਤੇ ਸ਼ਬਦ ਵੀ ਹੋਰ ਮਿਲਾ ਦਿੱਤੇ। ਇਕ ਦੇ ਥਾਂ ਦੋ, ਬੀੜਾਂ ਸ੍ਰੀ ਗੁਰੂ ਜੀ ਅਗੇ ਲਿਆ ਧਰੀਆਂ।

ਗੁਰ ਬਿਲਾਸ ਦੇ ਲੇਖਕ ਦੇ ਕਥਨ ਅਨੁਸਾਰ :

1. ਜਿਤ ਦਰ ਲਖ ਮਹੰਮਦਾ
ਸਲੋਕ ਤੀਨ ਲਿਖ ਪਾਇ
2. ਬਾਇ ਆਤਸ ਆਬ,
ਸੋਲਾ ਸਲੋਕ।
3. ਰਾਤਨ ਮਾਲ ਲਿਖ ਲਈ ਅਲੋਕ।
4. ਰਾਹ ਮੁਕਾਮ ਕੀ ਸਾਖ ਲਿਖਾਈ।
5. ਰਾਗ ਮਾਲ ਪਾਛੇ ਲਿਖ ਪਾਈ।
ਦਹੂੰ ਗ੍ਰੰਥ ਕੀ ਜਿਲਦ ਬਨਾਈ।
ਚਲੇ ਗੁਰੂ ਪਹਿ ਦੇਰ ਨ ਲਾਈ।

ਸ੍ਰੀ ਗੁਰੂ ਜੀ ਇਕ ਦੇ ਥਾਂ ਦੋ ਬੀੜਾਂ ਵੇਖ ਕੇ ਪੁਛਿਆ, 'ਭਾਈ ਬੰਨੋ ਦੋ ਬੀੜਾਂ ਕਿਵੇਂ ਹੋ ਗਈਆਂ।' ਬੰਨੋ ਨੇ ਅਰਜ਼ ਕੀਤੀ—

'ਬੰਨੋ ਕਿਹਾ ਪ੍ਰਭੂ ਤੁਮ ਜਾਨੋ।
ਸੰਗਤ ਹਿਤ ਮੈਂ ਉਦਮ ਠਾਨੋ।
ਪਰ ਉਪਕਾਰ ਗੁਰਤਾਹਿ ਦਿਖ ਰਾਇ।
ਦਸਖਤ ਕਰੇ ਸੁ ਪ੍ਰਭੂ ਸੁਖ ਦਾਇ।
ਸ੍ਰੀ ਮੁਖ ਕਹਾ ਬੀੜ ਦੋ ਭਈ
ਇਕ ਗੁਰਦਾਸ ਇਕ ਬਨੋ ਕਈ।'

ਸ੍ਰੀ ਗੁਰੂ ਜੀ ਨੇ ਬੁਰਾ ਨਹੀਂ ਮਨਾਇਆ। ਸਗੋਂ ਪ੍ਰਵਾਨਗੀ ਦੀ ਮੋਹਰ ਲਾ ਕੇ ਆਪਣੇ ਦਸਖਤ ਕਰ ਦਿਤੇ। ਕੇਵਲ ਇਤਨਾ ਹੁਕਮ ਹੀ ਦਿਤਾ :—

'ਜੋਊ ਗ੍ਰੰਥ ਇਸ ਥੋਂ ਲਿਖੈ
ਸੋਧਹਿ ਇਸੈ ਬਨਾਇ।
ਗੁਰਦਾਸ ਬੀੜ ਤੇ ਜੋ ਲਿਖੈ,
ਤਾਂ ਤੇ ਸੋਊ ਸੁਪਾਇ।'

ਇਸ ਵਿਚ ਪਹਿਲੀ ਬੀੜ ਨਾਲੋਂ ਕਾਫੀ ਫਰਕ ਸੀ, ਪਰ ਸ੍ਰੀ ਗੁਰੂ ਅਰਜਨ ਜੀ ਨੇ ਕੋਈ ਵੀ ਇਤਰਾਜ਼ ਨਾ ਕੀਤਾ॥ ਇਸ ਬੀੜ ਵਿਚ ਜਿਥੇ ਉਪਰੋਕਤ ਵਾਧੂ ਬਾਣੀਆਂ ਸਨ, ਉਥੇ ਕੁਝ ਸ਼ਬਦ ਵੀ ਵਧਾਏ ਗਏ ਸਨ, ਜਿਵੇਂ ਮੀਰਾ ਬਾਈ ਦਾ ਇਹ ਸ਼ਬਦ ਗੁਰਦਾਸ ਜੀ ਵਾਲੀ ਬੀੜ ਵਿਚ ਨਹੀਂ।

'ਮਨ ਹਮਾਰੋ ਬਾਂਧਿਓ ਕਵਲ ਨੈਨ
ਅਪਨੇ ਗੁਨ ਮਾਈ।
ਤੀਖਨ ਤੀਰ ਬੇਧ ਸਰੀਰ,
ਦੂਰ ਗਇਓ ਮਾਈ
ਲਾਗਿਉ ਤਬ ਜਾਨਿਓ ਨਾਹੀ,
ਅਬ ਨ ਸਹਿਓ ਜਾਈ॥
ਤੰਤ ਮੰਤ ਅਉਖਧ ਕਰੋ,
ਤਉ ਪੀਰ ਨ ਜਾਈ॥
ਨਿਕਟ ਹਉ ਤੁਮ ਦੂਰ ਨਾਹੀਂ
ਬੇਗਮਿਲ ਨ ਆਈ।
ਮੀਰਾਂ ਗਿਰਧਰ ਲਾਲ ਸੁਆਮੀ
ਦਇਆਲ ਤਨ ਕੀ ਤਪਤ ਬੁਝਾਈ॥

ਇਕ ਹੋਰ ਸ਼ਬਦ ਵੀ ਮੀਰਾਂ ਦੇ ਨਾਂ ਤੇ ਆਇਆ ਹੈ ਜੋ ਵਿਸਥਾਰ ਕਰਕੇ ਨਹੀਂ ਦਿੱਤਾ ਜਾ ਰਿਹਾ।

ਭਾਈ ਗੁਰਦਾਸ ਜੀ ਵਾਲੀ ਬੀੜ ਵਿਚ ਸੂਰਦਾਸ ਜੀ ਦੇ ਸ਼ਬਦ ਦੀ ਤੁਕ 'ਛਾਡ ਮਨ ਹਰਿ ਬੇਮੁਖਨ ਕੋ ਸੰਗ' ਦੇ ਕੇ ਬਾਕੀ ਸਾਰਾ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਹਲਾਂ ੫ ਸੂਰਦਾਸ ਦੇ ਸਿਰਲੇਖ ਹੇਠ ਆਪ ਕਥਨ ਕੀਤਾ ਹੈ :—

ਹਰਿ ਕੇ ਸੰਗ ਬਸੇ ਹਰਿ ਲੋਕ
ਤਨ ਮਨ ਅਰਪ ਸਰਵਸ ਸਭ ਅਰਪਿਓ
ਅਨਦ ਸਹਜਿ ਧੁਨਿ ਲੋਕ॥
ਦਰਸਨ ਪੇਖ ਭਏ ਨਿਰਬਿਖਈ,
ਪਾਏ ਹੈਂ ਸਗਲੇ ਥੋਕ॥
ਆਨ ਬਸਤਿ ਸਿਉਂ ਕਾਜ ਨ ਕਛੂਐ,
ਸੁੰਦਰ ਬਚਨ ਅਲੋਕ॥
ਸਿਆਮ ਸੁੰਦਰ ਤਜ ਆਨ ਜੁ ਚਾਹਤ
ਜਿਉਂ ਕੁਸਟੀ ਤਨ ਜੋਕ॥
ਸੂਰਦਾਸ ਮਨ ਪ੍ਰਭੁ ਹਥ ਲੀਨੋ
ਦੀਨੋ ਇਹ ਪਰਲੋਕ॥

ਪਰ ਭਾਈ ਬੰਨੋ ਜੀ, ਨੇ ਸੂਰਦਾਸ ਜੀ ਦਾ ਸਾਰੇ ਦਾ ਸਾਰਾ ਸ਼ਬਦ ਹੀ ਇਸ ਦੇ ਨਾਲ ਦੇ ਦਿੱਤਾ ਹੈ :—

ਛਾਡ ਮਨ ਹਰਿ ਬੇ ਮੁਖਨ ਕੋ ਸੰਗ ॥
ਜਾ ਕੇ ਮਿਲੈ ਕੁ ਬੁਧਿ ਉਪਜਤਿ
ਪਰਤ ਭਜਨ ਮੈਂ ਭੰਗ ॥
ਕਹਾਂ ਭਏ ਪੀਯਾਇ ਪਾਇ,
ਬਿਖ ਨ ਤਤੈ ਭੁਅੰਗ ॥
ਕਾਗਾ ਕਹਾਂ ਕਪੂਰ ਚਰਾਇ,
ਸੁਆਨ ਨਵਾਏ ਗੰਗ ॥
ਖਰ ਕਉ ਮਹਾਂ ਅਰਗਜਾ
ਲੇਪਨ ਮਰਕਟ ਭੂਖਨ ਅੰਗ ।
ਪਤਿਤ ਪਖਾਨ ਬਾਨ ਨਹੀ ਬੇਧੇ
ਰੀਤੇ ਭਰੇ ਨਿਖੰਗ ।
ਸੂਰ ਦਾਸ ਕਾਰੀ ਕਾਮਰੀ ਚੜ੍ਹਤ
ਨਾ ਦੂਸਰ ਰੰਗ ।

ਇੰਜ ਹੀ ਇਕ ਸ਼ਬਦ ਰਾਮਕਲੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਇਆ ਹੈ। ਪਰ ਪਹਿਲੀ ਬੀੜ ਵਿਚ ਉਸ ਦੀਆਂ ਦੋ ਲਾਈਨਾਂ ਹੀ ਆਈਆਂ ਨੇ।

ਰਾਮਕਲੀ ਮਹਲਾ ੫ :

'ਰਣ ਝੁੰਝਨੜਾ ਗਾਉ ਸਖੀ
ਹਰਿ ਏਕੁ ਧਿਆਵਹੁ ॥
ਸਤਿਗੁਰ ਤੁਮ ਸੇਵਿ ਸਖੀ
ਮਨਿ ਚਿੰਦਿਅੜਾ ਫਲੁ ਪਾਵਹੁ ॥'

ਪਰ ਸ੍ਰੀ ਬੰਨੋ ਜੀ ਨੇ ਇਹ ਸ਼ਬਦ ਵੀ ਸਾਰੇ ਦਾ ਸਾਰਾ ਹੀ ਦਿਤਾ ਹੈ। ਜਿਸ ਵਿਚ ਸ੍ਰੀ ਗੁਰੂ ਹਰਗੋਬਿੰਦ ਛੇਵੇਂ ਗੁਰੂ ਜੀ ਦੀ ਅਵਸਥਾ ਦਾ ਨਿਰੂਪਨ ਕੀਤਾ ਗਿਆ ਹੈ। 'ਰਣ ਝੁੰਝਨੜਾ' ਵਾਲੀਆਂ ਦੋਹਾਂ ਲਾਈਨਾਂ ਹੇਠ ਪੂਰਾ ਇਹ ਸ਼ਬਦ ਆਇਆ ਹੈ :—

ਰਾਮਕਲੀ ਮਹਲਾ ੫ :—

'ਰਣ ਝੁਝਨੜਾ ਗਾਉ ਸਖੀ
ਹਰਿ ਏਕ ਧਿਆਵਹੁ ॥
ਸਤਿਗੁਰ ਤੁਮ ਸੇਵਿ ਸਖੀ
ਮਨਿ ਚਿੰਦਿਅੜਾ ਫਲੁ ਪਾਵਹੁ ॥
ਸਤਿਗੁਰ ਧਿਆਇਆ ਕਰਮ ਪਾਇਆ
ਅਨੂਪ ਬਾਲਕ ਜੰਮਿਆ ॥
ਸਤਿਗੁਰ ਸਾਚੇ ਦੀਆ ਭੇਜ

ਚਿਰ ਜੀਵਨ ਵਡ ਪੁੰਨਿਆ ॥
ਮਹਾਂ ਅਨੰਦ ਹੋਇਆ ਸਦਾ
ਮੰਗਲ ਹਰਿ ਗੁਣ ਗਾਵ ਹੇ ॥
ਜਨ ਕਹੈ ਨਾਨਕ ਸਫਲ ਜਾਤਾ
ਸਤਿਗੁਰ ਪੁਰਖ ਧਿਆਵ ਹੇ ॥੧॥
ਅੰਮ੍ਰਿਤ ਭੋਜਨ ਇਕਤ੍ਰ ਕਰੇ ॥
ਪਰਿਵਾਰ ਬੁਲਾਇਆ ॥
ਵੰਡਿਆਹੁ ਅੰਮ੍ਰਿਤ ਨਾਮ ਹਰੇ ਜਿਤੁ
ਸਭ ਤ੍ਰਿਪਤਾਇਆ ॥
ਸਤਿਗੁਰ ਬਹਿਕੈ ਵੰਡ ਕੀਨੀ
ਸਗਲ ਭਾਉ ਦਿਵਾਇਆ ॥
ਕਰਮਾ ਉਪਰ ਵੰਡ ਹੋਈ
ਖਾਲੀ ਕੋਇ ਨ ਜਾਇਆ ।
ਸਭ ਸਿਖ ਸੰਗਤ ਭਈ ਇਕਤ
ਮਹਾਂ ਅਨੰਦ ਸਮਾਇਆ ॥
ਬਿਨਵੰਤ ਨਾਨਕ ਸਾਮ ਹਰਿ ਕੀ
ਸਰਬ ਸੁਖ ਮੈਂ ਪਾਇਆ ॥੨॥
ਰੀਤੀ ਸਗਲ ਕਰਾਈਆ ਹਰਿ ਸਿਉ
ਲਿਵ ਲਾਈ ॥
ਭੋਦਣ ਉਣੇਤ ਕਰਾਇਆ
ਗੁਰੁ ਗਿਆਨ ਜ ਪਾਈ ॥
ਗੁਰੂ ਗਿਆਨ ਜਪਿਆ ਸੁਖਹਿ ਦਾਤਾ
ਚਟ ਸਾਲ ਬਾਲਕ ਪਾਇਆ ॥
ਸਗਲ ਵਿਦਿਆ ਸੰਪੂਰਨ ਪੜ੍ਹਿਆ
ਗੋਬਿੰਦ ਰਿਦੈ ਮਨਾਇਆ ॥
ਜੋਵਣ ਹਾਰ ਨਾਮ ਕਰਨ ਬਿਰਥਾ
ਕੋਇ ਨਾ ਜਾਈ ।
ਬਿਨਵੰਤ ਨਾਨਕ ਨਾਮ ਹਰੀਕਾ
ਮੇਰਾ ਪ੍ਰਭੁ ਅੰਤ ਸਖਾਈ ॥੩॥
ਸਾਧ ਸੰਗਤ ਇਕਤ੍ਰ ਕਰੇ
ਬਾਲਕ ਕਰਹੁ ਮੰਗੇਵਾ ॥

ਥਾਪੇ ਸਜਨ ਜਨ ਕੁੜਮ ਭਲੇ
ਵੰਡਿਅਹ ਅੰਮ੍ਰਿਤ ਪੇਵਾ ॥
ਅੰਮ੍ਰਿਤ ਪਾਇਆ ਗੁਰ ਗਿਆਨ ਦ੍ਰਿੜਾਇਆ
ਸਗਲ ਦੁਖ ਮਿਟਾਇਆ ॥
ਲਗਣ ਲਿਖਾਇਆ ਧੁਰਹੁ ਆਇਆ
ਵੀਵਾਹੁ ਕੁੜਮ ਦਿਵਾਇਆ ॥
ਅਚਰਜ ਜੰਞ ਬਣਾਈ ਠਾਕੁਰ ਮਨਿ
ਜਨ ਢੁਕੇ ਸਭ ਦੇਵ ਸੁਰਾ
ਜਨ ਕਹੈ ਨਾਨਕ ਕਾਜ ਹੋਇਆ
ਵਾਜੇ ਅਨਹਦ ਤੂਰਾ ॥੪॥

ਜੇ ਸ੍ਰੀ ਗੁਰੂ ਜੀ ਇਨ੍ਹਾਂ ਸ਼ਬਦਾਂ ਨੂੰ ਅਯੋਗ ਸਮਝਦੇ ਤਦ ਭਾਈ ਬੰਨੋ ਨੂੰ ਕਹਿ ਕੇ ਹੜਤਾਲ ਫਿਰਵਾ ਸਕਦੇ ਸਨ । ਪਰ ਉਨ੍ਹਾਂ ਅਜਿਹਾ ਨਾ ਕਰਕੇ ਸਗੋਂ ਆਪਣੇ ਦਸਖਤ ਕਰਕੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ । ਜੇ ਕਰ ਵਿਆਹ ਵਿਚ ਤੇ ਜੇ ਭਾਈ ਬੰਨੋ ਜੀ ਅਜਿਹਾ ਨਾ ਕਰਦੇ ਤਦ ਸੰਗਤ ਨੂੰ ਆਦਿ ਬੀੜ ਦੇ ਦਰਸ਼ਨ ਦੁਰਲਭ ਹੀ ਹੋ ਜਾਂਦੇ । ਮੈਂ ਜਿੰਨੀਆਂ ਵੀ ਬੀੜਾਂ ਯੂ. ਪੀ., ਸੀ. ਪੀ., ਪੰਜਾਬ ਆਦਿ ਵਿਚ ਡਿੱਠੀਆਂ ਹਨ ਸਭ ਦੀਆਂ ਸਭ ਭਾਈ ਬੰਨੋ ਜੀ ਦੀਆਂ ਹੀ ਹਨ ।

### ੩. ਰਾਵਲ ਪਿੰਡੀ ਵਾਲੀ ਬੀੜ

ਰਾਵਲ ਪਿੰਡੀ ਦੇ ਮਹਲਾ ਸੈਦ ਪੁਰ ਵਿਚ ਮੈਂ ਇਕ ਬੀੜ ਦੇ ਦਰਸ਼ਨ ਕੀਤੇ ਸਨ ਜਿਸ ਦੇ ਸਫੇ ਕੋਈ ਤ੍ਰੈ ਚਾਰ ਹਜ਼ਾਰ ਦੇ ਕਰੀਬ ਸਨ । ਸ਼ਾਇਦ ਇਹੀ ਉਹ ਬੀੜ ਸੀ ਜਿਸ ਦਾ ਜ਼ਿਕਰ ਅਤਰ ਸਿੰਘ ਭਧੌੜ ਨੇ ਡਾਕਟਰ ਲਾਇਟਰ ਨਾਮੀ ਅੰਗਰੇਜ਼ ਵਿਦਵਾਨ ਖੋਜੀ ਸਜਨ ਨਾਲ ਕੀਤਾ ਸੀ । ਇਸ ਦੀ ਬਾਣੀ ਤਰਤੀਬ ਦੀ ਕੁਝ ਉਘੜ ਦੁਘੜੀ ਜਿਹੀ ਹੀ ਹੈ । ਜਿਵੇਂ :–

ਸ੍ਰੀ ਰਾਗ ਮਾਝ, ਗਉੜੀ, ਆਸਾ, ਬਿਲਾਵਲ, ਗੌਂਡ, ਰਾਮਕਲੀ, ਸੂਹੀ, ਬਿਲਾਵਲ (ਫੇਰ) ਆਸਾ (ਫੇਰ), ਗੂਜਰੀ, ਦੇਵ ਗੰਧਾਰੀ, ਸੂਹੀ (ਫੇਰ), ਮਾਰੂ, ਕਿਦਾਰਾ, ਤੁਖਾਰੀ, ਧਨਾਸਰੀ, ਟੋਡੀ, ਬੈਰਾੜੀ, ਭੀਮ ਪਲਾਸੀ, ਜੈਤਸਰੀ, ਸ੍ਰੀ ਗੁਰੂ ਜੀ ਦੀਆਂ ੩੯੩ ਸਾਖੀਆਂ, ਸ਼ਬਦ ਨਾਵੇਂ ਮਹਲ ਦੇ ਸੋਰਠ, ਬਸੰਤ, ਤਿਲੰਗ, ਮਾਲੀ, ਗੌੜਾ, ਭੈਰੋ, ਬਸੰਤ (ਫੇਰ), ਬਿਹਾਗੜਾ, ਸਾਰੰਗ, ਕਾਨੜਾ, ਕਲਿਆਨ, ਨਟ ਨਾਰਾਇਨ, ਵਡਹੰਸ, ਪ੍ਰਭਾਤੀ, ਸਲੋਕ ਕਬੀਰ, ਫਰੀਦ, ਭਗਤਾਂ ਦੀ ਬਾਣੀ, ਵਾਰਾਂ ਰਾਗ ਮਾਲਾ, ਗ੍ਰੰਥ ਦਾ ਤਤਕਰਾ, ਪ੍ਰਾਣ ਸੰਗਲੀ, ੨੭ ਅਧਿਆਇ, ੨੭ ਸਵੈਯੇ, ਸਲੋਕ ਸਾਹਿਸ ਕ੍ਰਿਤੀ ਗਾਥਾਂ ਫੁਨਹੇ, ਚਉਬੋਲੇ ।

ਇਹ ਬੀੜ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਦੀ ਹੈ ਜਿਸ ਤੇ ਛੇਵੇਂ ਗੁਰੂ ਜੀ ਦੇ ਦਸਖਤ ਹਨ । ੧੬੯੩ ਦਿਤਾ ਹੈ । ਨੌਵੀਂ ਪਾਤਸ਼ਾਹੀ ਦੇ ਕੇਵਲ ੧੪ – ੧੫ ਸ਼ਬਦ ਹੀ ਹਨ । ਭਗਤ ਬਾਣੀ ਤੋਂ ਅਗੇ ਬਾਵਨ ਅੱਖਰੀ ਸੁਖਮਨੀ, ਮਾਲ ਕੌਂਸ ਦੀ ਵਾਰ, ਰਾਗ ਮਾਲਾ ਪ੍ਰਾਨ ਸੰਗਲੀ ਦੇ ੨੫

ਅਧਿਆਇ । ਫਿਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਹਸਤਾਖਰ, ਫਿਰ ਸਵੈਯੇ ਸਲੋਕ, ਰਤਨਮਾਲਾ । ਥੋੜ੍ਹੀ ਜਿਹੀ ਸੰਸਕ੍ਰਿਤ । ਇਸ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਖਤ ।

ਪ੍ਰਚਲਤ, ਆਮ ਬੀੜਾਂ ਵਿਚ ਸਤੇ ਬਲਵੰਡ ਦੀ ਵਾਰ ਦੀਆਂ ਕੇਵਲ ੮ ਪਉੜੀਆਂ ਹਨ ਪਰ ਇਸ ਵਿਚ ੧੦ ਹਨ । ਦੋ ਇਹ ਹਨ :

'ਪੰਚਾਇਣ ਕਾਇਆ ਪਲਟ ਥਾਂਇ
ਛੇਵੇਂ ਕੀਓਨ ਨਿਵਾਸ ॥
ਉਤਰਿਆ ਅਉਤਾਰ ਲੈ,
ਬਾਲ ਰੂਪੀ ਸਭ ਗੁਣ ਤਾਸ ॥
ਪਿਛੈ ਕੁਦਰਤ ਘਤੀਓਨ,
ਧਰਿ ਤਕ ਤੋਲਿਓਨ ਅਕਾਸ ॥
ਦਿਨਸ ਚੜ੍ਹਾਇਓਨ ਰਾਤਿ ਘਤ,
ਕੁਦਰਤ ਕੀਓਨ ਪ੍ਰਕਾਸ ॥
ਆਦਿ ਵਾਉਨ ਡੋਲ ਈ
ਪਰਬਤ ਜਿਉਂ ਕਉਲਾਸ ॥
ਨਾਨਕ ਅੰਗਦ ਅਮਰ ਦਾਸ,
ਗੁਰ ਅਰਜਨ ਤੂ ਰਾਮ ਦਾਸ ॥
ਪੰਚਾਇਣ ਕਾਇਆ ਪਲਟ ਥਾਂਇ
ਛੇਵੀ ਕੀਓਨ ਨਿਵਾਸ ॥੯॥
ਅੰਬਰ ਧਰਤਿ ਵਿਛੋੜਓਨ,
ਵਿਣ ਥੰਮਾਂ ਗਗਨ ਖਲੋਇਆ ॥
ਬਾਬੇ ਤੂ ਵਡਿਆਇਓਨ,
ਸੁਵੰਨੀ ਖਿਵੈ ਚੰਦੋਇਆ ॥
ਚਉਦਹਿ ਰਤਨ ਨਿਕਾਲਿਓਨ,
ਕਲਿ ਅੰਦਰ ਚਾਨਣ ਹੋਇਆ ॥
ਅਗੇ ਡੁਬੀ ਜਾਂਦੀ ਸੀ ਮੇਦਨੀ
ਦੇ ਹਥੀ ਆਪ ਖਲੋਇਆ ॥
ਨਾਨਕ ਅੰਗਦ ਅਮਰ ਗੁਰ
ਅਰਜਨ ਭੀ ਆਪ ਅਲੋਇਆ ॥
ਪੰਚਾਇਣ ਆਪੇ ਵਰਤਿਆ ਛਿਆ
ਪੁਰਖ ਭੀ ਆਪੇ ਹੋਇਆ ॥੧੦॥

ਇਸ ਤੋਂ ਬਿਨਾਂ ਪਾਠ ਭੇਦ ਤੇ ਇਸ ਬੀੜ ਵਿਚ ਆਮ ਹਨ ਜਿਵੇਂ ਧਨਾਸਰੀ ਵਿਚ ਸ਼ਬਦ

ਆਇਆ ਹੈ ਕਿ 'ਗਹਿਰੀ ਕਰਕੇ ਨੀਵ ਖੁਦਾਈ' ਓਥੇ ਇਸ ਵਿਚ 'ਡੂੰਘੀ ਕਰਕੇ ਨੀਵ ਖੁਦਾਈ' ਪਾਠ ਦਿਤਾ ਹੈ। ਪ੍ਰਚਲਤ ਬੀੜਾਂ ਵਿਚ 'ਸੰਗ ਸਖਾ ਸਭ ਤਜ ਗਏ' ਪਾਠ ਹੈ ਪਰ ਇਸ ਵਿਚ 'ਬੰਧੁ ਸਖਾ ਸਭ ਤਜ ਗਏ' ਹੈ।

ਆਮ ਪ੍ਰਚੱਲਤ ਅਤੇ ਅਪ੍ਰਚਲਤ ਬੀੜਾਂ ਵਿਚ, ਗਉੜੀ ਕਬੀਰ ਦਾ ਇਕ ਸ਼ਬਦ

'ਕਾਲਬੂਤ ਕੀ ਹਸਤਨੀ
ਮਨ ਬਉਰਾ ਰੇ ਚਲਤੁ ਰਚਿਓ ਜਗਦੀਸ।
ਕਾਮ ਸੁਆਇ
ਗਜ ਬਸਿ ਪਰੇ ਮਨ ਬਉਰਾ ਰੇ.
ਅੰਕਸੁ ਸਹਿਓ ਸੀਸ।
ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ।'

ਇਹ ਅੱਧੀ ਤੁਕ ਹੀ ਆਈ ਹੈ, ਬਾਕੀ ਅੱਧੀ ਪਤਾ ਨਹੀਂ ਕਿਉਂ ਨਹੀਂ ਦਿਤੀ ਨਾ ਹੀ ਕਿਸੇ ਨੇ ਕਦੀ ਕੋਈ ਖੋਜ ਹੀ ਕੀਤੀ ਹੈ ਪਰ ਇਸ ਬੀੜ ਵਿਚ ਇਹ ਤੁਕ ਪੂਰੀ ਦਿਤੀ ਗਈ ਹੈ।

'ਬਿਖੈ ਬਾਚੁ ਹਰਿ ਰਾਚੁ
ਸਮਝੁ ਮਨ ਬਉਰਾ ਰੇ।
ਦੁਰਲਭ ਦੇਹ ਕੇ ਕਾਜ।
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ
ਗਹਿਓ ਨ ਰਾਮ ਜਹਾਜੁ॥

ਤੁਕ ਅਨੁਪ੍ਰਾਸ ਵਿਸਰਾਮ ਆਦਿ ਰਲ ਜਾਂਦਾ ਹੈ, ਮਜ਼ਮੂਨ ਵੀ ਗਲਤ ਨਹੀਂ :—

'ਦੁਰਲਭ ਦੇਹ ਕੇ ਕਾਜ॥ ਗਹਿਓ ਨ ਰਾਮ ਜਹਾਜੁ।'

ਆਦਿ ਸਹੀ ਤੇ ਢੁਕਵਾਂ ਹੈ।

'ਸੱਦ' ਬਾਬੇ ਸੁੰਦਰ ਜੀ ਦੀ ਰਚਨਾ ਹੈ, ਜੋ ਇਕੋ ਛੰਦ ਵਿਚ ਪੂਰੀ ਕੀਤੀ ਗਈ ਹੈ। ਉਸ ਦੀ ਇਕ ਪੰਗਤੀ ਹੈ ਕਿ :

ਸਤਿਗੁਰ ਪੁਰਖ ਜਿ ਬੋਲਿਆ
ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖ ਹੋਇਆ,
ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ
ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ
ਫਿਰਿ ਸਤਿਗੁਰੂ ਆਣਿ ਨਿਵਾਇਆ॥

ਇਸ ਵਿਚ ਵੀ ਤੀਜੀ ਤੁਕ ਦਾ ਵਿਸਰਾਮ ਅਨੁਪ੍ਰਾਸ ਨਹੀਂ ਰਲਦਾ, 'ਰਖਿਆ' ਤੇ 'ਨਿਵਾਇਆ' ਛੰਦ ਚਾਲ ਵਿਚ ਫਰਕ ਪੈ ਜਾਂਦਾ ਹੈ ਪਰ ਇਸ ਬੀੜ ਵਿਚ ਇਸ ਦੀ ਪੂਰਤੀ ਕਰਦਿਆਂ ਲਿਖਿਆ ਹੈ :—

'ਸਭ ਪਵੈ ਪੈਰੀ ਸਤਿਗੁਰੂ ਕੇਰੀ
ਜਿਥੈ ਗੁਰੂ ਆਪ ਰਖਾਇਆ ॥
ਕੋਇ ਕਰਿ ਬਖੀਲੀ ਨਿਵੈ ਨਾਹੀ
ਫਿਰ ਸਤਿਗੁਰੂ ਆਣਿ ਨਿਵਾਇਆ ॥

'ਰਖਾਇਆ', 'ਨਵਾਇਆ', ਛੰਦ ਚਾਲ ਅਨੁਸਾਰ ਸਹੀ ਕੀਤਾ ਗਿਆ ਹੈ। ਹੋਰ ਵੀ ਬਹੁਤ ਕੁਝ ਇਸ ਵਿਚ ਹੈ। ਵੀਹ ਪੰਝੀ ਸਾਲ ਹੋਏ ਜਦ ਮੈਂ ਇਸ ਬੀੜ ਤੋਂ ਨੋਟ ਲਏ ਸਨ ਬਹੁਤ ਕੁਝ ਗੁਆਚ ਗਿਆ। ਫਿਰ ਵੀ ਮੈਂ ਵਿਦਵਾਨ ਖੋਜੀ ਸਜਨਾਂ ਦਾ ਧਿਆਨ ਦੁਆਉਂਦਾ ਹਾਂ ਕਿ ਇਸ ਬੀੜ ਦੀ ਖੋਜ ਕਰਕੇ ਪਤਾ ਕਰਨਾ ਚਾਹੀਦਾ ਹੈ, ਕਿ ਅੱਜ ਕਲ ਕਿਥੇ ਹੈ। ਇਸ ਵਿਚੋਂ ਬਹੁਤ ਕੁਝ ਪ੍ਰਾਪਤ ਹੋ ਸਕਦਾ ਹੈ।

## ੪. ਦਮਦਮੀ ਬੀੜ

ਆਂਹਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੰਠਾਗਰੇ ਦਮਦਮੇ ਸਾਹਿਬ ਬੈਠ ਕੇ ਬੀੜ ਲਿਖਵਾਈ ਸੀ ਪਰ ਸਿੱਖ ਇਤਿਹਾਸ ਇਸ ਦੀ ਸ਼ਾਹਦੀ ਨਹੀਂ ਦੇਂਦਾ। ਜੇ ਕੋਈ ਹੈ ਵੀ ਸੀ, ਤਦ ਆਖਿਆ ਜਾਂਦਾ ਹੈ ਕਿ ਉਹ ਵਡੇ ਘਲੂਘਾਰੇ ਦੇ ਜੰਗ ਵਿਚ ਬੁਢਾ ਦਲ ਤੋਂ ਅਹਿਮਦਸ਼ਾਹ ਅਬਦਾਲੀ ਖੋਹ ਕੇ ਲੈ ਗਿਆ ਸੀ। ਜਿਸ ਦਾ ਮੁੜ ਕੋਈ ਪਤਾ ਨਹੀਂ ਲਗਾ। ਇਸ ਸਬੰਧ ਵਿਚ ਸਰਦਾਰ ਬਹਾਦਰ ਕਾਨ੍ਹ ਸਿੰਘ ਜੀ ਨਾਭਾ, ਸਰਕਾਰੀ ਤੌਰ ਤੇ ਅੰਗਰੇਜ਼ ਦੇ ਸਮੇਂ ਕਾਬਲ ਗਏ ਸਨ, ਉਹਨਾਂ ਉਸ ਦੀ ਬਹੁਤ ਖੋਜ ਕੀਤੀ ਸੀ ਪਰ ਪ੍ਰਾਪਤੀ ਕੁਝ ਨਾ ਹੋਈ।

ਕੁਝ ਸਜਨਾਂ ਦਾ ਵਿਚਾਰ ਹੈ ਕਿ ਕੁਦਨ ਮਾਲੇਰਕੋਟਲੇ ਦੇ ਇਲਾਕੇ ਕੁਠਾਲੇ ਵਿਚ ਸ੍ਰੀ ਸੰਤ ਰੇਣ ਜੀ ਦੇ ਉਦਾਸੀ ਡੇਰੇ ਵਿਚ ਜੋ ਬੀੜ ਪਈ ਹੈ ਉਹੀ ਉਹ ਬੀੜ ਹੈ। ਹੋ ਸਕਦਾ ਹੈ ਕਿ ਇਹ ਠੀਕ ਹੋਵੇ ਕਠਾਲਾ ਘਲੂਘਾਰੇ ਦੇ ਮੈਦਾਨ ਤੋਂ ਨਜ਼ਦੀਕ ਹੀ ਹੈ। ਉਸਦਾ ਇਸ ਥਾਂ ਹੋਣਾ ਅਪ੍ਰਸੰਗਕ ਨਹੀਂ ਕਿਹਾ ਜਾ ਸਕਦਾ।

## ੫. ਪਟਨਾ ਸਾਹਿਬ ਵਾਲੀ ਬੀੜ

ਇਹ ਬੀੜ ੧੭੩੧ ਬਿ. ਦੀ ਲਿਖਤ ਹੈ। ਇਸ ਵਿਚ ਆਮ ਬਾਣੀਆਂ ਤੋਂ ਬਿਨਾਂ, ਜੋ ਬਾਣੀ ਬੰਨੋ ਜੀ ਦੇ ਕ੍ਰਮ ਅਨੁਸਾਰ ਹਨ, ਇਕ ਖਾਸ ਚੀਜ਼ "ਪੰਜ ਸੀਲ" ਹੈ। ਇਹ 'ਮਹਲਾ ੫' ਦੇ ਸਿਰਲੇਖ ਹੇਠ ਦਿਤਾ ਹੈ। ਪਰ ਇਹ ਕਵਿਤਾ ਨਹੀਂ, ਸਗੋਂ ਵਾਰਤਿਕ ਹੈ ਅਤੇ ਸਭ ਤੋਂ ਪੁਰਾਣੀ ਅਤੇ ਪਹਿਲੀ ਵਾਰਤਿਕ ਜਾਂ ਪੰਜਾਬੀ ਦੀ ਨਸਰ ਹੈ। ਇਸ ਵਿਚ ਇਸ ਦਾ ਸਥਾਨ ਸਭ ਤੋਂ ਉੱਚਾ ਤੇ ਉਤਮ ਹੈ। ਅਰੰਭ ਹੁੰਦਾ ਹੈ :—

"ਗੁਰੂ ਬੋਲਿਆ, ਜੋ ਪੰਜ ਕਰਮ ਕਰੇ ਪੰਜ ਨਾ ਕਰੇ। ਜੋ ਪੰਜ ਕੰਮ ਨਾ ਕਰੇ ਸੋ

ਜੀਵਨ ਮੁਕਤ । ਜੋ ਗੁਰੂ ਰਖੇ ਪੰਜ ਕਰਮ ੧. ਪਰ ਦਰਬ ਨਾ ਹਿਰੇ । ੨. ਪਰਾਈ ਇਸਤਰੀ ਨ ਰਵੈ । ੩. ਪਰਾਈ ਨਿੰਦਾ ਨ ਕਰੈ । ੪. ਜੂਆ ਨ ਖੇਲੈ । ੫. ਮਦ ਮਾਸ ਨ ਖਾਇ ।

ਪੰਜ ਕੰਮ ਕਰੇ ਜੋ ਗੁਰੂ ਕਰਾਵੇ ਪੰਜ ਕੰਮ ੧. ਸੰਗਤ ਨਿਤ ਜਾਇ । ਕਿਛੁ ਮੂੰਹ ਪਾਵਨ ਨੂੰ ਲੈ ਜਾਇ ਅਰ ਆਰਤੀ ਕੀਰਤਨ ਸੁਣ ਸੋਵੈ । ੨. ਅਰਥੀ ਦੁਖੀ ਨਿਮਾਣੇ ਨੂੰ ਮਾਣ ਦਏ । ਪਰ ਉਪਕਾਰ ਕਰੇ ਕਰਾਵੇ ਲੋਚੇ । ੩. ਜਿਸ ਨੂੰ ਕੋਈ ਕੁੜਮਾਈ ਨ ਕਰੇ ਤਿਸ ਨੂੰ ਕੰਨਿਆ ਦਾਨ ਦੇਵੇ, ਇਕੇ ਲੋਚ ਕੇ ਦਿਵਾਏ । ੪. ਮਨਮੁਖ ਤੇ ਜਿਉਂ ਸਿੱਖ ਹੋਵੇ ਤਿਉਂ ਲੋਚ ਕਰ ਸਿਖ ਕਰੇ । ਜੀਅ ਦਾਨ ਇਹੋ । ੫. ਸਭਨਾ ਜੀਆ ਕਾ ਭਲਾ ਮਨਾਵੇ, ਕੋਈ ਦੁਖੇ ਨਹੀਂ ।

ਉਤਰ ਪ੍ਰਦੇਸ਼ ਪਟਨਾ ਬਿਹਾਰ ਦੀਆਂ ਬਹੁਤ ਸਾਰੀਆਂ ਬੀੜਾਂ ਵਿਚ ਇਹ ਮਹਲਾ ੫ ਦੇ ਹੇਠ ਆਏ ਵਾਕ ਹਨ । ਉਧਰ ਖਬਰੇ ਬੁਧ ਧਰਮ ਦੇ ਪੰਜ ਸ਼ੀਲ ਦਾ ਅਸਰ ਸੀ । ਕੁਝ ਵੀ ਕਿਉਂ ਨਾ ਹੋਵੇ, ਪਰ ਹੈ ਇਹ ਮਹਾਨਤਾ ਵਾਲੀ ਅਸਰ ਭਰੀ ਵਿਸ਼ਾਲ ਉੱਚ ਆਦਰਸ਼ ਦੀ ਚੀਜ਼ ਜਿਸ ਤੋਂ ਸਿੱਖ ਰਿਵਾਇਤਾਂ ਦਾ ਬਹੁਤ ਆਹਲਾ ਪਤਾ ਚਲਦਾ ਹੈ । ਅਤੇ ਸਿੱਖ ਆਚਰਣ ਦੀ ਮਹਾਨਤਾ ਦੀ ਕੂਤ ਕੀਤੀ ਜਾ ਸਕਦੀ ਹੈ ।

## ੬. ਭਾਈ ਮਨੀ ਸਿੰਘ ਜੀ ਵਾਲੀ ਬੀੜ

ਸ਼ਹੀਦ ਸਿਰਤਾਜ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਨੇ ਇਕ ਬੀੜ ਸੰਪਾਦਤ ਕੀਤੀ ਸੀ ਜਿਸ ਵਿਚ ਇਕਸ ਗੁਰੂ ਦੀ ਬਾਣੀ ਇਕਸ ਥਾਂ ਇਕੱਠੀ ਦੀ ਇਕੱਠੀ ਹੀ ਲਿਖ ਦਿਤੀ ਸੀ । ਪਤਾ ਨਹੀਂ ਇਸ ਨੂੰ ਬੰਦ ਬੰਦ ਜੁਦਾ ਕਰਨ ਦੀ ਮਾਨਤਾ ਕਿਵੇਂ ਮੰਨੀ ਗਈ । ਕ੍ਰਮ ਅਨੁਸਾਰ ਬਾਣੀ ਇਕਸ ਥਾਵੇਂ ਸਮੁਚੀ ਮਿਲ ਸਕਦੀ ਸੀ । ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਨਾਲ ਹੀ ਅੰਕਿਤ ਕਰ ਦਿੱਤੀ ਗਈ । ਖਬਰੇ ਇਹ ਬਾਣੀ, ਦੂਜੇ ਗੁਰੂ ਜੀ ਦੀ ਥੋੜ੍ਹੀ ਹੋਣ ਕਰਕੇ ਇੰਜ ਕੀਤਾ ਗਿਆ ਹੈ, ਜਾਂ ਕਿਸ ਹੋਰਸ ਭਾਵਨਾ ਨਾਲ । ਇਸ ਬੀੜ ਵਿਚ, ਭਗਤ ਬਾਣੀ ਦੀ ਕੋਈ ਖਾਸ ਮਹਾਨਤਾ ਨਹੀਂ ਅੰਕਿਤ ਕੀਤੀ ਗਈ । ਉਸ ਦੇ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸੰਕਲਿਤ ਕੀਤੀ ਹੈ । ਕ੍ਰਮ ਭਾਈ ਸਾਹਿਬ ਦਾ ਆਪਣਾ ਹੈ । ਅੱਜ ਕਲ ਇਹ ਬੀੜ ਸਵਰਗ-ਵਾਸੀ ਰਾਜਾ ਧਿਆਨ ਸਿੰਘ ਜੀ ਦੀ ਕੋਠੀ, ਨਵੀਂ ਦਿੱਲੀ ਵਿਚ ਸਥਾਪਿਤ ਹੈ । ਦਰਸ਼ਨ ਕਰਨ ਦੀ ਕੋਈ ਰੁਕਾਵਟ ਨਹੀਂ । ਰਾਜਾ ਸਾਹਿਬ ਦਾ ਪਰਿਵਾਰ ਇਸ ਬੀੜ ਦਾ ਬਹੁਤ ਸ਼ਰਧਾਲੂ ਹੈ । ਫਿਰ ਵੀ ਜੇ ਇਹ ਕਿਸੇ ਖਾਸ ਵਿਦਿਅਕ ਅਦਾਰੇ ਕੋਲ ਆ ਜਾਏ ਤਦ ਬਹੁਤ ਹੀ ਚੰਗਾ ਹੋ ਸਕਦਾ ਹੈ । ਉਂਝ ਮਾਂਝ ਸਭਾਈ ਵਲੋਂ ਉਸ ਥਾਂ ਦੀ ਕੋਈ ਹੋਰ ਕਸਰ ਨਹੀਂ ।

## ੭. ਦਸਮ ਗ੍ਰੰਥ ਜੀ ਦੀਆਂ ਬੀੜਾਂ

ਦਸਮ ਗੁਰੂ ਗ੍ਰੰਥ ਜੀ ਦੀਆਂ ਬੀੜਾਂ ਦੇ ਦੋ ਭੇਦ ਹਨ ਬਲਕਿ ਤ੍ਰੈ ਵੀ ਕਲਪਿਤ ਕੀਤੇ ਜਾਂਦੇ ਹਨ । ਇਕ ਤੇ ਬਾਬਾ ਦੀਪ ਸਿੰਘ ਜੀ ਵਾਲੀ ਬੀੜ ਜੋ ਦਮਦਮੇ ਸਾਹਿਬ ਸੰਪਾਦਨ ਕੀਤੀ ਗਈ ਸੀ । ਇਹ ਬੀੜ ਹੀ ਪ੍ਰਕਾਸ਼ਤ ਹੋ ਕੇ ਲੋਕਾਂ ਸਾਹਮਣੇ ਆਈ ਹੈ । ਦੂਜੀ ਬੀੜ ਜੋ ਭਾਈ ਮਨੀ ਸਿੰਘ ਜੀ ਨੇ ਸੰਪਾਦਤ ਕੀਤੀ ਸੀ । ਉਹ ਤੇ ਸ੍ਰੀ ਮਾਨ ਭਾਈ ਸੁਖਾ ਸਿੰਘ ਜੀ ਵਾਲੀ ਕਿਤੇ ਕਿਤੇ ਖਾਸ ਸਥਾਨ ਤੇ

ਅੱਜ ਵੀ ਬਿਰਾਜਮਾਨ ਹੈ। ਫਰਕ ਕੇਵਲ ਇਹ ਹੈ ਕਿ ਇਨ੍ਹਾਂ ਦੋਹਾਂ ਬੀੜਾਂ ਵਿਚ ਉਗਰਦੰਤੀ, ਸੰਸਾਹਰ ਸੁਖਮਨਾ, ਵਾਰ ਮਾਲਕੌਂਸ ਕੀ, ਵਾਰ ਸ੍ਰੀ ਭਗੌਤੀ ਜੀ ਕੀ। ਇਹ ਚੰਡੀ ਵਾਰ ਨਾਲੋਂ ਅਡਰੀ ਹੀ ਚੀਜ਼ ਹੈ।

ਕੇਸ ਬਿਨਾ ਸਿਰ ਕੁਟੀਐ
ਜਮ ਦਾੜਾ ਕਵਨ ਛੁਡਾਇ ਹੈ ॥
ਦੂਲ ਦੂਲ ਸਿੰਘ ਬਿਹਸਿਆ
ਰਵਣ ਗੁਹਰ ਕੁਹਿਰ ਹਰ ਖਾਇ ਹੈ ॥
ਉਥ ਪਲੱਥਮ ਘਪਨ ਘੋਰ ਗਹਿ ਘਤ
ਘੜਗ ਚੁਭਾਇ ਹੈ ॥
ਸਨਮੁਖਾਂ ਨੂੰ ਪ੍ਰਭੂ ਬਖਸ਼ ਲਏ,
ਮਨਮੁਖਾਂ ਨੂੰ ਇਹ ਸਜਾਇ ਹੈ।
ਫਤਹ ਡੰਗ ਗੋਬਿੰਦ ਸਿੰਘ
ਦਲ ਕੋਟਨ ਕੋਟ ਅਘਾਇ ਹੈ ॥

ਇਹ ਉਸ ਦੀ ਇਨ ਨਮੂਨੇ ਮਾਤਰ ਚਾਰ ਲਾਈਨਾਂ ਹਨ। ਇਸ ਤੋਂ ਬਿਨਾਂ ਇਸ ਬੀੜ ਵਿਚ "ਉਗਰ ਦੰਤੀ" ਨਾਮੀ ਬਾਣੀ ਹੈ :—

'ਸਾਰੇ ਜਗਤ ਮਹਿ ਖਾਲਸਾ ਪੰਥ ਗਾਜੈ ॥
ਜਗੈ ਧਰਮ ਹਿੰਦੂ ਤੁਰਕ ਦੁੰਦ ਭਾਜੈ ॥
ਯਹੀ ਬੇਨਤੀ ਖਾਸ ਹਮਰੀ ਸੁਣੀਜੈ ॥
ਅਸੁਰ ਮਾਰ ਕਰ ਰਛ ਗਊ ਅਨ ਕਰੀਜੈ ॥
ਤੁਹੀ ਸਿਧ ਨਵ ਨਿਧ ਕਉ ਭਰਨ ਹਾਰੀ ॥,
ਤੁਹੀ ਅੰਨ ਦਾਇਣ ਸਗਲ ਜਗ ਭਿਖਾਰੀ ॥

ਇਸ ਤਰ੍ਹਾਂ ਦੇ ਛੇ ਛੰਦ ਹਨ। ਇਕ ਛੰਦ ਦੀਆਂ ੩੦-੪੦ ਤੁਕਾਂ ਹਨ। ਇਸ ਦੀ ਮਹਾਨਤਾ ਇਹ ਹੈ ਕਿ ਆਮ ਬੀੜਾਂ ਵਿਚ ਇਕ ਪੰਜਾਬੀ ਦਾ ਸ਼ਬਦ ਹੈ। ਪੰਜਾਬੀ ਦੇ ਸਾਰੇ ੭-੮ ਹੀ ਛੰਦ ਗੁਰੂ ਮਹਾਰਾਜ ਨੇ ਲਿਖੇ ਹਨ। ਬਾਕੀ ਬੋਲੀ ਬ੍ਰਿਜੀ ਵਰਤੀ ਹੈ। ਆਮ ਪ੍ਰਚੱਲਤ ਬੀੜਾਂ ਵਿਚ ਇਕ ਸ਼ਬਦ ਹੈ। ਸ੍ਰੀ ਮੁਖ ਵਾਕ ਪਾਤਸ਼ਾਹੀ ੧੦ :—

ਸੁਣ ਕੇ ਸਦ ਮਾਹੀ ਦਾ
ਮੇਂਹੀ ਪਾਣੀ ਘਾਹ ਮੁਤੋ ਨੇ ॥
ਕਿਸੇ ਨਾਲ ਨਾ ਰਲੀਆ ਕਾਈ
ਕਈ ਸ਼ੌਕ ਪਿਓ ਨੇ ॥
ਗਿਆ ਫਿਰਾਕ ਮਿਲਿਆ ਮਿਤਰ ਮਾਹੀ
ਤਈਓਂ ਸੁਕਰ ਕੀਤੋ ਨੇ ॥

ਜਿਸ ਛੰਦ ਦੀਆਂ ਤੇ ਹੀ ਤੁਕਾਂ ਹਨ। ਤੇ ਤੁਕਾਂ ਦਾ ਛੰਦ ਅਪੂਰਣ ਹੀ ਕਿਹਾ ਜਾ ਸਕਦਾ ਹੈ। ਕਾਵਿ ਕਲਾ ਮਰਮੱਗ [illegible] ਅਜਿਹਾ ਨਹੀਂ ਸਨ ਕਰ ਸਕਦੇ । ਬਹੁਤ ਸਾਰੇ ਗਿਆਨੀ ਸੱਜਣਾਂ ਨੂੰ ਪੁਛਿਆ ਕਿ ਇਸ ਛੰਦ ਦੀ ਚੌਥੀ ਤੁਕ ਹੋਣੀ ਚਾਹੀਦੀ ਹੈ ਸੋ ਕਿਉਂ ਨਹੀਂ ? ਕਿਸੇ ਇਸ ਦਾ ਜਵਾਬ ਨਹੀਂ ਦਿੱਤਾ। ਜਿਵੇਂ ਪ੍ਰਚੱਲਤ ਬੀੜਾਂ ਵਿਚ ਇਹ ਗੱਲ ਆ ਗਈ ਕਿ ਚੌਂਡੀ [illegible] ਲਿਖਿਆ ਹੈ ਕਿ :

''ਖਾਹਿਓ ਸਭ ਹੀ ਰਸ 'ਭਦ੍' ਮਈ ਹੈ'' ਪਰ ਰਸਾਂ ਵਿਚੋਂ ਭਦ੍ ਰਸ ਨਹੀਂ ਹੋਇਆ ਕਰਦਾ ਨਾ ਹੀ ਕੋਈ ਹੈ। ਇਥੇ ਲਿਖਾਰੀ ਦੀ ਗਲਤੀ ਨਾਲ 'ਰੁਦ੍' ਤੋਂ 'ਭਦ੍' ਬਣ ਗਿਆ । ਮੇਰੇ ਜਿਹਾ ਲਿਖਾਰੀ ਜਿਸ ਦਾ 'ਕ' ਲਿਖਿਆ 'ਨ' ਪੜ੍ਹਿਆ ਜਾਂਦਾ ਹੈ ਤਿਵੇਂ 'ਰ' ਦਾ ਔਂਕੜ ਨਾਲ ਜੁੱੜਨ ਤੇ 'ਰ' ਦਾ 'ਭ' ਹੋ ਗਿਆ । ਸਭ ਜਿਨ੍ਹਾਂ ਨੇ ਨਕਲ ਕੀਤੀ ਉਨ੍ਹਾਂ ਵੀ ਸੋਚਿਆ ਕੁਝ ਨਹੀਂ 'ਭਦ੍' ਹੀ ਲਿਖਦੇ ਗਏ । ਇੰਜ ਹੀ ਇਸ ਸ਼ਬਦ ਦੀ ਚੌਥੀ ਤੁਕ ਦੀ ਭਾਲ ਕਿਸੇ ਨਹੀਂ ਕੀਤੀ। ਪਰ ਅਸੀਂ ਜਦ ਪਟਨਾ ਸਾਹਿਬ ਵਾਲੀ ਅਤੇ ਬਾਬਾ ਅਟਲ ਸਾਹਿਬ ਵਾਲੀ ਬੀੜ ਸੋਧੀ ਤਦ ਚੌਥੀ ਤੁਕ ਨਿਕਲ ਆਈ ਸ਼ਬਦ ਸੰਪੂਰਨ ਹੋ ਗਿਆ :—

ਸ੍ਰੀ ਮੁਖ ਵਾਕ ਪਾਤਸ਼ਾਹੀ ੧੦ :—

''ਲੱਖੀ ਜੰਗਲ ਖਾਲਸਾ
ਆਇ ਦੀਦਾਰ ਲਗ ਨੇ ।
ਸੁਣ ਕੇ ਸਦ ਮਾਹੀ ਦਾ
ਮੇਂ ਹੀਂ ਪਾਣੀ ਘਾਹ ਮੁਤੇ ਨੇ ।
ਕਿਸੇ ਨਾਲ ਨਾ ਰਲੀਆ ਕਾਈ
ਕੋਈ ਸ਼ੌਂਕ ਪਿਓ ਨੇ ।
ਗਿਆ ਫਿਰਾਕ ਮਿਲਿਆ ਮਿਤ੍ਰ ਮਾਹੀ
ਤਾਈਓਂ ਸ਼ੁਕਰ ਕੀਤੇ ਨੇ ।

ਇਹ ਮੋਟਾ ਮੋਟਾ ਵੇਰਵਾ ਹੈ ਪ੍ਰਚੱਲਤ ਤੇ ਅਪ੍ਰਚੱਲਤ ਬੀੜਾਂ ਦਾ । ਜੇ ਕੋਈ ਸਜਨ ਚੰਗੀ ਤਰ੍ਹਾਂ ਖੋਜ ਕਰੇ ਤਦ ਬਹੁਤ ਕੁਝ ਹੋਰ ਵੀ ਨਵੀਂ ਵਾਕਫੀਅਤ ਮਿਲ ਸਕਦੀ ਹੈ ।

ਭਾਈ ਮਨੀ ਸਿੰਘ ਜੀ ਤੇ ਭਾਈ ਸੁਖਾ ਸਿੰਘ ਜੀ ਦੀ ਬੀੜ ਵਿਚ ਇਕ ਗੱਲ ਹੋਰ ਵੀ ਹੈ, ਜੋ ਪਾਠ ਭੇਦ ਸਬੰਧੀ ਹੈ । ਆਮ ਬਾਬਾ ਦੀਪ ਸਿੰਘ ਜੀ ਵਾਲੀਆਂ ਬੀੜਾਂ ਵਿਚ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ।' ਪਰ ਉਨ੍ਹਾਂ ਬੀੜਾਂ ਵਿਚ 'ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ' ਪਾਠ ਹੈ । ਇਹ ਕੁਝ ਥੋੜ੍ਹਾ ਜਿਹਾ ਪਾਠ ਭੇਦ ਮੈਂ ਦਸਿਆ ਹੈ ਅਤੇ ਨਾਲ ਹੀ ਆਦਿ ਤੇ ਦਸਮ ਦੀਆਂ ਬੀੜਾਂ ਦਾ ਭੇਦ ਵੀ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਹੈ ।

———

# ਅੰਗਰੇਜ਼ੀ ਤਰਜਮੇ

## ਰਾਜਿੰਦਰ ਸਿੰਘ

ਪੰਜਾਬ ਤੇ ਕਬਜ਼ਾ ਕਰ ਲੈਣ ਤੋਂ ਬਾਦ ਅੰਗਰੇਜ਼ਾਂ ਨੂੰ ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਤਰਜਮਾ ਕਰਵਾਉਣਾ ਆਪਣੇ ਹਿੱਤਾਂ ਵਿਚ ਨਜ਼ਰ ਆਇਆ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਜਰਮਨ ਮਿਸ਼ਨਰੀ ਡਾ: ਅਰਨੈਸਟ ਟਰੰਪ ਨੂੰ ਇੰਡੀਆ ਆਫ਼ਿਸ ਵਲੋਂ ਇਹ ਕੰਮ ਸੌਂਪਿਆ ਗਿਆ। ਡਾ: ਟਰੰਪ ਆਪਣੇ ਇਸ ਕੰਮ ਸਬੰਧੀ ੧੮੭੦ ਦੇ ਅੰਤ ਵਿਚ ਪੰਜਾਬ ਆਇਆ ਅਤੇ ੧੮੭੨ ਤਕ ਇਥੇ ਰਿਹਾ। ਇਹ ਉਹ ਸਮਾਂ ਹੈ ਜਦੋਂ ਕੂਕਾ ਲਹਿਰ ਆਪਣੇ ਜ਼ੋਰਾਂ ਤੇ ਸੀ ਅਤੇ ਸਿੱਖ ਵਿਦਿਵਾਨ ਅੰਗਰੇਜ਼ਾਂ ਤੋਂ ਮੁਤੱਨਫ਼ਰ ਹੋ ਚੁੱਕੇ ਸਨ, ਅਤੇ ਚੋਟੀ ਦੇ ਵਿਦਵਾਨ ਸ੍ਰੀ ਅੰਮ੍ਰਿਤਸਰ ਛੱਡ ਕੇ ਗੁਰੂ ਕੀ ਕਾਂਸ਼ੀ ਆਦਿ ਵਰਗੇ ਅਸਥਾਨਾਂ ਤੇ ਚਲੇ ਗਏ ਸਨ। ਇਸ ਲਈ ਡਾ: ਟਰੰਪ ਨੂੰ ਸਿੱਖ ਵਿਦਵਾਨਾਂ ਵਲੋਂ ਲੋੜੀਂਦੀ ਮਾਤਰਾ ਵਿਚ ਸਹਾਇਤਾ ਨਾ ਮਿਲ ਸਕੀ। ਭਾਵੇਂ ਇਸ ਗੱਲ ਦਾ ਕਾਰਣ ਉਹ ਸਿੱਖਾਂ ਵਿਚ ਵਿਦਵਤਾ ਦੀ ਅਣਹੋਂਦ ਦੱਸਦਾ ਹੈ। ਜਿੱਥੇ ਕਿਧਰੇ ਉਸ ਨੂੰ ਸਹਾਇਤਾ ਮਿਲੀ ਹੈ ਉਥੇ ਉਸ ਨੇ ਆਪਣੀਆਂ ਪੂਰਵਧਾਰਨਾਵਾਂ (Prejudices) ਕਾਰਣ ਇਸ ਨੂੰ ਪਰਵਾਨ ਕਰਨ ਤੋਂ ਵੀ ਸੰਕੋਚ ਕੀਤਾ ਹੈ। ਨਿਰਮਲ ਪੰਥ ਦੇ ਵਿਦਵਾਨ ਮਹੰਤ ਆਤਮਾ ਸਿੰਘ ਨੇ ਇਸ ਸਬੰਧ ਵਿਚ ਉਸ ਦੀ ਕਾਫ਼ੀ ਸਹਾਇਤਾ ਕੀਤੀ ਦੱਸੀ ਜਾਂਦੀ ਹੈ।

ਕਾਫ਼ੀ ਮਿਹਨਤ ਤੋਂ ਬਾਅਦ ਡਾ: ਟਰੰਪ ਨੇ ਕੁਝ ਹਿੱਸੇ ਦਾ ਤਰਜਮਾ ੧੮੭੭ ਵਿਚ ਪ੍ਰਕਾਸ਼ਤ ਕਰਵਾਇਆ। ਲੇਕਿਨ ਸਿੱਖ ਫ਼ਿਲਾਸਫ਼ੀ ਨਾਲ ਉਸ ਦੀ ਸਹਾਨਭੂਤੀ ਨਹੀਂ ਸੀ ਅਤੇ ਭਾਸ਼ਾ ਦੀ ਅਗਿਆਨਤਾ ਕਾਰਣ ਨਾ ਹੀ ਉਹ ਗੁਰੂ ਗਰੰਥ ਸਾਹਿਬ ਦੀਆਂ ਕਾਵਿਕ ਉਚਿਆਈਆਂ ਨੂੰ ਸਮਝ ਸਕਦਾ ਸੀ। ਇਸ ਲਈ ਇਹ ਤਰਜਮਾ ਦੋਸ਼ ਪੂਰਣ ਅਤੇ ਕਿਧਰੇ ਕਿਧਰੇ ਗੁਰਬਾਣੀ ਦੀ ਸਪਿਰਟ ਦੇ ਬਿਲਕੁਲ ਹੀ ਉਲਟ ਹੈ। ਮਿਸਾਲ ਲਈ ਸਿਰੀ ਰਾਗ ਮਹਲਾ ੩, ਘਰ ੧ ਦੀ ਇਕ ਤੁਕ ਹੈ। ''ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ।'' ਇਸ ਦਾ ਤਰਜਮਾ ਉਸ ਨੇ ਨਿਮਨ ਅਨੁਸਾਰ ਕੀਤਾ ਹੈ :—

Whose the Government is.

his is every body.

ਇਹ ਠੀਕ ਹੈ ਕਿ ਟੀਕਾਕਾਰ ਨੇ ਸ਼ਾਬਦਿਕ ਤਰਜਮਾ ਕੀਤਾ ਹੈ ਲੇਕਿਨ ਸ਼ਾਬਦਿਕ ਤਰਜਮਾ ਵੀ ਸਪਿਰਿਟ ਨੂੰ ਮੁੱਖ ਰਖ ਕੇ ਹੀ ਕੀਤਾ ਜਾਣਾ ਉਚਿਤ ਹੈ।

ਇਸ ਤੋਂ ਬਾਅਦ ਗੁਰੂ ਗਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਉਲਥਾਉਣ ਦਾ ਦੂਜਾ ਭਰਪੂਰ ਯਤਨ ਸ੍ਰੀ ਐਮ. ਏ. ਮੈਕਾਲਿਫ਼ ਨੇ ਕੀਤਾ। ਮੈਕਾਲਿਫ਼ ਦਾ ਤਰਜਮਾ ਵੀ ਸ਼ਾਬਦਿਕ ਹੀ ਹੈ। ਲੇਕਿਨ ਟਰੰਪ ਨਾਲੋਂ ਇਕ ਵਖਰਤਾ ਇਹ ਹੈ ਕਿ ਉਸ ਨੇ ਆਪਣੇ ਸਮੇਂ ਦੇ ਸਿੱਖ ਵਿਦਵਾਨਾਂ ਦੀ ਸਲਾਹ ਲਈ ਹੈ ਅਤੇ ਉਨ੍ਹਾਂ ਦੀ ਸਲਾਹ ਨੂੰ ਯੋਗ ਸਤਿਕਾਰ ਦਿੱਤਾ ਹੈ। ਛਾਪਣ ਤੋਂ ਪਹਿਲਾ ਉਸ ਨੇ ਤਰਜਮੇ ਤੇ ਸਿੱਖ ਵਿਦਵਾਨਾਂ ਤੋਂ ਇਕ ਤਰ੍ਹਾਂ ਨਾਲ ਪ੍ਰਵਾਨਗੀ ਦੀ ਮੁਹਰ ਲਵਾਈ ਹੈ। ਇਸ ਤਰ੍ਹਾਂ ਉਸ ਦਾ ਤਰਜਮਾ ਸੰਪਰਦਾਇਕ ਟੀਕਿਆਂ ਦਾ ਅੰਗਰੇਜ਼ੀ ਰੂਪ ਆਖਿਆ ਜਾ ਸਕਦਾ ਹੈ।

ਪਰੰਤੂ ਮੈਕਾਲਿਫ਼ ਨੇ ਵੀ ਗੁਰੂ ਗਰੰਥ ਸਾਹਿਬ ਦਾ ਮੁਕੰਮਲ ਟੀਕਾ ਨਹੀਂ ਕੀਤਾ। ਉਸ ਨੇ ਪਹਿਲਾਂ ਕੇਵਲ ਗੁਰੂ ਸਾਹਿਬ ਦੀ ਜੀਵਨੀ ਦਿੱਤੀ ਹੈ ਅਤੇ ਬਾਅਦ ਵਿਚ ਉਨ੍ਹਾਂ ਦੀ ਚੋਣਵੀਂ ਬਾਣੀ ਦਾ ਤਰਜਮਾ ਕਿੱਤਾ ਹੈ। ਕਈ ਥਾਵਾਂ ਤੇ ਸ਼ਬਦਾਂ ਦਾ ਟੀਕਾ ਸਿਰਫ਼ ਗੁਰੂ ਸਾਹਿਬ ਦੀ ਜੀਵਨੀ ਨਾਲ ਸਬੰਧਤ ਘਟਨਾ ਨੂੰ ਪ੍ਰਗਟ ਕਰਨ ਲਈ ਹੀ ਕੀਤਾ ਗਿਆ ਹੈ।

ਮੈਕਾਲਿਫ਼ ਦੇ ਸਮੇਂ ਅੰਗਰੇਜ਼ ਸਿੱਖਾਂ ਦਾ ਵਿਸ਼ਵਾਸ ਜਿੱਤਣਾ ਚਾਹੁੰਦੇ ਸਨ। ਇਸ ਲਈ ਉਸ ਨੇ ਕੋਈ ਗੱਲ ਚੁਣਵੇਂ ਢੰਗ ਨਾਲ ਨਹੀਂ ਕਹੀ। ਲੇਕਿਨ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਚਨਾਂ ਨੂੰ ਆਪਣੇ ਅੰਦਾਜ਼ ਵਿਚ ਪੇਸ਼ ਕਰਕੇ ਇਹ ਯਤਨ ਕੀਤਾ ਹੈ ਕਿ ਸਿੱਖ ਅੰਗਰੇਜ਼ਾਂ ਨੂੰ ਮਲੇਛ ਕਹਿਣੋਂ ਹਟ ਜਾਣ ਅਤੇ ਅੰਗਰੇਜ਼ੀ ਰਾਜ ਨੂੰ ਗੁਰ-ਦਰਬਾਰੋਂ ਵਰੋਸਾਇਆ ਹੋਇਆ ਸਮਝਣ ਲਗ ਪੈਣ। ਇਸ ਦੇ ਨਾਲ ਹੀ ਭੂਮਿਕਾ ਵਿਚ ਇਤਿਹਾਸ ਨੂੰ ਐਸੇ ਢੰਗ ਵਿਚ ਪੇਸ਼ ਕੀਤਾ ਹੈ ਜਿਸ ਨਾਲ ਸਿੱਖਾਂ ਨੂੰ ਮੁਸਲਮਾਨਾਂ ਤੋਂ ਦੂਰ ਕੀਤਾ ਜਾ ਸਕੇ।

ਪਰ ਗੁਰੂ ਗਰੰਥ ਸਾਹਿਬ ਦੇ ਤਰਜਮੇ ਵਿਚ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਉਸ ਨੇ ਸੰਪਰਦਾਇਕ ਅਰਥਾਂ ਨੂੰ ਮਾਨਤਾ ਦਿੱਤੀ ਹੈ। ਇਸ ਲਈ ਟਰੰਪ ਨਾਲੋਂ ਇਹ ਟੀਕਾ ਵਧੇਰੇ ਪਸੰਦ ਕੀਤਾ ਗਿਆ ਹੈ। ਕਿਧਰੇ ਕਿਧਰੇ ਤਰਜਮਾ ਬਹੁਤ ਸ਼ਾਨਦਾਰ ਹੈ, ਮਿਸਾਲ ਲਈ :

This age is a knife, Kings are butchers, justice has taken wings and fled.

In this completely dark night of falsehood the moon of truth is never seen to rise.

I have become perplexed in my search, in the darkness find no way.

ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਹੁਣ ਤਕ ਛਪੇ ਟੀਕਿਆਂ ਦੀ ਲੜੀ ਵਿਚ ਅੰਤਮ ਨਾਮ ਡਾ.

ਗੋਪਾਲ ਸਿੰਘ ਦਰਦੀ ਦਾ ਹੈ। ਇਸ ਟੀਕੇ ਦੀ ਬਾਕੀਆਂ ਨਾਲੋਂ ਵੱਖਰੀ ਥਾਂ ਹੈ। ਇਹ ਪਹਿਲਾ ਟੀਕਾ ਹੈ ਜੋ ਕਿਸੇ ਹਿੰਦੋਸਤਾਨੀ ਅਤੇ ਵਿਸ਼ੇਸ਼ ਕਰਕੇ ਸਿੱਖ ਧਰਮ ਦੇ ਗਿਆਤਾ ਵਲੋਂ ਕੀਤਾ ਗਿਆ ਹੈ। ਲੇਖਕ ਦੀ ਬਾਕੀ ਟੀਕਾਕਾਰਾਂ ਨਾਲੋਂ ਵਿਸ਼ੇਸ਼ਤਾ ਇਹ ਹੈ ਕਿ ਉਹ ਸਿੱਖ ਫ਼ਿਲਾਸਫ਼ੀ ਅਤੇ ਉਸ ਦੇ ਭਾਰਤੀ ਫ਼ਿਲਾਸਫ਼ੀ ਨਾਲ ਸਬੰਧ ਤੋਂ ਭਲੀ ਪ੍ਰਕਾਰ ਜਾਣੂ ਹੈ। ਉਹ ਸੰਸਕ੍ਰਿਤ ਭਾਸ਼ਾ ਦਾ ਵੀ ਗਿਆਤਾ ਹੈ ਅਤੇ ਹਿੰਦੂ ਧਰਮ ਤੇ ਸਾਹਿਤ ਤੋਂ ਵੀ ਭਲੀ ਪ੍ਰਕਾਰ ਜਾਣੂ ਹੈ। ਕਈ ਥਾਵਾਂ ਤੇ ਉਸਨੇ ਸੰਪਰਦਾਇਕ ਅਰਥਾਂ ਨਾਲੋਂ ਆਪ ਵੱਖਰੀ ਰਾਏ ਵੀ ਪੇਸ਼ ਕੀਤੀ ਹੈ ਅਤੇ ਆਪਣੀ ਰਾਏ ਦੀ ਵਿਗਿਆਨਕ ਢੰਗ ਨਾਲ ਪੁਸ਼ਟੀ ਕੀਤੀ ਹੈ।

ਕਿਧਰੇ ਕਿਧਰੇ ਇਸ ਟੀਕੇ ਵਿਚੋਂ ਗੁਰਬਾਣੀ ਦੇ ਨਾਲ ਅੰਗਰੇਜ਼ੀ ਕਵਿਤਾ ਦਾ ਸਵਾਦ ਵੀ ਮਾਣਿਆ ਜਾ ਸਕਦਾ ਹੈ :—

**The mighty sing of his might.**
**And the blessed of his light.**
**Some sing He maketh, Giveth The sack.**
**He taketh life gnd giveth it back.**

ਡਾ: ਦਰਦੀ ਤੋਂ ਬਾਅਦ ਇਸੇ ਹੀ ਤਰ੍ਹਾਂ ਦਾ ਇਕ ਹੋਰ ਟੀਕਾ ਸ. ਮਨਮੋਹਣ ਸਿੰਘ ਜੀ ਦਾ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਗੁਰਬਾਣੀ, ਅੰਗਰੇਜ਼ੀ ਰੂਪ ਅਤੇ ਪੰਜਾਬੀ ਵਾਰਤਕ ਵਿਚ ਅਰਥ ਨਾਲ ਨਾਲ ਦਿੱਤੇ ਗਏ ਹਨ। ਇਹ ਟੀਕਾ ਕਾਫੀ ਸਲਾਹਿਆ ਗਿਆ ਹੈ। ਇਸ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਛਾਪਿਆ ਜਾ ਰਿਹਾ ਹੈ (ਇਕ ਸੁਚੱਜੇ ਅੰਗਰੇਜ਼ੀ ਅਨੁਵਾਦ ਦੀ ਘਾਟ ਨੂੰ ਮਹਿਸੂਸ ਕਰਦਿਆਂ ਪੰਜਾਬੀ ਯੂਨੀਵਰਸਟੀ ਪਟਿਆਲਾ ਵਲੋਂ ਇਹ ਕੰਮ ਪ੍ਰਿੰਸੀਪਲ ਗੁਰਬਚਨ ਸਿੰਘ ਤਾਲਬ ਨੂੰ ਸੌਂਪਿਆ ਗਿਆ। ਉਨ੍ਹਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਇਹ ਕੰਮ ਪੂਰਾ ਕੀਤਾ। ਇਹ ਮੁਕੰਮਲ ਟੀਕਾ ਚਾਰ ਜਿਲਦਾਂ ਵਿਚ ਛਪਾਈ ਅਧੀਨ ਹੈ। ਪਹਿਲੀਆਂ ਦੋ ਜਿਲਦਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛੱਪ ਚੁੱਕੀਆਂ ਹਨ। ਪਹਿਲੀ ਜਿਲਦ 1984 ਵਿਚ ਅਤੇ ਦੂਜੀ 1986 ਵਿਚ ਪ੍ਰਕਾਸ਼ਤ ਹੋਈ। ਇਹ ਟੀਕਾ ਪਹਿਲੇ ਟੀਕਿਆਂ ਨਾਲੋਂ ਕਿਤੇ ਉਤਮ ਅਤੇ ਦੇਸ਼ ਪ੍ਰਦੇਸ ਵਿਚ ਵਿਦਵਾਨਾਂ ਨੇ ਇਸ ਦੀ ਬਹੁਤ ਸਲਾਘਾ ਕੀਤੀ ਹੈ।

ਗੁਰੂ ਗਰੰਥ ਸਾਹਿਬ ਦੇ ਸੰਪੂਰਨ ਟੀਕਿਆਂ ਤੋਂ ਇਲਾਵਾ ਵਿਦਵਾਨਾਂ ਵਲੋਂ ਸਮੇਂ ਸਮੇਂ ਬਾਣੀਆਂ ਦੇ ਵੱਖਰੇ ਟੀਕੇ ਵੀ ਕੀਤੇ ਜਾਂਦੇ ਰਹੇ ਹਨ। ਸਭ ਤੋਂ ਜ਼ਿਆਦਾ ਟੀਕੇ ਜਪੁ ਜੀ ਸਾਹਿਬ ਦੇ ਹੋਏ ਹਨ। ਇਨ੍ਹਾਂ ਟੀਕਾਕਾਰਾਂ ਵਿਚ ਪ੍ਰਿੰ: ਤੇਜਾ ਸਿੰਘ, ਭਾਈ ਜੋਧ ਸਿੰਘ, ਜਸਟਿਸ ਹਰਨਾਮ ਸਿੰਘ, ਸ੍ਰੀ ਐਮ. ਐਲ. ਪੀਸ, ਪ੍ਰੋ: ਪੂਰਨ ਸਿੰਘ, ਸ. ਮਿਹਰ ਸਿੰਘ, ਸ੍ਰੀ ਹੀਰਾ ਲਾਲ, ਸ: ਗੁਰਸ਼ਰਨ ਸਿੰਘ ਬੇਦੀ ਦੇ ਨਾਂ ਲਏ ਜਾ ਸਕਦੇ ਹਨ। ਫ਼ਲਸਫ਼ਿਕ ਦਰੁਸਤੀ ਲਈ ਪ੍ਰਿੰ: ਤੇਜਾ ਸਿੰਘ ਅਤੇ ਭਾਵ-ਉਚਤਾ ਲਈ ਪ੍ਰੋ: ਪੂਰਨ ਸਿੰਘ ਦੇ ਟੀਕਿਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਜਸਟਿਸ ਹਰਨਾਮ ਸਿੰਘ ਦੇ ਟੀਕੇ ਦੀ ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਸਭ ਤੋਂ ਵਧੀਕ ਅਹਿਮੀਅਤ ਹੈ। ਹਰੇਕ ਟੀਕਾਕਾਰ ਦੀ ਭਾਵਨਾ ਸ਼ਰਧਾ ਅਤੇ ਮਿਹਨਤ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ। ਪਰੰਤੂ ਵੇਖਣ

ਵਾਲੀ ਗੱਲ ਇਹ ਹੈ ਕਿ ਇਹ ਸਾਰੇ ਟੀਕੇ ਸ਼ਾਬਿਦਿਕ ਹੀ ਨਿਬੜੇ ਹਨ । ਗੁਰੂ ਗਰੰਥ ਸਾਹਿਬ ਵਿਚ ਵਰਤੀ ਗਈ ਸ਼ਬਦਾਵਲੀ ਦੀ ਆਪਣੀ ਮਹੱਤਤਾ ਹੈ । ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਸ਼ਬਦ ਅਨੁਵਾਦ ਸਫਲ ਟੀਕੇ ਆਖੇ ਜਾ ਸਕਦੇ ਹਨ । ਕੀ 'ਕਰਮ' ਸ਼ਬਦ ਆਖੇ ਕੇ ਜੋ ਭਾਵ ਪ੍ਰਗਟ ਕੀਤੇ ਜਾ ਸਕਦੇ ਹਨ ਅੰਗਰੇਜ਼ੀ ਦਾ ਸ਼ਬਦ Action ਉਹ ਹੀ ਭਾਵ ਦੇ ਸਕਦਾ ਹੈ ? ਹਰਗਿਜ਼ ਨਹੀਂ । ਜਸਟਿਸ ਹਰਨਾਮ ਸਿੰਘ ਨੇ ਆਪਣੇ ਜਪੁਜੀ ਦੇ ਟੀਕੇ ਵਿਚ ਇਸ ਗੱਲ ਵੱਲ ਸੰਕੇਤ ਕੀਤਾ ਹੈ । ਦਰਅਸਲ ਗੁਰਬਾਣੀ ਦੇ 'ਹੁਕਮ', 'ਰਜ਼ਾ', 'ਆਤਮਾ', ਆਦਿ ਲਈ Order;. Will, Soul, Knowledge ਬਹੁਤ ਹੀ ਅਪੂਰਣ ਸ਼ਬਦ ਹਨ ।

# ਪੰਜਾਬੀ ਟੀਕੇ

## ਮੁਨੀ ਅਰਜਨ ਸਿੰਘ, ਕਨਖਲ

ਉਪਰ ਲਿਖੇ ਸੀਰਸ਼ਕ ਦੇ ਤਿੰਨ ਭਾਵ ਹੋ ਸਕਦੇ ਹਨ :—

1. ਆਦਿ ਗ੍ਰੰਥ ਦੇ ਟੀਕੇ ਕਦੋਂ ਤੋਂ ਹੋਣੇ ਅਰੰਭ ਹੋਏ ਔਰ ਏਹਨਾਂ ਦੀ ਇਤਿਹਾਸਕ ਪਰੰਪਰਾ ਕੀ ਹੈ ?

2. ਆਦਿ ਗ੍ਰੰਥ ਪਰ ਟੀਕੇ, ਔਰ ਕੋਸ਼ ਪ੍ਰਯਾਯ ਆਦਿ ਲਿਖਣ ਦੀ ਕਿਉਂ ਲੋੜ ਮਹਿਸੂਸ ਹੋਈ ਅਤੇ ਹੁਣ ਤਕ ਲਿਖੇ ਗਏ ਟੀਕੇ ਸਰਬਾਂਗ ਪੂਰਣ ਹਨ ਜਾਂ ਅਧੂਰੇ ?

3. ਆਦਿ ਗ੍ਰੰਥ ਦੇ ਟੀਕੇ ਕਿਸ ਕਿਸ ਭਾਸ਼ਾ ਵਿਚ ਕਿਸ ਕਿਸ ਵਿਦਵਾਨ ਨੇ ਲਿਖੇ ਅਤੇ ਵਰਤਮਾਨ ਸਮੇਂ ਮੁਦ੍ਰਿਤ ਜਾਂ ਅਮੁਦ੍ਰਿਤ ਰੂਪ 'ਚ ਉਪਲਬਧ ਹੋ ਸਕਦੇ ਹਨ ਜਾਂ ਨਹੀਂ ?

ਹੁਣ ਮੈਂ ਤਰਤੀਬ ਵਾਰ ਯਥਾਸ਼ਕਤੀ ਹਰ ਇਕ ਪਹਿਲੂ ਪਰ ਯੁਕਤੀ ਅਤੇ ਪ੍ਰਮਾਣ ਸਹਿਤ ਵਿਚਾਰ ਕਰਦਾ ਹਾਂ ।

1. ਜੇ ਸੂਖਮ ਦ੍ਰਿਸ਼ਟੀ ਨਾਲ ਵਿਚਾਰ ਕੀਤਾ ਜਾਵੇ ਤਾਂ ਪਤਾ ਲੱਗ ਸਕਦਾ ਹੈ ਕਿ ਵੰਦਨੀਯ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅਪਣੇ ਪੂਰਬ ਵਰਤੀ ਸਤਿਗੁਰਾਂ ਦੀ ਅਤੇ ਭਗਤਾਂ ਦੀ ਬਾਣੀ ਦਾ ਸੰਗ੍ਰਹਿ ਕਰਕੇ ਜਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ਤਦ ਤੋਂ ਹੀ ਟੀਕੇ ਹੋਣੇ ਆਰੰਭ ਹੋ ਗਏ ਸਨ । ਮਿਸਾਲ ਦੇ ਤੌਰ ਤੇ ਇਕ ਦੋ ਪ੍ਰਮਾਣ ਪੇਸ਼ ਕਰਦਾ ਹਾਂ । ਭਾਈ ਗੁਰਦਾਸ ਜੀ ਗੁਰੂ ਘਰ ਵਿਚ ਮੰਨੇ ਪ੍ਰਮੰਨੇ ਵਿਦਵਾਨ ਹੋਏ ਹਨ । ਆਪ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਹੈ । ਭਾਈ ਸਾਹਿਬ ਜੀ ਨੇ ਜਿਥੇ ਆਪਣੀਆਂ ਵਾਰਾਂ ਵਿਚ ਸਤਿਗੁਰਾਂ ਦੀ ਮਹਿਮਾ ਅਤੇ ਗੁਰਸਿਖਾਂ ਔਰ ਬੇਅੰਤ ਭਗਤਾਂ ਦੇ ਜੀਵਨ ਸਬੰਧੀ ਵਾਕਫੀਅਤ ਦਿੱਤੀ ਹੈ ਉਥੇ ਗੁਰੂ ਬਾਣੀ ਦੇ ਅਨੇਕ ਸ਼ਬਦਾਂ ਦਾ ਟੀਕਾ ਭੀ ਕੀਤਾ ਹੈ, ਜਿਵੇਂ ਜਪੁਜੀ ਸਾਹਿਬ ਦੇ ਅੰਤਿਮ ਸ਼ਲੋਕ :—

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥

ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥

ਵਿਆਖਿਆ ਭਾਈ ਸਾਹਿਬ ਜੀ ਇਸ ਪ੍ਰਕਾਰ ਕਰਦੇ ਹਨ :—

'ਪਉਣ ਗੁਰੂ ਗੁਰ ਸਬਦੁ ਹੈ
ਵਾਹਿਗੁਰੂ ਗੁਰ ਸਬਦੁ ਸੁਣਾਇਆ ।
ਪਾਣੀ ਪਿਤਾ ਪਵਿਤ੍ਰ ਕਰਿ
ਗੁਰਮੁਖੁ ਪੰਥ ਨਿਵਾਣਿ ਚਲਾਇਆ ।
ਧਰਤੀ ਮਾਤ ਮਹਤ ਕਰਿ
ਓਤਿ ਪੋਤਿ ਸੰਜੋਗ ਬਣਾਇਆ ॥
ਦਾਈ ਦਾਇਆ ਰਾਤਿ ਦਿਹੁ
ਬਾਲ ਸੁਭਾਇ ਜਗਤੁ ਖਿਲਾਇਆ ॥

ਇਤਿਆਦਿ ਵਾਰ ੬

ਇਕ ਸਬਦ ਦਾ ਹੋਰ ਉਦਾਹਰਣ ਦੇਖੋ :—

ਮਨ ਹਠ ਬੁਧੀ ਕੇਤੀਆ
ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ
ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭ ਕੋ
ਊਪਰਿ ਸਚੁ ਆਚਾਰੁ ॥

(ਸਿਰੀ ਰਾਗੁ ਮਹਲਾ ੧, ਅਸਟਪਦੀ ੧੪),

ਜਪ ਤਪ ਸੰਜਮ ਲਖ ਲਖ ਹੋਮ ਜਗ
ਨਈ ਵੇਦ ਕਰੋੜੀ ।
ਵਰਤ ਨੇਮ ਸੰਜਮ ਘਣੇ
ਕਰਮ ਧਰਮ ਲੱਖ ਤੰਦ ਮਰੋੜੀ ।
ਤੀਰਥ ਪੁਰਬ ਸੰਜੋਗ ਲਖ
ਪੁੰਨ ਦਾਨ ਉਪਕਾਰ ਨ ਓੜੀ ।
ਦੇਵੀ ਦੇਵ ਸਰੇਵਣੇ
ਵਰ ਸਰਾਪ ਲਖ ਜੋੜ ਵਿਛੋੜੀ ।
ਦਰਸਨ ਵਰਨ ਅਵਰਨ ਲਖ
ਪੂਜਾ ਅਰਚਾ ਬੰਦਨ ਤੋੜੀ ।

ਲੋਕ ਵੇਦ ਗੁਣ ਗਿਆਨ ਲੱਖ
ਜੋਗ ਭੋਗ ਲੱਖ ਝਾੜ ਪਛੋੜੀ।
ਸਚਹੁ ਓਰੈ ਸਭ ਕਿਹੁ
ਲੱਖ ਸਿਆਣਪ ਸਭਾ ਥੋੜੀ।
ਉੱਪਰਿ ਸੱਚੁ ਅਚਾਰੁ ਚਮੋੜੀ ॥੧੯॥ (ਵਾਰ ੧੮)

ਭਾਈ ਸਾਹਿਬ ਗੁਰਦਾਸ ਜੀ ਦੀ ਸ਼ੈਲੀ ਦਾ ਅਨੁਸਰਣ ਕਰਦੇ ਹੋਏ ਉਰਦੂ ਅਤੇ ਪੰਜਾਬੀ ਦੇ ਵਿਦਵਾਨ ਕਵੀਆਂ ਨੇ ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਟੀਕੇ ਅਪਣੀ ਅਪਣੀ ਕਵਿਤਾ ਵਿਚ ਕੀਤੇ ਹਨ। ਪ੍ਰਸਿੱਧ ਇਤਿਹਾਸਕਾਰ ਕਵੀ ਸ਼ਿਰੋਮਣੀ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਉਥਾਨਕਾ ਲਾ ਕੇ ਸੈਂਕੜੇ ਸ਼ਬਦਾਂ ਦਾ ਸੁੰਦਰ ਟੀਕਾ ਕੀਤਾ ਹੈ। ਉਦਾਹਰਣ ਦੇ ਤੌਰ ਤੇ ਸ੍ਰੀ ਅੰਮ੍ਰਿਤਸਰ ਵਿਖੇ ਸੰਤੋਖ ਸਰ 'ਚੋਂ ਪ੍ਰਗਟ ਹੋਏ ਜੋਗੀ ਨੂੰ ਵੰਦਨੀਯ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮੁਕਤੀ ਦਾ ਇਕ ਜੋ ਸੁੰਦਰ ਉਪਦੇਸ਼ ਕੀਤਾ ਹੈ, ਉਸ ਸ਼ਬਦ ਦੀਆਂ ਕੁਝ ਤੁਕਾਂ ਪਹਿਲੇ ਲਿਖ ਕੇ ਕਵੀ ਜੀ ਦਵਾਰਾ ਕੀਤੇ ਟੀਕੇ ਦਾ ਨਮੂਨਾ ਪੇਸ਼ ਕਰਦਾ ਹਾਂ।

ਸੂਹੀ ਮਹਲਾ ੫ ਘਰੁ ੧ ॥

ਬਾਜੀਗਰਿ ਜੈਸੇ ਬਾਜੀ ਪਾਈ ॥
ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥
ਤਬ ਏਕੋ ਏਕੰਕਾਰਾ ॥੧॥

ਚੌਪਈ

ਬਾਜੀਗਰ ਜਿਮ ਬਾਜੀ ਪਾਵਹਿ।
ਅਨਿਕ ਰੂਪ ਕਰਿ ਸ੍ਵਾਂਗ ਦਿਖਾਵਹਿ ॥
ਕਿਰਿਆ ਕਰਾਵਤਿ ਅਨਿਕ ਪ੍ਰਕਾਰਾ।
ਫਿਰਹਿ ਲਰਹਿ ਬਡ ਬਾਂਧਿ ਅਖਾਰਾ ॥
ਇਕ ਬਾਜੀਗਰ ਤਿਨ ਮਹਿ ਸਾਚਾ ॥
ਬਾਜੀ ਸਭਿ ਮਿਥਿਆ ਕਰ ਪਾਚਾ ॥
ਸਗਰੀ ਪੁਤਰੀ ਪੁਰਖ ਅਧੀਨ ॥
ਨਾਚਹਿ ਜਥਾ ਨਚਾਵਨੁ ਕੀਨੁ ॥
ਕਿਸਹਿ ਪਲਾਵਹਿ ਕਿਸਹਿ ਤਿਜਾਵਹਿ ॥
ਕੋ ਸੋਗੀ ਕੋ ਹਰਖ ਉਪਾਵਹਿ ॥
ਜਬਹਿ ਸੰਕੋਰਹਿ ਸਕਲ ਪਸਾਰਾ ॥
ਰਹੇ ਇਕਾਕੀ ਕਰਨੈ ਹਾਰਾ ॥ ਇਤਿਆਦਿ

(ਰਾਸ ਦੂਜੀ ਅੰਸੂ ੩੫, ਪੰਨਾ ੧੭੯੬)

ਵੈਸੇ ਗੰਭੀਰਤਾ ਪੂਰਵਕ ਸੋਚਿਆ ਜਾਵੇ ਤਾਂ ਪਤਾ ਲਗੇਗਾ ਕਿ ਇਹ ਈਸ੍ਵਰੀਯ ਗਿਆਨ (ਗੁਰਬਾਣੀ) ਜਿਸ ਪ੍ਰਕਾਰ ਅਨਾਦੀ ਔਰ ਅਬਿਨਾਸ਼ੀ ਹੈ, ਉਸੀ ਪ੍ਰਕਾਰ ਇਸ ਦੇ ਟੀਕੇ ਭੀ ਸੀਨੇ ਬਸੀਨੇ ਮੌਖਿਕ ਰੂਪ ਸੇ ਅਨਾਦੀ ਕਾਲ ਤੋਂ ਹੁੰਦੇ ਆਏ ਹਨ । ਪਰ ਫਿਰ ਵੀ ਗੀਤਾ ਦੇ ਚੌਥੇ ਅਧਿਆਇ ਦੇ ਪਹਿਲੇ ਸ਼ਲੋਕ ਵਿਚ ਭਗਵਾਨ ਸ੍ਰੀ ਕ੍ਰਿਸ਼ਣ ਮਹਾਰਾਜ ਨੇ ਬੀਰ ਅਰਜੁਨ ਨੂੰ ਗਿਆਨ ਜੋਗ ਦੀ ਇਤਿਹਾਸਕ ਪਰੰਪਰਾ ਬਤਾਈ ਹੈ ਕਿ ਸਭ ਤੋਂ ਪਹਿਲੇ ਮੈਂ ਇਸ ਗਿਆਨ ਜੋਗ ਦਾ ਉਪਦੇਸ ਸੂਰਜ ਨੂੰ ਦਿੱਤਾ । ਅੱਗੋਂ ਸੂਰਜ ਨੇ ਮਨੂ ਮਹਾਰਾਜ ਨੂੰ ਔਰ ਮਨੂ ਜੀ ਨੇ ਇਖਵਾਕੂ ਰਾਜਾ ਨੂੰ ਉਪਦੇਸ਼ ਦਿੱਤਾ । ਫੇਰ ਇਖਵਾਕੂ ਨੇ ਛਤਰੀ ਵੰਸ ਦੇ ਰਾਜਿਆਂ ਨੂੰ ਉਪਦੇਸ਼ ਕੀਤਾ । ਠੀਕ ਇਸੇ ਹੀ ਤਰ੍ਹਾਂ ਇਤਿਹਾਸ ਪ੍ਰੇਮੀ ਸਜਣ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨ ਪੁਰ ਦੇ ਪ੍ਰਵਾਸ ਕਾਲ ਮੇਂ ਵੇਂਈਂ ਨਦੀ ਵਿਚ ਟੁਭੀ ਲਗਾ ਕੇ ਸਚਖੰਡ ਗਏ ਅਤੇ ਪਾਰਬ੍ਰਹਮ ਪਰਮੇਸਰ ਪਾਸੋਂ ਲੋਕ ਕਲਿਆਣਕਾਰੀ ਉਪਦੇਸ ਪ੍ਰਾਪਤ ਕੀਤਾ । ਉਸੀ ਉਪਦੇਸ ਦੀ ਵਿਆਖਿਆ ਸਰੂਪ ਗੁਰਬਾਣੀ ਹੈ ਕਿਉਂਕਿ ਗੁਰੂ ਜੀ ਦੇ ਹਿਰਦੇ ਵਿਚ ਜੋ ਕੁਛ ਭੀ ਸਫੁਰਣ ਹੁੰਦਾ ਸੀ ਉਹ ਕੇਵਲ ਈਸ਼ਵਰ ਦੀ ਪ੍ਰੇਰਣਾ ਨਾਲ ਹੀ ਹੋਇਆ ਕਰਦਾ ਸੀ । ਇਸ ਬਾਤ ਨੂੰ ਤਿਲੰਗ ਰਾਗ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪ ਹੀ ਪ੍ਰਗਟ ਕੀਤਾ ਹੈ :

ਜਥਾ :—

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

ਤਥਾ :—

ਧੁਰ ਕੀ ਬਾਣੀ ਆਈ
ਤਿਨ ਸਗਲੀ ਚਿੰਤ ਮਿਟਾਈ ॥

ਇਹ ਗਿਆਨ ਅੰਮ੍ਰਿਤ ਦਾ ਸੋਮਾ ਗੁਰੂ ਪਰੰਪਰਾ ਦੁਆਰਾ ਮਖਿਕ ਰੂਪ ਅਤੇ ਲਿਖਤੀ ਰੂਪ 'ਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਗੰਗਾ ਦੀ ਅਖੰਡ ਧਾਰਾ ਦੇ ਸਮਾਨ ਵਿਕਸਿਤ ਰੂਪ ਵਿਚ ਚਲਦਾ ਆਇਆ ਹੈ । ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕੁਝ ਚਿਰ ਬਿਰਾਜਮਾਨ ਹੋਇ ਤਦ ਸ਼ਹੀਦੇ ਆਜ਼ਮ ਭਾਈ ਮਨੀ ਸਿੰਘ ਜੈਸੇ ਦੂਰ ਦਰਸ਼ੀ ਗੁਰਸਿਖਾਂ ਨੇ ਹਜ਼ੂਰ ਦੇ ਮੁਖਾਰਬਿੰਦ ਤੋਂ ਗੁਰੂ ਗ੍ਰੰਥ ਜੀ ਦੇ ਅਰਥ ਸੁਣਨ ਦੀ ਇੱਛਾ ਪ੍ਰਗਟ ਕੀਤੀ । ਪ੍ਰੇਮੀਆਂ ਦੀ ਭਾਵਨਾ ਨੂੰ ਪੂਰਨ ਕਰਨ ਲਈ ਸ੍ਰੀ ਗੁਰੂ ਮਹਾਰਾਜ ਨੇ ਕਰਤਾਰਪੁਰ ਤੋਂ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਲਿਆਉਣ ਦੀ ਆਗਿਆ ਕੀਤੀ । ਪ੍ਰੇਮ ਨਾਲ ਬੇਨਤੀ ਕਰਨ ਦੇ ਬਾਵਜੂਦ ਭੀ ਧੀਰ ਮਲ ਨੇ ਬੀੜ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ । ਜਿਸ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਣੀ ਅਲੌਕਿਕ ਸ਼ਕਤੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੁਬਾਰਾ ਸੰਕਲਨ ਕੀਤਾ ਅਤੇ ਅਪਨੇ ਪੂਜਨੀਯ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਦਮਦਮੀ ਬੀੜ ਵਿਚ

ਚੜ੍ਹਾਇਆ। ਵਰਤਮਾਨ ਸਮੇਂ ਵਿਚ ਏਹ ਦਮਦਮੀ ਬੀੜ ਹੀ ਸਾਰੇ ਗੁਰਧਾਮਾਂ ਅਤੇ ਸੰਸਾਰ ਭਰ ਵਿਚ ਪੂਜੀ ਅਤੇ ਸਤਕਾਰੀ ਜਾਂਦੀ ਹੈ । ਇਸੀ ਬੀੜ ਤੋਂ ਹੀ ਭਾਈ ਮਨੀ ਸਿੰਘ ਆਦਿ ਗੁਰਸਿਖਾਂ ਨੂੰ ਸਤਿਗੁਰੂ ਜੀ ਨੇ ਅਰਥ ਪੜ੍ਹਾਏ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਪ੍ਰਗਟ ਹੋਈ ਅਰਥ ਪ੍ਰਣਾਲੀ ਸੰਖੇਪ ਨਾਲ ਇਸ ਪ੍ਰਕਾਰ ਹੈ :—

ਯਥਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਭਾਈ ਮਨੀ ਸਿੰਘ ਜੀ ਪੜ੍ਹੇ—ਤਿਨਹਾਂ ਤੋਂ ਭਾਈ ਦੀਵਾਨ ਸਿੰਘ ਜੀ– ਉਹਨਾਂ ਤੋਂ ਭਾਈ ਗੁਰਦਿਆਲ ਸਿੰਘ ਜੀ ਉਹਨਾਂ ਪਾਸੋਂ ਭਾਈ ਖਜ਼ਾਨ ਸਿੰਘ ਜੀ—ਤਿਨਹਾਂ ਪਾਸੋਂ ਭਾਈ ਗੁਰਬਖਸ਼ ਸਿੰਘ ਜੀ – ਅਗੋਂ ਭਾਈ ਅਮਰ ਸਿੰਘ ਜੀ— ਤੇ ਭਾਈ ਸੂਰਤ ਸਿੰਘ ਜੀ—ਤੇ ਭਾਈ ਕੌਰ ਸਿੰਘ ਜੀ ਪੜ੍ਹੇ । ਭਾਈ ਅਮਰ ਸਿੰਘ ਜੀ ਪਾਸੋਂ ਭਾਈ ਚੰਦਾ ਸਿੰਘ ਜੀ ਪੜ੍ਹੇ । ਗਿਆਨੀ ਚੰਦਾ ਸਿੰਘ ਜੀ ਪਾਸੋਂ ਗਿਆਨੀ ਹਜ਼ਾਰਾ ਸਿੰਘ ਜੀ, ਗਿਆਨੀ ਭਗਵਾਨ ਸਿੰਘ ਜੀ ਕਈ ਗਿਆਨੀ ਸਜਨਾਂ ਨੇ ਅਧਿਐਨ ਕੀਤਾ । ਗਿਆਨੀ ਭਗਵਾਨ ਸਿੰਘ ਜੀ ਤੋਂ ਤੀਜੇ ਚੌਥੇ ਅਸਥਾਨ ਤੇ ਗਿਆਨੀ ਅਮੀਰ ਸਿੰਘ ਜੀ, ਅੰਮ੍ਰਿਤਸਰ ਵਾਲੇ ਹੋਏ ਹਨ ਜਿਨਹਾਂ ਪੰਜਾਹ ਸਾਲ ਵਿਚ ਹਜ਼ਾਰਾਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹਾਏ । ਉਨ੍ਹਾਂ ਦੇ ਚੇਲੇ ਗਿਆਨੀ ਕ੍ਰਿਪਾਲ ਸਿੰਘ ਜੀ ਐਸ ਵੇਲੇ ਅੰਮ੍ਰਿਤਸਰ ਵਿਖੇ ਸੰਪ੍ਰਦਾਇ ਅਰਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਾ ਰਹੇ ਹਨ ।

ਹੁਣ ਮੈਂ ਗੁਣ ਗ੍ਰਾਹੀ ਵਿਚਾਰਵਾਨ ਸਜਨਾਂ ਦੀ ਗਿਆਤ ਲਈ ਦੂਜੇ ਪਹਿਲੂ ਪਰ ਵਿਚਾਰ ਕਰਦਾ ਹਾਂ । ਅਸਾਡੇ ਦੇਸ਼ ਵਿਚ ਛੋਟੇ ਮੋਟੇ ਸੈਂਕੜੇ ਮਤ ਮਤਾਂਤਰ ਹੈਨ ਜਿਨ੍ਹਾਂ ਨੂੰ ਮੰਨਣ ਵਾਲੇ ਲੋਗ ਲੱਖਾਂ ਦੀ ਗਿਣਤੀ ਵਿਚ ਹਨ । ਸਭ ਨੂੰ ਅਪਣੇ ਅਪਣੇ ਵਿਸ਼ਵਾਸ਼ ਮੁਤਾਬਕ ਪੂਜਾ ਪਾਠ ਕਰਣ ਦੀ ਤੇ ਲਿਖਣ, ਬੋਲਣ ਦੀ ਪੂਰੀ ਆਜ਼ਾਦੀ ਹੈ । ਇਸੇ ਲਈ ਰਿਖੀ, ਮੁਨੀ, ਅਵਤਾਰੀ ਪੁਰਖਾਂ ਨੇ ਅਪਣੇ ਪ੍ਰੇਮੀਆਂ ਦੀ ਭਲਾਈ ਲਈ ਅਨੇਕਾਂ ਹੀ ਧਾਰਮਿਕ ਗ੍ਰੰਥ ਬਣਾਏ ਹਨ ਔਰ ਜਨਤਾ ਨੂੰ ਉਨ੍ਹਾਂ ਦੇ ਭਾਵਾਂ ਤੋਂ ਜਾਣੂੰ ਕਰਾਣ ਲਈ ਵਿਦਵਾਨਾਂ ਦੇ ਟੀਕੇ, ਟਿਪਣੀਆਂ ਤੇ ਭਾਸ਼ਯ ਭੀ ਲਿਖੇ ਹਨ । ਜਿਸ ਆਚਾਰਯ ਦੇ ਅਨੁਯਾਈ ਅਪਨੇ ਧਾਰਮਿਕ ਗ੍ਰੰਥ ਦੀ ਪ੍ਰਮਾਣਿਕ ਟੀਕਾ ਪਬਲਿਕ ਦੇ ਸਾਮ੍ਹਣੇ ਪੇਸ਼ ਨਹੀਂ ਕਰ ਸਕੇ ਉਨ੍ਹਾਂ ਦੇ ਵਿਰੋਧੀ ਗ੍ਰੰਥਕਾਰ ਦੇ ਭਾਵ ਤੋਂ ਉਲਟ ਪਲਟ ਟੀਕਾ ਕਰਕੇ ਅਪਣੇ ਸਵਾਰਥ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਸ ਤੋਂ ਕੌਮ ਨੂੰ ਨੁਕਸਾਨ ਪੁੱਜਣ ਦਾ ਖਤਰਾ ਹਮੇਸ਼ਾਂ ਬਣਿਆ ਰਹਿੰਦਾ ਹੈ । ਪੁਰਾਣੇ ਸਮੇਂ ਵਿਚ ਭੇਦ ਵਾਦੀ ਲੋਕਾਂ ਨੇ ਆਰਸ਼ ਗ੍ਰੰਥਾਂ ਪਰ ਟੀਕੇ ਕਰਕੇ ਅਨੇਕ ਮਤ ਮਤਾਂਤਰ ਖੜੇ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਸ ਤੋਂ ਇਲਾਵਾ ਹਰ ਇਕ ਮਤ ਵਿਚ ਕੁਝ ਐਸੇ ਤੱਤ੍ਵ ਭੀ ਹੋਇਆ ਕਰਦੇ ਹਨ ਜਿਨ੍ਹਾਂ ਦੀ ਅਸਲੀਅਤ ਬਾਰੇ ਅਪਣੇ ਆਚਾਰਯ ਦੀ ਸੰਮਤੀ ਜਾਣਨ ਦੀ ਇੱਛਾ ਹਰ ਇਕ ਸ਼ਰਧਾਲੂ ਦੇ ਮਨ ਵਿਖੇ ਹੋਇਆ ਕਰਦੀ ਹੈ, ਗੁਰਮਤਿ ਵਿਚ ਕਿਸੀ ਆਧ੍ਯਾਤਮਿਕ ਸੰਸਯ ਨੂੰ ਦੂਰ ਕਰਨ ਲਈ ਸਭ ਤੋਂ ਮੁਖ੍ਯ ਪ੍ਰਮਾਣ ਗੁਰੂ ਬਾਣੀ ਨੂੰ ਹੀ ਮੰਨਿਆ ਜਾਂਦਾ ਹੈ ਪਰ ਕੇਵਲ ਪਾਠ ਕਰਨ ਨਾਲ ਹੀ ਕਿਸੀ ਦਾਰਸ਼ਨਿਕ ਸਿਧਾਂਤ ਦਾ ਪਤਾ ਲਗਾਣਾ ਸਾਧਾਰਣ ਮਨੁੱਖ ਲਈ ਅਤੀ ਕਠਿਨ ਹੈ ਇਸ ਵਾਸਤੇ ਕਾਫੀ ਅਧਿਐਨ, ਅਨੁਸ਼ੀਲਨ ਅਤੇ ਮਨਨ ਕਰਨ ਦੀ ਲੋੜ ਪੈਂਦੀ ਹੈ । ਏਹ ਠੀਕ ਹੈ ਕਿ ਗੁਰੂ ਬਾਣੀ ਜਨਤਾ ਦੀ ਸਰਲ ਭਾਖਾ ਵਿਚ ਲਿਖੀ ਗਈ ਹੈ ਪਰ ਫਿਰ ਵੀ

ਕਵਿਤਾ ਵਿਚ ਹੋਣ ਦੇ ਕਾਰਣ ਸੈਂਕੜੇ ਐਸੇ ਕਠਿਨ ਸ਼ਬਦ ਹਨ ਜਿਨ੍ਹਾਂ ਦੀ ਸਮਝ ਕਿਸੀ ਗਿਆਨੀ ਗੁਣੀ ਪੁਰਖ ਦੀ ਸੰਗਤ ਤੋਂ ਬਿਨਾਂ ਜਾਂ ਕਿਸੇ ਅੱਛੇ ਟੀਕੇ ਦੀ ਮਦਦ ਤੋਂ ਬਿਨਾਂ ਨਹੀਂ ਪੈ ਸਕਦੀ। ਉਦਾਹਰਣ ਦੇ ਤੌਰ ਪਰ ਇਕ ਦੋ ਸ਼ਬਦ ਪੇਸ਼ ਕਰਦਾ ਹਾਂ ਜਿਨ੍ਹਾਂ ਦੇ ਪਾਠ ਕਰਨ ਤੋਂ ਮਾਲੂਮ ਹੋਵੇਗਾ ਕਿ ਗੁਰੂ ਆਸ਼ੇ ਨੂੰ ਸਮਝਣ ਲਈ ਟੀਕੇ ਦੀ ਇਤਨੀ ਜ਼ਿਆਦਾ ਜ਼ਰੂਰਤ ਹੈ।

ਯਥਾ :—

ਆਸਾ ਮਹਲਾ ੫

ਅਧਮ ਚੰਡਾਲੀ ਭਈ ਬ੍ਰਹਮਣੀ
ਸੂਦੀ ਤੇ ਸ੍ਰੇਸਟਾਈ ਰੇ ॥
ਪਾਤਾਲੀ ਆਕਾਸੀ ਸਖਨੀ
ਲਹਬਰ ਬੂਝੀ ਖਾਈ ਰੇ ॥੧॥
ਘਰ ਕੀ ਬਿਲਾਈ ਅਵਰ ਸਿਖਾਈ
ਮੂਸਾ ਦੇਖਿ ਡਰਾਈ ਰੇ ॥
ਅਜ ਕੈ ਵਸਿ ਗੁਰ ਕੀਨੋ ਕੇਹਰਿ
ਕੂਕਰ ਤਿਨਹਿ ਲਗਾਈ ਰੇ ॥੧॥ਰਹਾਉ॥
ਬਾਝੁ ਥੂਨੀਆ ਛਪਰਾ ਥਾਮ੍ਹਿਆ
ਨੀ ਘਰਿਆ ਘਰੁ ਪਾਇਆ ਰੇ ॥
ਬਿਨ ਜੜੀਏ ਲੈ ਜੜਿਓ ਜੜਾਵਾ
ਥੇਵਾ ਅਚਰਜੁ ਲਾਇਆ ਰੇ ॥੨॥
ਦਾਦੀ ਦਾਦਿ ਨ ਪਹੁਚਨਹਾਰਾ
ਚੂਪੀ ਨਿਰਨਉ ਪਾਇਆ ਰੇ ॥
ਮਾਲਿ ਦੁਲੀਚੇ ਬੈਠੀ ਲੇ ਮਿਰਤਕੁ
ਨੈਨ ਦਿਖਾਲਨੁ ਧਾਇਆ ਰੇ ॥੩॥
ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ ॥੪॥

ਤਥਾ ॥ ਆਸਾ ॥

ਪਹਿਲਾ ਪੂਤੁ ਪਿਛੈ ਰੀ ਮਾਈ ॥
ਗੁਰ ਲਾਗੋ ਚੇਲੇ ਕੀ ਪਾਈ ॥੧॥
ਏਕੁ ਅਚੰਭਉ ਸੁਨਹੁ ਤੁਮ੍ਹ ਭਾਈ॥
ਦੇਖਤ ਸਿੰਘੁ ਚਰਾਵਤ ਗਾਈ ॥੧॥ਰਹਾਉ॥

ਜਲ ਕੀ ਮਛੁਲੀ ਤਰਵਰਿ ਬਿਆਈ ॥
ਦੇਖਤ ਕੁਤਰਾ ਲੈ ਗਈ ਬਿਲਾਈ ॥੨॥
ਤਲੈ ਰੇ ਬੈਸਾ ਊਪਰਿ ਸੂਲਾ ॥
ਤਿਸਕੈ ਪੇਡਿ ਲਗੇ ਫਲ ਫੂਲਾ ॥੩॥
ਘੋਰੈ ਚਰਿ ਭੈਸ ਚਰਾਵਨ ਜਾਈ ॥
ਬਾਹਰਿ ਬੈਲੁ ਗੋਨਿ ਘਰਿ ਆਈ ॥੪॥
ਕਹਤ ਕਬੀਰ ਜੁ ਇਸ ਪਦ ਬੂਝੈ ॥
ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥

ਇਸ ਤੋਂ ਬਿਨਾਂ ਜਦੋਂ ਕੋਈ ਪ੍ਰੇਮੀ ਕਿਸੀ ਵਿਦਵਾਨ ਪਾਸੋਂ ਆਤਮਾ, ਪਰਮਾਤਮਾ ਦੇ ਬਾਰੇ ਦਾਰਸ਼ਨਿਕ ਵਿਚਾਰ ਸੁਣਦਾ ਹੈ ਤਾਂ ਉਸ ਦੇ ਮਨ ਵਿਚ ਅਨੇਕ ਪ੍ਰਕਾਰ ਦੇ ਸ਼ੰਕੇ ਉਤਪੰਨ ਹੁੰਦੇ ਹਨ ਕਿ ਇਹ ਸਰੀਰ ਹੀ ਆਤਮਾ ਹੈ ? ਜਾਂ ਮਨ, ਬੁਧੀ ਵਾ ਪ੍ਰਾਣ ਆਤਮਾ ਹੈ ? ਇਸੀ ਪ੍ਰਕਾਰ ਆਤਮਾ ਦੇ ਪ੍ਰਮਾਣ ਬਾਰੇ ਵੀ ਸੰਸਯ ਉਠਦੇ ਹਨ ਕਿ ਆਤਮਾ ਅਣੂ ਪਰਮਾਣ ਵਾਲਾ ਜਾਂ ਮਧਮ ਪਰਮਾਣ ਵਾਲਾ ਵਾ ਮਹਾਨ ਪਰਮਾਣ ਵਾਲਾ ਹੈ ? ਇਸੇ ਹੀ ਤਰਹ ਈਸ਼੍ਵਰ ਦੇ ਸਰੂਪ ਬਾਰੇ ਵੀ ਅਨੇਕਾਂ ਮਤ ਭੇਦ ਹਨ । ਕੋਈ ਹਿਰਣਯ ਗਰਭ ਨੂੰ ਈਸ਼੍ਵਰ ਕਹਿੰਦਾ ਹੈ ਤੇ ਦੂਜਾ ਵਿਰਾਟ ਨੂੰ, ਤੀਜਾ ਪ੍ਰਜਾ ਪਤੀ ਨੂੰ, ਚੌਥਾ ਵਿਸ਼ਨੂ ਨੂੰ, ਪੰਜਵਾਂ ਸ਼ਿਵ ਜੀ ਨੂੰ ਈਸ਼੍ਵਰ ਆਖਦਾ ਹੈ ਤੇ ਛੇਵਾਂ ਗਣੇਸ਼ ਨੂੰ, ਸਤਵਾਂ ਸੂਰਜ ਨੂੰ ਭਗਵਾਨ ਮੰਨਦਾ ਹੈ, ਅਠਵਾਂ ਦੇਵੀ ਨੂੰ, ਕਿਥੋਂ ਤਕ ਗਿਣਤੀ ਕੀਤੀ ਜਾਵੇ । ਸ਼ਰਧਾਲੂ ਪੁਰਖ ਪਿਪਲ, ਅੱਕ ਤੇ ਬਾਂਸ ਨੂੰ ਈਸ਼੍ਵਰ ਮੰਨ ਕੇ ਪੂਜਦੇ ਹਨ, ਆਦਿ ਨਾਨਾ ਮਤ ਵਾਦ ਦੇਖ ਸੁਣ ਕੇ ਸ਼ਰਧਾਲੂ ਦੇ ਮਨ ਵਿਚ ਇਹ ਇੱਛਾ ਜ਼ਰੂਰ ਉਤਪੰਨ ਹੁੰਦੀ ਹੈ ਕਿ ਜੀਵ, ਈਸ਼੍ਵਰ ਬਾਰੇ ਗੁਰੂ ਸਾਹਿਬ ਦੇ ਕੀ ਸਿਧਾਂਤ ਹਨ । ਪਰ ਗੁਰਬਾਣੀ ਦੇ ਅਰਥ ਤੋਂ ਜਾਣੂ ਨਾ ਹੋਣ ਦੇ ਕਾਰਣ ਗੁਰੂ ਆਸ਼ੇ ਦੇ ਮੁਤਾਬਿਕ ਕਿਸੇ ਨਿਰਣੇ ਤੇ ਨਹੀਂ ਪੁਜ ਸਕਦਾ । ਇਸ ਤੋਂ ਇਲਾਵਾ ਪੁਰਾਣੇ ਲੋਕ ਤੀਬਰ ਬੁਧੀ ਵਾਲੇ ਹੁੰਦੇ ਸਨ । ਗੁਰੂ ਪਰੰਪਰਾ ਤੋਂ ਜੋ ਕੁਝ ਸਰਵਣ ਕਰਦੇ ਸਨ ਉਸ ਨੂੰ ਕੰਠ ਕਰ ਲੈਂਦੇ ਸਨ । ਵਰਤਮਾਨ ਸਮੇਂ ਅੰਦਰ ਲੋਕਾਂ ਦਾ ਰਹਿਣ ਸਹਿਣ ਆਚਾਰ ਵਿਚਾਰ ਸ਼ੁਧ ਨਾ ਹੋਣ ਦੇ ਕਾਰਣ, ਧਾਰਨ ਅਤੇ ਗ੍ਰਹਿਣ ਕਰਨ ਦੀ ਸ਼ਕਤੀ ਕਾਫ਼ੀ ਕਮਜ਼ੋਰ ਹੋ ਗਈ ਹੈ । ਏਹੋ ਜਿਹੇ ਸਰਲ ਹਿਰਦਯ ਸ਼ਰਧਾਲੂ ਜਗਿਆਸੂਆਂ ਦੇ ਸਮਝਾਣ ਲਈ ਅਤੇ ਧਾਰਮਿਕ ਤੱਤ੍ਵ ਦੇ ਸੱਚੇ ਖੋਜੀ ਵਿਦਵਾਨਾਂ ਦੇ ਮਾਰਗ ਪ੍ਰਦਰਸ਼ਨ ਕਰਨ ਲਈ ਸ੍ਰੀਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਅਤੇ ਪੰਡਿਤ ਸਾਧੂ ਸਿੰਘ ਜੀ ਪਟਿਆਲਾ ਨਿਵਾਸੀ ਆਦਿ ਪ੍ਰਾਚੀਨ ਵਿਦਵਾਨਾਂ ਨੇ ਅਤੇ ਸਮੇਂ ਦੀ ਚਾਲ ਨੂੰ ਪਛਾਣਨ ਵਾਲੇ ਭਾਈ ਸਾਹਿਬ ਵੀਰ ਸਿੰਘ ਜੈਸੇ ਨਵੀਨ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਟੀਕੇ ਲਿਖਣ ਦੀ ਲੋੜ ਨੂੰ ਮਹਿਸੂਸ ਕੀਤਾ । ਪੰਥ ਰਤਨ ਵਿਦਿਆ ਸਾਗਰ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਸ੍ਰੀ ਗੁਰੂ ਗ੍ਰੰਥ ਜੀ ਦੇ ਟੀਕੇ 'ਚ ਅਤੇ ਖਾਸ ਕਰਕੇ ਗੁਰਮਤ ਨਿਰਣਯ ਸਾਗਰ ਵਿਚ ਤਰਕ ਅਤੇ ਗੁਰੂ ਬਚਨਾਂ ਦੇ ਅਨੁਸਾਰ ਅਨੇਕ ਦਾਰਸ਼ਨਿਕ ਸਿਧਾਂਤ ਪ੍ਰਗਟ ਕਰਨ ਦਾ ਪ੍ਰਸ਼ੰਸਾਯੋਗ ਉਦਮ ਕੀਤਾ ਹੈ ਅਤੇ ਪੰਡਿਤ ਸਾਧੂ ਸਿੰਘ ਜੀ ਨੇ ਗੁਰਮਤ ਸਿਧਾਂਤ ਜਯੋਤੀ, ਔਰ ਗੁਰ ਸਿੱਖਿਆ ਪ੍ਰਭਾਕਰ ਵਿਚ ਗੁਰੂ ਬਾਣੀ ਦੇ ਕਠਿਨ ਸ਼ਬਦਾਂ ਦੀ ਦਾਰਸ਼ਨਿਕ ਸ਼ੈਲੀ ਤੋਂ ਬੜੀ ਸੁੰਦਰ ਵਿਆਖਿਆ ਕੀਤੀ ਹੈ ਜੋ ਕਿ

ਖੋਜੀ ਵਿਦਵਾਨਾਂ ਦੇ ਪੜ੍ਹਨੇ ਯੋਗ ਹੈ। ਏਹ ਸੱਚ ਹੈ ਕਿ ਗੁਰਬਾਣੀ ਦਾ ਸਰਬ ਸੰਮਤ ਟੀਕਾ ਲਿਖਣਾ ਕੋਈ ਸਾਧਾਰਨ ਗੱਲ ਨਹੀਂ । ਇਸ ਦੇ ਵਾਸਤੇ ਦਰਸ਼ਨ, ਇਤਿਹਾਸ, ਪੁਰਾਣ, ਕਾਵਯ, ਕੋਸ਼ ਵਯਾਕਰਣਾਂ ਦੀ ਵਿਆਪਕ ਗਿਆਨ ਦੀ ਜ਼ਰੂਰਤ ਹੈ ਕਿਉਂਕਿ ਟੀਕਾਕਾਰ ਜਦੋਂ ਤਕ ਏਹ ਨਿਸ਼ਚੇ ਨ ਕਰ ਲਵੇ ਕਿ ਕੌਣ ਸ਼ਬਦ ਸ਼ਕਤੀ ਵ੍ਰਿਤੀ ਦੁਆਰਾ ਕਿਸ ਅਰਥ ਦਾ ਬੋਧਕ ਹੈ ਉਦੋਂ ਤਕ ਯਥਾਰਥ ਟੀਕਾ ਨਹੀਂ ਕਰ ਸਕਦਾ, ਪ੍ਰਾਚੀਨ ਵਿਦਵਾਨਾਂ ਨੇ ਸ਼ਕਤੀ ਗ੍ਰਾਹਕ ਵਿਆਕਰਣ, ਉਪਮਾਨ ਕੋਸ਼, ਆਪਤ, ਵਾਕਯ, ਬ੍ਰਿਧ ਵਿਵਹਾਰ ਆਦੀ ਮੰਨੇ ਹਨ । ਇਸ ਕਮੀ ਨੂੰ ਦੂਰ ਕਰਨ ਲਈ ਸਤਿਕਾਰ ਯੋਗ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਗੁਰ ਗਿਰਾਰਥ ਕੋਸ਼ ਦਾ ਨਿਰਮਾਣ ਕਰਕੇ ੧੮੯੫ ਵਿਚ ਪ੍ਰਕਾਸ਼ਿਤ ਕਰਵਾਇਆ, ਇਸ ਤੋਂ ਕਾਫੀ ਚਿਰ ਬਾਅਦ ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਤੇ ੧੮੯੯ ਈ. ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਅਤੇ ਸੋਢੀ ਤੇਜਾ ਸਿੰਘ ਜੀ ਨੇ ੧੯੩੨ ਈਸਵੀ ਸੰਨ ਵਿਚ ਸ੍ਰੀ ਗੁਰਬਾਣੀ ਪ੍ਰਕਾਸ਼ ਸਫੇ ਵਾਰ ਕੋਸ਼ ਪ੍ਰਕਾਸ਼ਿਤ ਕਰਵਾਇਆ ਜੋ ਅਪਣੇ ਅਪਣੇ ਥਾਂ ਤੇ ਸਾਰੇ ਹੀ ਉਪਯੋਗੀ ਹਨ।

ਹੁਣ ਮੈਂ ਦੂਜੇ ਪਹਿਲੂ ਦੇ ਉਤ੍ਰਾਰਧ ਵਲ ਆਪਣਾ ਖਿਆਲ ਲੈ ਜਾਣਾ ਚਾਹੁੰਦਾ ਹਾਂ । ਮੈਂ ਕਿਸੇ ਵਿਦਵਾਨ ਲਿਖਾਰੀ ਦੇ ਟੀਕੇ ਪਰ ਨੁਕਤਾਚੀਨੀ ਨਹੀਂ ਕਰਨਾ ਚਾਹੁੰਦਾ ਬਲਕਿ ਵਿਆਖਿਆ ਲਿਖਣ ਦੇ ਜੋ ਨਿਯਮ ਪ੍ਰਾਚੀਨ ਵਿਦਵਾਨਾਂ ਨੇ ਬਣਾਏ ਹਨ ਉਹਨਾਂ ਦਾ ਉਲੇਖ ਕਰਨਾ ਜ਼ਰੂਰੀ ਸਮਝਦਾ ਹਾਂ ਤਾਂ ਕਿ ਕਿਸੇ ਟੀਕੇ ਦੀ ਉਤਮਤਾ ਜਾਂ ਮਧਮਤਾ ਦੀ ਸਮਾਲੋਚਨਾ ਨੀਰ ਖੀਰ ਵਿਵੇਕੀ ਬੁਧੀਮਾਨ ਪਾਠਕ ਜਨ ਕਰ ਸਕਣ।

ਕਿਸੀ ਭੀ ਸ਼ਬਦ ਦੀ ਵਿਆਖਿਆ ਕਰਨ ਵੇਲੇ ਸਭ ਤੋਂ ਪਹਿਲਾਂ ਔਖੇ ਸ਼ਬਦਾਂ ਦਾ ਪਦ-ਛੇਦ ਕਰਨਾ ਜ਼ਰੂਰੀ ਹੁੰਦਾ ਹੈ। ਉਸ ਤੋਂ ਬਾਅਦ ਕਠਿਨ ਪਦਾਂ ਦੇ ਅਰਥ ਲਿਖਣ ਦੀ ਜ਼ਰੂਰਤ ਹੈ।

ਫਿਰ ਜੋ ਸ਼ਬਦ ਜਿਸ ਭਾਸ਼ਾ ਦਾ ਹੋਵੇ ਉਸ ਦੇ ਮੁਤਾਬਿਕ ਵਿਉਤਪਤੀ ਦਿਖਾਣੀ ਚਾਹੀਦੀ ਹੈ। ਉਸ ਤੋਂ ਬਾਅਦ ਸ਼ਬਦਾਂ ਦੀ ਆਪਸ ਮੇਂ ਵਾਕ ਯੋਜਨਾ ਦਿਖਾਣ ਦੀ ਲੋੜ ਹੈ— ਏਹ ਵਾਕ ਯੋਜਨਾ ਦੰਡ ਅੰਨ੍ਵਯ ਤੇ ਖੰਡ ਅੰਨ੍ਵਯ ਭੇਦ ਕਰਕੇ ਦੋ ਪ੍ਰਕਾਰ ਦੀ ਮੰਨੀ ਗਈ ਹੈ । ਜਿੱਥੇ ਜੈਸਾ ਉਚਿਤ ਹੋਵੇ ਉਥੇ ਵੈਸਾ ਹੀ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਠੀਕ ਠੀਕ ਅਰਥ ਹੋ ਸਕੇ। ਫਿਰ ਮਨ ਵਿਖੇ ਜੈਸੀ ਸ਼ੰਕਾ ਫੁਰੇ ਉਸ ਦਾ ਉਚਿਤ ਉਤਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਜੋ ਵਿਦਵਾਨ ਟੀਕਾਕਾਰ ਪੂਰਬ ਉਕਤ ਨਿਯਮਾਂ ਦਾ ਪਾਲਨ ਕਰਦਾ ਹੋਇਆ ਸੁਆਰਥ-ਸਿਧੀ, ਵੰਚਕਤਾ, ਕਟੱਰਤਾ, ਨਾਸਤਿਕਤਾ, ਹਠ-ਧਰਮਤਾ ਸੰਕੀਰਣਤਾ ਆਦਿ ਦੋਖਾਂ ਤੋਂ ਦੂਰ ਰਹਿ ਕੇ ਮੂਲ ਕਾਰ ਦੇ ਆਸ਼ੇ ਨੂੰ ਪ੍ਰਗਟ ਕਰਦਾ ਹੈ ਬਸ ਉਸੇ ਦੀ ਵਿਆਖਿਆ ਸਰਬਾਂਗ ਪੂਰਣ ਹੈ, ਇਸ ਤੋਂ ਬਿਨਾਂ ਦੂਸਰੇ ਪ੍ਰਕਾਰ ਦੀ ਵਿਆਖਿਆ ਅਧੂਰੀ ਹੈ।

ਬਹੁਤ ਲੰਮਾ ਲੇਖ ਅਰੁਚੀ-ਕਾਰਕ ਹੋ ਜਾਇਆ ਕਰਦਾ ਹੈ। ਇਸ ਲਈ ਤੀਸਰੇ ਪਹਿਲੂ ਪਰ ਮੈਂ ਸੰਖੇਪ ਨਾਲ ਹੀ ਵਿਚਾਰ ਕਰਦਾ ਹਾਂ । ਵੈਸੇ ਤਾਂ ਇਤਿਹਾਸਵੇਤਾ ਸਜਣ ਜਾਣਦੇ ਹੀ ਹਨ ਕਿ ਜਦੋਂ ਤੋਂ ਗੁਰਬਾਣੀ ਦਾ ਸੰਕਲਨ ਹੋਇਆ ਹੈ ਤਦ ਤੋਂ ਹੀ ਕਿਸੀ ਨਾ ਕਿਸੀ ਸ਼ਕਲ ਵਿਚ ਟੀਕੇ ਹੁੰਦੇ ਆਏ ਹਨ ਪਰ ਲਿਖਤੀ ਰੂਪ ਵਿਚ ਸੰਪ੍ਰਦਾਇ ਅਰਥ ਪ੍ਰਣਾਲੀ ਨੂੰ ਕਾਇਮ ਰੱਖਣ ਵਾਲਾ ਟੀਕਾ ਸਭ

ਤੋਂ ਪਹਿਲੇ ਸ੍ਰੀ ਮਾਨ ਸੰਤ ਗਿਆਨੀ ਬਦਨ ਸਿੰਘ ਜੀ, ਡੇਰਾ ਸੇਖਵਾਂ ਵਾਲਿਆਂ ਨੇ ਫਰੀਦਕੋਟ ਦੇ ਮਹਾਰਾਜਾ ਬਿਕਰਮਾ ਸਿੰਘ ਜੀ ਦੀ ਪ੍ਰੇਰਣਾ ਨਾਲ ਕੀਤਾ ਜੋ ਛੇ ਸਾਲ ਦੀ ਲਗਾਤਾਰ ਮਿਹਨਤ ਤੋਂ ਬਾਅਦ ੧੮੮੩ ਸੰਨ ਈਸਵੀ ਵਿਚ ਤਿਆਰ ਹੋਇਆ ਤੇ ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਵਾਲਿਆਂ ਦੀ ਜਥੇਦਾਰੀ ਹੇਠ ਬਣੀ ਕਮੇਟੀ ਦੇ ਸੋਧਣ ਤੋਂ ਬਾਅਦ ਮਹਾਰਾਜਾ ਬਲਵੀਰ ਸਿੰਘ, ਫਰੀਦਕੋਟ ਨੇ ਸੰਨ ੧੯੦੬ ਈਸਵੀ ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਪਹਿਲੀ ਐਡੀਸ਼ਨ ਪ੍ਰਕਾਸ਼ਿਤ ਕਰਾਣ ਦਾ ਉੱਦਮ ਕੀਤਾ। ਇਸ ਟੀਕੇ ਦੀ ਦੂਸਰੀ ਐਡੀਸ਼ਨ ਮਹਾਰਾਜਾ ਹਰਇੰਦਰ ਸਿੰਘ ਫਰੀਦਕੋਟ ਨੇ ਸੰਨ ੧੯੨੪ ਈਸਵੀ ਵਿਚ ਛਪਵਾਈ । ਇਹ ਗੱਲ ਸੀਨੇ ਬਸੀਨੇ ਚਲੀ ਆ ਰਹੀ ਹੈ ਕਿ ਫਰੀਦਕੋਟੀ ਟੀਕੇ ਦੇ ਸਮਕਾਲੀ ਹੀ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਬਸੰਤ ਰਾਗ ਤਕ ਵਿਸਤਾਰ ਪੂਰਬਕ ਟੀਕਾ ਤਿਆਰ ਕਰ ਚੁੱਕੇ ਸਨ, ਪੂਰਾ ਕਰਣ ਦਾ ਉੱਦਮ ਕਰ ਹੀ ਰਹੇ ਸਨ ਕਿ ਆਪ ਦਾ ਸਰੀਰ ਸ਼ਾਂਤ ਹੋ ਗਿਆ। ਉਤ੍ਰਾਧਿਕਾਰੀ ਦੀ ਅਨਗਹਿਲੀ ਨਾਲ ਆਪ ਦੇ ਲਿਖੇ ਹੋਏ ਖਰੜੇ ਦੇਖਣ ਦੇ ਬਹਾਨੇ ਕੁਝ ਸੱਜਣ ਲੈ ਗਏ ਜੋ ਦੁਰਭਾਗ ਨਾਲ ਹੁਣ ਤਕ ਪ੍ਰਾਪਤ ਨਹੀਂ ਹੋ ਸਕੇ। ਆਪ ਦੇ ਲਿਖੇ ਹੋਏ ਖਰੜੇ ਵਿਚੋਂ ਕੇਵਲ ਸਿਰੀ ਰਾਗ ਦਾ ਹੀ ਟੀਕਾ ਪ੍ਰਕਾਸ਼ਿਤ ਹੋਇਆ ਹੈ ਜੋ ਅੱਜ ਕਲ ਕਿਸੀ ਕਿਸੀ ਵਿਦਵਾਨ ਖੋਜੀ ਪਾਸੋਂ ਮਿਲਦਾ ਹੈ।

ਇਕ ਹੋਰ ਅਤੀ ਸੰਖੇਪ ਵਾਲਾ ਟੀਕਾ ਸੰਤ ਪੰਡਿਤ ਸਾਧੂ ਸਿੰਘ ਜੀ ਨੇ ਬਣਾਇਆ ਹੈ ਜੋ ਇਸ ਵੇਲੇ ਡੇਰਾ ਮਹੰਤ ਮੋਹਰ ਸਿੰਘ ਪਟਿਆਲਾ ਬਹੇੜਾ ਰੋਡ ਵਿਖੇ ਲਿਖਤੀ ਰੂਪ ਵਿਚ ਮੌਜੂਦ ਹੈ। ਇਕ ਹੋਰ ਟੀਕਾ ੧੯੨੬ ਈਸਵੀ 'ਚ ਗਿਆਨੀ ਬਿਸ਼ਨ ਸਿੰਘ ਨੇ ਪ੍ਰਕਾਸ਼ਿਤ ਕੀਤਾ ਜੋ ਅਠ ਛੋਟੀਆਂ ਜਿਲਦਾਂ ਵਿਚ ਪੂਰਾ ਹੋਇਆ ਹੈ । ੧੯੩੦ ਈਸਵੀ ਵਿਚ ਅਕਾਲੀ ਨਿਹਾਲ ਸਿੰਘ ਸੂਰੀ ਅਤੇ ੧੯੪੦ ਈਸਵੀ ਵਿਚ ਪੰਡਿਤ ਨਾਰਾਯਣ ਸਿੰਘ ਜੀ ਮੁਜੰਗਾਂ ਵਾਲਿਆਂ ਨੇ ਭੀ ਟੀਕੇ ਛਪਵਾਏ ਪਰ ਦੋਨੋਂ ਹੀ ਅਪੂਰਣ ਹਨ ਔਰ ਮਿਲਦੇ ਭੀ ਕਮ ਹਨ । ੧੯੩੬ ਵਿਚ ਗੁਰਸੇਵਕ ਸਭਾ ਵਲੋਂ ਸ਼ਬਦਾਰਥ ਪ੍ਰਕਾਸ਼ਿਤ ਹੋਇਆ ਹੈ। ਇਕ ਹੋਰ ਸ਼ਬਦਾਰਥ ਚਾਰ ਜਿਲਦਾਂ ਵਿਚ ਅੱਜ ਕਲ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਛਪ ਰਿਹਾ ਹੈ। ਸ੍ਰੀਮਾਨ ਭਾਈ ਵੀਰ ਸਿੰਘ ਜੀ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਟੀਕਾ ਭੀ ਪ੍ਰਕਾਸ਼ਿਤ ਹੋਇਆ ਹੈ। ਲੇਖਕ ਵਲੋਂ ਭੀ ਹਿੰਦੀ ਵਿਚ ਪ੍ਰੇਮ ਪ੍ਰਬੋਧਨੀ ਟੀਕਾ ਲਿਖਣ ਦਾ ਉਦਮ ਜਾਰੀ ਹੈ। ਮਾਝ ਰਾਗ ਦੋ ਭਾਗ ਪ੍ਰਕਾਸ਼ਿਤ ਭੀ ਹੋ ਚੁੱਕੇ ਹਨ, ਜਿਸ ਨੂੰ ਦੇਖ ਕੇ ਹਿੰਦੀ ਦੇ ਪ੍ਰਸਿੱਧ ਵਿਦਵਾਨਾਂ ਨੇ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ, ਔਰ ਬਾਕੀ ਦੇ ਹਿੱਸਿਆਂ ਨੂੰ ਜਲਦੀ ਹੀ ਛਾਪਣ ਦੀ ਮੰਗ ਕੀਤੀ ਹੈ ਤਾਂ ਕਿ ਹਿੰਦੀ ਪੜ੍ਹੀ ਲਿਖੀ ਜਨਤਾ ਗੁਰੂ ਬਾਣੀ ਤੋਂ ਲਾਭ ਉਠਾ ਸਕੇ। ਅੰਗਰੇਜ਼ੀ ਵਿਚ ਟ੍ਰੰਪ ਤੇ ਮੈਕਾਲਫ ਅਤੇ ਡਾਕਟਰ ਗੋਪਾਲ ਸਿੰਘ ਜੀ ਨੇ ਟੀਕੇ ਲਿਖੇ ਹਨ। ਇਸ ਤੋਂ ਇਲਾਵਾ ਪੰਜ ਸੌ ਚੁਣੇ ਹੋਏ ਗੁਰੂ ਸ਼ਬਦਾਂ ਦਾ ਟੀਕਾ ਅੰਗਰੇਜ਼ੀ ਵਿਚ ਯੂਨੈਸਕੋ ਨੇ ਕੁਝ ਵਿਦਵਾਨਾਂ ਪਾਸੋਂ ਕਰਵਾਇਆ ਹੈ। ਅੰਬਾਲਾ ਛਾਉਣੀ ਨਿਵਾਸੀ ਪੰਡਿਤ ਦਲ ਸਿੰਘ ਜੀ ਨੇ ਗਉੜੀ ਰਾਗ ਦਾ ਟੀਕਾ ਕੀਤਾ ਹੈ। ਭਗਤਾਂ ਦੀ ਬਾਣੀ ਦਾ ਟੀਕਾ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ੧੮੮੨ ਈ. ਵਿਚ ਤੇ ਭਾਈ ਭਗਵਾਨ ਸਿੰਘ ਜੀ ਟਕਸਾਲੀ ਗਿਆਨੀ ਨੇ ੧੯੦੦ ਈਸਵੀ ਸੰਨ ਵਿਚ ਅਤੇ ਪ੍ਰਿੰਸੀਪਲ ਭਾਈ ਜੋਧ ਸਿੰਘ ਜੀ ਨੇ ਸੰਨ ੧੯੧੩ ਈਸਵੀ ਵਿਚ

ਔਰ ਪੰਡਿਤ ਨਰੈਣ ਸਿੰਘ ਗਿਆਨੀ ਨੇ ਸੰਨ ੧੯੨੦ 'ਚ ਟੀਕਾ ਬਣਾਇਆ ਤੇ ਛਪਾਇਆ। ਇਸੀ ਪ੍ਰਕਾਰ ਗੁਰਬਾਣੀ ਦੇ ਅਰਥਾਂ ਦੀ ਸੁਗਮਤਾ ਲਈ ਸੰਨ ੧੮੮੮ ਈ. 'ਚ ਗਿਆਨੀ ਚੰਦਾ ਸਿੰਘ ਜੀ ਨੇ ਤੇ ੧੮੮੨ ਈਸਵੀ ਵਿਚ ਸੰਤ ਸੁਤੇ ਪ੍ਰਕਾਸ਼ ਜੀ ਅਤੇ ੧੯੨੯ ਈਸਵੀ ਵਿਚ ਸਾਧੂ ਗੋਬਿੰਦ ਦਾਸ ਜੀ ਔਰ ਸੰਤ ਸ਼ਾਮ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਇ ਪ੍ਰਕਾਸ਼ਿਤ ਕੀਤੇ। ਸੁਖਮਨੀ ਸਾਹਿਬ ਅਤੇ ਜਪੁਜੀ ਸਾਹਿਬ ਪਰ ਅਨੇਕਾਂ ਵਿਦਵਾਨਾਂ ਨੇ ਸੰਸਕ੍ਰਿਤ, ਹਿੰਦੀ, ਅੰਗਰੇਜ਼ੀ, ਉਰਦੂ, ਬੰਗਲਾ, ਮਹਾਰਾਸ਼ਟਰੀ (ਮਰਾਠੀ), ਸਿੰਧੀ, ਪੰਜਾਬੀ ਵਿਚ ਪੰਜਾਹ ਦੇ ਕਰੀਬ ਟੀਕੇ ਛਾਪੇ ਹਨ। ਬਾਰਹ ਮਾਹਾ, ਆਸਾ ਦੀ ਜੈਤਸਰੀ ਦੀ ਵਾਰ, ਸਲੋਕ ਸਹਸ ਕ੍ਰਿਤੀ, ਸਲੋਕ ਕਬੀਰ, ਸਲੋਕ ਫਰੀਦ ਅਤੇ ਭੱਟਾਂ ਦੇ ਸਵਈਏ ਪਰ ਭੀ ਟੀਕੇ ਹੋਏ ਹਨ। ਇਨ੍ਹਾਂ ਸਾਰਿਆਂ ਦੇ ਪ੍ਰਕਾਸ਼ਿਤ ਵ ਅਪ੍ਰਕਾਸ਼ਿਤ ਹੋਣ ਦੀ ਸੂਚਨਾ ਅਤੇ ਪ੍ਰਾਪਤ ਹੋਣ ਦੀ ਜ਼ਿੰਮੇਵਾਰੀ ਖੋਜੀ ਸਜਣਾਂ ਪਰ ਛੱਡ ਕੇ ਲੇਖ ਨੂੰ ਇਥੇ ਹੀ ਸਮਾਪਤ ਕਰਦਾ ਹਾਂ।

— —

# ਜਪੁ ਨਿਸ਼ਾਨ

ਡਾ: ਜੀਤ ਸਿੰਘ ਸੀਤਲ

1961 ਵਿਚ ਜਦ ਮੈਂ ਸ੍ਰੀ ਨਗਰ ਆਲ ਇੰਡੀਆ ਓਰੀਐਂਟਲ ਕਾਨਫਰੰਸ ਦੇ ਦੋ-ਸਾਲਾ ਸਮਾਗਮ ਵਿਚ ਭਾਗ ਲੈਣ ਲਈ ਗਿਆ ਸਾਂ, ਤਾਂ ਉਥੇ ਮੈਨੂੰ ਜੰਮੂ-ਕਸ਼ਮੀਰ ਸਰਕਾਰ ਦੀ ਰੀਸਰਚ ਲਾਇਬ੍ਰੇਰੀ ਵੇਖਣ ਦਾ ਅਵਸਰ ਵੀ ਪ੍ਰਾਪਤ ਹੋਇਆ। ਉਥੇ ਇਕ ਹਥ-ਲਿਖਤ (ਨੰ: 121) ਮਿਲਦੀ ਹੈ। ਜਿਸ ਦਾ ਉਤਾਰਾ ਸੰਮਤ 1930 (ਮੁਤਾਬਿਕ 1863 ਈ:) ਵਿਚ ਰਾਜਾ ਰਾਮ ਕੌਲ ਉਰਫ ਤੋਤਾ ਰਾਮ ਬ੍ਰਾਹਮਣ ਕਸ਼ਮੀਰੀ ਨੇ ਨਸਤਾਲੀਕ ਵਿਚ ਕੀਤਾ। ਇਸ ਦਾ ਨਾਂ 'ਸ੍ਰੀ ਜਪੁਜੀ ਸਾਹਿਬ ਪੰਜਾਬੀ' ਹੈ। ਇਸ ਵਿਚ ਨਾਲ ਹੀ ਜਾਪੁ ਸਾਹਿਬ ਵੀ ਦਿੱਤਾ ਹੈ। ਇਸ ਦੇ 81 ਪੱਤਰੇ ਹਨ। ਇਸ ਜਪੁਜੀ ਸਾਹਿਬ ਦੇ ਅਰੰਭ ਵਿਚ ਜਪੁਜੀ ਦੇ ਉਚਾਰਨ-ਸਮੇਂ ਬਾਬਤ ਇਕ ਬੜੀ ਵਚਿਤਰ-ਭੂਮਿਕਾ ਦਿੱਤੀ ਹੋਈ ਹੈ। ਮੈਂ ਬਿਨਾ ਕਿਸੇ ਟੀਕਾ ਟਿਪਣੀ ਦੇ ਉਸ ਦਾ ਗੁਰਮੁਖੀ ਅੱਖਰਾਂ ਵਿਚ ਉਤਾਰਾ ਹੇਠਾਂ ਇਸ ਖਿਆਲ ਸਹਿਤ ਦੇ ਰਿਹਾ ਹਾਂ ਕਿ ਗੁਰਮਤਿ ਸਾਹਿਤ ਖੋਜੀ, ਅਤੇ ਪਾਠਕ ਇਸ ਤੋਂ ਯੋਗ ਨਤੀਜੇ ਕੱਢ ਸਕਣ।

ਇਹ ਨੁਸਖਾ ਇਸ ਤਰ੍ਹਾਂ ਆਰੰਭ ਹੁੰਦਾ ਹੈ—

ੴ ਸਤਿਗੁਰੂ ਪ੍ਰਸਾਦਿ

ਰਾਗ ਆਸਾ ਗੂਜਰੀ ਮਹਲਾ ਪਹਿਲਾ, ਜਪੁ ਅਰਥਾਂ ਨਾਲ ਲਿਖਿਆ। 'ਜੋ ਕੋਈ ਸੁਣੇ ਪੜ੍ਹੇਗਾ, ਲਖ ਸਕੇਗਾ, ਤਿਸ ਕੀ ਪਰਮ ਗਤ ਹੋਵੇਗੀ।' ਭੂਮਿਕਾ ਇਉਂ ਅਰੰਭ ਹੁੰਦੀ ਹੈ : 'ਤਬ ਸ੍ਰੀ ਬਾਬਾ ਨਾਨਕ ਜੀ ਏਕ ਦਿਨ ਪੰਜਾਬ ਕੀ ਧਰਤੀ ਸ੍ਰੀ ਕਰਤਾਰ ਪੁਰ ਬੈਠਾ ਥਾ, ਔਰ ਦਰਗਾਹ ਪ੍ਰਮੇਸ਼ਰ ਕੀ ਬੋਲਾਇਆਂ। ਤਬ ਹੁਕਮ ਹੋਇਆ ਪ੍ਰਮੇਸਰ ਕਾ ਲੈ ਆਇਆ। ਇਸ ਸੰਸਾਰ ਵਿਚ ਤਬ ਏਕ ਸਿੱਖ ਅੰਗਦ ਕੋ ਬੁਲਾਇਕੇ ਗੁਰੂ ਬਾਬੇ ਨਾਨਕ ਜੀ ਕਿਹਾ ਜੋ ਪੁਰਖਾ ਅੰਗਦਾ। ਇਹ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜੋ ਮੇਰੀ ਸਿਫਤ ਕਰਨੀ ਔਰ ਲੋਕਾਂ ਤੋਂ ਕਰਾਵਨੀ। ਪੁਰਖਾ ਏਕ ਅੱਸੀ

ਸਿਫਤ ਕਰਨੀ ਪਰਮੇਸ਼ਰ ਕੀ ਜਿਸ ਕਾ ਏਕੁ **ਜਪੁ** ਹੋਵੇ ਐਸੀ ਸਿਫਤ ਕਾ **ਜੋੜੁ ਬਾਂਧੀਏ** । ਪੁਰਖਾ ਇਹ ਪਾਰਬ੍ਰਹਮ ਕਾ ਹੁਕਮ ਹੈ।'

'**ਪੁਰਖਾ** ਜੋ ਮੇਰੀ ਸਿਫਤ ਕਰਨੀ, ਪ੍ਰਿਥਮੇ ਮੇਰਾ ਨਾਮ ਲੇਵਣਾ; ਉਪਦੇਸ਼ ਧਰਮ ਦ੍ਰਿੜ੍ਹਾਵਣਾ, ਨਾਮੁ ਦਾਨੁ, ਇਸ਼ਨਾਨ, ਦਯਾ ਧਰਮ, ਸੰਤੋਖ, ਸੀਲ ਦਾ ਸੰਜਮ ਕਮਾਵਣਾ। ਗ੍ਰਿਹਸਤ ਬੈਰਾਗ ਖੇਲਨਾ, ਪਾਰਬ੍ਰਹਮ ਕੀ ਆਗਿਆ ਹੈ। ਪੰਥ ਬਧਾਵਨਾ । ਸੰਤੋਖ ਕਰਨਾ ਕਰਾਵਨਾ। ਪੁਰਖਾ ਅੰਗਦਾ ! ਏਹੀ ਸਿਫਤ ਪਾਰਬ੍ਰਹਮ ਕੀ ਕੀਜੀਏ, ਜੋ ਉਸ ਨੂੰ ਭਾਵੇ; ਪੁਰਖਾ । ਏਹੀ ਸਿਫਤ ਹੋਵੇ ਜਬ ਲਗ ਕ੍ਰਿਪਾ ਪੈ ਧਰੁ ਜੀ ਕੀ ਸਭਸੇ ਦੇ ਮੁਕਤ ਹੋਵੈ।

**ਤਬ ਬਾਬੇ ਨਾਨਕ** ਪਾਸ ਗੁਰੂ ਅੰਗਦ ਬੇਨਤੀ ਕੀਤੀ, ਜੀ ਮੇਹਰਬਾਨ! ਜੋ ਕੁਝ ਤੇਰੇ ਮੁਖੋਂ ਨਿਕਲਦਾ ਹੈ ਸੋ ਸਭ **ਜਪੁ** ਹੈ, ਤੇਰਾ ਦਰਸਨ ਹੀ **ਜਪੁ** ਹੈ ਜੀ ਜੋ ਕੁਛ ਤੂੰ ਕਰੇਂ ਸੋ ਹੋਵੇ। ਜੋ ਕੀਤਾ ਲੋੜੇਂ ਸੋ ਕਰੇਂ। ਤੇਰੇ ਬਚਨ ਮੁਕਤ ਹੈਨ। ਤੇਰੇ ਹਥ ਗਤਿ ਹੈ ਜੀ। ਤੂੰ ਮੁਕਤ ਕਰਨਹਾਰ ਹੈਂ। ਤਬ ਗੁਰੂ ਬਾਬੇ ਨਾਨਕ ਜੀ ਕਿਹਾ, ਜੋ ਪੁਰਖਾ ! ਜਿਚਰ ਹਉਂ ਹਾਂ, ਤਿਚਰ ਇਉਂ ਬਣੇ ਹੈ। ਜੋ ਤੂੰ ਆਖਦਾ ਹੈਂ। ਪਰ ਪੁਰਖਾ ! ਇਕ ਮੰਤਰ ਹੋਵੇ, ਤਿਸ ਪੜ੍ਹ ਕਰ ਕੇ ਸਾਰਾ ਜਗਤ ਮੁਕਤ ਹੋਵੇ। ਪੁਰਖਾ ਅੰਗਦਾ ! ਇਕਨਾਂ ਨੂੰ ਮੇਰਾ ਦਰਸ਼ਨ ਹੋਵੇ, ਇਕਨਾਂ ਨਾਂ ਹੋਸੀ। ਪਰ ਪੁਰਖਾ ! ਭੀ ਸਿਫਤ ਪ੍ਰਮੇਸ਼ਰ ਕੀ ਮੰਤਰ ਜਪੁ ਹੋਵੇ, ਭਾਵੇਂ ਮੈਥੋਂ ਆਵੇ ਪੁਰਖਾ ! ਮੈਥੋਂ ਪਿਛੇ ਕੋਈ ਇਹ ਜਪੁ ਪੜ੍ਹੇ। ਸੋ ਮੈਨੂੰ ਆਖੇ, ਮਿਲੇ। ਮੇਰਾ ਨਾਮ ਲਏਗਾ, ਸੁਣੇਗਾ, ਤਿਸੁ ਦਾ ਜ਼ਾਮਨ ਹਉਂ ਹਾਂ ਦਰਗਾਹ ਵਿਚ...ਪੁਰਖਾ ! ਬਿਨਾ ਜਪੁ ਜਪੇ ਤੋਂ ਮੇਰੇ ਪਾਸ ਆਵਨਾ ਨਾ ਮਿਲਸੀ, ਉਸ ਦਰਗਾਹ ਵਿਚ। ਜਿਸ ਪਾਸ ਇਹ **ਜਪੁ ਨਿਸ਼ਾਨ** ਹੋਵੇਗਾ, ਸੋ ਮੇਰੇ ਪਾਸ ਆਵੇਗਾ। ਉਸ ਪੜ੍ਹ ਲਖ ਕਰ ਜੋ ਜੀਵ ਪੜ੍ਹੇ ਸੋ ਮੁਕਤ ਹੋਵੇ, ਬਿਨ ਸਿਫਤ ਪ੍ਰਮੇਸ਼ਰ ਦੀ ਕੀਤੇ ਮਨੁੱਖ ਮੁਕਤ ਨਹੀਂ ਹੁੰਦਾ। ਸੋ ਪ੍ਰਮੇਸਰ ਕਿਨੇ ਡਿਠਾ ਨਾਹੀਂ, ਜੋ ਕੋਈ ਪ੍ਰਮੇਸਰ ਦੀ ਸਿਫਤ ਕਰੇ। ਇਹ ਸੰਸਾਰ ਜਿਉਂ ਮਾਇਆ ਮੋਹ ਕੀ ਭੱਠੀ ਹੈ। ਸੋ ਪੁਰਖਾ ! ਮਾਇਆ ਪ੍ਰਮੇਸ਼ਰ ਨੂੰ ਮਿਲਨ ਨਾਹੀਂ ਦੇਂਦੀ ਪੁਰਖਾ ! ਇਹ ਉਪਦੇਸ਼ ਦ੍ਰਿੜ੍ਹਾਵੇ, ਜੋ ਸਿਫਤ ਪ੍ਰਮੇਸ਼ਰ ਦੀ ਕਰੇਨ, ਉਹ ਮੁਕਤ ਹੋਣ। ਪੁਰਖਾ ! ਸੰਸਾਰ ਕੀ ਗਤਿ ਕਰੇਨ ਨੂੰ ਪ੍ਰਮੇਸ਼ਰ ਅਸੋ ਭੇਜੇ ਹੈਨ। ਬਿਨਾ ਨਾਮ ਸਿਮਰਾਇ ਸੰਸਾਰ ਸੇ ਮੁਕਤ ਨਹੀਂ ਹੁੰਦਾ। ਮੁਕਤ ਕੀ ਪਾਉੜੀ ਨਾਮ ਹੈ। ਪੁਰਖਾ ! ਸੰਸਾਰ ਨੂੰ ਪ੍ਰਮੇਸ਼ਰ ਦੇ ਨਾਮ ਦਾ ਜਪੁ ਕਰ ਮਿਲੋ। ਜੋ ਵੋਹ ਜਪੇ, ਅਤੇ ਮੁਕਤ ਹੋਵੇ। ਕਿਸ ਦੇ ਨਿਆਈਂ ਮੁਕਤ ਹੋਵਣ, ਜਿਉਂ ਸੰਸਾਰ ਵਿਚ ਮਹਾਂਦੇਵ ਨੂੰ ਆਗਿਆ ਹੋਈ ਹੈ। ਜੋ ਇਹ ਮੰਤਰ ਜੰਤਰ ਕਰ ਸੰਸਾਰ ਮੈਥੋਂ ਭੁਲ ਜਾਏ, ਉਨ੍ਹੀਂ ਮੰਤਰੀਂ ਲਗ ਜਾਏ। ਪੁਰਖਾ ਮਹਾਂਦੇਵ ਭੀ ਜੇਹੇ ਮੰਤਰ ਕੀਤੇ ਹੈਨ, ਜੋ ਹਜ਼ਾਰਾਂ ਕੋਹਾਂ ਉੱਤੇ ਮਨੁੱਖ ਨੂੰ ਮਾਰਨਾ ਹੋਵੇ ਤਾਂ ਮਾਰੀਏ, ਛੁਡਾਉਣਾ ਹੋਵੇ ਤਾਂ ਛੁਡਾਵੀਏ, ਜਲਾਨਾ ਹੋਵੇ ਤਾਂ ਜਲਾਈਏ, ਰੱਖਣਾ ਹੋਵੇ ਤਾਂ ਰੱਖੀਏ। ਇਹ ਮੰਤਰ ਮਹਾਂਦੇਵ ਕੀਤੇ ਹੈਨ, ਲੂਨਾ ਚਮਿਆਰੀ ਮਹਾਂਦੇਵ ਕੀ ਸੀਖ ਸੇ ਉਨ ਭੀ ਮੰਤਰ ਪੜ੍ਹੇ ਹੈਨ। ਅਨਵਾਵਨੀ ਵਸਤ ਹੋਵੇ ਤੇ ਹਜ਼ਾਰਾਂ ਕੋਹਾਂ ਸੇ ਵਸਤ ਆ ਜਾਏ ਔਰ ਇਹੋ ਜੋ ਸੀਖ ਆਖਦੇ ਹੈਨ ਅਤੇ ਰੰਨਾਂ ਡਾਇਨਾਂ ਜੋ ਹੋਸਿਆਰੀਆਂ ਹੁੰਦੀਆ ਹੈਨ ਸੋ ਸਭੀ ਇਹ ਮੰਤਰ ਸੀਖ ਸੀਖ ਹੁੰਦੀਆਂ ਹੈਨ। ਇਨ੍ਹਾਂ ਕਰ ਕੇ ਪੁਰਖਾ ! ਸੰਸਾਰ ਭੂਲ ਗਿਆ ਹੈ, ਪਰਮੇਸ਼ਰ ਨੂੰ। ਇਨ੍ਹਾਂ ਗੱਲਾਂ ਨੂੰ ਕਰਨਹਾਰੇ ਸਭ ਨਰਕ ਨੂੰ ਜਾਣਗੇ। ਪੁਰਖਾ ! ਸਾਨੂੰ ਹੁਕਮ ਪ੍ਰਮੇਸ਼ਰ ਦਾ ਹੈ, ਸੰਸਾਰ ਨੂੰ ਲੈ ਜਾਵਣ ਦਾ। ਇਹ ਜਪੁ

ਪ੍ਰਮੇਸ਼ਰ ਕਾ ਕੀਜੀਏ ਜਿਸ ਪੜ੍ਹਨੇ ਸਾਥ ਭਾਵੇਂ ਪਾਪੀ ਹੋਵੇ ਭਾਵੇਂ ਕੈਸਾ ਹੋਵੇ, ਜੋ ਭਾਵ ਕਰਕੇ ਪੜ੍ਹੇ, ਸੁਰਤ ਤ੍ਰਿਕਾਲ ਮੁਕਤ ਹੋਵੇ।

**ਫਿਰ ਅੰਗਦ** ਸਿਖ ਬੇਨਤੀ ਕੀਤੀ ਜੋ ਭਲਾ ਹੋਵੇ ਜੋ ਕਛੂ ਤੂੰ ਕਰੇਂ ਸੋ **ਸਭ ਜਪੁ** ਹੈ। ਤਬ ਗੁਰੂ ਬਾਬੇ ਨਾਨਕ ਜੀ ਪ੍ਰਮੇਸ਼ਰ ਪਾਰਬ੍ਰਹਮ ਕੀ ਉਸਤਤਿ ਸਿਫਤ ਸਲਾਹ ਦਾ ਜਪੁ ਕੀਆ। ਸੰਸਾਰ ਪਾਪੀ ਨਿਸਤਾਰਨੇ ਕੇ ਤਾਈਂ ਤਾਂ ਫਿਰ ਗੁਰੂ ਬਾਬਾ ਨਾਨਕ ਆਗਿਆ ਪ੍ਰਮੇਸ਼ਰ ਕੀ ਨਾਲ ਬੋਲਿਆ, ਸਲੋਕ ਮਹਲਾ 1 --- **ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।** ਇਹ ਸਲੋਕ ਮੁਢ ਜਪੁ ਦਾ ਬਾਬੇ ਨਾਨਕ ਆਖਿਆ, ਫਿਰ ਅੰਗਦ ਸਿਖ ਨੂੰ ਆਗਿਆ ਕੀਤੀ ਸੁ, ਪੁਰਖਾ, ਤੂੰ ਜੋ ਹੈਂ, ਸੋ ਮੈਂ ਹਾਂ। ਜਿਥੇ ਮੇਰੇ ਆਖਣ ਦੀਆਂ ਪਉੜੀਆਂ ਤੇ ਸਲੋਕ ਹੈਨ ਸੋ ਤੂੰ ਉਹ ਸਲੋਕ ਸ਼ਬਦ ਲੇਕਰ ਪੂਰੇਂ ਸਭ ਇਸੁ ਜਪੁ ਵਿਚ ਅਨ ਅਨ ਬਨਾਉ ਅਤੇ ਮੈਨੂੰ ਸੁਣਾਂਦਾ ਜਾਓ, ਜਿਵੇਂ ਪ੍ਰਮੇਸ਼ਰ ਦੀਆਂ ਸਿਫਤਾਂ ਦੀਆਂ ਪਉੜੀਆਂ ਹੈਨ ਤਿਉਂ ਤਿਉਂ ਅਨ ਅਨ ਬਨ੍ਹਾਉਂਦਾ ਜਾਓ। ਜਪੁ ਰਾਸ ਕਰ। ਸ਼ਬਦ ਸਲੋਕ ਬਹੁਤ ਬਾਬੇ ਦੇ ਮੂੰਹ ਕੇ ਬਚਨ ਪਰ ਆ ਗਿਆ, ਬਾਬੇ ਦੇ ਨਾਲ ਜਿਉਂ ਜਿਉਂ ਪਉੜੀਆਂ ਪਾਰਬ੍ਰਹਮ ਕੀ ਸਿਫਤ ਸਲਾਹ ਕੀਆ, ਤਿਉਂ ਤਿਉਂ ਬਾਬੇ ਨਾਨਕ ਦੇ ਹਜ਼ੂਰ ਅੰਗਦ ਸਿਖ ਆਣ ਆਣ ਕਹੀਆਂ। ਤਿਉਂ ਤਿਉਂ ਚੁਣ ਚੁਣ ਬਾਬੇ ਜੀ ਨੂੰ ਸੁਣਾਵਦਾ ਜਾਏ। ਤਬ ਬਾਬਾ ਨਾਨਕ ਜੀ ਕਹੇ, ਸ਼ਾਬਾਸ਼ ਪੁਰਖਾ! ਇਹ ਇਸ ਥਾਊਂ ਲਗਦੀ ਹੈ, ਪਉੜੀ ਇਹ ਥਾਉਂ ਬਣਦੀ ਹੈ। ਸ਼ਾਬਾਸ਼ ਪੁਰਖਾ, ਇਹ ਇਸ ਥਾਉਂ ਦਾ ਸਲੋਕ ਹੈ, ਇਹ ਉਸ ਥਾਉਂ ਦਾ ਬਣਦਾ ਹੈ ਸਲੋਕ—ਸ਼ਾਬਾਸ਼, ਪੁਰਖਾ! ਬਾਣੀ ਤੋਂ ਗੁਰੂ ਬਾਬੇ ਦੇ ਮੁਖ ਦੀ ਬਨ੍ਹਾਵਟੀ। ਅੰਗਦ ਸਿਖ ਦੇ ਵਿਚ ਗੁਰੂ ਬਾਬੇ ਜੀ ਖੁਸ਼ੀ ਹੋਈ। ਜਿਉਂ ਸਰਾਫ ਸਰਾਫ਼ੀ ਦੇ ਹਟ ਬਹਿੰਦਾ ਹੈਂ, ਏਕ ਸੇਵਕ ਟਹਿਲੀਆ ਨਾਲ ਹੁੰਦਾ ਹੈ। ਉਸ ਨੂੰ ਚੁਕਣੇ ਕੇ ਥੈਲੀ ਦੇਂਦਾ ਹੈ। ਪਰ ਉਹ ਦੂਸਰਾ ਸਰਾਫ ਨਜ਼ਰ ਪਰਖਣ ਦੀ ਠਹਿਰਦਾ ਹੈ ਜੋ ਇਹ ਖੋਟਾ ਹੈ, ਇਹ ਖਰਾ ਹੈ। ਇਹ ਗੈਰ ਸਾਲ ਹੈ। ਇਹ ਅਛਾ ਹੈ। ਇਹ ਵੱਟੀ ਦਾ ਹੈ। ਫੇਰ ਸਰਾਫ ਦਾ ਖਰਾ ਇਸ ਥੀਂ ਮੰਨੀਂਦਾ ਹੀ ਆਖਦਾ ਹੈ; ਜੋ ਉਸ ਨੂੰ ਨਜ਼ਰ ਆਏ। ਜੋ ਕੁਛ ਦੇਖਦਾ ਹੁੰਦਾ ਹੈ, ਸੋ ਉਸ ਦੇ ਮਨ ਮੰਨੀਂਦਾ ਹੈ। ਉਸ ਨੂੰ ਦਿਖਲਾਏ ਲੈਂਦਾ ਹੈ। ਤਬ ਫਿਰ ਜਾਣਦਾ ਹੈ ਭਾਈ ਇਹ ਮੇਰਾ ਟਹਿਲੀਆ ਹੈ, ਖੋਟਾ ਕਹਾਵਣੇ ਥੋਂ ਰਿਹਾ। ਸਰਾਫ ਦੀ ਨਜ਼ਰ ਹੋਏ ਹੈ। ਆਖਦਾ ਹੈ ਸਰਾਫ ਆਓ ਰੇ ਆਓ, ਮੇਰੀ ਹਟ ਬੈਠ ਸੌਦਾ ਕਰ ਸਰਾਫ਼ੀ ਦਾ, ਆਧਾ, ਲਾਹਾ ਉਪਰ ਸਾਂਝਾ, ਆਧਾ ਲਾਹ ਮੇਰਾ, ਆਧਾ ਤੇਰਾ। ਫੇਰ ਸ਼ਾਹ ਉਸ ਨੂੰ ਹਟ ਬਹਾਲਦਾ ਹੈ। ਇਸ ਦੇ ਨਿਆਈਂ ਅੰਗਦ ਸਿਖ ਨੂੰ ਬਾਬੇ ਜੀ ਕੇ ਖਜ਼ਾਨੇ ਦੀ ਦ੍ਰਿਸ਼ਟੀ ਹੋਈ। ਅਤੇ ਫੇਰ ਬਾਬੇ ਦੇ ਪਰਖਣ ਦੀ ਨਜ਼ਰ ਹੋਈ ਆਈ। ਫੇਰ ਬਾਬੇ ਨਾਨਕ ਜੀ ਆਪਣਾ ਖਜ਼ਾਨਾ ਅੰਗਦ ਸਿਖ ਨੂੰ ਹਵਾਲੇ ਕੀਤਾ; ਕਿਹਾ ਸੁਣ -- ਹੁਣ ਤੂੰ **ਜਪੁ ਰਚ** ਸਿਫਤ ਪਾਰਬ੍ਰਹਮ ਕੀ। ਤਬ ਗੁਰੂ ਬਾਬੇ ਦੇ ਹਜ਼ੂਰ ਅੰਗਦ ਸਿਖ ਬਾਬੇ ਦੀ ਬਾਣੀ ਦਾ **ਜਪੁ ਜੋੜ ਬੰਧਿਆ**, ਅੱਠਤੀਸ ਪਾਉੜੀਆਂ, ਸਾਰੀ ਬਾਣੀ ਵਿਚੋਂ, ਮਥ ਕੱਢੀਆਂ, ਜਿਉਂ ਧੇਨ ਵਿਚੋਂ ਮੱਖਣ ਕੱਢੀਦਾ ਹੈ। ਬਾਣੀ ਗੁਰੂ ਬਾਬੇ ਦੀ ਸਭ ਅੰਮ੍ਰਿਤਮਈ ਹੈ। ਜੋ ਕੋਈ ਅੱਖਰ ਬਾਬੇ ਦੇ ਮੂੰਹੋਂ ਨਿਕਲਿਆ ਹੈ, ਉਹ ਸਭ ਸਾਰ ਹੈ। **ਇਹ ਜਪੁ ਬਾਬੇ ਨਾਨਕ ਔਰ ਅੰਗਦ ਸਿਖ ਅੱਠਤੀਸ ਪਉੜੀਆਂ ਦਾ ਜਪੁ ਰਚਿਆ।** ਸੰਸਾਰ ਮਨੁੱਖ ਨਮਿੱਤ ਕਰਨੇ ਕੇ। ਪੁਰਖਾ

ਅੰਗਦਾ ! ਹੁਣ ਨਹਾਏ ਪਰ ਬਹਿੰਦਾ ਹਾਂ ਅਤੇ ਤੂੰ ਮੇਰੇ ਅਗੇ ਪੜ੍ਹੀ, ਤਬ ਬਾਰ੍ਹਾ ਘੜ੍ਹੀਆਂ ਰਾਤ ਰਹੇ ਤਾਂ ਬਾਬਾ ਨਹਾਤਾ, ਛੇ ਘੜੀਆਂ ਵਿਚ ਬਾਬਾ ਨਾਨਕ ਜੀ ਧਿਆਨ ਕਰਤਾ ।

ਉਪਰੋਕਤ ਭੂਮਿਕਾ ਤੋਂ ਇਹ ਪਤਾ ਲੱਗਦਾ ਹੈ ਕਿ : –

(ੳ) ਜਪੁ ਇਕ ਮਹਾਨ ਦਰਸ਼ਨ ਹੈ ਤੇ ਇਹ ਉਸ ਕਰਨਹਾਰੇ ਦੀ ਕਿਰਿਆ ਹੈ।

(ਅ) ਇਹ ਗੁਰੂ ਬਾਬੇ ਨਾਨਕ ਦੀ ਸਾਰੀ ਬਾਣੀ ਦਾ ਮਥਨ ਹੈ ।

(ੲ) ਇਹ ਗੁਰੂ ਅੰਗਦ ਵਲੋਂ ਗੁਰੂ ਬਾਬੇ ਨਾਨਕ ਦੀ ਬਾਣੀ ਦਾ ਸਾਰ-ਪ੍ਰਦਰਸ਼ਨਹੈ ।

(ਦ) ਇਸ ਜਪੁ ਪ੍ਰਮੇਸ਼ਰ ਕੇ ਪੜ੍ਹਣ ਨਾਲ ਪਾਪੀ ਵੀ ਤ੍ਰਿਕਾਲ ਮੁਕਤ ਹੋ ਜਾਂਦੇ ਹਨ ।

(ਹ) ਗੁਰੂ ਅੰਗਦ ਗੁਰੂ ਬਾਬੇ ਦੀ ਸਰਾਫੀ ਦੀ ਹੱਟ ਦਾ ਇਕ ਸੇਵਕ ਟਹਿਲੀਆ ਹੈ, ਜਿਸ ਪਾਸ ਸਰਾਫੀ ਦੀ ਥੈਲੀ ਰਹਿੰਦੀ ਹੈ ।

(ਕ) ਇਹ ਹੱਟ ਦਾ ਲਾਹਾ ਗੁਰ ਸਿਖ ਨੂੰ ਅੱਧ ਅੱਧ ਲਾਹਾ ਹੈ ।

(ਖ) ਇਹ ਖਜ਼ਾਨਾ ਗੁਰੂ ਨਾਨਕ ਵਲੋਂ ਅੰਗਦ ਨੂੰ ਹਵਾਲੇ ਕੀਤਾ ਗਿਆ ।

(ਗ) ਅੱਠਤੀਸ ਪਉੜੀਆਂ ਤੇ ਦੋ ਸਲੋਕ ਦਾ ਜਪੁ ਜੋੜ ਗੁਰੂ ਅੰਗਦ ਦੇਵ ਨੇ ਬੰਨ੍ਹਿਆ ।

(ਘ) ਇਸ ਜਪੁ ਜੋੜ ਨੂੰ ਗੁਰੂ ਨਾਨਕ ਨੇ ਪ੍ਰਵਾਨ ਕੀਤਾ ਤੇ ਗੁਰੂ ਅੰਗਦ ਨੂੰ ਸ਼ਾਬਾਸ਼ ਕਹੀ ।

ਕੀ ਉਪਰੋਕਤ ਨਤੀਜੇ ਜਪੁ ਬੰਧਾਨ ਅਰਥਾਤ ਜਪੁ ਜੋੜ ਪਾਰ ਨਵੇਂ ਚਾਨਣ ਨਹੀਂ ਪਾਂਦੇ ਤੇ ਗੁਰਮਤਿ ਸਾਹਿਤ ਖੋਜੀਆ ਨੂੰ ਇਨ੍ਹਾਂ ਪੱਖਾਂ ਤੋਂ ਵੀ ਵਿਸ਼ਲੇਸ਼ਣ ਕਰਨ ਲਈ ਪ੍ਰੇਰਨਾ ਨਹੀ ਦੇਂਦੇ ।

---0---

# ਦਾਰਸ਼ਨਿਕ ਸਿਧਾਂਤ

## ਡਾ: ਤਾਰਨ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦ੍ਰਿਸ਼ਟਮਾਨ ਰੂਪ ਕਰਕ ਅਤੇ ਭਾਵਨਾ ਕਰਕੇ ਸੰਸਾਰ ਦਾ ਇਕ ਦਰਸ਼ਨ ਗ੍ਰੰਥ ਨਹੀਂ ਹੈ। ਇਸ ਦੀ ਬਾਣੀ ਦਾ ਰੂਪ ਕਵਿਤਾ ਦਾ ਹੈ ਅਤੇ ਇਸ ਸੰਪਾਦਿਤ ਗ੍ਰੰਥ ਦੇ ਪਿੱਛੇ ਭਾਵਨਾ ਪ੍ਰੇਮਾ-ਭਗਤੀ ਨੂੰ ਸਾਕਾਰ ਕਰਨ ਦੀ ਹੈ। ਇਸੇ ਵਿਸ਼ੇਸ਼ ਦਾਰਸ਼ਨਿਕ-ਪ੍ਰਬੰਧ ਅਧੀਨ ਨਾ ਇਹ ਬਾਣੀ ਰਚੀ ਗਈ ਹੈ ਅਤੇ ਨਾ ਹੀ ਇਹ ਰਚਨਾ ਕਿਸੇ ਸਾਸ਼ਤ੍ਰਕ-ਪ੍ਰਬੰਧ ਅਨੁਸਾਰ ਸੰਪਾਦਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ 'ਵੇਦ' ਦਾ ਹੈ, 'ਸ਼ਾਸਤ੍ਰ' ਦਾ ਨਹੀਂ ਹੈ। ਜਿਵੇਂ 'ਰਿਗ ਵੇਦ' ਵਿਚ ਦੇਵੀ-ਦੇਵ ਤੇ ਬ੍ਰਹਮ ਉਪਾਸ਼ਨਾ ਹੈ, ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੀ ਪ੍ਰੇਮਾ ਭਗਤੀ ਹੈ, ਪ੍ਰਭੂ-ਕੀਰਤ ਹੈ, ਨਾਮ ਮਹਿਮਾ ਹੈ। ਪਰ ਕਿਸੇ ਰਚਨਾ ਤੇ ਸਿਰਲੇਖ ਨਹੀਂ ਦਿੱਤ ਹੋਏ ਕਿ ਇਥੇ ਪ੍ਰਭੂ-ਉਸਤਿਤ ਹੈ ਜਾਂ ਨਾਮ ਮਹਿਮਾ ਹੈ—ਫਿਰ ਐਸੇ ਸਿਰਲੇਖਾਂ ਦੀ ਤੇ ਆਸ ਹੀ ਨਹੀਂ ਹੋ ਸਕਦੀ ਕਿ ਇਥੇ ਬ੍ਰਹਮ-ਸਰੂਪ ਦਾ ਵਿਸ਼ਲੇਸ਼ਣ ਹੈ ਜਾਂ 'ਆਤਮਾ' ਜਾਂ 'ਜਗਤ' ਦਾ ਸਿਧਾਂਤ ਹੈ। ਕੁਝ ਲੰਮੀਆਂ ਬਾਣੀਆ ਦੇ ਕਾਵਿ-ਰੂਪ ਦੇ ਅਨੁਸਾਰ ਸਿਰਲੇਖ ਦਿਤੇ ਹਨ ਜਿਵੇਂ ਜਪੁ, ਪੱਟੀ, ਸਿਧਗੋਸ਼ਟਿ ਤੇ ਕੁਝ ਦੇ ਵਿਸ਼ੇ-ਵਸਤੂ ਦੇ ਅਨੁਸਾਰ ਜਿਵੇਂ ਅਨੰਦੁ, ਸੁਖਮਨੀ ਓਅੰਕਾਰ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਤੌਰ ਤੇ 'ਵੇਦ-ਬਾਣੀ' ਵਾਂਗ ਸਰੋਦੀ ਹੂਕ ਦਾ ਕਾਵਿ ਹੈ ਜਿਸ ਵਿਚ ਪ੍ਰੇਮ-ਬਿਰਹਾ ਦੇ ਵਲਵਲੇ ਅਧੀਨ ਆਤਮ-ਦਸ਼ਾ ਦਾ ਪ੍ਰਗਟਾ ਤੇ ਉਲੀਕਣ ਕੀਤਾ ਹੈ।

ਪਰ ਜਿਵੇਂ 'ਵੇਦ-ਬਾਣੀ' ਵਿਚੋਂ 'ਸੂਤ੍ਰ' ਕੱਢਕੇ ਸ਼ਾਸਤ੍ਰਾਂ ਦਾ ਨਿਰਮਾਣ ਕੀਤਾ ਗਿਆ ਹੈ ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਫਲਸਫੇ ਜਾਂ 'ਸਾਸਤ੍ਰ' ਦਾ ਨਿਰਮਾਣ ਕੀਤਾ ਜਾ ਸਕਦਾ ਹੈ ਕਿਉਂਕਿ ਹਰ ਉੱਚੀ ਕਵਿਤਾ ਮਹਾਨ ਦਰਸ਼ਨ ਦੀ ਧਾਰਨੀ ਵੀ ਜ਼ਰੂਰ ਹੁੰਦੀ ਹੈ। ਜੋ ਇਹ ਗ੍ਰੰਥ ਪ੍ਰੇਮ ਭਾਵਾਂ ਦਾ ਪ੍ਰਗਟਾ ਹੈ ਤਦ ਹੀ ਉਹ ਸੰਕੇਤ ਤੇ ਅਵਸ਼ ਹੋਣੇ ਹਨ ਕਿ ਆਖਰ ਪਰਮਾਤਮਾ ਨੂੰ ਪ੍ਰੇਮ ਕਿਉਂ ਕੀਤਾ ਜਾਏ, ਉਸ (ਪਰਮਾਤਮਾ) ਦੀ ਸਤਾ ਕੀ ਹੈ, ਉਸਦੀ ਸਮਰਥਾ ਕੀ ਹੈ ਅਤੇ ਮਨੁੱਖ ਨਾਲ ਉਸ ਦਾ ਸਬੰਧ ਕੀ ਹੈ ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਆਪਣੇ ਆਪ ਹੀ ਦਾਰਸ਼ਨਿਕ

ਸਿਧਾਂਤਾਂ ਦਾ ਰੂਪ ਧਾਰਨ ਕਰ ਲੈਣਗੇ। ਪਰ ਸਿੱਧੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੀ ਭਾਵਨਾ ਕਿਸੇ ਦਰਸ਼ਨ-ਸ਼ਾਸਤ੍ਰ ਦਾ ਨਿਰਮਾਣ ਨਹੀਂ ਹੈ। ਪ੍ਰੇਮ ਤੇ ਗਿਆਨ ਇਕ ਦੂਜੇ ਤੇ ਨਿਰਭਰ ਹਨ, ਇਸ ਲਈ ਇਸ ਪ੍ਰੇਮ-ਕਾਵਿ ਗ੍ਰੰਥ ਵਿਚੋਂ ਗਿਆਨ-ਦਰਸ਼ਨ ਦੇ ਤੱਤ ਲੱਭੇ ਜਾ ਸਕਦੇ ਹਨ। ਇਹ ਤੱਤ ਲੱਭਣ ਦਾ ਅਸੀਂ ਜਤਨ ਕਰਦੇ ਹਾਂ।

## ੨.

'ਸ੍ਰੀ ਗੁਰੂ ਗ੍ਰੰਥ ਸਾਹਿਬ' ਹਰ ਤਰ੍ਹਾਂ ਭਾਰਤੀ ਕਾਵਿ ਤੇ ਦਰਸ਼ਨ ਦੀ ਪਰੰਪਰਾ ਵਿਚ ਇਕ ਕੜੀ ਹੈ। ਇਸ ਵਿਚ ਭਾਰਤੀ ਸ਼ਾਸਤ੍ਰਾਂ ਦੇ ਤੱਤ ਮੌਜੂਦ ਹਨ ਵਿਸ਼ੇਸ਼ ਕਰਕੇ 'ਅਦ੍ਵੈਤ' ਵੇਦਾਂਤ ਦੇ। ਜਿਵੇਂ ਹੋਰ ਭਾਰਤੀ ਪ੍ਰੇਮਾ-ਭਗਤੀ ਕਾਵਿ ਵਿਚ ਪ੍ਰਭੂ-ਉਸਤਤਿ, ਗੁਰੂ-ਮਹਿਮਾ ਸ੍ਰੇਸ਼ਟ ਵਿਸ਼ੇ ਹਨ ਤਿਵੇਂ ਹੀ ਉਹ ਇਸ ਗ੍ਰੰਥ ਵਿਚ ਸ੍ਰੇਸ਼ਟ ਵਿਸ਼ੇ ਹਨ—ਕੇਵਲ ਅਨੁਭਵ ਹਰ ਬਾਣੀ-ਨਿਰਮਾਤਾ ਦਾ ਆਪਣਾ ਆਪਣਾ ਤੇ ਵਿਅਕਤੀਗਤ ਹੈ।

ਜਿਥੋਂ ਤੀਕ ਭਗਤੀ-ਕਾਵਿ ਦਾ ਸਬੰਧ ਹੈ ਇਹ ਮਹਾਨ ਗ੍ਰੰਥ ਭਾਰਤ ਦਾ ਪ੍ਰਤਿਨਿਧ ਗ੍ਰੰਥ ਹੈ। ਇਸ ਗ੍ਰੰਥ ਵਿਚ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤੀਕ ਹੋਏ ਭਾਰਤੀ ਭਗਤਾਂ ਤੇ ਪੰਜਾਬੀ ਗੁਰੂਆਂ ਦੀ ਰਚਨਾ ਸੰਕਲਿਤ ਹੈ। ਭਾਵੇਂ ਇਸ ਗ੍ਰੰਥ ਦਾ ਵਿਸ਼ੇਸ਼ ਭਾਗ ਪੰਜਾਬ ਦੀ ਧਰਤੀ ਤੇ ਰਚਿਆ ਗਿਆ ਪਰ ਇਸ ਵਿਚ ਉੱਤਰ ਪ੍ਰਦੇਸ਼, ਬੰਗਾਲ, ਮਹਾਰਾਸ਼ਟਰ, ਰਾਜਿਸਥਾਨ, ਸਿੰਧ ਆਦਿ ਪ੍ਰਾਂਤਾਂ ਦੇ ਭਗਤਾਂ ਦੀ ਰਚਨਾ ਵੀ ਸੰਕਲਿਤ ਹੈ। ਇਨ੍ਹਾਂ ਭਿੰਨ ਭਿੰਨ ਪ੍ਰਾਂਤਾਂ ਵਿਚ ਜਨਮੇ ਅਤੇ ਭਿੰਨ ਭਿੰਨ ਹਾਲਾਤ ਵਿਚੋਂ ਲੰਘਦੇ ਭਗਤਾਂ ਦੇ ਜੀਵਨ ਤਜਰਬੇ ਅਤੇ ਸਿਧਾਂਤ ਭਿੰਨ ਭਿੰਨ ਸਨ। ਇਨ੍ਹਾਂ ਕਵੀਆਂ ਦੀ ਪ੍ਰਤਿਭਾ ਦਾ ਵਿਕਾਸ ਵਖਰੇ ਵਖਰੇ ਹਾਲਾਤ ਵਿਚ ਹੋਇਆ। ਇਸ ਲਈ ਇਨ੍ਹਾਂ ਦੀ ਰਚਨਾ ਵਿਚ ਵਖਰੇ ਰੰਗ ਤੇ ਰਸ ਹਨ।

ਇਹ ਸਾਰੇ ਕਵੀ ਭਾਰਤੀ ਸਨ ਅਤੇ ਕੌਮੀ ਦਰਸ਼ਨ ਅਤੇ ਸ਼ਾਸਤ੍ਰ ਦਾ ਵਿਰਸਾ ਵੀ ਸਾਂਝਾ ਸੀ। ਸਾਰਿਆਂ ਨੇ ਸਾਂਝੇ ਬੁਨਿਆਦੀ ਆਸਤਕ ਸਿਧਾਂਤ ਦਾ ਉਲੇਖ ਕੀਤਾ ਹੈ, ਸਾਰਿਆਂ ਨੇ ਸਾਝੀ ਸਿਧਾਂਤਕ ਭਾਰਤੀ ਸ਼ਬਦਾਵਲੀ ਬ੍ਰਹਮ, ਈਸ਼ਵਰ, ਹਰਿ, ਹਰੀ, ਪਰਮਾਤਮਾ, ਨਾਰਾਇਣ, ਮਾਇਆ, ਜੀਵ, ਆਤਮਾ, ਜਗਤ, ਬ੍ਰਹਮੰਡ, ਖੰਡ, ਪ੍ਰੇਮ, ਕੀਰਤਿ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਹਉਮੈ, ਗਿਆਨ, ਅਗਿਆਨ, ਗੁਰੂ ਨਾਮ, ਮਤਿ, ਬ੍ਰਹਮ, ਗਿਆਨੀ, ਸਿਧ, ਜੋਗੀ, ਗ੍ਰਿਸਤ, ਉਦਾਸ,ਕਰਮ, ਆਵਾਗਵਨ, ਮੁਕਤਿ, ਭਵਜਲ, ਜਤ, ਸੰਜਮ, ਮਤਿ ਬੁਧ, ਮਨ, ਚਿਤ, ਆਨੰਦ, ਸਤਿ—ਦੀ ਵਰਤੋਂ ਕੀਤੀ ਹੈ। ਇਨ੍ਹਾਂ ਸਾਰਿਆਂ ਦੀ ਹੋਰ ਸ਼ਬਦਾਵਲੀ ਵੀ ਸਾਂਝੀ ਹੈ ਪਰ ਸਿਧਾਂਤਕ ਸ਼ਬਦਾਵਲੀ ਤੇ ਨਿਪੱਟ ਹੀ ਇਕੋ ਹੈ। ਸਾਰਿਆ ਦੇ ਗਿਆਨ ਦੇ ਸੋਮੇ ਸਾਂਝੇ ਹਨ—ਭਾਰਤੀ ਵੇਦ ਸ਼ਾਸਤ੍ਰ ਮਹਾਂ-ਕਾਵਿ ਤੇ ਪਦਾਵਲੀ ਆਦਿ। ਇਸ ਲਈ ਸਾਂਝੇ ਦਾਰਸ਼ਨਿਕ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀਆਂ ਵਿਚ ਆ ਮੌਜੂਦ ਹੋਏ ਹਨ ਅਤੇ ਉਹ ਤੱਤ ਅਸਲੋਂ ਪੁਰਾਤਨ ਹੀ ਹਨ—ਵਿਸ਼ੇ ਪੁਰਾਤਨ ਹਨ, ਵਿਸ਼ਲੇਸ਼ਣ ਕਈ ਥਾਈਂ ਨਵੀਨ ਤੇ ਭਿੰਨ ਹੈ।

ੜ

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਸ਼ਨ ਦੇ ਤਿੰਨ ਭਾਗ ਜਾਂ ਪਖ ਹਨ । ਪਹਿਲਾ ਭਾਗ ਹੈ 'ਅਧਿਆਤਮਕਤਾ' ਜਿਸ ਵਿਚ ਨਿਰਣਾ ਕੀਤਾ ਹੈ ਕਿ ਸਾਰੇ ਜੀਵ ਜਗਤ ਬ੍ਰਹਮੰਡ ਪਸਾਰੇ ਪਿੱਛੇ ਤੱਤ ਸਾਰ ਸ੍ਰੇਸ਼ਟ ਵਸਤੂ ਕੀ ਹੈ ਅਤੇ ਉਸ ਦਾ ਪਸਾਰੇ ਨਾਲ ਕੀ ਸਬੰਧ ਹੈ । ਇਹ ਨਿਰੋਲ ਸ਼ਾਸਤ੍ਰ ਜਾਂ Metaphysics ਹੈ । ਦੂਜਾ ਭਾਗ ਇਹ ਹੈ ਕਿ ਜੀਵ ਪਾਸਾਰੇ ਦੀ ਕੈਦ ਵਿੱਚੋਂ ਕਿਵੇਂ ਨਿਕਲ ਕੇ ਸਰਵਵਿਆਪੀ ਅਬਿਨਾਸ਼ੀ ਬ੍ਰਹਮ ਜੋ ਸਾਰੇ ਪਾਸਾਰੇ ਵਿਚ ਤੱਤ ਵਸਤੂ ਹੈ, ਨਾਲ ਕਿਵੇਂ ਮਿਲ ਸਕਦਾ ਹੈ । ਇਹ ਧਰਮ ਸ਼ਾਸਤ੍ਰ ਹੈ ਭਾਵ ਸ਼ਾਸਤ੍ਰ ਦਾ ਉਹ ਭਾਗ ਜੋ ਮੁਕਤੀ ਪ੍ਰਾਪਤੀ ਦੇ ਸਾਧਨ ਦੱਸਦਾ ਹੈ ਜਿਵੇਂ ਕਿ ਨਾਮ-ਭਗਤੀ, ਗੁਰੂ ਭਗਤੀ, ਮਨ ਦਾ ਸੰਜਮ, ਆਦਿ । ਤੀਜਾ ਭਾਗ ਸਦਾਚਾਰ ਦਾ ਸਮਾਜਕ ਜੀਵਨ ਦਾ ਹੈ ਜੋ ਇਹ ਨਿਰੂਪਣ ਕਰਦਾ ਹੈ ਕਿ ਮਾਨਵੀ ਧਰਮ ਕੀ ਹੈ ਜਾਂ ਮਨੁੱਖ ਦਾ ਹੋਰ ਮਨੁੱਖਾਂ, ਜੀਵਾਂ ਤੇ ਕੁਦਰਤ ਨਾਲ ਕੀ ਸਬੰਧ ਹੋਣਾ ਚਾਹੀਦਾ ਹੈ । ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਦਰਸ਼ਨ' ਦੇ ਮੁਖ-ਭਾਗ ਭਾਰਤੀ ਦਰਸ਼ਨ ਦੇ ਤੱਤ ਅਨੁਸਾਰ ਹੀ ਹਨ । ਇਸ ਗ੍ਰੰਥ ਵਿਚੋਂ ਨਿਸ਼ਚਿਤ ਕੀਤੇ ਜਾਣ ਵਾਲੇ ਸਿਧਾਂਤ ਇਨ੍ਹਾਂ ਬਾਰੇ ਹਨ : (ੳ) ਬ੍ਰਹਮ, ਆਤਮਾਂ, ਜਗਤ (ਮਾਇਆ), (ਅ) ਨਾਮ, ਗੁਰੂ, ਮਨ, ਅਤੇ (ੲ) ਸਦਾਚਾਰ, ਸਮਾਜ, ਧਰਮ ਆਦਿ ।

ਭਾਰਤੀ ਸ਼ਾਸਤ੍ਰ ਦਾ ਮੁਖ-ਰੂਪ ਵਿਚ ਬਲ ਪਹਿਲੇ ਭਾਗ ਤੇ ਹੈ ਭਾਵ ਉਹ ਨਿਰਣਾ ਕਰਦੇ ਹਨ ਕਿ ਬ੍ਰਹਮ-ਸਤਾ ਕੀ ਹੈ ਤੇ ਉਸ ਦਾ ਜੀਵਾਤਮਾ ਅਤੇ ਜਗਤ (matter) ਨਾਲ ਸਬੰਧ ਕੀ ਹੈ । ਭਾਰਤੀ ਗ੍ਰੰਥਾਂ ਦਾ ਬਲ ਦੂਜੇ ਅਤੇ ਤੀਜੇ ਭਾਗ ਤੇ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਲ ਤਿੰਨਾਂ ਹੀ ਭਾਗਾਂ ਤੇ ਹੈ ।

ਸ.

ਇਕ ਹੋਰ ਗੱਲ ਜਿਸ ਤੇ ਸਾਰੇ ਭਾਰਤੀ ਸ਼ਾਸਤ੍ਰਾਂ ਨੇ ਬਲ ਦਿੱਤਾ ਹੈ ਉਹ ਹੈ 'ਪਰਮਾਣ' । 'ਪਰਮਾਣ' ਦਾ ਭਾਵ ਇਹ ਹੈ ਕਿ ਜੋ ਗਿਆਨ ਜਾਂ ਸਿਧਾਂਤ ਕਿਸੇ 'ਸ਼ਾਸਤ੍ਰ' ਵਿਚ ਦਿਤਾ ਗਿਆ ਹੈ, ਇਸ ਤੀਕ ਸ਼ਾਸਤ੍ਰ ਕਰਤਾ ਦੀ ਪਹੁੰਚ ਕਿਸ ਤਰ੍ਹਾਂ ਹੋਈ ਭਾਵ ਇਹ ਗਿਆਨ ਕਰਤਾ ਨੂੰ ਕਿਵੇਂ ਪ੍ਰਾਪਤ ਹੋਇਆ । ਭਾਵੇਂ ਬਹੁਤ ਸ਼ਾਸਤ੍ਰਾਂ ਨੇ ਆਪਣੇ ਗਿਆਨ ਦੇ ਆਧਾਰ ਲਈ 'ਵੇਦ' ਨੂੰ ਅਭੁਲ ਤੇ ਪ੍ਰਮਾਣੀਕ ਮੰਨ ਲਿਆ ਹੈ ਪਰ ਤਦ ਵੀ ਉਨ੍ਹਾਂ ਨੇ (ਵੇਦ) ਦੇ ਗਿਆਨ ਪ੍ਰਾਪਤੀ ਦੇ ਸਾਧਨਾਂ ਜਾਂ ਪ੍ਰਮਾਣਾਂ ਦੀ ਵਿਆਖਿਆ ਕੀਤੀ ਹੈ । ਆਮ ਕਰਕੇ ਇਹ ਸਾਧਨ ਪ੍ਰਮਾਣ-ਪਰਤੱਖ, ਅਨੁਮਾਨ ਅਤੇ ਅਨੁਭਵ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਾਰੇ ਪ੍ਰਮਾਣ ਵਰਤੇ ਹੋਏ ਹਨ ਪਰ ਇਨ੍ਹਾਂ ਤੇ ਸ਼ਾਸਤ੍ਰਕ ਰੂਪ ਵਿਚ ਚਰਚਾ ਨਹੀਂ ਕੀਤੀ ਹੋਈ ਅਤੇ ਨਾ ਹੀ ਪਰਤਖ, ਅਨੁਮਾਨ ਅਤੇ ਅਨੁਭਵ ਦੀ ਸਿਧਾਂਤਕ ਸ਼ਬਦਾਵਲੀ ਹੀ ਵਰਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਈਂ ਇਹ ਸਪਸ਼ਟ ਕਿਹਾ ਹੈ ਕਿ 'ਬ੍ਰਹਮ' ਬਾਰੇ

ਮਨੁੱਖੀ ਗਿਆਨ ਬੜਾ ਅਲਪ ਹੈ ਅਤੇ 'ਬ੍ਰਹਮ' ਬਾਰੇ ਸਭ ਕੁਝ ਕਦੇ ਵੀ ਜਾਣਿਆ ਨਹੀਂ ਜਾ ਸਕਦਾ। ਉਹ ਸਦਾ ਅਮੁਲ, ਅਨੰਤ, ਅਗਮ, ਅਗੋਚਰ ਅਗਾਧ ਰਹਿੰਦਾ ਹੈ। ਮਨੁੱਖ ਇਕ ਨਦੀ ਹੈ, ਜੇ ਉਹ ਸਾਗਰ ਵਿਚ ਮਿਲ ਵੀ ਜਾਏ ਤਦ ਵੀ ਸਾਗਰ ਦੇ ਥਹੁ ਨੂੰ ਨਹੀਂ ਜਾਣ ਸਕਦੀ ਅਤੇ 'ਵਿਸਮਾਦ' ਬਣਿਆ ਹੀ ਰਹਿੰਦਾ ਹੈ। ਇਹ 'ਨੇਤੀ' ਸਿਧਾਂਤ ਭਾਰਤੀ ਸ਼ਾਸਤ੍ਰਾਂ ਵਿਚ ਪਰਵਾਨ ਹੈ। ਪਰ ਬ੍ਰਹਮ ਅਤੇ ਪਸਾਰੇ ਬਾਰੇ ਚੰਗੀ ਮਾਤ੍ਰਾ ਵਿਚ ਗਿਆਨ ਇੰਦ੍ਰੀਆਂ, ਬੁਧੀ ਅਤੇ ਆਤਮਕ ਸ਼ਕਤੀ ਨਾਲ ਪ੍ਰਾਪਤ ਹੋ ਸਕਦਾ ਹੈ। ਭਾਰਤੀਆਂ ਨੇ ਤੀਜੇ ਸਾਧਨ ਨੂੰ ਵਿਸ਼ੇਸ਼ਤਾ ਦਿੱਤੀ ਹੈ। ਇਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (ਸ਼ਬਦ) ਜਾਂ 'ਬਾਣੀ' ਦਾ ਸਾਧਨ ਜਾਂ ਪ੍ਰਮਾਣ ਮੰਨਿਆ ਹੈ – ਇਹ 'ਧੁਰ ਕੀ ਬਾਣੀ' ਅਤੇ 'ਹੁਕਮਾਉ' ਦਾ ਸਿਧਾਂਤ ਹੈ । ਪ੍ਰੇਮਾ-ਭਗਤੀ ਸਿਮਰਨ ਅਤੇ ਸੰਜਮ ਦੇ ਜੀਵਨ ਦੁਆਰਾ ਮਨੁੱਖ ਨੂੰ ਸ਼ਬਦ-ਸਿਧੀ ਜਾਂ ਅਨੁਭਵ ਸ਼ਕਤੀ ਪ੍ਰਾਪਤ ਹੋ ਜਾਂਦੇ ਹਨ ਅਤੇ ਉਸ ਨੂੰ 'ਅਖੜੀਆ ਬਿਅਨ' ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਨਾਲ 'ਪਾਤਸ਼ਾਹ ਜ਼ਾਹਰਾ' ਦਿਸ ਪੈਂਦਾ ਹੈ ਅਤੇ ਉਥੇ 'ਦਰਗਾਹ' ਵਿਚ 'ਸੋਦਰੁ' ਤੇ 'ਹੋਇ ਬਤੀਤੇ' ਨੂੰ ਭਗਤ-ਕਵੀ ਕਵਿਤਾ ਵਿਚ ਸਾਕਾਰ ਕਰ ਦਿੰਦਾ ਹੈ। ਇਹ ਅਨੁਭਵ ਵਿਸ਼ੇਸ਼ ਸ਼ਕਤੀ ਹੈ, ਇਹ ਪ੍ਰਭੂ-ਹਸਤੀ ਦਾ ਜ਼ਾਤੀ ਅਨੁਭਵ ਤੇ ਤਜਰਬਾ ਹੈ। ਇਹ ਸ਼ਕਤੀ ਆਮ ਮਨੁੱਖਾਂ ਪਾਸ ਨਹੀਂ ਹੈ ਜਾਂ ਉਨ੍ਹਾਂ ਅੰਦਰ (ਜਾਗ੍ਰਤ) ਨਹੀਂ ਹੈ । ਭਗਤਾਂ ਤੇ ਗੁਰੂਆਂ ਵਿਚ ਇਹ 'ਅਨੁਭਵ' ਪ੍ਰਮਾਣ ਵਿਸ਼ੇਸ਼ ਪ੍ਰਮਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀਆਂ ਨੇ ਅਨੁਭਵ ਸ਼ਕਤੀ ਤੇ ਸ਼ਬਦ-ਸ਼ਕਤੀ ਦਾ ਦਾਹਵਾ ਕੀਤਾ ਹੈ । ਭਾਵ ਜੋ ਵੀ ਸਿਧਾਂਤ ਜਾਂ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤਾ ਹੈ ਇਹ ਗੁਰੂਆਂ ਤੇ ਭਗਤਾਂ ਦੇ ਜ਼ਾਤੀ-ਅਨੁਭਵ ਵਿਚੋਂ ਉਪਜਿਆ ਹੈ ਜੋ ਅਨੁਭਵ ਬੜੀ ਘਾਲਣਾ ਨਾਲ ਖੁਲ੍ਹਦਾ ਹੈ। ਸ਼ਬਦ ਸਿਧੀ ਤਦ ਪ੍ਰਾਪਤ ਹੁੰਦੀ ਹੈ ਜੇ :—

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

ਦੀ ਘਾਲਣਾ ਘਾਲੀ ਜਾਏ। ਫਿਰ 'ਘੜੀਐ ਸਬਦੁ ਸਚੀ ਟਕਸਾਲ' ਅਨੁਸਾਰ ਘਾੜਤ ਘੜੀ ਦੀ ਹੈ। ਸੋ ਸ੍ਰੀ ਗੁਰੂ ਗ੍ਰੰਥ ਦਾ ਪਹਿਲਾ ਦਾਰਸ਼ਨਿਕ ਸਿਧਾਂਤ ਇਹ ਹੈ ਕਿ ਆਤਮਕ ਗਿਆਨ ਦਾ ਮੁਖ ਆਧਾਰ ਅਨੁਭਵ ਹੈ।

੫.

ਭਗਤੀ ਦੁਆਰਾ ਪ੍ਰਾਪਤ ਹੋਏ ਅਨੁਭਵ ਵਿਚੋਂ ਜੋ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂਆਂ ਤੇ ਭਗਤਾਂ ਨੂੰ ਮਿਲੇ, ਉਨ੍ਹਾਂ ਦਾ ਉਲੇਖ ਇਸ ਪ੍ਰਕਾਰ ਹੈ :—

**I. ਤਤ ਗਿਆਨ** — Metaphysics

### (੧) ਬ੍ਰਹਮ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਿੰਤਕਾਂ ਨੇ 'ਸਚੁ' ਨੂੰ 'ਬ੍ਰਹਮ' ਅਤੇ 'ਬ੍ਰਹਮ' ਨੂੰ 'ਸਚੁ' ਮੰਨਿਆ

ਹੈ—'ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।' 'ਸਚੁ' ਹੀ ਬ੍ਰਹਮ ਹੈ। ਇਸ 'ਬ੍ਰਹਮ-ਸਚੁ' ਦੇ ਲਛਣ ਇਹ ਹਨ :

(ੳ) 'ਸਚੁ' ਸਦਾ ਏਕੋ ਸਰੂਪ ਵਿਚ ਅਤੇ ਇਕਸਾਰ ਰਹਿੰਦਾ ਹੈ, ਉਸ ਦੀ 'ਇਕਸਾਰਤਾ' (Continuity) ਕਦੇ ਭੰਗ ਨਹੀਂ ਹੁੰਦੀ ਅਤੇ ਉਹ 'ਸਰਬ ਵਿਆਪੀ' (all pervading) ਰਹਿੰਦਾ ਹੈ ਅਤੇ ਹਰ ਬਾਹਰਲੀ ਭਿੰਨਤਾ ਦੇ ਅੰਦਰ 'ਇਕ ਸਮਾਨ' (Sameness) ਰਹਿੰਦਾ ਹੈ। ਜਾਤ, ਵਰਨ, ਦੇਸ਼, ਕਾਲ, ਸੂਖਮ, ਸਥੂਲ—ਹਰ ਰੂਪ ਵਿਚ ਉਹ ਇਕਸਾਰ, ਸਮਾਨ ਤੇ ਵਿਆਪਕ ਰਹਿੰਦਾ ਹੈ। ਸਥੂਲ ਰੂਪ ਦੇ ਨਾ ਹੋਣ ਤੇ ਵੀ ਉਹ ਸੂਖਮ ਰੂਪ ਵਿਚ ਇਕਸਾਰ ਸਮਾਨ ਤੇ ਵਿਆਪਕ ਰਹਿੰਦਾ ਹੈ। ਇਹ 'ਸਚੁ' ਹੈ। 'ਸਚੁ' ਦਾ ਭਾਵ ਹਰ ਰੂਪ ਦੇ ਅੰਦਰ ਸਮਾਨ ਵਿਆਪੀ ਤੱਤ-ਰੂਪ ਸ਼ਕਤੀ ਜੋ ਸਦਾ ਕਾਇਮ ਰਹਿੰਦੀ ਹੈ। ਇਹ (ਸਚੁ) 'ਕਾਰ-ਰੂਪ' ਹੈ ਭਾਵ ਅਤਿਅੰਤ ਦੀਰਘ ਹੋ ਸਕਦਾ ਹੈ, ਵਧ ਸਕਦਾ ਹੈ ਅਤੇ ਪਸਾਰੇ ਦਾ ਰੂਪ ਧਾਰਨ ਕਰ ਸਕਦਾ ਹੈ। ਇਹ 'ਉਦਕਰਖ' ਰੂਪ ਹੈ ਜਾਂ 'ਸਰਗੁਣਤਾ' ਹੈ ਪਰ ਉਹ ਸੰਕੁਚਿਤ ਹੋ ਕੇ ਅਤਿਅੰਤ 'ਸੂਖਮ' ਹੋ ਜਾਂਦਾ ਹੈ। ਇਹ 'ਆਕਰਖ' ਰੂਪ ਹੈ। ਭਾਵੇਂ ਉਸ ਦਾ ਰੂਪ ਕੋਈ ਹੋਵੇ, ਉਹ ਇਕਰਸ, ਇਕਸਾਰ, ਸਮਾਨ, ਤੇ ਸਰਬ ਵਿਆਪਕ ਰਹਿੰਦਾ ਹੈ। ਇਹ 'ਸਚੁ'—ਸਤਰਜੀ ਹੈ। ਇਹ ਹੈ 'ਸਚੁ-ਬ੍ਰਹਮ' ਦਾ ਇੱਕਕਾਰ-ਰੂਪ-੧ੳ। 'ਸਚੁ' ਦਾ ਇਹ ਪਹਿਲਾ ਲੱਛਣ ਹੈ। ਇਸ ਲਛਣ ਨੂੰ ਬ੍ਰਹਮ ਮੰਨਿਆ ਜਾਂਦਾ ਹੈ।

(ਅ) ਇਹ 'ਸਚੁ-ਬ੍ਰਹਮ' ਹਰ ਰੂਪ ਵਿਚ ਪ੍ਰਤੱਖ ਤੇ ਪ੍ਰਗਟ ਹੁੰਦਾ ਹੈ। ਇਹ ਨਾਮ-ਰੂਪ ਧਾਰਨ ਕਰਦਾ ਹੈ ਅਤੇ ਉਹ ਰੂਪ 'ਸਚਾਈ' ਹੁੰਦਾ ਹੈ। ਨਿਆਂ, ਪਵਿਤਰਤਾ, ਕੋਮਲਤਾ, ਪਿਆਰ, ਧਰਮ, ਦਇਆ, ਸਤ, ਸੰਤੋਖ, ਸੁਚ, ਕਿਰਤ, ਮਿਠਤ, ਨਿਮਰਤਾ, ਕੀਰਤੀ, ਵੰਡ ਛਕਣਾ, ਦਿਆਨਤ ਦਾਰੀ,—ਸਭ ''ਬ੍ਰਹਮ-ਸਚ ਦਾ ਪ੍ਰਗਟ ਰੂਪ ਹਨ। ਇਹ 'ਕਰਮ ਨਾਮ' 'ਸਤਿ' ਹਨ। ਬ੍ਰਹਮ ਹਰ ਰੂਪ ਵਿਚ ਕਰਮ ਕਰਦਾ ਹੈ—ਉਹ 'ਕਰਮ' 'ਸਤਿਨਾਮ' ਹਨ। ਕਈ ਵਾਰੀ ਉਹ ਆਪ ਹੀ ਜਬਰ, ਅੰਧਕਾਰ, ਤਾਖਸ਼ੀ, ਕਰਮ ਕਰਦਾ ਹੈ—ਉਹ 'ਕਰਮ' 'ਸਤਿਨਾਮ' ਹਨ। ''ਬ੍ਰਹਮ-ਸਚੁ' ਹੈ, ਇਸ ਲਈ ਉਸ ਦਾ ਹਰ ਪ੍ਰਗਟ-ਰੂਪ ਹਰ ਪ੍ਰਗਟ ਕਰਮ 'ਸਚੁ' ਹੈ। ਦੈਵੀ ਕਰਮ ਅਤੇ ਦੈਂਤ ਕਰਮ, ਅਧਿਆਤਮਕ ਕਰਮ ਅਤੇ ਮਾਇਆ ਕਰਮ ਸਭ ਸਤਿਨਾਮ ਹਨ। ੧ੳ ਸਾਰੇ ਰੂਪਾਂ ਤੇ ਸਰੂਪਾਂ ਵਿਚ ਵਿਆਪਕ ਰਹਿੰਦਾ ਹੈ।

(ੲ) 'ਸਚੁ' ਸਦਾ 'ਕਰਤਾ ਪੁਰਖ' ਹੁੰਦਾ ਹੈ। ਉਹ ਸਦਾ ਚੇਤੰਨ ਹੋ ਕੇ ਉਸਾਰੂ ਕਰਤਵ ਕਰਦਾ ਹੈ। ਕਾਮ, ਕਰੋਧ ਦੇ ਕਰਤਵ ਵਿਚ ਵੀ ਉਹ ਉਸਾਰੂ ਰਹਿੰਦਾ ਹੈ, ਜਦੋਂ ਉਹ ਵਿਨਾਸ਼ ਕਰਦਾ ਹੈ, ਤਦ ਵੀ ਉਹ ਉਸਾਰੂ ਹੈ। ਹਰ ਹਾਲਤ ਵਿਚ ਹੁਕਮ ਵਰਤ ਰਿਹਾ ਹੈ। 'ਰਾਜਾ' ਅਤੇ 'ਰੰਕ' ਦੋਹਾਂ ਰੂਪਾਂ ਵਿਚ ਕੁਝ ਬਣ ਰਿਹਾ ਹੈ—ਕੁਝ ਚੇਤੰਨ ਵਿਕਾਸ ਹੋ ਰਿਹਾ ਹੈ। 'ਸਚੁ' ਸਦਾ ਕਰਤਾਰੀ ਚੇਤੰਨਤਾ ਰਹਿੰਦਾ ਹੈ।

(ਸ) 'ਸਚੁ' ਸੁਤੰਤਰ ਹੈ—ਕਿਸੇ ਹੋਰ ਕਾਰਜ ਜਾਂ ਕਾਰਨ ਅਧੀਨ ਨਹੀਂ ਹੈ। ਇਸ ਲਈ ਉਹ 'ਨਿਰਭਉ' ਤੇ 'ਨਿਰਵੈਰ' ਮੰਨਿਆ ਹੈ। 'ਸਚੁ' ਆਪਣੇ ਆਪ ਵਿਚ ਸਭ ਕੁਝ ਹੈ—ਨਾ ਉਹ

ਕਿਸੇ ਪਾਸੋਂ ਸ਼ਕਤੀ ਲੈਂਦਾ ਹੈ ਅਤੇ ਨਾ ਕਿਸੇ ਅਧੀਨਗੀ ਵਿਚ ਸ਼ਕਤੀ ਵਰਤਦਾ ਹੈ। 'ਸਚੁ' ਆਪਣੇ ਆਪ ਵਿਚ ਹੀ ਅਸਲੀਅਤ ਅਤੇ 'ਪਰਮ ਸੱਤਾ' ਹੈ।

(ਹ) 'ਸਚੁ' 'ਸਦੀਵੀ ਸੁੰਦਰਤਾ' (ਅਕਾਲ ਮੂਰਤਿ) ਦੀ ਲਗਨ ਵਾਲਾ ਹੈ। ਸੁੰਦਰ, ਕੁੱਦਰਤ, ਮਨੁੱਖ, ਵਤੀਰਾ, ਸੁਭਾ ਸਭ 'ਸਚੁ' ਦਾ ਹੀ ਪ੍ਰਗਟਾ ਹਨ। ਹਰ 'ਕੋਹਝ' 'ਸੁੰਦਰਤਾ' ਵਿਚ ਵੱਟਦਾ ਜਾ ਰਿਹਾ ਹੈ। ਸੁੰਦਰ ਵਿਚਾਰ ਅਤੇ ਸੁੰਦਰ ਵਤੀਰਾ ਹੀ 'ਸੱਚ-ਬ੍ਰਹਮ' ਹਨ।

(ਕ) 'ਸਚੁ-ਬ੍ਰਹਮ' 'ਅਜੂਨੀ' ਅਤੇ 'ਸੈਭੰ' ਹੈ। ਉਹ ਕਿਸੇ ਕਾਰਜ-ਵਸ ਨਹੀਂ ਅਤੇ ਸਭ ਕੁਝ ਉਸ-ਕਾਰਜ ਵਸ ਹੈ। ਉਹ 'ਸੈਭੰ' ਹੋਣ ਕਰ ਕੇ ਨਿਤ ਨਵੇਂ ਰੂਪਾਂ ਵਿਚ ਪ੍ਰਗਟ ਹੁੰਦਾ ਰਹਿੰਦਾ ਹੈ।

(ਖ) 'ਸਚੁ' 'ਗੁਰ' (ਗਿਆਨੀ) ਅਤੇ 'ਪ੍ਰਸਾਦਿ' (ਸਾਊ, ਦਇਆਵਾਨ ਕਿਰਪਾਨਿਧਿ) ਹੈ। ਗਿਆਨ 'ਸਚੁ' ਹੈ ਅਤੇ 'ਗਿਆਨੀ' ਸਦਾ ਸਾਊ-ਵਤੀਰੇ (Graceful living) ਵਾਲਾ ਹੁੰਦਾ ਹੈ।

'ਬ੍ਰਹਮ-ਸਚੁ' ਦੇ ਇਨ੍ਹਾਂ ਲਛਣਾਂ ਦੀ ਹੀ ਵਿਆਖਿਆ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕੀਤੀ ਹੋਈ ਹੈ। ਇਨ੍ਹਾਂ 'ਲਛਣਾ' ਤੋਂ ਪਰੇ ਜੋ 'ਪਾਰ-ਬ੍ਰਹਮ' ਹੈ ਉਹ ਅਗਮ, ਅਗੋਚਰ ਅਗਾਧ ਤੇ ਅਕਥ ਹੈ। 'ਆਪੇ ਆਪਿ ਨਿਰੰਜਨ' ਹੈ, 'ਆਦਿ ਅਨੀਲੁ, ਅਨਾਦਿ ਅਨਾਹਤਿ' ਹੈ, 'ਜੁਗ ਜੁਗ ਏਕੋ ਵੇਸੁ' ਹੈ; ਵੱਡਾ ਹੈ, 'ਸਾਚਾ ਨਿਰੰਕਾਰ ਨਿਜ ਥਾਇ' ਹੈ; 'ਪੂਰੋ ਪੂਰ ਆਖੀਐ ਪੂਰੇ ਤਖਤ ਨਿਵਾਸ ਹੈ, ਪੂਰੈ ਤਖਤ ਅਡੋਲ' ਹੈ; 'ਨਿਰੰਕਾਰ ਮਹਿ ਆਕਾਰੁ' ਹੈ; 'ਸੰਕਟ ਨਹੀਂ ਪਰੈ ਜੋਨਿ ਨਹੀਂ ਆਵੈ ਨਾਮ ਨਿਰੰਜਨ ਜਾ ਕੋ' ਹੈ 'ਓਇ ਅਖਰ' ਹੈ 'ਆਪਣਾ ਆਪੁ ਉਪਾਇਓਨੁ ਤਦਹੁ' 'ਹੋਰੁ ਨ ਕੋਈ' ਹੈ। 'ਸਚੁ-ਬ੍ਰਹਮ' 'ਆਦਿ ਜੁਗਾਦਿ ਸਚੁ' ਹੈ ਜੋ ਇਕ ਰਸ, ਸਮਾਨ ਵਿਆਪਕ ਰਹਿੰਦਾ ਹੈ।

ਪਰ ਇਸ 'ਸਚੁ-ਬ੍ਰਹਮ' ਦਾ ਸੁਆਦ ਗੁਰੂ-ਦਵੀ ਮਾਣਦਾ ਹੈ ਜਦੋਂ ਸ੍ਰੀ ਗੁਰੂ ਗਰੰਥ ਵਿਚ ਉਹ ਇਸ ਨਾਲ ਨਿਕਟਵਰਤੀ ਮਾਨਵੀ ਸਬੰਧ ਪੈਦਾ ਕਰ ਕੇ ਇਸ ਦੇ ਰਸ ਨੂੰ ਮਾਣਦਾ ਹੈ ਅਤੇ 'ਨਿਰਗੁਣ' ਨੂੰ 'ਸਰਗੁਣ' ਕਰਦਾ ਹੈ। 'ਕੇਤਾ ਤਾਣੁ ਸੁਆਲਿਹੁ ਰੂਪੁ' 'ਬਾਣੀ ਬਰਮਾਉ' 'ਮਤਿ ਸੁਹਾਣੁ ਸਦਾ ਮਨਿ ਚਾਉ' 'ਆਪ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ' ਆਪੇ ਰਸੀਆ ਆਪ ਰਸੁ ਆਪੇ 'ਰਾਵਣਹਾਰ' 'ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ' 'ਸਾਹਿਬ ਸਫਲਿਓ ਰੁਖੜਾ' 'ਤੂ ਸੁਲਤਾਨ', 'ਤਾਰਾ ਚੜਿਆ ਲੰਮਾ', 'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ' 'ਤੂੰ ਪੇਡ ਸਾਖ ਤੇਰੀ ਫੂਲੀ' 'ਇਹੁ ਜਗੁ ਵਾੜੀ ਮੇਰਾ ਪ੍ਰਭ ਮਾਲੀ' 'ਏਕਸੁ ਤੇ ਸਭਿ ਰੂਪ ਹਹਿ ਰੰਗਾ', 'ਜਲਿ ਥਲਿ ਮਹੀਅਲਿ ਪੂਰਿਆ, ਤੂੰ ਵਡ ਪੁਰਖ ਅਗੰਮ ਤਰੋਵਰ' 'ਹਮ ਪੰਖੀ ਤੁਝ ਮਾਹੀ' 'ਸਭ ਤੇਰੀ ਤੂ ਸਭਸ ਦਾ', 'ਬਾਜੀਗਰ ਡੰਕ ਬਜਾਈ', 'ਨਿਰਧਨ ਕਉ ਧਨ' 'ਅੰਧਲੇ ਕਉ ਟੇਕ', 'ਮਾਤ 'ਦੂਧੁ ਜੈਸੇ ਬਾਲੇ', 'ਆਪੇ ਠਾਕਰੁ ਆਪੇ ਸੇਵਕੁ' 'ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ' 'ਆਪਿ ਬਸੰਤੁ ਜਗਤੁ ਸਭ ਵਾੜੀ', —ਇਹ ਸਭ 'ਸਚੁ-ਬ੍ਰਹਮ' ਦਾ ਅਨੁਭਵੀ ਬਿਆਨ ਹੈ। ਬ੍ਰਹਮ ਮਾਤਾ ਪਿਤਾ, ਠਾਕਰੁ-ਸੁਲਤਾਨ, ਦੂਧ ਫੂਲ ਸਭ ਕੁਝ ਹੈ ਅਤੇ ਜੀਵਨ-ਹੋਂਦ ਨੂੰ ਅੱਗੇ ਤੋਰਦਾ ਹੈ।

ਭਗਤਾਂ ਤੇ ਗੁਰੂਆਂ ਨੇ ਪ੍ਰੇਮ ਵਸ 'ਸਚ-ਬ੍ਰਹਮ' ਦੇ ਇਸ ਪ੍ਰਗਟ ਰੂਪ ਨੂੰ ਮਾਣਿਆ ਅਤੇ ਗਾਵਿਆ ਹੈ। ਇਹ ਸਭ ਸਤਿਨਾਮ' ਰੂਪ ਹੈ। 'ਬ੍ਰਹਮ' ਸਾਰੇ ਸਾਂਗ ਧਾਰਦਾ ਹੋਇਆ 'ਇਕ ਰੰਗ' ਰਹਿੰਦਾ ਹੈ। ਸਾਰਾ ਪਸਾਰਾ ਇਕ ਬਾਜੀਗਰੀ ਹੈ।

ਰਾਗ ਸੂਹੀ ਮਹਲਾ ੫

ਬਾਜੀਗਰਿ ਜੈਸੇ ਬਾਜੀ ਪਾਈ ॥
ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮਿਓ ਪਾਸਾਰਾ ॥
ਤਬ ਏਕੋ ਏਕੰਕਾਰਾ ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥
ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ॥ ਰਹਾਉ ॥
ਜਲ ਤੇ ਊਠਹਿ ਅਨਿਕ ਤਰੰਗਾ ॥
ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥
ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਅਕਾਸੁ ॥
ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥
ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥
ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧੫॥

'ਤੱਤ-ਰੂਪ' ਕੇਵਲ 'ਇਕ' ਹੈ, ਬਾਹਰਮੁਖੀ ਰੂਪ ਉਹ ਕਈ ਧਾਰਨ ਕਰਦਾ ਹੈ। 'ਦ੍ਵੈਤ' ਕੇਵਲ 'ਭਰਮ' ਹੈ, ਸਦਾ ਹੀ 'ਇਕ' ੧ਓ। ਉਸ ਨੂੰ ਅਦ੍ਵੈਤ ਕਹਿਣ ਨਾਲੋਂ ੧ਓ ਕਹਿਣਾ ਠੀਕ ਹੈ।

### (ਅ) ਆਤਮਾ

ਮਨੁੱਖ ਆਤਮਾ ਭਾਣੇ ਹੁਕਮ ਅਨੁਸਾਰ ਵਿਛੜੀ ਅਤੇ ਵਖਰੀ ਹੋਈ ਹੋਈ 'ਜੋਤਿ-ਸਰੂਪ' ਤੇ 'ਪ੍ਰਭੂ-ਅੰਸ਼' ਹੈ। 'ਆਤਮਾ ਪਰਮਾਤਮਾ' ਹੀ ਹੈ। ਮਨ ਜੋਤਿ ਸਰੂਪ ਹੈ। 'ਬੀਜ-ਰੂਪ' ਨਾਮ ਹਰ ਹਿਰਦੇ ਵਿਚ ਹੈ। ਜੀਵ-ਆਤਮਾ ਵੀ ੧ਓ ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ ਆਦਿ

ਹੈ। ਇਹ ਅਬਿਨਾਸੀ ਹੈ—'ਓਹੁ ਨ ਮੂਆ ਜੋ ਰਹਿਆ ਸਮਾਇ।' ਆਤਮਾ 'ਸਹਜੇ ਆਵੈ ਸਹਜੇ ਜਾਇ' ਹੈ ਆਤਮਾ ਕੈਸੀ ਹੈ ?

ਗੋਂਡ ਮਹਲਾ ੫

ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥੧॥ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥
ਨਾ ਇਸੁ ਦੂਖੁ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥
ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥
ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥
ਘਟ ਘਟ ਅੰਤਰਿ ਸਦ ਹੀ ਜਾਗੈ ॥੩॥

ਇਹ ਹੈ ਆਤਮਾ ਦਾ ਸਰੂਪ ! ਆਤਮਾ ਦਾ ਸਰੀਰ (ਕਾਇਆ) ਨਾਲ 'ਹਉਮੈ' ਵਸਿ ਹੋ ਕੇ ਸੰਜੋਗ ਬਣ ਜਾਂਦਾ ਹੈ ਅਤੇ 'ਹਉਮੈ' ਵੀ 'ਹੁਕਮ' ਅਧੀਨ ਹੈ। ਬਾਜੀਗਰ ਬਾਜੀ ਪਾਉਣ ਲਈ 'ਹਉਮੈ' ਪੈਦਾ ਕਰ ਦਿੰਦਾ ਹੈ। ਤੇ 'ਜਲ ਤੇ ਊਠਹਿ ਅਨਿਕ ਤਰੰਗਾ'—ਬੇਅੰਤ ਜੀਵ ਅਤੇ ਪਸਾਰਾ ਪੈਦਾ ਹੋ ਜਾਂਦਾ ਹੈ। 'ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ'। ਫਿਰ 'ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ' ਹੁੰਦਾ ਰਹਿੰਦਾ ਹੈ। ਆਤਮਾ ਸਦਾ ਬ੍ਰਹਮ-ਰੂਪ ਰਹਿੰਦੀ ਹੈ, ਜੋਤਿ-ਸਰੂਪ ਵਿਚ। ਪਰ ਇਕ ਵਾਰੀ ਵਿਛੜ ਕੇ ਫਿਰ ਇਹ ਆਵਾਗਵਨ ਦਾ ਚਕਰ ਇਸ ਤਰ੍ਹਾਂ ਕਟਦੀ ਰਹਿੰਦੀ ਹੈ :—

ਗਉੜੀ ਗੁਆਰੇਰੀ ਮਹਲਾ ੫

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥

ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥

ਆਤਮਾ ਚਉਰਾਸੀਹ ਲਖ ਜੂਨਾਂ ਵਿਚ ਚਕਰ ਕਟਦੀ ਹੈ। ਫਿਰ ਮਨੁਖਾ ਜਨਮ ਵਿਚ ਜਗਦੀਸ਼ ਨੂੰ ਮਿਲਦੀ ਹੈ।

ਆਤਮਾ ਸਦਾ ਬ੍ਰਹਮ ਹੀ ਹੈ। ਮਨ, ਬੁਧਿ, ਚਿਤ, ਹਿਰਦਾ—ਸਭ ਪ੍ਰਕ੍ਰਿਤੀ ਦੇ ਰੂਪ ਹਨ ਪਰ ਇਨ੍ਹਾਂ ਦੁਆਰਾ ਹੀ ਜੋਤਿ ਦਾ ਪਰਕਾਸ਼ ਮਨੁੱਖ ਨੂੰ ਸਹਾਈ ਹੁੰਦਾ ਹੈ। ਮਨੁ, ਬੁਧਿ, ਚਿਤ ਆਦਿ 'ਕਾਇਆ' ਅਤੇ 'ਆਤਮਾ' ਦੇ ਵਿਚਾਲੇ ਸੰਜੋਗੀ ਸਾਧਨ ਹਨ।

ਕਵੀ-ਗੁਰੂਆਂ ਤੇ ਭਗਤਾਂ ਨੇ 'ਆਤਮਾ' ਨੂੰ ਠੋਸ ਚਿੰਨ੍ਹਾਂ ਵਿਚ ਪ੍ਰਗਟ ਕਰਕੇ ਕਾਵਿ-ਰਸ ਮਾਣਿਆ ਹੈ। ਆਤਮਾ 'ਅੰਤਰਗਤਿ ਤੀਰਥ' ਹੈ; 'ਜੋਤਿ ਸਚੀ ਮਨ ਮਾਹਿ', 'ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗ', 'ਅੰਤਰਿ ਕਮਲ ਪ੍ਰਗਾਸਿਆ' ਹੈ, 'ਰਿਦ ਮਾਣਕ ਮੋਲਿ ਅਮੋਲਿ', 'ਇਹ ਮਾਣਕ ਜੀਉ ਨਿਰਮੋਲ' ਹੈ, 'ਏਕਾ ਸੁਰਤਿ ਜੇਤੇ ਹੈ ਜੀਅ' ਹੈ। ਆਤਮਾ ਨੂੰ 'ਹੰਸ' ਕਿਹਾ ਹੈ— 'ਕਾਇਆ ਹੰਸ ਸੰਜੋਗ ਮੇਲਿ ਮਿਲਾਇਆ' ਕਾਇਆ ਵਿਚ ਆਤਮਾ ਹੈ :—

**ਕਾਇਆ ਅੰਦਰਿ ਸਭ ਕਿਛੁ ਵਸੈ।**
**ਖੰਡ ਮੰਡਲ ਪਤਾਲਾ ॥**
**ਕਾਇਆ ਅੰਦਰਿ ਜਗਜੀਵਨ ਦਾਤਾ ਵਸੈ,**
**ਸਭਨਾ ਕਰੇ ਪ੍ਰਤਿਪਾਲਾ ॥**
**ਕਾਇਆ ਕਾਮਣਿ ਸਦਾ ਸੁਹੇਲੀ,**
**ਗੁਰਮੁਖਿ ਨਾਮੁ ਸਮਾਲਾ ॥** (ਸੂਹੀ ਮਹਲਾ ੩)

**(ਸ) ਜਗਤ (ਪ੍ਰਕ੍ਰਿਤੀ matter)**

ਪ੍ਰਕ੍ਰਿਤੀ (matter) ਨੂੰ 'ਤ੍ਰੈਗੁਣਾ' ਤੇ 'ਪੰਜ ਤੱਤਾਂ' ਦੀ ਉਤਪਤੀ ਕਿਹਾ ਹੈ ਪਰ 'ਤ੍ਰੈਗੁਣ' ਪਰਮਾਤਮਾ-ਬ੍ਰਹਮ ਦੀ ਹੀ ਰਚਨਾ ਹੈ ਅਤੇ ਉਸ ਦੇ 'ਹੁਕਮ' ਅਨੁਸਾਰ ਉਸ ਵਿਚੋਂ ਹੀ ਉਪਜਦੇ ਹਨ; ਪ੍ਰਲੈ ਨਾਲ ਉਸ ਵਿਚ ਜਾ ਕੇ ਵਿਲੀਨ ਹੁੰਦੇ ਹਨ। 'ਪ੍ਰਕ੍ਰਿਤੀ' ਸਭ 'ਬ੍ਰਹਮ' ਹੈ ਪਰ 'ਬਾਜੀਗਰੀ ਦੀ ਵਿਸਮਾਦੀ ਖੇਡ ਹੈ। ਇਹ ਹੈ ਤ੍ਰੈਗੁਣਾਂ ਦਾ ਵਿਸਮਾਦੀ ਪਸਾਰਾ—

**ਸਲੋਕ ਮਹਲਾ ੧**

**ਵਿਸਮਾਦੁ ਨਾਦ ਵਿਸਮਾਦੁ ਵੇਦ ॥**
**ਵਿਸਮਾਦੁ ਨਾਦ ਵਿਸਮਾਦੁ ਭੇਦ ॥**
**ਵਿਸਮਾਦੁ ਰੂਪ ਵਿਸਮਾਦੁ ਰੰਗ ॥**

ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ।
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥੧॥

ਪ੍ਰਕ੍ਰਿਤੀ ਬ੍ਰਹਮ ਸਰੂਪ ਹੈ ਪਰ ਇਹ ਕਿਵੇਂ ਬਣੀ, ਇਹ ਵਿਸਮਾਦੀ ਖੇਡ ਹੈ । ਇਹ ਪਸਾਰਾ 'ਹੁਕਮ' ਨਾਲ ਬਣਿਆ ਹੈ ।

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ (ਜਪੁ.)

ਬ੍ਰਹਮ ਤੋਂ ਬਿਨਾਂ ਕੋਈ ਹੋਰ ਸਤਾ ਨਹੀਂ ਹੈ। ਪੰਜ ਤੱਤ ਬ੍ਰਹਮ ਵਿਚੋਂ ਉਪਜਦੇ ਹਨ ਅਤੇ

ਜਗ ਸਪਨਾ ਬਾਜੀ ਬਨੀ
ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ
ਵਿਜੋਗੀ ਉਠਿ ਜਾਇ ॥

'ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਖੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ' ਹੈ ।

ਸ੍ਰਿਸ਼ਟੀ ਦਾ ਕਾਰਨ ਉਹ ਬ੍ਰਹਮ ਆਪ ਹੀ ਹੈ—'ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ', 'ਸਭ ਇਕੋ ਇਕ ਵਰਤਦਾ ਅਲਖੁ ਨ ਲਖਿਆ ਜਾਇ'—ਦ੍ਵੈਤ ਕਿਧਰੇ ਨਹੀਂ ਹੈ, ਖੇਲ ਹੈ । 'ਨ ਕਿਛ ਆਵਤ ਨਾ ਕਿਛੁ ਜਾਵਤ ਸਭ ਖੇਲੁ ਕੀਓ ਹਰਿ ਰਾਇਓ ।'

ਪ੍ਰਕ੍ਰਿਤੀ ਦਾ ਖੇਲ ਸਾਰਾ 'ਸਤਿ' ਹੈ—ਆਪ ਸਤਿ ਕੀਆ ਸਭ ਸਤਿ', 'ਨਿਰਗੁਨ ਸਰਗੁਨ ਭੀ ਓਹੀ', 'ਸਰਬ ਭੂਤ ਆਪਿ ਵਰਤਾਰਾ', ਅਤੇ 'ਆਪਿ ਸਾਚੁ ਧਾਰੀ ਸਭੁ ਸਾਚੁ' ਹੈ ।

ਮਨ, ਬੁਧਿ, ਚਿਤ ਆਦਿ ਸਭ ਇਸੇ ਪ੍ਰੀਕ੍ਰਿਤੀ ਦੇ ਵਿਕਸਿਤ ਰੂਪ ਹਨ । ਸਾਰੀ ਸ੍ਰਿਸ਼ਟੀ ਵਿਚ ਚੇਤੰਨਤਾ ਆਤਮਾ ਦੀ ਹੈ ।

———

# ਮੂਲ ਮੰਤਰ ਵਿਚ ਵਿਅਕਤ ਬ੍ਰਹਮ-ਸੰਕਲਪ

**ਜਗਜੀਤ ਸਿੰਘ (ਡਾ.)**

ਮੂਲ-ਮੰਤਰ ਸਿਖ ਦਰਸ਼ਨ ਦਾ ਮੂਲ ਆਧਾਰ ਹੈ । ਸਿਖ ਧਰਮ-ਦਰਸ਼ਨ ਦਾ ਅੰਤਿਮ-ਸੱਚ, ਪਰਮਾਤਮਾ ਦਾ ਸੰਪੂਰਨ ਅਤੇ ਨਿਸਚਿਤ ਸਰੂਪ ਇਸ ਰਚਨਾ ਵਿਚ ਸਾਕਾਰ ਹੋਇਆ ਹੈ । ਇਸ ਸਰੂਪ ਦਾ ਹੀ ਗੁਣ-ਬਖਾਨ ਸਮੁੱਚੀ ਗੁਰਬਾਣੀ ਵਿਚ ਕੀਤਾ ਗਿਆ ਹੈ । ਇਹ ਬਾਣੀ ਆਦਿ ਗ੍ਰੰਥ ਦੀ ਪ੍ਰਥਮ ਰਚਨਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਮੰਗਲਾ ਚਰਣ ਹੈ । ਸਿੱਖ ਧਰਮ ਦਰਸ਼ਨ ਦੀ ਸਮੁੱਚੀ ਵਿਚਾਰਧਾਰਾ ਇਸ ਰਚਨਾ ਤੋਂ ਕਿਰਨਾਂ ਨਿਆਈਂ ਪ੍ਰਕਾਸ਼ਮਾਨ ਹੁੰਦੀ ਹੈ । ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਮੂਲ ਹੋਣ ਕਾਰਨ ਪਰੰਪਰਾ ਨੇ ਇਸ ਨੂੰ 'ਮੂਲ-ਮੰਤਰ' ਕਿਹਾ ਹੈ ਅਤੇ ਇਹੋ ਇਸ ਦਾ ਪਰਵਾਣਿਤ ਨਾਮ ਹੈ । ਇਸ ਰਚਨਾ ਦੇ ਸ਼ਬਦ ਇਹ ਹਨ :

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

2. ਮੂਲ ਮੰਤਰ ਦੇ ਕੁਲ ਚੌਦਾਂ ਪਦ ਹਨ । ਕੁਝ ਵਿਦਵਾਨਾਂ ਨੇ ਇਸ ਨੂੰ ਸੱਤ ਸਮਾਸਾਂ ਵਿਚ ਵੰਡ ਕੇ ਇਸ ਦੀ ਵਿਆਖਿਆ ਕੀਤੀ ਹੈ ਪਰ ਕੁਝ ਨੇ ਇਸ ਦੇ ਚੌਦਾਂ ਸ਼ਬਦਾਂ ਨੂੰ ਸੁਤੰਤਰ ਰੂਪ ਵਿਚ ਵੱਖ ਵੱਖ ਮੰਨਿਆ ਹੈ । ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਹ ਪੱਦ ਅਨੇਕ ਵਾਰੀ ਸੁਤੰਤਰ ਰੂਪ ਵਿਚ ਵੀ ਵਰਤੇ ਗਏ ਹਨ ਅਤੇ ਸਮਾਸ ਰੂਪ ਵਿੱਚ ਵੀ । ਇਸ ਲਈ ਇਹ ਸੁਤੰਤਰ ਵੀ ਹਨ ਅਤੇ ਇਕ ਦੂਜੇ ਦੇ ਪੂਰਕ ਵੀ । ਇਕ ਜਾਂ ਏਕ ਅਤੇ ਓਅੰਕਾਰ ਸ਼ਬਦ ਸੁਤੰਤਰ ਰੂਪ ਵਿਚ ਵੀ ਪ੍ਰਾਪਤ ਹਨ ਅਤੇ ਸਮਾਸ 'ੴ' ਨੂੰ ਏਕੰਕਾਰ ਰੂਪ ਵਿਚ ਵੀ ਵਰਤਿਆ ਗਿਆ ਹੈ । 'ਸਤਿ' ਅਤੇ 'ਨਾਮ' ਦਾ ਪ੍ਰਯੋਗ ਅਲੱਗ ਅਲੱਗ ਵੀ ਹੋਇਆ ਹੈ ਅਤੇ

'ਸਤਿਨਾਮੁ' ਸਮਾਸ ਰੂਪ ਵਿਚ ਵੀ ਪ੍ਰਾਪਤ ਹੈ। ਵਿਆਕਰਣਕ ਪੱਖ ਅਤੇ ਭਾਵਾਂ ਦੀ ਇਕਾਗਰਤਾ ਨੂੰ ਮੁੱਖ ਰਖਦਿਆਂ ਇਨ੍ਹਾਂ ਦਾ ਅਧਿਐਨ ਸਮਾਸ ਰੂਪ ਵਿਚ ਹੀ ਉਚਿਤ ਜਾਪਦਾ ਹੈ।

3. ਮੂਲ ਮੰਤਰ ਵਿਚ ਵਰਤੇ ਸ਼ਬਦਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਭਾਰਤੀ ਗ੍ਰੰਥਾਂ ਵਿਚ ਮਿਲ ਜਾਣਾ ਅਚੰਭੇ ਵਾਲੀ ਗੱਲ ਨਹੀਂ। ਗੁਰੂ ਨਾਨਕ ਦੇਵ ਨੇ ਪੁਰਾਤਨ ਭਾਰਤੀ ਦਾਰਸ਼ਨਿਕ ਸ਼ਬਦਾਵਲੀ ਨੂੰ ਨਵੇਂ ਅਰਥ ਪਰਦਾਨ ਕੀਤੇ ਹਨ। ਮੂਲ-ਮੰਤਰ ਵਿਚਲੇ ਸ਼ਬਦ ਵਿਸ਼ੇਸ਼ ਕਰਕੇ ਹਜ਼ਾਰਾਂ ਸਾਲਾਂ ਦੀ ਭਾਰਤੀ ਧਾਰਮਿਕ ਪਰੰਪਰਾ ਨਾਲ ਜੁੜੇ ਹੋਏ ਹਨ ਪਰ ਇਥੇ ਇਨ੍ਹਾਂ ਦਾ ਪ੍ਰਯੋਗ ਨਵੇਂ ਰੂਪਾਂ, ਨਰੋਏ ਅਰਥਾਂ ਅਤੇ ਨਵੇਕਲੀ ਤਰਤੀਬ ਵਿਚ ਹੋਇਆ ਹੈ। ਮੌਲਿਕਤਾ ਨਵੇਂ ਸ਼ਬਦਾਂ ਦੇ ਪ੍ਰਯੋਗ ਵਿਚ ਨਹੀਂ, ਸਗੋਂ ਪ੍ਰਚਲਤ ਵਿਸ਼ਵਾਸਾਂ ਨੂੰ ਮੁਖ ਜਾਂ ਗੌਣ ਪਦਵੀ ਦੇ ਕੇ ਵਿਚਾਰਾਂ ਨੂੰ ਅੱਗੇ ਤੋਰਨ ਵਿੱਚ ਹੈ। ਜਿਵੇਂ ਸ਼ਬਦ 'ਓਮ' ਪੁਰਾਤਨ ਭਾਰਤੀ ਦਰਸ਼ਨ ਦਾ ਰਹੱਸਵਾਦੀ ਸੰਕੇਤ ਕਈ ਦਵੈਤਾਂ ਅਤੇ ਤਨੇਕਿਆਂ ਦਾ ਪ੍ਰਤੀਕ ਬਣ ਚੁਕਾ ਸੀ। ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵਿਚ ਸ਼ਬਦ ਓਮ '੧ਓ' ਦਾ ਨਵਾਂ ਰੂਪ ਧਾਰਨ ਕਰਦਾ ਹੈ ਅਤੇ ਇਸ ਦੇ ਭਾਵਾਂ ਵਿਚ ਅਖੰਡਤਾ ਅਤੇ ਏਕਤਾ ਰੂਪਮਾਨ ਹੁੰਦੀ ਹੈ। 'ਸਤਿ' ਨਾ ਕੇਵਲ ਪਰਮ ਸਤਿ ਦੀ ਵਾਸਤਵਿਕਤਾ ਪ੍ਰਗਟ ਕਰਦਾ ਹੈ, ਸਗੋਂ ਵੇਦਾਂਤਿਕ ਵਿਚਾਰਧਾਰਾ ਨੂੰ ਰੱਦ ਕਰਕੇ ਸੰਸਾਰ ਨੂੰ ਸਾਰਥਕਤਾ ਪਰਦਾਨ ਕਰਦਾ ਹੈ। 'ਨਾਮ' ਦਾ ਸੰਕਲਪ ਭਗਤੀ ਕਾਲ ਦੇ ਅਵਤਾਰਵਾਦੀ ਵੈਸ਼ਨਵ ਧਰਮ ਨਾਲੋਂ ਵਿਲੱਖਣ ਰੂਪ ਵਿਚ ਪ੍ਰਗਟ ਹੋਇਆ ਹੈ। 'ਕਰਤਾ' ਰਚਨਹਾਰਾ ਰੂਪ ਵਿਚ ਪਹਿਲੀ ਵਾਰੀ ਵਿਦਮਾਨ ਹੁੰਦਾ ਹੈ ਜੋ ਸੰਸਾਰ ਨੂੰ ਵਿਕਾਸਾਤਮਕ ਅਤੇ ਵਿਨਾਸਾਤਮਕ ਅਮਲਾਂ ਵਿਚ ਚਲਾਇਮਾਨ ਰੱਖ ਕੇ ਉਦਕਰਖਣ ਅਤੇ ਆਕਰਖਣ ਸ਼ਕਤੀਆਂ ਰਾਹੀਂ ਹਰ ਵਕਤ ਉਤਪਤ ਪਰਲੈ ਦੇ ਸਦੀਵੀ ਅਮਲ ਨੂੰ ਜਾਰੀ ਰਖਦਾ ਹੈ। ਗੁਰਮਤਿ ਦਾ 'ਪੁਰਖੁ' ਵੈਦਿਕ ਕਾਲ ਅਤੇ ਸਾਂਖ ਦੇ 'ਪੁਰੁਸ਼' ਤੋਂ ਵਖਰੇ ਭਾਵਾਂ ਵਿਚ ਰੂਪਮਾਨ ਹੋਇਆ ਹੈ। 'ਅਕਾਲ ਮੂਰਤ' ਭਾਰਤੀ ਪਰੰਪਰਾਈ ਬ੍ਰਹਮ ਮੂਰਤੀ ਮਾਨਤਾ ਦਾ ਭਰਪੂਰ ਖੰਡਨ ਕਰਦਾ ਹੈ। 'ਅਜੂਨੀ ਸੈਭੰ' ਅਵਤਾਰ ਵਾਦ ਦੇ ਸਿਧਾਂਤ ਨੂੰ ਰੱਦ ਕਰਦਾ ਹੈ। ਇਸ ਤਰ੍ਹਾਂ ਮੂਲ-ਮੰਤਰ ਵਿਚ ਬ੍ਰਹਮ ਦਾ ਨਰੋਆ, ਵਿਸ਼ੇਸ਼, ਸੰਪੂਰਨ ਸੰਗਠਿਤ ਅਤੇ ਨਿਸ਼ਚਿਤ ਸਰੂਪ ਪੇਸ਼ ਹੋਇਆ ਹੈ।

4. ੧ਓ : ਮੂਲ-ਮੰਤਰ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਪਹਿਲਾ ਸ਼ਬਦਾ '੧ਓ' ਹੈ। ਗੁਰਮਤਿ ਦਰਸ਼ਨ ਦਾ ਮੂਲ-ਆਧਾਰ ਹੋਣ ਕਾਰਨ ਇਸ ਨੂੰ ਬੀਜ-ਮੰਤਰ ਵੀ ਕਿਹਾ ਗਿਆ ਹੈ। ੧ਓ ਗਣਿਤ ਦੇ '੧' ਅਤੇ ਓ (ਓਅੰਕਾਰ) ਦਾ ਸਮਾਸ ਹੈ। '੧' ਧਰਮ-ਦਰਸ਼ਨ ਦੇ ਅਨੇਕਾਂ ਵਿਵਾਦਾਂ ਨੂੰ ਸਮੇਟ ਕੇ ਪਰਮਾਤਮਾ ਦੀ ਅਖੰਡਤਾ ਅਤੇ ਏਕਤਾ ਦਰਸਾਉਂਦਾ ਹੈ। ਮੂਲ ਮੰਤਰ ਅਕੱਥ ਦਾ ਕਥਨ ਹੈ। ਇਸ ਦਾ ਪਰਿਭਾਸ਼ਕ ਅਰੰਭ ਨਾਂਹ-ਵਾਚੀ ਸ਼ੈਲੀ ਰਾਹੀਂ ਨਹੀਂ,

ਸਗੋਂ ਹਾਂ-ਵਾਚੀ ਸੰਕੇਤ '੧' ਨਾਲ ਕੀਤਾ ਗਿਆ ਹੈ। ਅੰਕ '੧' ਸ਼ਾਬਦਿਕ ਰੂਪ ਵਿਚ ਇਕ, ਏਕੋ, ਏਕੰਕਾਰ ਰੂਪ ਵਿਚ ਗੁਰਬਾਣੀ ਦੇ ਅਨੇਕਾਂ ਪਰਮਾਣਾ ਵਿਚ ਪ੍ਰਾਪਤ ਹੈ। ਅੰਕ '੧'

ਪਦ ਓਅੰਕਾਰ ਦਾ ਵਿਸ਼ੇਸ਼ਣ ਨਹੀਂ, ਸਗੋਂ ਸੰਗਿਆ ਰੂਪ ਵਿਚ ਸੁਤੰਤਰ ਸੰਕੇਤ ਹੈ। ਅੰਕ '੧' ਬ੍ਰਹਮ ਦੀ ਹੋਂਦ, ਏਕਤਾ, ਅਖੰਡਤਾ ਅਤੇ ਅਦ੍ਵੈਤਤਾ ਦਾ ਲਖਾਇਕ ਹੈ। ਭਾਰਤੀ ਸੰਦਰਭ ਵਿਚ ਬ੍ਰਹਮ ਲਈ ਅੰਕ '੧' ਦਾ ਪ੍ਰਯੋਗ ਜ਼ਰੂਰੀ ਸੀ ਕਿਉਂਕਿ ਬ੍ਰਹਮ ਵਾਚਕ ਸ਼ਬਦ 'ਓਮ' ਕਈ ਅੱਖਰਾਂ ਅਤੇ ਸੁਰਾਂ ਵਿਚ ਵੰਡੀਜ ਕੇ ਕਈ ਦੁੱਤਾਂ (ਨਿਰਗੁਣ, ਸਰਗੁਣ; ਬ੍ਰਹਮ, ਮਾਇਆ, ਪੁਰਸ਼ ਪ੍ਰਕ੍ਰਿਤੀ) ਅਤੇ ਕਈ ਤਨੈਕਿਆਂ (ਬ੍ਰਹਮਾਂ, ਵਿਸ਼ਨੂੰ, ਸ਼ਿਵ) ਦਾ ਲਖਾਇਕ ਹੋ ਚੁਕਾ ਸੀ। ਬ੍ਰਹਮ ਦੀ ਇਸ ਖੰਡਤਾ ਨੂੰ ਕੇਵਲ ਗਣਿਤ ਦਾ '੧' ਹੀ ਅਖੰਡ ਰੂਪ ਦੇ ਸਕਦਾ ਸੀ। 'ਇਕ' ਅਤੇ 'ਏਕ' ਦੇ ਸ਼ਾਬਦਿਕ ਸਰੂਪਾਂ ਨੂੰ ਅੱਖਰਾਂ ਅਤੇ ਸਵਰਾਂ ਵਿਚ ਵੰਡਣ ਦੀ ਪਰਵਿਰਤੀ ਮੁੜ ਆ ਸਕਦੀ ਹੈ ਪਰ ਅੰਕ '੧' ਅਖੰਡ ਹੈ, ਵੰਡਿਆ ਨਹੀਂ ਜਾ ਸਕਦਾ।

4.1. ਅੰਕ '੧' ਦੀ ਮਹੱਤਤਾ ਅੰਕ-ਸਿਧਾਂਤ ਅਨੁਸਾਰ ਵੀ ਵੇਖੀ ਗਈ ਹੈ। ਯੂਨਾਨੀ ਸਿਧਾਂਤਕਾਰ ਫੀਸਾ ਗੋਰਸ ਅਨੁਸਾਰ ਸਾਰੀ ਸ੍ਰਿਸ਼ਟੀ ਰਚਨਾ '੧' ਦਾ ਹੀ ਪਸਾਰਾ ਹੈ। ੧+੧ ਨਾਲ ਦੋ, ੧+੧+੧ ਨਾਲ ੩ ਇਤਿ ਆਦਿ ਗਿਣਤੀ ਦਾ ਪਸਾਰ ਵਧਦਾ ਜਾਂਦਾ ਹੈ। ੧ ਨਾਲ ੧ ਦਾ ਹੀ ਭਾਗ ੦ ਜੁੜਦਾ ਹੈ ਤਾਂ ੧ ਹੀ ੧੦.੧੦੦,੧੦੦੦.੧੦.੦੦੦ ਅਨੰਤ ਰੂਪਾਂ ਵਿਚ ਫੈਲਦਾ ਹੋਇਆ ਆਪ '੧' ਦਾ '੧' ਹੀ ਰਹਿੰਦਾ ਹੈ। ਇਨ੍ਹਾਂ ਅਨੰਤ ਰੂਪਾਂ ਦੀ ਆਪਣੀ ਸੁਤੰਤਰ ਸੱਤਾ ਨਹੀਂ ਹੈ, '੧' ਦੀ ਸੱਤਾ ਨਾਲ ਹੀ ਇਨ੍ਹਾਂ ਦੀ ਹੋਂਦ ਹੈ, ਜੇ '੧' ਨੂੰ ਇਨ੍ਹਾਂ ਨਾਲੋਂ ਨਖੇੜ ਦੇਈਏ ਤਾਂ ਇਨ੍ਹਾਂ ਦੀ ਕੀਮਤ ਸਿਫ਼ਰ ਰਹਿ ਜਾਂਦੀ ਹੈ।

4.2. ਟੀਕਿਆ, ਕੋਸ਼ਾਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਤੋਂ '੧' ਦੇ ਨਿਮਨ ਦੋ ਅਰਥ ਪ੍ਰਾਪਤ ਹੋਏ ਹਨ :

**(ੳ) '੧' ਨਿਰਗੁਣ ਬ੍ਰਹਮ ਦਾ ਸੂਚਕ ਹੈ :**

**ਅਦੁਤੀ, ਨਿਰਗੁਣ ਪ੍ਰਮਾਤਮਾ** (ਟੀਕਾ ਫਰੀਦਕੋਟ) **ਏਕਾ ਨਿਰਗੁਣ, ਇਕਾਗਰਤਾ, ਏਕਤਾ ਜਾਂ ਇਕਾਈ ਨੂੰ ਪ੍ਰਗਟ ਕਰਦਾ ਹੈ** (ਤਾਰਨ ਸਿੰਘ, ਜਪੁ : ਦਰਸ਼ਨ ਦੀਦਾਰ);

(ਅ) ਸਰਗੁਣ ਪਰਮਾਤਮਾ : ਅਕਾਲ ਪੁਰਖੀ ਜੋਤਿ ਅਥਵਾ ਪਰਮ ਆਤਮਾ ਨਿਰੰਕਾਰੀ ਅਵਸਥਾ

ਤੋਂ ਸਾਕਾਰੀ ਜਾਂ ਸਰਗੁਣੀ ਅਵਸਥਾ ਏਕੰਕਾਰ '੧' ਅਤੇ ਫਿਰ 'ਓ' ਦੇ ਰੂਪ ਵਿਚ ਪ੍ਰਗਟ ਹੁੰਦੀ ਹੈ...... ਇਸ ਲਈ ਨਿਰਗੁਣ ਪਰਮਾਤਮਾ ਦਾ ਆਦਿ ਸਰਗੁਣ ਸ਼ੁਰੂ ਦਾ ਇਕ ਹੈ (ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ।

**੧ ਦੇ ਪਹਿਲੇ ਅਰਥਾਂ ਵਿਚ ਵਧੇਰੇ ਬਲ ਨਿਰੋਲ ਨਿਰਗੁਣ, ਸ਼ੁਧ, ਅਨੁਭਵ ਅਤੀਤ ਅਦਵੈਤ ਅਵਸਥਾ ਤੇ ਹੈ। ਦੂਜੇ ਅਰਥਾਂ ਵਿਚ '੧' ਨੂੰ ਨਿਰਗੁਣ ਬ੍ਰਹਮ ਦੀ ਪਹਿਲੀ**

ਸਰਗੁਣਤਾ ਦਸਿਆ ਗਿਆ ਹੈ ਕਿਉਂਕਿ ਦੂਜੀ ਭਰਪੂਰ ਸਰਗੁਣਤਾ ਓਂਕਾਰ ਰੂਪ ਵਿਚ ਵਿਕਾਸਸ਼ੀਲ ਹੁੰਦੀ ਹੈ । ਇਸ ਵਿਆਖਿਆ ਵਿਚ 'ਪਹਿਲਾਂ', 'ਪਿਛੋਂ' ਅਤੇ 'ਫਿਰ' ਦੀ ਦ੍ਰਿਸ਼ਟੀ ਕਾਲਵਾਚੀ ਹੈ । ਗੁਰਬਾਣੀ ਅਨੁਸਾਰ '੧' ਨਾ ਨਿਰੋਲ ਨਿਰਗੁਣਤਾ ਦਾ ਲਖਾਇਕ ਹੈ, ਨਾ ਨਿਰੋਲ ਸਰਗੁਣਤਾ ਦਾ । '੧' ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਦੀ ਏਕਤਾ ਦਾ ਪ੍ਰਤੀਕ ਹੈ ਜਿਸ ਵਿਚ ਨਿਰਗੁਣ-ਸਰਗੁਣ, ਨਿਰਲੇਪਤਾ-ਵਿਆਪਕਤਾ ਏਕਤਾ-ਅਨੇਕਤਾ ਸਾਰੇ ਪੱਖ ਸ਼ਾਮਲ ਹਨ । ਗੁਰੂ ਨਾਨਕ ਦੇਵ ਜੀ ਨੇ ਇਕੋ ਪੰਗਤੀ ਵਿਚ ਏਕਮ ਏਕੰਕਾਰ ਨੂੰ ਨਿਰਗੁਣ, ਨਿਰਾਲਾ, ਅਮਰ, ਅਜੋਨੀ, ਅਜਾਤਿ, ਅਗਮ, ਅਗੋਚਰ, ਅਰੂਪ, ਅਰੇਖ ਵੀ ਕਿਹਾ ਹੈ ਅਤੇ ਨਾਲ ਹੀ ਘਟ ਘਟ ਵਿਚ ਵਿਆਪਕ ਵੀ ਦਸਿਆ ਹੈ :

(ੳ) ਏਕਮ ਏਕੰਕਾਰ ਨਿਰਾਲਾ, ਅਮਰ ਅਜੋਨੀ ਜਾਤਿ ਨਾ ਜਾਲਾ ।
ਅਗਮ ਅਗੋਚਰ ਰੂਪ ਨ ਰੇਖਿਆ, ਖੋਜਤ ਖੋਜਤ ਘਟਿ ਘਟਿ ਦੇਖਿਆ ।
(ਬਿਲਾਵਲ ਮ: ੧, ਪੰਨਾ ੮੩੮)

(ਅ) ਏਕੰਕਾਰ ਅਵਰੁ ਨਹੀਂ ਦੂਜਾ, ਨਾਨਕ ਏਕੁ ਸਮਾਈ ।
(ਰਾਮਕਲੀ ਮ: ੧, ੯੩੦)

(ੲ) ਜਹ ਦੇਖਉ ਤਹ ਏਕੰਕਾਰੁ ।
(ਗਉੜੀ ੧, ੨੨੭)

ਅੰਕ '੧' ਵਿਚ "ਸੂਰਜੁ ਏਕੋ ਰੁਤਿ ਅਨੇਕ, ਨਾਨਕ ਕਰਤੇ ਕੇ ਕੇਤੇ ਵੇਸ' (ਆਸਾ ਮ: ੧, ੧੨) ਦੇ ਭਾਵ ਉਜਾਗਰ ਹੋ ਰਹੇ ਹਨ । '੧' ਏਕੰਕਾਰ ਇਕ-ਰਸੁ, ਇਕ-ਰੂਪ, ਪਰੀਵਰਤਨ-ਰਹਿਤ, ਸਰਬ-ਵਿਆਪਕ ਪਰਮ-ਸਤਾ ਦਾ ਪ੍ਰਤੀਕ ਹੈ ਜਿਸ ਦੇ ਨਿਰਗੁਣ, ਸਰਗੁਣ ਸਰੂਪਾਂ ਵਿਚ ਨਿਰੰਤਰ ਸਾਂਝ ਹੈ, ਜਿਸ ਵਿਚ ਜੜ੍ਹ ਅਤੇ ਚੇਤਨ; ਪੁਰਸ਼ ਅਤੇ ਪ੍ਰਕ੍ਰਿਤੀ ਦੀ ਦ੍ਵੈਤ ਨਹੀਂ; ਜਿਸ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵ ਦੇਵਤਿਆਂ ਦੇ, ਜਾਂ ਰੱਬ, ਈਮਾ ਅਤੇ ਪਵਿਤਰ ਰੂਹ ਦੇ ਤਨੇਕਿਆਂ ਦਾ ਭੁਲੇਖਾ ਨਹੀਂ; ਨਾਂ ਹੀ ਤਿੰਨਾਂ ਗੁਣਾਂ, ਪੰਜ ਤੱਤਾਂ, ਦਸ ਅਵਤਾਰਾਂ ਅਤੇ ਅਨੇਕ ਦੇਵੀ ਦੇਵਤਿਆਂ ਦੀਆਂ ਵੰਡਾਂ ਹਨ । '੧' ਵਿਚ ਸਾਰੀ ਅਨੇਕਤਾ ਠੀਕ ਉਸੇ ਤਰ੍ਹਾਂ ਵਿਲੀਨ ਹੋ ਜਾਂਦੀ ਹੈ ਜਿਵੇਂ ਸਮੁੰਦਰ ਵਿਚ ਭਿੰਨ ਭਿੰਨ ਆਕਾਰਾਂ ਦੇ ਨਦੀਆਂ ਨਾਲੇ ਦਰਿਆ ਆਪਣੀ ਅਨੇਕਤਾ ਗਵਾ ਕੇ ਇਕ ਹੋ ਜਾਂਦੇ ਹਨ । '੧' ਰਚਨਾ ਦੀਆਂ ਸਾਰੀਆਂ ਸੰਭਾਵਨਾਵਾਂ ਦਾ ਸੋਮਾ ਹੈ, ਅਨੂਪਮ ਸਤਿ ਹੈ, ਅਤੇ ਸਾਰੇ ਵੈਰ-ਵਿਰੋਧਾਂ, ਵਿਤਕਰਿਆਂ ਅਤੇ ਵੰਡਾਂ ਤੋਂ ਮੁਕਤ ਹੈ । ਇਕ ਇਕਾਗਰਤਾ ਹੈ ਜੋ ਕਈ ਰੂਪ ਧਾਰਨ ਕਰ ਸਕਦੀ ਹੈ—ਆਪਣੇ ਹੁਕਮ ਅਤੇ ਰਜ਼ਾ ਅਨੁਸਾਰ ।

5. '੧ੴ ਸਮਾਸ ਦਾ ਦੂਜਾ ਸ਼ਬਦ ਓ (ਓਅੰਕਾਰ) ਹੈ । ਗੁਰਬਾਣੀ ਵਿਚ 'ਓਅੰਕਾਰ', ਓਨਮ ਅਤੇ ਓਅੰ ਤਿੰਨਾਂ ਦਾ ਪ੍ਰਯੋਗ ਪ੍ਰਾਪਤ ਹੈ :

ਓਅੰਕਾਰ : ਓਅੰਕਾਰ ਬ੍ਰਹਮਾ ਉਤਪਤਿ ਓਅੰਕਾਰ ਕੀਆ ਜਿਨ ਚਿਤਿ ।

ਰਾਮਕਲੀ ਮ. ੧ (੯੨੯)

ਓਨਮ : ਓਨਮ ਅਖਰ ਸੁਣਹੁ ਬੀਚਾਰੁ, ਓਨਮ ਅਖਰੁ ਤ੍ਰਿਭਵਣਸਾਰ ।

ਰਾਮਕਲੀ ਮ: ੧ (੯੩੦)

ਓਅੰ : ਓਅੰ ਸਾਧ ਸਤਿਗੁਰ ਨਮਸਕਾਰੰ ।
ਓਅੰ ਗੁਰਮੁਖਿ ਕੀਓ ਆਕਾਰਾ ।

ਗਉੜੀ ਮ: ੫ (੨੫੦)

ਓਅੰਕਾਰ (ਓਂਕਾਰ, ਓਨਮ ਅਤੇ ਓਅੰ) ਨੂੰ ਕੋਸ਼ਾਂ ਵਿਚ ਸੰਸਕ੍ਰਿਤ ਦੇ 'ਓਮ' ਦਾ ਰੂਪਾਂਤਰ ਅਤੇ ਸਮਾਨਾਰਥੀ ਕਿਹਾ ਗਿਆ ਹੈ। ਏਕਾਕਸ਼ਰਮ (ਇਕ ਅੱਖਰ) ਨੂੰ ਓਮ ਦਾ ਪ੍ਰਯਾਯ (ਸਮਾਨਾਰਥੀ) ਮੰਨਿਆ ਜਾਂਦਾ ਹੈ । 'ਪ੍ਰਣਵ' ਅਤੇ 'ਉਦਗੀਥ' ਵੀ ਓਮ ਦੇ ਪ੍ਰਯਾਯਵਾਦੀ ਸ਼ਬਦ ਹਨ । 'ਪ੍ਰਣਵ' ਦਾ ਭਾਵ ਹੈ ਉਹ, ਜਿਸ ਅਗੇ ਵੇਦ ਆਦਿ ਸਾਰੇ ਨਿਵਦੇ ਹਨ ਅਤੇ ਉਸ ਦੀ ਉਸਤਤੀ ਕਰਦੇ ਹਨ । ਉਦਗੀਥ ਦਾ ਭਾਵ ਹੈ ਜਿਹੜਾ ਪ੍ਰਾਣੀਆਂ ਨੂੰ ਉਤਾਂਹ ਵਲ ਚੁਕੇ ਅਤੇ ਪਰੇਰ ਕੇ ਉਦਾਤ ਬਣਾਏ । ਓਮ ਦਾ ਭਾਵ ਹੈ— ਰਖਿਆ ਕਰਨਾ, ਬਚਾਉਣਾ ਤ੍ਰਿਪਤ ਹੋਣਾ, ਫੈਲਣਾ, ਪਵਿਤਰ, ਸ਼ੁਭ, ਰੂਹਾਨੀ, ਸਵੀਕ੍ਰਿਤੀ ਆਦਿ ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਓਮ ਦੀ ਤਿੰਨ, ਸਾਢੇ ਤਿੰਨ ਅਤੇ ਚਾਰ ਮਾਤ੍ਰਾਵਾਂ ਵਿਚ ਵੰਡ ਕਰਕੇ ਇਸ ਦੇ ਅਨੇਕਾਂ ਅਰਥ ਜੁਟਾਏ ਹਨ । ਉਪਨਿਸ਼ਦਾਂ (ਐਤ੍ਰੇਯ ਤਾਰਾ ਸਾਰ) ਮਾਡੂਕ, ਛੰਦੋਗਯ) ਅਤੇ ਬ੍ਰਾਹਮਣਾ (ਗੋਪਥ ਆਦਿ) ਵਿਚ ਇਨ੍ਹਾਂ ਮਾਤ੍ਰਾਵਾਂ ਅ, ਉ, ਮ ਨੂੰ ਤਿੰਨ ਪਧਤੀਆਂ ਵੈਸ਼ਨਾਵਰ, ਤੈਜਸ ਅਤੇ ਪ੍ਰਾਗਜਾ, ਤਿੰਨ ਪੱਖਾਂ ਜੀਵ, ਆਤਮਾ ਅਤੇ ਬ੍ਰਹਮ; ਤਿੰਨ ਅਵਸਥਾਵਾਂ ਜਾਗ੍ਰਿਤ, ਸੁਪਨ ਅਤੇ ਸਖੋਪਤਿ, ਤਿੰਨ ਦੇਵਤੇ ਬ੍ਰਹਮਾਂ, ਵਿਸ਼ਨੂੰ, ਸ਼ਿਵ ਦਾ ਲਖਾਇਕ ਮੰਨਿਆ ਹੈ । ਸਮੇਂ ਨਾਲ 'ਓਮ' ਰਹੱਸਵਾਦੀ ਚਿੰਨ੍ਹ ਤੋਂ ਕਰਮ ਕਾਂਡੀ ਚਿੰਨ੍ਹ ਵਜੋਂ ਮੰਨਿਆ ਜਾਣ ਲੱਗਾ । ਉਪਨਿਸ਼ਦ ਕਾਲ ਵਿਚ ਹੀ ਓਮ ਦੀ ਰਹੱਸਵਾਦੀ ਵਿਆਖਿਆ ਦੇ ਨਾਲ ਨਾਲ ਇਸ ਦੀ ਕਰਮ ਕਾਂਡੀ, ਜਾਦੂ ਟੂਣਿਆਂ ਲਈ ਵੀ ਵਰਤੋਂ ਹੋਣ ਲੱਗੀ । ਇਸ ਦਾ ਉਚਾਰਣ ਵੀ ਸਵਰਨ ਜਾਤੀਆਂ ਤਕ ਸੀਮਤ ਕਰ ਦਿਤਾ ਗਿਆ । "ਪ੍ਰਮਾਤਮਾ ਵਲੋਂ ਪ੍ਰਾਪਤ ਹੋਏ ਸਮੁੱਚੇ ਵੇਦ ਗ੍ਰੰਥਾਂ ਦਾ ਇਕ ਸ਼ਬਦ ਵੀ ਨੀਵੀਂ ਕੁਲ ਦੇ ਵਿਅਕਤੀ ਲਈ ਸੁਣਨਾ ਮਹਾਂ-ਅਪਰਾਧ ਸਮਝਿਆ ਜਾਣ ਲਗਾ । ਨੀਵੀਆਂ ਜਾਤੀਆਂ ਲਈ 'ਓਮ' ਦੀ ਥਾਂਵੇ 'ਔਮ' ਨਿਸਚਿਤ ਕੀਤਾ ਗਿਆ ।"

ਗੁਰਮਤਿ ਦੇ ਸੰਕਲਪ ੧ੴ ਵਿਚ ਉਪਰੋਕਤ ਖੰਡਿਤ ਵਿਚਾਰਧਾਰਾ ਨੂੰ ਖਤਮ ਕੀਤਾ ਗਿਆ ਹੈ । '੧ੴ' ਜਾਂ ਓਅੰਕਾਰ ਦੀ ਵਿਆਖਿਆ ਸਮੇਂ ਮਾਤ੍ਰਿਕ ਵੰਡ ਦੀ ਸਨਾਤਨੀ ਵੇਦਾਂਤਕ ਬਿਰਤੀ ਨੂੰ ਗੁਰਮਤਿ ਵਿਆਖਿਆ ਤੇ ਆਰੋਪਣ ਕਰਨਾ ਭਾਰੀ ਭੁਲ ਹੈ । ਗੁਰੂ

ਨਾਨਕ ਦੇਵ ਨੇ 'ਓਮ' ਨਾਲ ਸੰਬੰਧਿਤ ਹੋ ਚੁਕੇ ਤਨੇਕਿਆਂ ਨੂੰ ਖਤਮ ਕਰਨ ਲਈ ਅਤੇ ਬ੍ਰਹਮ ਦੀ ਅਖੰਡਤਾ ਦਰਸਾਉਣ ਲਈ 'ਓਅੰਕਾਰ' ਨਾਲ ਅੰਕ '੧' ਦਾ ਪ੍ਰਯੋਗ ਕੀਤਾ।

ਪਰ ਕਈ ਸਿਖ ਵਿਦਵਾਨਾਂ ਨੇ ਵੀ '੧ਓ' ਦੀ ਵਿਆਖਿਆ ਸਮੇਂ ਇਸ ਦੀ ਮਾਤ੍ਰਿਕ ਵੰਡ ਕਰਕੇ ਸਨਾਤਨੀ ਅਰਥ ਕੀਤੇ ਹਨ ਜੋ ਗੁਰਮਤਿ ਦੇ ਪ੍ਰਤੀਕੂਲ ਹੈ। ਇਹ ਕਹਿਣਾ ਵੀ ਬਹੁਤ ਵੱਡੀ ਭੁੱਲ ਹੈ ਕਿ ਗੁਰੂ ਨਾਨਕ ਦੇਵ ਨੇ 'ਓਮ' ਨੂੰ '੧ਓ' ਦਾ ਰੂਪ ਦੇ ਕੇ ਪੜਦੇ ਦਾ ਕੰਮ ਲਿਆ ਤਾਂ ਕਿ ਸਾਰੀਆਂ ਜਾਤੀਆਂ ਸਣੇ ਇਸਤ੍ਰੀਆਂ ਦੇ ਸਣ ਅਤੇ ਬੋਲ ਸਕਣ। ਇਸ ਪ੍ਰਸੰਗ ਵਿਚ ਭਾਈ ਕਾਨ੍ਹ ਸਿੰਘ ਲਿਖਦੇ ਹਨ, "ਗੁਰੂ ਸਾਹਿਬ ਨੇ ਓਅੰ ਨੂੰ ਕੋਈ ਪੜਦਾ ਨਹੀਂ ਕੀਤਾ, ਪਰ ਪੜਦਾ ਦੇਣ ਦਾ ਨਿਸਚਾ ਰੱਖਣ ਵਾਲੇ ਪੰਡਤਾਂ ਦੀ ਅਕਲ ਤੇ ਪੜਦਾ ਪੈਣ ਵਿਚ ਕੋਈ ਸੰਸਾ ਨਹੀਂ।... ...ਓਅੰਕਾਰ ਦੇ ਆਦਿ ਵਿਚ ਗੁਰੂ ਜੀ ਨੇ '੧' ਅੰਕ ਇਸ ਵਾਸਤੇ ਲਾਇਆ ਹੈ ਕਿ ਵਾਹਿਗੁਰੂ ਇਕ ਹੈ, ਅਦ੍ਵੈਤ ਹੈ ਅਤੇ ਉਸ ਦੀ ਅ, ੳ, ਮ ਅਥਵਾ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਭੇਦ ਕਲਪ ਕੇ ਉਪਾਸ਼ਨਾ ਕਰਨੀ ਭੁਲ ਹੈ।

ਸਿਖ ਵਿਦਵਾਨਾਂ ਨੇ ਓਅੰਕਾਰ ਦੇ ਨਿਮਨ ਅਰਥ ਕੀਤੇ ਹਨ :—

(ੳ) ਓਅੰਕਾਰ : ਨਿਰਗੁਣ ਬ੍ਰਹਮ (ਭਗਤ ਸਿੰਘ ਹੀਰਾ, ਸੋਢੀ ਤੇਜਾ ਸਿੰਘ)

(ਅ) ਓਅੰਕਾਰ : ਸਰਗੁਣ ਬ੍ਰਹਮ, ਅਰਥਾਤ ਈਸ਼ਵਰ, ਸ੍ਰਿਸ਼ਟੀ ਦੇ ਘਟ-ਘਟ ਵਿਚ ਵਿਆਪਕ ਪ੍ਰਮਾਤਮਾ (ਡਾ. ਤਰਲੋਚਨ ਸਿੰਘ)

(ੲ) ਓਅੰਕਾਰ 'ਅਵ' ਧਾਤੂ ਤੋਂ ਹੈ, ਜਿਸ ਦਾ ਭਾਵ ਹੈ—ਰਖਿਆ ਕਰਨਾ, ਬਚਾਉਣਾ, ਫੈਲਣਾ ਆਦਿ। (ਭਾਈ ਜੋਧ ਸਿੰਘ, ਕਾਨ੍ਹ ਸਿੰਘ)

(ਸ) ਓਅੰਕਾਰ : ਕਰਤਾਰ—ਸਮਸਤ ਸ੍ਰਿਸ਼ਟੀ ਅਤੇ ਬ੍ਰਹਮਾ ਆਦਿ ਸਮੂਹ ਦੇਵਤਿਆਂ ਦਾ ਰਚਨ-ਹਾਰਾ (ਡਾ. ਬਲਬੀਰ ਸਿੰਘ, ਭਾਈ ਵੀਰ ਸਿੰਘ)

(ਹ) ਓਅੰਕਾਰ : ਨਿਰਗੁਣ - ਸਰਗੁਣ ਦੋਵੇਂ ਹੈ। ਅਗਮ ਅਗੋਚਰ, ਘਟ-ਘਟ ਦਾ ਵਾਸੀ ਅਤੇ ਸਾਰੀ ਰਚਨਾ ਦਾ ਮੂਲ, ਮੁਢ ਅਤੇ ਸਾਰੇ ਪਸਾਰੇ ਵਿਚ ਵਿਆਪਕ (ਭਾਈ ਵੀਰ ਸਿੰਘ, ਡਾ. ਤਰਲੋਚਨ ਸਿੰਘ)

(ਕ) ਓਅੰਕਾਰ : ਧੁਨੀ, ਆਵਾਜ਼, ਅੱਖਰ, ਸ਼ਬਦ (ਭਾਈ ਕਾਨ੍ਹ ਸਿੰਘ, ਡਾ. ਸ਼ੇਰ ਸਿੰਘ, ਗੁਰਬਚਨ ਸਿੰਘ ਤਾਲਿਬ)

ਓਅੰਕਾਰ ਦੇ ਇਨ੍ਹਾਂ ਅਰਥਾਂ ਵਿਚ ਵਿਭਿੰਨਤਾ ਜਾਪਦੀ ਹੈ ਪਰ ਮੂਲਿਕ ਸਾਂਝ ਵੀ ਹੈ।

'ਓਅੰਕਾਰ' ਦਾ ਮੂਲ ਲਕਸ਼, ਉਸ ਦਾ **ਰਚਨਾਤਮਕ** ਪੱਖ ਹੈ । ਓਅੰਕਾਰ ਨੂੰ ਨਿਰੋਲ ਨਿਰਗੁਣ, ਜਾਂ ਨਿਰੋਲ ਸਰਗੁਣ ਕਹਿਣਾ ਭੁਲ ਹੈ। ਨਿਰਸੰਦੇਹ **'ਓਅੰਕਾਰ' ਰਚਨਹਾਰੇ ਦੀ ਰਚਨਾਤਮਕ ਸ਼ਕਤੀ ਦਾ ਲਖਾਇਕ ਹੈ** ਪਰੰਤੂ ਇਹ ਸ਼ਕਤੀ ਅਨੇਕ-ਭਾਂਤੀ ਅਤੇ ਅਨੇਕ ਗੁਣੀ ਰਚਨਾ ਦੀ ਰਚੇਤਾ ਹੋਣ ਦੇ ਬਾਵਜੂਦ ਕਿਸੇ ਗੁਣ ਵਿਸ਼ੇਸ਼ ਤਕ ਸੀਮਤ ਨਹੀਂ । 'ਓਅੰਕਾਰ' ਗੁਰੂ ਨਾਨਕ ਦੇਵ ਦਾ ਅਧਿਆਤਮਕ ਅਨੁਭਵ ਹੈ ਜਿਸ ਵਿਚ ਤਰਕ ਅਤੇ ਦਰਸ਼ਨ ਦੇ ਸਾਰੇ ਵਿਰੋਧਾ ਭਾਸ ਮਿਟ ਜਾਂਦੇ ਹਨ । ਭਾਈ ਗੁਰਦਾਸ ਅਨੁਸਾਰ ਨਿਰਗੁਣ ਨਿਰੰਕਾਰ ਦੀ ਸਫੁਰ ਅਵਸਥਾ 'ਏਕੰਕਾਰੀ' ਅਵਸਥਾ ਹੈ । ਏਕੰਕਾਰ ਦਾ 'ਫੁਰਨਾ' ਕਿਸੇ ਅਗੰਮੀ 'ਧੁਨਿ' ਜਾਂ 'ਸ਼ਬਦ' ਰਾਹੀਂ ਸਾਕਾਰ ਹੁੰਦਾ ਹੈ । ਇਸ **ਰਚਨਾਤਮਕ ਸ਼ਕਤੀ**, **ਧੁਨਿ ਜਾਂ** ਸ਼ਬਦ ਨੂੰ 'ਓਅੰਕਾਰ' ਕਿਹਾ ਗਿਆ ਹੈ ਜਿਸ ਤੋਂ ਸਾਰੀ ਨਾਮ-ਰੂਪੀ ਰਚਨਾ ਹੋਂਦ ਵਿਚ ਆਉਂਦੀ ਹੈ :

**ਨਿਰੰਕਾਰ ਆਕਾਰ ਹੋਇ, ਏਕੰਕਾਰ ਅਪਾਰ ਸਦਾਯਾ ।**
**ਏਕੰਕਾਰਹੁ ਸ਼ਬਦ ਧੁਨਿ, ਓਅੰਕਾਰ ਅਕਾਰ ਬਣਾਯਾ ।** (੨੬.੨)

ਓਅੰਕਾਰ ਰੂਪੀ ਕਰਤਾਰੀ ਸ਼ਕਤੀ ਤੋਂ ਸਾਰੇ ਪਉਣ, ਪਾਣੀ, ਅਗਨੀ ਆਦਿ ਦਾ ਪਸਾਰਾ ਹੋਇਆ । ਅਨੇਕ ਭਾਂਤੀ ਰਚਨਾ ਨਾਲ ਪਾਰਬ੍ਰਹਮ ਪੂਰਨ ਬ੍ਰਹਮ ਹੀ ਰਹਿੰਦਾ ਹੈ, ਘਟਦਾ ਵਧਦਾ ਨਹੀਂ । ਉਸ ਦਾ ਨਿਰਗੁਣਤਾ ਤੋਂ ਸਰਗੁਣਤਾ ਵਿਚ ਰੂਪ ਪਰੀਵਰਤਨ ਨਹੀਂ ਹੁੰਦਾ। ਉਹ ਅਗਮ ਅਗੋਚਰ, ਅਲਖ ਅਤੇ ਅਪਾਰ ਹੀ ਰਹਿੰਦਾ ਹੈ :

**ਇਕ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ ।.........**
**ਪਾਰਬ੍ਰਹਮ ਪੂਰਨ ਬ੍ਰਹਮ ਅਗਮ ਅਗੋਚਰ ਅਲਖ ਅਪਾਰਾ ।**
(੪.੬)

ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵਿਚ ਨਿਰਗੁਣ ਬ੍ਰਹਮ ਹੀ ਸਫੁਰ ਹੋ ਕੇ, 'ਕਰਤਾਪੁਰਖੁ' ਦਾ ਰੂਪ ਧਾਰਦਾ ਹੈ । ਇਹ ਰੂਪ ਧਾਰਨਾ ਰੂਪ-ਪਰੀਵਰਤਨ ਨਹੀਂ ਸਗੋਂ ਆਪਣੀ ਸ਼ਕਤੀ 'ਓਅੰਕਾਰ' ਨੂੰ ਭਾਂਤ-ਭਾਂਤ ਦੀ ਬ੍ਰਹਿਮੰਡ ਰਚਨਾ ਲਈ ਕ੍ਰਿਆਸ਼ੀਲ ਕਰਨਾ ਹੈ । ਨਿਰਗੁਣ ਨਿਰੰਕਾਰ ਦਾ ਸਰਗੁਣ ਸਾਕਾਰ ਰੂਪ ਪਰਿਵਰਤਨ ਵੇਦਾਂਤਿਕ ਸੰਕਲਪ ਹੈ । ਗੁਰਮਤਿ ਦਾ ਕਰਤਾਰੀ ਸੰਕਲਪ ਇਸ ਨਾਲੋਂ ਮੂਲਕ ਤੌਰ ਤੇ ਅੱਡਰਾ ਹੈ । ਗੁਰਬਾਣੀ ਵਿਚ ਓਅੰਕਾਰ ਨੂੰ 'ਰਚਨਹਾਰੀ', 'ਕਰਤਾਰੀ' ਜਾਂ ਸਿਰਜਨਾਤਮਕ ਪ੍ਰਭੂ-ਸੱਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਨਾ ਕਿ ਨਿਰਗੁਣ ਬ੍ਰਹਮ ਦੇ ਪਲਟਵੇਂ ਸਰਗੁਣ ਸਰੂਪ ਵਿਚ । ਉਪਨਿਸ਼ਦਾਂ ਵਿਚ ਓਮ ਨੂੰ ਅਵ ਧਾਤੂ ਤੋਂ ਮੰਨ ਕੇ ਇਸ ਦੇ ਰਖਿਅਕ ਭਾਵ ਤੇ ਬਲ ਹੈ, ਗੁਰਮਤਿ ਵਿਚ ਇਸ ਦਾ ਮੂਲ ਭਾਵ 'ਕਰਤਾਰੀ ਸ਼ਕਤੀ' ਹੈ :

**ਓਅੰਕਾਰ ਉਤਪਾਤੀ ਕੀਆ ਦਿਨਸੁ ਸਭ ਰਾਤੀ।** (੧੦੦੩)

6. 'ੴ' ਦੇ ਸਮੁੱਚੇ ਰੂਪ ਵਿਚ ਵੀ ਕਈ ਅਰਥ ਪ੍ਰਾਪਤ ਹਨ—

(ੳ) ਪਰਮ ਹਸਤੀ ਪਰਮਾਤਮਾ ਇਕ ਹੈ : ਕੇਵਲ ਇਕ ਬ੍ਰਹਮ, ਅਦਿਵਤਿਯ ਹੈ, ਇਕ ਬ੍ਰਹਮ ਸੱਤਾ......ਇਨ੍ਹਾਂ ਅਰਥਾਂ ਵਿਚ ਪਰਮਾਤਮਾ ਦੀ ਏਕਤਾ ਤੇ ਬਲ ਹੈ ।

(ਅ) ੴ—ਨਿਰਗੁਣ ਬ੍ਰਹਮ (ਡਾ. ਤਾਰਨ ਸਿੰਘ)

(ੲ) ੴ—ਸਰਗੁਣ ਪਰਮਾਤਮਾ (ਪ੍ਰਿੰ. ਤੇਜਾ ਸਿੰਘ)

(ਸ) ੴ—ਨਿਰਗੁਣ-ਸਰਗੁਣ ਪਰਮਾਤਮਾ (ਭਾਈ ਵੀਰ ਸਿੰਘ)

(ਹ) ੴ—ਨਿਰਗੁਣ ਅਤੇ ਸਰਗੁਣ ਦੋਹਾਂ ਦੀ ਵਿਚ ਵਿਚਾਲੀ ਅਵਸਥਾ (ਭਾਈ ਜੋਧ ਸਿੰਘ)

ੴ ਨੂੰ ਨਿਰੋਲ ਨਿਰਗੁਣ ਸਰੂਪ ਅਤੇ ਨਿਰੋਲ ਸਰਗੁਣ ਸਰੂਪ ਨਹੀਂ ਮੰਨਿਆ ਜਾ ਸਕਦਾ, ਨਾ ਹੀ ਇਹ ਇਨ੍ਹਾਂ ਦੇ ਵਿਚ ਵਿਚਾਲੇ ਵਾਲੀ ਅਵਸਥਾ ਹੈ ਜਿਵੇਂ ਕਿ ਭਾਈ ਜੋਧ ਸਿੰਘ ਦਾ ਵਿਚਾਰ ਹੈ । 'ੴ' ਪਰਮਾਤਮਾ ਦੀ ਸਫੁਰ ਅਵੱਸਥਾ ਦਾ ਪ੍ਰਤੀਕ ਹੈ । 'ੴ' ਵਿਚ ਰਚਨਾ ਦੀਆਂ ਸਾਰੀਆਂ ਸੰਭਾਵਨਾਵਾਂ ਵਿਦਮਾਨ ਹਨ । 'ੴ' ਨਿਰੰਕਾਰ ਦੀ ਸੁੰਨ ਸਮਾਧੀ ਵਾਲੀ ਅਫੁਰ ਅਵੱਸਥਾ ਦਾ ਪ੍ਰਤੀਕ ਨਹੀਂ, ਜਦੋਂ ਰਚਨਾ ਦਾ ਫੁਰਨਾ ਅਤੇ ਕਾਲ ਦੀ ਹੋਂਦ ਨਹੀਂ ਸੀ —

> ਤਦਹੁ ਆਪੇ ਆਪਿ ਨਿਰੰਕਾਰ ਹੈ
> ਨ ਓਪਤਿ ਹੋਈ ।
>
> ਮ. ੩ (509)

ਸੁੰਨ-ਕਲਾ ਨੂੰ ਧੁੰਧੂਕਾਰ ਵੀ ਕਿਹਾ ਹੈ ਜਦੋਂ ਕਿ ਰਚਨਾ ਦੇ ਕੋਈ ਪ੍ਰਗੱਟ ਬਿੰਬ ਨਹੀਂ ਸਨ—ਨਾ ਧਰਤੀ, ਨਾ ਆਕਾਸ਼, ਨਾ ਜਲ, ਨਾ ਥਲ, ਨਾ ਸੂਰਜ, ਨਾ ਚੰਦ... ਡਾਕਟਰ ਸ਼ੇਰ ਸਿੰਘ ਦੇ ਸ਼ਬਦਾਂ ਵਿਚ ਜੇ ਪਹਿਲੀ ਸੁੰਨ-ਕਲਾ ਨੂੰ '੦' ਸਿਫਰ ਕਹੀਏ, ਤਾਂ ਸਫੁਰਤਾ ਵਾਲੀ ਹਾਲਤ ਇਕ '੧' ਹੈ ਜਿਸ ਨੂੰ ਭਾਈ ਗੁਰਦਾਸ ਨੇ ਏਕੰਕਾਰ ਕਿਹਾ ਹੈ। ਏਕੰਕਾਰ ਤੋਂ ਉਸ ਦੇ 'ਭਾਣੇ' ਜਾਂ 'ਹੁਕਮ' ਅਨੁਸਾਰ ਰਚਨਾ ਹੋਈ । ਹੁਕਮਿ ਦੀ ਇਸ ਨਿਰੰਤਰ ਕ੍ਰਿਆਸ਼ੀਲਤਾ ਨੂੰ ਓਅੰਕਾਰ ਕਿਹਾ ਗਿਆ ਹੈ । ਇਸ ਤਰ੍ਹਾਂ 'ਓਅੰਕਾਰ' 'ੴ'

ਵਿਚ ਸਮਿਲਤ ਹੈ ਅਤੇ ਉਸ ਦੀ ਰਚਨਾਤਮਕ ਸ਼ਕਤੀ ਦਾ ਪ੍ਰਤੀਕ ਹੈ ਜੋ ਸਾਰੀ ਰਚਨਾ ਦਾ ਸੋਮਾ ਹੈ :

ਓਅੰਕਾਰ ਸਭ ਸ੍ਰਿਸ਼ਟ ਉਪਾਈ । ਮਾਰੂ ੩
(1061)

ਭਾਈ ਗੁਰਦਾਸ ਨੇ ਆਪਣੀ ਬਾਣੀ ਵਿਚ ਬ੍ਰਹਮ ਦੇ ਤਿੰਨ ਪੱਖ ਦਰਸਾਏ ਹਨ:—
ਨਿਰੰਕਾਰ, ਆਕਾਰ ਹੋਇ, ਏਕੰਕਾਰ ਅਪਾਰ ਸਦਾਇਆ ।

ਏਕੰਕਾਰੋ ਸ਼ਬਦ ਧੁਨਿ, ਓਅੰਕਾਰ ਅਕਾਰ ਬਣਾਇਆ ।
(ਵਾਰ 262)

ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੀ ਇਸ ਤਿੰਨ-ਪੱਖੀ ਵਿਆਖਿਆ ਨੂੰ ਗੁਰੂ ਨਾਨਕ ਦੇਵ ਦੀ ਨਿਮਨ ਪਉੜੀ ਨਾਲ ਤੁਲਨਾਇਆ ਹੈ :—

ਆਪੀਨੈ—(ਨਿਰੰਕਾਰ)
ਆਪ ਸਾਜਿਓ—(ਏਕੰਕਾਰ)

ਆਪੀਨੈ ਰਚਿਓ ਨਾਉ—(ਓਅੰਕਾਰ)

ਦੁਈ ਕੁਦਰਤ ਸਾਜੀਐ—(ਓਅੰਕਾਰ ਤੋਂ ਜਗਤ ਤਮਾਸ਼ਾ)

ਕਰਿ ਆਸਣ ਡਿਠੋ ਚਾਉ—(ਓਅੰਕਾਰ ਦੀ ਵਿਦਮਾਨਤਾ)

ਸਾਡੀ ਆਪਣੀ ਸੋਖ ਲਈ ਅਜੇਹੀ ਵੰਡ ਠੀਕ ਹੈ ਪ੍ਰੰਤੂ ਗੁਰਬਾਣੀ ਅਨੁਸਾਰ ਇਹ ਤੱਥ ਬਹੁਤ ਸਪਸ਼ਟ ਹੈ ਕਿ ਇਕੋ ਪਰਮ ਹਸਤੀ ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਕਰਕੇ ਜਾਣੀ ਜਾਂਦੀ ਹੈ । ਜਦੋਂ ਓਅੰਕਾਰ ਰਾਹੀਂ ਰਚਨਾ ਦਾ ਜ਼ਿਕਰ ਹੁੰਦਾ ਹੈ, ਤਾਂ ਇਹ ਏਕੰਕਾਰ ਦੀ ਰਚਨਾ ਹੈ,ਸਗੋਂ ਨਿਰੰਕਾਰ ਦੀ ਹੀ ਰਚਨਾ ਹੈ । ਨਿਰੰਕਾਰ ਨੂੰ ਜਾਂ ਏਕੰਕਾਰ ਨੂੰ ਨਿਰੋਲ ਨਿਰਗੁਣ, ਨਿਰਵਿਕਲਪ ਸੁੰਨ ਸਮਾਧੀ ਨਹੀਂ ਕਹਿ ਸਕਦੇ, ਨਾਹੀ ਓਅੰਕਾਰ ਨੂੰ ਨਿਰੋਲ ਸਰਗੁਣ ਸਰਬ-ਵਿਆਪਕ । ਨਿਰੰਕਾਰ ਇਕ ਹੈ ਹਰ ਹਾਲਤ ਵਿਚ, ਰਚਨਾ ਤੋਂ ਪਹਿਲਾਂ 'ਨਿਰੰਕਾਰ ਰੂਪ ਵਿਚ, ਰਚਨਾ-ਕਾਲ ਨਾਲ ਸੰਬੰਧਿਤ ਏਕੰਕਾਰ ਰੂਪ ਵਿਚ ਅਤੇ

ੴਕਾਰ ਰੂਪ ਵਿਚ ਅਤੇ ਰਚਨਾ ਸਮਾਪਤੀ ਤੇ ਵੀ ਉਹ ਇਕ ਹੀ ਰਹਿੰਦਾ ਹੈ :

**ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਣ ਏਕ ॥**
**ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ**

(ਗਉੜੀ ਮ: ੫, 250)

ੴ ਸਰੂਪ ਵਿਚ ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਤਿੰਨਾਂ ਦੀ ਇਕ ਰੂਪਤਾ ਦੱਸਣ ਲਈ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਕਈ ਪ੍ਰਸੰਗਾਂ ਵਿਚ ਪ੍ਰਾਪਤ ਹੈ :

(ੳ) **ਓਅੰਕਾਰਿ ਸਭ ਸ੍ਰਿਸਟਿ ਉਪਾਈ ॥** (ਮਾਰੂ ਮ. ੩, 1061)

(ਅ) **ਨਿਰੰਕਾਰ ਆਕਾਰੁ ਉਪਾਇਆ ॥** (—,,—੩, 1065)

(ੲ) **ਏਕੰਕਾਰੁ ਏਕੁ ਪਾਸਾਰਾ ਏਕੈ ਅਪਰੁ ਅਪਾਰਾ ॥**

(ਬਿ. ੫, 821)

ਦ੍ਰਿਸ਼ਟਮਾਨ ਕੇਵਲ 'ਓਅੰਕਾਰ' ਨਹੀਂ, ਏਕੰਕਾਰ ਵੀ ਹੈ, ਨਿਰੰਕਾਰ ਵੀ—

**ਦ੍ਰਿਸਟਿ ਆਵੈ ਸਭੁ ਏਕੰਕਾਰ ॥** ਗਉੜੀ ਮ. ੫, (198)

**ਆਪ ਅਕਾਰੁ ਆਪ ਨਿਰੰਕਾਰ ॥** ਗੋਂਡ ਮ. ੫, (863)

ਸੁੰਨ-ਸਮਾਧਿ ਸਥਿਤੀ ਵੀ ਏਕੰਕਾਰ ਹੀ ਹੈ :

**ਊਪਰ ਏਕੰਕਾਰੁ ਨਿਰਾਲਮ ॥**
**ਸੁੰਨ ਸਮਾਧਿ ਲਗਾਇਆ ॥**

(ਮਾਰੂ ਮ. ੧, 1039)

ਸੋ 'ੴ' ਉਸ ਪਰਮ ਹਸਤੀ ਦਾ ਚਿੰਨ੍ਹ ਹੈ ਜੋ ਨਿਰੰਕਾਰ ਵੀ ਹੈ, ਏਕੰਕਾਰ ਵੀ; ਨਿਰਲੇਪ ਵੀ ਹੈ, ਵਿਆਪਕ ਵੀ, ਵਿਆਪਕ ਹੋਣ ਕਾਰਨ ਅਨੇਕ ਜਾਪਦਾ ਹੈ ਪਰ ਹੈ ਇਕੋ; ਉਹ ਨਿਰਗੁਣ ਵੀ ਹੈ ਕਿਉਂਕਿ ਉਸਦਾ ਰੂਪ ਪਰੀਵਰਤਨ ਨਹੀਂ ਹੁੰਦਾ, ਪਰ ਉਹ ਸਰਗੁਣ ਵੀ ਹੈ ਕਿਉਂਕਿ ਆਪਣੀ ਰਚਨਾ ਵਿਚ ਵਿਦਮਾਨ ਹੈ। ਉਹ ਅਨੇਕਤਾ ਰਚਣ ਤੋਂ ਪਹਿਲਾਂ ਜੈਸਾ 'ਇਕ' ਸੀ, ਵੈਸਾ ਹੀ ਹੁਣ ਰੰਗ ਬਰੰਗੀ ਅਨੇਕਤਾ ਦੇ ਪਰਦੇ ਪਿਛੇ ਹੈ :

**ਏਕੰਕਾਰੁ ਅਵਰੁ ਨਹੀਂ ਦੂਜਾ, ਨਾਨਕ ਏਕੁ ਸਮਾਈ ॥**

ਰਾਮਕਲੀ ਮ. ੧, (930)

'ੴ' ਵਿਚ ਬ੍ਰਹਮ ਦੀ ਏਕਤਾ, ਸਿਰਜਨਾ, ਅਨੰਤਤਾ, ਅਨਮੋਲਤਾ, ਅਦਵੈਤਤਾ ਅੰਤਰਯਾਮਤਾ, ਨਿਤਤਾ, ਸਰਬ-ਵਿਆਪਕਤਾ ਅਤੇ ਨਿਰਲੇਪਤਾ ਵਿਦਮਾਨ ਹੈ ਜਿਸ ਦਾ ਬਖਾਨ ਗੁਰਬਾਣੀ ਵਿਚ ਕੀਤਾ ਗਿਆ ਹੈ। ਇਹ ਏਕਤਾ ਵੇਦਾਂਤ ਦਾ 'ਪ੍ਰਾਣ ਹੀਣ ਨਿਰਾਕਾਰ' ਤੱਤ ਨਹੀਂ, ਸਗੋਂ ਹਾਂ-ਵਾਚੀ ਸਰਗੁਣ ਸਪੰਨ ਕਰਤਾ ਪੁਰਖ ਹੈ ਜਿਸ ਦੇ ਹੁਕਮ ਨਾਲ ਜੀਵ ਜਗਤ ਦੀ ਰਚਨਾ ਹੁੰਦੀ ਹੈ। ਸਿੱਖ ਧਾਰਾ ਵਿੱਚ ਬ੍ਰਹਮ ਦੇ ਨਿਰਗੁਣ-ਸਰਗੁਣ ਦੋਹਾਂ ਪੱਖਾਂ ਨੂੰ ੴ ਦੀ ਇਕ ਇਕਾਈ ਵਿਚ ਪੇਸ਼ ਕੀਤਾ ਗਿਆ ਹੈ ਜੋ ਨਿਰਗੁਣ ਸਰਗੁਣ ਦੇ ਵਿਰੋਧਾ ਭਾਸ ਨੂੰ ਖਤਮ ਕਰਦਾ ਹੈ। ਬ੍ਰਹਮ ਇਕ ਹੈ, ਸਾਰੇ ਲੋਕ, ਪ੍ਰਲੋਕ, ਦੁਨੀਆਂ ਉਸ ਦੀ ਕਿਰਤ ਹਨ। ਉਹ ਆਪਣੀ ਮਰਜ਼ੀ ਨਾਲ ਇਕ ਤੋਂ ਅਨੇਕ ਹੁੰਦਾ ਹੋਇਆ ਵੀ 'ਅਕਾਲ ਪੁਰਖ' ਰੂਪ ਵਿਚ ਵਿਚ ਇਕ ਹੀ ਰਹਿੰਦਾ ਹੈ। ਇਕ ਹੀ ਕਰਤਾ ਹੈ, ਸਰਬ-ਵਿਆਪੀ ਹੈ ਅਤੇ ਨਿਰੰਜਨ ਨਿਰਲੇਪ ਨਿਰੰਕਾਰ ਹੈ। ਮੂਲਿਕ ਏਕਤਾ ਹਰ ਹਾਲਤ ਵਿਚ ਇਕ ਹੈ :—

**ਅਸਤਿ ਏਕ ਦਿਗਰਿ ਕੁਈ ॥**
**ਏਕ ਤੁਈ ਏਕ ਤੁਈ ॥** (ਮ. ੧. (144)

7. **ਸਤਿਨਾਮ** : 'ਸਤਿ' ਅਤੇ 'ਨਾਮ' ਦੋ ਸੁਤੰਤਰ ਪਦ ਹਨ। 'ਸਤਿ' ਸ਼ਬਦ ਨਾਮ ਦਾ ਵਿਸ਼ੇਸ਼ਣ ਨਹੀਂ ਅਤੇ ਨਾ ਹੀ ਪਦ 'ਸਤਿ' ਅਤੇ 'ਨਾਮ' ਮਿਲ ਕੇ ਇਕ ਸ਼ਬਦ 'ਸਤਿਨਾਮ' ਦਾ ਰੂਪ ਧਾਰਨ ਕਰਦੇ ਹਨ। ਗੁਰਵਾਕ 'ਸਤਿ ਨਾਮੁ ਤੇਰਾ ਪਰਾ ਪੂਰਬਲਾ' (ਮਾਰੂ ਮ. ੫) ਵਿਚ ਭਾਵ ਹੈ, "ਹੇ ਪਰਮੇਸ਼ਰ ! ਤੇਰਾ ਜੋ ਨਾਮ 'ਸਤਿ' ਹੈ, ਉਹ ਸਭ ਤੋਂ ਸ੍ਰੇਸ਼ਟ ਤੇ ਮੁਹਹਲਾ ਹੈ।" 'ਸਤਿ' ਅਤੇ 'ਨਾਮ', ਗੁਰਮਤਿ ਵਿਚਾਰਧਾਰਾ ਵਿਚ ਬ੍ਰਹਮ ਸੰਕਲਪ ਦੇ ਦੋ ਮੁਢਲੇ ਪ੍ਰਤੀਕ ਹਨ। ਸੰਸਕ੍ਰਿਤ ਦੇ 'ਸਤਯ' ਦਾ ਪੰਜਾਬੀ ਰੂਪਾਂਤਰ 'ਸਤਿ' ਹੈ, 'ਜਿਸ ਦਾ ਧਾਤੂ 'ਅਸ' ਹੈ, ਭਾਵ ਹੈ 'ਹੋਣਾ', 'ਹੋਂਦ' 'ਹਾਜ਼ਰ'। 'ਸਤਿ' ਦਾ ਸਮਾਨਾਰਥਕ ਪੰਜਾਬੀ ਰੂਪ 'ਸਚੁ' ਹੈ ਜਿਸ ਦਾ ਭਾਵ ਹੈ ਅਸਲੀ ਤੇ ਸਦੀਵੀ ਸੱਤਾ ਵਾਲਾ। 'ਸਤਿ' ਅਤੇ 'ਸਚੁ' ਨੂੰ ਬ੍ਰਹਮ ਜਾਂ ਪ੍ਰਮਾਤਮਾ ਦੇ ਉਪਲਕਸ਼ ਵਿਚ ਵਧੇਰੇ ਵਰਤਿਆ ਗਿਆ ਹੈ ਅਤੇ ਇਸ ਤੋਂ ਭਾਵ ਹੈ 'ਪਰਮ-ਸਤਾ' ਦੀ ਹੋਂਦ, ਹਸਤੀ, ਸਤਤਾ, ਮੌਜੂਦਗੀ, ਵਿਦਮਾਨਤਾ, ਸਦੀਵਤਾ ਆਦਿ। ਕਿਤੇ ਕਿਤੇ ਇਸ ਦਾ ਭਾਵ ਵਿਆਪਕ ਸੱਚ ਤੋਂ ਵੀ ਹੈ। 'ਸਤਿ' ਦੇ ਧਾਰਨੀ ਨੂੰ 'ਸਚਿਆਰਾ' ਕਿਹਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਨੇ 'ਸਤਿ' ਸਚ ਅਤੇ ਨਾਮ ਦੇ ਸਿਧਾਂਤਾ ਰਾਹੀਂ ਬ੍ਰਹਮ ਸਤਿ ਦੀ ਬ੍ਰਹਿਮੰਡ ਸਚ ਅਤੇ ਜੀਵ ਸਚ ਨਾਲ ਇਕਸੁਰਤਾ ਦਰਸਾਈ ਹੈ। ਗੁਰੂ ਨਾਨਕ ਦੇਵ ਦਾ ਇਸ਼ਟ 'ਸਾਚਾ ਸਾਹਿਬ' ਹੈ ਜੋ ਸਾਚੇ ਨਾਮ ਰਾਹੀਂ ਸਾਰੇ ਵਿਦਮਾਨ ਹੈ। ਇਸ ਨਾਮ ਦਾ ਵਾਸ ਹਰੇਕ ਜੀਵ ਹਿਰਦੇ ਵਿਚ ਹੈ। ਸੋ ਜੀਵ, ਜਗਤ ਅਤੇ ਬ੍ਰਹਮ

'ਸੱਚ' ਦੇ ਸੰਬੰਧਾਂ ਵਿਚ ਜੁੜੇ ਹੋਏ ਹਨ। ਗੁਰੂ ਜੀ ਨੇ '੧' ਨੂੰ ਹੀ 'ਓਅੰਕਾਰ' ਰੂਪ ਵਿਚ ਕਰਤਾਰੀ ਸ਼ਕਤੀ ਨਾਲ ਸੰਬੰਧਿਤ ਕੀਤਾ ਅਤੇ ਇਕ ਦੀ ਸਤਯਤਾ ਨੂੰ ਸ਼ਬਦ 'ਸਤਿ' ਵਿਚ ਪ੍ਰਗਟ ਕੀਤਾ ਹੈ :

> ਏਕੋ ਕਉ ਸਚੁ ਏਕਾ ਜਾਣੈ
> ਹਉਮੈ ਦੂਜਾ ਦੂਰ ਕੀਆ (ਰਾਮ ੧, 940)

'ਸਤਿਨਾਮ' ਇਕ ਸ਼ਬਦ ਨਹੀਂ, ਨਾ ਹੀ 'ਸਤਿ' ਨਾਮ ਦਾ ਵਿਸ਼ੇਸ਼ਣ ਹੈ। 'ਸਤਿ' ਅਤੇ 'ਨਾਮ' ਦੋਵੇਂ ਸ਼ਬਦ ਪਰਮਾਤਮਾ-ਹਸਤੀ ਦੀ ਹੋਂਦ ਅਤੇ ਵਿਦਵਾਨਤਾ ਦੇ ਲਖਾਇਕ ਹਨ। ਸਤਿ ਪਰਮਾਤਮਾ ਦੀ ਨਿਰਗੁਣ ਸਤਾ ਦਾ ਸੂਚਕ ਹੈ ਜੋ ਤ੍ਰੈਕਾਲ ਅਤੇ ਤ੍ਰੈਕਾਲ-ਅਤੀਤ 'ਸਤਿ' ਹੈ। ਇਹ ਸਤਾ ਨਾਮ ਰੂਪ ਵਿਚ ਸਾਰੇ ਵਿਦਮਾਨ ਹੁੰਦੀ ਹੈ। ਨਾਮ 'ਸਤਿ' ਹੈ, ਪਰ ਸਤਿ ਕੇਵਲ 'ਨਾਮ' ਨਹੀਂ। 'ਸਤਿ' ਸੱਚ ਸਰੂਪ ਵਿਚ ਨਾਮ ਰਾਹੀਂ ਵਿਆਪਕ ਹੁੰਦਾ ਹੈ ਜਿਸ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ, ਜੋ ਪ੍ਰਤੱਖ ਹੋ ਸਕਦਾ ਹੈ ਅਤੇ ਜੋ ਸਾਡੇ ਅਨੁਭਵ ਵਿਚ ਆ ਸਕਦਾ ਹੈ। ਅਨੁਭਵ ਅਤੀਤ 'ਸਤਿ' ਨੂੰ ਨਾਮ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ ਕਿਉਂਕਿ 'ਅਕਾਲ ਪੁਰਖ' ਸੱਚ ਵੀ ਹੈ ਅਤੇ ਨਾਮ ਵੀ। 'ਸਤਿ' ਕੇਵਲ ਭਾਵ-ਵਾਚੀ ਸ਼ਕਤੀ ਜਾਂ ਖਿਆਲ ਦਾ ਸਰੂਪ ਦ੍ਰਿੜ੍ਹਾਂਦਾ ਹੈ, ਨਾਮ ਕਰਮ-ਸ਼ੀਲਤਾ ਅਤੇ ਪ੍ਰਤੱਖ ਪਾਸਾਰੇ ਨੂੰ ਪ੍ਰਗਟ ਕਰਦਾ ਹੈ।

ਸਤਿ' ਦੀ ਸਦੀਵਤਾ, ਕਾਲ-ਵਾਚੀ ਤ੍ਰੈ-ਕਾਲੀ—ਭੂਤ, ਵਰਤਮਾਨ ਅਤੇ ਭਵਿਖ ਦੀ ਹੀ ਸਦੀਵਤਾ ਹੀ ਨਹੀਂ, ਸਗੋਂ ਇਹ ਕਾਲ-ਅਤੀਤ ਸਦੀਵਤਾ ਹੈ। ਗੁਰਮਤਿ ਵਿਚ ਕਾਲ ਅਨਾਦੀ ਨਹੀਂ, ਆਦਿ ਅੰਤ ਵਾਲਾ ਹੈ, ਸਾਰੀ ਰਚਨਾ ਖੰਡ, ਬ੍ਰਹਿਮੰਡ, ਸਰਬ ਪਦਾਰਥਾਂ ਅਤੇ ਤਰੈ-ਗੁਣਾਂ ਦੇ ਨਾਲ ਹੀ ਕਾਲ ਦੀ ਵੀ ਰਚਨਾ ਹੋਈ।

'ਸਤਿ' ਦੀ ਸਤਯਤਾ, ਮੌਜੂਦਗੀ ਅਤੇ ਹੋਂਦ ਨੂੰ ਗੁਰੂ ਨਾਨਕ ਦੇਵ ਜੀ ਨੇ 'ਹੈ' ਸ਼ਬਦ ਰਾਹੀਂ ਵੀ ਪ੍ਰਗਟ ਕੀਤਾ ਹੈ :

> ਹੈ, ਹੈ, ਆਖਾ ਕੋਟਿ ਕੋਟਿ, ਕੋਟੀ ਕੋਟਿ ਕੋਟਿ ਹੁ
> ਆਖੂ ਆਖਾ ਸਦਾ ਸਦਾ, ਕਹਿਣ ਨ ਆਵੈ ਤੋਟਿ
>
> (ਸਾਰੰਗ, ੧, 1241)

> ਤੂ ਹੈ, ਹੈ, ਵਾਹੁ, ਤੇਰੀ ਰਜਾਇ।
>
> (ਪ੍ਰਭਾਤੀ ਮ: ੧, 1329)

ਗੁਰੂ ਅਰਜਨ ਦੇਵ ਨੇ 'ਸਤਿ' ਦੀ 'ਹੈਤਾ ਨੂੰ ਹੈ ਤੂ, ਹੈ ਤੂ ਹੋਵਨਹਾਰ'—(ਬਿ. ਮ. ੫, ਪੰਨਾ 742) ਰਾਹੀਂ ਪ੍ਰਗਟਾਇਆ ਹੈ।

ਗੁਰਮਤਿ ਅਨੁਸਾਰ ਤ੍ਰੈ-ਕਾਲ ਅਤੀਤ 'ਸਤਿ' ਇਕ-ਰਸ ਵਿਆਪਕ ਹੈ। ਸੰਪੂਰਨਤਾ'

ਆਵਸ਼ਕਤਾ, ਸਦੀਵਤਾ, ਅਨੰਤਤਾ, ਇਕ-ਸੁਰਤਾ, ਸੁਤੰਤਰਤਾ ਅਤੇ ਏਕਤਾ ਸਤਿ ਦੇ ਸੁਭਾਵਿਕ ਲਛਣ ਹਨ। ਗੁਰੂ ਨਾਨਕ ਦੇਵ ਅਨੁਸਾਰ ਸਤਿ 'ਸਦਾ ਸਲਾਮਤਿ ਨਿਰੰਕਾਰ' ਹੈ। ਗੁਰੂ ਅਰਜਨ ਦੇਵ ਅਨੁਸਾਰ 'ਸਤਿ' ਅਬਿਨਾਸ਼ੀ ਅਤੇ ਸਦਾ ਸਲਾਮਤ ਹੈ :

**ਅਬਿਨਾਸੀ ਅਵਿਗਤੁ ਅਗੋਚਰ, ਸਦਾ ਸਲਾਮਤ ਖਸਮੁ ਹਮਾਰਾ**

(ਪੰਨਾ 376)

ਸਾਰੀ ਰਚਨਾ, ਸਾਰਾ ਬ੍ਰਹਿਮੰਡ, ਕਾਲ-ਪੁਲਾੜ ਦੇ ਪ੍ਰਭਾਵ ਅਧੀਨ ਬਦਲਦਾ ਰਹਿੰਦਾ ਹੈ, ਪਰਵਰਤਨਸ਼ੀਲ ਹੈ, ਜੰਮਦਾ ਮਰਦਾ ਰਹਿੰਦਾ ਹੈ ਪਰ ਵਾਸਤਵਿਕ ਹੋਂਦ (ਸਤਿ) ਜਨਮ ਮਰਨ, ਆਉਣ ਜਾਣ ਦੇ ਗੇੜ ਅਤੇ ਪਰਿਵਰਤਨ ਵਿਚ ਨਹੀਂ (ਸਾਹਿਬ ਮੇਰਾ ਸਦਾ ਹੈ—5 .9) ਉਸ ਦਾ ਸਰੂਪ 'ਆਦਿ ਅਨੀਲ ਅਨਾਦਿ ਅਨਾਹਦ ਜੁਗੁ ਜੁਗੁ ਏਕੋ ਵੇਸ' ਵਾਲਾ ਹੈ। ਪ੍ਰਿਥਵੀ, ਸੂਰਜ, ਚੰਦ, ਤਾਰੇ ਸਭ ਹੁਕਮ ਦੀ ਕਾਰ ਵਿਚ ਆਪਣੇ ਨਿਸ਼ਚਿਤ ਪੰਧ ਤੇ ਦੌੜੇ ਜਾਂਦੇ ਹਨ ਪਰ ਸਤਿ ਸਰੂਪੀ ਹਸਤੀ ਨਿਹਚਲ ਅਤੇ ਸਥਿਰ ਹੈ। (ਸਭ ਦੁਨੀਆ ਆਵਣ ਜਾਵਣੀ, ਮੁਕਾਮੁ ਏਕੁ ਰਹੀਮ। ਸਿਰੀ ਰਾਗ ਮ. ੧, 64) ਇਹ ਲਾਇਬਨੀਜ਼ ਅਤੇ ਹੇਗਲ ਦਾ 'ਸਬਸਟਾਂਸ' ਨਹੀਂ, ਸਗੋਂ ਚੇਤਨ ਕਰਤਾਰੀ ਸ਼ਕਤੀ ਹੈ। ਕਾਲ-ਪੁਲਾੜ, ਜਨਮ-ਮਰਨ ਦੀ ਸੀਮਾ ਤੋਂ ਮੁਕਤ ਹੋਣ ਕਾਰਨ ਸੱਚ ਕਦੇ ਪੁਰਾਣਾ ਨਹੀਂ ਹੁੰਦਾ, ਇਕ-ਰਸ ਕਾਇਮ ਰਹਿੰਦਾ ਹੈ :

**ਸਚੁ ਪੁਰਾਣਾ ਹੋਵੈ ਨਾ ਹੀ—** ਰਾਮਕਲੀ ਮ. ੧ (955)

**ਸਚੁ ਪੁਰਾਣਾ ਨਾ ਥੀਐ** ਸਾਰੰਗ ਮ. ੩ (1258)

ਕਾਲ ਪੁਲਾੜੀ, ਮਰਣਸ਼ੀਲ, ਪਰਿਵਰਤਨਸ਼ੀਲ ਰਚਨਾ ਨੂੰ 'ਸਤਿ' ਦੇ ਉਲਟ 'ਅਸਤਿ' ਕਿਹਾ ਹੈ ਪਰ ਇਹ ਵੇਦਾਂਤੀ ਪਰਿਭਾਸ਼ਾ ਵਾਲਾ ਛਲ, ਕਪਟ, ਭਰਮ, ਰੱਸੀ ਦਾ ਸੱਪ ਜਾਂ ਸਹੇ ਦੇ ਸਿੰਗਾਂ ਵਾਲੀ ਅਣਹੋਂਦ ਨਹੀਂ, ਬ੍ਰਹਿਮੰਡ 'ਸਤਿ' ਦੇ ਸਾਪੇਖ 'ਅਸਤਿ' ਹੈ। ਇਸ ਦੀ ਪਰਿਵਰਤਨਸ਼ੀਲਤਾ ਪਰਿਵਰਤਨ ਰਹਿਤ ਸਤਿ ਦੇ ਪ੍ਰਸੰਗ ਵਿਚ ਹੈ। ਕਾਲ-ਵਾਚੀ ਦ੍ਰਿਸ਼ਟੀ ਤੋਂ ਇਸ ਦੀ ਹੋਂਦ ਹੈ ਅਤੇ ਅਵੱਸ਼ ਹੈ। ਗੁਰਮਤਿ ਅਨੁਸਾਰ ਇਹ ਕਰਤਾ ਪੁਰਖ ਦੀ ਰਚਨਾ ਹੈ। ਆਪਣੀ ਕਿਰਤ ਵਿਚ ਕਰਤਾ ਖੁਦ ਵਿਦਵਾਨ ਹੈ ;

(i) **ਆਪਿ ਸਤਿ ਕੀਆ ਸਭੁ ਸਤਿ**
**ਤਿਸ ਪ੍ਰਭ ਤੇ ਸਗਲੀ ਉਤਪਤਿ।** ਸੁਖਮਨੀ ਮ. ੫ (294)

(ii) **ਸਚੁ ਸਚੁ ਸਚੁ ਸਭ ਕੀਨਾ।**
**ਕੋਟਿ ਮਧੇ ਕਿਨੈ ਬਿਰਲੈ ਚੀਨਾ।** —,, — (279)

ਸੰਸਾਰ ਦੀ ਅੰਤਮ ਸੂਖਮਤਾ ਪਰਮਾਣੂ ਈਲੈੱਕਟਰਾਨ ਜਾਂ ਨਿਊਟਰਾਨ ਨਹੀਂ ਸਗੋਂ ਗੁਰੂ ਨਾਨਕ ਦੇਵ ਅਨੁਸਾਰ ਅੰਤਿਮ ਤੱਤ ਵੀ 'ਸੱਚ' ਹੀ ਹੈ। ਸੱਚ ਤੋਂ ਹੀ ਇਹ ਖੇਡ ਅਰੰਭ ਹੋਈ : ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲ ਹੋਇ।' (ਸਿਰੀ ਰਾਗ ਮ: ੧, 19) 'ਸੱਚ ਤੋਂ ਸਾਰੀ ਹੋਂਦ

ਵਿਦਮਾਨ ਹੋਈ ਅਤੇ 'ਸਚ' ਨੇ ਹੀ ਰਚਨਾ ਨੂੰ ਦੇਵੀ—ਕਾਨੂੰਨ ਵਿਚ ਬੰਨ੍ਹਿਆ ਹੋਇਆ ਹੈ ਜਿਸ ਅਧੀਨ ਭੌਤਿਕ ਵਸਤੂਆਂ ਕਾਲ-ਪੁਲਾੜ ਦੀ ਸੀਮਾਂ ਵਿਚ ਜੰਮਦੀਆਂ ਮਰਦੀਆਂ ਅਤੇ ਪਰੀਵਰਤਨਸ਼ੀਲ ਹੁੰਦੀਆਂ ਰਹਿੰਦੀਆਂ ਹਨ। ਇਸ ਲਈ ਸਾਰੀਆਂ ਕਿਰਤਾਂ ਵਿਚ ਭੌਤਿਕ ਅਤੇ ਪਰਾ-ਭੌਤਿਕ ਤੱਤਾਂ ਨੂੰ ਇਕੱਠਾ ਕੀਤਾ ਗਿਆ ਹੈ ਜਿਵੇ ਅਵਾਸਤਵਿਕ ਅਤੇ ਵਾਸਤਵਿਕ, ਪਰੀਵਰਤਨਸ਼ੀਲ ਅਤੇ ਪਰਿਵਰਤਨਰਹਿਤ, ਮਰਣਸ਼ੀਲ ਅਤੇ ਅਮਰ, ਤਰੈਕਾਲ-ਪੁਲਾੜ ਬੱਧ ਅਤੇ ਤਰੈ-ਕਾਲ ਪੁਲਾੜ ਅਤੀਤ, ਅਸਥੂਲ ਅਤੇ ਸੂਖਮ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ, ਸਰੀਰ ਅਤੇ ਆਤਮਾ ਮਿਲ ਕੇ ਪਰਮ-ਸਤਿ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ। ਇਹ ਕੋਈ ਵਿਰੋਧਾਭਾਸ ਨਹੀਂ, ਸਗੋਂ ਸਤਿ-ਸਰੂਪ ਕਰਤਾ-ਪੁਰਖ ਦੀ ਕਲਾ ਹੈ :

(i) **ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ ॥**
**ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰ ਰਹਿਆ ॥**
ਵਾਰ ਮ. ੧ (469)

(ii) **ਰੂਪੁ ਸਤਿ ਜਾਕਾ ਸਤਿ ਅਸਥਾਨੁ, ਪੁਰਖੁ ਸਤਿ ਕੇਵਲ ਪਰਧਾਨੁ ॥**
**ਕਰਤੂਤਿ ਸਤਿ, ਸਤਿ ਜਾਕੀ ਬਾਣੀ, ਸਤਿ ਪੁਰਖ ਸਭ ਮਾਹਿ ਸਮਾਣੀ।**
**ਸਤਿ ਕਰਮੁ ਜਾਕੀ ਰਚਨਾ ਸਤਿ, ਮੂਲ ਸਤਿ, ਸਤਿ ਉਤਪਤਿ।**
**ਸਤਿ ਕਰਣੀ ਨਿਰਮਲ ਨਿਰਮਲੀ, ਜਿਸਹਿ ਬੁਝਾਏ, ਤਿਸਹਿ ਸਭ ਭਲੀ।**
**ਸਤਿ ਨਾਮ ਪ੍ਰਭ ਕਾ ਸੁਖਦਾਈ, ਬਿਸਵਾਸ ਸਤਿ ਨਾਨਕ ਗੁਰ ਤੇ ਪਾਈ।**
(ਸੁਖ, ਮ. ੫. 289)

**ਨਾਮ :** ਨਾਮ ਦਾ ਸੰਸਕ੍ਰਿਤ ਰੂਪ ਨਾਮਨੁ ਹੈ, ਜਿਸ ਦਾ ਧਾਤੂ ਹੈ 'ਮਨਾ', ਜਿਸ ਦਾ ਭਾਵ ਹੈ ਯਾਦ ਕਰਨਾ, ਯਾਦ ਰਖਣਾ, ਨਾਮਨੁ ਤੋਂ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ 'ਨਾਮ'। ਭਾਈ ਕਾਨ੍ਹ ਸਿੰਘ ਅਨੁਸਾਰ 'ਨਾਮ' ਜਾਂ ਨਾਉ ਸੰਗਯਾ ਹੈ। ਕਿਹ ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਹੈ। ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਹੁਕਮ-ਬੋਧਕ ਸ਼ਬਦ ਭੀ ਹੈ। (ਮਹਾਨ ਕੋਸ਼ 669) ਭਾਈ ਵੀਰ ਸਿੰਘ ਅਨੁਸਾਰ ਨਾਮ (ਪਰਮਾਤਮਾ ਅਤੇ ਮਨੁਖ ਚੇਤਨਾ) ਦੋਹਾਂ ਦੇ ਵਿਚਾਲੇ ਮੇਲਣ ਹਾਰ **ਸੱਤਯਾ** ਹੈ......ਨਾਮ ਵਾਹਿਗੁਰੂ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ (ਸੰਥਯਾ ੧, ੧੪) ਭਾਈ ਜੋਧ ਸਿੰਘ ਅਨੁਸਾਰ 'ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। (ਗੁਰੂ ਨਾਨਕ ਬਾਣੀ, 25)। ਨਾਮ ਦੀ ਅਨੇਕ ਪੱਖੀ ਵਿਆਖਿਆ ਤੋਂ ਇਹ ਸਿੱਧ ਹੁੰਦਾ ਹੈ ਕਿ ਨਾਮ 'ਪਰਮ-ਸਤਿ' ਦੀ ਚੇਤਨ-ਸਤਾ ਹੈ ਜੋ ਸੂਖਮ ਤੋਂ ਸੂਖਮ ਅਤੇ ਸਥੂਲ ਤੋਂ ਸਥੂਲ ਰਚਨਾ ਵਿਚ ਵਿਆਪਕ ਹੈ ਅਤੇ ਇਸ ਦਾ ਆਧਾਰ ਤੱਤ ਹੈ। ਇਸ ਦਾ ਟਿਕਾਣਾ ਹਰੇਕ ਮਨੁਖੀ ਹਿਰਦੇ ਵਿਚ ਭੀ ਹੈ। ਇਹ ਪਰਮ-ਤੱਤ ਦਾ ਅਨੁਭਵ ਹੀ ਨਾਮ ਦਾ ਅਨੁਭਵ ਹੈ ਅਤੇ ਨਾਮ ਦਾ ਅਨੁਭਵ ਪਰਮਾਤਮ-ਅਨੁਭਵ ਹੈ। ਪਰਮਾਤਮਾ ਦਾ

ਰੂਪ ਕੋਈ ਨਹੀਂ, ਉਹ ਕੇਵਲ 'ਨਾਮ' ਹੈ। ਸਾਰੀ ਰਚਨਾ, ਸਥੂਲ ਦ੍ਰਿਸ਼ਟਮਾਨ (Phenomenal) ਅਤੇ ਸੂਖਮ ਅਦ੍ਰਿਸ਼ਟਮਾਨ (Neumenal) ਸਭ ਦਾ ਅੰਤਿਮ ਮੂਲ-ਤੱਤ **ਨਾਮ** ਹੈ ਜੋ ਭੌਤਿਕ ਨਹੀਂ, ਪਰਾ ਭੌਤਿਕ ਹੈ, ਜੋਤਿ ਹੈ, ਚੇਤਨ ਸ਼ਕਤੀ ਹੈ, ਅਧਾਰ ਤੱਤ ਹੈ, ਅਤੇ ਸਾਰੀਆਂ ਕਿਰਤਾਂ ਵਿਚ ਵਿਦਮਾਨ ਹੈ :

(i) **'ਨਾਮ ਤੱਤ ਸਭ ਹੀ ਸਿਰ ਜਾਪੈ** । (ਰਾਮ, ੧, 943)
(ii) **ਨਾਮ ਕੇ ਧਾਰੇ ਸਗਲੇ ਜੰਤ** । (ਸੁ. ਮ. ੫, 284)
(iii) **ਜੇਤਾ ਕੀਤਾ ਤੇਤਾ ਨਾਉ** । (ਜਪੁਜੀ, 20)

ਇਹੋ ਪਰਮ ਤੱਤ (ਨਾਮ) ਸੰਸਾਰ ਨੂੰ ਹਰਕਤ ਦੇਣ ਵਾਲੀ ਸ਼ਕਤੀ ਹੈ ਅਤੇ ਇਸ ਦੀ ਪਰੀਵਰਤਨਸ਼ੀਲਤਾ ਦਾ ਕਾਰਨ ਹੈ। ਨਾਮ ਇਕ ਪਾਸੇ ਨਾਮੀ-ਪਰਮਾਤਮਾ ਨਾਲ ਇਕ-ਮਿਕ ਹੈ, ਦੂਜੇ ਬੰਨੇ ਕਾਇਨਾਤ ਦਾ ਆਧਾਰ ਤੱਤ ਹੋਣ ਕਾਰਨ ਸ੍ਰਿਸ਼ਟੀ ਨਾਲ ਨਿਕਟਵਰਤੀ ਸੰਬੰਧ ਰਖਦਾ ਹੈ। ਇਸ ਤਰ੍ਹਾਂ ਨਾਮ 'ਕਰਤਾਰ' ਅਤੇ 'ਕਿਰਤ' ਦਾ ਸੰਯੋਜਕ ਹੈ। 'ਨਾਮ' ਰਾਹੀਂ ਹੀ ਮਨੁੱਖ ਸੰਸਾਰ ਤੋਂ ਉਠ ਕੇ ਕਰਤਾਰ ਨਾਲ ਜੁੜ ਸਕਦਾ ਹੈ। ਇਹੋ ਨਾਮ ਰਹੱਸ ਹੈ।

**ਸਤਿਨਾਮ** : 'ਸਤਿ' '੧ਓ' ਦੀ ਹਸਤੀ, ਹੋਂਦ ਅਤੇ ਵਾਸਤਵਿਕਤਾ ਦਾ ਸੂਚਕ ਹੈ ਅਤੇ ਨਾਮ ਸਤਿ ਸਰੂਪੀ ਹਸਤੀ ਦੀ ਸਰਬ-ਵਿਦਮਾਨ ਚੇਤਨ-ਸਤਾ ਹੈ ਜੋ ਅਨੇਕ ਗੁਣਾ ਰਾਹੀਂ ਪ੍ਰਗੱਟ ਹੋ ਰਹੀ ਹੈ ਅਤੇ ਉਸ ਦਾ ਹਰੇਕ ਗੁਣ ਉਸ ਦਾ ਇਕ ਪੱਖ ਹੈ। ਸਰਬ-ਨਾਮ ਇਕੋ ਹਸਤੀ ਦੀ ਹੋਂਦ ਦੇ ਪ੍ਰਤੀਕ ਹਨ ਜੋ ਅਨੇਕ ਰੰਗਾ ਅਤੇ ਰੂਪਾ ਵਿਚ ਪ੍ਰਗੱਟ ਹੋ ਰਹੀ ਹੈ। ਇਸ ਲਈ ਇਸ ਹਸਤੀ ਦੇ ਸ੍ਵੈ-ਪ੍ਰਗਟਾਵੇ ਨੂੰ 'ਨਾਮ' ਦਾ 'ਪ੍ਰਗਟਾਵਾ' ਕਿਹਾ ਹੈ। ਗੁਰੂ ਨਾਨਕ ਦੇਵ ਅਜੇਹੇ ਸਰਬੱਤ ਨਾਵਾਂ ਤੋਂ ਬਲਿਹਾਰ ਜਾਂਦੇ ਹਨ ਜੋ ਉਸ ਹਸਤੀ ਦੇ ਜ਼ਹੂਰ ਨੂੰ ਪ੍ਰਗੱਟ ਕਰਦੇ ਹਨ। ਪਰ 'ਨਾਮ' ਅਤੇ 'ਨਾਵਾਂ' ਵਿਚ ਅੰਤਰ ਹੈ। ਨਾਵਾਂ ਨੂੰ ਨਾਮ ਨਹੀਂ ਕਿਹਾ ਜਾ ਸਕਦਾ ਕਿਉਂਕਿ ਰਾਮ, ਰਹੀਮ, ਕਿਰਪਾਲੂ, ਦਿਆਲੂ, ਵਿਚ ਉਸ ਹਸਤੀ ਦਾ ਕੋਈ ਇਕ ਪੱਖ ਉਜਾਗਰ ਹੋ ਰਿਹਾ ਹੈ ਜਦ ਕਿ ਨਾਮ ਉਸ ਦੀ ਸਮੁੱਚੀ ਗੁਣੀ-ਨਿਧਾਨ ਹਸਤੀ ਦਾ ਸੰਕੇਤ ਹੈ। ਇਹ ਸਾਰੇ 'ਨਾਮ' ਕਿਰਤਮ ਹਨ, ਹਸਤੀ ਦੇ ਕਿਸੇ ਇਕ ਪੱਖ ਨੂੰ ਉਜਾਗਰ ਕਰ ਰਹੇ ਹਨ। ਬ੍ਰਹਮ ਦੀ ਹੋਂਦ ਅਤੇ ਚਾਰ ਨੂੰ ਦਸਣ ਵਾਲਾ ਕੇਵਲ ਇਕ ਸ਼ਬਦ **'ਸਤਿ'** ਹੈ, ਬਾਕੀ ਜਿਤਨੇ ਵੀ ਨਾਉਂ ਹਨ, ਕਰਤਾ, ਨਿਰਭਉ, ਨਿਰਵੈਰ, ਆਕਲ ਮੂਰਤਿ, ਨਿਰਭਉ, ਨਿਰਵੈਰ ਇਹ ਸਭ ਸਫਾਤੀ ਗੁਣ-ਵਾਚੀ ਨਾਉਂ ਹਨ। ਗੁਰਬਾਣੀ ਵਿਚ ਇਨ੍ਹਾਂ ਕਰਮ-ਵਾਚੀ (ਨਾਮਾ) ਨਾਵਾਂ ਨੂੰ ਕਿਰਤਮ-ਨਾਮ ਅਤੇ 'ਸਤਿ' ਨੂੰ ਪਰਾਪੂਰਬਲਾ ਜ਼ਾਤੀ ਨਾਮ ਕਿਹਾ ਹੈ :—

(i) **ਕਿਰਤਮ ਨਾਮ ਕਥੇ ਤੇਰੇ ਜਿਹਵਾ ॥**
**ਸਤਿਨਾਮੁ ਤੇਰਾ ਪਰਾ ਪੂਰਬਲਾ ॥**

ਮਾਰੂ ਮ. ੫ (1083)

(ii) ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

ਧਨਾਸਰੀ ਮ. ੪ (670)

(iii) ਸਤਿ ਨਾਮੁ ਪ੍ਰਭ ਕਾ ਸੁਖਦਾਈ ॥

ਗਉੜੀ ਮ. ੫ (284)

ਉਸ ਦੀ ਹੋਂਦ ਦਾ ਵਾਚਕ ਨਾਮ ਕੇਵਲ 'ਸਤਿ' ਹੈ ਜੋ ਆਦਿ ਜੁਗਾਦਿ ਅਤੇ ਤ੍ਰੈ-ਕਾਲ ਅਤੀਤ 'ਸਤਿ' ਹੈ। ਇਸ ਦੀ ਸੋਝੀ ਗੁਰੂ ਕਿਰਪਾ ਰਾਹੀਂ ਹੁੰਦੀ ਹੈ :

ਨਾਮ ਨਿਰੰਜਨੁ ਅਲਖੁ ਹੈ, ਕਿਉ ਲਖਿਆ ਜਾਈ ॥
ਗੁਰ ਪੂਰੇ ਤੇ ਪਾਈਐ, ਹਿਰਦੈ ਦੇ ਦਿਖਾਈ ॥

ਸਾਰੰਗ ਮ. ੪ (1242)

## ਕਰਤਾ ਪੁਰਖੁ

ਕਰਤਾ ਪੁਰਖ ਦਾ ਸੰਕਲਪ ਸ੍ਰਿਸ਼ਟੀ ਰਚਨਾ ਨਾਲ ਸੰਬੰਧਿਤ ਹੈ, ਸੰਸਾਰ ਦੀਆਂ ਪੁਰਾਤਨਤਮ ਸਭਿਆਤਾਵਾਂ ਅਤੇ ਧਰਮਾਂ ਵਿਚ ਵੀ ਸ੍ਰਿਸ਼ਟੀ ਦੀ ਹੋਂਦ ਅਤੇ ਇਸ ਦੇ 'ਕਰਤਾ' ਬਾਰੇ ਕਿਆਸ-ਕਾਰੀਆਂ ਹੁੰਦੀਆਂ ਰਹੀਆਂ ਹਨ । ਜ਼ਰਥੁਸਟਵਾਦੀਆਂ, ਯੂਨਾਨੀਆਂ, ਚੀਨੀਆਂ, ਯਹੂਦੀਆਂ, ਈਸਾਈਆਂ ਅਤੇ ਇਸਲਾਮ ਦੇ ਪੈਰੋਕਾਰਾਂ ਨੇ ਇਸ ਵਿਸ਼ੇ ਨੂੰ ਅਨੇਕ ਪਹਿਲੂਆਂ ਤੋਂ ਵਿਚਾਰਿਆ ਹੈ। ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਵੀ ਇਸ ਦੀ ਚਰਚਾ ਹੋਈ ਹੈ। ਜੈਨ, ਬੁਧ, ਵੈਸ਼ਨਵ, ਸਾਖ, ਵੈਸ਼ੇਸ਼ਿਕ ਅਤੇ ਵੇਦਾਂਤੀਆਂ ਨੇ ਇਸ ਬਾਰੇ ਆਪਣੇ ਆਪਣੇ ਮਤ ਪੇਸ਼ ਕੀਤੇ ਹਨ । ਗੁਰਮਤਿ ਵਿਚ ਵੀ **ਬ੍ਰਹਿਮੰਡ ਅਤੇ ਜੀਵ ਰਚਨਾ** ਨੂੰ ਵਿਸ਼ੇਸ਼ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ। 'ਕਰਤਾ ਪੁਰਖੁ' ਦੇ ਆਧਾਰ ਤੇ ਹੀ ਗੁਰਮਤਿ ਦਾ ਰਚਨਾ-ਸਿਧਾਂਤ ਵਿਕਾਸ-ਸ਼ੀਲ ਹੁੰਦਾ ਹੈ ਅਤੇ ਗੁਰਬਾਣੀ ਦੇ ਅਨੇਕ ਪ੍ਰਸੰਗਾਂ ਵਿਚ 'ਕਰਤਾ' ਅਤੇ ਕਿਰਤ (ਬ੍ਰਹਮ, ਬ੍ਰਹਿਮੰਡ ਅਤੇ ਜੀਵ) ਦੀ ਹੋਂਦ ਅਤੇ ਆਪਸੀ ਸੰਬੰਧ ਸਪਸ਼ਟ ਹੁੰਦੇ ਹਨ ।

**ਕਰਤਾ** '੧ਓ' ਦੇ ਕਰਤਾਰੀ ਪੱਖ ਨੂੰ ਦਰਸਾਉਂਦਾ ਹੈ, 'ਕਰਤਾ' ਦਾ ਭਾਵ ਹੈ.ਉਹ ਜਿਹੜਾ ਕਾਰਜ ਕਰਦਾ ਹੈ, ਰਚਦਾ, ਹੈ ਬਣਾਉਂਦਾ ਹੈ. ਸਾਜਦਾ ਹੈ। ਏਥੇ 'ਕਰਤਾ' ਦੇ ਅਰਥ ਹਨ — ਬ੍ਰਹਮੰਡ ਰਚਣ ਵਾਲਾ ਪਾਰਬ੍ਰਹਮ । 'ਪੁਰਖੁ' ਕਰਤਾ ਦਾ ਵਿਸ਼ੇਸ਼ਣ ਹੈ। ਸੰਸਕ੍ਰਿਤ ਦੇ ਪੁਰੁਸ਼ ਦਾ ਪੰਜਾਬੀ ਰੂਪਾਂਤਰ 'ਪੁਰਖੁ' ਹੈ। 'ਪੁਰਖੁ' ਦੇ ਕਈ ਅਰਥ ਹੋ ਸਕਦੇ ਹਨ - ਪੁਰਖੁ, ਆਦਮੀ, ਮਨੁਖ, ਅਧਿਕਾਰੀ, ਦੂਤ, ਆਤਮਾ, ਬ੍ਰਹਿਮੰਡ ਦੀ ਆਤਮਾ, ਸਾਂਖ ਦਰਸ਼ਨ ਦਾ ਪੁਰਸ਼-ਆਤਮਾ ਜੋ ਅਕ੍ਰਿਆਸ਼ੀਲ ਹੈ ਅਤੇ ਪ੍ਰਕ੍ਰਿਤੀ ਦਾ ਦਰਸ਼ਕ ਹੈ, ਪੁਰੁਸ਼-ਸੂਕਤ (ਰਿਗਵੇਦ) ਵਿਚ ਦਰਸਾਈ ਬ੍ਰਹਿਮੰਡ ਆਤਮਾ ਜਿਸ ਨੂੰ ਪਰਾ-ਪੁਰੁਸ਼ ਪਰਮ-ਪੁਰੁਸ਼, ਉਤਮ-ਪੁਰੁਸ਼ ਵੀ ਕਿਹਾ ਗਿਆ ਹੈ ਅਤੇ ਬ੍ਰਹਮਾ,

ਵਿਸ਼ਨੂੰ, ਸ਼ਿਵ ਨਾਲ ਅਭੇਦਤਾ ਵੀ ਦਸੀ ਗਈ ਹੈ।

ਭਾਈ ਜੋਧ ਸਿੰਘ (ਜਪੁਜੀ ਸਟੀਕ) ਅਨੁਸਾਰ 'ਪੁਰਖ' ਦੇ ਅਰਥ ਹਨ, 'ਵਿਆਪਕ'। ਕਰਤਾ ਇਸ ਸ੍ਰਿਸ਼ਟੀ ਨੂੰ ਰਚਕੇ ਆਪ ਉਸ ਤੋਂ ਅਲੱਗ ਨਹੀਂ ਬੈਠ ਗਿਆ ਸਗੋਂ ਆਪ ਇਸ ਰਚਨਾ ਵਿਚ ਵਿਆਪਕ ਹੈ। ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ, ਡਾ: ਤਾਰਨ ਸਿੰਘ ਆਦਿ ਵਿਦਵਾਨਾਂ ਨੇ ਇਸ ਦੇ ਇਹੋ ਅਰਥ ਕੀਤੇ ਹਨ। '**ਪੁਰਖੁ**' **ਪਰਮਾਤਮਾ ਦੀ ਸਰਬ-ਵਿਆਪਕ, ਸਰਬ-ਸਮਰਥ ਕਰਤਾਰੀ ਚੇਤੰਨਤਾ ਅਤੇ ਸਰਬ-ਗੁਣ ਸਪੰਨ ਆਤਮਕ ਹਸਤੀ ਦਾ ਸੂਚਕ ਹੈ।** ਗੁਰਬਾਣੀ ਵਿਚ 'ਪੁਰਖੁ' ਦਾ ਪ੍ਰਯੋਗ ਪਰਮ-ਆਤਮਾ ਦੀ ਸਰਬ-ਵਿਦਮਾਨਤਾ ਵਿਚ ਬਹੁਤ ਹੋਇਆ ਹੈ :

(i) **ਓਹ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਈ ॥**

ਸੂਹੀ ਮ: ੪ (759)

(ii) **ਪੂਰਿ ਰਹਿਆ ਸਰਬਤ੍ਰ ਮੈਂ ਸੋ ਪੁਰਖੁ ਬਿਧਾਤਾ।**

ਕੇਦਾਰਾ (1122)

ਇਹ ਪ੍ਰਯੋਗ ਰਿਗ-ਵੈਦਿਕ ਮਿਥਿਹਾਸਕ 'ਪੁਰੁਸ਼' ਅਤੇ ਅਕ੍ਰਤ੍ਰੀ ਪੁਰੁਸ਼ ਨਾਲੋਂ ਵਿਭਿੰਨ ਹੈ।

**ਕਰਤਾ ਪੁਰਖੁ :** ਗੁਰਮਤਿ ਅਨੁਸਾਰ ਸਾਰੇ ਬ੍ਰਹਿਮੰਡ ਦਾ ਸਿਰਜਣਹਾਰ 'ਇਕ ਓਅੰਕਾਰ' ਹੈ ਜੋ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ। ਰਚਨਾ ਅਨਾਦੀ ਨਹੀਂ। ਇਸ ਦਾ ਆਦਿ ਵੀ ਹੈ, ਅੰਤ ਵੀ। ਇਸ ਨੂੰ ਰਚਨ, ਸੰਵਾਰਨ, ਪਾਲਣ ਅਤੇ ਸਮੇਟਣ ਵਾਲਾ 'ਕਰਤਾ ਪੁਰਖੁ' ਹੈ। ਸੰਸਾਰ ਰਚਨਾ ਤੋਂ ਪਹਿਲਾਂ ਉਹ ਕੇਵਲ ਆਪ ਹੀ ਸੀ, ਹੋਰ ਆਕਾਸ਼, ਪਾਤਾਲ, ਲੋਕ, ਜੀਵ, ਕੁਝ ਵੀ ਨਹੀਂ ਸੀ। ਇਹ ਨਿਰੰਕਾਰ ਦੀ ਨਿਰਗੁਣ ਅਵਸਥਾ ਸੀ। ਉਹ ਭਾਣੇ ਵਿਚ ਇਸ ਦਾ ਵਿਸਥਾਰ ਕਰਦਾ ਹੈ, ਅਤੇ ਭਾਣੇ ਵਿਚ ਹੀ ਇਸ ਨੂੰ ਸਮੇਟ ਲੈਂਦਾ ਹੈ। ਇਸ ਤਰ੍ਹਾਂ ਹਰ ਰਚਨਾ ਇਕ ਨਵੀਂ ਉਸਾਰੀ ਹੈ। ਹਰ ਰਚਨਾ ਦੀ ਸਿਰਜਨਾ ਅਤੇ ਸਮਾਪਤੀ 'ਕਰਤਾ ਪੁਰਖੁ' ਦੇ ਅੱਖ ਦੇ ਫੋਰ ਵਿਚ ਹੋ ਜਾਂਦੀ ਹੈ। ਇਸ ਨੂੰ ਛੇ ਦਿਨ ਨਹੀਂ ਲਗਦੇ ਜਿਵੇਂ ਕਿ ਯਹੂਦੀ, ਈਸਾਈ ਅਤੇ ਇਸਲਾਮ ਵਾਲੇ ਮੰਨਦੇ ਹਨ। ਨਿਮਨ ਪ੍ਰਸੰਗਾਂ ਤੋਂ 'ਕਰਤਾ ਪੁਰਖ' ਦੀ ਰਚਨਾ ਦੇ ਕਈ ਪੱਖ ਉਜਾਗਰ ਹੋ ਰਹੇ ਹਨ :

(i) ਆਪਣਾ ਆਪ ਉਪਾਇਓਨੁ ਤਦਹੁ ਹੋਰੁ ਨ ਕੋਈ ॥

ਮਾਝ (509)

(ii) **ਆਪਨ ਖੇਲ ਆਪਿ ਕਰ ਦੇਖੈ, ਖੇਲੁ ਸੰਕੋਚੈ ਤਉ ਨਾਨਕ ਏਕੈ ॥**

(292)

(iii) **ਤਿਸ ਭਾਵੈ ਤਾਂ ਕਰੇ ਬਿਸਥਾਰ, ਤਿਸ ਭਾਵੈ ਤਾਂ ਏਕੰਕਾਰੁ ॥**

(294)

(iV) ਢਾਹੇ ਢਾਹਿ ਉਸਾਰੇ ਆਪੇ (433)

(V) ਹਰਨ ਭਰਨ ਜਾ ਕਾ ਨੇਤ੍ਰ ਫੇਰੁ ॥ (284)

(Vi) ਕੇਤੜਿਆ ਜੁਗ ਧੰਧੂਕਾਰੈ । ਤਾੜੀ ਲਾਈ ਸਿਰਜਣ ਹਾਰੇ ॥ (1023)

(Vii ਅਰਬਦ ਨਰਬਦ ਧੁੰਧੂਕਾਰਾ (1035)

(Viii ਦੂਜੀ ਕੁਦਰਤ ਸਾਜੀਐ ॥ (463)

(iX) ਆਪੇ ਕਰਤਾ ਪੁਰਖੁ ਬਿਧਾਤਾ (1025)

(X) ਆਪੇ ਕੁਦਰਤਿ ਕਰਿ ਕਰਿ ਦੇਖੈ ॥ (1037)

(Xi) ਕੁਦਰਤਿ ਕਰਨੈ ਹਾਰ ਅਪਾਰਾ ॥ (1042)

(Xii ਇਹ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ॥ (463)

ਗੁਰਮਤਿ ਅਨੁਸਾਰ ਕੇਵਲ ਅਤੇ ਇਕੋ ਕਰਤਾ ਪੁਰਖੁ ਹੀ ਵਿਸ਼ਵ-ਰਚਨਾ ਦਾ ਕਰਤਾ ਅਤੇ ਸੰਚਾਲਕ ਹੈ । ਰਚਨਾ ਕਰਤੇ ਦੀ 'ਕਿਰਤ' ਹੈ, ਕਰਤਾ ਸਰਬ-ਵਿਆਪਕ ਹੈ ਪਰ ਰਚਨਾ ਕਰਤੇ ਦਾ ਰੂਪ-ਪਰਿਵਰਤਨ ਨਹੀਂ । ਕਰਤਾ ਨਿਮਿਤ ਅਤੇ ਉਪਾਦਾਨ ਕਾਰਨ ਦੋਵੇਂ ਹੈ । ਰਚਨਾ ਉਸ ਦੇ ਭਾਣੇ ਵਿਚ ਹੁੰਦੀ ਹੈ, ਜੋ ਸ਼ਬਦ ਅਤੇ ਨਾਮ 'ਰਾਹੀਂ' ਸਾਰੀਆਂ ਕਿਰਤਾਂ ਦਾ ਸਹਾਰਾ ਹੈ । ਰਚਨਾ ਅਨੰਤ ਹੈ ਅਤੇ ਉਸ ਦੇ ਹੁਕਮ ਦੇ ਨਿਯੰਤਰਣ ਵਿਚ ਹੈ । ਰਚਨਾ ਦਾ ਆਦਿ ਅੰਤ ਕੇਵਲ ਕਰਤਾ ਪੁਰਖੁ ਹੀ ਜਾਣਦਾ ਹੈ । ਰਚਨਾ ਉਸਦੀ ਵਡਿਆਈ ਹੈ । ਰਚਨਾ ਝੂਠੀ ਨਹੀਂ, ਸੱਚੇ ਦੀ ਕਿਰਤ ਹੈ । ਕਰਤਾ, ਜੀਵ ਅਤੇ ਜਗਤ ਨਿਕਟਵਰਤੀ ਸੰਬੰਧਾਂ ਵਿਚ ਬਝੇ ਹੋਏ ਸੰਸਾਰ ਦੀ ਖੇਡ ਚਲਾ ਰਹੇ ਹਨ ।

## ਨਿਰਭਉ ਨਿਰਵੈਰ

ਨਿਰਭਉ ਨਿਰਵੈਰ ਸਮਾਸਾਂ ਰਾਹੀਂ ਪਰਮ-ਆਤਮਾ ਨੂੰ ਸਾਰੇ ਨਕਾਰਾਤਮਕ ਛਿਦਰਾਂ, ਵੈਰ, ਵਿਰੋਧ ਅਤੇ ਡਰ ਦੀ ਭਾਵਨਾ ਤੋਂ ਮੁਕਤ ਦਸਿਆ ਹੈ । ਭਾਵੇਂ ਮਨੁਖ ਦੀ ਮੂਲ ਹੋਂਦ ਆਤਮਿਕ ਹੈ ਅਤੇ ਪਰਮ-ਆਤਮਾ ਦੀ ਅੰਸ਼ ਹੋਣ ਨਾਤੇ ਮਨੁੱਖ ਨੂੰ ਵੀ 'ਡਰ' ਅਤੇ 'ਵੈਰ' ਦੀਆਂ ਮੂਲ ਪਰ-ਵਿਰਤੀਆਂ ਤੋਂ ਮੁਕਤ, ਨਿਰਭਉ, ਨਿਰਵੈਰ, ਹੋਣਾ ਚਾਹੀਦਾ ਸੀ ਪਰ ਅੱਜ ਦੇ ਭੌਤਿਕ ਸੰਸਾਰ ਦੇ ਸਾਰੇ ਸੰਬੰਧ, ਸਾਰੀਆਂ ਸਮਾਜਕ ਅਤੇ ਰਾਜਨੀਤਕ ਬਣਤਰਾਂ, ਦੇਸੀ ਅਤੇ ਅੰਤਰ-ਦੇਸੀ ਕਾਨੂੰਨ ਅਤੇ ਅਹਿਦਨਾਮੇ 'ਡਰ' ਅਤੇ 'ਵੈਰ' ਦੀਆਂ ਮੂਲ ਭਾਵਨਾਵਾਂ ਉਤੇ ਅਧਾਰਤ ਹਨ । ਅੰਤਰ-ਰਾਸ਼ਟਰੀ ਖੇਤਰ ਵਿਚ ਜਦ ਤਕ ਛੋਟੇ ਅਤੇ ਵੱਡੇ ਰਾਜ 'ਡਰ' ਅਤੇ 'ਵੈਰ' ਦੀਆ ਪਰਵਿਰਤੀਆਂ ਤੋਂ ਮੁਕਤ ਹੋ ਕੇ ਪਿਆਰ ਅਤੇ ਵਿਸ਼ਵਾਸ ਦੀਆਂ ਸੰਧੀਆਂ ਵਿਚ ਨਹੀਂ ਜੁੜਦੇ, ਤਦ ਤੀਕ ਸੱਚੀ ਸੰਸਾਰ ਸ਼ਾਂਤੀ ਨਹੀਂ ਹੋ ਸਕਦੀ ।

ਭਾਰਤੀ ਪ੍ਰਸੰਗ ਵਿਚ ਨਿਰਭਉ ਨਿਰਵੈਰ ਨੈਤਿਕ ਗੁਣਾਂ ਦੀ ਹੋਰ ਵੀ ਵਧੇਰੇ ਮਹਾਨਤਾ ਹੈ ।

ਭਾਰਤੀ ਧਰਮਾਂ ਅਤੇ ਸਮਾਜਾਂ ਦੀ ਹਜ਼ਾਰਾਂ ਸਾਲਾਂ ਦੀ ਬਹੁ-ਦੇਵ-ਵਾਦੀ ਪਰੰਪਰਾ ਵਿਚ ਦੇਵੀ ਦੇਵਤਿਆਂ ਦੇ ਆਪਸੀ ਵੈਰ-ਵਿਰੋਧ ਅਤੇ ਉਹਨਾਂ ਨੂੰ ਮੰਨਣ ਅਤੇ ਨਾ-ਮੰਨਣ ਵਾਲਿਆਂ ਉਤੇ ਕਰੋਪੀਆਂ, ਸਰਾਪਾਂ ਅਤੇ ਦੰਡਾਂ ਦੇ 'ਡਰ' ਨੇ ਆਮ ਜੀਵਨ ਡਰਾਕਲ, ਨਿਰਬਲ, ਸਵੈ-ਵਿਸ਼ਵਾਸ ਹੀਣ ਬਣਾ ਦਿਤਾ ਸੀ। ਅਜੇਹੇ ਭਾਰਤੀਆਂ ਲਈ 'ਨਿਰਭਉ ਨਿਰਵੈਰ' ਪਰਮਾਤਮਾ ਦੀ ਵਿਸ਼ੇਸ਼ ਲੋੜ ਸੀ ਕਿਉਂਕਿ ਕੋਈ ਗੁਣ ਕਿਸੇ ਕੌਮ ਵਿਚ ਤਦੇ ਹੀ ਪੈਦਾ ਹੁੰਦੇ ਹਨ ਜੋ ਪਹਿਲਾਂ ਉਸ ਰੱਬ ਵਿਚ ਮੰਨੇ ਜਾਣ, ਜਿਸ ਰੱਬ ਦੀ ਉਹ ਪੂਜਾ ਕਰਦੀ ਹੈ। ਇਸ਼ਟ ਵਿਚ ਨਿਰਭਉ ਨਿਰਵੈਰ ਦੇ ਗੁਣਾਂ ਦੀ ਹੋਂਦ, ਇਸ਼ਟ ਨੂੰ ਮੰਨਣ ਵਾਲੇ ਸਮਾਜ ਦੇ ਨੈਤਿਕ ਵਿਕਾਸ ਅਤੇ ਸੁਖਾਵੇਂ, ਸੰਤੁਲਨ ਇਕਸਾਰ, ਇਕਸੁਰ ਜੀਵਨ ਵਿਚ ਸਹਾਇਕ ਸਿਧ ਹੁੰਦੇ ਹਨ।

ਗੁਰੂ ਨਾਨਕ ਦੇਵ ਅਨੁਸਾਰ 'ਡਰ' ਦੀ ਭਾਵਨਾ ਮਨੁੱਖਾਂ ਅਤੇ ਜਾਨਵਰਾਂ ਤਕ ਹੀ ਸੀਮਤ ਨਹੀਂ, ਸਗੋਂ ਸਾਰੀ ਕਾਇਨਾਤ, ਸਮੇਤ ਸਾਰੇ ਭੌਤਿਕ ਪਦਾਰਥਾਂ ਦੇ, 'ਡਰ' ਅਧੀਨ ਹੈ। ਸਾਰੇ ਪਉਣ, ਪਾਣੀ, ਅਗਨੀ, ਚੰਨ, ਸੂਰਜ ਸਭ ਰੱਬੀ 'ਭੈ' ਵਿਚ ਹਨ। ਇਹ 'ਭੈ' ਜਾਂ 'ਡਰ', ਦਰਅਸਲ ਦੈਵੀ 'ਹੁਕਮ' ਹੈ ਜਿਸ ਅਨੁਸਾਰ ਸਾਰੀ ਰਚਨਾ ਹੋਂਦ ਵਿਚ ਆ ਕੇ ਕਿਰਿਆਸ਼ੀਲ ਹੁੰਦੀ ਹੈ। 'ਕੋਈ ਵੀ ਕੁਦਰਤ ਦੀ ਘਾੜਤ 'ਹੁਕਮ' ਤੋਂ ਬਾਹਰ ਨਹੀਂ', ਅਤੇ 'ਸਾਰੀਆਂ ਘਾੜਤਾਂ ਰੱਬੀ 'ਭੈ' ਵਿਚ ਹਨ' ਦਾ ਇਕੋ ਭਾਵ ਹੈ। 'ਸਚਖੰਡ' ਵਿਚ ਦਰਸਾਏ ਖੰਡਾਂ, ਮੰਡਲਾਂ, ਲੋਆਂ, ਆਕਾਰਾਂ ਨੂੰ ਵੀ ਗੁਰੂ ਨਾਨਕ ਦੇਵ ਜੀ ਦੇ ਹੁਕਮਿ ਦੀ ਕਾਰ ਵਿਚ ਦਸਿਆ ਹੈ। ਇਹ 'ਡਰ' ਪਰਮਾਤਮਾ ਦਾ ਅਮੋੜ ਹੁਕਮ ਹੈ :

(i) ਡਰਪੈ ਧਰਤਿ ਆਕਾਸੁ ਨਖਤ੍ਰਾ ਸਿਰਊਪਰਿ ਅਮਰੁ ਕਰਾਰਾ (998)

(ii) ਭੈ ਵਿਚ ਪਵਣੁ ਵਹੈ ਸਦ ਵਾਉ...(464)

(iii) ਭੈ ਵਿਚਿ ਸਭੁ ਆਕਾਰੁ ਹੈ। (585)

(iv) ਸਗਲਿਆ ਭਉ ਲਿਖਿਆ ਸਿਰ ਲੇਖੁ (464)

'ਹੁਕਮਿ' ਅਤੇ 'ਡਰ' ਇਕੋ ਰੱਬੀ ਕਲਾ ਦੇ ਦੋ ਪੱਖ ਹਨ। ਹੁਕਮਿ ਰੱਬੀ ਨਿਯਮ ਹੈ ਜਿਸ ਦੇ ਅਮਲ ਨੂੰ 'ਡਰ' ਕਿਹਾ ਹੈ।

ਅਨੇਕ-ਭਾਂਤੀ 'ਡਰ' ਅਤੇ 'ਵੈਰ' ਤਰਾਸੀ ਮਨੁਖਤਾ ਨੂੰ 'ਨਿਰਭਉ' 'ਨਿਰਵੈਰ' ਪਰਮਾਤਮਾ ਦਾ ਗੁਰਮਤਿ ਦਾ ਸੰਕਲਪ ਧਰਮਾਂ ਦੇ ਇਤਿਹਾਸ ਨੂੰ ਬਹੁਤ ਵੱਡੀ ਦੇਣ ਹੈ। '੧ਓ' ਸਾਰਿਆਂ ਦਾ ਕਰਤਾ ਪੁਰਖ ਹੈ, ਅਤੇ ਸਰਬ ਮਨੁਖਤਾ ਦਾ ਰੱਬ ਹੈ, ਉਹ ਕਿਸੇ ਇਕ ਕੌਮ, ਜਾਤੀ ਜਾਂ ਕਬੀਲੇ ਦਾ ਰੱਬ ਨਹੀਂ, ਉਸ ਦਾ ਕੋਈ ਵੈਰੀ ਨਹੀਂ, ਇਸ ਲਈ ਉਹ 'ਜਬਾਰ' ਜਾਂ 'ਕਹਾਰ' ਨਹੀਂ, ਸਗੋਂ 'ਸਤਿ', ਨਿਰੰਜਨ, ਨਿਰਭਉ ਅਤੇ ਨਿਰਵੈਰ ਪ੍ਰਭੂ ਹੈ :

ਹਰਿ ਸਤਿ ਨਿਰੰਜਨ ਅਮਰੁ ਹੈ, ਨਿਰਭਉ, ਨਿਰਵੈਰ, ਨਿਰੰਕਾਰੁ

(ਗਉੜੀ ਮ.੪. (302)

ਨਿਰਭਉ ਨਿਰਵੈਰ ਦਾ ਸੰਕਲਪ ਸਰਬ ਮਨੁਖਤਾ ਦੀ ਬਰਾਬਰੀ ਦਾ ਸੰਕਲਪ ਹੈ ਜੋ ਮਨੁਖਤਾ ਦੀਆਂ ਜਾਤ, ਜਨਮ, ਨਸਲ, ਦੇਸ, ਭੇਸ, ਅਮੀਰੀ, ਗਰੀਬੀ ਦੇ ਅਧਾਰ ਤੇ ਕੀਤੀਆਂ ਵੰਡਾਂ ਦਾ ਖੰਡਨ ਕਰਦਾ ਹੈ ।

ਨਿਰਭਉ ਨਿਰਵੈਰ ਪਰਮਾਤਮਾ ਦੀਆਂ ਸਾਹੀਆਂ ਕਿਰਤਾਂ ਪਉਣ ਪਾਣੀ, ਧਰਤੀ, ਅਗਨੀ, ਆਕਾਸ਼, ਚੰਨ, ਸੂਰਜ 'ਨਿਰਵੈਰ' ਹੋ ਕੇ ਸਰਬ ਮਨੁਖਤਾ ਦੀ ਇਕੋ ਜੇਹੀ ਸੇਵਾ ਕਰ ਰਹੇ ਹਨ । ਨਿਰਭਉ ਨਿਰਵੈਰ ਪਰਮਾਤਮਾ ਦੇ ਉਪਾਸ਼ਕ, ਹੁੰਦੇ ਹਨ । ਸਤਿਗੁਰ ਨਿਰਵੈਰ ਹੈ ਜੋ ਸਰਬ-ਮਨੁਖਤਾ ਨੂੰ ਬ੍ਰਹਮ-ਸਰੂਪ ਵਿਚ ਵੇਖਦਾ ਹੈ । ਸੰਤ ਨਿਰਵੈਰ ਹੈ ਜੋ ਹਰ ਤਰ੍ਹਾਂ ਦੀ ਮੈਲ ਤੋਂ ਪਾਕ ਹੈ, ਭਗਤ ਨਿਰਵੈਰ ਹੈ ਜੋ ਸਭ ਨੂੰ ਪਿਆਰ ਕਰਦਾ ਹੈ,ਸਭ ਉਸ ਦੇ ਮੀਤ ਅਤੇ ਸਾਜਨ ਹੁੰਦੇ ਹਨ । ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਮਨਖ ਜੈਸੇ ਸੰਕਲਪ ਨੂੰ ਮਨ ਵਿਚ ਵਸਾਂਦਾ ਹੈ, ਉਸੇ ਦਾ ਸਰੂਪ ਉਹ ਆਪ ਬਣ ਜਾਂਦਾ ਹੈ ।

**ਜੇਹਾ ਸੇਵੈ ਤੇਹੋ ਹੋਵੈ ।** ਬਿ. ੪ (549)

ਨਿਰਭਉ ਨਿਰਵੈਰ ਪਰਮਾਤਮਾ ਦੇ ਸਾਧਕ ਨਿਰਭਉ ਨਿਰਵੈਰ ਮਨੁਖ ਹੀ ਹੋਣਗੇ :

(i) **ਜਿਨ ਨਿਰਭਉ ਜਿਨਿ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭ ਗਵਾਸੀ ।**

ਆਸਾ ਮ. ੪ (348)

(ii) **ਨਿਰਭਉ ਜਪੈ, ਸਗਲ ਭਉ ਮਿਟੈ ।** (293)

ਨਿਰਭਉ ਨਿਰਵੈਰ ਕਰਤਾ ਪੁਰਖੁ, ਹਰ ਤਰਾਂ ਦੇ ਜਨਮ ਮਰਨ ਬਿਨਸਨ ਕਾੜਿਆਂ ਦੁਖਾਂ ਭੁਖਾਂ ਬੰਦਨਾਂ ਧੰਦਿਆਂ ਪਾਪਾਂ ਅਤੇ ਸੋਚਾਂ ਤੋਂ ਮੁਕਤ ਹੈ ਅਤੇ ਜਿਵੇਂ ਜਿਵੇਂ ਮਨੁਖ ਉਸ ਨਾਲ ਜੁੜਦਾ ਹੈ, ਇਹਨਾਂ ਡਰਾਂ ਤੋਂ ਮੁਕਤ ਹੋ ਜਾਂਦਾ ਹੈ ।

ਨਾ ਉਹ ਮਰਤਾ ਨਾ ਹਮ ਡਰਿਆ
ਨਾ ਉਹ ਬਿਨਸੈ ਨਾ ਹਮ ਕੜਿਆ
ਨਾ ਉਹ ਨਿਰਧਨੁ ਨਾ ਹਮ ਭੂਖੇ
ਨਾ ਓਸੁ ਦੂਖੁ ਨਾ ਹਮ ਕਉ ਦੂਖੇ
ਨਾਨਕ ਗੁਰਿ ਖੋਏ ਭ੍ਰਮ ਭੇਗਾ
ਹਮ ਓਇ ਮਿਲਿ ਹੋਏ ਇਕ ਰੰਗਾ ॥

ਆਸਾ ਮ. ੫. (391)

**ਅਕਾਲ ਮੂਰਤਿ :**

**ੴ ਪਾਰਬ੍ਰਹਮ ਦੀ ਸਤਿ-ਸਰੂਪ ਹਸਤੀ ਕਾਲ-ਰਹਿਤ ਹੈ ਅਤੇ ਉਸ ਨੂੰ ਸਥੂਲ ਰੂਪ ਵਿਚ ਮੂਰਤੀਮਾਨ**

ਨਹੀਂ ਕੀਤਾ ਜਾ ਸਕਦਾ। ਆਪਣੇ ਇਸ਼ਟ ਨੂੰ ਮੂਰਤੀਮਾਨ ਕਰਕੇ ਪ੍ਰਤੱਖ ਤੌਰ ਤੇ ਵੇਖਣ ਉਤੇ ਉਸ ਦੀ ਨਿਕਟਤਾ ਮਾਣਨ ਦੀ ਭੁੱਖ ਬਹੁਤ ਪੁਰਾਤਨ ਹੈ ਜਿਸ ਤੋਂ ਬਹੁਤ ਸਾਰੇ ਧਰਮਾਂ ਵਿਚ ਮੂਰਤੀ ਪੂਜਾ ਦਾ ਆਰੰਭ ਹੋਇਆ। ਮਨੁੱਖ ਦਾ ਇਸ਼ਟ ਉਸ ਦੀ ਮਾਨਸਿਕ ਅਤੇ ਆਤਮਿਕ ਸਥਿਤੀ ਵਿਚ ਘੜਿਆ ਜਾਂਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਆਤਮਕ ਗਿਆਨ ਵਧਦਾ ਹੈ, ਤਿਵੇਂ ਤਿਵੇਂ ਉਸ ਦਾ ਇਸ਼ਟ ਵੀ ਸਥੂਲ ਤੋਂ ਸੂਖਮ ਹੁੰਦਾ ਜਾਂਦਾ ਹੈ। ਹਿੰਦੂ ਧਰਮ ਵਿਚ ਨੀਵੇਂ ਲੋਕਾਂ ਲਈ ਮੂਰਤੀ ਪੂਜਾ ਦੀ ਸਿਫ਼ਾਰਸ਼ ਕੀਤੀ ਗਈ ਸੀ, ਅਤੇ ਇਹ ਇਕ ਸਾਧਨ ਜਾਂ ਸਹਾਰਾ ਸੀ, ਪਰ ਹੌਲੀ ਹੌਲੀ ਇਸ ਨੇ 'ਇਸ਼ਟ' ਦੀ ਥਾਂ ਲੈ ਲਈ। ਇਸ ਤਰ੍ਹਾਂ ਇਕ ਪਰਮਾਤਮਾ (੧ਓ) ਦੀ ਥਾਂ ਅਨੇਕਾਂ ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੇ ਲੈ ਲਈ।

'ਅਕਾਲ ਮੂਰਤਿ' ਦਾ ਸੰਕਲਪ ਪਾਰਬ੍ਰਹਮ ਪਰਮਾਤਮਾ ਦਾ ਅਜੇਹਾ ਸੰਕਲਪ ਹੈ ਜਿਸ ਵਿਚ ਪਰਮਾਤਮਾ ਦੀ ਮੂਰਤਾਂ ਵਿਚ ਸਥਾਪਨਾ ਅਤੇ ਉਸ ਦਾ ਅਵਤਾਰਾਂ ਰਾਹੀਂ ਪ੍ਰਗਟ ਹੋਣ ਦਾ ਕੋਈ ਸਥਾਨ ਨਹੀਂ। 'ਅਕਾਲ ਮੂਰਤਿ' ਪਾਰਬ੍ਰਹਮ ਦੀ ਅਜੇਹੀ ਹਸਤੀ ਅਤੇ ਹੋਂਦ ਦਾ ਲਖਾਇਕ ਹੈ ਜੋ 'ਕਾਲ' ਅਤੇ ਪੁਲਾੜ ਦੀਆਂ ਸੀਮਾਂ ਤੋਂ ਮੁਕਤ ਹੈ। ਸੰਸਾਰ ਦੀਆਂ ਸਾਰੀਆਂ ਮੂਰਤਾਂ, ਸਾਰੇ ਰੂਪ, ਸਾਰੇ ਆਕਾਰ ਕਾਲ ਪੁਲਾੜ ਦੀਆਂ ਸੀਮਾਵਾਂ ਵਿਚ ਹਨ। ਕੇਵਲ ਪਾਰਬ੍ਰਹਮ ਦਾ ਸਰੂਪ (ਮੂਰਤਿ) ਆਦਿ ਅੰਤ, ਜਨਮ ਮਰਣ ਤੋਂ ਰਹਿਤ ਹੈ। ਉਹ 'ਕਰਤਾ ਪੁਰਖ' ਹੈ। ਸਾਰੀਆਂ ਘਾੜਤਾਂ, ਸਾਰੇ ਆਕਾਰ, ਸਾਰੇ ਰੂਪ ਉਸ ਦੇ ਰੂਪ ਹੀ ਹਨ, ਪਰ ਕਿਸੇ ਇਕ ਰੂਪ, ਸਰੂਪ ਜਾਂ ਮੂਰਤਿ ਵਿਚ ਉਸ ਨੂੰ ਵਿਦਮਾਨ ਕਰਕੇ ਸੀਮਤ ਨਹੀਂ ਕੀਤਾ ਜਾ ਸਕਦਾ। (ਸਹਸ ਮੂਰਤਿ ਨਨ ਏਕ ਤੋਹੀ-ਧਨਾਸਰੀ ਮ. ੧.੧੩) ਨਾ ਉਹ ਕਿਸੇ ਵਿਸ਼ੇਸ਼ ਸੂਰਤ ਮੂਰਤ ਵਿਚ ਸਥਾਪਤ ਹੋ ਸਕਦਾ ਹੈ, ਨਾ ਘੜਿਆ, ਬਣਾਇਆ ਜਾਂ, ਉਤਪੰਨ ਕੀਤਾ ਜਾ ਸਕਦਾ ਹੈ। ਉਹ ਤਾਂ ਆਪਣੇ ਆਪ ਤੋਂ ਪ੍ਰਕਾਸ਼ਮਾਨ ਜੋਤਿ ਹੈ :

**ਥਾਪਿਆ ਨ ਜਾਇ, ਕੀਤਾ ਨ ਹੋਇ**
**ਆਪੇ ਆਪਿ ਨਿਰੰਜਨ ਸੋਇ ॥ਜਪੁਜੀ॥**

'ਅਕਾਲ ਮੂਰਤਿ' ਤੋਂ ਬਿਨਾਂ ਕਾਲ ਵਿਚ ਵਿਚਰਨ ਵਾਲੇ ਦੇਵੀ ਦੇਵਤੇ, ਅਵਤਾਰ ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਦਾ ਗੁਰਮਤਿ ਖੰਡਨ ਕਰਦੀ ਹੈ। ਗੁਰਮਤਿ ਅਨੁਸਾਰ ਇਕ ਪਾਰ-ਬ੍ਰਹਮ ਪਰਮਾਤਮਾ ਹੀ ਸਭ ਦਾ ਮਾਲਕ ਹੈ, ਅਵਤਾਰ, ਦੇਵੀ, ਦੇਵਤੇ ਉਸ ਦੇ ਸੇਵਕ ਹਨ। ਮਾਲਕ ਨੂੰ ਛੱਡ ਕੇ ਦਾਸਾਂ ਦੀ ਸੇਵਾ ਕਰਨੀ ਘੋਰ ਅਗਿਆਨਤਾ ਹੈ :

**ਠਾਕੁਰ ਛੋਡਿ ਦਾਸੀ ਕਉ ਸਿਮਰਹਿ**
**ਮਨਮੁਖ ਅੰਧ ਅਗਿਆਨਾ।**

ਭੈਰਉ ਮ. ੫. (1138)

ਇਹ ਮਾਲਕ ਸਾਡੇ ਅੰਦਰ ਵਸਦਾ ਹੈ ਪਰ ਹਿਰਦੇ ਵਿਚ ਵਸਦੇ 'ਅਕਾਲ ਪੁਰਖੁ' ਦਾ ਜਦੋਂ ਗਿਆਨ ਨਾ ਹੋਵੇ, ਤਾਂ ਪੱਥਰਾਂ ਦੇ ਭਗਵਾਨ ਗਲ ਵਿਚ ਲਟਕਾ ਲਏ ਜਾਂਦੇ ਹਨ :

ਘਰਿ ਮਹਿ ਠਾਕੁਰ ਨਦਰਿ ਨ ਆਵੈ
ਗਲ ਮਹਿ ਪਾਹਣ ਲੇ ਲਟਕਾਵੈ ॥

ਸੂਹੀ ਮ. ਪ. (838)

ਗੁਰਬਾਣੀ ਵਿਚ ਕੇਵਲ 'ਅਕਾਲ ਮੂਰਤਿ' ਨੂੰ ਇਸ਼ਟ ਮੰਨਿਆ ਹੈ ਅਤੇ ਹਰ ਤਰ੍ਹਾਂ ਦੀ ਬੁਤ ਪੂਜਾ ਦਾ ਖੰਡਨ ਕੀਤਾ ਗਿਆ ਹੈ :

(i) ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ।
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥

ਸੋਰਠ ਮ. ੧ (635)

(ii) ਜੋ ਪਾਥਰ ਕਉ ਕਹਤੇ ਦੇਵ । ਤਾਕੀ ਬਿਰਥਾ ਹੋਵੈ ਸੇਵ ॥
ਨਾ ਪਾਥਰ ਬੋਲੈ ਨਾ ਕਿਛੁ ਦੇਇ ।
ਫੋਕਟ ਕਰਮ ਨਿਹਫਲ ਹੈ ਸੇਵ ।

ਭੈ. ਮ. ਪ. (1160)

(iii) ਹਿੰਦੂ ਮੂਲੇ ਭੂਲੇ ਅਖੁਟੀ ਜਾਹੀ ।
ਨਾਰਦਿ ਕਹਿਆ ਸਿ ਪੂਜ ਕਰਾਹੀ ॥
ਅੰਧੇ ਗੁੰਗੇ ਅੰਧ ਅੰਧਾਰ । ਪਾਥਰੁ ਲੇ ਪੂਜਹਿ ਮੁਗਧ ਗਵਾਰ ॥

ਬਿ. ਮ. ੪ (556)

ਪਾਰਬ੍ਰਹਮ ਮੂਰਤਿ ਅਬਿਨਾਸੀ ਮੂਰਤਿ ਹੈ, ਕਾਲ ਅਤੇ ਮੌਤ ਦਾ ਇਸ ਉਤੇ ਕੋਈ ਅਸਰ ਨਹੀਂ, ਇਹ ਸਦਾ ਸਦੀਵ, ਤਰੈਕਾਲ ਅਬਾਧ, ਸੱਚੀ ਹੋਂਦ ਹੈ, ਕਾਲ ਰਹਿਤ ਅਨਕਾਲ ਸਰੂਪ ਹੈ । ਅਕਾਲ ਮੂਰਤਿ ਸਰਬ ਕਾਲੀ ਅਤੇ ਅਕਾਲ, ਸਰਬ ਦੇਸੀ ਅਤੇ ਅਦੇਸ, ਸਰਬ ਭੇਸੀ ਅਤੇ ਅਭੇਸ ਹੈ :

ਨਮੋ ਸਰਬ ਕਾਲੇ, ਨਮਸਤੰ ਅਕਾਲੇ
ਨਮੋ ਸਰਬ ਦੇਸੇ, ਨਮਸਤੰ ਅਭੇਸੇ ।

(ਪਾਤਸ਼ਾਹੀ ੧੦, ਜਾਪੁ)

## ਅਜੂਨੀ ਸੈਭੰ

'ਅਕਾਲ ਮੂਰਤਿ' ਦੇ ਸੰਕਲਪ ਨੂੰ ਹੀ 'ਅਜੂਨੀ' ਅਤੇ 'ਸੈਭੰ' ਸ਼ਬਦਾਂ ਵਿਚ ਵਧੇਰੇ ਦ੍ਰਿੜਤਾ ਨਾਲ ਪੇਸ਼ ਕੀਤਾ ਗਿਆ ਹੈ ।

'ਅਜੂਨੀ' ਦਾ ਭਾਵ ਹੈ 'ਯੋਨਿ ਰਹਿਤ', ਜਿਸ ਦੀ ਹੋਂਦ ਦਾ ਕਾਰਨ 'ਯੋਨਿ' ਨਹੀਂ, ਜੋ ਪੈਦਾ ਨਹੀਂ ਹੋਇਆ, ਜਨਮ-ਜੂਨ ਤੋਂ ਸੁਤੰਤਰ, ਅਰਥਾਤ ਜਨਮ-ਰਹਿਤ, ਮਰਨ-ਰਹਿਤ ਅਤੇ ਕਾਰਨ-ਰਹਿਤ। ਮਨੁੱਖ ਦੇ ਜਨਮ ਦਾ ਸਰੋਤ 'ਯੋਨਿ' ਅਰਥਾਤ ਬੱਚੇਦਾਨੀ (ਵੂੰਬ) ਹੈ। ਅਜੂਨੀ ਦਾ ਵਿਸ਼ੇਸ਼ ਤੌਰ ਤੇ ਭਾਵ ਇਹ ਹੈ ਕਿ ਜਿਹੜਾ ਬ੍ਰਹਮ ਕਰਤਾ ਪੁਰਖ ਅਤੇ 'ਅਕਾਲ ਮੂਰਤਿ' ਹੈ ਉਹ ਮਾਤਾ ਦੇ ਗਰਭ ਵਿਚ ਨਹੀਂ ਆਉਂਦਾ, ਉਹ ਜਨਮ-ਜੂਨ ਤੋਂ ਰਹਿਤ ਹੈ, ਸਵੈ-ਵਿਦਮਾਨ ਹੈ, 'ਅਜੂਨੀ ਸੈਭੰ' ਹੈ :—

> ਸੋ ਬ੍ਰਹਮ ਅਜੋਨੀ ਹੈ ਭੀ ਹੋਨੀ, ਘਟ ਭੀਤਰਿ ਦੇਖੁ ਮੁਰਾਰੀ ਜੀਉ।
> ਜਨਮ ਮਰਨ ਕਉ ਇਹੁ ਜਗੁ ਬਪੜੋ......
>
> ਸੋਰਠ ਮ. ੧ (੭98)

ਹਿੰਦੂ ਧਰਮ ਅਨੁਸਾਰ ਪਰਮਾਤਮਾ ਕਿਸੇ ਨ ਕਿਸੇ ਰੂਪ ਵਿਚ ਦੇਵੀ, ਦੇਵਤਿਆਂ ਜਾਂ ਅਵਤਾਰਾਂ ਰਾਹੀਂ ਮਨੁੱਖ ਜਾਂ ਪਸ਼ੂ ਜਾਂ ਮਿਸ਼ਰਤ ਰੂਪ ਵਿਚ ਸਮੇਂ ਸਮੇਂ ਅਵਤਾਰ ਧਾਰਦਾ ਰਹਿੰਦਾ ਹੈ ਪਰ ਗੁਰੂ ਨਾਨਕ ਬਾਣੀ ਵਿਚ ਥਾਂ ਪਰ ਥਾਂ ਅਵਤਾਰਵਾਦ ਦਾ ਖੰਡਨ ਹੈ। ਹਿੰਦੂ ਗ੍ਰੰਥਾਂ ਵਿਚ ਹਿੰਦੂਆਂ ਦੇ ਦਸ ਅਵਤਾਰਾਂ ਦਾ ਹੀ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਨੌਂ ਹੋ ਚੁੱਕੇ ਹਨ ਅਤੇ ਦਸਵਾਂ ਕਲਕੀ ਅਜੇ ਹੋਣਾ ਹੈ। ਹੋ ਚੁਕੇ ਨੌਂ ਅਵਤਾਰ ਇਹ ਹਨ : ਮੱਛ, ਕੱਛ, ਵਰਾਹ (ਸੂਰ), ਨਰ-ਸਿੰਘ, ਵਾਮਨ (ਬੌਣਾ), ਪਰਸਰਾਮ, ਰਾਮ, ਕ੍ਰਿਸ਼ਨ ਅਤੇ ਬੁੱਧ। ਅਵਤਾਰ ਸੰਪੂਰਨ ਵੀ ਹੋ ਸਕਦਾ ਹੈ, ਅੰਸ਼-ਮਾਤਰ ਵੀ। ਭਗਵਤ ਗੀਤਾ ਪੁਰਾਣ (1.3.1) ਵਿਚ 22 ਅਵਤਾਰਾਂ ਦਾ ਜ਼ਿਕਰ ਹੈ। ਪੁਰਾਣਾਂ ਅਨੁਸਾਰ ਆਪਣੇ ਹਰੇਕ ਅਵਤਾਰ ਵਿਚ ਵਿਸ਼ਨੂੰ ਖੁਦ ਜਨਮ ਲੈਂਦਾ ਹੈ ਤਾਂ ਕਿ ਉਹ ਦੁਨੀਆਂ ਨੂੰ ਵੱਡੇ ਖਤਰੇ ਤੋਂ ਬਚਾ ਸਕੇ।

ਗੁਰਮਤਿ ਨੇ ਬ੍ਰਹਮ ਨੂੰ 'ਅਜੋਨੀ' ਕਹਿ ਕੇ ਅਵਤਾਰਵਾਦ ਦੇ ਸਿਧਾਂਤ ਨੂੰ ਰੱਦ ਕੀਤਾ ਹੈ। ਬ੍ਰਹਮ ਤੋਂ ਬਿਨਾਂ ਸਾਰੀਆਂ ਘਾੜਤਾਂ ਜਨਮ ਵਿਚ ਆਉਂਦੀਆਂ ਹਨ। ਮਿਥੀ ਅਵੱਧੀ ਵਿਚ ਰਹਿ ਕੇ ਬਿਨਸ ਜਾਂਦੀਆਂ ਹਨ ਅਤੇ ਆਵਾਗੌਣ ਵਿਚ ਘੁੰਮਦੀਆਂ ਰਹਿੰਦੀਆਂ ਹਨ। ਪਾਰਬ੍ਰਹਮ ਇਸ ਤੋਂ ਵਿਪਰੀਤ ਸਦਾ ਅਬਿਨਾਸ਼ੀ ਹੈ, ਨਾ ਜਨਮ ਲੈਂਦਾ, ਨਾ ਮਰਦਾ ਹੈ, ਉਹ ਤਾਂ ਸਰਬ-ਸਮਰੱਥ ਅਤੇ ਸਰਬ-ਵਿਆਪਕ ਹੈ :

> ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ।
> ਤੇਰਾ ਰੂਪ ਨ ਜਾਈ ਲਖਿਆ ਕਿਉਂ ਤੁਝਹਿ ਧਿਆਵਹੀ।
> ਤੂ ਸਭ ਮਹਿ ਵਰਤਹਿ ਆਪ ਕੁਦਰਤਿ ਦੇਖਾਵਹੀ॥
>
> ਮਾਰੂ ੫ (1095)

> ਨਾ ਤਿਸੁ ਬਾਪੁ ਨ ਮਾਇ, ਕਿਨਿ ਤੂ ਜਾਇਆ
> ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ॥
>
> ਮਲ੍ਹਾਰ ਮ. ੧ (1279)

ਗੁਰੂ ਗੋਬਿੰਦ ਸਿੰਘ ਨੇ ਅਵਤਾਰ ਸਿਧਾਂਤ ਦਾ ਭਰਪੂਰ ਖੰਡਨ ਕੀਤਾ ਹੈ। ਚੌਬੀਸ ਅਵਤਾਰਾਂ ਦੀ ਕਥਾ ਦੇ ਆਦਿ ਵਿਚ ਗੁਰੂ ਜੀ ਲਿਖਦੇ ਹਨ ਕਿ ਇਹ ਸਾਰੇ ਅਵਤਾਰ 'ਕਾਲ' ਵਿਚ ਪੈਦਾ ਹੋਏ, ਤਮਾਸ਼ਾ ਕਰਕੇ ਕਾਲ ਵਿਚ ਹੀ ਖੱਪ ਗਏ :

ਅਬ ਚੌਬੀਸ ਉਚਰੋਂ ਅਵਤਾਰਾ।
ਜਿਹਿ ਬਿਧਿ ਤਿਨ ਕਾ ਲਖਾ ਅਖਾਰਾ।
ਕਾਲ ਸਭਨ ਕਾ ਪੇਖ ਤਮਾਸ਼ਾ, ਅੰਤਹਿ ਕਾਲ ਕਰਤ ਹੈ ਨਾਸਾ।
ਜੋ ਚੌਬਿਸ ਅਵਤਾਰ ਕਹਾਏ, ਤਿਨ ਭੀ ਤੁਮ ਪ੍ਰਭੁ ਤਨਿਕ ਨ ਪਾਏ।
ਬ੍ਰਹਮਾਦਿਕ ਸਭ ਹੀ ਪਚਹਾਰੇ, ਬਿਸਨ ਮਹੇਸੁਰ ਕਵਨ ਬਿਚਾਰੇ।

'ਸੈਭੰ' ਸੰਸਕ੍ਰਿਤ ਦੇ ਸ਼ਬਦ 'ਸਵਯੰਭਵ' ਜਾਂ 'ਸਵਯੰਭੂ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਆਪਣੇ ਆਪ ਹੋਣ ਵਾਲਾ, ਜੋ ਕਿਸੇ ਤੋਂ ਨਹੀਂ ਬਣਿਆ। ਪਰਮਾਤਮਾ ਨੂੰ ਸੈਭੰ ਕਹਿਣ ਦਾ ਭਾਵ ਹੈ ਕਿ ਪਰਮਾਤਮਾ ਸ੍ਵੈ-ਸਮਰੱਥ ਹੈ ਅਤੇ ਪੂਰਨ ਹੈ ਜਿਸ ਨੇ ਆਪਣੇ ਆਪ ਨੂੰ ਪੈਦਾ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸੈਭੰ ਨੂੰ 'ਸੁਯੰਭਵ' ਰੂਪ ਵਿਚ ਵਰਤਿਆ ਹੈ ਅਤੇ ਇਹ ਭਾਵ ਪ੍ਰਗਟ ਕੀਤੇ ਹਨ ਕਿ ਉਸ ਸ੍ਵੈ-ਪ੍ਰਕਾਸ਼ਮਾਨ 'ਸੁਯੰਭਵ' ਨੇ ਆਪਣੇ ਪ੍ਰਕਾਸ਼ ਤੋਂ ਹੀ ਸਾਰੇ ਵਿਸ਼ਵ ਦੀ ਉਤਪਤੀ ਕੀਤੀ। ਉਹ ਸਰਬ ਸਮਰਥ ਆਪ ਹੀ ਬਣਾਉਣ ਵਾਲਾ, ਪਾਲਣਾ ਕਰਨ ਵਾਲਾ ਅਤੇ ਢਾਹੁਣ ਵਾਲਾ ਹੈ :

(ੳ) ਸਰਬ ਬਿਸਵ ਰਚਿਓ ਸੁਯੰਭਵ ਗੜਨ ਭੰਜਨਹਾਰ।

(ਜਾਪ. 83)

(ਅ) ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ।

(ਜਾਪ. 99)

'ਕਰਤਾ ਪੁਰਖ' ਦੀ ਹਸਤੀ ਭੌਤਿਕ ਨਹੀਂ, ਸ੍ਵੈ ਪ੍ਰਕਾਸ਼ਮਾਨ ਜੋਤਿ ਹੈ, ਪਰਮ-ਆਤਮਾ ਹੈ ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। 'ਆਪ' ਜੋਤਿ ਸਰੂਪੀ ਬਾਲਾ' ਹੈ। ਇਹ ਪਰਮ-ਜੋਤਿ ਸ੍ਵੈ-ਪ੍ਰਕਾਸ਼ਮਾਨ ਹੈ ਜਿਸ ਦੇ ਪ੍ਰਕਾਸ਼ ਤੋਂ ਸਾਰੀ ਕਿਰਤ ਵਿਚ ਚੇਤਨਤਾ ਦਾ ਚਾਨਣ ਹੈ :—

ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਧਨਾ. ੧ (663)

'ਸੈਭੰ' ਨੂੰ ਅਵਤਾਰ ਰੂਪ ਵਿਚ ਮੰਨਣਾ ਜਾਂ ਕਿਸੇ ਮੂਰਤ ਵਿਚ ਉਸ ਦੀ ਸਥਾਪਤੀ ਕਰਨਾ ਭੁਲ ਹੈ :

ਥਾਪਿਆ ਨਾ ਜਾਇ ਕੀਤਾ ਨਾ ਹੋਇ।
ਆਪੇ ਆਪਿ ਨਿਰੰਜਨ ਸੋਇ॥

(ਜਪੁਜੀ 2)

'ਅਜੂਨੀ ਸੈਭੰ' ਦੇ ਸੰਕਲਪ ਰਾਹੀਂ ਗੁਰੂ ਨਾਨਕ ਦੇਵ ਨੇ ਹਿੰਦੂਆਂ ਦੇ ਮਨ ਨੂੰ ਮਿਥਿਹਾਸ ਦੇ ਬੰਧਨਾਂ ਤੋਂ ਪੂਰਨ ਭਾਂਤ ਮੁਕਤ ਕਰਨ ਦਾ ਯਤਨ ਕੀਤਾ । ਲੱਖਾਂ ਵਰ੍ਹਿਆਂ ਪਿਛੋਂ ਉਨ੍ਹਾਂ ਨੇ ਹੀ ਸਿਖਿਆ ਦਿੱਤੀ ਕਿ ਪਰਮਾਤਮਾ ਕੇਵਲ ਇਕ ਹੀ ਨਹੀਂ ਸਗੋਂ ਉਹ ਜਨਮ-ਮਰਨ ਦੇ ਚੱਕਰ ਤੋਂ ਵੀ ਮੁਕਤ ਹੈ, ਅਤੇ ਉਹ ਬ੍ਰਹਮਾ, ਵਿਸ਼ਨੂੰ ਸ਼ਿਵ ਤੋਂ ਉਚੇਰਾ ਹੈ ਤਥਾ ਰਾਮ ਅਤੇ ਕ੍ਰਿਸ਼ਨ ਦਾ ਰਚਨਹਾਰਾ ਹੈ। ਗੁਰੂ ਨਾਨਕ ਦੇਵ ਦਾ 'ਅਜੂਨੀ ਸੈਭੰ' ਅਵਤਾਰਾਂ ਰਾਹੀਂ ਜਨਮ ਨਹੀਂ ਲੈਂਦਾ, ਉਹ ਮਾਤਾ ਪਿਤਾ ਦਾ ਜਾਇਆ ਨਹੀਂ, ਉਸ ਦਾ ਕੋਈ ਰੂਪ, ਰੇਖ ਵਰਨ ਨਹੀਂ, ਉਸ ਨੂੰ ਭੁੱਖ ਪਿਆਸ ਨਹੀਂ ਲੱਗਦੀ ਅਤੇ ਉਹ ਗੁਰੂ ਰਾਹੀਂ ਆਪਣਾ ਹੁਕਮ ਪ੍ਰਗਟ ਕਰਦਾ ਹੈ :—

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ।
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ।
ਗੁਰਮਹਿ ਆਪੁ ਸਮੋਇ ਸਬਦ ਵਰਤਾਇਆ ।

(ਮਹਲਾ ੧ (1279)

ਇਹ ਰਹੱਸ ਗੁਰੂ ਅਤੇ ਗੁਰਸ਼ਬਦ ਰਾਹੀਂ ਪ੍ਰਗਟ ਹੁੰਦਾ ਹੈ ।

**ਗੁਰਪ੍ਰਸਾਦਿ** : ਦੋ ਸ਼ਬਦਾਂ 'ਗੁਰ' ਅਤੇ 'ਪ੍ਰਸਾਦਿ' ਦਾ ਸਮਾਸ ਹੈ । ਗੁਰੂ ਸੰਸਕ੍ਰਿਤ ਦੇ 'ਗ੍ਰੀ' ਧਾਤੂ ਤੋਂ ਹੈ ਜਿਸ ਦਾ ਭਾਵ ਹੈ 'ਨਿਗਲਣਾ', 'ਖਾ ਜਾਣਾ । ਗੁਰੂ ਉਹ ਹੈ ਜੋ ਅਗਿਆਨਤਾ ਨੂੰ ਖਾ ਜਾਂਦਾ ਹੈ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। 'ਪ੍ਰਸਾਦਿ' ਦਾ ਭਾਵ ਹੈ 'ਕਿਰਪਾ ਕਰਕੇ', ਗੁਰਕ੍ਰਿਪਾ ਦਵਾਰਾ ਪਾਰਬ੍ਰਹਮ ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਨੂੰ ਆਵੱਸ਼ਕ ਦਸਿਆ ਹੈ। '੧ੴ ਸਤਿਨਾਮ ਕਰਤਾ ਪੁਰਖ......ਸੈਭੰ' ਦੀ ਪ੍ਰਾਪਤੀ ਕੇਵਲ ਗੁਰੂ ਕਿਰਪਾ ਰਾਹੀਂ ਹੀ ਸੰਭਵ ਹੈ। ਮਨੁੱਖ ਦੀ ਸੀਮਤ ਬੁੱਧੀ ਅਸੀਮ, ਅਲਖ, ਅਗੰਮ, ਅਗੋਚਰ ਨੂੰ ਨਹੀਂ ਜਾਣ ਸਕਦੀ। ਮਨੁੱਖ ਕਿਰਤ ਹੈ, ਪਰਮਾਤਮਾ 'ਕਰਤਾ ਪੁਰਖੁ' :

'ਕਰਤੇ ਕੀ ਮਿਤਿ ਨ ਜਾਨੈ ਕੀਆ ।

(ਗਉੜੀ ੫, 286)

ਗੁਰਮਤਿ ਅਨੁਸਾਰ ਅਲਖ ਨੂੰ ਲਖਿਆ ਜਾ ਸਕਦਾ ਹੈ ਪਰ ਇਸ ਅਮਲ ਲਈ ਗੁਰੂ ਦੀ ਆਵੱਸ਼ਕਤਾ ਹੈ। ਗੁਰੂ ਉਹ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜਿਸ ਨਾਲ ਹਰ ਥਾਂ ਵਿਆਪਕ ਪਰਮਾਤਮਾ ਨਜ਼ਰ ਆਉਣ ਲੱਗ ਪੈਂਦਾ ਹੈ । ਗੁਰੂ ਨਾਨਕ ਦੇਵ ਅਨੁਸਾਰ ਗੁਰੂ ਪਾਰ ਉਤਾਰੇ ਲਈ ਬੇੜੀ, ਤੁਲਹਾ ਅਤੇ ਜਹਾਜ਼ ਹੈ, ਗੁਰੂ ਬਿਨਾਂ ਇਹ ਭਵਜਲ ਤਰਿਆ ਨਹੀਂ ਜਾ ਸਕਦਾ । (ਗੁਰ ਪਉੜੀ, ਬੇੜੀ ਗੁਰੂ, (ਸਿਰੀ ਰਾਗ ਮ: ੧, 17)

ਗੁਰੂ ਤੋਂ ਬਿਨਾਂ ਆਤਮਿਕ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ, ਆਤਮਕ-ਰਹੱਸ ਦੀ ਕੁੰਜੀ ਗੁਰੂ ਪਾਸ ਹੈ :

ਗੁਰੂ ਕੁੰਜੀ ਪਾਹੂ ਨਿਵਲੁ, ਮਨ ਕੋਠਾ ਤਨੁ ਛਤਿ।
ਗੁਰ ਬਿਨ ਮਨ ਕਾ ਤਾਕ ਨ ਉਤਰੈ
ਅਵਰ ਨ ਕੁੰਜੀ ਹਥ।

ਵਾਰ ਸਾਰੰਗ ੨ (1237)

ਗੁਰੂ ਰੱਬ ਅਤੇ ਮਨੁੱਖ ਵਿਚਲੀ ਕੜੀ ਹੈ। ਗੁਰੂ ਪੂਰਨ ਪੁਰਸ਼ ਹੈ, ਮਹਾਨ ਆਤਮਾ ਦਾ ਮਾਲਕ ਹੈ ਜੋ ਆਤਮਕ ਰਹੱਸ ਖੋਲ੍ਹ ਸਕਣ ਦੀ ਸਮਰੱਥਾ ਰਖਦਾ ਹੈ। 'ਬ੍ਰਹਮ' ਦੇ ਸੰਕਲਪ ਵਿਚ 'ਗੁਰ ਪ੍ਰਸਾਦਿ' ਸ਼ਬਦਾਂ ਨੂੰ ਅੱਡ ਅੱਡ ਰੱਖ ਕੇ ਇਹ ਅਰਥ ਵੀ ਕੀਤੇ ਜਾਂਦੇ ਹਨ ਕਿ '੧ਓ' ਸਰੂਪੀ ਪਾਰਬ੍ਰਹਮ ਗਿਆਨ ਦਾ ਦਾਤਾ ਗੁਰੂ ਵੀ ਹੈ ਅਤੇ 'ਪ੍ਰਸਾਦਿ' ਰੂਪ ਵਿਚ ਸਭ ਜੀਆਂ ਉੱਤੇ ਕਿਰਪਾ ਕਰਦਾ ਹੈ। ਇਸ ਤਰ੍ਹਾਂ ਇਹ ਦੋਵੇਂ ਪਦ, 'ਗੁਰ' ਅਤੇ 'ਪ੍ਰਸਾਦਿ' ਅਕਾਲ ਪੁਰਖੁ ਦੇ ਗੁਣਵਾਚੀ ਸ਼ਬਦ ਮੰਨੇ ਗਏ ਹਨ। ਜਿਵੇਂ ਕਿ ਪਹਿਲਾਂ ਵਿਅਕਤ ਵਿਸ਼ੇਸ਼ਣ ਹਨ। ਪਰਮਾਤਮਾ ਆਪ ਆਪਣੇ ਜੀਵਾਂ ਅੱਗੇ ਆਪਾ ਪ੍ਰਗਟਾਉਂਦਾ ਹੈ, ਕਿਰਪਾ ਕਰਕੇ ਨਦਰ ਰੂਪ ਹੋ ਕੇ। ਬ੍ਰਹਮ ਆਪ ਪ੍ਰਥਮ ਗੁਰੂ ਹੈ ਅਤੇ ਜਿਸ ਪੂਰਨ ਮਨੁੱਖ ਅੰਦਰ ਉਸ ਦੀ ਜੋਤਿ ਪੂਰਨ ਤੌਰ ਤੇ ਪ੍ਰਗਟ ਹੁੰਦੀ ਹੈ, ਉਹ ਉਸ ਦਾ ਰੂਪ ਅਰਥਾਤ ਗੁਰੂ ਪੱਦਵੀ ਪ੍ਰਾਪਤ ਕਰ ਲੈਂਦਾ ਹੈ। ਅਜੇਹੇ ਪੂਰਨ ਪੁਰਸ਼ ਦੀ ਬਾਣੀ ਵੀ ਗੁਰੂ ਰੂਪ ਹੁੰਦੀ ਹੈ। ਗੁਰੂ ਦੇ ਇਹ ਤਿੰਨੇ ਰੂਪ ਬਾਣੀ ਵਿਚ ਵਿਅੱਕਤ ਹੋਏ ਹਨ। 'ਜਿਹ ਪ੍ਰਸਾਦਿ', 'ਜਿਸ਼ ਪ੍ਰਸਾਦਿ', 'ਪ੍ਰਭ ਕਿਰਪਾ' 'ਤੁਅ ਪ੍ਰਸਾਦਿ' ਪਾਰਬ੍ਰਹਮ ਦੀ ਕਿਰਪਾ ਨੂੰ ਪ੍ਰਗਟ ਕਰਦੇ ਹਨ। ਪਰਮਾਤਮ-ਕਿਰਪਾ ਲਈ ਗੁਰੂ ਗੋਬਿੰਦ ਸਿੰਘ ਨੇ 'ਤਵ-ਪ੍ਰਸਾਦਿ' ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।

ਗੁਰਬਾਣੀ ਅਨੁਸਾਰ ਪਰਮਾਤਮਾ ਹੀ ਆਦਿ ਗੁਰੂ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਗੁਰੂ, ਸਤਿਗੁਰੂ, ਆਦਿ-ਗੁਰੂ, ਜੁਗਾਦਿ ਗੁਰੂ ਵਿਸ਼ੇਸ਼ਣਾਂ ਰਾਹੀਂ ਸੰਬੋਧਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮ ਪਰਮਾਤਮਾ, ਅਲਖ, ਨਿਰੰਜਨ, ਪ੍ਰਕਾਸ਼ ਰੂਪ, ਅਪਰੰਪਰ ਪਾਰਬ੍ਰਹਮ ਹੀ ਉਨ੍ਹਾਂ ਦਾ ਗੁਰੂ ਹੈ :

ਅਪਰੰਪਰ ਪਾਰ ਬ੍ਰਹਮ ਪ੍ਰਮੇਸਰੁ
ਨਾਨਕ ਗੁਰੂ ਮਿਲਿਆ ਸੋਈ ਜੀਉ ॥

(ਸੋਰਠ ਮ. ੧, 599)

# ਰਚਨਾ ਸਿਧਾਂਤ

ਜਗਦੀਸ਼ ਸਿੰਘ

ਇਹ ਸੰਸਾਰ ਉੱਤੇ ਵਿਚਰਦੀ ਅਤੇ ਇਸ ਬ੍ਰਹਿਮੰਡ ਵਿਚ ਆਪਣੀ ਨਿਸ਼ਚਿਤ ਥਾਂ ਉੱਤੇ ਵਿਦਮਾਨ ਅਤੇ ਨੀਯਤ ਦਿਸ਼ਾ ਵਿਚ ਟੁਰਦੀ, ਆਪਣੇ ਅੰਤ ਵੱਲ ਨੂੰ ਵਧ ਰਹੀ, ਹਰ ਸ਼ੈਅ ਦਾ ਮੁਦਾਅ ਕੀ ਹੈ? ਉਹ ਕਦੋਂ ਹੋਂਦ ਵਿਚ ਆਈ ? ਕਿਉਂ ਆਈ ? ਅਤੇ ਕਿਸ ਦੀ ਕੀਤੀ ਹੋਈ ? ਮਨੁੱਖ ਕੀ ਹੈ ? ਮਨੁੱਖ ਦਾ ਆਦਿ ਕਿਥੋਂ ਹੋਇਆ ? ਅੰਤ ਇਸ ਨੇ ਕਿੱਥੇ ਜਾਣਾ ਹੈ ? ਆਦਿ ਪ੍ਰਸ਼ਨਾਂ ਦੇ ਨਾਲ ਨਾਲ ਇਕ ਹੋਰ ਸਮੱਸਿਆ ਹੈ ਰੱਬ ਬਾਰੇ; ਰੱਬ ਹੈ ਜਾਂ ਨਹੀਂ ? ਉਹ ਕਿੱਥੇ ਰਹਿੰਦਾ ਹੈ ? ਉਸ ਦਾ ਚਕ੍ਰ-ਚਿਹਨ, ਵਰਨ-ਜਾਤ; ਰੰਗ ਰੂਪ ਕੀ ਹਨ ? ਮਨੁੱਖੀ ਸੂਝ ਬੂਝ ਦੇ ਵਾਧੇ ਦੇ ਨਾਲ ਇਹ ਪ੍ਰਸ਼ਨ ਵੀ ਵਧਦੇ ਤੇ ਫੁਲਦੇ ਜਾ ਰਹੇ ਹਨ। ਹਰ ਨਵੀਂ ਘਟਨਾ, ਹਰ ਨਵਾਂ ਵਿਚਾਰ ਅਤੇ ਹਰ ਸ਼ੈਅ ਦੀ ਵਿਕਸਿਤ ਸ਼ਕਲ ਇਕ ਚਕਮਾ ਜਿਹਾ ਮਨੁੱਖੀ ਦਿਮਾਗ ਵਿਚ ਪੈਦਾ ਕਰ ਦਿੰਦਾ ਹੈ। ਉਹ ਇਨ੍ਹਾਂ ਪ੍ਰਸ਼ਨਾਂ ਦੇ ਹੱਲ ਲੱਭਣ ਵਿਚ ਹੀ ਲੀਨ ਹੋਇਆ ਟੁਰੀ ਜਾ ਰਿਹਾ ਹੈ, ਭਾਲ ਵਿਚ। ਪਰ ਹਾਲੀ ਤੀਕ ਉਸ ਨੂੰ ਇਨ੍ਹਾਂ ਸੁਆਲਾਂ ਦਾ ਸਹੀ ਤੇ ਪੂਰਾ ਪੂਰਾ ਉੱਤਰ ਨਹੀਂ ਲੱਭ ਸਕਿਆ।

ਬ੍ਰਹਿਮੰਡ ਵਿਚ ਘੁੰਮਦੀ ਹਰ ਚੀਜ਼ ਵਿਕਸਿਤ ਦਿਸਦੀ ਹੈ। ਇਸ ਦੀ ਇਹ ਵਿਕਸਿਤ ਫ਼ਿਤਰਤ ਉਸ ਨੂੰ ਉਸ ਦੇ ਆਲੇ ਦੁਆਲੇ ਅਤੇ ਉਸ ਦੀ ਬਨਾਵਟ ਵਿਚ ਰਲੇ ਤੱਤਵ ਪਦਾਰਥਾਂ ਵਿਚੋਂ ਮਿਲੀ ਹੈ ਕਿਉਂਕਿ ਭੌਤਿਕ-ਵਿਗਿਆਨ ਦੀ ਛਾਣਬੀਣ ਦੱਸਦੀ ਹੈ ਕਿ ਪਦਾਰਥ (Matter) ਨੂੰ ਵੰਡਿਆ ਜਾ ਸਕਦਾ ਹੈ, ਛੋਟੇ ਛੋਟੇ ਅਣੂਆਂ ਵਿਚ। ਅਜੋਕੀ ਵਿਗਿਆਨਕ ਖੋਜ ਅਨੁਸਾਰ ਇਹ ਅਣੂ ਪ੍ਰਮਾਣੂ ਵੀ ਅੱਗੇ ਅਣਵੰਡ ਇਲੈਕਟ੍ਰਾਨਾਂ ਨਿਯੂਟਰੋਨਾਂ ਅਤੇ ਪ੍ਰੋਟੋਨਾਂ ਵਿੱਚ ਵੰਡੇ ਜਾ ਸਕਦੇ ਹਨ ਜਿਹੜੇ ਕਿ ਆਪਣੇ ਆਪ ਵਿਚ ਆਪਣੇ ਗਰਭ-ਕੇਂਦਰਾਂ (Nucleous) ਉੱਤੇ ਕੇਂਦ੍ਰਿਤ ਹੁੰਦੇ ਹਨ। ਅਤੇ ਇਹ ਗਰਭ-ਕੇਂਦਰ ਆਪਣੇ ਆਪ ਵਿਚ ਸੁਤੰਤਰ ਰੂਪ ਵਿਚ ਗਤੀ-ਸ਼ੀਲ ਹੁੰਦੇ ਹਨ। ਇਸੇ ਲਈ ਹਰ ਪਦਾਰਥ ਵਿਚ ਗਤੀ-ਸ਼ੀਲਤਾ ਹੁੰਦੀ ਹੈ। ਇਨ੍ਹਾਂ ਗਰਭ-ਕੇਂਦਰਾਂ ਵਿਚ ਇਹ ਗਤੀ ਕਿੱਥੋਂ ਆਈ ? ਜ਼ਰੂਰ ਇਸ ਦੇ ਪਿੱਛੇ ਕੋਈ ਸ਼ਕਤੀ ਕੰਮ ਕਰਦੀ ਹੈ। ਇਹੋ ਸ਼ਕਤੀ ਦੀ ਭਾਲ ਮਨੁੱਖੀ

ਭਾਲ ਦਾ ਅਸਲੀ ਮਨੋਰਥ ਹੈ। ਇੱਥੇ ਆ ਕੇ ਭੌਤਿਕ-ਵਿਗਿਆਨ ਦੀ ਲੀਹ ਰੁਕ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਅਸਮੱਰਥ ਜਾਣ ਕੇ ਆਪਣਾ ਕੰਮ ਪੂਰਾ ਹੋਇਆ ਸਮਝਣ ਲੱਗ ਪੈਂਦਾ ਹੈ। ਪਰ ਇੱਥੇ ਹੀ ਪ੍ਰਸ਼ਨਾਂ ਦਾ ਸਿਲਸਿਲਾ ਮੁੱਕਦਾ ਨਹੀਂ ਜਾਪਦਾ। ਹੋਰ ਡੂੰਘਾਈ ਵਿਚ ਜਾਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਭੌਤਿਕ-ਵਿਗਿਆਨ ਦੀ ਵਲਗਣ ਤੋਂ ਬਾਹਰ ਦੀ ਗੱਲ ਹੈ। ਇਸ ਤੋਂ ਅੱਗੇ ਚਲਦਾ ਹੈ ਧਰਮ-ਵਿਗਿਆਨ।

ਸੰਸਾਰ-ਉਤਪਤੀ ਤੇ ਉਸ ਦੇ ਹੋਂਦ ਵਿਚ ਆਉਣ ਦੇ ਮਨੋਰਥ ਅਤੇ ਉਸ ਦੇ ਟੀਚੇ ਬਾਰੇ ਹਰ ਧਰਮ, ਦਰਸ਼ਨ ਤੇ ਅਧਿਆਤਮਕਤਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਹ ਬਹੁ-ਭਾਂਤਕੀ ਰਚਨਾ ਦਾ ਪਸਾਰਾ ਕਿਵੇਂ ਹੋਇਆ ? ਕਦੋਂ ਹੋਇਆ ? ਕਿਸ ਲਈ ਹੋਇਆ ? ਕਿਸ ਨੇ ਕੀਤਾ ? ਕਿਸ ਦੀ ਪ੍ਰੇਰਨਾ ਤੇ ਕੀਤਾ, ਕਿਸ ਟੀਚੇ ਨੂੰ ਸਾਹਮਣੇ ਰੱਖ ਕੇ ਕੀਤਾ ? ਤੇ ਇਸ ਪਸਾਰੇ ਨੂੰ ਫੈਲਾਉਣ ਲਈ ਇਸ ਦੇ ਕਰਤਾ ਨੂੰ ਕਿੰਨਾ ਕ ਸਮਾਂ ਲੱਗਾ ? ਆਦਿ ਸਮੱਸਿਆਵਾਂ ਉੱਤੇ ਹਰ ਧਾਰਮਕ ਆਗੂ, ਦਾਰਸ਼ਨਿਕ ਵਿਚਾਰਵਾਨ ਅਤੇ ਅਧਿਆਤਮ ਮਾਰਗ ਦੇ ਪਾਂਧੀ—ਜਿਸ ਨੂੰ ਕਿ ਕੋਈ ਅਗੰਮੀ ਨੇੜਤਾ ਦੀ ਛੁਹ ਜਾਂ ਜਾਨਣ ਦੀ ਲੋਅ ਪ੍ਰਾਪਤ ਹੋਈ ਹੋਵੇ, ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਹ ਵਿਚਾਰ ਵੱਖ ਵੱਖਰੇ ਧਰਮਾਂ ਦੇ ਆਗੂਆਂ ਨੇ ਆਪੋ ਆਪਣੇ ਵਿਸਤਰਿਤ ਘੇਰਿਆਂ ਨੂੰ ਸਾਹਮਣੇ ਰੱਖ ਕੇ ਜਾਂ ਜਿਥੋਂ ਕ ਤੀਕ ਉਨ੍ਹਾਂ ਦੀ ਪ੍ਰਾਪਤੀ ਦੀ ਪਹੁੰਚ ਹੋ ਸਕਦੀ ਸੀ, ਨੂੰ ਪੂਰਨ ਰੂਪ ਵਿਚ ਪਰੀ-ਪੂਰਣਤਾ ਤੇ ਪਰਪੱਕਤਾ ਦੀ ਕਸਵੱਟੀ ਤੇ ਪਰਖ ਕੇ ਪ੍ਰਗਟ ਕੀਤੇ ਹਨ।

ਭਾਵੇਂ ਇਨ੍ਹਾਂ ਦੀਰਘ ਸਮੱਸਿਆਵਾਂ ਉੱਤੇ ਵਿਚਾਰ ਕਈ ਥਾਵਾਂ ਤੇ ਬਹੁਤ ਅੱਡਰੇ ਤੇ ਵਿਕੋਲਿਤਰੇ ਹਨ ਪਰ ਸਮੁੱਚੇ ਤੌਰ ਉੱਤੇ ਪਰਖਦਿਆਂ ਸਾਰੇ ਹੀ ਵਿਚਾਰਵਾਨ ਇਕ ਰਾਇ ਉੱਤੇ ਸਹਿਮਤ ਹੁੰਦੇ ਦਿਸ ਆਉਂਦੇ ਹਨ। ਉਹ ਹੈ ਇਸ ਬਾਰੇ ਪਸਾਰੇ ਦੀ ਰਚਨਾ ਦਾ ਵਿਕਾਸ-ਸ਼ੀਲ ਸਿਧਾਂਤ। ਜਿਵੇਂ ਕਿ ਹਰ ਵਿਚਾਰਵਾਨ ਆਪਣੇ ਜੀਵਨ ਵਿਚ ਪੇਸ਼ ਆਉਣ ਵਾਲੀ ਦਿਸਦੀ ਅਣ-ਦਿਸਦੀ, ਸਥੂਲ ਤੇ ਸੂਖਮ ਵਸਤੂ ਬਾਰੇ ਵਿਚਾਰ ਪ੍ਰਗਟ ਕਰਦਾ ਹੈ। ਉਸੇ ਪ੍ਰਕਾਰ ਉਹ ਬ੍ਰਹਿਮੰਡ ਤੇ ਅਕਾਸ਼ ਮੰਡਲ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਹਰ ਧਰਮ ਨੇ ਅਕਾਸ਼ ਮੰਡਲ ਤੇ ਬ੍ਰਹਿਮੰਡ ਬਾਰੇ ਆਪਣੇ ਵਿਚਾਰ ਵੀ ਕਹੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵੀ ਇਸ ਸਬੰਧੀ ਵਿਚਾਰ ਅੰਕਿਤ ਕੀਤੇ ਹਨ।

ਗੁਰੂ ਨਾਨਕ ਦੇਵ ਤੋਂ ਪਹਿਲਾਂ ਸ਼ਾਸ਼ਤ੍ਰਾਂ ਵਿਚ ਸ੍ਰਿਸ਼ਟੀ-ਰਚਨਾ ਬਾਰੇ ਵਿਚਾਰ ਇਸ ਪ੍ਰਕਾਰ ਅੰਕਿਤ ਹਨ। ਛੇਸ਼ਾਸਤ੍ਰਾਂ ਨੂੰ ਤਿੰਨ ਜੋੜਿਆਂ ਵਿੱਚ ਲੜੀ ਬਧ ਕੀਤਾ ਜਾਂਦਾ ਹੈ। ਇਹ ਤਿੰਨੇ ਜੋੜੇ ਇਸ ਪ੍ਰਕਾਰ ਹਨ :—

੧. ਸਾਂਖ ਸ਼ਾਸਤ੍ਰ ਤੇ ਯੋਗ ਸ਼ਾਸਤ੍ਰ

੨. ਨਿਯਾਯ ਤੇ ਵਿਸ਼ੇਸ਼ਕ ਸ਼ਾਸਤ੍ਰ

੩. ਉਤਰ-ਮਿਮਾਂਨਸਾ ਤੇ ਪੂਰਵ ਮਿਮਾਂਨਸਾ।

ਇਸ ਦੇ ਅਰਥ ਇਹ ਨਹੀਂ ਕਿ ਇਹ ਸ਼ਾਸਤ੍ਰ ਇਕ ਦੂਜੇ ਤੋਂ ਬਿਲਕੁਲ ਅੱਡਰੇ ਹਨ। ਸਗੋਂ ਇਹ ਇਕ ਦੂਜੇ ਨਾਲ ਅੰਤਰ-ਸਬੰਧਤ ਹਨ ਅਤੇ ਕੁਝ ਹੱਦ ਤੱਕ ਇਕ ਦੂਜੇ ਦੇ ਭਾਗ ਵੀ।

**ਸਾਂਖ ਤੇ ਯੋਗ ਸ਼ਾਸਤ੍ਰ**—ਇਨ੍ਹਾਂ ਦੋਹਾਂ ਸ਼ਾਸਤ੍ਰਾਂ ਵਿਚ ਦਵੈਤਵਾਦ ਨੂੰ ਪ੍ਰਧਾਨਤਾ ਪ੍ਰਾਪਤ ਹੈ। ਇਹ ਪੁਰਸ਼ ਅਤੇ ਪ੍ਰਕ੍ਰਿਤੀ ਦੋਹਾਂ ਨੂੰ ਅਨਾਦਿ ਮੰਨਦੇ ਹਨ ਭਾਵ ਆਦਿ ਕਾਲ ਤੋਂ ਹੀ ਇਨ੍ਹਾਂ ਦੀ ਹੋਂਦ ਮੰਨਦੇ ਹਨ। ਇਸ ਨੂੰ ਅਰੰਭਵਾਦ ਵੀ ਕਿਹਾਂ ਜਾਂਦਾ ਹੈ। ਇਨ੍ਹਾਂ ਸ਼ਾਸਤ੍ਰਾਂ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋਵੇਂ ਅਲਪਤਿ (discordant) ਹਾਲਤ ਵਿਚ ਵੱਖ ਵੱਖਰੀਆਂ ਸ਼ਕਤੀਆਂ ਮੰਨੀਆਂ ਗਈਆਂ ਹਨ। ਇਨ੍ਹਾਂ ਅਨੁਸਾਰ ਪੁਰਸ਼ ਅਕਾਰਾਤਮਕ (Passive) ਅਤੇ ਪ੍ਰਕ੍ਰਿਤੀ ਸੁਕਾਰਾਤਮਕ (Active) ਸ਼ਕਤੀ ਹੈ। ਪ੍ਰਕ੍ਰਿਤੀ ਵਿੱਚ ਤਿੰਨ ਗੁਣ ਰਜੋ, ਸਤੋ ਅਤੇ ਤਮੋ ਅੰਕਿਤ ਹਨ। ਜਦੋਂ ਤਕ ਇਹ ਤਿੰਨੇ ਗੁਣ ਇਕ ਖਾਸ ਮਿਸ਼ਰਿਤ ਵਿਚ ਸੰਤੁਲਿਨ (Balance) ਪ੍ਰਾਪਤੀ ਕਰੀ ਰੱਖਦੇ ਹਨ ਉਸ ਵਲ ਤੱਕ ਕਿਸੇ ਪ੍ਰਕਾਰ ਦੀ ਰਚਨਾ ਦੀ ਸੰਭਾਵਨਾ ਨਹੀਂ ਮੰਨੀ ਜਾਂਦੀ। ਪਰ ਜਦੋਂ ਵੀ ਇਸ ਸੰਤੁਲਿਨ ਵਿਚ ਕਿਸੇ ਪ੍ਰਕਾਰ ਦਾ ਵਾਧਾ ਘਾਟਾ ਹੋ ਜਾਂਦਾ ਹੈ ਉਸ ਵੇਲੇ ਰਚਨਾ ਹੋਂਦ ਵਿਚ ਆਉਂਦੀ ਹੈ। ਸੋ ਇਨ੍ਹਾਂ ਸ਼ਾਸਤ੍ਰਾਂ ਅਨੁਸਾਰ ਜਦੋਂ ਤਕ ਅਜਿਹੀ ਹਾਲਤ ਨਹੀਂ ਆ ਜਾਂਦੀ ਕਿ ਇਹ ਤਿੰਨੇ ਤੱਤ ਆਪਣ ਆਪ ਵਿਚ ਇਕ ਖਾਸ ਮਿਸ਼ਰਿਤ ਪ੍ਰਾਪਤ ਨਹੀਂ ਕਰ ਲੈਂਦੇ ਉਸ ਵੇਲੇ ਤੱਕ ਇਸ ਸੰਸਾਰ ਤੇ ਰਚਨਾ ਹੁੰਦੀ ਰਹਿੰਦੀ ਹੈ ਅਤੇ ਇਹ ਉਤਪਤੀ ਅਤੇ ਵਿਨਾਸ਼ ਦਾ ਅਣਟੁੱਟ ਚੱਕਰ ਚਲਦਾ ਰਹਿੰਦਾ ਹੈ। ਪੱਛਮ ਵਿੱਚ ਵੀ ਕੁਝ ਇਹੋ ਜਿਹੇ ਵਿਚਾਰ ਹੀ ਪ੍ਰਚਲਤ ਹਨ। ਮਹਾਨ ਕਵੀ ਵਰਡਜ਼ਵਰਥ ਵੀ ਇਹੋ ਜਿਹੇ ਵਿਚਾਰਾ ਦਾ ਹੀ ਧਾਰਣੀ ਦਿਸ ਆਉਂਦਾ ਹੈ। ਉਹ ਇਕ ਥਾਂ ਲਿਖਦਾ ਹੈ :

ਫੇਰ ਕੀ ਹੋਇਆ ? ਇਕ ਸੁਰ ਛਿੜੀ ਜਿਸ ਸਦਕਾ ਸਾਰੇ ਹੀ ਵੱਖੋ ਵੱਖ ਅਲਿਪਤ ਹਾਲਤ ਵਿਚ ਪਏ ਤੱਤਵ ਪਦਾਰਥ ਇਕ ਦੂਜੇ ਨਾਲ ਇਕ ਸੁਰ ਹੋ ਕੇ ਨੇੜੇ ਆ ਗਏ ਅਤੇ ਇਕ ਦੂਜੇ ਵਿਚ ਸਮਾਉਣ ਲੱਗੇ। ਇਸ ਪ੍ਰਕਾਰ ਇਸ ਸੰਸਾਰ ਤੇ ਰਚਨਾ ਦਾ ਚੱਕਰ ਚੱਲ ਪਿਆ। ਅੰਤ ਵਿਚ ਜਾ ਕੇ ਉਹ ਲਿਖਦਾ ਹੈ ਕਿ ਇਕ ਵਾਰ ਫੇਰ ਉਹੋ ਸੁਰ ਸੁਣਾਈ ਦੇਵੇਗਾ ਅਤੇ ਇਹ ਸਾਰੇ ਹੀ ਤੱਤਵ ਫੇਰ ਇਕ ਦੂਜੇ ਤੋਂ ਵੱਖ ਹੋ ਜਾਣਗੇ, ਇਹ ਸਾਰਾ ਪਸਾਰਾ ਸਮੇਟਿਆ ਜਾਵੇਗਾ। ਇਹ ਦਿਨ ਕਿਆਮਤ ਦਾ ਹੋਵੇਗਾ। ਗੁਰਮਤਿ ਅਨੁਸਾਰ ਸਿਰਫ ਪੁਰਸ਼ ਹੀ ਅਨਾਦਿ ਹੈ। ਪ੍ਰਕ੍ਰਿਤੀ ਪੁਰਸ਼ ਦੀ ਕੀਤੀ ਹੋਈ ਹੈ। ਇਹ ਤਿੰਨੇ ਗੁਣ ਉਸ ਦੇ ਕੀਤੇ ਹੋਏ ਹਨ। ਪੁਰਸ਼-ਵਾਹਿਗੁਰੂ ਵਿੱਚ ਤਿੰਨੇ ਸ਼ਕਤੀਆਂ ਮਾਰਨ, ਜੀਵਾਲਣ ਤੇ ਪਾਲਣ ਦੀਆਂ ਵਿਦਮਾਨ ਹਨ। ਉਹ ਆਪ ਹੀ ਇਸ ਰਚਨਾ ਨੂੰ ਜਨਮ ਦੇਣ ਵਾਲਾ ਹੈ, ਆਪ ਹੀ ਪਾਲਣਾ ਪੋਸਣਾ ਕਰਨ ਵਾਲਾ ਹੈ ਅਤੇ ਆਪ ਹੀ ਇਸ ਦਾ ਵਿਨਾਸ ਕਰਨ ਵਾਲਾ ਹੈ। ਇਹ ਮਾਇਆ ਸਾਰੀ ਉਸੇ ਦੀ ਕੀਤੀ ਹੋਈ ਹੈ ਅਤੇ ਇਸ ਦਾ ਚੰਗੇਰਾ ਤੇ ਮੰਦਾ ਹਿੱਸਾ ਉਸੇ ਦਾ ਕੀਤਾ ਹੋਇਆ ਹੈ।

**ਇਹ ਮਾਇਆ ਤਾਕੀ ਕੀਤੀ ਹੋਇ ॥**
**ਫਲੁ ਅਫਲੁ ਸਭਿ ਤਿਸ ਤੇ ਹੋਇ ॥**

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ।
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥ (ਜਪੁ ਮ: ੧)

ਇਹੋ ਵਿਚਾਰ ਪੱਛਮੀ ਵਿਚਾਰਵਾਨ C. M. Walsh ਨੇ ਆਪਣੀ ਪੁਸਤਕ (The Doctrine of Creation 1910) ਵਿਚ ਦਰਜ ਕੀਤੇ ਹਨ ਕਿ ਸਿਰਫ 'ਪੁਰਸ਼ ਹੀ ਅਨਾਦਿ ਹੈ। ਬਾਕੀ ਸਭ ਕੁਝ ਉਸ ਦਾ ਹੀ ਕੀਤਾ ਹੋਇਆ ਹੈ।'[1]

Encyclopedia of Religion and Ethics[2] ਅਨੁਸਾਰ 'ਜੇ ਮਾਦਾ ਪੁਰਸ਼ ਦਾ ਕੀਤਾ ਹੋਇਆ ਨਾ ਹੁੰਦਾ ਤਾਂ ਇਹ ਪੁਰਸ਼ ਦੇ ਬਰਾਬਰ ਹੁੰਦਾ ਭਾਵ ਦੋਵੇਂ ਸ਼ਕਤੀਆਂ ਅਨਾਦਿ ਹੁੰਦੀਆਂ ਅਤੇ ਇਹ ਦੋਵੇਂ ਇਕ ਦੂਜੇ ਤੋਂ ਬਿਲਕੁਲ ਅਲਪਿਤ ਹੋ ਕੇ ਰਹਿੰਦੀਆਂ ਜਦ ਤਕ ਕਿ ਕੋਈ ਤੀਜੀ ਸ਼ਕਤੀ ਇਨ੍ਹਾਂ ਵਿਚ ਸਾਂਝ ਨਾ ਪਵਾਉਂਦੀ। ਪਰ ਅਸਲ ਗੱਲ ਇਹ ਹੈ ਕਿ ਮਾਦਾ ਪੁਰਸ਼ ਵਿਚੋਂ ਨਿਕਲਿਆ ਹੈ, ਨਾ ਕਿ ਪੁਰਸ਼ ਮਾਦੇ ਵਿਚੋਂ। ਪੁਰਸ਼ ਨੇ ਸਰਬ ਪਾਲਕ ਹੋਣ ਲਈ ਮਾਦਾ ਪੈਦਾ ਕੀਤਾ ਹੋਵੇਗਾ। ਜੇ ਇਹ ਪੁਰਸ਼ ਦਾ ਕੀਤਾ ਹੋਇਆ ਨਾ ਹੁੰਦਾ ਤਾਂ ਇਸ ਸੰਸਾਰ ਦੀ ਘਾੜਤ ਵਿਚ ਵਰਤੇ ਜਾਣ ਵਾਲੇ ਮਸਾਲੇ ਵਿਚ ਉਹ ਗੁਣ ਕਦੀ ਵੀ ਨਾ ਹੁੰਦੇ ਜਿਹੜੇ ਕਿ ਰੱਬ ਨੂੰ ਇਸ ਰਚਨਾ ਲਈ ਲੋੜੀਂਦੇ ਸਨ। ਸੋ ਇਸ ਸਰਬ ਸ੍ਰੇਸ਼ਟ, ਨਿਪੁੰਨ, ਲਸਾਨੀ ਤੇ ਬਹੁ-ਭਾਂਤੀ ਦਾ ਕਰਤਾ ਜ਼ਰੂਰ ਕੋਈ ਮਾਹਰ, ਸੁੱਘੜ ਤੇ ਕਰਤਾਰੀ ਗੁਣਾਂ ਦਾ ਮਾਲਕ ਹੀ ਹੋ ਸਕਦਾ ਹੈ।' ਇਹ ਦਲੀਲ ਪੂਰਨ

---

1. C. M. Walsh – "God alone is without beginning.

(The Doctrine of Creation, 1910)

2. If matter were uncreated, it must be equal with God—a Second God. If there were two first principles, they would be incommunicable without a third, which would be the ultimate principle. Plainly the one must come from the other and, more plainly matter from God rather than the reverse. To be Lord of all God must have creatad matter. If it were uncreated the world could not be constructed out of it, for it could not be receptive of the qualities which God wished to impose upon it, unless God Himself had made it such as He wished it to be. That which is capable of being made into an artistic world, must have had a wise and skilful maker.

(Encyclopedia of Religion and Ethics

Vol IV, Page 125)

ਤੌਰ ਤੇ ਇਸ ਮੱਤ ਦੀ ਪੁਸ਼ਟੀ ਕਰਦੀ ਹੈ ਕਿ ਹਰ ਸ਼ੈਅ ਉਸ ਪੁਰਸ਼-ਵਾਹਿਗੁਰੂ ਉੱਤੇ ਆਧਾਰਿਤ ਹੈ ਅਤੇ ਉਸ ਵਿਚੋਂ ਹੀ ਨਿਕਲੀ ਹੈ। ਉਪਰੋਕਤ ਵਿਚਾਰ ਤੋਂ ਭਲੀ ਭਾਂਤ ਸਿਧ ਹੈ ਕਿ ਪੁਰਸ਼ ਅਨਾਦਿ ਹੈ ਅਤੇ ਪ੍ਰਕ੍ਰਿਤੀ ਉਸ ਦੀ ਕੀਤੀ ਹੋਈ ਹੈ।

**ਨਿਯਾਯ ਸ਼ਾਸਤ੍ਰ ਤੇ ਵਿਸ਼ੇਸ਼ਕ ਸ਼ਾਸਤ੍ਰ**—ਇਹ ਸ਼ਾਸਤ੍ਰ ਰੱਬ ਬਾਰੇ ਕੁਝ ਨਹੀਂ ਦੱਸਦੇ। ਇਹ ਅਣੂ ਪ੍ਰਮਾਣੂ ਵਿਚ ਯਕੀਨ ਰੱਖਦੇ ਹਨ। ਜਦੋਂ ਅਣੂ ਪ੍ਰਮਾਣੂ ਕਿਸੇ ਖਾਸ ਹਾਲਤ ਅਤੇ ਕਿਸੇ ਖਾਸ ਮਿਸ਼ਰਤ ਵਿਚ ਇਕੱਠੇ ਹੁੰਦੇ ਹਨ ਤਾਂ ਉਨ੍ਹਾਂ ਵਿਚਲੀ ਰਗੜ (Friction) ਕਾਰਣ ਪੈਦਾ ਹੋਈ ਗਰਮੀ ਸਦਕਾ ਇਨ੍ਹਾਂ ਵਿਚ ਹਿਲ ਜੁਲ ਆਉਂਦੀ ਹੈ ਤਾਂ ਇਸ ਸੰਸਾਰ ਵਿਚ ਰਚਨਾ ਹੁੰਦੀ ਹੈ। ਇਸ ਨੂੰ ਪ੍ਰੀਣਾਮਵਾਦ ਦੀ ਅਵਸਥਾ ਕਿਹਾ ਜਾਂਦਾ ਹੈ। ਇਹ ਸ਼ਾਸਤ੍ਰ ਸਿੱਧੇ ਤੌਰ ਤੇ ਕਿਸੇ ਗੈਬੀ ਸ਼ਕਤੀ ਤੋਂ ਮੁਨਕਰ ਹਨ ਅਤੇ ਸ਼ੁੱਧ ਪਦਾਰਥਵਾਦੀ ਨਿਸਚੇ ਦੇ ਅਨੁਆਈ ਹਨ। ਪਦਾਰਥ ਨੂੰ ਹੀ ਸਰਬ ਸਰੇਸ਼ਟ ਕਰਤਾਰੀ ਗੁਣਾਂ ਦਾ ਮਾਲਕ ਮੰਨਦੇ ਹਨ। ਪਰ ਉਪਰੋਕਤ ਵਿਚਾਰ ਨੂੰ ਦ੍ਰਿਸ਼ਟੀ ਗੋਚਰ ਕੀਤਿਆਂ ਤੇ ਵਿਚਾਰਿਆਂ ਇਹ ਸਾਫ਼ ਤੌਰ ਤੇ ਸਿੱਧ ਕੀਤਾ ਜਾ ਸਕਦਾ ਹੈ ਕਿ ਪਦਾਰਥ ਵੀ ਤਾਂ ਰੱਬ ਦਾ ਹੀ ਕੀਤਾ ਹੋਇਆ ਹੈ। ਜੇ ਨਹੀਂ ਤਾਂ ਪਦਾਰਥ ਕਿੱਥੋਂ ਆ ਗਿਆ ? ਇਸ ਦਾ ਆਦਿ ਕਿੱਥੋਂ ਹੋਇਆ ? ਇਸ ਬਾਰੇ ਪਦਾਰਥ ਵਾਦੀਆਂ ਕੋਲ ਕੋਈ ਰਾਇ ਨਹੀਂ।

**ਉਤਰ-ਮਿਮਾਨਸਾ ਅਤੇ ਪੂਰਵ-ਮਿਮਾਨਸਾ—**

ਇਸ ਨੂੰ ਵਿਵਰਤਵਾਦ ਜਾਂ ਭਰਮ ਵਾਦ ਕਹਿੰਦੇ ਹਨ। ਸ਼ੰਕਰਾਚਾਰੀਆ ਇਸੇ ਸਿਧਾਂਤ ਦਾ ਅਨੁਆਈ ਸੀ। ਉਸ ਅਨਸਾਰ ਇਹ ਸੰਸਾਰ ਨਿਰੋਲ ਮਾਇਆ ਹੈ, ਇਕ ਪ੍ਰਕਾਰ ਦਾ ਛਲਾਵਾ (Delusion) ਹੈ, ਭਰਮ ਹੈ। ਇਕ ਪਰਦਾ ਹੈ ਜੋ ਆਤਮਾ ਅਤੇ ਪਰਮਾਤਮਾ ਵਿਚਾਲੇ ਪਸਰਿਆ ਹੋਇਆ ਹੈ। ਜਦੋਂ ਤਕ ਇਹ ਭਰਮ ਦਾ ਪ੍ਰਛਾਵਾਂ ਆਤਮਾ ਅਤੇ ਪ੍ਰਮਾਤਮਾ ਵਿਚਾਲੇ ਪਸਰਿਆ ਰਹੇਗਾ, ਆਤਮਾ ਇਸ ਸੰਸਾਰ ਨੂੰ ਮੰਨਦੀ ਰਹੇਗੀ। ਜਿਸ ਵੇਲੇ ਆਤਮਾ ਨੇ ਇਸ ਛਲਾਵੇ ਨੂੰ ਪਾਰ ਕਰਕੇ ਬ੍ਰਹਮਾ ਸਰੂਪ ਦੇ ਦਰਸ਼ਨ ਕੀਤੇ ਉਸ ਵੇਲੇ ਇਹ ਸੰਸਾਰ ਜਾਂ ਮਾਇਆ ਖਤਮ ਹੋ ਜਾਵੇਗੀ।

ਪਰ ਗੁਰੂ ਨਾਨਕ ਦੇਵ ਜੀ ਇਸ ਸਿਧਾਂਤ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਅਨੁਸਾਰ ਇਹ ਸੰਸਾਰ ਦਾ ਪਸਾਰਾ ਛਲਾਵਾ ਨਹੀਂ ਸਤ ਹੈ।

**ਸਚੇ ਤੇਰੇ ਖੰਡ ਸਚੇ ਬ੍ਰਹਮੰਡ।**

(ਆਸਾ ਦੀ ਵਾਰ ਮਹਲਾ ੧)

ਇਨ੍ਹਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਹ ਸੱਚ ਮੁੱਚ ਆਪਣੀ ਪਦਾਰਥਕ ਹੋਂਦ ਨੂੰ ਵਜੂਦ ਵਿਚ ਲਈ ਖੜ੍ਹੇ ਹਨ। ਇਸ ਸਚ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਹਾਂ ਇਕ ਗੱਲ ਜ਼ਰੂਰ ਹੈ ਕਿ ਇਹ ਸਾਰੇ ਹੀ ਚਿਰ ਸਥਾਈ ਨਹੀਂ, ਛਿਨ ਭੰਗਰ ਹਨ, ਖਤਮ ਹੋ ਜਾਣ ਵਾਲੇ ਹਨ। ਇਕ ਦਿਨ ਇਨ੍ਹਾਂ ਜ਼ਰੂਰ ਖ਼ਤਮ ਹੋ ਜਾਣਾ ਹੈ। ਇਹ ਸਭ ਕੂੜ ਹਨ।

**ਕੂੜੁ ਮੰਡਪ ਕੂੜੁ ਮਾੜੀ, ਕੂੜੁ ਬੈਸਣਹਾਰੁ ॥**

(ਆਸਾ ਦੀ ਵਾਰ ਮਹਲਾ ੧)

ਭਾਵ ਇਹ ਨਾਸ਼ਮਾਨ ਹਨ । ਇਕ ਦਿਨ ਇਸ ਖੇਡ ਦੇ ਪਸਾਰੇ ਨੂੰ ਇਸ ਦੇ ਕਰਤਾ ਨੇ ਜ਼ਰੂਰ ਸਮੇਟ ਲੈਣਾ ਹੈ । ਇਹ ਸ਼ਤਰੰਜ ਦੀ ਬਾਜ਼ੀ ਜਦੋਂ ਮੁੱਕ ਗਈ ਤਾਂ ਖਿਡਾਰੀ ਸਭ ਕੁਝ ਸਮੇਟ ਕੇ ਖੇਡ ਬੰਦ ਕਰ ਦੇਵੇਗਾ । ਸੋ ਗੁਰਮਤਿ ਇਸ ਨਿਸਚੇ ਦੀ ਧਾਰਣੀ ਹੈ ਕਿ ਇਹ ਸੰਸਾਰ ਮਾਇਆ, ਅਵਿ-ਦਿਆ ਜਾਂ ਛਲਾਵਾ ਨਹੀਂ । ਸੱਚ ਮੁੱਚ ਇਸ ਦਾ ਪਦਾਰਥਕ ਵਜੂਦ ਹੈ । ਇਸੇ ਤੋਂ ਇਨਕਾਰੀ ਹੋਣਾ ਬਹੁਤੀ ਸਿਆਣਪ ਨਹੀਂ । ਪਰ ਇਹ ਪਸਾਰਾ ਨਾਸ਼ਮਾਨ ਹੈ । ਇਸ ਦਾ ਇਕ ਦਿਨ ਅੰਤ ਜ਼ਰੂਰ ਹੋ ਜਾਵੇਗਾ ।

ਸ੍ਰਿਸ਼ਟੀ-ਰਚਨਾ ਬਾਰੇ ਗੁਰੂ ਨਾਨਕ ਦੇਵ ਦੇ ਵਿਚਾਰ ਕੋਈ ਅੱਡਰੇ ਨਹੀਂ । ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਅੱਜ ਦੀ ਵਿਗਿਆਨਕ ਖੋਜ ਸਾਫ਼ ਸਾਫ਼ ਕਰਦੀ ਹੈ । ਗੁਰੂ ਨਾਨਕ ਦੇਵ ਜੀ ਦੀ ਡੂੰਘੀ ਤੇ ਵਿਗਿਆਨਕ ਸੋਚਣੀ ਦੀ ਸ਼ਲਾਘਾ ਕਰਨੀ, ਛੋਟਾ ਮੂੰਹ ਵੱਡੀ ਗੱਲ ਹੈ । ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਦੇ ਦੱਸੇ ਤਾਰਾ-ਮੰਡਲ ਅਤੇ ਬ੍ਰਹਿਮੰਡ ਗਿਆਨ ਬਾਰੇ ਵਿਚਾਰ ਅੱਜ ਵਿਗਿਆਨ ਆਪਣੀ ਖੋਜ ਰਾਹੀਂ ਸਾਬਤ ਕਰ ਰਿਹਾ ਹੈ । ਇਸ ਸੰਸਾਰ ਦੀ ਰਚਨਾ ਬਾਰੇ ਗੁਰੂ ਨਾਨਕ ਦੇਵ ਨੇ ਬਹੁਤ ਹੀ ਸਿੱਧੇ ਤੇ ਸਾਫ਼ ਸ਼ਬਦਾਂ ਵਿਚ ਲਿਖਿਆ ਹੈ ਕਿ ਇਸ ਪਸਾਰੇ ਤੋਂ ਪਹਿਲਾਂ ਇਥੇ ਕੁਝ ਵੀ ਨਹੀਂ ਸੀ ਅਤੇ ਪ੍ਰਭੂ ਸੁੰਨ-ਸਮਾਧ ਦੀ ਅਵਸਥਾ ਵਿਚ ਵਿਚਰਦਾ ਸੀ ।

ਅਰਬਦ ਨਰਬਦ ਧੁੰਧੂਕਾਰਾ<br>
ਧਰਣਿ ਨਾ ਗਗਨਾ ਹੁਕਮ ਅਪਾਰਾ<br>
ਨਾ ਦਿਨੁ ਰੈਨਿ ਨ ਚੰਦੁ ਨਾ ਸੂਰਜੁ<br>
ਸੁੰਨ ਸਮਾਧਿ ਲਗਾਇਦਾ ॥੧॥

(ਮਾਰੂ ਮਹਲਾ ੧)

ਹਰ ਪਾਸੇ ਧੁੰਧੂਕਾਰਾ (Misty state) ਭਾਵ ਕੁਝ ਵੀ ਸਾਫ਼ ਤੇ ਨਿਖਰਵੀਂ (clear and crystalized) ਅਵਸਥਾ ਵਿਚ ਨਹੀਂ ਵਿਚਰਦਾ ਸੀ । ਇਹ ਚੰਦ, ਸੂਰਜ ਅਤੇ ਹੋਰ ਦ੍ਰਿਸ਼ਟਮਾਨ ਵਸਤੂਆਂ ਕਿਧਰੇ ਵੀ ਨਹੀਂ ਸਨ ਦਿਸ ਆਉਂਦੀਆਂ । ਪ੍ਰਭੂ ਆਪ ਸੁੰਨ (ਸੰਸਕ੍ਰਿਤ ਦੇ ਸੂਨਯ — Zero ਸ਼ਬਦ ਤੋਂ ਲਿਆ ਗਿਆ ਹੈ) ਸਮਾਧ ਦੀ ਅਵਸਥਾ ਵਿਚ ਵਿਚਰਦੇ ਸਨ । ਸਿਧ ਗੋਸ਼ਟਿ ਵਿਚ ਸਿਧਾਂ ਨੇ ਰਚਨਾ ਦੇ ਅਰੰਭ ਸਬੰਧੀ ਗੁਰੂ ਨਾਨਕ ਸਾਹਿਬ ਤੋਂ ਪੁੱਛਿਆ—

'ਆਦਿ ਕਉ ਕਵਨੁ ਬੀਚਾਰੁ ਕਥੀਅਲੇ<br>
ਸੁੰਨ ਕਹਾ ਘਰਿ ਵਾਸੋ ।'

(ਸਿਧ ਗੋਸ਼ਟਿ)

**ਤਾਂ ਗੁਰੂ ਸਾਹਿਬ ਉੱਤਰ ਵਿਚ ਕਹਿੰਦੇ ਹਨ—**

'ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
ਸੁੰਨ ਨਿਰੰਤਰਿ ਵਾਸੁ ਲੀਆ ॥'

ਭਾਵ ਆਦਿ ਦਾ ਪ੍ਰਸ਼ਨ ਵਿਸਮਾਦੀ ਹੈ ਇਸ ਪਰ ਸੋਚਣਾ ਅਸਚਰਜਤਾ ਤੋਂ ਸਿਵਾ ਹੋਰ ਹੱਥ ਕੁਝ ਵੀ ਨਹੀਂ ਆ ਸਕਦਾ। ਇਸ ਤੋਂ ਪਹਿਲਾਂ ਵੀ ਪ੍ਰਭੂ ਸਰਬ ਵਿਆਪੀ ਹੁੰਦਾ ਹੋਇਆ ਵਿਸਮਾਦ ਅਵਸਥਾ ਵਿਚ ਵਿਚਰਦਾ ਸੀ।

ਫੇਰ ਵੀ ਪਸਾਰਾ ਹੋਇਆ ਕਿਵੇਂ ? ਇਸ ਦੇ ਉਤਰ ਵਿਚ ਸਾਹਿਬ ਲਿਖਦੇ ਹਨ ਕਿ ਇਸ ਸੰਸਾਰ ਦਾ ਪਸਾਰਾ ਇਕ ਨਿਰੰਤਰ ਵਿਕਾਸ ਸਦਕਾ ਹੋਂਦ ਵਿਚ ਆਇਆ ਹੈ ਅਤੇ ਇਸ ਪਸਾਰੇ ਨੂੰ ਪਸਾਟਨ ਵਿਚ ਕਿੰਨਾ ਕੁ ਸਮਾਂ ਲਗਾ ਹੈ ਕੋਈ ਵੀ ਨਹੀਂ ਦੱਸ ਸਕਦਾ । ਆਪ ਨੇ ਸਿਰੀ-ਰਾਗ ਵਿੱਚ ਫੁਰਮਾਇਆ ਹੈ :—

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

(ਸ੍ਰੀ ਰਾਗ ਮਹਲਾ ੧)

ਜਾਂ

ਪਵਣ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ ॥

(ਆਸਾ ਮਹਲਾ ੧)

ਉਪਰੋਕਤ ਸਚਾਈ ਇਕ ਅਜਿਹਾ ਤੱਤ ਹੈ ਜਿਸ ਨੂੰ ਕਿ ਵਿਗਿਆਨ ਦੀ ਪ੍ਰੋੜ੍ਹਤਾ ਵੀ ਪ੍ਰਾਪਤ ਹੈ । ਵਿਗਿਆਨਕ ਵਿਸ਼ਲੇਸ਼ਣ ਦੱਸਦਾ ਹੈ ਕਿ ਹਵਾ ਵਿਚ ਹੋਰ ਗੈਸਾਂ ਦੇ ਨਾਲ ਹਾਈਡ੍ਰੋਜਨ ਤੇ ਆਕਸੀਜਨ ਵੀ ਹੁੰਦੀਆਂ ਹਨ। ਜਦੋਂ ਦੋ ਭਾਗ ਹਾਈਡ੍ਰੋਜਨ ਇਕ ਭਾਗ ਆਕਸੀਜਨ ਨਾਲ ਮਿਲ ਜਾਂਦੀ ਹੈ ਤਾਂ ਪਾਣੀ ਹੋਂਦ ਵਿਚ ਆਉਂਦਾ ਹੈ (ਪਵਨੈ ਤੇ ਜਲੁ ਹੋਇ।)

ਡਾਰਵਿਨ ਦਾ ਰਚਨਾ ਸਿਧਾਂਤ ਕੀ ਹੈ ? ਉਸ ਅਨੁਸਾਰ ਇਸ ਸੰਸਾਰ ਵਿਚ ਇਸ ਜੀਵ ਮਾਤਰ ਦੀ ਰਚਨਾ ਪਾਣੀ ਵਿਚੋਂ ਹੋਈ ਹੈ। ਸਭ ਤੋਂ ਪਹਿਲਾਂ ਜੀਵ (Specie) ਇਸ ਸੰਸਾਰ ਵਿਚ ਜੋ ਪਾਣੀ ਦੀ ਤਹਿ ਉੱਤੇ ਆਇਆ ਉਸ ਦਾ ਨਾਂ Amoeba ਸੀ ਅਤੇ ਉਸ ਤੋਂ ਵਿਕਾਸ ਕਰਕੇ ਫੇਰ ਬਾਕੀ ਦੀ ਰਚਨਾ ਹੋਈ।

ਪੱਛਮੀ ਵਿਚਾਰਵਾਨ ਵੀ ਰਚਨਾ ਦਾ ਮੂਲ ਤੱਤ ਪਾਣੀ ਨੂੰ ਹੀ ਮੰਨਦੇ ਹਨ।[1] 'ਐਨਸਾਈ-

---

1. Encyclopedia of Religion and Ethics Vol IV, Page 125)

ਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿਚ ਇਹ ਵਿਚਾਰ ਇਸ ਪ੍ਰਕਾਰ ਅੰਕਿਤ ਹਨ— 'ਇਸ ਬ੍ਰਹਿਮੰਡ ਦਾ ਮੂਲ ਤੱਤਵ ਪਾਣੀ ਹੀ ਦੱਸਿਆ ਜਾਂਦਾ ਹੈ। ਇਹ ਸਿਰਫ ਪੱਛਮੀ ਵਿਚਾਰ ਹੀ ਨਹੀਂ ਸਗੋਂ ਭਾਰਤੀ ਬ੍ਰਹਿਮੰਡ ਉਤਪਤੀ ਸਿਧਾਂਤ ਵਿਚ ਵੀ ਇਸੇ ਪ੍ਰਕਾਰ ਦਰਜ ਹੈ।' ਨੀਲ ਘਾਟੀ ਦੇ ਕਈ ਇਕ ਪ੍ਰਦੇਸ਼ਾਂ ਵਿਚ ਵੀ ਇਹੋ ਜਿਹੇ ਵਿਚਾਰ ਪ੍ਰਚਲਤ ਹਨ ਬਹੁਤ ਸਾਰੇ ਯੂਨਾਨੀ ਵਿਚਾਰ-ਵਾਨ ਅਤੇ ਹੋਮਰ ਵੀ ਇਸੇ ਵਿਚਾਰ ਦੇ ਧਾਰਣੀ ਹਨ ਕਿ ਰਚਨਾ ਵਿਚ ਬਹੁਤਾ ਹਿੱਸਾ ਪਾਣੀ ਦਾ ਦੀ ਹੈ। ਯੂਨਾਨ ਵਿਚ ਤਿੰਨ ਪ੍ਰਕਾਰ ਦੇ ਵਿਚਾਰ ਪ੍ਰਚਲਤ ਹਨ :—

੧. ਜਿਹੜੇ ਕਿਸੇ ਗ਼ੈਬੀ ਸਿਧਾਂਤ ਦੇ ਧਾਰਣੀ ਹਨ।

੨. ਜਿਹੜੇ ਕਿਸੇ ਆਦਰਸ਼ਕ ਸਿਧਾਂਤ ਦੇ ਧਾਰਣੀ ਹਨ। ਇਹ ਦਿਨ ਰਾਤ ਅਤੇ ਕਿਆਮਤ ਜਿਹੇ ਵਿਚਾਰਾਂ ਵਿਚ ਯਕੀਨ ਰਖਦੇ ਹਨ।

੩. ਜਿਹੜੇ ਕਿਸੇ ਪਦਾਰਥ ਵਾਦੀ ਸਿਧਾਂਤ ਨੂੰ ਮੰਨਦੇ ਹਨ। ਇਹ ਹਵਾ ਪਾਣੀ ਆਦਿ ਨੂੰ ਸ੍ਰਿਸ਼ਟੀ ਦਾ ਮੂਲ ਮੰਨਦੇ ਹਨ।

ਇਨ੍ਹਾਂ ਤਿੰਨਾਂ ਵਿਚੋਂ ਅੰਤਮ ਵਿਚਾਰ ਬਹੁਤਾ ਠੋਸ ਤੇ ਪ੍ਰਮਾਣੀਕ ਗਿਣਿਆ ਜਾਂਦਾ ਹੈ।[1] ਮਿਸਰ ਦੇਸ਼ ਵਿਚ ਰਚਨਾ ਬਾਰੇ ਵਿਚਾਰ ਭਾਰਤੀ ਵਿਚਾਰ ਨਾਲ ਕਾਫ਼ੀ ਮਿਲਦੇ ਜੁਲਦੇ ਹਨ। ਉਨ੍ਹਾਂ ਅਨੁਸਾਰ ਕਰਮ ਉਸ ਨੂੰ ਮਿਲਣ ਵਾਲੀ ਦਾਤ ਜਾਂ ਜੀਅ ਦਾਨ ਦਾ ਫ਼ੈਸਲਾ ਕਰਦੇ ਹਨ। ਜਿਹਾ ਜਿਹਾ ਜੀਅ ਦਾਨ ਮਿਲਦਾ ਹੈ ਉਹ ਕਰਮਾਂ ਦੇ ਆਧਾਰ ਤੇ ਮਿਲਦਾ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਇਕ ਵਾਰ ਜੀਅ ਦਾਨ ਮਿਲਣ ਉਪਰੰਤ ਆਤਮਾ ਇਕ ਤਾਂ ਆਪਣੇ ਪਿਛਲੇ ਜਨਮ ਦੇ ਕਰਮਾਂ ਨੂੰ ਭੋਗਦਾ ਹੈ, ਦੂਜੇ ਅਗਲੇ ਜਨਮ ਜਾਂ ਜੀਅਦਾਨ ਲਈ ਆਧਾਰ ਬਣਾਉਂਦਾ ਹੈ। ਬਾਣੀ ਵਿਚ ਤਾਂ ਇਥੋਂ ਤਕ ਵੀ ਅੰਕਿਤ ਹੈ ਕਿ ਅੰਤ ਕਾਲ ਵੇਲੇ ਜਿਹੋ ਜਿਹੀ ਭਾਵਨਾ ਜੀਵ ਆਤਮਾ ਦੇ ਮਨ ਵਿਚ ਵਿਚਰ ਰਹੀ ਹੁੰਦੀ ਹੈ ਉਸ ਪ੍ਰਕਾਰ ਦਾ ਅਗਲਾ ਜਨਮ ਮਿਲ ਜਾਂਦਾ ਹੈ। ਭਾਵ ਅੰਤ ਕਾਲ ਵੇਲੇ ਜੇ ਮਨੁੱਖ ਦੇ ਮਨ ਵਿਚ ਇਹ ਲਾਲਸਾ ਰਹਿ ਜਾਵੇ ਕਿ ਉਸ ਕੋਲ ਏਨਾ ਧਨ ਸੀ ਮੈਂ ਸਭ ਛੱਡ ਕੇ ਜਾ ਰਿਹਾ ਹਾਂ। ਅਜਿਹੀ ਭਾਵਨਾ ਨਾਲ ਅਗਲਾ ਜਨਮ ਸੱਪ ਦਾ ਮਿਲਦਾ ਹੈ। ਜੋ ਹਰ ਵੇਲੇ ਆਪਣੇ ਅੰਦਰਲੀ ਅੱਗ ਦੇ ਸੇਕ ਵਿਚ ਹੀ ਸੜਦਾ ਹੈ।

---

1. In one of numerous Egyptian cosmogonies the primal spirit and primal matter co-exist from all eternity in indissoluble union.

The primal spirit longs to create thus calling the cosmic 'Desire' Motion in pirmal material results in visible shapes.

(Encyclopedia of Religion and Ethics)
Vol. IV, Page 126)

**ਅੰਤਿ ਕਾਲਿ ਜੋ ਲਛਮੀ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥**

ਸੋ ਕਰਮਾਂ ਅਨੁਸਾਰ ਇਸ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ । ਜੋ ਕੁਝ ਵੀ ਸਾਨੂੰ ਦਿਸਦਾ ਹੈ ਉਹ ਕੁਝ ਕਰਮਾਂ ਅਨੁਸਾਰ ਹੀ ਹੈ ।

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥**

(ਜਪੁ ਮਹਲਾ ੧)

ਇਸ ਬ੍ਰਹਿਮੰਡ ਵਿਚ ਹੋ ਰਹੀ ਹਰ ਹਰਕਤ ਦਾ ਉਸ ਨੂੰ ਗਿਆਨ ਅਤੇ ਅਹਿਸਾਸ ਹੈ । ਅਤੇ ਉਸ ਦੇ ਹੁਕਮ ਵਿਚ ਹੋ ਰਿਹਾ ਹੈ ।

**ਜਿਵ ਜਿਵ ਹੁਕਮਿ ਤਿਵੈ ਤਿਵ ਕਾਰੁ ।**

ਪੁਰਸ (Primal spirit) ਅਤੇ ਮੂਲ ਤੱਤਵ (Primal element) ਆਦਿ ਕਾਲ ਤੋਂ ਅਲਿਪਤ ਹਾਲਤ ਵਿਚ ਵਿਚਰਦੇ ਰਹੇ ਹਨ । ਪੁਰਸ਼ ਨੇ ਚਾਹਿਆ ਕਿ ਰਚਨਾ ਕੀਤੀ ਜਾਵੇ ਤਾਂ ਉਸ ਨੇ ਰਚਨਾ ਰਚ ਦਿੱਤੀ ।

ਭਾਵ ਜੋ ਕੁਝ ਵੀ ਅਸੀਂ ਵੇਖਦੇ ਹਾਂ ਸਭ ਕੁਝ ਪ੍ਰਭੂ ਪ੍ਰਮਾਤਮਾ ਨੇ ਆਪਣੇ ਨਿਜ ਦਾ ਹੀ ਵਖਾਵਾ ਕੀਤਾ ਹੈ । ਇਸ ਦੁਨੀਆਂ ਦੀ ਬਚਿਤਰ ਖੇਡ ਉਸ ਦੀ ਆਪਣੀ ਬਣਾਈ ਹੋਈ ਹੈ ਤੇ ਇਸ ਦਾ ਕਰਤਾ ਉਹ ਆਪ ਹੈ । ਇਹ ਰਚਨਾ ਕਰਨ ਵੇਲੇ ਉਹ ਕਿਸੇ ਦੂਜੇ ਦੀ ਸਹਾਇਤਾ ਜਾਂ ਸਲਾਹ ਨਹੀਂ ਲੈਂਦਾ । ਜੋ ਕੁਝ ਵੀ ਹੋਂਦਾ ਹੈ ਉਸ ਦੇ ਆਪਣੇ ਹੁਕਮ ਵਿਚ ਹੁੰਦਾ ਹੈ । ਬਿਨਾਂ ਕਿਸੇ ਵਿਤਕਰੇ ਜਾਂ ਲਿਹਾਜ਼ ਦੇ ਉਹ ਆਪਣੀ ਇਸ ਖੇਡ ਨੂੰ ਚਲਾ ਰਿਹਾ ਹੈ । ਜਿਸ ਪ੍ਰਕਾਰ ਦੀ ਰਚਨਾ ਉਹ ਚਾਹੁੰਦਾ ਹੈ ਕਰ ਲੈਂਦਾ ਹੈ ।

**ਹੁਕਮੀ ਹੋਵਨਿ ਆਕਾਰ**
**ਹੁਕਮੁ ਨ ਕਹਿਆ ਜਾਈ ॥**
**ਹੁਕਮੀ ਹੋਵਨਿ ਜੀਅ**
**ਹੁਕਮਿ ਮਿਲੈ ਵਡਿਆਈ ॥**

(ਜਪੁ ਮਹਲਾ ੧)

ਇਹ ਅਕਾਰ ਪ੍ਰਕਾਰ ਸਭ ਕੁਝ ਉਸ ਦੇ ਭਾਣੇ ਅੰਦਰ ਹੁੰਦਾ ਹੈ । ਉਸ ਦੇ ਹੁਕਮ ਤੋਂ ਬਾਹਰ ਇਸ ਸੰਸਾਰ ਉੱਤੇ ਕੋਈ ਹਿਲ ਜੁਲ ਨਹੀਂ ਹੋ ਸਕਦੀ । ਉਸ ਦਾ ਹੁਕਮ ਕੀ ਹੈ ਤੇ ਕਿਹੋ ਜਿਹਾ ਹੈ । ਕਥਨੀ ਭਾਵੇਂ ਪੂਰਨ ਤੌਰ ਤੇ ਇਹ ਪ੍ਰਗਟਾ ਨਹੀਂ ਸਕਦੀ । ਪਰ ਹਾਂ, ਇਸ ਵਿਚ ਇਕ ਗੱਲ ਜ਼ਰੂਰ ਹੈ ਕਿ ਕਰਮ ਉਸ ਦੀ ਅਧਾਰ-ਸ਼ਿਲਾ ਹਨ । ਜਦੋਂ ਉਹ ਚਾਹੁੰਦਾ ਹੈ ਤਾਂ ਕਿਸੇ ਨੂੰ ਜੀਅ

ਦਾਨ ਦੇ ਦਿੰਦਾ ਹੈ ਤੇ ਜਦੋਂ ਠੀਕ ਸਮਝੇ ਵਾਪਸ ਲੈ ਲੈਂਦਾ ਹੈ। ਕੋਈ ਆਦਮੀ ਉਸ ਦੇ ਇਸ ਹੁਕਮ ਤੋਂ ਬਾਹਰ ਹੋ ਕੇ ਉਲੰਘਣਾ ਨਹੀਂ ਕਰ ਸਕਦਾ। ਉਹ ਹਰ ਪ੍ਰਕਾਰ ਦੀਆਂ ਦਾਤਾਂ ਦੇਣ ਵਾਲਾ ਹੈ। ਪਰ ਇਹ ਦਾਤ ਬਿਨਾਂ ਕਿਸੇ ਅਧਾਰ ਤੋਂ ਹੀ ਨਹੀਂ ਮਿਲ ਜਾਂਦੀ। ਇਸ ਬਖਸ਼ਸ਼ ਵਿਚ ਜਿਵੇਂ ਕਿ ਉਪਰ ਕਿਹਾ ਗਿਆ ਹੈ ਜੀਵ ਦੇ ਆਪਣੇ ਕਰਮਾਂ ਦਾ ਵੀ ਹੱਥ ਹੈ:

ਵੇਖੈ ਵਿਗਸੈ ਕਰਿ ਵੀਚਾਰੁ ॥

(ਜਪੁ ਮਹਲਾ ੧)

ਉਹ ਆਪਣੀ ਇਸ ਖੇਡ ਨੂੰ ਵੇਖ ਰਿਹਾ ਹੈ ਅਤੇ ਵਿਗਸਦਾ ਹੈ। ਇਹ ਜੀਵ ਆਤਮਾ ਮੋਹ ਮਾਇਆ ਦੇ ਜਾਲ ਵਿਚ ਏਨੀ ਖਚਤ ਹੋ ਚੁੱਕੀ ਹੈ ਕਿ ਉਸ ਨੂੰ ਆਪਣੇ ਕਰਤਾ ਦੀ ਸੂਝ ਬੂਝ ਵੀ ਨਹੀਂ ਰਹੀ। ਉਹ ਹਉਮੈ ਦੀ ਮੈਲ ਵਿਚ ਗਲੱਸ ਕੇ ਆਪਣੇ ਰਚਨਹਾਰ ਤੋਂ ਦੂਰ ਹੀ ਹੁੰਦੀ ਜਾ ਰਹੀ ਹੈ। ਜਦੋਂ ਤਕ ਜੀਵ ਆਤਮਾ ਦੇ ਅੰਦਰ ਉਜਾਗਰ ਹੁੰਦੀ ਰਹਿੰਦੀ ਹੈ ਉਦੋਂ ਤਕ ਉਹ ਜਨਮ ਮਰਨ ਦੇ ਚੱਕਰ ਵਿਚ ਘੁੰਮਦੀ ਫਿਰਦੀ ਰਹਿੰਦੀ ਹੈ। ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਇਸ ਸੰਸਾਰ ਵਿਚਲੀ ਉਤਪਤੀ ਤੇ ਵਿਕਾਸ ਦਾ ਕਾਰਣ ਪੁਛਿਆ ਤਾਂ ਗੁਰੂ ਸਾਹਿਬ ਨੇ ਇਹ ਉਤਰ ਦਿੱਤਾ:—

ਕਿਤੁ ਕਿਤੁ ਬਿਧਿ ਜਗ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ।
ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥

(ਸਿਧ ਗੋਸ਼ਟਿ ਰਾਮਕਲੀ ਮ: ੧)

ਭਾਵ ਇਹ ਹਉਮੈ ਜੀਵ ਆਤਮਾ ਨੂੰ ਗਲਤ ਰਾਹ ਤੇ ਪਾਉਂਦੀ ਹੈ ਅਤੇ ਇਸੇ ਲਈ ਇਸ ਸੰਸਾਰ ਉੱਤੇ ਉਸ ਲਈ ਦੁੱਖਾਂ ਕਲੇਸ਼ਾਂ ਦੇ ਅੰਬਾਰ ਉਸਰਦੇ ਹਨ। ਪਰ ਜਦੋਂ ਇਹ ਹਉਮੈ ਦਾ ਪਰਦਾ ਅੱਖਾਂ ਅੱਗੋਂ ਹਟ ਜਾਂਦਾ ਹੈ ਅਤੇ ਜੀਵ ਆਤਮਾ ਪਰਮ ਤੱਤ ਦੀ ਪਛਾਣ ਕਰ ਲੈਂਦੀ ਹੈ ਅਤੇ ਉਸ ਦੀ ਹੋਂਦ ਦਾ ਸਾਪੇਖਕ ਦ੍ਰਿਸ਼ ਤੇ ਕ੍ਰਿਸ਼ਮਾ ਵੇਖਣ ਲੱਗ ਪੈਂਦੀ ਹੈ, ਉਸ ਵੇਲੇ ਉਸ ਲਈ ਇਸ ਸੰਸਾਰ ਦੀ ਜੜ੍ਹ ਤੇ ਚੇਤੰਨ ਦੋਵੇਂ ਹੀ ਇਕ ਰੂਪ ਹੋਏ ਦਿਸ ਆਉਂਦੇ ਹਨ। ਸਭ ਕੁਝ ਵਿਚ ਉਸੇ ਦਾ ਝਲਕਾਰਾ ਦਿਸ ਆਉਂਦਾ ਹੈ।

ਗੁਰਮੁਖਿ ਹੋਵੈ ਸੁ ਗਿਆਨ ਤਤੁ ਬੀਚਾਰੈ
ਹਉਮੈ ਸਬਦਿ ਜਲਾਏ।
ਤਨ ਮਨੁ ਨਿਰਮਲੁ, ਨਿਰਮਲ ਬਾਣੀ
ਸਾਚੇ ਰਹੇ ਸਮਾਏ।

(ਸਿਧ ਗੋਸ਼ਟਿ ਰਾਮਕਲੀ ਮ: ੧)

ਭਾਵ ਇਸ ਹਉਮੈ ਸਦਕਾ ਹੀ ਜੀਵਾਂ ਅੰਦਰ ਭਿੰਨਤਾ ਆ ਗਈ ਹੈ ਅਤੇ ਇਸੇ ਲਈ ਜੀਵ-

ਆਤਮਾ ਪਰਮ-ਆਤਮਾ ਤੋਂ ਵਿਛੋੜੀ ਹੋਈ ਵਿਚਰਦੀ ਹੈ । ਜੀਵ ਦਾ ਅਸਲੀ ਮੁਦਾਅ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ । ਇਸ ਸੰਸਾਰ ਦੀ ਕਾਰ ਪ੍ਰਭੂ ਨਾਲ ਸੰਜੋਗ ਤੇ ਵਿਜੋਗ ਵਿਚ ਹੀ ਬੰਨ੍ਹੀ ਹੋਈ ਚਲ ਰਹੀ ਹੈ ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ।

(ਜਪੁ ਮਹਲਾ ੧)

ਇਸ ਸੰਜੋਗ ਤੇ ਵਿਜੋਗ ਦੀ ਲੜੀ ਵਿਚ ਇਹ ਸਾਰੀ ਰਚਨਾ ਲੜੀਬਧ ਹੈ ਅਤੇ ਇਸ ਰਚਨਾ ਦੀ ਹਰ ਸ਼ੈਅ ਕਿਸੇ ਅੰਤ ਵੱਲ ਨੂੰ ਵਧ ਰਹੀ ਹੈ ਅਤੇ ਪ੍ਰਭੂ ਨੂੰ ਸੰਜੋਗ ਪ੍ਰਾਪਤ ਕਰਨ ਲਈ ਤਤਪਰ ਜਤਨ ਸ਼ੀਲ ਹੈ । ਇਹ ਜੀਵ ਜੰਤ ਤਾਰੇ ਤੇ ਅਕਾਸ਼ ਮੰਡਲ ਵਿਚਲੀ ਹਰ ਸ਼ੈਅ ਵਿਜੋਗ ਵਿਚ ਤੜਪ ਰਹੀ ਹੈ ।

ਪਰ ਕੀ ਕੋਈ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਰਚਨਾ ਕਿੰਨੀ ਕੁ ਹੈ । ਇਸ ਦਾ ਕਿਸੇ ਕੋਲ ਕੋਈ ਹਿਸਾਬ ਕਿਤਾਬ ਨਹੀਂ । ਇਹ ਰਚਨਾ ਅਣਗਿਣਤ ਹੈ, ਬੇਅੰਤ ਹੈ । ਇਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ ।

ਅੰਤੁ ਨਾ ਜਾਪੈ ਕੀਤਾ ਆਕਾਰੁ ॥

(ਜਪੁ ਮਹਲਾ ੧)

ਭਾਵੇਂ ਕਈ ਇਕ ਧਰਮਾਂ ਵਿਚ ਇਸ ਅਕਾਰ ਦੀ ਗਿਣਤੀ ਵੀ ਕਰਕੇ ਦੱਸੀ ਜਾਂਦੀ ਹੈ ਪਰ ਗੁਰਮਤਿ ਵਿਚ ਇਸ ਪ੍ਰਕਾਰ ਦੀ ਕਿਸੇ ਗਿਣਤੀ ਮਿਣਤੀ ਨੂੰ ਪ੍ਰਮਾਣੀਕਤਾ ਪ੍ਰਾਪਤ ਨਹੀਂ ਹੈ । ਇਸਲਾਮ ਇਸ ਗੱਲ ਦਾ ਧਾਰਣੀ ਹੈ ਕਿ ਇਸ ਰਚਨਾ ਵਿਚ ਸੱਤ ਆਕਾਸ਼ ਹਨ ਅਤੇ ਸੱਤ ਪਾਤਾਲ, ਪਰ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਇਹ ਪਾਤਾਲ ਤੇ ਆਕਾਸ਼ ਅਣਗਿਣਤ ਹਨ । ਇਨ੍ਹਾਂ ਦਾ ਅੰਦਾਜ਼ਾ ਲਾਉਣਾ ਐਵੇਂ ਫਾਲਤੂ ਦਾ ਢੌਂਗ ਹੈ ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

(ਜਪੁ ਮਹਲਾ ੧)

ਅੱਜ ਦੀ ਵਿਗਿਆਨਕ ਖੋਜ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਹ ਤਾਰਾ ਮੰਡਲ ਏਨਾ ਵਿਸ਼ਾਲ ਤੇ ਵਚਿੱਤ੍ਰ ਹੈ ਕਿ ਕੋਈ ਵੀ ਵਿਗਿਆਨਕ ਯੰਤਰ ਇਨ੍ਹਾਂ ਦੀ ਗਿਣਤੀ ਮਿਣਤੀ ਕਰਨ ਵਿਚ ਸਫਲ ਨਹੀਂ ਹੋ ਸਕਿਆ । ਕਈ ਤਾਰੇ ਭੂਮੀ ਤੋਂ ਏਨੇ ਦੂਰ ਹਨ ਕਿ ਅਸਚਰਜਤਾ ਹੋ ਆਉਂਦੀ ਹੈ । ਵਿਗਿਆਨਕ ਤੱਤ ਹੈ ਕਿ ਜੇ ਚਾਨਣ ਦੀ ਰੌ (Light Ray) ੧,੮੬੦੦੦ ਮੀਲ ਪ੍ਰਤੀ ਸੈਕਿੰਟ ਚਲੇ ਤਾਂ ਕਈ ਤਾਰਿਆਂ ਦੀ ਲੋਅ ਸਾਡੇ ਤਕ ਪੁਜਣ ਵਿਚ ੧੦੦੦੦ ਚਾਨਣ ਸਾਲ (Light Year) ਲੱਗ ਜਾਂਦੇ ਹਨ ।

ਕਈ ਤਾਰੇ ਇਸ ਤੋਂ ਵੀ ਅੱਗੇ ਹਨ ਜਿਨ੍ਹਾਂ ਦੀ ਦੂਰੀ ਅਤੇ ਅਕਾਰ ਦੀ ਵਡਿੱਤਣ ਨੂੰ ਵਿਗਿਆਨ ਦਾ ਕੋਈ ਵੀ ਯੰਤਰ ਮਾਪ ਸਕਣ ਵਿਚ ਸਫਲ ਨਹੀ ਹੈ । ਇਸੇ ਲਈ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਤੇਰੀ ਰਚਨਾ ਦਾ ਅੰਤ ਨਹੀਂ ਲਿਖਿਆ ਜਾ ਸਕਦਾ ।

ਇਸ ਰਚਨਾ ਦੀ ਬਚਿੱਤ੍ਰਤਾ ਤੇ ਵਿਲੱਖਣਤਾ ਬਾਰੇ ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ ਕਿ ਇਸ ਰਚਨਾ ਦੇ ਦੋ ਵੱਡੇ ਪੱਖ ਹਨ : ਚੰਗਾ ਤੇ ਮੰਦਾ । ਦੋਵੇਂ ਪ੍ਰਕਾਰ ਦੀ ਰਚਨਾ ਕਰਨ ਵਾਲਾ ਉਹ ਪ੍ਰਭੂ ਆਪ ਹੈ ।ਸੈਮਟਿਕ ਮੱਤਾਂ ਅਨੁਸਾਰ ਇਸ ਸੰਸਾਰ ਦੀ ਉਪਰੋਕਤ ਦੋਵੇਂ ਪ੍ਰਕਾਰ ਦੀ ਰਚਨਾ ਕਰਨ ਵਾਲੀਆਂ ਦੋ ਵੱਖ ਵੱਖ ਸ਼ਕਤੀਆਂ ਹਨ ।ਇਕ ਰੱਬ ਆਪ ਹੈ ਉਹ ਸਾਰੀ ਚੰਗੀ ਰਚਨਾ ਰਚਦਾ ਹੈ । ਦੂਜੇ ਪਾਸੇ ਸ਼ੈਤਾਨ (Satan) ਹੈ ਜੋ ਉੱਨੀ ਹੀ ਜਾਂ ਕਈ ਵਾਰ ਘੱਟ ਜਾਂ ਵੱਧ, ਭੈੜੀ ਜਾਂ ਮੰਦੀ ਰਚਨਾ ਰਚਦਾ ਹੈ । ਉਸ ਦਾ ਕੰਮ ਸਦਾ ਹੀ ਚੰਗੇਰੇ ਪੱਖ ਨੂੰ ਭੈੜੇ ਵਿਚ ਬਦਲਣਾ ਜਾਂ ਮੰਦੀਆਂ ਬ੍ਰਿਤੀਆਂ ਪੈਦਾ ਕਰਕੇ ਚੰਗਿਆਂ ਨੂੰ ਮੰਦੇ ਬਨਾਉਣਾ ਹੈ । ਪਰ ਗੁਰਮਤਿ ਇਸ ਸਿਧਾਂਤ ਦੇ ਬਿਲਕੁਲ ਉਲਟ ਹੈ । ਉਹ ਇਸ ਸਾਰੀ ਰਚਨਾ ਨੂੰ ਇਕੋ ਪ੍ਰਭੂ ਦੀ ਮੰਨਦਾ ਹੈ । ਇਸ ਮਾਇਆ ਦੇ ਪਸਾਰੇ ਦਾ ਹਰ ਅੰਸ਼ ਉਸ ਪ੍ਰਭੂ ਦਾ ਆਪਣਾ ਸਾਜਿਆ ਹੋਇਆ ਹੈ ।

ਇਹ ਮਾਇਆ ਤਾਕੀ ਕੀਤੀ ਹੋਇ ॥
ਵਲੁ ਅਵਲੁ ਸਭਿ ਤਿਸ ਤੇ ਹੋਇ ॥

ਇਸ ਰਚਨਾ ਵਿਚ ਕੀ ਕੁਝ ਦਰਜ ਹੈ ? ਭਾਵ ਕਿਹੋ ਜਿਹੀ ਰਚਨਾ ਹੈ ? ਅਸੰਖਾਂ ਦੀ ਗਿਣਤੀ ਵਿਚ ਜੀਵ ਆਤਮਾਵਾਂ ਲਿਵਲੀਨ ਹਨ ।

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ।

... ... ...
... ... ...

ਅਸੰਖ ਮੋਨਿ ਲਿਵ ਲਾਇ ਤਾਰ ।

(ਜਪੁ ਮਹਲਾ ੧)

ਭਾਵ ਅਸੰਖਾਂ ਹੀ ਜਪੀ, ਪ੍ਰੇਮੀ, ਤਪੀ, ਮੁਨੀ, ਹਠੀ, ਜੋਗੀ, ਉਦਾਸੀ, ਭਗਤ, ਗਿਆਨਵਾਨ ਜਤੀ ਸਤੀ, ਜੋਧੇ ਤੇ ਮਹਾਂਬਲੀ, ਸੂਰਮੇ ਉਸ ਦੀ ਉਸਤਤੀ ਵਿਚ ਨਿਰੰਤਰ ਲਿਵਲੀਨ ਹਨ ਅਤੇ ਆਪਣੇ ਟੁੱਟ ਚੁਕੇ ਸਰੋਤ ਨਾਲ ਮੁੜ ਸੰਜੋਗ ਪ੍ਰਾਪਤ ਕਰਨ ਲਈ ਤੱਤਪਰ ਹਨ । ਇਹ ਇਸ ਰਚਨਾ ਦਾ ਸੋਹਜ ਪੱਖ ਹੈ । ਇਸ ਦਾ ਕੋਹਜ ਪੱਖ ਵੀ ਉਸੇ ਪ੍ਰਕਾਰ ਅੰਕਿਤ ਕੀਤਾ ਗਿਆ ਹੈ :

ਅਸੰਖ ਮੂਰਖ ਅੰਧ ਘੋਰ ॥

ਅਸੰਖ ਚੋਰ ਹਰਾਮ ਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥

... ... ...

... ... ...

ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕ ਨੀਚੁ ਕਹੈ ਵੀਚਾਰੁ ॥

... ... ...

(ਜਪੁ ਮ: ੧)

ਅਸੰਖਾਂ ਹੀ ਚੋਰ, ਮੂਰਖ, ਠੱਗ, ਧੋਖੇਬਾਜ਼, ਪਾਪੀ, ਹਤਿਆਰੇ ਤੇ ਹੋਰ ਕਈ ਪ੍ਰਕਾਰ ਦੇ ਭੈੜ ਕਰਨ ਵਾਲੇ ਵੀ ਇਸੇ ਰਚਨਾ ਵਿਚ ਅੰਕਿਤ ਹਨ ਅਤੇ ਇਸ ਦੇ ਕੋਹਜ ਪੱਖ ਦੀ ਵਿਲੱਖਣਤਾ ਦੇ ਪ੍ਰਤੀਕ ਹਨ ਪਰ ਇਹ ਵੀ ਸਾਰੇ ਹੀ ਇੱਕ ਹੁਕਮ ਵਿਚ ਬੱਧੇ ਹੋਏ ਹਨ । ਉਹ ਹੈ ਉਸ ਪ੍ਰਭੂ ਦਾ ਅਟੱਲ ਹੁਕਮ ਜੋ ਉਨ੍ਹਾਂ ਨੂੰ ਇਸ ਸੰਸਾਰ ਤੇ ਭੇਜਦਾ ਹੈ ਤੇ ਠੀਕ ਸਮਾਂ ਪੁੱਜਣ ਤੇ ਵਾਪਸ ਲੈ ਟੁਰਦਾ ਹੈ । ਹਰ ਇਕ ਲਈ ਇਹ ਦੋਵੇਂ ਸਮੇਂ ਨਿਸਚਿਤ ਤੇ ਅਟੱਲ ਹਨ । ਇਸ ਵਿਚ ਕਿਸੇ ਪ੍ਰਕਾਰ ਦੀ ਉਕਾਈ ਜਾਂ ਉਲੰਘਣਾ ਨਹੀਂ ਹੋ ਸਕਦੀ ।

ਏਥੇ ਹੀ ਬੱਸ ਨਹੀਂ ਹੋ ਸਕਦੀ, ਇਹ ਤਾਂ ਮਨੁੱਖੀ ਪੱਧਰ ਦੀ ਗੱਲ ਸੀ । ਪਰ ਬ੍ਰਹਿਮੰਡ ਤਾਂ ਬਹੁਤ ਵਿਸ਼ਾਲ ਹੈ, ਇਸ ਵਿਚ ਮਨੁੱਖ ਤੇ ਪਸ਼ੂਆਂ ਤੋਂ ਉਪਰੰਤ ਹੋਰ ਵੀ ਵਸਤਾਂ ਹਨ । ਉਨ੍ਹਾਂ ਦਾ ਵਰਣਨ ਕਰਨ ਵਿਚ ਗੁਰੂ ਸਾਹਿਬ ਨੇ ਆਪਣੀ ਬਹੁਪੱਖੀ ਗਿਆਨਵਾਨ ਅਤੇ ਸੰਪੂਰਨ ਸੂਝ ਬੂਝ ਤੋਂ ਕੰਮ ਲਿਆ ਹੈ ।

ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ੍ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

... ... ...

ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ ॥

... ... ...

ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨਾ ਅੰਤੁ ॥

(ਜਪੁ ਮਹਲਾ ੧)

ਭਾਵ ਅਣਗਿਣਤ ਪਉਣ ਪਾਣੀ ਤੇ ਅਗਨੀਆਂ ਹਨ। ਕਈ ਕ੍ਰਿਸ਼ਨ ਮਹੇਸ਼ ਤੇ ਬ੍ਰਹਮੇ ਵੱਖ ਵੱਖਰੇ ਰੂਪਾਂ ਰੰਗਾਂ ਵਿਚ ਰਚਨਾ ਰਚ ਰਹੇ ਹਨ। ਪਹਾੜ, ਚੰਦ, ਸੂਰਜ, ਕਰਮ, ਭੂਮੀਆਂ, ਖਾਣੀਆਂ, ਬਾਣੀਆਂ, ਸਿਧ, ਬੁੱਧ, ਨਾਥ, ਜਤੀ, ਜੋਗੀ, ਦੇਵੀਆਂ, ਦੇਵਤੇ, ਰਿਸ਼ੀ, ਰਾਖਸ਼ ਤੇ ਦੈਂਤ ਆਦਿ ਇਸ ਰਚਨਾ ਵਿਚ ਸੰਮਿਲਤ ਉਸ ਰਚਨਹਾਰ ਪ੍ਰਭੂ ਦੀ ਉਸਤਤੀ ਕਰ ਰਹੇ ਹਨ ਅਤੇ ਵਿਛੜੇ ਹੋਏ ਆਤਮ ਤੱਤ ਨੂੰ ਫੇਰ ਪ੍ਰਾਪਤ ਕਰਨ ਦੇ ਉਪਰਾਲੇ ਕਰ ਰਹੇ ਹਨ।

ਸੋ ਇਸ ਵਿਸ਼ਾਲ, ਬਹੁ ਪੱਖੀ ਤੇ ਬਹੁ ਭਾਂਤੀ ਰਚਨਾ ਦੀ ਸੰਚਾਲਕ ਸ਼ਕਤੀ ਕੀ ਹੈ। ਕਹਿਣ ਤੋਂ ਭਾਵ ਹੈ ਕਿ ਇਸ ਸਭ ਕੁਝ ਨੂੰ ਕਿਸ ਸ਼ਕਤੀ ਨੇ ਲੜੀ ਬੱਧ ਕਰਕੇ ਇਸ ਕਾਰਜ ਨੂੰ ਚਾਲੂ ਰਖਿਆ ਹੋਇਆ ਹੈ। ਜਾਂ ਕਈ ਵਾਰ ਇਹ ਵੀ ਸੁਆਲ ਉੱਠਦਾ ਹੈ ਕਿ ਆਖਰ ਇਸ ਨੂੰ ਕਿਹੜੀ ਚੀਜ਼ ਆਪਣੇ ਆਸਰੇ ਤੇ ਲਈ ਖੜ੍ਹੀ ਹੈ।

ਵੇਦਾਂਤਕ ਵਿਚਾਰ ਹੈ ਕਿ ਸਾਡੀ ਧਰਤੀ ਇਕ ਧਉਲ ਦੇ ਸਿੰਗਾਂ ਤੇ ਟਿਕੀ ਹੋਈ ਹੈ। ਅਤੇ ਇਹ ਧਉਲ (ਬੈਲ) ਇਕ ਹੋਰ ਧਰਤੀ ਤੇ ਗੋਡੀ ਡਾਹ ਕੇ ਬੈਠਾ ਹੋਇਆ ਹੈ ਜਿਹੜੀ ਕਿ ਇਕ ਸ਼ੇਸ਼ ਨਾਗ ਦੀ ਸਿਰੀ ਤੇ ਟਿਕੀ ਹੋਈ ਹੈ। ਇਹ ਸ਼ੇਸ਼ ਨਾਗ ਇਕ ਕੱਛੂ ਉੱਤੇ ਪਲੇਸ ਮਾਰ ਕੇ ਬੈਠਾ ਹੋਇਆ ਹੈ। ਇਹ ਇਕ ਮਿਥਿਹਾਸਕ ਕਹਾਣੀ ਹੈ ਜਿਸ ਦੀ ਪ੍ਰਮਾਣੀਕਤਾ ਨੂੰ ਇਕ ਦਮ ਵੰਗਾਰਿਆ ਜਾ ਸਕਦਾ ਹੈ ਤੇ ਬੜਾ ਹੀ ਸਾਧਾਰਣ ਮਨੁੱਖ ਵੀ ਪੁਛ ਬੈਠੇਗਾ ਕਿ ਉਹ ਕੱਛੂ (ਜਿਸ ਤੇ ਸ਼ੇਸ਼ ਨਾਗ ਬੈਠਾ ਹੋਇਆ ਹੈ) ਆਪ ਕਿਸ ਚੀਜ਼ ਤੇ ਬੈਠਾ ਹੈ। ਸੱਚੀਂ ਗੱਲ ਤਾਂ ਇਹ ਹੈ ਜੇ ਉਪਰੋਕਤ ਸਾਰੀ ਕਹਾਣੀ ਨੂੰ ਸੱਚ ਮੰਨ ਲਈਏ ਤਾਂ ਫੇਰ ਇਹ ਸੋਚੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਕੱਛੂ ਕਿਸ ਦੇ ਆਸਰੇ 'ਤੇ ਹੈ। ਇਥੇ ਆ ਕੇ ਪਾਠਕ ਲਈ ਜਾਂ ਖੋਜੀ ਲਈ ਇਕ ਅਸੁਲਝ ਸਮੱਸਿਆ ਬਣ ਜਾਵੇਗੀ।

ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਦਾ ਕੋਈ ਵੀ ਧੁੰਦਲਾ ਵਿਚਾਰ ਆਪਣੇ ਅਨੁਯਾਈਆਂ ਨੂੰ ਕਦੀ ਨਹੀਂ ਦਿੱਤਾ। ਉਹ ਅਜਿਹੇ ਖੋਜੀ ਸਨ ਜਿਸ ਨੇ ਕਦੀ ਵੀ ਆਪਣੇ ਵਿਚਾਰ ਉਹ ਨਹੀਂ ਅਪਣਾਏ ਜਿਨ੍ਹਾਂ ਦੀ ਸਚਾਈ ਨੂੰ ਵੰਗਾਰਿਆ ਜਾ ਸਕੇ। ਉਨ੍ਹਾਂ ਅਨੁਸਾਰ ਸਾਡੀ ਧਰਤੀ ਜਾਂ ਹੋਰ ਧਰਤੀਆਂ ਦਾ ਆਸਰਾ ਉਨ੍ਹਾਂ ਵਿਚਲੀ ਸਤੱਤਾ। (Eternal and ultimate force) ਹੈ ਜਿਸ ਨੂੰ ਕਿ ਪਦਾਰਥਵਾਦੀ ਵਿਗਿਆਨੀ ਇਕ ਦੂਜੇ ਵਿਚਲੀ ਕਸ਼ਸ਼ ਦਾ ਨਾਂ ਦਿੰਦੇ ਹਨ। ਸੋ ਇਸ ਬ੍ਰਹਿਮੰਡ ਨੂੰ ਥੰਮ ਕੇ ਰੱਖਣ ਵਾਲੀ ਸ਼ਕਤੀ ਹੈ।

**ਧੌਲੁ ਧਰਮੁ ਦਇਆ ਕਾ ਪੂਤੁ ॥**

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

... ... ...

... ... ...

ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

(ਜਪੁ ਮਹਲਾ ੧)

ਇਹ ਧਰਤੀ ਕਿਸੇ ਬੈਲ ਦੇ ਸਿਰ ਤੇ ਨਹੀਂ ਖੜ੍ਹੀ, ਸਗੋਂ ਧਰਮ ਰੂਪੀ ਬੈਲ ਇਸ ਨੂੰ ਥੰਮ ਕੇ ਖਲੋਤਾ ਹੋਇਆ ਹੈ। ਇਸ ਨੂੰ ਥੰਮ੍ਹਣ ਵਾਲੀਆਂ ਕੱਛੂ, ਨਾਗ ਤੇ ਧਉਲ ਵਾਲੀਆਂ ਕਹਾਣੀਆਂ ਨਿਰਾ ਢਕੋਂਸਲਾ ਹਨ। ਇਥੇ ਧਰਮ ਤੋਂ ਭਾਵ ਕਿਸੇ ਅਧਿਆਤਮਕ ਤੇ ਭਾਈਚਾਰਕ ਜਥੇਬੰਦੀ ਤੋਂ ਨਹੀਂ ਹੈ ਸਗੋਂ ਉਸ ਤਾਤਵਿਕ ਸਚਾਈ ਤੋਂ ਹੈ ਜਿਸ ਨੂੰ ਮਨੁੱਖ ਵਿਚਲੀ ਮਨ-ਸ਼ਕਤੀ, ਕਿਸੇ ਵਿਚਾਰ ਦੀ ਆਤਮ ਸਤੱਤਾ ਦਾ ਨਾਂ ਦਿੱਤਾ ਜਾਂਦਾ ਹੈ। ਤੱਤਵ ਵਿਗਿਆਨੀ ਉਸ ਨੂੰ ਅੰਤਰੀਵ ਆਕਰਸ਼ਣ attraction ਜਾਂ ਕਈ ਵਾਰ ਦੀਰਘ ਆਕਰਸ਼ਨ ਵੀ ਕਹਿੰਦੇ ਹਨ। ਇਹੋ ਹੀ ਇਕ ਸ਼ਕਤੀ ਹੈ ਜਿਸ ਦੀ ਖਿੱਚ ਨੇ ਇਸ ਸ੍ਰਿਸ਼ਟੀ ਨੂੰ ਆਪਣੇ ਵਿਚ ਬੰਨ੍ਹਿਆ ਹੋਇਆ ਹੈ।

ਇਹ ਜੋ ਕੁਝ ਸਾਨੂੰ ਦਿਸਦਾ ਹੈ ਤੇ ਅਣ-ਦਿਸਦਾ ਹੈ ਸਾਰਾ ਹੀ ਉਸ ਪ੍ਰਭੂ ਦੇ ਇਕੋ ਹੀ ਸ਼ਬਦ ਦਾ ਸਦਕਾ ਹੋਂਦ ਵਿਚ ਆਇਆ ਹੈ।

ਕੀਤਾ ਪਸਾਉ ਏਕੋ ਕਵਾਉ।
ਤਿਸ ਤੇ ਹੋਏ ਲਖ ਦਰੀਆਉ ॥

(ਜਪੁ ਮਹਲਾ ੧)

ਇਕੋ ਸ਼ਬਦ ਦਾ ਮਤਲਬ ਕੁਰਾਨ ਦੇ ਸ਼ਬਦ 'ਕੁਨ' ਤੋਂ ਨਹੀਂ, ਸਗੋਂ ਇਸ ਦਾ ਭਾਵ ਇਹ ਹੈ ਕਿ ਪਸਾਰਾ ਉਸ ਦੀ ਇਕੋ ਹੀ ਮੇਹਰ ਦੀ ਨਜ਼ਰ ਸਦਕਾ ਹੋਇਆ ਹੈ। ਇਹ ਜੋ ਕੁਝ ਸਾਨੂੰ ਦਿਸਦਾ ਹੈ ਇਹ ਤਾਂ ਇਕ ਕਿਣਕਾ ਹੈ ਉਸ ਦੀ ਸਾਰੀ ਰਚਨਾ ਦਾ।

ਦਰਿਆ ਵਿਚ ਇਕ ਬੂੰਦ ਹੈ। ਤਾਰਾ-ਵਿਗਿਆਨਕਾਂ ਦੀ ਨਵੀਂ ਖੋਜ ਇਸ ਗੱਲ ਦੀ ਪੁਸ਼ਟੀ ਭਲੀ ਭਾਂਤ ਕਰਦੀ ਹੈ। ਕਹਿਕਸ਼ਾਂ (Milkway – The silver River in Chinese conception) ਜਿਸ ਨੂੰ ਅਸੀਂ 'ਗਊਆਂ ਦਾ ਰਸਤਾ' ਵੀ ਕਹਿੰਦੇ ਹਾਂ—ਅਣਗਿਣਤ ਤਾਰਿਆਂ ਦੇ ਝੁੰਡਾਂ ਦਾ ਬਣਿਆ ਹੋਇਆ ਹੈ। ਵਿਗਿਆਨੀ ਇਸ ਦਾ ਪੂਰਾ ਪੂਰਾ ਪਤਾ ਲਾਉਣ ਲਈ ਹਰ ਯਤਨ ਕਰ ਰਹੇ ਹਨ ਪਰ ਇਹ ਏਨਾ ਵਿਸ਼ਾਲ ਹੈ ਕਿ ਇਸ ਦੇ ਪੂਰੇ ਭੇਦ ਨੂੰ ਖੋਲ੍ਹ ਕੇ ਗਿਣਤੀ ਮਿਣਤੀ ਕਰਨੀ ਯੰਤਰਾਂ ਦੀ ਅੱਜ ਤਕ ਦੀ ਅੱਪੜ ਤੋਂ ਬਾਹਰਲੀ ਗੱਲ ਹੈ। ਕੋਈ ਵੀ ਖੋਜੀ ਇਸ ਦੇ ਰਹੱਸ ਨੂੰ ਹਾਲੀ ਤੀਕ ਨਹੀਂ ਖੋਲ੍ਹ ਸਕਿਆ। ਸੋ ਇਹ ਵਿਚਾਰ ਕਿਸੇ ਵੀ ਹੋਰ ਪੁਸ਼ਟੀ ਦੇ ਅਧੀਨ ਨਹੀਂ ਕਿ ਸਾਡੇ ਬ੍ਰਹਿਮੰਡ ਜਿਹੇ ਹੋਰ ਕਈ ਬ੍ਰਹਿਮੰਡ ਹਨ ਜਿਨ੍ਹਾਂ ਦੀ ਗਿਣਤੀ ਹੋ ਨਹੀਂ ਸਕਦੀ। ਗੁਰੂ ਨਾਨਕ ਦੇਵ ਜੀ ਦੀ ਉਸ ਸਮੇਂ ਦਿੱਤੀ ਗਈ ਤਾਰਾ-ਮੰਡਲ ਗਿਆਨ (Astronomical knowledge) ਦਾ ਬਿਆਨ ਏਡਾ ਵਿਸ਼ਾਲ ਤੇ ਅਦਭੁਤ ਹੈ ਕਿ ਮਨੁੱਖੀ ਸੂਝ ਬੂਝ ਤੇ ਵਿਸਮਾਦ ਛਾ ਜਾਂਦਾ ਹੈ। ਇਹੋ ਜਿਹੇ ਵਿਚਾਰ ਉਸ ਸਮੇਂ ਵਿਚ ਦੇਣੇ ਜਦੋਂ ਕਿ ਵਿਗਿਆਨਕ ਸੂਝ ਬੂਝ ਦਾ ਨਾਂ ਨਿਸ਼ਾਨ ਨਹੀਂ

ਸੀ ਸਾਫ ਤੌਰ ਤੇ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਕਿਸੇ ਗੈਬੀ ਰਿਸ਼ਮ ਦੀ ਛੋਹ ਪ੍ਰਾਪਤ ਸੀ ਜਾਂ ਇੰਜ ਕਹਿ ਲਵੋ ਕਿ ਉਹ ਉਸ ਦਾ ਹੀ ਇਕ ਅੰਗ ਸੀ।

ਇਹ ਰਚਨਾ ਕਦੋਂ ਹੋਈ ? ਇਸ ਬਾਰੇ ਬਹੁਤ ਸਾਰੇ ਧਰਮਾਂ ਦੇ ਵਖੋ ਵੱਖਰੇ ਵਿਚਾਰ ਹਨ। ਕੋਈ ਇਸ ਨੂੰ ੫੦੦੦ ਸਾਲ ਪੁਰਾਣੀ ਦੱਸਦਾ ਹੈ। ਕੋਈ ਲੱਖਾਂ ਸਾਲ ਤੱਕ ਦੀ ਵੀ ਗਿਣ ਜਾਂਦਾ ਹੈ। ਪਰ ਇਹ ਕਦੋਂ ਰਚੀ ਗਈ ਤੇ ਇਸ ਦੀ ਰਚਨਾ ਵਾਸਤੇ ਕਿੰਨਾ ਕੁ ਸਮਾਂ ਲੱਗਾ, ਇਸ ਬਾਰੇ ਕੋਈ ਨਹੀਂ ਦੱਸ ਸਕਦਾ। ਈਸਾਈ ਮੱਤ ਦਾ ਕਹਿਣਾ ਹੈ ਕਿ ਰੱਬ ਨੇ ਇਸ ਸੰਸਾਰ ਦੀ ਰਚਨਾ ਲਗਾਤਾਰ ਛੇ ਦਿਨਾਂ ਵ੍ਰਿਚ ਕੀਤੀ ਸੀ ਅਤੇ ਸੱਤਵੇਂ ਦਿਨ ਉਸ ਨੇ ਛੁਟੀ ਮਨਾਈ ਸੀ। ਇਸੇ ਪ੍ਰਕਾਰ ਹੋਰ ਵੀ ਬਹੁਤ ਸਾਰੇ ਵਿਕੋਲਿਤਰੇ ਵਿਚਾਰ ਮਿਲਦੇ ਹਨ। ਗੁਰਮਤਿ ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਵੀ ਕਹਿਣ ਲਈ ਤਿਆਰ ਨਹੀਂ ਹੈ। ਗੁਰੂ ਸਾਹਿਬ ਲਿਖਦੇ ਹਨ :—

ਕਵਣੁ ਸੁ ਵੇਲਾ ਵਖਤੁ ਕਵਣੁ  
ਕਵਣੁ ਥਿਤਿ ਕਵਣੁ ਵਾਰੁ।  
ਕਵਣਿ ਸਿ ਰੁਤੀ ਮਾਹੁ ਕਵਣੁ  
ਜਿਤੁ ਹੋਆ ਆਕਾਰੁ ॥  
ਵੇਲ ਨਾ ਪਾਈਆ ਪੰਡਤੀ  
ਜਿ ਹੋਵੈ ਲੇਖੁ ਪੁਰਾਣੁ ॥  
ਵਖਤੁ ਨ ਪਾਇਓ ਕਾਦੀਆ  
ਜਿ ਲਿਖਨਿ ਲੇਖੁ ਕੁਰਾਣੁ।  
ਥਿਤਿ ਵਾਰੁ ਨਾ ਜੋਗੀ ਜਾਣੈ  
ਰੁਤਿ ਮਾਹੁ ਨਾ ਕੋਈ ॥  
ਜਾ ਕਰਤਾ ਸਿਰਠੀ ਕਉ ਸਾਜੇ  
ਆਪੇ ਜਾਣੈ ਸੋਈ ॥

(ਜਪੁ ਮਹਲਾ ੧)

ਸ੍ਰਿਸ਼ਟੀ ਕਿਸ ਵੇਲੇ ਬਣੀ ? ਉਸ ਵੇਲੇ ਕੀ ਵਕਤ ਸੀ, ਕੋਈ ਨਹੀਂ ਦੱਸ ਸਕਦਾ। ਨਾ ਹੀ ਕੋਈ ਥਿਤੀ ਦੱਸ ਸਕਦਾ ਹੈ, ਨਾ ਮਹੀਨਾ, ਦਿਨ ਜਾਂ ਵਾਰ ਹੀ ਮਿੱਥਿਆ ਜਾ ਸਕਦਾ ਹੈ। ਇਸ ਲਈ ਮਹੀਨਾ, ਤਾਰੀਖ ਜਾਂ ਥਿਤਾਂ ਆਦਿ ਨਿਸਚਿਤ ਕਰਨਾ ਬਿਅਰਥ ਹਨ। ਇਸ ਭੇਦ ਨੂੰ ਪ੍ਰਭੂ ਨੇ ਹਾਲੀ ਤੀਕ ਕਿਸੇ ਨਾਲ ਸਾਂਝਾ ਨਹੀਂ ਕੀਤਾ ਅਤੇ ਨਾ ਹੀ ਕੋਈ ਇਸ ਭੇਦ ਨੂੰ ਸਾਂਝਾ ਕਰਨ ਦੇ ਲਾਇਕ ਹੈ। ਉਹ ਆਪ ਹੀ ਜਾਣਦਾ ਹੈ ਇਸ ਰਹੱਸ ਨੂੰ।

ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਜਿੱਥੇ ਆਤਮਾ ਦੀ ਉਨਤੀ ਲਈ ਉਪਰਾਲੇ ਹਨ ਉੱਥੇ ਮਨੁੱਖ ਨੂੰ ਆਪਣੇ ਆਲੇ ਦੁਆਲੇ ਅਤੇ ਇਸ ਸੰਸਾਰ ਬਾਰੇ ਪਦਾਰਥਕ ਗਿਆਨ

ਵੀ ਦਿੱਤਾ ਗਿਆ ਹੈ। ਗੁਰੂ ਨਾਨਕ ਸਾਹਿਬ ਜਿੱਥੇ ਇਕ ਪਰੀਪੂਰਣ ਅਧਿਆਤਮਕ ਆਗ ਸਨ ਉਥੇ ਇਕ ਚੰਗੀ ਤੇ ਡੂੰਘੀ ਵਿਗਿਆਨਕ ਸੂਝ ਬੂਝ ਦੇ ਮਾਲਕ ਵੀ ਸਨ। ਉਨ੍ਹਾਂ ਆਪਣੀ ਬਾਣੀ ਵਿਚ ਉਹ ਵਿਗਿਆਨਕ ਤੱਤ ਅੰਕਿਤ ਕੀਤੇ ਜਿਹੜੇ ਅੱਜ ਦੀ ਵਿਗਿਆਨਕ ਖੋਜ ਲਗਭਗ ੫੦੦ ਸਾਲ ਪਿਛੋਂ ਲੱਭ ਰਹੀ ਹੈ। ਡਾਰਵਿਨ ਤੋਂ ਪੂਰੇ ੨੫੦ ਸਾਲ ਪਹਿਲਾਂ ਉਨ੍ਹਾਂ ਉਹ ਹੀ ਵਿਕਾਸ-ਸਿਧਾਂਤ ਆਪਣੀ ਬਾਣੀ ਵਿਚ ਦਰਜ ਕੀਤੇ, ਜਿਨ੍ਹਾਂ ਨੂੰ ਡਾਰਵਿਨ ਨੇ ਪਿਛੋਂ ਜਾ ਕੇ ਵਿਗਿਆਨ ਰਾਹੀਂ ਸਾਬਤ ਕਰ ਦਿਤਾ। ਡਾਰਵਿਨ ਨੇ ਗੁਰੂ ਨਾਨਕ ਦੇਵ ਦੇ ਵਿਚਾਰ ਨਹੀਂ ਪੜ੍ਹੇ ਸਨ। ਇਹ ਉਸ ਦੀ ਨਿੱਜੀ ਖੋਜ ਦਾ ਫਲ ਰੂਪ ਸੀ। ਸੋ ਉਨ੍ਹਾਂ ਦੀ ਬਾਣੀ ਵਿਚ ਜਿਥੇ ਗੁਰਮਤਿ ਰਹੱਸਵਾਦ ਅਤੇ ਗੁਰਮਤਿ ਅਧਿਆਤਮਵਾਦ ਹੈ ਉਥੇ ਗੁਰਮਤਿ ਰਚਨਾ-ਸਿਧਾਂਤ ਅਤੇ ਗੁਰਮਤਿ ਬ੍ਰਹਿਮੰਡ ਗਿਆਨ ਬਾਰੇ ਵੀ ਵਿਚਾਰ ਬਹੁਤ ਨਿੱਖਰੇ ਰੂਪ ਵਿਚ ਅੰਕਿਤ ਕੀਤੇ ਹਨ।

---

# ਗੁਰਮਤਿ ਤੇ ਨਾਥ ਮਤਿ

ਸ. ਰ. ਸ਼ਾਰਦਾ

ਭਾਰਤ ਦੇ ਉੱਤਰ ਪੱਛਮੀ ਹਿੱਸੇ ਵਿਚ ਭਗਤੀ ਲਹਿਰ ਦੇ ਪਹੁੰਚਣ ਤੋਂ ਪਹਿਲਾਂ ਇਸ ਹਿੱਸੇ ਦੀ ਸਾਧਾਰਨ ਜਨਤਾ ਤੇ ਤਿੰਨ ਚਾਰ ਸਦੀਆਂ ਤੋਂ, ਨਾਥ ਜੋਗੀਆਂ ਦਾ ਬਹੁਤ ਪ੍ਰਭਾਵ ਸੀ । ਇਹ ਨਾਥਮਤਿ ਭਗਤੀ ਲਹਿਰ ਦੇ ਨਾਲ ਨਾਲ ਹੀ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਤੀਕ ਚਲਦਾ ਰਿਹਾ ਹੈ । ਬਾਰ੍ਹਵੀਂ ਸਦੀ ਦੇ ਮੁਢਲੇ ਸੂਫ਼ੀਆਂ ਨੂੰ ਵੀ ਇਨ੍ਹਾਂ ਜੋਗੀਆਂ ਨਾਲ ਟਾਕਰਾ ਕਰਨਾ ਪਿਆ ਹੈ ਅਤੇ ਅਠਾਰਵੀਂ ਸਦੀ ਦੇ ਵਾਰਿਸ ਨੂੰ ਵੀ ਸੂਫ਼ੀ ਮਤ ਦੇ ਦੋ ਘੋਰ ਵਿਰੋਧੀ ਨਜ਼ਰ ਆਉਂਦੇ ਹਨ । ਨਾਥ ਜੋਗੀ ਤੇ ਮੁੱਲਾਂ । ਮੁਸਲਮਾਨ ਜਨਤਾ ਵਿਚ ਮੁੱਲਾਂ ਅਤੇ ਗ਼ੈਰ ਮੁਸਲਮਾਨਾਂ ਵਿਚ ਨਾਥ ਜੋਗੀ । ਪੂਰਨ ਭਗਤ ਤੇ ਗੋਪੀ ਚੰਦ ਆਦਿ ਦੇ ਕਿੱਸੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਤੀਕ ਹਰਮਨ ਪਿਆਰੇ ਰਹੇ ਹਨ । ਮਛੰਦਰ ਨਾਥ, ਗੋਰਖ ਨਾਥ, ਆਦਿ ਮੁਢਲੇ ਜੋਗੀਆਂ ਦੀ ਪ੍ਰਸਿੱਧੀ ਦੱਸਵੀਂ ਅਤੇ ਯਾਰ੍ਹਵੀਂ ਸਦੀ ਵਿਚ ਹੀ ਅਰਥਾਤ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਭਾਰਤ ਵਿਆਪੀ ਹੋ ਗਈ ਸੀ। ਉਤਰ ਪੂਰਬੀ ਅਰਥਾਤ ਅਸਾਮ ਤੇ ਉਸ ਦੇ ਨਿਕਟ ਵਰਤੀ ਪ੍ਰਦੇਸ਼ਾਂ ਨੂੰ ਛੱਡ ਕੇ ਸਾਰੇ ਭਾਰਤ ਵਿਚ ਉਨ੍ਹਾਂ ਦਾ ਪਭਾਵ ਸੀ । ਸਥਾਨੀ ਸਾਧਨ ਪੱਧਤੀਆਂ ਨੂੰ ਵਿਚ ਸਮਾ ਲੈਣ ਕਾਰਣ ਇਨ੍ਹਾਂ ਵਿਚਕਾਰ ਭਿੰਨਤਾ ਵੀ ਸੀ ਪਰ ਪੰਜਾਬ ਤੇ ਇਸ ਦੇ ਮਿਲਦੇ ਨਿਕਟ ਵਰਤੀ ਪ੍ਰਦੇਸ਼ਾਂ ਵਿਚ ਇਸ ਦਾ ਸ੍ਵੈਰੂਪ ਹੈ । ਇਸ ਤਰ੍ਹਾਂ ਇਨ੍ਹਾਂ ਦਾ ਪਰਭਾਵ ਦੇਸ਼ ਤੇ ਕਾਲ ਦੋਹਾਂ ਦ੍ਰਿਸ਼ਟੀਆਂ ਤੋਂ ਬਹੁਤ ਰਿਹਾ ਹੈ ।

## ਨਾਥ ਮਤਿ ਤੇ ਗੁਰਮਤਿ ਦਾ ਸਬੰਧ

ਭਗਤੀ ਲਹਿਰ ਇਸ ਖੇਤਰ ਵਿਚ ਨਾਥ ਜੋਗੀਆਂ ਦੇ ਵਾਤਾਵਰਨ ਵਿਚ ਹੀ ਪਹੁੰਚੀ ਹੈ । ਇਸ ਕਰਕੇ ਇਨ੍ਹਾਂ ਦੋਹਾਂ ਦਾ ਕੁਝ ਪਰਸਪਰ ਸਬੰਧ ਹੈ । ਇਨ੍ਹਾਂ ਦੋਹਾਂ ਦੀ ਸਾਂਝ ਤੇ ਨਿਖੇੜਾ ਹੀ ਇਸ ਲੇਖ ਦਾ ਵਿਸ਼ਾ ਹੈ । ਤੇਰ੍ਹਵੀਂ ਸਦੀ ਦੇ ਪ੍ਰਸਿੱਧ ਮਹਾਰਾਸ਼ਟਰੀ ਸੰਤ ਗਿਆਨੇਸ਼ਵਰ ਪਹਿਲੋਂ ਇਸੇ ਨਾਥ ਸੰਪਰਦਾ ਵਿਚ ਦੀਕਸ਼ਤ ਸਨ, ਜਿਹੜੇ ਬਾਅਦ ਵਿਚ ਵੈਸ਼ਣਵ ਭਗਤੀਧਾਰਾ ਵਿਚ ਦੀਕਸ਼ਤ ਹੋ ਗਏ ਉਨ੍ਹਾਂ ਦੇ ਪਿੱਛੋਂ ਲਗਭਗ ਉਨ੍ਹਾਂ ਦੇ ਹੀ ਕਾਲ ਦੇ ਦੂਜੇ ਮਹਾਰਾਸ਼ਟਰੀ ਸੰਤ ਨਾਮਦੇਵ (ਮਿਰਤੂ ਲਗ

ਭਗ 1350 ਈ.) ਵਿਚ ਜੋਗ ਤੇ ਵੈਸ਼ਣਵ ਭਗਤੀ ਦੋਵੇਂ ਇਕੱਠੇ ਹਨ, 15ਵੀਂ ਸਦੀ ਦੇ ਕਬੀਰ (1398—1520 ਈ.) ਵਿਚ ਵੀ ਨਾਥ ਜੋਗੀਆਂ ਦੇ ਹਠਯੋਗ ਦਾ ਅਤੇ ਵੈਸ਼ਣਵਾਂ ਦੀ ਭਗਤੀ ਦਾ ਬਹੁਤ ਹੀ ਸੋਹਣਾ ਤੇ ਸੁਚੱਜਾ ਮੇਲ ਹੈ। ਇਸੇ ਕ੍ਰਮ ਵਿਚ ਸੋਲ੍ਹਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਰਚੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਨ੍ਹਾਂ ਨਾਥਾਂ, ਸਿੱਧਾਂ, ਦਾ ਬੜੇ ਆਦਰ ਨਾਲ ਜ਼ਿਕਰ ਕੀਤਾ ਗਿਆ ਹੈ।

ਪਰ ਗਿਆਨੇਸ਼ਵਰ, ਨਾਮਦੇਵ, ਕਬੀਰ ਅਤੇ ਗੁਰੂ ਨਾਨਕ ਦੇਵ ਦੇ ਸਮੇਂ ਵਿਚ ਜਿਵੇਂ ਕ੍ਰਮ ਨਾਲ ਅੰਤਰ ਹੈ ਉਸੇ ਅਨੁਸਾਰ ਇਨ੍ਹਾਂ ਦੀ ਬਾਣੀ ਵਿਚ ਕ੍ਰਮ ਨਾਲ ਜੋਗੀਆਂ ਦੀ ਹੱਠ ਸਾਧਨਾ ਦੇ ਹਵਾਲੇ ਘਟਦੇ ਗਏ ਹਨ ਅਤੇ ਭਗਤੀ ਦੀ ਭਾਵਨਾ ਵਧਦੀ ਗਈ ਹੈ। ਗੋਸਵਾਮੀ ਤੁਲਸੀ ਦਾਸ ਦੇ ਸਮੇਂ ਤੀਕ ਅਰਥਾਤ ਸੋਲ੍ਹਵੀਂ ਸਦੀ ਦੇ ਅਖੀਰ ਵਿਚ ਲਿਖੇ ਗਏ 'ਰਾਮ ਚਰਿਤ ਮਾਨਸ' ਵਿਚ ਇਨ੍ਹਾਂ ਨੂੰ ਭਗਤੀ ਹੀਨ ਹੋਣ ਕਾਰਣ ਨਿੰਦ ਵੀ ਦਿੱਤਾ ਹੈ। 'ਗੋਰਖ ਜਗਾਯੋ ਜੋਗ ਭਗਤੀ ਭਗਾਇਓ ਲੋਗ' ਪੰਜਾਬੀ ਭਗਤੀ ਸਾਹਿਤ ਤੇ ਨਾਥਾਂ ਦੀ ਬਾਣੀ ਵਿਚ ਸਾਂਝੇ ਕੁਝ ਕੁ ਦਾਰਸ਼ਨਕ ਤੇ ਸਾਧਨਾਤਮਕ ਹਵਾਲੇ ਇਹ ਹਨ :

> 'ਨਾਦ, ਬਿੰਦੂ, ਸਬਦ, ਸੁਰਤਿ, ਨਿਰਤਿ, ਗੁਰਮੁਖ, ਮਨਮੁਖ, ਸੁੰਨ, ਅਸੰਨ, ਚਿੱਤ ਦੀ ਥਿਰਤਾ, ਸੁੱਖ ਦੁੱਖ, ਨਿੰਦਾ ਉਸਤਤ ਆਦਿ ਦਵੈਆਂ ਦੇ ਅਭਾਵ ਵਿਚ ਪ੍ਰਾਪਤੀ, ਅੰਮ੍ਰਿਤ ਵਰਸ਼ਾ, ਸਮਬੁਧੀ, ਨਿਰੰਜਨ, ਨਿਰੰਕਾਰ, ਅਗਮ ਅਗੋਚਰ ਆਦਿ ਸ਼ਬਦਾਂ ਰਾਹੀਂ ਰੱਬ ਦਾ ਸਰੂਪ, ਦੱਸਣਾ, ਗੁਰੂ ਦੀ ਮਹੱਤਤਾ, ਬਾਹਰੀ ਭੇਖਾਂ ਤੇ ਆਕਾਰਾਂ ਨੂੰ ਗੌਣ ਮੰਨਣਾ —

ਗੋਰਖ ਬਾਣੀ ਵਿਚੋਂ ਕੁਝ ਕੁ ਪਦ ਹੇਠਾਂ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਇਹ ਗੱਲ ਸਪਸ਼ਟ ਹੈ।

ਨਿਰਤਿ ਨ ਸਰਤਿ ਜੋਗੰ ਨਾ ਭੋਗੰ,
ਜਰਾ ਮਰਨ ਨਹੀਂ ਤਹਾਂ ਰੋਗੰ
ਗੋਰਖ ਬੋਲੇ ਏਕੰਕਾਰ,
ਨਹਿ ਤਹ ਵਾਚਾ ਓਂਕਾਰ
ਉਦੇਯ ਨ ਅਸਤ ਰਾਤਿ ਨਾ ਦਿਨ,
ਸਰਬ ਸਚਰਾਚਰ ਭਾਵ ਨ ਭਿੰਨ
ਸੋਈ ਨਿਰੰਜਨ ਡਾਲ ਨ ਮੂਲ,
ਸਰਵ ਵਿਆਪਕ ਸੂਖਮ ਨ ਅਸਥੂਲ

(ਗੋਰਖ ਬਾਣੀ, ਪੰਨਾ 38 — 39)

ਗਗਨ ਮੰਡਲ ਮੇਂ ਊਂਧਾਂ ਕੂਵਾਂ ਤਹਾਂ ਅੰਮ੍ਰਿਤ ਕਾ ਵਾਸਾ।
ਸੁਗੁਰਾ ਹੋਇ ਸੁ ਭਰਿ ਭਰਿ ਪੀਵੈ, ਨਿਗੁਰਾ ਜਾਇ ਪਿਆਸਾ

(ਪੰਨਾ 9)

ਅਵਧੂ ਮਨ ਚੰਗਾ ਤੋ ਕਠੋਤੀ ਹੀ ਤਾਂਗਾ
(ਪੰਨਾ 53)

ਅਜਪਾ ਜਪੇ ਸੁੰਨ ਮਨ ਧਰੈ, ਪਾਂਚੋ ਇੰਦ੍ਰੀ ਨਿਗ੍ਰਹ ਕਰੈ ।
ਬ੍ਰਹਮ ਅਨਤਿ ਮੇਂ ਹੋਮੈਂ ਕਾਯਾ, ਤਾਸ ਮਹਾਦੇਵ ਵੰਦੇ ਪਾਇਆ ।
(ਪੰਨਾ 6)

ਅੰਜਨ ਮਾਹਿੰ ਨਿਰੰਜਨ ਭੇਟਯਾ
ਤਿਲ ਮੁਖ ਭੇਣਯੋ ਤੇਲੇ
ਮੂਰਤਿ ਮਾਹਿ ਅਮੂਰਤ ਪਰਸਿਆ ।
ਭਇਆ ਨਿਰੰਤਰ ਖੇਲੇਂ
(ਗੋ., ਪੰਨਾ 217)

ਨੌ ਲਖ ਪਾਤਰਿ ਆਗੇ ਨਾਚੈ
ਪੀਛੇ ਸਹਜ ਅਖਾੜਾ
ਐਸੇ ਮਨ ਲੈ ਜੋਗੀ ਖੇਲੈ
ਤਬ ਅੰਤਰਿ ਵਸੈ ਭੰਡਾਰਾ ।
(ਗੋ. ਪੰਨਾ 217)

ਇਨ੍ਹਾਂ ਵਿਚੋਂ ਕੁਝ ਸ਼ਬਦਾਂ ਦੇ ਅਰਥ ਨਾਥਾਂ ਦੀ ਬਾਣੀ ਵਿਚ ਤੇ ਗੁਰਬਾਣੀ ਵਿਚ ਇਕੋ ਹੀ ਹਨ ਤੇ ਬਹੁਤ ਸਾਰੇ ਸ਼ਬਦਾਂ ਨੂੰ ਨਵੇਂ ਅਰਥ ਵੀ ਦਿੱਤੇ ਹਨ ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਸ਼ਬਦਾਂ ਲਈ ਲੋਕਾਂ ਅੰਦਰ ਕਾਫੀ ਆਦਰ ਤੇ ਸ਼ਰਧਾ ਸੀ । ਜਿਸ ਦਾ ਲਾਭ ਭਗਤੀ ਦੇ ਪ੍ਰਚਾਰਕਾਂ ਨੇ ਭਗਤੀ ਪ੍ਰਚਾਰ ਲਈ ਲਾਭ ਉਠਾਇਆ ਹੈ ।

ਨਾਮਦੇਵ ਅਤੇ ਕਬੀਰ ਦਾ ਨਾਥ ਜੋਗੀਆਂ ਦੀਆਂ ਹੱਠ ਯੋਗ ਦੀਆਂ ਕ੍ਰਿਆਵਾਂ ਨੂੰ ਅਪਨਾਉਣਾ ਅਤੇ ਗੁਰੂ ਸਾਹਿਬ ਦਾ ਉਨ੍ਹਾਂ ਦਾ ਆਦਰ ਨਾਲ ਜ਼ਿਕਰ ਕਰਨ ਤੋਂ ਇਹ ਤਾਂ ਸਪਸ਼ਟ ਹੈ ਕਿ ਸਾਧਾਰਨ ਜਨਤਾ ਵਿਚ ਨਾਥ ਜੋਗੀਆਂ ਦੇ ਵਿਰੁਧ ਕੋਈ ਭਾਵਨਾ ਨਹੀਂ ਸੀ ਜਾਂ ਇੰਞ ਕਹਿ ਲਿਆ ਜਾਵੇ ਕਿ ਨਾਥ ਜੋਗੀਆਂ ਦੀ ਲਹਿਰ ਭਗਤੀ ਦੇ ਇਨ੍ਹਾਂ ਪ੍ਰਦੇਸ਼ਾਂ ਵਿਚ ਆਉਣ ਸਮੇਂ ਨਖਿੱਧੀ ਜਾਂ ਨਿੰਦੀ ਨਹੀਂ ਗਈ ਬਲਕਿ ਇਨ੍ਹਾਂ ਨਾਥਾਂ ਜੋਗੀਆਂ ਦੇ ਹਵਾਲਿਆਂ ਨੂੰ ਅਪਨਾਉਣਾ, ਤੇ ਇਨ੍ਹਾਂ ਨੂੰ ਆਪਣੇ ਅਰਥ ਤੇ ਵਿਆਖਿਆ ਦੇਣੀ ਇਹ ਸਿੱਧ ਕਰਦੀ ਹੈ ਕਿ ਇਹ ਨਾਥ ਲੋਕ ਪੰਜਾਬ ਵਿਚ ਭਗਤੀ ਲਹਿਰ ਦੇ ਸ਼ੁਰੂ ਹੋਣ ਵੇਲੇ ਜਨਤਾ ਵਿਚ ਕਾਫ਼ੀ ਸਨਮਾਨਿਤ ਸਨ ।

ਡਾ. ਹਜ਼ਾਰੀ ਪ੍ਰਸਾਦ ਦਿਵੇਦੀ* ਨੇ ਇਸ ਧਾਰਾ ਬਾਰੇ ਇਹ ਲਿਖਿਆ ਹੈ ਕਿ ਗੋਰਖ ਨਾਥ ਦੀ ਸਾਧਨਾ ਦਾ ਮੂਲ ਸੁਰ 'ਸ਼ੀਲ ਸੰਜਮ, ਅਤੇ ਸ਼ੁਧਤਾਵਾਦ ਹੈ ਅਤੇ ਉਨ੍ਹਾਂ ਤਾਂਤਰਿਕ ਬਦਚਲਨੀਆਂ

---

*ਨਾਥ ਸੰਪਰਦਾਇ—ਡਾ. ਹਜ਼ਾਰੀ ਪ੍ਰਸਾਦ ਦਿਵੇਦੀ ।

ਦਾ ਵਿਰੋਧ ਕਰਕੇ, ਸਾਧੂ ਤੇ ਗ੍ਰਿਹਸਥੀ ਦੋਹਾਂ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ ਹੈ' । ਇਸ ਸਬੰਧ ਵਿਚ ਕੁਝ ਪਦ ਹੇਠਾਂ ਦਿੱਤੇ ਜਾਂਦੇ ਹਨ :—

**ਜੋਗੀ ਹੋਇ ਪਰ ਨਿੰਦਯਾ ਝਖੈ,**
**ਮਦ ਮਾਂਸ ਅਰੁ ਭਾਂਗਿ ਜੋ ਭਖੈ**
**ਇਕਤਰ ਸੋ ਪੁਰਿਖਾ ਨਰਕਹਿ ਜਾਈ,**
**ਸਤਿ ਸਤਿ ਭਖਹਿ ਸ੍ਰੀ ਗੋਰਖ ਰਾਈ ।**

(ਗੋਰਖਬਾਣੀ, ਪੰਨਾ 56)

**ਸਹਜ ਸੀਲ ਕਾ ਧਰੈ ਸਰੀਰ,**
**ਸੋ ਗਿਰਤੀ ਗੰਗਾ ਕਾ ਨੀਰ ।**

(ਗੋਰਖ ਬਾਣੀ, ਪੰਨਾ 17)

**ਧਾਏ ਨ ਖਾਇਬਾ, ਭੂਖੇ ਨਾ ਮਰਿਬਾ (ਮੱਧ ਮਾਰਗ)**

(ਗੋਰਖ ਬਾਣੀ, ਪੰਨਾ 33)

**ਹੰਸੈ ਖੇਲੈ ਨ ਕਰੈ ਮਨ ਭੰਗ**
**ਤੇ ਨਿਹਚਲ ਨਾਥ ਕੇ ਸੰਗ ।**

(ਗੋਰਖ ਬਾਣੀ, ਪੰਨਾ 4)

ਬਹੁਤ ਸਾਰੇ ਹਵਾਲੇ ਤਾਂ ਅਜਿਹੇ ਹਨ ਜਿਹੜੇ ਨਾਥਾਂ ਨੂੰ ਵੀ ਆਪਣੇ ਪੂਰਬ ਕਾਲੀ ਸਿੱਧਾਂ ਦੀ ਲਹਿਰ ਤੋਂ ਪ੍ਰਾਪਤ ਹੋਏ ਹਨ । ਸਿੱਧਾਂ ਨਾਥਾਂ ਤੇ ਸੰਤਾਂ ਦੀ ਇਹ ਸਾਂਝ ਦੱਸਦੀ ਹੈ ਕਿ ਇਹ ਇਕ ਹੀ ਧਾਰਾ ਹੈ ਜਿਹੜੀ ਰੂਪ ਬਦਲਦੀ ਜਾ ਰਹੀ ਹੈ ।

## ਨਾਥ ਮਤ ਦਾ ਪਿਛੋਕੜ

ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਵਿਕਾਸ ਦੀ ਪਿਛੋਕੜ ਵਿਚ ਗ਼ੈਰ ਬ੍ਰਾਹਮਣੀ ਬੁੱਧ ਮੱਤ ਤੇ ਹਿੰਦੂ ਧਰਮ ਦਾ ਆਪਸੀ ਸੰਘਰਸ਼ ਹੈ । ਰਾਜਨੀਤਕ ਖੇਤਰ ਵਿਚ ਤਾਂ ਬੁੱਧ ਮਤ ਤੀਸਰੀ ਚੌਥੀ ਸਦੀ ਈਸਵੀ ਵਿਚ ਪਿੱਛੇ ਪੈ ਗਿਆ ਪਰ ਧਾਰਮਕ ਖੇਤਰ ਵਿਚ ਇਸ ਦਾ ਕੁਝ ਜ਼ੋਰ ਅੱਠਵੀਂ ਸਦੀ ਤੀਕ ਬਣਿਆ ਰਿਹਾ । ਹਿੰਦੂ ਬ੍ਰਾਹਮਣ ਆਚਾਰੀਆ ਨਾਲ ਇਨ੍ਹਾਂ ਦੀਆਂ ਬਹਿਸਾਂ ਚਲਦੀਆਂ ਰਹੀਆਂ ਅਤੇ ਇਸ ਵਿਚ ਇਨ੍ਹਾਂ ਪ੍ਰਭਾਵਾਂ ਕਾਰਣ ਆਸਤਕਤਾ ਦੇ ਅੰਸ਼ ਦਾਖਲ ਹੁੰਦੇ ਰਹੇ । ਓੜਕ ਸ਼ੰਕਰਾ ਚਾਰਜ ਦੇ ਸਮੇਂ ਤੋਂ ਧਾਰਮਕ ਖੇਤਰ ਵਿਚ ਵੀ ਇਨ੍ਹਾਂ ਦਾ ਆਧਾਰ ਭਾਰਤ ਵਿਚੋਂ ਖ਼ਤਮ ਹੋ ਗਿਆ । ਸ਼ੰਕਰਾਚਾਰਯ ਨੇ ਉਨ੍ਹਾਂ ਦੇ ਵਿਗਿਆਨਵਾਦ ਤੇ ਸੂਨਿਅਤਾਦ ਨੂੰ ਬ੍ਰਹਮ ਦੀ ਮਿਥਿਆ ਮਾਇਆ ਦਾ ਨਾਂ ਦੇ ਕੇ ਉਨ੍ਹਾਂ ਨੂੰ ਆਪਣੇ ਹਿੰਦੂ ਘੇਰੇ ਵਿਚ ਲੈ ਆਂਦਾ । ਸ਼ੰਕਰਾਚਾਰਯ ਦੇ ਇਸ ਮਾਇਆਵਾਦ ਨੇ ਬੁੱਧ ਧਰਮ ਤੇ ਹਿੰਦੂ ਧਰਮ ਵਿਚਕਾਰ ਇਕ ਪੁਲ ਦਾ ਕੰਮ ਕੀਤਾ, ਜਿੱਥੇ ਦੀ ਬੁੱਧਾਂ ਨੂੰ ਲੰਘਾ ਕੇ ਆਪਣੇ ਵਲ ਲੈ ਆਂਦਾ । ਇਸ ਤੋਂ ਬਾਅਦ

ਮਗਰਲੇ ਰਾਮਾਨੁਜਾਚਾਰਜ ਆਦਿ ਵੇਦਾਂਤੀਆਂ ਨੇ ਸ਼ੰਕਰਾਚਾਰਜ ਦੇ 'ਮਾਇਆਵਾਦ' ਦੇ ਇਸ ਪੁਲ ਨੂੰ ਤੋੜ ਦਿੱਤਾ ।

## ਨਾਥ ਮਤਿ ਦਾ ਜਨਮ

ਕਈ ਕਹਾਣੀਆਂ ਅਨੁਸਾਰ ਗੋਰਖ ਤੇ ਮਛੰਦਰ ਨਾਥ ਆਦਿ ਯੋਗੀਆਂ ਦੇ ਆਗੂਆਂ ਦਾ ਬੁੱਧ ਮਤਿ ਨਾਲ ਸਬੰਧ ਰਿਹਾ ਹੈ । ਕਈ ਕਹਾਣੀਆਂ ਅਨੁਸਾਰ ਗੋਰਖ ਦੇ ਗੁਰੂ ਮਛੰਦਰ ਬੁੱਧਾਂ ਦੀਆਂ ਤਾਂਤਰਕ ਸਾਧਨਾ ਵਿਚ ਫਸੇ ਹੋਏ ਸਨ ਅਤੇ ਗੋਰਖ ਨੇ ਉਨ੍ਹਾਂ ਨੂੰ ਉਸ ਵਿਚੋਂ ਮੁਕਤ ਕਰਾਇਆ ਹੈ । ਕਈ ਗੋਰਖ ਨੂੰ ਵੀ "ਪਹਿਲਾਂ ਬੋਧੀ ਹੀ ਦੱਸਦੇ ਹਨ ਅਤੇ ਨੇਪਾਲੀ ਇਸੇ ਕਰਕੇ ਗੋਰਖ ਨੂੰ ਨਫਰਤ ਕਰਦੇ ਹਨ ਕਿ ਉਹ ਬੁੱਧ ਧਰਮ ਨੂੰ ਛੱਡ ਗਿਆ ਹੈ । ਨਾਥਾਂ ਦੇ ਪੂਰਬ ਕਾਲੀ ਸਿੱਧਾ ਦੀ ਬਾਣੀ ਤੇ ਗੋਰਖਬਾਣੀ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਿੱਧ ਧਾਰਾ ਨੂੰ ਗੋਰਖ ਨਾਥ ਨੇ ਹਿੰਦੂ ਆਖਿਆ ਹੈ । ਉਨ੍ਹਾਂ ਦੇ ਕਾਲ ਵਿਚ ਪੰਜਾਬ, ਗੁਜਰਾਤ, ਰਾਜਸਥਾਨ ਆਦਿ ਇਨ੍ਹਾਂ ਹਿੱਸਿਆਂ ਵਿਚ 'ਸ਼ਿਵ ਤੇ ਸ਼ਕਤੀ' ਦੀ ਪੂਜਾ ਦਾ ਜ਼ੋਰ ਸੀ । ਇਸ ਲਈ ਉਨ੍ਹਾਂ ਨੇ ਸਿੱਧਾਂ ਦੇ 'ਨਿਰੰਜਨ' ਨੂੰ 'ਸ਼ਿਵ' ਦੀ ਸੰਗਿਆ ਦਿੱਤੀ ਅਤੇ ਸਾਂਖਯ ਯੋਗ ਦੇ ਵਿਹਾਰਕ ਆਸਤਕ ਰੂਪ ਪਾਤੰਜਲੀ ਦੇ ਯੋਗ ਸ਼ਾਸਤਰ ਨੂੰ ਅਪਣਾ ਕੇ ਕੁੰਡਲਨੀ ਨੂੰ 'ਸ਼ਕਤੀ' ਦਾ ਨਾਂ ਦਿੱਤਾ ਹੈ । ਇਸ ਤਰ੍ਹਾਂ ਸ੍ਰਿਸ਼ਟੀ ਦੀ ਉਤਪਤੀ ਸ਼ਿਵ ਸ਼ਕਤੀ ਦੇ ਰੂਪ ਤੋਂ ਵਰਣਨ ਕੀਤੀ ਹੈ । ਸਿੱਧਾਂ ਦੇ ਮੁਕਾਬਲੇ ਤੇ ਨਾਥਾਂ ਦੇ ਚੱਕਰ ਵੀ ਹਿੰਦੂ ਪੱਧਤੀ ਅਨੁਸਾਰ ਹਨ । ਸਿੱਧਾਂ, ਨਾਥਾਂ, ਤੇ ਸੰਤਾਂ ਦਾ ਸਾਂਝਾ ਧੁਰਾ ਇਹ ਹੈ, 'ਜੀਵਨ ਦਾ ਜਨਮ ਮਰਨ ਦੀ ਚੁਰਾਸੀ ਤੋਂ ਮੁਕਤੀ; ਵਿਸ਼ੈਗਤ ਹੋਏ ਮਨ ਨੂੰ ਸਮੇਟ ਕੇ ਇਕ ਅਜਿਹੇ ਬਿੰਦੂ ਤੇ ਕੇਂਦਰਿਤ ਕਰਨਾ ਦੀ ਸਾਧਨਾ; ਉਸ ਬਿੰਦੂ ਤੇ ਟਿਕਾਉਣਾ ਤੇ ਚਿੱਤ ਨੂੰ ਥਿਰ ਕਰਨਾ ਇਕ ਪ੍ਰਾਪਤੀ, ਇਸ ਅਵਸਥਾ ਨੂੰ ਸਿੱਧਾਂ ਨੇ 'ਚਿੱਤ' ਤੇ 'ਅਚਿੱਤ' ਤੋਂ, 'ਸੁੰਨ' ਤੇ 'ਅਸੁੰਨ' ਤੋਂ ਦੁੱਖ ਤੇ ਸੁਖ ਤੋਂ ਪਰੇ 'ਸੁੰਨਿਆ' ਅਰਥਾਤ ਅਨਿਰਵਚਨੀਯ ਕਿਹਾ ਹੈ । ਨਾਥਾਂ ਨੇ ਇਸੇ ਨੂੰ 'ਨਰਿੰਜਨ' ਤੇ 'ਸ਼ਿਵ' ਕਿਹਾ ਹੈ । ਬ੍ਰਹਮਰੰਧਰ ਕਿਹਾ ਹੈ । ਸੰਤਾਂ ਨੇ ਇਸੇ ਨੂੰ 'ਰਾਮ' ਕਿਹਾ ਹੈ । ਇਸ ਅਵਸਥਾ ਵਿਚ ਇਕ 'ਆਨੰਦ' ਹੈ, 'ਰਸ' ਹੈ, ਜਿਸ ਨੂੰ ਨਾਥਾਂ ਨੇ ਵੀ ਤੇ ਸੰਤਾਂ ਨੇ ਵੀ 'ਅੰਮ੍ਰਿਤ ਰਸ' ਕਿਹਾ ਹੈ । ਇਸ ਨੂੰ ਅਨਿਰਵਚਨੀਯ (ਨਾ ਵਰਣਨ ਯੋਗ) ਤਾਂ ਤਿੰਨਾਂ ਨੇ ਹੀ ਕਿਹਾ ਹੈ । ਇਸ ਦੀ ਪ੍ਰਾਪਤੀ ਨੂੰ ਜੀਵਨ ਮੁਕਤੀ ਕਿਹਾ ਹੈ । 'ਸਿੱਧ' ਇਸ ਪ੍ਰਾਪਤੀ ਨੂੰ 'ਪ੍ਰਤੀਤਿਆ-ਸਮੁਤਪਾਦਾ' ਤੇ ਵਿਗਿਆਨ-ਵਾਦ ਦੇ ਸਿਧਾਂਤਾਂ ਅਨੁਸਾਰ ਬੌਧਕ ਚਿੰਤਨ ਤੋਂ ਇਲਾਵਾ ਜੋਗਕ ਸਾਧਨਾਂ ਰਾਹੀਂ ਵੀ ਕਰਦੇ ਸਨ । 'ਪ੍ਰਗਿਆ' ਤੇ ਉਪਾਇ' ਦੇ ਆਧਾਰ ਤੇ 'ਏਵੰ' ਦਾ ਅਤੇ 'ਬੁਧਮ, ਧਰਮ ਤੇ ਸੰਘਮ' ਦੇ ਆਧਾਰ ਤੇ 'ਅਰਹਨ' ਦਾ ਅਜਪਾ ਜਾਪ ਕਰਕੇ ਉਸ ਅਵਸਥਾ ਨੂੰ ਪ੍ਰਾਪਤ ਕਰਦੇ ਸਨ । ਇਸੇ ਤਰ੍ਹਾਂ ਨਾਥ ਜੋਗੀ ਯੋਗ ਉਪਨਿਸ਼ਦਾਂ ਤੇ ਪਾਤੰਜਲੀ ਦੇ ਯੋਗ ਸ਼ਾਸਤਰ ਅਨੁਸਾਰ ਮਨ ਤੇ ਪ੍ਰਾਣ ਨੂੰ ਸਾਧ ਕੇ ਇਹੀ ਅਵਸਥਾ 'ਨਿਰੰਜਨ' ਨਾਂ ਨਾਲ ਪ੍ਰਾਪਤ ਕਰਦੇ ਸਨ । ਸਿੱਧਾਂ ਦੀ ਸਾਧਨਾ ਦੇ 'ਪ੍ਰਗਿਆ' ਤੇ 'ਉਪਾਇ' ਦੇ ਮੁਕਾਬਲੇ ਤੇ ਨਾਥਾਂ ਨੇ' ਸ਼ਿਵਾ ਤੇ ਸ਼ਕਤੀ'— ਕੁੰਡਲਨੀ ਦੇ ਮਿਲਾਪ ਤੇ ਇਕਮਿਕਤਾ ਨੂੰ 'ਨਿਰੰਜਨ' ਦੀ ਪ੍ਰਾਪਤੀ ਕਿਹਾ ਹੈ । ਇਸੇ ਤਰ੍ਹਾਂ ਸੰਤਾਂ ਨੇ ਉਸ ਬ੍ਰਹਮ ਰੂਪ 'ਓਂਕਾਰ' ਵਿਚ

'ਅਹੰਕਾਰ' ਤੇ 'ਮਾਮਕਾਰ' ਨੂੰ ਮਿਲਾ ਕੇ ਇਕ ਕਰਨ ਅਰਥਾਤ 'ਮੈਂ' ਤੇ 'ਮੇਰਾ' ਨੂੰ ਸਾਰ ਕੇ ਓਂਕਾਰ ਵਿਚ ਇਕਮਿਕਤਾ ਕਰਨ ਨੂੰ ਰਾਮ ਜਾਂ 'ਹਰੀ' ਦੀ ਪ੍ਰਾਪਤੀ ਕਿਹਾ ਹੈ। ਇਸੇ ਨੂੰ 'ਮੁਕਤੀ' ਕਹਿੰਦੇ ਹਨ।

ਇਸ ਤਰ੍ਹਾਂ ਨਾਥ ਮਤਿ ਦਾ ਜਨਮ, ਬੁੱਧ ਮਤਿ ਦੀ ਹਾਰ ਹੋਣ ਤੇ ਸਿੱਧਾਂ ਦੀਆਂ ਤਾਂਤਰਿਕ ਬਦਚਲਨੀਆਂ ਤੇ ਨਾਸਤਕਤਾ ਦੇ ਵਿਰੁੱਧ ਸੰਯਮਸ਼ੀਲ ਸ਼ੈਵ ਆਸਤਕ ਰੂਪ ਵਿਚੋਂ ਹੋਇਆ ਹੈ।

ਰਾਜਨੀਤਕ ਜਾਂ ਧਾਰਮਕ ਖੇਤਰ ਵਿਚ ਕਿਸੇ ਦਾ ਜ਼ੋਰ ਰਿਹਾ ਹੋਵੇ, ਪਰ ਸਮਾਜਕ ਪ੍ਰਬੰਧ ਕਰਮ-ਕਾਂਡੀ ਪੂਰਬ ਮੀਮਾਂਸੀਆਂ ਦੇ ਹੱਥ ਵਿਚ ਹੀ ਚਲਦਾ ਰਿਹਾ ਹੈ, ਜਿਨ੍ਹਾਂ ਅਨੁਸਾਰ 'ਮੁਕਤੀ' ਕਰਮਾਂ ਦਾ ਫਲ ਭੁਗਤਨ ਉਪਰੰਤ ਹੀ ਪ੍ਰਾਪਤ ਹੋ ਸਕਦੀ ਹੈ - ਯੋਗੀ ਚਿੱਤ ਵਿਰਤੀਆਂ ਨੂੰ ਰੋਕਣ ਨਾਲ ਮੁਕਤੀ ਸੰਭਵ ਦੱਸਦੇ ਸਨ। ਇਸ ਲਈ ਮੁਕਤੀ ਦੇ ਵਿਸ਼ੇ ਤੇ ਇਨ੍ਹਾਂ ਕਰਮ-ਕਾਂਡੀਆਂ ਦਾ ਵਿਰੋਧ ਨਾਥਾਂ ਨਾਲ ਵੀ ਰਿਹਾ ਹੈ। ਨਾਥ ਯੋਗੀ ਇਸੇ ਲਈ ਵਰਨ-ਆਸ਼ਰਮ ਨੂੰ ਨਹੀਂ ਮੰਨ ਸਕੇ। ਇਸੇ ਕਰਕੇ ਹਿੰਦੂ ਆਸਤਕ ਧਰਮ ਅੰਦਰ ਆਉਣ ਤੇ ਵੀ ਇਹ ਉਸ ਦੇ ਸਮਾਜਕ ਢਾਂਚੇ ਤੋਂ ਬਾਹਰ ਹੀ ਰਹੇ। ਪਰ ਕਿਉਂ ਜੋ ਇਨ੍ਹਾਂ ਦਾ ਆਪਣਾ ਪ੍ਰਚਾਰ ਤੇ ਜੀਵਨ ਖੇਤਰ ਇਨ੍ਹਾਂ ਗ੍ਰਿਹਸਥੀਆਂ ਤੇ ਹੀ ਨਿਰਭਰ ਸੀ ਇਸ ਲਈ ਇਨ੍ਹਾਂ ਦੇ ਹੀ ਧਰਮ ਇਨ੍ਹਾਂ ਨੂੰ ਨਾਥਾਂ ਨੇ ਆਪਣੀ ਸਾਧਨਾ ਦੇ ਉਪਮਾਨ ਬਣਾਇਆ ਹੈ। ਜਿਵੇਂ ਕਿ ਉਹ ਕਰਮਕਾਂਡੀਆਂ ਦੇ ਤੀਰਥਾਂ ਨੂੰ ਨਿੰਦ ਨਹੀਂ ਸਕੇ ਸਗੋਂ ਇਹ ਕਿਹਾ ਕਿ ਉਹ ਸਭ ਤੀਰਥ ਇਸ 'ਪਿੰਡ' ਵਿਚ ਹੀ ਹਨ।

**ਅਵਧੂ ਮਨ ਚੰਗਾ ਤੌਂ ਕਠੌਤੀ ਹੀ ਗੰਗਾ।**

(ਗੋਰਖ ਬਾਣੀ, ਪੰਨਾ 53)

ਅਠਸਠ ਤੀਰਥ ਇਸੇ ਜਿਸਮ ਵਿਚ ਹਨ। 'ਇੜਾ' ਨੂੰ 'ਗੰਗਾ' ਤੇ ਪਿੰਗਲਾਂ ਨੂੰ 'ਜਮਨਾ'- 'ਸੁਖਮਣਾਂ' ਨੂੰ 'ਸੰਗਮ'। ਜੇ ਇੜਾ ਨੂੰ ਸੂਰਜ, ਕਿਹਾ ਤੇ ਪਿੰਗਲਾਂ ਨੂੰ ਚੰਨ। ਇਸ ਤੋਂ ਇਲਾਵਾ ਹੋਰ ਖਟ ਚਕਰਾਂ ਅਤੇ ਹਿੰਦੂ ਤੀਰਥਾਂ ਦੇ ਹੀ ਨਾਂ ਦਿੱਤੇ ਹਨ। ਨਾਥਾਂ ਦਾ ਪੰਥ ਕਠੋਰ ਤਿਆਗ ਦਾ ਸੀ। ਹਠ ਯੋਗ ਪ੍ਰਦੀਪਕੀ, ਵਿਚ ਉਸ ਦੀ ਕਠੋਰਤਾ ਨੂੰ ਸਵੀਕਾਰ ਕਰਦਿਆਂ ਲੇਖਕ ਨੇ ਮੰਨਿਆ ਹੈ ਕਿ ਬਾਕੀ ਸਭ ਪੰਥ ਵੇਸ਼ਿਆਂ ਵਾਂਗ ਹਨ, ਜਿਸ ਨੂੰ ਹਰ ਕੋਈ ਜਣਾ ਖਣਾ ਪ੍ਰਾਪਤ ਕਰ ਲੈਂਦਾ ਹੈ ਪਰ ਇਹ ਯੋਗ ਇਕ ਅਜਿਹੀ 'ਕੁਲ ਵਧੂ' ਹੈ ਜਿਸ ਨੂੰ ਕੋਈ ਇਕ ਵਿਰਲਾ ਹੀ ਪ੍ਰਾਪਤ ਕਰ ਸਕਦਾ ਹੈ।*

## ਪੰਜਾਬ ਵਿਚ ਭਗਤੀ ਲਹਿਰ ਦਾ ਪ੍ਰਵੇਸ਼

ਅਜਿਹੀਆਂ ਧਾਰਮਕ ਪਰਸਥਿਤੀਆਂ ਵਿਚ ਵੇਦਾਂਤਕ ਵੈਸ਼ਣਵ ਭਗਤੀ ਦੀ ਲਹਿਰ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੇ ਰਾਹੀਂ ਸੋਲ੍ਹਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਪਹੁੰਚੀ ਹੈ, ਜਿਸ ਦੇ ਕਾਰਣ ਨਾਥਾਂ ਦੇ 'ਨਿਰੰਜਨ' ਤੇ 'ਸ਼ਿਵ' ਦੀ ਥਾਂ ਪੁਰਾਣਕ ਅਵਤਾਰਾਂ ਦੇ ਨਾਂ ਪ੍ਰਾਪਤੀ ਦੇ ਪ੍ਰਤੀਕ

*ਹਠ ਯੋਗ ਪ੍ਰਦੀਪਕਾ—

ਬਣ ਗਏ। ਰਘੁਕੁਲ ਦੇ ਰਘੁਨਾਥ 'ਰਾਮ', ਦਰੋਪਦੀ ਦੇ ਚੀਰ ਵਧਾਉਣ ਵਾਲੇ ਤੇ ਕੁਬਜਾ ਦਾ ਕੁੱਬ ਦੂਰ ਕਰਨ ਵਾਲੇ 'ਕ੍ਰਿਸ਼ਨ' ਲੰਬੇ ਕੇਸਾਂ ਵਾਲੇ'ਕੇਸ਼ਵ'ਪ੍ਰਹਿਲਾਦ ਦੀ ਰਖਿਆ ਕਰਨ ਵਾਲੇ 'ਨਰਸਿੰਘ' ਗਣਿਕਾ ਤੇ ਅਜਾਮਲ ਦੇ 'ਨਾਰਾਇਣ' ਗਰੁੜ ਦੀ ਸਵਾਰੀ ਕਰਨ ਵਾਲੇ 'ਵਿਸ਼ਨੂੰ', ਮਰਾ ਰਾਖਸ ਦੇ ਸ਼ਤਰੂ 'ਮੁਰਾਰੀ' ਆਦਿ ਸੰਸਾਰ ਦਾ ਕਲਿਆਣ ਕਰਨ ਵਾਲੇ ਕਰੁਣਾ ਮਈ ਰਖਸ਼ਕ ਰੂਪ 'ਹਰੀ' ਲਈ ਸ਼ਰਧਾ ਭਰੀ ਭਗਤੀ ਭਾਵ ਦੀ ਗੰਗਾ ਵਗ ਪਈ।

ਪਰ ਇਸ ਭਗਤੀ ਸਿਧਾਂਤ ਨੂੰ ਕਰਮ ਕਾਂਡੀ ਦੇ ਕਰਮ ਸਿਧਾਂਤ ਦੇ ਧੁਰੇ ਦੇ ਗਿਰਦ ਹੀ ਰਖਿਆ ਗਿਆ ਹੈ ਅੱਰਥਾਤ ਉਦੇਸ਼ ਇਹੋ ਹੀ ਰਿਹਾ ਹੈ ਕਿ (ਕਰਮ ਕਾਂਡ ਦੇ ਸਿਧਾਂਤ) ਕਰਮਵਾਦ ਅਨੁਸਾਰ ਫਲ ਭੁਗਤਣ ਲਈ ਜਨਮ ਮਰਨ ਦੀ ਚੁਰਾਸੀ ਤੋਂ ਮੁਕਤੀ ਕਿਵੇਂ ਪ੍ਰਾਪਤ ਕੀਤੀ ਜਾਵੇ। ਕਰਮ ਕਾਂਡ ਦੇ ਸ਼ਾਸਤਰ ਪੂਰਬੀਮੀਸਾ ਵਿਚ ਲਿਖਿਆ ਹੈ ਕਿ ਜੋ ਵਿਅਕਤੀ ਦੇਵੀ ਦੇਵਤਿਆਂ ਨੂੰ ਪੂਜਦਾ ਹੈ ਜਾਂ ਯਗ ਕਰਦਾ ਹੈ ਉਸ ਨੂੰ ਸੰਸਾਰਕ ਪ੍ਰਾਪਤੀਆਂ ਤਾਂ ਹੁੰਦੀਆਂ ਹਨ, ਪਰ ਮੁਕਤੀ ਪ੍ਰਾਪਤ ਕਰਨ ਲਈ ਤਾਂ ਪਰਮਾਤਮਾ ਦੀ ਅਰਾਧਨਾ ਕਰਨੀ ਹੀ ਯੋਗ ਹੈ, ਅਤੇ ਜਿਹੜੇ ਕਰਮ, ਪਰਮਾਤਮਾ ਨੂੰ ਅਰਪਤ ਕਰਕੇ ਕੀਤੇ ਜਾਣ ਉਨ੍ਹਾਂ ਦਾ ਫਲ ਵਿਅਕਤਕ ਕਰਤਾ ਨੂੰ ਭੁਗਤਣਾ ਨਹੀਂ ਪੈਂਦਾ। ਇਸੇ ਦੇ ਆਧਾਰ ਤੇ ਗੀਤਾ ਵਿਚ ਲਿਖਿਆ ਹੈ ਕਿ ਕਿਉਂਕਿ ਸਭ ਕਰਮ ਤਿਆਗੇ ਨਹੀਂ ਜਾ ਸਕਦੇ, ਇਸ ਲਈ ਸਾਧਕ ਉਹ ਕਰਮ 'ਪਰਮਾਤਮਾ' ਨੂੰ ਅਰਪਤ ਕਰਕੇ ਉਸ ਦੀ ਸੇਵਾ ਰੂਪ ਵਿਚ ਜੇ ਕਰੇ ਤਾਂ ਕਰਤਾ ਕਰਮਫਲ ਵਿਚ ਨਹੀਂ ਬਝਦਾ ਤੇ ਉਸ ਦਾ ਫਲ ਉਸ ਨੂੰ ਨਹੀਂ ਭੁਗਤਨਾ ਪੈਂਦਾ*। ਇਸੇ ਗੱਲ ਨੂੰ ਗੀਤਾ ਵਿਚ ਉਤਰ ਸੀਮਾਂਸਾ (ਉਪਨਿਸ਼ਦਾਂ ਦੇ ਗਿਆਨ ਕਾਂਡ) ਦੇ ਸ਼ਬਦਾਂ ਵਿਚ ਵੀ ਕਿਹਾ ਹੈ ਕਿ ਸਾਰੇ ਜਗਤ ਵਿਚ ਇਕ ਹੀ 'ਕਰਤਾ' ਹੈ, ਐਕਟਰ ਹੈ,ਉਸੇ ਦੀ ਇੱਛਾ ਬਾਕੀ ਪ੍ਰਾਣੀਆਂ ਵਿਚ ਆਤਮਾ ਰੂਪ ਵਿਚ ਨਿਯੰਤਰਕ ਬਣੀ ਹੋਈ ਹੈ ਅਤੇ ਸਾਧਕ ਨੂੰ ਇਸ ਗਿਆਨ ਦੀ ਅਨੁਭੂਤੀ ਕਰਨੀ ਚਾਹੀਦੀ ਹੈ ਕਿ ਕਰਨਹਾਰ ਉਹੋ ਬ੍ਰਹਮ (ਓਮ) ਹੀ ਹੈ,** ਜਿਹੜਾ ਜਗਤ ਨੂੰ ਉਪਾਦਾਨ ਰੂਪ ਵਿਚ ਵਰਤ ਰਿਹਾ ਹੈ। ਇਸ ਤਰ੍ਹਾਂ ਵਿਅਕਤੀ ਦਾ ਨਿੱਜੀ 'ਕਰਤਰਿਤਵ' ਵੀ ਸਮਾਪਤ ਹੋ ਜਾਂਦਾ ਹੈ ਅਤੇ ਉਨ੍ਹਾਂ ਦੇ ਫਲ ਵਿਚ ਵੀ ਨਹੀਂ ਬਝਦਾ ਤੇ 'ਮੁਕਤੀ' ਸੰਭਵ ਹੁੰਦੀ ਹੈ।

ਜਿਵੇਂ ਬ੍ਰਹਮ ਇਸ ਜਗਤ ਦਾ ਆਧਾਰ ਹੈ, ਨਿਯੰਤਰਕ ਹੈ ਉਸੇ ਤਰ੍ਹਾਂ ਉਹ 'ਕਰਤਾ' ਭੋਗਤਾ ਵੀ ਆਪ ਹੀ ਹੈ। ਭਗਤਾਂ ਦੇ ਯਾਦ ਕਰਨ ਤੇ ਉਹ ਆਪ 'ਕ੍ਰਿਪਾ' 'ਮਿਹਰ' ਕਰਕੇ ਬਹੁੜਦਾ ਹੈ। ਦ੍ਰੋਪਦੀ, ਗਣਿਕਾ, ਅਜਾਮਲ, ਪ੍ਰਹਿਲਾਦ, ਆਦਿ ਦੀ ਬੇਨਤੀ ਤੇ ਪਰਮਾਤਮਾ ਦਾ ਰਖਸ਼ਕ ਰੂਪ ਵਿਚ ਆਗਮਨ ਹੋਇਆ ਹੈ।

## ਭਗਤੀ ਦਾ ਇਤਿਹਾਸ

ਇਹ ਭਗਤੀ ਦੀ ਲਹਿਰ ਪੰਜਾਬ ਵਿਚ ਸੋਲ੍ਹਵੀਂ ਸਦੀ ਵਿਚ ਕਿੱਥੋਂ ਆਈ ਤੇ ਇਸ ਦਾ ਵਿਕਾਸ

---

*ਸ੍ਰੀ ਮਦਭਾਗਵਤ ਗੀਤਾ ਦਾ ਕਰਮਯੋਗ

** ,, ,, ਦਾ ਗਿਆਨਯੋਗ

ਕਿਵੇਂ ਹੋਇਆ । ਇਹ ਬਹੁਤ ਵੱਡਾ ਪ੍ਰਸ਼ਨ ਹੈ । ਮੋਟੇ ਤੌਰ ਤੇ ਇਸ ਦੇ ਇਤਿਹਾਸ ਨੂੰ ਇੰਝ ਵੰਡ ਸਕਦੇ ਹਾਂ । ਪਹਿਲਾ ਕਾਲ 600 ਈ. ਪੂਰਬ ਤੋਂ 200 ਈ. ਤਕ, ਦੂਜਾ ਕਾਲ 200 ਈ. ਤੋਂ 1200 ਈ. ਤਕ ਦਾ ਤੇ ਤੀਜਾ ਕਾਲ 1200 ਈ. ਤੋਂ 1800 ਈ. ਤਕ । ਪਹਿਲੇ ਕਾਲ ਵਿਚ ਇਹ ਉਤਰ ਭਾਰਤ (ਮਥੁਰਾ) ਵਿਚ ਸੀ ਤੇ ਇਸ ਨੂੰ ਵੈਸ਼ਨਵ ਧਰਮ ਦਾ ਉਦੈ ਕਾਲ ਕਿਹਾ ਜਾ ਸਕਦਾ ਹੈ । ਇਸ ਕਾਲ ਵਿਚ 600 ਈ. ਪੂਰਬ ਸਮੇਂ ਦੇ 'ਵਾਸਦੇਵ ਸੁਧਾਰ ਅੰਦੋਲਨ' 400 ਈ. ਪੂਰਬ ਦਾ ਨਾਰਾਇਣੀ ਜਾਂ 'ਹਰੀ' ਧਰਮ, 200 ਈ. ਦੀ ਵਿਸ਼ਣੂ ਭਗਤੀ ਧਾਰਾ ਅਤੇ ਇਸੇ ਦਾ ਸਮਕਾਲੀ ਗੋਪਾਲ ਕ੍ਰਿਸ਼ਨ ਦੀ ਧਾਰਾ ਦਾ ਆਪਸ ਵਿਚ ਸੰਗਠਨ ਹੋ ਜਾਣ ਤੇ ਇਸ ਦਾ ਉਦੈ ਹੋਇਆ ਹੈ । ਦੂਜੇ ਕਾਲ ਵਿਚ ਇਨ੍ਹਾਂ ਵੈਸ਼ਨਵ ਰਾਜਿਆਂ ਦੀ ਇਕ ਟੋਲੀ ਦਖਣ ਵਿਚ ਪਹੁੰਚੀ,ਜਿਸ ਨੇ 'ਮਦੁਰਾ' ਦਾ ਨਿਰਮਾਣ ਕਰਵਾਇਆ ਤੇ 'ਵੈਸ਼ਨਵ ਧਰਮ' ਦਾ ਪ੍ਰਚਾਰ ਸ਼ੁਰੂ ਕੀਤਾ । ਇਥੇ ਇਸ ਵੈਸ਼ਨਵ ਧਰਮ ਦੇ ਵਿਕਾਸ ਦੀਆਂ ਦੋ ਅਵਸਥਾਵਾਂ ਹਨ । ਪੰਜਵੀਂ ਤੇ ਛੇਵੀਂ ਸਦੀ ਦੇ 'ਆਲਵਾਰ ਵੈਸ਼ਨਵ ਸੰਤ ਕਾਲ', ਤੋਂ ਮਗਰੋਂ 'ਵੈਸ਼ਨਵ ਆਚਾਰਯ ਕਾਲ' । ਪੰਜਾਬ ਦੀ ਨਿਰਗੁਣ ਭਗਤੀ ਜਿਸ ਸਬੰਧਤ ਹੈ, ਉਹ ਹਨ ਰਾਮਾਨੁਜਾਚਾਰਯ । ਇਨ੍ਹਾਂ ਨੇ ਵਸ਼ਿਸਟਾ ਦਵੈਤਵਾਦ ਦੀ ਸਥਾਪਨਾ ਕੀਤੀ । ਜਿਸ ਦੀ ਪਿਛਲੀ ਪਰੰਪਰਾ ਉਨ੍ਹਾਂ ਦੇ ਗੁਰੂ ਅਲਵੰਡਾਰ, ਨਾਥ ਮੁਣੀ, ਤੇ ਨਮਲਵਾਰ ਤਕ ਜਾਂਦੀ ਹੈ । ਇਨ੍ਹਾਂ ਆਚਾਰਯਾਂ ਨੇ ਇਕ ਪਾਸੇ ਵੈਸ਼ਨਵ ਭਗਤੀ ਤੇ ਦੂਜੇ ਪਾਸੇ ਵੇਦਾਂਤ ਨੂੰ ਆਧਾਰ ਬਣਾਇਆ ਹੈ । ਇਸ ਭਗਤੀ ਨੂੰ ਕਬੀਰ ਨੇ ਨਾਰਦੀ ਭਗਤੀ ਕਿਹਾ ਹੈ ਅਤੇ ਇਨ੍ਹਾਂ ਨਾਰਦੀ ਵੇਦਾਂਤੀਆਂ ਨੂੰ ਕਬੀਰ ਨੇ ਵੈਸ਼ਨਵ ਵੀ ਕਿਹਾ ਹੈ ।

ਭਗਤੀ ਨਾਰਦੀ ਰਿਦੈ ਨ ਆਈ
ਕਾਛਿ ਕੂਛਿ ਤਨ ਦੀਨਾ ।
ਭਗਤੀ ਨਾਰਦੀ ਮਗਨ ਸਰੀਰਾ
ਇਹਿ ਵਿਧਿ ਭਵਤਰਿ ਕਹੈ ਕਬੀਰਾ ।

ਵੈਸ਼ਨਵ ਅਵਤਾਰਾਂ ਦੇ ਨਾਂ ਤੇ 'ਨਾਰਦ' ਭਗਤੀ ਸ਼ਾਸਤਰਾਂ ਦੀ ਪੱਧਤੀ ਤੇ ਵੇਦਾਂਤ ਦਾ ਗਿਆਨ ਇਹ ਸਾਰੀਆਂ ਹੀ ਵਿਸ਼ੇਸ਼ਤਾਈਆਂ ਇਨ੍ਹਾਂ ਸੰਤਾਂ ਦੀ ਬਾਣੀ ਵਿਚ ਮਿਲਦੀਆਂ ਹਨ । ਸਰਗੁਣ ਭਗਤੀ ਧਾਰਾ ਨਾਲੋਂ ਇਸ ਦਾ ਇਤਨਾ ਫਰਕ ਹੈ ਕਿ ਜਿਨ੍ਹਾਂ ਪ੍ਰਦੇਸਾਂ ਵਿਚ ਅਤੇ ਜਿਹੜੇ ਭਗਤ ਪਹਿਲੋਂ ਨਾਥਾਂ ਦੇ ਜੋਗ ਨਾਲ ਸਬੰਧਤ ਸਨ ਉਨ੍ਹਾਂ 'ਪਰਮਾਤਮਾ' ਦੇ ਦਰਸ਼ਨ 'ਮਨ' ਅੰਦਰ ਉਸੇ ਨਿਰੰਜਨ ਰੂਪ ਵਿਚ ਕੀਤੇ ਹਨ, ਜਿਨ੍ਹਾਂ ਨੂੰ ਨਾਥ ਜੋਗੀ ਪਹਿਲੋਂ 'ਮਨ' ਤੇ 'ਪਵਨ' ਨੂੰ ਰੋਕ ਕੇ ਕਰਦੇ ਸਨ । ਇਨ੍ਹਾਂ ਭਗਤਾਂ ਨੇ ਉਸੇ ਨੂੰ 'ਰਾਮ' ਤੇ 'ਨਾਰਾਇਣ' ਦਾ ਨਾਂ ਦੇ ਕੇ ਭਗਤੀ ਭਾਵ ਨਾਲ ਅਨੁਭਵ ਕਰਨ ਤੇ ਮੁਕਤੀ ਦੀ ਪ੍ਰਾਪਤੀ ਕਿਹਾ ਹੈ । ਉਤਰੀ ਭਾਰਤ ਵਿਚ ਇਹ ਧਾਰਾ ਸਤਪੁੜਾ ਤੇ ਵਿੰਧਿਆ-ਚਲ ਦੇ ਪੂਰਬ ਤੇ ਪਛਮ ਦੁਹਾਂ ਪਾਸਿਓਂ ਦਾਖਲ ਹੋਈ ਹੈ । ਪੂਰਬ ਵਿਚੋਂ ਰਾਮਾਨੁਜੀ ਲਾਈਨ ਵਿਚ ਰਾਮਾਨੰਦ । (1346 - 1467), ਰਾਹੀਂ ਪਹੁੰਚੀ ਹੈ, ਜਿਨ੍ਹਾਂ ਦੇ ਪਿੱਛੋਂ ਕਬੀਰ (1398— 1520) ਨੂੰ ਕਾਂਸ਼ੀ ਵਿਚ ਇਸ ਪੱਧਤੀ ਦੇ ਪ੍ਰਚਾਰ ਲਈ ਬੜਾ ਸੰਘਰਸ਼ ਕਰਨਾ ਪਿਆ ਹੈ, ਕਿਉਂਕਿ ਇਹ ਉਹ ਹਿੱਸਾ ਸੀ ਜਿਹੜਾ ਇਕ ਪਾਸੇ ਤਾਂ ਕਰਮ ਕਾਂਡੀਆਂ ਦਾ ਸਭ ਤੋਂ ਵੱਡਾ ਗੜ੍ਹ ਸੀ ਇਥੇ

ਨਾਥਾਂ ਦਾ ਜੋਗ ਵੀ ਪਹਿਲੋਂ ਆਪਣੇ ਪੈਰ ਨਹੀਂ ਸੀ ਜਮਾ ਸਕਿਆ। ਦੂਜੇ ਵਾਮ ਮਾਰਗੀ ਸ਼ਾਕਤਾ ਦੇ ਮੱਤ ਦੇ ਪਰਛਾਵੇਂ ਕਬੀਰ ਦੇ ਕਾਰਜ ਖੇਤਰ ਵਿਚ ਪੈਂਦੇ ਸਨ। ਇਸੇ ਕਾਰਣ ਜਿਹੜਾ ਅਖੜਖੁਣਾ ਤੇ ਸੰਘਰਸ਼ ਕਬੀਰ ਵਿਚ ਦਿਖਾਈ ਦਿੰਦਾ ਹੈ ਉਹ ਹੋਰ ਕਿਸੇ ਨਿਰਗੁਣੀ ਭਗਤ ਵਿਚ ਨਹੀਂ ਹੈ। ਕਬੀਰ ਸਾਹਿਬ ਦਾ ਪ੍ਰਭਾਵ ਸਮੁੱਚੇ ਉੱਤਰ ਭਾਰਤ ਵਿਚ ਬਹੁਤ ਪਿਆ ਹੈ। ਆਦਿ ਗ੍ਰੰਥ ਵਿਚ ਵੀ ਗੁਰੂ ਸਾਹਿਬਾਨ ਤੋਂ ਬਾਅਦ ਕਬੀਰ ਜੀ ਦੀ ਬਾਣੀ ਬਾਕੀ ਸਭ ਭਗਤਾਂ ਨਾਲੋਂ ਵਧੇਰੇ ਹੈ।

ਪੱਛਮ ਵਾਲੀ ਸ਼ਾਖਾ ਮਹਾਰਾਸ਼ਟਰੀ ਸੰਤ ਗਿਆਨੇਸ਼ਵਰ (1271—1292 ਈ.) ਤੇ ਨਾਮ-ਦੇਵ (1249—1349) ਰਾਹੀਂ ਪਹੁੰਚੀ ਹੈ। ਨਾਮ ਦੇਵ ਦੇ ਕੁਝ ਪਦ ਆਦਿ ਗ੍ਰੰਥ ਵਿਚ ਸੰਕਲਤ ਹਨ। ਪੰਜਾਬ ਵਿਚ ਇਸ ਭਗਤੀ ਦਾ ਪ੍ਰਚਾਰ ਗੁਰੂ ਨਾਨਕ ਦੇਵ ਰਾਹੀਂ ਪਹੁੰਚਣ ਤੋਂ ਪਹਿਲਾਂ, ਇਹ ਭਗਤੀ ਜੇ ਪੰਜਾਬ ਵਿਚ ਨਿਸਚਿਤ ਤੌਰ ਤੇ ਨਹੀਂ ਤਾਂ ਪੰਜਾਬ ਦੇ ਪੂਰਬੀ ਤੇ ਦੱਖਣੀ ਪ੍ਰਦੇਸ਼ਾਂ (ਮਹਾਂਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼ ਆਦਿ) ਵਿਚ ਦੋ ਸਦੀਆਂ ਪਹਿਲੋਂ ਜ਼ਰੂਰੀ ਤੌਰ ਤੇ ਪਹੁੰਚ ਚੁੱਕੀ ਸੀ।

ਹਿੰਦੀ ਜਗਤ ਵਿਚ ਆਮ ਕਰਕੇ ਇਹ ਧਾਰਨਾ ਹੈ ਕਿ ਨਿਰਗੁਣ ਪ੍ਰੇਮ ਧਾਰਾ ਇਸਲਾਮੀ ਸੂਫ਼ੀਆਂ ਦਾ ਪ੍ਰਭਾਵ ਹੈ। ਉਸ ਦਾ ਕਾਰਣ ਉਹ ਇਹ ਦੱਸਦੇ ਹਨ ਕਿ ਹਿੰਦੀ ਵਿਚ 'ਸੂਰ' ਅਤੇ 'ਤੁਲਸੀ' ਦੇ, ਸਗੁਣ ਬ੍ਰਹਮ ਨਾਲ ਪ੍ਰੇਮ ਦੀ ਪਰੰਪਰਾ ਤਾਂ ਹੈ ਨਿਰਗੁਣ ਦੀ ਨਹੀਂ। ਪਰ ਇਸ ਪਰੰਪਰਾ ਵਿਚ ਬਾਤ ਸਪਸ਼ਟ ਹੋ ਜਾਂਦੀ ਹੈ ਕਿ ਨਾਥ ਜੋਗੀ ਪਹਿਲੋਂ ਹੀ 'ਅਲਖ ਨਿਰੰਜਨ' ਨੂੰ ਅਨੁਭਵ ਕਰਦੇ ਸਨ ਅਤੇ ਭਗਤੀ ਵਿਚ ਉਸੇ ਨੂੰ ਬ੍ਰਹਮ ਤੇ ਪਰਮਾਤਮਾ ਮੰਨਿਆ ਹੈ। 'ਵੇਦਾਂਤੀ' 'ਨਾਰਦੀ ਭਗਤੀ' ਤੇ ਨਾਥ ਮਤਿ ਦੇ ਮੇਲ ਨਾਲ ਨਿਰਗੁਣ ਭਗਤੀ ਧਾਰਾ ਉਗਮੀ ਤੇ ਪ੍ਰਵਾਹਿਤ ਹੋਈ ਹੈ।

## ਗਿਆਨ ਤੇ ਮੁਕਤੀ

ਇਹ ਸੰਸਾਰ 'ਇਕ ਕਰਤੇ' ਦੀ ਖੇਲ ਹੈ। ਇਹੋ ਗਿਆਨ ਹੈ। ਜੋ ਇਸ ਨੂੰ ਜਾਣਦਾ ਹੈ ਉਹ ਉਸ ਦਾ ਅਨੰਦ ਮਾਣਦਾ ਹੈ। ਜਿਹੜਾ ਇਸ ਗਿਆਨ ਨੂੰ ਨਹੀਂ ਜਾਣਦਾ ਜ਼ਿੰਦਗੀ ਵਿਚ ਵਿਅਕਤੀਆਂ ਨੂੰ 'ਕਰਤੇ' ਵੇਖਣ ਦਾ ਦਵੈਤ ਕਰਦਾ ਹੈ, ਉਹ ਅਗਿਆਨੀ ਹੈ। ਇਹ 'ਦਵੈਤ' ਹੀ ਅਵਿਦਿਆ ਹੈ ਜਿਹੜੀ ਦੁਖਾਂ ਤੇ ਚੁਰਾਸੀ ਦਾ ਮੂਲ ਕਾਰਣ ਹੈ।

ਯੋਗ ਵਿਚ ਸ੍ਰਿਸ਼ਟੀ ਵਿਚ ਕਿਸੇ ਇਕ ਕਰਤਾ ਨੂੰ ਵੇਖਣ ਦਾ ਕੋਈ ਪ੍ਰਸ਼ਨ ਨਹੀਂ ਹੈ। ਚਿੱਤ ਨੂੰ ਅਚਿੱਤ ਨਾਲੋਂ ਵਖਰੇ ਕਰਨ ਵਿਚ ਹੀ ਮੁਕਤੀ ਹੈ। ਅਚਿੱਤ ਤੋਂ ਚਿੱਤ ਦਾ ਵਿਯੋਗ ਹੀ ਯੋਗ ਹੈ। ਅਚਿੱਤ ਤੋਂ ਵੱਖਰਾ ਚਿੱਤ ਹੀ ਵਿਅਕਤੀ ਦਾ ਅਸਲ 'ਤੱਤ' ਹੈ। ਉਸ ਨੂੰ ਜਾਣਨਾ, ਪਛਾਣਨਾ ਤੇ ਅਨੁਭਵ ਕਰਨਾ ਪ੍ਰਾਪਤੀ ਤੇ ਮੁਕਤੀ ਹੈ। ਅਚਿੱਤ ਨੂੰ ਆਪਣਾ ਆਪ ਸਮਝਣਾ ਅਗਿਆਨ ਹੈ, ਚਿੱਤ ਦੀ ਪਛਾਣ ਗਿਆਨ ਹੈ, ਦੁਹਾਂ ਦਾ ਆਪਣਾ ਆਪਣਾ ਅਲੱਗ ਅਲੱਗ ਗਿਆਨ ਹੈ, ਅਤੇ ਉਸੇ ਦੀ ਪ੍ਰਾਪਤੀ ਤੋਂ ਮੁਕਤੀ ਦਾ ਦਾਵਾ ਹੈ।

## ਸਾਧਨਾ

ਨਾਥਾਂ ਦੇ ਘਟ ਵਿਚ 'ਨਿਰੰਜਨ' ਦੇ ਜਾਂ ਭਗਤਾਂ ਦੇ ਘਟ ਵਿਚ 'ਰਾਮ' ਦੇ ਦਰਸ਼ਨ ਕਰਨ ਦੀ ਵਿਧੀ ਵਿਚ ਹੀ ਮੁੱਖ ਅੰਤਰ ਹੈ। ਇਸ ਅੰਤਰ ਵਿਚ ਜੋਗ ਤੇ ਭਗਤੀ ਦਾ ਫ਼ਰਕ ਹੈ। ਸਾਰੀਆਂ ਗੱਲਾਂ ਵਿਚ ਇਕ ਦੂਜੇ ਨਾਲ ਹਾਂ ਕਰ ਦੇਂਦੇ ਹਨ ਪਰ ਇਥੇ ਆ ਕੇ ਨਹੀਂ ਕਬੂਲਦੇ। ਨਾਥਮਤਿ ਵਿਚ ਨਿਰੰਜਨ ਦੇ ਦਰਸ਼ਨ ਲਈ ਮਨ ਤੇ ਪਵਨ ਵਿਚੋਂ ਕਿਸੇ ਨੂੰ ਵੱਸ ਕਰਕੇ 'ਇਕ ਕੇਂਦਰ' ਤੇ ਟਿਕਾ ਦਿੰਦੇ ਹਨ। ਇਸ ਨੂੰ 'ਨਿਰੰਜਨ' ਦੀ ਪ੍ਰਾਪਤੀ ਦਸਿਆ ਹੈ ਪਰ ਭਗਤੀ ਵਿਚ ਇਕ ਕੇਂਦਰ ਤੇ ਮਨ ਦਾ ਟਿਕਣਾ ਸੰਭਵ ਨਹੀਂ ਮੰਨਦੇ।

**ਚੁਪੈ ਚੁਪ ਨਾ ਹੋਵਦੀ ਜੇ ਲਾਇ ਰਹਾ ਲਿਵਤਾਰ।**

(ਜਪੁਜੀ ਪਉੜੀ 1)

ਜਦੋਂ ਤਕ ਉਸ ਕੇਂਦਰ ਵਿਚ ਕੁਝ ਅਜਿਹੀ ਕਿੱਲੀ ਨਾ ਹੋਵੇ ਜਿਸ ਨਾਲ ਭਜਦੇ ਮਨ ਦੇ ਊਠ ਨੂੰ ਉਥੇ ਬੰਨ੍ਹ ਲਿਆ ਜਾਵੇ। ਭਗਤੀ ਵਿਚ ਇਸ ਕੇਂਦਰ (ਸੈਂਟਰ) ਦਾ ਇਵਜ਼ੀ 'ਨਾਮ' ਰਖਿਆ ਗਿਆ ਹੈ। ਇਕ ਕੇਂਦਰ ਦਾ ਕੰਮ 'ਨਾਮ' ਤੋਂ ਲਿਆ ਗਿਆ ਹੈ। ਇਥੇ ਹੀ ਬਸ ਨਹੀਂ ਇਸ 'ਨਾਮ' ਦੇ ਨਾਲ 'ਬ੍ਰਹਮ' ਦੇ ਸਾਰੇ ਗੁਣ ਜਿਨ੍ਹਾਂ ਕਰਕੇ ਇਸ ਨਾਮ ਨਾਲ ਮਨ ਦੀ ਪਕਿਆਈ ਜੁੜ ਸਕੇ, ਜੋੜ ਦਿੱਤੇ ਜਾਂਦੇ ਹਨ। ਅਰਥਾਤ ਇਹ ਨਾਮ ਉਸ ਕਰਤੇ ਦਾ ਹੈ ਜਿਹੜਾ ਸ੍ਰਿਸ਼ਟੀ ਨੂੰ ਚਲਾਉਂਦਾ ਹੈ, ਮਿਹਰ ਕਰਕੇ ਭਗਤ ਦੀ ਬੇਨਤੀ ਸੁਣਦਾ ਤੇ ਮੰਨਦਾ ਹੈ, ਆਦਿ। ਇਸ ਸ਼ਰਧਾ ਤੇ ਪ੍ਰੇਮ ਦੀ ਪਕਿਆਈ ਲਈ 'ਪ੍ਰਭੂ' ਦੇ ਮਿਹਰਬਾਨ ਤੇ ਕਰਤਾ ਰੂਪ ਦੇ ਗੁਣ ਕਹਾਣੀਆਂ ਰਾਹੀਂ ਮੁੜ ਮੁੜ ਗਾਉਣ ਦੀ ਵਿਵਸਥਾ ਹੈ ਜਿਸ ਨੂੰ ਕੀਰਤਨ (ਵਡਿਆਈ ਤੇ ਜਸ ਦਾ ਗਾਉਣਾ) ਦੱਸਿਆ ਹੈ। ਅਜਿਹੇ ਵਿਚਾਰਾਂ ਦੇ ਲੋਕਾਂ ਦੀ ਸੰਗਤ (ਸਤਿਸੰਗ) ਵਿਚ ਰਹਿਣਾ ਲਾਭਦੇਂਦਾ ਹੈ। ਬਹਿਸ ਵਰਜਿਤ ਹੈ ਕਿਉਂਕਿ ਬਹਿਸ ਨਾਲ ਪ੍ਰੇਮ, ਭਗਤੀ ਤੇ ਸ਼ਰਧਾ ਦੀ ਕਮੀ ਹੋ ਜਾਂਦੀ ਹੈ। ਬਿਬਾਦ ਨਾਥਾਂ ਲਈ ਵੀ ਵਰਜਿਤ ਹੈ :—

**ਕੋ ਬਾਦੀ ਕੋਈ ਬਿਬਾਦੀ, ਜੋਗੀ ਕੋ ਬਾਦ ਨਾ ਕਰਨਾ।**

(ਗੋਰਖ ਬਾਣੀ, ਪੰਨਾ 5)

ਨਾਥਾਂ ਦੇ ਚੱਕਰਾਂ ਦਾ ਥਾਂ ਨਾਮ ਨੂੰ ਪ੍ਰਾਪਤ ਹੋਇਆ ਹੈ। ਕੋਈ ਵੀ ਸ਼ਬਦ ਜਿਸ ਨੂੰ ਪ੍ਰਭੂ ਦਾ ਨਾਂ ਕਿਹਾ ਜਾ ਸਕੇ, ਇਸ ਮੰਤਵ ਲਈ ਚੁਣਿਆ ਜਾ ਸਕਦਾ ਹੈ।

ਇੜਾ ਪਿੰਗਲਾ ਸੁਖਮਨਾ ਸਮਾਧੀ ਆਦੀ ਦਾ ਅਭਿਆਸੀ ਭਗਤੀ ਵਿਚ ਵੀ ਹੈ। ਇਹ ਨਾਥ ਮਤਿ ਤੋਂ ਨਹੀਂ ਰਖਿਆ ਗਿਆ। ਇਹ ਪਹਿਲੋਂ ਹੀ ਰਾਮਾਨੁਜ ਵੇਲੇ ਵੀ ਤੇ ਗੀਤਾ ਵਿਚ ਵੀ ਇਸ ਨੂੰ ਸਾਧਨਾ ਵਿਚ ਥਾਂ ਦੇ ਦਿੱਤਾ ਗਿਆ ਸੀ।

## ਬ੍ਰਹਮ

ਸਭ ਤੋਂ ਵਧੇਰੇ ਦਿਲਚਸਪ ਚਰਚਾ ਨਾਥ ਮਤਿ ਤੇ ਗੁਰਮਤਿ ਦੇ ਪ੍ਰਸੰਗ ਵਿਚ ਰੱਬ ਬਾਰੇ

ਹੋਵੇਗੀ। ਨਾਥ ਨੂੰ ਸਾਧਨਾ ਦੀ ਦ੍ਰਿਸਟੀ ਤੋਂ ਅੱਧੇ ਆਸਤਕ ਜਾਂ ਅੱਧੇ ਹਿੰਦੂ ਕਿਹਾ ਜਾ ਸਕਦਾ ਹੈ। ਸਾਧਨਾ ਲਈ ਉਨ੍ਹਾਂ ਦਾ ਰਬ ਦਾ ਸੰਕਲਪ ਨਾ ਹੋਣ ਬਰਾਬਰ ਹੈ; ਸਾਖਿਆ ਅਤੇ ਪਾਤੰਜਲੀ ਦੇ ਯੋਗ ਅਨੁਸਾਰ ਚਿੱਤ ਨੂੰ 'ਅਚਿੱਤ' ਤੋਂ ਵੱਖਰਾ ਕਰਕੇ ਦੇਖਣ ਵਿਚ ਮੁਕਤੀ ਦੱਸੀ ਹੈ। ਬੋਧਾਂ ਦਾ ਵਿਗਿਆਨਵਾਦ ਜਗਤ ਨੂੰ ਚਿਤਗਤ ਦੱਸਦਾ ਹੈ ਵਸਤੂਗਤ ਨਹੀਂ। ਇਸ ਲਈ ਚਿੱਤ ਦੀਆਂ ਵਿਰਤੀਆਂ ਨੂੰ ਜਗਤ ਵਿਚੋਂ ਜਾ ਵਸਤੂ ਵਿਚੋਂ ਸਮੇਟ ਲੈਣ ਨਾਲ ਅਤੇ ਉਨ੍ਹਾਂ ਵਿਰਤੀਆਂ ਨੂੰ ਚਿੱਤ ਵਿਚ ਪੂਰੀ ਤਰ੍ਹਾਂ ਕੇਂਦਰਿਤ ਕਰਨ ਨਾਲ ਹੀ ਇਸ ਦੁਨੀਆਂ ਤੋਂ ਮੁਕਤੀ ਮਿਲ ਜਾਂਦੀ ਹੈ। ਨਾਥਾਂ ਦਾ ਜੋਗ ਜਗਤ ਨੂੰ ਵਸਤੂਗ੍ਰਤ ਤਾਂ ਮੰਨਦਾ ਹੈ ਪਰ ਵਿਅਕਤੀ ਲਈ ਉਸ ਦਾ ਮਹੱਤਵ ਚਿਤਗਤ ਹੋਣ ਤੇ ਹੀ ਹੈ। ਚਿੱਤ ਵਿਚ ਹੀ ਸਾਰਾ ਬ੍ਰਹਮੰਡ ਹੈ, ਇਥੇ ਹੀ 'ਨਿਰੰਜਨ' ਦਾ ਵਾਸ ਹੈ, ਇਹ ਹੀ ਸੁੰਨ ਹੈ, ਇਸ ਨੂੰ ਪ੍ਰਾਪਤ ਕਰਨ ਨਾਲ ਹੀ ਸਭ ਕੁਝ ਪ੍ਰਾਪਤ ਹੋ ਜਾਦਾ ਹੈ। ਸਾਂਖਿਆ ਯੋਗ ਵਾਂਗ ਇਹ ਇਸ ਝੰਝਟ ਵਿਚ ਨਹੀਂ ਪੈਂਦਾ ਕਿ ਹਰ ਇਕ ਮਨੁੱਖ ਦੇ ਚਿੱਤ ਵਿਚ ਜੋ ਇਕ ਬ੍ਰਹਿਮਾਂਡ ਹੈ, ਤਾਂ ਕੀ ਇਤਨੇ ਹੀ ਬ੍ਰਹਮੰਡ ਹਨ ਜਿਤਨੇ ਮਨੁੱਖ ਹਨ, ਇਨ੍ਹਾਂ ਬ੍ਰਹਮੰਡਾਂ ਦਾ ਪਰਸਪਰ ਕੀ ਸਬੰਧ ਹੈ ? ਜਾਂ ਬਾਹਰੀ ਦਿਖਦਾ ਬ੍ਰਹਮੰਡ ਵੀ ਕਿਸੇ ਇਕ ਸ਼ਕਤੀ ਦਾ ਚਿੱਤ ਹੈ ? ਜਾਂ ਵਿਅਕਤੀ ਚਿੱਤ ਤੇ ਰੱਬ ਦੇ ਸੰਕਲਪੇ ਰੂਪ ਤੇ ਚਿਤ ਤੇ ਦਾ ਪਰਸਪਰ ਕੀ ਸਬੰਧ ਹੈ ? ਉਹ ਵਿਅਕਤੀ ਦੇ ਚਿੱਤ ਨੂੰ ਹੀ ਨਿਰੰਜਨ, ਅਗਮ ਅਗੋਚਰ, ਦਵੈਤਾਂ (ਦੁਖ ਸੁਖ, ਨਿੰਦਾ-ਉਸਤਤ, ਦੇਸ ਕਾਲ ਤੋਂ) ਤੋਂ ਪਰੇ ਚਿਤਰਦੇ ਹਨ। ਉਹ ਚਿੱਤ ਨੂੰ ਸੰਕਲਪਾਤਮਕ ਤੇ ਚੰਚਲ ਮੰਨਦੇ ਹਨ, ਉਸ ਨੂੰ ਥਿਰ ਕਰਨਾ ਹੀ ਟੀਚਾ ਹੈ।

ਪਰ ਭਗਤੀ ਲਹਿਰ ਦਾ ਆਧਾਰ ਉਪਨਿਸ਼ਦਿਕ ਵੇਦਾਂਤ ਹੈ। ਜਿਸ ਅਨੁਸਾਰ ਚਿੱਤ ਤੇ ਅਚਿੱਤ ਸਾਰਾ ਹੀ ਜਗਤ ਇਕ ਬ੍ਰਹਮ ਦਾ ਪਸਾਰਾ ਹੈ ਅਤੇ ਵਿਅਕਤੀ ਦੀ ਆਤਮਾ ਬ੍ਰਹਮ ਦੀ ਅੰਸ਼ ਹੈ। ਉਸ ਆਤਮਾ ਦੇ ਦਰਸ਼ਨ ਨਾਲ ਬ੍ਰਹਮ ਦੀ ਅਨੁਭੂਤੀ ਹੁੰਦੀ ਹੈ। ਉਸ ਬ੍ਰਹਮ ਦੇ ਸੰਕਲਪ ਨਾਲ ਵਿਅਕਤਕ ਪੁਰਖ ਵੱਖ ਵੱਖ ਨਾ ਰਹਿ ਕੇ ਇਕ ਬ੍ਰਹਮ ਦੇ ਅੰਸ਼ ਹਨ। ਨਾਥਾਂ ਦੇ 'ਨਿਰੰਜਨ ਜਾਂ ਚਿੱਤ ਵਿਚ ਚੰਚਲਤਾ' ਅਚਿੱਤ ਦੇ ਸੰਪਰਕ ਨਾਲ ਆਉਂਦੀ ਹੈ, ਨਿਰੰਜਨ ਜਾਂ ਚਿੱਤ ਦੀ ਕਿਸੀ 'ਲੀਲ੍ਹਾ' ਮਾਨਣ ਦੀ ਇੱਛਾ ਨਾਲ ਨਹੀਂ। ਭਗਤ ਦੀ ਆਤਮਾ ਵਿਚ 'ਪ੍ਰਭੂ' ਦੀ 'ਇਛਾ' ਰਜ਼ਾ ਨਿਯੰਤਰਕ ਰੂਪ ਵਿਚ ਹੈ ਅਤੇ ਬ੍ਰਹਮ ਉਸ ਰਾਹੀਂ ਲੀਲ੍ਹਾ ਦਾ ਅਨੰਦ ਮਾਣਦਾ ਹੈ। ਜੋਗੀ ਦੇ ਨਿਰੰਜਨ ਵਿਚ 'ਲੀਲ੍ਹਾ' ਮਾਨਣ ਦੀ ਕੋਈ inherent ਇੱਛਾ ਨਹੀਂ ਹੈ। ਇਸ ਲਈ ਨਾਥ ਜੋਗੀ ਦੇ ਚਿੱਤ ਦਾ ਜਮਾਂਦਰੂ ਸੁਭਾ ਨਿਸ਼ਚਲਤਾ ਤੇ ਆਨੰਦ ਸਰੂਪ ਹੈ। ਬ੍ਰਹਮ, ਨਾਥ ਜੋਗੀਆਂ ਦੀ ਸਮੁੱਚੀ ਸ੍ਰਿਸ਼ਟੀ ਦਾ ਕੋਈ ਅਜਿਹਾ ਨਿਯੰਤਰਕ ਨਹੀਂ ਜਿਹੜਾ ਆਪਣੇ 'ਜੀਵਾਂ ਨੂੰ ਆਪਣੀ ਇੱਛਾ ਵਿਚ ਚਲਾਵੇ, ਉਨ੍ਹਾ ਰਾਹੀਂ ਆਪਣੀ ਕਿਸੇ 'ਲੀਲ੍ਹਾ' ਨੂੰ ਰਚਾਵੇ, ਉਨ੍ਹਾਂ ਤੇ ਮੇਹਰ ਕਰੇ, ਅਤੇ ਉਨ੍ਹਾਂ ਨੂੰ ਮੁਕਤ ਕਰਾਵੇ। ਉਨ੍ਹਾਂ ਦਾ ਨਿਰੰਜਨ ਇਨ੍ਹਾਂ ਗੱਲਾਂ ਵਿਚ ਨਿਸਚਲ ਬੇਲਾਗ ਤੇ ਆਨੰਦ ਸਰੂਪ ਹੈ। ਪਰ ਗੁਰਮਤਿ ਦਾ ਬ੍ਰਹਮ 'ਸਤਿ ਚਿੱਤ ਆਨੰਦ' ਤੋਂ ਅੱਗੇ ਇਸ ਆਨੰਦ ਨੂੰ ਮਾਨਣ ਲਈ ਸ੍ਰਿਸ਼ਟੀ ਰਚਦਾ ਹੈ। ਮਨੁੱਖ ਨੂੰ ਆਪਣੀ ਰਜ਼ਾ ਵਿਚ ਚਲਾਉਂਦਾ ਹੈ।| ਉਨ੍ਹਾਂ ਤੇ ਮਿਹਰ ਕਰਦਾ ਹੈ। ਆਪਣੇ ਭਗਤਾਂ ਦੀ ਰੱਖਿਆ ਤੇ ਆਉਂਦਾ ਹੈ।

## 'ਮਿਹਰ' ਕਰਨ ਵਾਲੇ 'ਨਿਰੰਜਨ' ਦਾ ਸੰਕਲਪ

ਹਜ਼ਾਰੀ ਪ੍ਰਸਾਦ ਨੇ ਉਨ੍ਹਾਂ ਨਾਥਾਂ ਬਾਰੇ ਕਿਹਾ ਹੈ ਕਿ ਉਨ੍ਹਾਂ ਪਾਸ ਸਭ ਕੁਝ ਸੀ ਜੇ ਕੋਈ ਕਮੀ ਸੀ ਤਾਂ ਇਕ ਭਗਤੀ ਦੀ। ਪਰ ਮੇਰੇ ਵਿਚਾਰ ਵਿਚ ਭਗਤੀ ਤੋਂ ਛੁੱਟ ਉਨ੍ਹਾਂ ਪਾਸ ਭਗਤੀ ਦਾ ਮੂਲ ਆਧਾਰ ਪੂਰਨ ਆਸਤਕਤਾ ਦੀ ਭਾਵਨਾ ਵੀ ਨਹੀਂ ਸੀ। ਨਾਥਾਂ ਨੇ ਇਸ ਸੰਸਾਰ ਵਿਚ ਵਿਅਕਤੀ ਦੇ ਚਿੱਤ ਦੀਆ ਵਿਰਤੀਆਂ ਨੂੰ ਰੋਕਣ ਵਿਚ ਮੁਕਤੀ ਮੰਨੀ ਹੈ। ਇਸ ਸਮੁੱਚੀ ਸ੍ਰਿਸ਼ਟੀ ਲਈ ਉਨ੍ਹਾਂ ਕਿਸੇ ਪਰਮ ਚਿੱਤ ਦੀ ਕਲਪਨਾ ਦੀ ਲੋੜ ਅਨੁਭਵ ਨਹੀਂ ਕੀਤੀ। ਜਿਵੇਂ ਵਿਅਕਤੀ ਦੇ ਸੰਸਾਰ ਉਸ ਦੇ ਚਿੱਤ ਦਾ ਪਸਾਰਾ ਹੈ ਇਸ ਤਰ੍ਹਾਂ ਸਮੁੱਚਾ ਦਿਖਦਾ ਜਗਤ ਵੀ ਕੀ ਕਿਸੇ ਪਰਮ ਚਿੱਤ ਦਾ ਪਸਾਰਾ ਹੈ? ਅਤੇ ਇਹ ਪਸਾਰਾ ਕੀ ਉਸ ਪਰਮ ਚਿੱਤ ਦੀ ਰਜ਼ਾ ਤੇ ਨਿਰਭਰ ਹੈ? ਕੀ ਉਸੇ ਦੇ ਚਾਹੁਣ ਤੇ ਅਤੇ ਉਸ ਦੇ ਚਾਹੁਣ ਅਨੁਸਾਰ ਹੀ ਸਭ ਭਾਣਾ ਵਾਪਰਦਾ ਹੈ? ਕੀ ਉਸੇ ਪਰਮ ਦੀ ਇੱਛਾ ਨਾਲ ਹੀ ਇਸ ਪਸਾਰੇ ਦਾ ਸਮੇਟਾ ਹੋ ਸਕਦਾ ਹੈ? ਵਿਅਕਤੀ ਚਿੱਤ ਦੀ ਇੱਛਾ ਨਾਲ ਨਹੀਂ। ਇਸ ਦੀ ਉਨ੍ਹਾਂ ਨੇ ਕਦੇ ਲੋੜ ਨਹੀਂ ਸਮਝੀ। ਵੇਦਾਂਤ ਦੇ ਪ੍ਰਭਾਵ ਥੱਲੇ ਵਿਅਕਤੀ ਦਾ ਚਿੱਤ ਵੀ ਉਸ ਪਰਮ ਚਿੱਤ ਦੇ ਅਧੀਨ ਆ ਜਾਂਦਾ ਹੈ ਅਤੇ ਇਸ ਲਈ ਵਿਅਕਤੀ ਦਾ 'ਕਰਤ੍ਰਿਤਵ' ਉਸ ਪਰਮ ਚਿੱਤ ਬ੍ਰਹਮ ਨੂੰ ਸਥਾਨਾਂਤਰਿਤ ਹੋ ਜਾਂਦਾ ਹੈ। ਜਗਤ ਵਿਚ ਜੋ ਕੁਝ ਵੀ ਵਾਪਰਦਾ ਹੈ ਉਸ ਬ੍ਰਹਮ ਦੀ ਇੱਛਾ ਨਾਲ ਹੀ ਵਾਪਰਦਾ ਹੈ ਕੋਈ ਪ੍ਰਾਣੀ ਨਿੱਜੀ ਤੇ ਅੰਤਰੀ ਇੱਛਾ ਨਾਲ ਕੁਝ ਨਹੀਂ ਕਰ ਸਕਦਾ। ਜੋ ਕੁਝ ਕਰਦਾ ਹੈ ਪ੍ਰਭੂ ਦੀ ਇੱਛਾ ਅੰਦਰ ਹੀ ਕਰਦਾ ਹੈ। ਇਸ ਤਰ੍ਹਾਂ ਸਭ ਕਰਮਾ ਦਾ ਕਰਤਾ ਇਕੋ ਹੀ ਪਰਮ ਕਰਤਾ ਹੈ, ਬੰਦਾ ਆਪ ਕੁਝ ਕਰਨ ਜੋਗਾ ਨਹੀਂ ਹੈ। ਇਹ 'ਇਕੋ' ਕਰਤਾ ਦੀ ਭਾਵਨਾ 'ਅਦਵੈਤ' ਹੈ। ਜੇ ਮਨੁੱਖ ਉਸ ਪਰਮ ਚਿੱਤ ਬ੍ਰਹਮ ਤੋਂ ਵੱਖਰੇ ਆਪਣੇ ਆਪ ਨੂੰ ਕਰਤਾ ਮੰਨਦਾ ਹੈ ਤਾਂ ਇਹ ਦਵੈਤ ਹੈ। ਇਹ 'ਦਵੈਤ' ਵਿਚ ਮਨੁੱਖ ਕਰਤ੍ਰਿਤਵ ਦੀ ਜਿਮੇਂਵਾਰੀ ਲੈ ਕੇ ਉਸ ਦੇ ਫਲ ਦਾ ਭਾਗੀਦਾਰ ਬਣਦਾ ਹੈ, ਕਰਮ ਸਿਧਾਂਤ ਵਿਚ ਫੱਸਦਾ ਹੈ, ਉਨ੍ਹਾਂ ਦਾ ਫਲ ਭੋਗਣ ਲਈ ਜਨਮਾਂ ਦੀ ਚੁਰਾਸੀ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਪਰ ਪਰਮ ਚਿੱਤ ਦੇ ਸੰਕਲਪ ਨਾਲ ਹੀ ਪ੍ਰਾਪਤੀ ਨੂੰ ਰੱਬ ਦੀ ਮਿਹਰ ਸਮਝਿਆ ਜਾ ਸਕਦਾ ਹੈ, ਇਸ ਲਈ ਇਸ ਵੇਦਾਂਤਵਾਦੀ ਵੈਸ਼ਨਵ ਭਗਤੀ ਦੇ ਸਿਧਾਂਤ ਵਿਚ 'ਭਗਵਦਕਿਰਪਾ' 'ਪੁਸ਼ਟੀਮਾਰਗ' ਅਤੇ ਮਿਹਰ ਜਾਂ 'ਪ੍ਰਸਾਦਿ' ਦੇ ਨਿਯਮਾਂ ਨੂੰ ਮਹੱਤਵ ਪੂਰਨ ਥਾਂ ਪ੍ਰਾਪਤ ਹੈ ਜਿਸ ਦੀ ਜੋਗ ਅੰਦਰ ਕਲਪਨਾ ਦਾ ਪ੍ਰਸ਼ਨ ਹੀ ਨਹੀਂ ਹੋ ਸਕਦਾ।

### ਪ੍ਰਾਪਤੀ ਦੀ ਅਵਸਥਾ :

ਪ੍ਰਾਪਤੀ ਦੀ ਅਵਸਥਾ ਨੂੰ ਦੋਹਾਂ 'ਰਹਿਸ ਭਰਿਆ' ਮੰਨਿਆ ਹੈ। ਦੋਹਾਂ ਵਿਚ ਇਸ ਨੂੰ 'ਅੰਮ੍ਰਿਤ ਰਸ' ਦਸਿਆ ਗਿਆ ਹੈ। ਭਗਤੀ ਵਿਚ ਇਸ ਨੂੰ 'ਗੂੰਗੇ ਦੇ ਗੁੜ ਖਾਣ' ਦੀ ਉਪਮਾ ਕੀਤੀ ਹੈ। ਜਿਵੇਂ ਗੂੰਗਾ ਗੁੜ ਦਾ ਸਵਾਦ ਮਾਣਦਾ ਤਾਂ ਹੈ ਪਰ ਦੱਸ ਨਹੀਂ ਸਕਦਾ। ਨਾਥ ਯੋਗੀਆਂ ਨੇ ਵੀ ਇਸ ਨੂੰ ਇਕ ਅਜਿਹੇ ਫੁੱਲ ਦੇ ਰਸ ਵਿਚ ਫਸੇ ਭੌਰੇ ਨਾਲ ਉਪਮਾ ਦਿੱਤੀ ਹੈ ਜਿਹੜਾ ਉਸ ਵਿਚ ਮਸਤ ਉਸ ਤੋਂ ਅਲਗ ਨਹੀਂ ਹੋਣਾ ਚਾਹੁੰਦਾ, ਅਤੇ ਇਹ ਆਨੰਦ ਵਾਸ਼ਨਾ ਦੇ ਹਾਥੀ ਨੂੰ ਕਾਬੂ

ਕਰਨ ਲਈ ਅੰਕੁਸ਼ ਹੈ* ਅਰਥਾਤ ਜਿਸ ਨੇ ਇਹ ਨਿਰੰਜਨ ਦੀ ਅਨੁਭੂਤੀ ਦਾ ਰਸ ਚੱਖ ਲਿਆ ਹੈ । ਉਸ ਨੂੰ ਹੋਰ ਕੋਈ ਵਿਸ਼ਾ ਵਾਸ਼ਨਾ ਆਪਣੇ ਵੱਲ ਨਹੀਂ ਖਿਚ ਸਕਦੀ । ਇਸੇ ਤਰ੍ਹਾਂ ਭਗਤੀ ਵਿਚ ਇਹੋ ਹੀ ਪਾਇਆ ਹੈ ਕਿ ਜਦ ਪ੍ਰਭੂ ਭਗਤੀ ਦਾ ਰੰਗ ਚੜ੍ਹ ਜਾਵੇ ਤਾਂ ਵਿਸ਼ੇ ਵਿਕਾਰ ਆਪੇ ਹੀ ਹਟ ਜਾਂਦੇ ਜਾਂਦੇ ਹਨ । ਦੋਵੇਂ ਇਸ ਅਵਸਥਾ ਨੂੰ ਸਹਿਜ ਅਵਸਥਾ ਵੀ ਕਹਿੰਦੇ ਹਨ ਅਰਥਾਤ ਇਹ ਆਤਮਾ ਦਾ ਅਸਲੀ (inborn ਸਹਜ) ਸਰੂਪ ਹੈ । ਪਰ 'ਸਾਧਨਾ' ਦੇ ਉਪਕਰਮਾਂ ਦੇ ਫਰਕ ਹੋਣ ਨਾਲ ਦੋਹਾਂ ਹੀ ਇਸ ਅਵਸਥਾ ਵਿਚ ਫਰਕ ਦਾ ਅਨੁਮਾਨ ਹੋਣਾ ਜ਼ਰੂਰੀ ਜਾਪਦਾ ਹੈ । ਭਗਤੀ ਵਿਚ ਪਹਿਲੋਂ ਇਕ ਵਿਚਾਰ ਲੈ ਕੇ ਉਸ ਤੇ ਸਾਧਨਾ ਸ਼ੁਰੂ ਕੀਤੀ ਜਾਂਦੀ ਹੈ । ਉਸ ਦੀ ਅਨੁਭੂਤੀ ਲਈ ਉਪਰਾਲਾ ਕੀਤਾ ਜਾਂਦਾ ਹੈ । ਇਸ ਲਈ ਇਹ ਅਵਸਥਾ ਮਨ ਤੇ ਇਕ ਖਿਆਲ ਦੇ ਕਬਜ਼ੇ ਦੀ ਅਵਸਥਾ ਹੈ । ਇਹ ਖਿਆਲ ਮਨੋਵਿਗਿਆਨਕ ਤੌਰ ਤੇ ਹਕੀਮ ਦੇ ਨੁਸਖੇ ਵਾਂਗ ਮੁਸਬਤੀ (positive) ਪ੍ਰਭਾਵ ਪੈਦਾ ਕਰਨ ਵਾਲਾ ਹੈ ਪਰ ਪਹਿਲੋਂ ਇਕ ਚੀਜ਼ ਮਿਥ ਕੇ ਉਸ ਦੀ ਅਨੁਭੂਤੀ ਦੀ ਕੋਸ਼ਿਸ਼ ਨਾਲੋਂ ਇਹ ਸੁਝਾਵ ਵਧੇਰੇ 'ਵਿਗਿਆਨਕ' ਹੈ ਕਿ ਬਿਨਾਂ ਪਹਿਲੋਂ ਕੋਈ ਖਿਆਲ ਨਾਲ ਧਾਰਿਆ ਖ਼ਾਲੀ ਮਨ ਨਾਲ ਅਵਸਥਾ ਨੂੰ ਦੇਖਿਆ ਜਾਵੇ ਕਿ ਇਹ ਕੀ ਅਨੁਭੂਤੀ ਹੈ । ਨਾਥ ਜੋਗੀ ਮਨ ਨੂੰ ਇਕ ਚੱਕਰ ਜਾਂ ਨੁਕਤੇ ਤੇ ਕੇਂਦ੍ਰਿਤ ਕਰ ਕੇ ਆਪਣੀ ਸਾਰੀ ਚਿੱਤ ਸ਼ਕਤੀ ਇਕੱਠੀ ਕਰ ਲੈਂਦੇ ਹਨ । ਉਸ ਵਿਚੋਂ ਉਸ ਨੂੰ ਇਹ 'ਆਨੰਦ' ਪ੍ਰਾਪਤ ਹੁੰਦਾ ਹੈ। ਇਸ ਨੂੰ 'ਸਹਿਜ' ਅਵਸਥਾ ਕਹਿਣਾ ਵਧੇਰੇ ਠੀਕ ਜਾਪਦਾ ਹੈ ਪਰ ਪਹਿਲੋਂ ਇਹ ਖਿਆਲ ਰੱਖ ਕੇਵਲ ਇਕ ਕਰਤਾ ਹੀ ਸਾਡੇ ਵਿਚ ਕੰਮ ਕਰ ਰਿਹਾ ਹੈ, ਵਿਅਕਤੀ ਕਰਤਾ ਨਹੀਂ ਹੈ. ਕਰਤਾ ਦੀ ਇੱਛਾ ਨਾਲ ਹੀ ਸਭ ਵਾਪਰ ਰਿਹਾ ਹੈ, ਇਸ ਲਈ ਉਸ ਦੀ ਰਜ਼ਾ ਵਿਚ ਰਜ਼ਾ ਮਾਣਨ ਨਾਲ ਮਨ ਨੂੰ ਦੁੱਖ ਨਹੀਂ ਹੁੰਦਾ' ਧਰ ਕੇ ਉਸ ਦਾ ਮਹੌਲ ਆਪਣੇ ਮਨ ਦੇ ਗਿਰਦੇ ਬਿਠਾਉਣ ਨਾਲ, ਜਿਥੇ ਬਨਾਵਟੀਪਣ ਹੈ ਉਥੇ ਅਸਾਧਾਰਣ (abnormal) ਹੋਣ ਦੀ ਸੰਭਾਵਨਾ ਰਹਿੰਦੀ ਹੈ, ਅਤੇ ਭਗਤੀ ਵਿਚ 'ਮਸਤ' ਹੋਣ ਦੀ ਅਵਸਥਾ ਵੀ ਰਹਿੰਦੀ ਹੈ । ਨਾਥ-ਮਤਿ ਵਿਚ ਇਸ ਦੀ ਸੰਭਾਵਨਾ ਨਹੀਂ ਹੈ । ਇਸ ਲਈ ਜੇ ਵੇਦਾਂਤ ਦੇ ਅਦਵੈਤ ਨੂੰ ਫ਼ਲਸਫ਼ੇ ਦਾ ਇਕ ਪ੍ਰਕਾਰ ਮੰਨ ਵੀ ਲਿਆ ਜਾਵੇ ਤਾਂ ਭਗਤੀ ਸਾਧਨਾ ਵਿਚ ਇਹ ਪੱਧਤੀ ਘੱਟ ਵਿਗਿਆਨਕ ਜਾਪਦੀ ਹੈ । ਇਸ ਤੋਂ ਇਲਾਵਾ ਨਾਥ ਜੋਗੀ ਇਕ ਤਾਂ ਚਿੱਤ ਦੇ ਆਪਣੇ ਆਪ ਵਿਚ ਪੂਰਾ ਹੋਣ ਕਾਰਣ ਉਸ ਦੀ ਸਪੰਦਨ-ਹੀਨਤਾ (ਨਿਸ਼ਚਲਤਾ) ਦਾ ਦਾਅਵਾ ਕਰ ਸਕਦੇ ਹਨ, ਪਰ ਭਗਤ ਦੀ ਆਤਮਾ ਵਿਚ ਰੱਬ ਦੀ 'ਰਜ਼ਾ' ਲੀਲ੍ਹਾ ਭਾਵ ਨਾਲ ਵਰਤ ਰਹੀ ਹੈ, ਉਸ ਧਰਮ ਆਤਮਾ ਦੀ ਆਪਣੀ ਇੱਛਾ ਤੋਂ ਬਗੈਰ ਭਗਤ ਕਿਵੇਂ ਨਿਸ਼ਚਲਤਾ ਦਾ ਦਾਅਵਾ ਕਰ ਸਕਦਾ ਹੈ। ਬ੍ਰਹਮ ਜੇ ਆਪਣੀ ਇੱਛਾ ਨਾਲ ਲੀਲ੍ਹਾ ਕਰ ਕੇ ਸੰਸਾਰ ਵਿੱਚ ਵਿਆਪਤ ਹੋ ਰਿਹਾ ਹੈ ਤਾਂ ਸਾਧਕ ਕਿਉਂ ਸਿਮਟਣਾ ਚਾਹੀਦਾ ਹੈ ? ਤੇ ਕਿਵੇਂ ਸਿਮਟ ਸਕਦਾ ਹੈ ? ਬ੍ਰਹਮ ਬਾਕੀ ਸ੍ਰਿਸ਼ਟੀ ਤੋਂ ਵੱਖਰੇ ਹੋ ਕੇ ਕਿਉਂ ਤੇ ਕਿਵੇਂ ਇਕ ਪਾਸੇ ਨੂੰ ਸਪੰਦਨੇ-ਹੀਨਤਾ ਲਿਆਵੇਗਾ ? ਜਦੋਂ ਉਹ ਆਪਣੀ ਪੂਰਨਤਾ ਨੂੰ ਮਾਣਨ ਲਈ ਲੀਲ੍ਹਾ ਵੇਖ ਰਿਹਾ ਹੈ ।

---

*ਹਠਯੋਗ ਪ੍ਰਦੀਪਕਾ– ਛੇਵਾਂ ਖੰਡ

'ਨਿਸ਼ਚਲਤਾ' ਤੋਂ ਪਹਿਲੋਂ ਦੀ ਹਾਲਤ ਵਿਚ 'ਸੰਪੂਰਨ ਕਰਤਾਪਨ' ਬ੍ਰਹਮ ਨੂੰ ਦੇਣਾ ਤੇ 'ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ' ਆਦਰਸ਼ ਤਾਂ ਹੋ ਸਕਦਾ ਹੈ, ਪਰ ਵਿਹਾਰਕ ਤੌਰ ਤੇ ਇਹ ਸੰਭਵ ਹੈ ਜਾਂ ਨਹੀਂ ਕਹਿਣਾ ਔਖਾ ਹੈ।' ਗੋ: ਤੁਲਸੀ ਦਾਸ ਨੇ ਬ੍ਰਹਮ ਤੇ ਜੀਵ ਦੀ ਸਾਧਨਾਤਮਕ ਏਕਤਾ ਬਾਰੇ ਆਪਣੇ ਵਿਚਾਰ ਦਿੰਦਿਆਂ ਇਸ ਨੂੰ ਅਸੰਭਵ ਦਸਿਆ ਹੈ। ਉਦਾਹਰਣ ਲਈ ਉਨ੍ਹਾਂ ਰਾਮ-ਚਰਿਤਰ ਮਾਨਸ ਦੇ ਉੱਤਰ ਕਾਂਡ ਵਿਚ ਦਿੱਤਾ ਹੈ ਕਿ ਇਕ ਸ਼ਿਸ਼ ਅਦਵੈਤਵਾਦੀ ਗੁਰੂ ਨੂੰ ਬਾਰ ਬਾਰ ਇਕ ਬੇਨਤੀ ਕਰਦਾ ਹੈ ਤੇ ਗੁਰੂ ਉਸ ਨੂੰ ਵਰਜਦਾ ਹੈ। ਓੜਕ ਉਸ ਗੁਰੂ ਨੂੰ ਉਸ ਤੇ ਕਰੋਧ ਆ ਜਾਂਦਾ ਹੈ—ਇਹ ਕਰੋਧ ਜਾਂ ਦੁੱਖ ਦਵੈਤ ਮੰਨਣ ਨਾਲ ਹੀ ਹੁੰਦਾ ਹੈ। ਇਸ ਲਈ ਤੁਲਸੀ ਦਾਸ ਨੇ ਕਿਹਾ ਹੈ ਕਿ ਕਰੋਧ ਜਾਂ ਦੁੱਖ ਪੈਦਾ ਕਰਨ ਵਾਲੀ ਕੋਈ ਘਟਨਾ ਬਾਰ ਬਾਰ ਜੇ ਹੋਵੇ ਤਾਂ ਓੜਕ ਮਨ ਖਿਝ ਜਾਂਦਾ ਹੈ। ਉਸ ਦੀ ਏਕਤਾ ਦੀ ਭਾਵਨਾ ਟੁੱਟ ਜਾਂਦੀ ਹੈ।* ਅਜਿਹਾ ਸੰਕੇਤ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਬਾਬਰ ਦੇ ਹਮਲੇ ਨਾਲ ਸਬੰਧਤ ਤੁੱਕਾਂ ਵਿਚੋਂ ਵੀ ਮਿਲਦਾ ਹੈ। ਗੁਰੂ ਸਾਹਿਬ ਨੇ ਬਾਰ ਬਾਰ ਲਿਖਿਆ ਹੈ ਕਿ ਜੋ ਵਾਪਰਦਾ ਹੈ, ਤੇਰੀ ਰਜ਼ਾ ਵਿਚ ਵਾਪਰਦਾ ਹੈ। ਇਸ ਲਈ ਜੋ ਵਾਪਰਦਾ ਹੈ ਉਸ ਵਿਚ ਮੈਂ ਖੁਸ਼ ਹਾਂ ਕਿਉਂਕਿ ਉਹ ਤੇਰੀ ਰਜ਼ਾ ਹੈ। ਪਰ ਬਾਬਰ ਦੇ ਹਮਲੇ ਦੇ ਵੇਲੇ ਨਿਹੱਥੇ ਤੇ ਕਮਜ਼ੋਰ ਲੋਕਾਂ ਨੂੰ ਮਾਰ ਪੈਂਦੀ ਵੇਖ ਕੇ ਗੁਰੂ ਸਾਹਿਬ ਨੇ ਵੀ ਰੋਸ (ਦੁੱਖ) ਪ੍ਰਗਟ ਕੀਤਾ ਹੈ :—

'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ॥'
''ਰਤਨ ਵਿਗਾੜਿ ਵਿਗੋਏ ਕੁਤੀ ਮੋਇਆ ਸਾਰ ਨਾ ਕਾਈ ॥'

## ਗੁਰੂ

ਨਾਥ ਜੋਗੀਆਂ ਦੇ ਗੁਰੂ ਯੋਗਕ ਕ੍ਰਿਆਵਾਂ ਦੇ ਮਾਹਰ ਹਨ। ਇਹ ਕ੍ਰਿਆਵਾਂ ਇਤਨੀਆਂ ਕਠਨ ਤੇ ਪੇਚੀਦੀਆਂ ਹਨ ਕਿ ਬਿਨਾਂ ਗੁਰੂ ਤੋਂ ਸਮਝੇ ਤੇ ਸਿੱਖੇ, ਠੀਕ ਤਰ੍ਹਾਂ ਨਹੀਂ ਆਉਂਦੀਆਂ। ਸਿੱਖ ਲੈਣ ਮਗਰੋਂ ਸਾਧਕ ਦੀ ਮਰਜ਼ੀ ਤੇ ਹੈ ਗੁਰੂ ਦੇ ਨਾਲ ਰਵ੍ਹੇ, ਜਾਂ ਇਕਲਿਆਂ ਰਵ੍ਹੇ, ਉਸ ਦੀ ਇੱਛਾ ਹੈ।

ਅਧਿਕ ਤਤ ਤੇ ਗੁਰ ਬੋਲਿਏ ਹੀਣ ਤਤ ਤੇ ਚੇਲਾ।
ਮਨ ਮਾਨੇ ਤੇ ਸੰਗਿ ਰਮੋ ਨਹੀਂ ਤੋ ਰਮੋ ਅਕੇਲਾ।

(ਪੰਨਾ 55)

ਪਰ ਨਿਗੁਰੇ ਨੂੰ ਇਹ ਕ੍ਰਿਆਵਾਂ ਨਹੀਂ ਆ ਸਕਦੀਆਂ। ਭਗਤੀਧਾਰਾ ਦਾ ਗੁਰੂ, ਭਗਤ ਸਾਧਕ ਲਈ, ਰੱਬ ਦਾ ਪ੍ਰਤੀਕ ਤੇ ਰੱਬ ਦਾ ਰੂਪ ਹੈ। ਸ਼ਰਧਾ ਤੇ ਸਾਧਨਾ ਲਈ ਉਹ ਸਾਧਕ ਦਾ ਰੱਬ ਹੀ ਹੈ, ਉਹ 'ਰੱਬ' ਤੇ 'ਗੁਰੂ' ਵਿਚ ਕੋਈ ਭੇਦ ਨਹੀਂ ਕਰਦੇ। ਇਸ ਲਈ ਰੱਬ ਦੇ ਜੋ 'ਗੁਣ' ਹਨ ਉਹ ਸਭ ਗੁਰੂ ਦੇ ਗੁਣ ਹਨ।

---

*ਰਾਮਚਰਿਤ ਮਾਨਸ—ਉੱਤਰ ਕਾਂਡ—ਦੋਹਾ ||| ਅ

ਪੂਰਨ ਗੁਰੂ ਜਿਹੜਾ ਰੱਬ ਨਾਲ ਏਕਤਾ ਸਥਾਪਤ ਕਰ ਚੁੱਕਾ ਹੈ ਉਹ ਉਸ ਤੋਂ ਵੱਖਰਾ ਨਹੀਂ ਹੈ। ਇਸ ਲਈ ਜੋ ਰੱਬ ਕਰਦਾ ਹੈ ਉਹ ਗੁਰੂ ਹੀ ਕਰਦਾ ਹੈ। ਅਜਿਹਾ ਗੁਰੂ ਹੀ ਸ੍ਰਿਸ਼ਟੀ ਨੂੰ ਨਿਯੰਤਰਨ ਕਰਨ ਵਾਲਾ ਇਕ ਮਾਤਰ 'ਕਰਤਾ' ਕਰ ਕੇ ਪੂਜਿਆ ਜਾਂਦਾ ਹੈ। ਇਹ ਗੁਰੂ ਹੀ 'ਰਾਮ' ਹੈ, 'ਗੋਵਿੰਦ' ਹੈ 'ਕ੍ਰਿਸ਼ਣ' ਹੈ :—

**ਨਾਨਕ ਸੋਧੇ ਸਿੰਮ੍ਰਿਤਿ ਬੇਦ ਪਾਰਬ੍ਰਹਮ ਗੁਰ ਨਾਹੀ ਭੇਦ।**

(ਪੰਨਾ 1142)

**ਗੁਰੂ ਗੋਵਿੰਦ ਗੋਵਿੰਦ ਗੁਰੂ ਹੈ, ਨਾਨਕ ਭੇਦੁ ਨ ਭਾਈ।**

(ਪੰਨਾ 442)

**ਓਅੰ ਗੁਰਮੁਖਿ ਕੀਓ ਅਕਾਰਾ**

(ਪੰਨਾ 250 ਆਦਿ ਗ੍ਰੰ.)

**ਗੁਰਮੁਖਿ ਧਰਤੀ ਸਾਚੈ ਸਾਜੀ**

(ਪੰਨਾ 941)

## ਭਗਤੀ ਸ਼ੁੱਧ ਧਾਰਮਕ ਲਹਿਰ

ਭਗਤੀ ਲਹਿਰ ਸ਼ੁੱਧ ਰੂਪ ਵਿਚ ਇਕ ਧਾਰਮਕ ਲਹਿਰ ਸੀ। ਆਧੁਨਿਕ ਕਾਲ ਵਿਚ ਲਿਖੇ ਸਾਹਿਤ ਵਿਚ ਇਸ ਧਾਰਾ ਨੂੰ ਰਾਜਨੀਤਕ,ਆਰਥਕ ਤੇ ਸਮਾਜਕ ਦ੍ਰਿਸ਼ਟੀਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹੇ ਦ੍ਰਿਸ਼ਟੀਕੋਣਾਂ ਤੋਂ ਕੱਢੇ ਸਿੱਟੇ ਬਿਲਕੁਲ ਨਿਰਾਧਾਰ ਹਨ। ਗੁਰੂ ਨਾਨਕ ਦੇਵ ਜੀ ਦੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਤੋਂ ਵੀ ਇਹ ਬਿਲਕੁਲ ਸਪਸ਼ਟ ਹੈ। ਰਾਜਨੀਤਕ ਦ੍ਰਿਸ਼ਟੀਕੋਣ ਨਾਲ ਇਸ ਲਹਿਰ ਨੂੰ ਮੁਸਲਮਾਨਾਂ ਤੇ ਹਿੰਦੂਆਂ ਵਿਚ ਸਾਂਝ ਪੈਦਾ ਕਰਨ ਲਈ ਉੱਠੀ ਲਹਿਰ ਕਿਹਾ ਗਿਆ ਹੈ। ਅਜਿਹੀ ਹਾਲਤ ਵਿਚ ਇਹ ਲਹਿਰ ਪੰਜਾਬ ਵਿਚੋਂ ਸ਼ੁਰੂ ਹੋਣੀ ਚਾਹੀਦੀ ਸੀ ਕਿਉਂਕਿ ਪੰਜਾਬ ਮੁਸਲਮਾਨਾਂ ਦੇ ਅਤਿਆਚਾਰ ਦਾ ਸ਼ਿਕਾਰ ਯਾਰ੍ਹਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਹੀ ਹੋ ਗਿਆ ਸੀ ਪਰ ਪੰਜਾਬ ਵਿਚ ਇਹ ਧਾਰਾ ਸੋਲ੍ਹਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਅਰਥਾਤ ਪੰਜ ਸਦੀਆਂ ਬਾਅਦ ਆਰੰਭ ਹੋਈ ਹੈ ਪਰ ਇਸ ਲਹਿਰ ਦਾ ਮੁੱਢ ਦਾਰਸ਼ਨਕ (ਵੇਦਾਂਤਕ) ਤੇ ਸਾਧਨਾਤਮਕ (ਨਾਰਦੀ ਭਗਤੀ) ਦੇ ਮੇਲ ਨਾਲ ਰਾਮਾਨੁਜ ਰਾਹੀਂ ਦੱਖਣ ਵਿਚ ਹੋਇਆ ਹੈ। ਜਦੋਂ ਉਥੇ ਮੁਸਲਮ-ਹਿੰਦੂ ਨਫ਼ਰਤ ਦਾ ਪ੍ਰਸ਼ਨ ਹੀ ਨਹੀਂ ਸੀ। ਪੰਜਾਬ ਦੇ ਪੜੋਸ ਵਿਚ ਅਰਥਾਤ ਰਾਜਸਥਾਨ, ਗੁਜਰਾਤ, ਉਤਰ ਪ੍ਰਦੇਸ਼ ਵਿਚ ਗੁਰੂ ਨਾਨਕ ਦੇਵ ਤੋਂ ਦੋ ਸਦੀਆਂ ਪਹਿਲਾਂ ਤੋਂ ਭਗਤੀ ਧਾਰਾ ਚਲ ਰਹੀ ਸੀ। ਗਿਆਨੇਸ਼ਵਰ, ਜੈਦੇਵ, ਸਧਨਾ, ਨਾਮਦੇਵ, ਰਾਮਾਨੰਦ, ਇਨ੍ਹਾਂ ਪ੍ਰਦੇਸ਼ਾਂ ਦੇ ਹਨ ਅਤੇ ਤੇਰ੍ਹਵੀਂ ਤੇ ਚੌਧਵੀਂ ਸਦੀਆਂ ਦੇ ਹਨ। ਰਾਜਸਥਾਨ ਦਾ ਰਾਜਾ ਪੀਪਾ ਵੀ ਚੌਧਵੀਂ ਸਦੀ ਦੇ ਰਾਮਾਨੰਦ ਦੇ ਸ਼ਿਸ਼ ਸਨ।

ਜਪੁਜੀ ਸਾਹਿਬ ਜੀ ਪਹਿਲੀ ਪਉੜੀ ਵਿਚ ਉਸ ਸਮੇਂ ਦੀਆਂ ਤਿੰਨ ਲਹਿਰਾਂ ਦਾ ਹਵਾਲਾ ਦਿੱਤਾ ਗਿਆ ਹੈ। ਸ਼ੰਕਰਾਚਾਰਯ ਦੇ ਗਿਆਨ ਵਲ, ਨਾਥ ਜੋਗੀਆਂ ਦੇ 'ਏਕਾਗਰਤ' ਵੱਲ, ਅਤੇ ਵਾਮਾਚਾਰੀਆਂ ਦੀ 'ਵਿਸ਼ਾ ਵਾਸ਼ਨਾ ਦੀ ਤ੍ਰਿਪਤੀ ਵੱਲ'—ਜਿਨ੍ਹਾਂ ਦੇ ਮੁਕਾਬਲੇ ਤੇ ਫਲਾਸਫ਼ੀ ਦੇ

ਆਧਾਰ ਤੇ 'ਵਰਗ-ਸੰਘਰਸ਼' ਇਸ ਲਹਿਰ ਵਿਚੋਂ ਕੱਢਣਾ ਯੁਕਤੀ ਯੁਕਤ ਨਹੀਂ ਹੈ। ਇਸ ਲਈ ਇਹ ਭਗਤੀ ਲਹਿਰ ਸ਼ੁੱਧ ਰੂਪ ਵਿਚ ਇਕ ਧਾਰਮਕ ਲਹਿਰ ਸੀ।

## ਵਰਨ ਵਿਵਸਥਾ

ਨਾਥ ਬੁੱਧਾਂ ਤੇ ਸਿੱਧਾਂ ਦੀ ਪਰੰਪਰਾ ਵਿਚੋਂ ਆਏ ਸਨ, ਜਿਹੜੇ ਆਪਣੇ ਅਨੁਯਾਈ ਹਿੰਦੂ ਸਮਾਜਕ ਢਾਂਚੇ ਵਿਚੋਂ ਪ੍ਰਾਪਤ ਕਰਦੇ ਸਨ। ਇਸ ਲਈ ਉਹ ਬ੍ਰਾਹਮਣਾਂ ਦੀ ਨਿੰਦਾ ਕਰਕੇ ਨਿਮਨ ਸ਼੍ਰੇਣੀਆਂ ਨੂੰ ਆਪਣੇ ਵੱਲ ਖਿੱਚਣ ਦਾ ਉਪਰਾਲਾ ਕਰਦੇ ਸਨ। ਨਾਥਾਂ ਨੇ ਵੀ ਇਸ ਪਰੰਪਰਾ ਵਿਚ ਆਪਣੀ ਮਾਨਤਾ ਪੈਦਾ ਕਰਨ ਲਈ ਬ੍ਰਾਹਮਣਾਂ ਦਾ ਖੰਡਨ ਜਾਰੀ ਰਖਿਆ। ਪਰ ਮੁਸਲਮਾਨੀ ਹਕੂਮਤ ਦੇ ਰਾਜਸੀ ਪਰੀਵਰਤਨ ਵੇਲੇ ਬ੍ਰਾਹਮਣਾਂ ਦੀ ਇਹ ਨਿੰਦਾ ਹਿੰਦੂਆਂ ਵਿਚ ਆਪਸੀ ਫੁੱਟ ਪੈਦਾ ਕਰਕੇ ਕਮਜ਼ੋਰ ਕਰਨ ਵਾਲੀ ਰੁਚੀ ਸਿੱਧ ਹੋਈ। ਇਸ ਰੁਚੀ ਨੂੰ ਬੰਦ ਕਰਾਉਣ ਤੇ ਹਾਲਾਤ ਨੂੰ ਸੁਧਾਰਨ ਤੇ ਸਾਂਭਣ ਦਾ ਸ੍ਰੇਯ ਤੁਲਸੀ ਦਾਸ ਨੂੰ ਹੈ। ਉਨ੍ਹਾਂ ਦੇ ਰਾਮ-ਚਰਿਤ੍ਰ ਮਾਨਸ' ਦੇ ਪ੍ਰਭਾਵ ਦਾ ਸਿੱਟਾ ਹੈ ਕਿ ਹਿੰਦੂਆਂ ਦੇ ਪ੍ਰਮੁਖ ਧਾਰਮਕ ਸੰਪਰਦਾਇ 'ਸ਼ੈਵ' ਤੇ 'ਵੈਸ਼ਨਵ' ਮਿਲ ਕੇ ਇਕ ਹੋ ਗਏ। ਤੁਲਸੀ ਨੇ ਇਕ ਪਾਸੇ ਰਾਮ ਦਾ ਤੇ ਸੂਦਰਾਂ ਦਾ ਆਪਸੀ ਪ੍ਰੇਮ ਵੀ ਦਿਖਾਇਆ ਹੈ ਅਤੇ ਦੂਜੇ ਪਾਸੇ ਬ੍ਰਾਹਮਣਾਂ ਦੇ 'ਨਿੰਦਕਾਂ' ਨੂੰ ਕੋਸਿਆ ਵੀ ਹੈ। ਤੁਲਸੀ ਦੇ ਰਾਮ ਕਹੀਆਂ ਜਾਂਦੀਆਂ ਨਿਮਨ ਜਾਤੀਆਂ ਵਿਚੋਂ ਭੀਲਣੀ ਦੇ ਜੂਠੇ ਬੇਰ ਵੀ ਖਾਂਦੇ ਹਨ, ਮਲਾਹਾਂ ਨਾਲ ਗਲਵਕੜੀਆਂ ਪਾ ਕੇ ਮਿਲਦੇ ਵੀ ਹਨ, ਉਥੇ ਭੀਲ ਤੇ ਮਲਾਹ ਵੀ ਉਨ੍ਹਾਂ ਲਈ ਡੂੰਘਾ ਪ੍ਰੇਮ ਪਰਗਟ ਕਰਦੇ ਹਨ। ਭੀਲਨੀ ਪ੍ਰੇਮ ਵਿਚ ਜੂਠੇ ਬੇਰ ਭੇਂਟ ਕਰਦੀ ਹੈ ਅਤੇ ਮਲਾਹ ਰਾਮ ਦੇ ਪੈਰ ਇਸ ਬਹਾਨੇ ਨਾਲ ਧੋਂਦਾ ਹੈ ਕਿ ਉਨ੍ਹਾਂ ਦੇ ਪੈਰ ਦੀ ਮਿੱਟੀ, ਦੇ ਛੁਹਣ ਨਾਲ ਪੱਥਰ ਤੋਂ ਅਹਲਿਆ (ਇਸਤਰੀ) ਬਣ ਗਈ ਹੈ, ਅਤੇ ਜੇ ਮੇਰੀ ਬੇੜੀ ਵੀ ਇਸਤਰੀ ਬਣ ਗਈ ਤਾਂ ਮੈਂ ਰੋਜ਼ੀ ਕਿਥੋਂ ਕਮਾਵਾਂਗਾ। ਇਸ ਤਰ੍ਹਾਂ ਭਾਰਤੀ ਸਮਾਜ ਨੂੰ ਕਮਜ਼ੋਰ ਕਰ ਰਹੀ ਬੁੱਧਾਂ, ਸਿੱਧਾਂ ਤੇ ਨਾਥਾਂ ਦੀ ਪਰੰਪਰਾ, ਭਗਤੀ ਯੁੱਗ ਵਿਚ ਪਹਿਲੋਂ ਮੰਦ ਹੁੰਦੀ ਹੈ ਤੇ ਫਿਰ ਬੰਦ ਹੋ ਜਾਂਦੀ ਹੈ, ਅਤੇ ਅੰਗਰੇਜ਼ੀ ਰਾਜ ਆਉਣ ਤੀਕ ਬੰਦ ਰਹਿੰਦੀ ਹੈ।

ਇਸਤਰੀ - ਨਾਥਾਂ ਦੀ ਲਹਿਰ ਤੇ ਭਗਤੀ ਲਹਿਰ ਦੇ ਸਾਹਿਤ ਵਿਚ ਇਸਤਰੀ ਬਾਰੇ ਵਿਚਾਰ ਵਿਚ ਵੀ ਫਰਕ ਭਾਸਦਾ ਹੈ। ਤਾਂਤਰਕ ਸਿੱਧ ਤੇ ਵਾਮਮਾਰਗੀ -- ਅਤਿਭੋਗਵਾਦ ਰਾਹੀਂ ਮਨ ਦੀ ਥਿਰਤਾ ਕਾਇਮ ਕਰਨ ਦੀ ਸਾਧਨਾ ਕਰਦੇ ਸਨ। ਇਸ ਅਤਿ ਭੋਗ ਨੂੰ ਨਿੰਦਣ ਲਈ ਅਤੇ ਇਸ ਤੋਂ ਵਰਜਣ ਲਈ ਨਾਥਾਂ ਨੇ ਮੈਥੁਨ ਦਾ ਬੜੇ ਕਰੜੇ ਤੇ ਜ਼ੋਰਦਾਰ ਸ਼ਬਦਾਂ ਨਾਲ ਖੰਡਨ ਕੀਤਾ ਹੈ। ਉਸ ਪ੍ਰਤੀਕ੍ਰਿਆ ਤੋਂ ਬਾਅਦ ਗ੍ਰਿਹਸਥੀ ਜੋਗੀ ਵੀ ਹੋਏ ਹਨ। ਤਾਂਤਰਕ ਵਾਮਮਾਰਗੀ ਲਹਿਰ ਦੀ ਕਮਜ਼ੋਰ ਹੋਣ ਨਾਲ 'ਕਾਮਨੀ ਨਿੰਦਾ' ਵਿਅਰਥ ਹੋ ਗਈ ਅਤੇ ਭਗਤੀ ਲਹਿਰ ਵਿਚ ਗ੍ਰਿਹਸਥੀ ਇਸਤਰੀ ਲਈ ਆਦਰ --- ਭਾਵ ਪਰਗਟ ਕੀਤੇ ਗਏ ਹਨ।

## ਸਿੱਟਾ

1. ਨਾਥ ਮਤ, ਬੁੱਧ ਮਤ ਦੀ ਸ਼ਾਖਾ ਸਿੱਧਾਂ ਦੀਆਂ ਤਾਤਰਿਕਾਂ ਬਦਚਲਣੀਆਂ ਦੇ ਵਿਰੁਧ ਪ੍ਰਤੀਕਰਮ ਵਜੋਂ ਪੈਦਾ ਹੋਇਆ। ਇਸ ਦਾ ਤਾਤਵਕ ਆਧਾਰ ਹਿੰਦੂਆਂ ਦੇ ਯੋਗਸ਼ਾਸਤਰਾਂ (ਜੋਗ

ਉਪਨਿਸ਼ਦਾਂ ਤੇ ਯੋਗ ਸ਼ਾਸਤਰ) ਹਨ ਅਤੇ ਧਾਰਮਕ ਆਧਾਰ 'ਸ਼ਿਵ ਸ਼ਕਤੀ' ਦੀ ਧਾਰਾ ਹੈ। ਇਨ੍ਹਾਂ ਗ੍ਰਿਹਸਥੀ ਤੇ ਸਾਧੂ ਦੋਹਾਂ ਦੇ ਜੀਵਨ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ ਅਤੇ 'ਸੀਲ' ਤੇ 'ਸੰਜਮ' ਨੂੰ ਆਧਾਰ ਬਣਾਇਆ। ਉਤਰ ਭਾਰਤ ਨੂੰ 'ਭਗਤੀ' ਭਾਵਨਾ ਤੋਂ ਵੀ ਖ਼ਾਲੀ ਕਰ ਦਿਤਾ। ਗੋਰਖ ਜਗਾਇਓ ਜੋਗ ਭਗਤੀ ਭਗਾਇਓ 'ਲੋਗ'। (ਤੁਲਸੀ)

2. ਸ਼ੰਕਰਾਚਾਰਜ ਦੀ ਮਿਥਿਆ-ਮਾਇਆ ਦਾ ਗਿਆਨ ਕੇਵਲ ਸੰਸਕ੍ਰਿਤ ਪੜੇ ਲਿਖੇ ਵਿਦਵਾਨਾਂ ਤਕ ਸੀਮਤ ਰਹਿ ਗਿਆ ਪਰ ਜੋਗ ਮੱਤ ਦੀ ਧਾਰਾ ਉਸ ਲਹਿਰ ਦਾ ਕੁਛ ਨਾ ਵਿਗਾੜ ਸਕੀ—ਇਹ 'ਵੇਦਾਂਤ' ਦੇ 'ਸਾਂਖਿਆ' ਦਾ ਟਾਕਰਾ ਸੀ।

3. ਮੁੜ 'ਭਗਤੀ' ਤੇ 'ਵੇਦਾਂਤ' ਦੋਵੇਂ ਮਿਲਕੇ ਉਤਰੀ ਭਾਰਤ ਵਿਚ ਹਮਲਾਵਰ ਹੋਏ। ਇਨ੍ਹਾਂ ਦੋਹਾਂ ਨੂੰ ਨਾਥਾਂ ਦੇ ਜੋਗਮਤ ਦੇ ਮੁਕਾਬਲੇ ਤੇ ਕਾਫੀ ਸਫਲਤਾ ਪ੍ਰਾਪਤ ਹੋਈ। ਵੇਦਾਂਤੀ ਵੈਸ਼ਨਵੀ ਭਗਤੀ—ਨਾਥ ਜੋਗੀਆਂ ਨੇ ਹੀ ਅਪਣਾਈ ਅਤੇ 'ਘਟ' ਵਿਚ ਨਿਰੰਜਨ ਦੇ ਥਾਂ ਹੀ ਰਾਮ ਤੇ ਗੋਵਿੰਦ ਦੇ ਦਰਸ਼ਨ ਕੀਤੇ

4. ਇਸ ਤਰ੍ਹਾਂ ਗੁਰਮਤ ਵਿਚ ਤਿੰਨ ਧਾਰਾਂ ਮਿਲੀਆਂ ਹਨ—'ਵੇਦਾਂਤ', ਵੈਸ਼ਣਵੀ' ਜਾਂ 'ਨਾਰਦੀ' ਭਗਤੀ ਤੇ 'ਜੋਗ'—'ਵੇਦਾਂਤ ਤੇ ਨਾਰਦੀ ਭਗਤੀ' ਦੇ ਮੇਲ ਦੀ ਪਿਛੋਕੜ, 'ਨਾਥਮਣੀ' ਅਲਵੰਡਾਰ ਤੇ ਰਾਮਾਨੁਜ ਨਾਲ ਸਬੰਧਤ ਹੈ। ਨਾਰਦੀ ਵੇਦਾਂਤੀ ਭਗਤੀ ਦੀ ਸਹਾਇਤਾ ਨਾਲ ਜੋਗੀਆਂ ਦੇ ਘਟ ਵਿਚ 'ਨਿਰੰਜਨ', 'ਰਾਮ' ਨੂੰ ਦੇਖਣ ਵਾਲੇ ਪਹਿਲੇ ਨਿਰਗੁਣੀ ਭਗਤਾਂ ਵਿਚੋਂ ਪ੍ਰਮੁਖ ਹੈ ਸਧਨਾ (ਤੇਰ੍ਹਵੀਂ ਸਦੀ) ਨਾਮ ਦੇਵ (ਤੇਰ੍ਹਵੀਂ ਤੇ ਚੌਧਵੀਂ ਸਦੀ), ਕਬੀਰ, ਪੀਪਾ, ਧੰਨਾ, ਸੈਨ, ਰਵਿਦਾਸ (15ਵੀਂ ਸਦੀ)।

5. ਨਾਥ ਮਤਿ ਦੇ ਚੱਕਰਾਂ ਦਾ ਇਵਜ਼ੀ ਭਗਤੀ ਵਿਚ 'ਨਾਮ' ਹੈ।

6. ਆਧੁਨਿਕ ਕਾਲ ਵਿਚ ਲਿਖੇ ਸਾਹਿਤ ਵਿਚ ਇਸ ਭਗਤੀ ਲਹਿਰ ਨੂੰ ਆਰਥਕ ਤੇ ਸਮਾਜਕ ਦ੍ਰਿਸ਼ਟੀਕੋਣਾਂ ਤੋਂ ਵੇਖਣਾ ਗ਼ਲਤੀ ਹੈ। ਇਹ ਸ਼ੁੱਧ ਰੂਪ ਵਿਚ ਇਕ ਧਾਰਮਕ ਲਹਿਰ ਸੀ।

ਜੀਵਾਤਮਾ ਨੂੰ ਮਾਇਆ ਦੇ ਬੰਧਨ ਵਿਚ ਪਾਉਣ ਵਾਲਾ ਮਨ ਹੈ, ਜੋ ਬੁੱਧੀ ਨੂੰ ਵੀ ਆਪਣੀ ਤਾਬਿਆ ਹੇਠ ਕਰ ਲੈਂਦਾ ਹੈ। ਇਸ ਅਗਿਆਨਤਾ ਵਿਚ ਜੀਵਾਤਮਾ ਜਿੰਨੇ ਵੀ ਕਰਮ ਕਰਦਾ ਹੈ, ਉਹ ਉਹਦੇ ਬੰਧਨ ਨੂੰ ਹੋਰ ਪੱਕਿਆਂ ਕਰਦੇ ਹਨ ਅਤੇ ਉਹਨੂੰ ਆਵਾਗਵਨ ਤੋਂ ਛੁਟਕਾਰਾ ਪਾਉਣਾ ਔਖਾ ਹੋ ਜਾਂਦਾ ਹੈ। ਜਨਮ ਮਰਨ ਦੇ ਗੇੜ ਤੋਂ ਮੁਕਤ ਹੋਣ ਲਈ ਸਤਿਗੁਰੂ ਨੂੰ ਮਿਲਣ ਦੀ ਲੋੜ ਹੈ। ਮਨੁੱਖੀ ਜੀਵਨ ਦਾ ਮੁੱਖ ਪ੍ਰਯੋਜਨ ਬ੍ਰਹਮ ਨੂੰ ਪ੍ਰਾਪਤ ਕਰਨਾ ਹੈ, ਤੇ ਇਹ ਕੰਮ ਕੇਵਲ ਸਤਿਗੁਰੂ ਰਾਹੀਂ ਹੀ ਹੋ ਸਕਦਾ ਹੈ। ਪਰ ਸਤਿਗੁਰੂ ਨਾਲ ਮਿਲਾਪ ਉਦੋਂ ਹੀ ਹੁੰਦਾ ਹੈ, ਜਦੋਂ ਪਾਰਬ੍ਰਹਮ ਦੀ ਪੂਰਨ ਕਿਰਪਾ ਹੁੰਦੀ ਹੈ। ਕਰਮਾਂ ਦੇ ਕਾਰਨ ਅਸੀਂ ਸਰੀਰ ਧਾਰਨ ਕਰਦੇ ਹਾਂ, ਪਰ ਮੁਕਤੀ ਦਾ ਦਰਵਾਜ਼ਾ ਕੇਵਲ 'ਨਦਰ' ਨਾਲ ਲੰਘਿਆ ਜਾ ਸਕਦਾ ਹੈ। ਇਸ 'ਨਦਰ' ਨਾਲ ਹੀ ਅਸੀਂ ਚੰਗੇ ਕਰਮ ਕਰਦੇ ਹਾਂ ਅਤੇ ਸਤਿਗੁਰੂ ਨਾਲ ਮੇਲ ਹੁੰਦਾ ਹੈ। ਸਤਿਗੁਰੂ ਕੋਲੋਂ ਨਾਮ ਦੀ ਦਾਤ ਮਿਲਦੀ

ਹੈ। ਇਸ ਨਾਮ ਦੇ ਸਿਮਰਨ ਨਾਲ ਅਸੀਂ ਕਾਇਆਂ ਅੰਦਰ ਲੁਕਵੇਂ ਖਜ਼ਾਨੇ ਭਾਲ ਲੈਂਦੇ ਹਾਂ। ਗੁਰਬਾਣੀ ਦਾ ਪ੍ਰਕਾਸ਼ ਸਭ ਅੰਨ੍ਹੇਰਿਆਂ ਨੂੰ ਦੂਰ ਕਰਨ ਵਾਲਾ ਹੈ। ਨਾਮ ਬਾਰੇ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ :—

ਸਰਬ ਧਰਮ ਮਹਿ ਸ੍ਰੇਸਟ ਧਰਮੁ।
ਹਰਿ ਕੋ ਨਾਮੁ ਜਪਿ ਨਿਰਮਲ ਕਰਮ।

(ਸੁਖਮਨੀ)

ਨਾਮ ਮਨ ਦੀ ਮੈਲ ਨੂੰ ਕੱਟ ਦੇਂਦਾ ਹੈ। ਨਾਮਾ ਵਾਲਾ ਮਾਰਗ ਹੀ ਸੁਰਤ-ਸ਼ਬਦ, ਯੋਗ ਜਾਂ ਭਗਤੀ ਮਾਰਗ ਹੈ। ਸਾਧ-ਸੰਗਤ ਵਿਚ ਇਹ ਭਗਤੀ ਭਾਵ ਤੀਖਣ ਹੁੰਦਾ ਹੈ ਅਤੇ ਪਰਮ-ਆਨੰਦ ਦੀ ਪ੍ਰਾਪਤੀ ਦਾ ਕਾਰਨ ਬਣਦਾ ਹੈ :—

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ।

(ਆਸਾ ਮਹਲਾ ਪ)

ਪਰਮ ਆਨੰਦ ਦੀ ਅਵਸਥਾ ਨੂੰ ਹੀ ਸਹਿਜ ਅਵਸਥਾ ਜਾਂ ਚੌਥਾ ਪਦ ਕਿਹਾ ਗਿਆ ਹੈ। ਜਗਿਆਸੂ ਸਾਧ ਸੰਗ ਵਿਚ ਨਾਮ ਜਾਪਦਾ ਹੋਇਆ ਬ੍ਰਹਮ ਗਿਆਨੀ ਅਤੇ ਜੀਵਨ-ਮੁਕਤ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਤਮਕ ਵਿਕਾਸ ਦੀਆਂ ਪੰਜ ਅਵਸਥਾ ਮੰਨੀਆਂ ਹਨ, ਧਰਮ-ਖੰਡ ਤੋਂ ਉੱਠ ਕੇ ਸੱਚ ਖੰਡ ਤਕ ਜਾਣ ਲਈ ਗਿਆਨ ਖੰਡ, ਧਰਮ ਖੰਡ ਅਤੇ ਕਰਮ ਖੰਡ ਵਿਚੋਂ ਲੰਘਣਾ ਪੈਂਦਾ ਹੈ। ਅਨੰਤ ਬ੍ਰਹਮ ਦੀ ਰਚੀ ਅਨੰਤ ਸ੍ਰਿਸ਼ਟੀ ਇਨ੍ਹਾਂ ਖੰਡ ਵਿਚ ਵਿਦਮਾਨ ਹੈ। ਪਿੰਡ ਵਿਚ ਵਸਦੀ ਜੀਵਾਤਮਾ ਬ੍ਰਹਿਮੰਡ ਵਿਚ ਵਸਦੇ ਪਾਰਬ੍ਰਹਮ ਨਾਲ ਰੱਬੀ ਬਖ਼ਸ਼ਸ਼ ਅਤੇ ਗੁਰੂ ਬਖ਼ਸ਼ਸ਼ ਤੋਂ ਪੈਦਾ ਹੋਏ ਉੱਦਮ ਦੇ ਕਾਰਨ ਇਕ ਸੁਰ ਹੋ ਜਾਂਦੀ ਹੈ। ਜੋਤ ਜੋਤ ਨਾਲ ਮਿਲ ਜਾਂਦੀ ਹੈ। ਸੱਚ-ਆਤਮ ਸੱਚ ਪਰਮ-ਆਤਮਾ ਵਿਚ ਲੀਨ ਹੋ ਜਾਂਦੀ ਹੈ। ਇਹ ਉਦੋਂ ਹੀ ਹੁੰਦਾ ਹੈ ਜਦੋਂ :—

ਨਉ ਦਰ ਠਾਕੇ ਧਾਵਤੁ ਰਹਾਏ।
ਦਸਵੈ ਨਿਜ ਘਰਿ ਵਾਸਾ ਪਾਏ।
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦ ਸੁਣਾਵਣਿਆ।

(ਮਾਝ ਮਹਲਾ 3)

# ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਦਾ ਸਾਧਨਾ ਪੱਖ

ਡਾ. ਸੀਤਾ ਰਾਮ ਬਾਹਰੀ

ਸਚ ਜਦੋਂ ਕਰਨੀ ਵਿਚ ਉਤਰਦਾ ਹੈ, ਉਸ ਦੀ ਪਹਿਲੀ ਪਉੜੀ ਪ੍ਰੇਮ ਭਾਵ ਹੈ ਅਰਥਾਤ ਫ਼ਲਸਫ਼ੇ ਦੇ ਸੋਨ-ਸਿੱਕੇ ਦਾ ਇਕ ਪਾਸਾ ਸੱਚ ਹੈ ਤਾਂ ਦੂਜਾ ਪਾਸਾ ਪ੍ਰੇਮ ।

**ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ ਬਾਜਾਰਾ ।**
**ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥4॥**

(ਗਉੜੀ)

ਅੰਮ੍ਰਿਤ-ਨਾਮ ਦੇ ਵਪਾਰੀ ਤੇ ਪ੍ਰੇਮ ਭਾਵ ਦੇ ਵਣਜਾਰੇ ਨੇ ਸਦਾ ਹੀ ਸੱਚਾ ਸੌਦਾ ਕੀਤਾ, ਕੁਝ ਸੁਣਿਆ, ਕੁਝ ਕਿਹਾ, ਕੁਝ ਦਿੱਤਾ ਤੇ ਕੁਝ ਲਿੱਤਾ ਪਰ ਵੰਡਣ ਦਾ ਕੰਮ ਨਹੀਂ ਭੁਲਾਇਆ । ਉਨ੍ਹਾਂ ਦੇ ਵੰਡੇ ਫ਼ਲਸਫ਼ੇ ਦੇ ਹੀਰੇ ਵੇਖੋ :—

1. **ਹਮਰੀ ਜਾਤਿ ਪਤਿ ਸਚੁ ਨਾਉ ।**

(ਸਿਧਾਂਤ ਪੱਖ)

**ਕਰਮ ਧਰਮ ਸੰਜਮੁ ਸਤ ਭਾਉ ।**

—ਆਸਾ

(ਸਾਧਨਾ ਪੱਖ)

---

*ਗੁਰੂ ਫ਼ਲਸਫ਼ੇ ਦੇ ਸਾਰ ਲਈ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਪੰਨੇ ਵੇਖੋ ;—
62 (ਸਿਰੀ ਰਾਗ ਅਸਟ. 14); 351—52 (ਆਸਾ, ਚਉਪਦਾ 11ਵਾਂ); 226(3-4/13 ਗਉੜੀ ਅਸਟਪਦੀ); 223 (ਗਉੜੀ ਅਸਟ. 6); 413 (ਆਸਾ ਅਸਟ.4)- 467 (ਆਸਾ ਦੀ ਵਾਰ; ਪਉੜੀ 9 ਤੋਂ ਪਹਿਲਾ ਸਲੋਕ); 904 (ਰਾਮਕਲੀ ਅਸਟ. 4); 1344—45 (ਪ੍ਰਭਾਤੀ ਅਸਟ. 5) ।

2. *ਸਤ ਸੰਤੋਖਿ ਰਹਹੁ ਜਨ ਭਾਈ ।
ਖਿਮਾ ਗਹਹੁ ਸਤਿਗੁਰ ਸਰਣਾਈ।
ਆਤਮੁ ਚੀਨਿ ਪਰਾਤਮੁ ਚੀਨਹੁ ।
ਗੁਰ ਸੰਗਤਿ ਇਹੁ ਨਿਸਤਾਰਾ ਹੇ ॥8॥
(ਮਾਰੂ, ਪੰਨਾ 1030)

3. ਕਾਲੁ ਜਾਲੁ ਜਿਹਵਾ ਅਰੁ ਨੈਣੀ ।
ਕਾਨੀ ਕਾਲੁ ਸੁਣੈ ਬਿਖੁ ਬੈਣੀ ।
ਬਿਨੁ ਸਬਦੈ ਮੂਠੇ ਦਿਨੁ ਰੈਣੀ ॥8/14॥
(ਗਉੜੀ, ਅਸਟ.)

ਗੁਰੂ ਨਾਨਕ ਦੇਵ ਦਾ ਫ਼ਲਸਫ਼ਾ ਨਿਰਾ ਪੁਰਾ ਸਿਧਾਂਤ ਨਹੀਂ; ਇਹ ਕਿਰਤ ਕਮਾਈ ਦਾ ਲਿਸ਼ਕਾਰਾ ਹੈ । ਸੱਚੇ ਸੌਦੇ ਦੀ ਸਾਖੀ ਤੋਂ ਲੈ ਕੇ ਮੋਦੀ ਖਾਨੇ ਵਿਚ 'ਤੇਰਾ ਤੇਰਾ' ਦੀ ਧੁਨ ਤਕ ਅਤੇ ਵੇਈਂ ਨਦੀ ਦੀ ਸਾਖੀ ਤੋਂ ਲੈ ਕੇ ਜਗਨਨਾਥ ਪੁਰੀ ਦੀ ਆਰਤੀ ਤਕ, ਮੱਕੇ ਬਗਦਾਦ ਤੇ ਹਸਨ ਅਬਦਾਲ ਦੀ ਸਾਖੀ ਤੋਂ ਲੈ ਕੇ ਕਰਤਾਰਪੁਰ ਦੇ ਗੁਰੂ-ਲੰਗਰ ਤਕ; ਕਸ਼ਮੀਰ ਤੇ ਅਚਲ ਬਟਾਲੇ ਦੀਆਂ ਗੋਸ਼ਟਾਂ ਤੋਂ ਲੈ ਕੇ ਕਰਤਾਰਪੁਰ ਵਿਚ ਕਿਰਸਾਣੀ ਕਰਨ ਤਕ ਸਭ ਥਾਈਂ ਉਨ੍ਹਾਂ ਦੀ ਕਿਰਤ ਕਮਾਈ ਦਾ ਪ੍ਰਸਾਦ ਵੰਡਿਆ ਦਿੱਸਦਾ ਹੈ ।

ਘਰ ਵਿਚ ਉਦਾਸੀ ਦਾ ਉੱਚਾ ਆਦਰਸ਼ ਉਨ੍ਹਾਂ ਨੇ ਆਪਣੇ ਜੀਵਨ ਦੇ ਸਹਿਜ ਰੂਪ ਵਿਚ ਸਾਕਾਰ ਕਰਕੇ ਦਸਿਆ। ਤ੍ਰਿਸ਼ਨਾ, ਮਮਤਾ ਤੇ ਮੋਹ ਤਿਆਗ ਕੇ ਉਨ੍ਹਾਂ ਨੇ ਆਪਣੇ ਪੁਤ੍ਰਾਂ ਦੀ ਥਾਈਂ ਲਹਿਣਾ ਜੀ ਨੂੰ ਅੰਗਦ ਕਰਕੇ, ਗੁਰੂ ਥਾਪਿਆ; ਕਥਨੀ ਨਾਲੋਂ ਵੀ ਉਨ੍ਹਾਂ ਦੀ ਕਰਨੀ ਵਧੇਰੇ ਪ੍ਰਭਾਵ-ਸ਼ਾਲੀ ਸੀ । ਦਿਬ ਕਿਰਤ ਕਮਾਈ ਦੀ ਇਸ ਖੁਸ਼ਬੋ ਨੇ ਹੀ ਸਿੱਖ-ਧਰਮ ਨੂੰ ਦੂਰ ਦੂਰ ਤਕ ਆਦਰ ਯੋਗ ਬਣਾਇਆ ।

ਹਿੰਦੂ ਅਨੁਸ਼ਠਾਨ ਤੇ ਰੀਤ ਰਵਾਜ ਜੋ ਇਕ ਵੇਲੇ ਵਿਸ਼ੇਸ਼ ਸੰਭਾ ਦੇ ਕਾਰਨ ਸਨ, ਸਮੇਂ ਦੇ ਪਰਿਵਰਤਨ ਕਰਕੇ ਤੇ ਬ੍ਰਾਹਮਣਾਂ ਦੇ ਅਗਿਆਨ ਕਰਕੇ ਕੇਵਲ ਬੋਝਲ ਬੇੜੀਆਂ ਬਣ ਚੁਕੇ ਸਨ । ਇਸ ਅਵਸਥਾ ਤੋਂ ਮੁਕਤ ਕਰਨ ਲਈ ਗੁਰੂ ਨਾਨਕ ਦੇਵ ਨੇ ਸੁਚੱਜੇ ਮਨੁੱਖਤਾ ਵਾਦੀ ਧਰਮ ਦੀ ਥਾਪਨਾ ਕੀਤੀ । ਇਸ ਧਰਮ ਦਾ ਕੋਈ ਹੱਦ-ਬੰਨਾ ਨਹੀਂ ਸੀ । ਮੁਸਲਮਾਣਾ ਨੂੰ ਮਲੇਛ ਕਹਿਣਾ ਤੇ ਆਮ ਕਰਕੇ ਗੋਬਰ ਦੀ ਸੱਚ ਰਾਹੀਂ ਤਰਨ ਦਾ ਵਿਚਾਰ ਕਰਨਾ ਉਨ੍ਹਾਂ ਨੇ ਵਿਅਰਥ ਸਿੱਧ ਕੀਤਾ। ਕਪੜੇ ਨੂੰ ਮੂਤ ਜਾਂ ਰੱਤ ਲੱਗ ਜਾਏ ਤਾਂ ਪਲੀਤ ਮੰਨਣਾ ਪਰ ਮਨੁੱਖ ਦਾ ਖ਼ੂਨ ਪੀ ਜਾਣ ਤੇ ਵੀ ਆਪਣੇ ਆਪ ਨੂੰ ਪਾਕ ਮੁਸਲਮਾਨ ਸਮਝਣਾ ਗੁਰੂ ਜੀ ਨੇ ਬੇਅਕਲੀ ਦਾ ਕੰਮ ਦੱਸਿਆ ।

## ਪਾਖੰਡ ਖੰਡਨ

ਵੇਦਾਂ ਦੇ ਜੁਗ ਵਿਚ ਹੀ ਕਰਮ ਕਾਂਡ ਦੀ ਵਧੀਕੀ ਪ੍ਰਤਿ ਗੰਭੀਰ ਵਿਚਾਰਕਾਂ ਨੇ ਉਪਰਾਮਤਾ

ਦਾ ਮਾਰਗ ਫੜ ਲਿਆ ਸੀ, ਫਲ ਸਰੂਪ ਬ੍ਰਹਮ ਸੂਤ੍ਰਾਂ ਜਾਂ ਵੇਦਾਂਤ ਸੂਤ੍ਰਾਂ ਦੀ ਰਚਨਾ ਹੋਈ। ਉਪ-ਨਿਸ਼ਦ ਸਾਹਿਤ ਅੰਦਰਲੀ ਸੋਝੀ ਦਾ ਮਾਰਗ ਦੱਸਣ ਲਈ ਪ੍ਰਚੱਲਤ ਹੋਇਆ, ਬਾਹਰਲੇ ਅਡੰਬਰਾਂ ਪ੍ਰਤਿ ਉਹ ਉਦਾਸੀਨ ਸੀ।

ਮਹਾ ਭਾਰਤ ਵਿਚ ਦੇਵ-ਪੂਜਾ, ਗੰਗਾ-ਇਸ਼ਨਾਨ ਆਦਿ ਦਾ ਖੰਡਨ ਕਈ ਥਾਵਾਂ ਤੇ ਮਿਲਦਾ ਹੈ। ਗਰੁੜ ਪੁਰਾਣ ਦੇ ਅੰਤਲੇ ਅਧਿਆਏ ਵਿਚ ਇਨਕਲਾਬੀ ਵਿਚਾਰਧਾਰਾ ਦਿੱਸਦੀ ਹੈ।

ਜੈਨ ਸਾਧੂਆਂ ਨੇ ਕਰਮ ਕਾਂਡ ਦੀ ਨਿਖੇਧੀ ਕੀਤੀ ਸੀ। ਪਰ ਉਨ੍ਹਾਂ ਵਿਚ ਵੀ ਅਨੇਕ ਅਡੰਬਰ ਵਾਲੇ ਆਚਾਰ ਵਿਚਾਰ ਪ੍ਰਚਲਤ ਹੋ ਗਏ ਸਨ। ਕਈ ਜੈਨ ਵਿਚਾਰਕਾਂ ਨੇ ਆਪ ਹੀ ਮ੍ਰਿਗ ਚਰਮ, ਜਟਾ, ਸੇਧਾ ਟਿੱਕਾ, ਨੰਗੇਪਨ, ਤੀਰਥ ਭ੍ਰਮਣ ਆਦਿ ਦਾ ਤੀਬਰ ਵਿਰੋਧ ਕੀਤਾ।

ਸਰਹਪਾ ਅਤੇ ਕਣਹਪਾ ਦੇ ਦੋਹਾਂ-ਕੋਸ਼ਾਂ ਵਿਚ ਵੀ ਤੀਰਥ-ਭ੍ਰਮਣ, ਦੇਵ-ਪੂਜਾ, ਮੰਤਰ, ਮੰਦਰ, ਹੋਮ ਦਾ ਖੰਡਨ ਕੀਤਾ ਗਿਆ ਹੈ। ਉਨ੍ਹਾਂ ਨੇ ਸ਼ਾਸਤ੍ਰ ਗਿਆਨ ਨਾਲੋਂ ਆਤਮ ਸੋਝੀ ਨੂੰ ਵਧੇਰੇ ਕੀਮਤੀ ਸਮਝਿਆ। ਸਮਰਸਤਾ ਤੇ ਸਹਿਜ ਭਾਵ ਨੂੰ ਉਨ੍ਹਾਂ ਨੇ ਸਾਧਨਾ ਲਈ ਜ਼ਰੂਰੀ ਦੱਸਿਆ।*

ਗੁਰੂ ਨਾਨਕ ਦੇਵ ਦਾ ਸੁਭਾ ਨਿੰਦਾ, ਵਾਦ-ਵਿਵਾਦ ਜਾਂ ਖੰਡਨ ਦੇ ਅਨੁਕੂਲ ਨਹੀਂ ਸੀ। ਉਨ੍ਹਾਂ ਦੀ ਸਮਰਸਤਾ ਇਸ ਹੱਦ ਤਕ ਵਿਕਾਸਵਾਨ ਸੀ ਕਿ ਉਨ੍ਹਾਂ ਨੇ ਕਿਹਾ :—

1. ਬੁਰਾ ਭਲਾ ਕਹੁ ਕਿਸ ਨੋ ਕਹੀਐ।
   ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥
   (ਪੰਨਾ 353)

2. ਛੋਡਿਹੁ ਨਿੰਦਾ ਤਾਤਿ ਪਰਾਈ।
   ਪੜਿ ਪੜਿ ਦਝਹਿ ਸਾਤਿ ਨ ਆਈ।
   (ਮਾਰੂ)

ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਦਾ ਸਾਧਨਾ ਪੱਖ ਇੰਨਾ ਬਲਵਾਨ ਸੀ ਕਿ ਹਿੰਦੂ ਮੁਸਲਿਮ ਭੇਦ ਭਾਵ ਨਾਲ ਸੜੇ ਬਲੇ ਸਮਾਜ ਨੂੰ ਉਨ੍ਹਾਂ ਸ਼ਾਂਤਮਈ ਬਣਾ ਦਿੱਤਾ ਤੇ ਭਾਰਤ ਵਿਚ ਉਨ੍ਹਾਂ ਦਾ ਨਾਅਰਾ ਗੂੰਜ ਉਠਿਆ 'ਨ ਕੋ ਹਿੰਦੂ ਨ ਮੁਸਲਮਾਨ'।

'ਗੁਰੂ ਨਾਨਕ ਦੇਵ ਅਨੁਪਮ ਗੁਣ-ਗ੍ਰਾਹੀ ਅਤੇ ਅਪੂਰਬ ਉਦਾਰ ਸਨ। ਉਨ੍ਹਾਂ ਨੇ ਕਿਸੇ ਵੀ

---

*ਵਿਸਤਾਰ ਲਈ ਵੇਖੋ :—

(i) ਪੰ. 197 ਮੁਕਤਕ ਕਾਵਿ ਪਰੰਪਰਾ ਔਰ ਬਿਹਾਰੀ—
ਡਾ. ਰਾਮ ਸਾਗਰ ਤ੍ਰਿਪਾਠੀ

(ii) ਪੰ: 2—8; 'ਕਾਵਿ ਧਾਰਾ', ਰਾਹੁਲ ਸੰਕ੍ਰਿਤਿਆਯਨ

ਸਾਧਨਾ-ਪ੍ਰਣਾਲੀ ਦੀ ਨਿੰਦਾ ਨਹੀਂ ਕੀਤੀ ਹਾਂ। ਉਸ ਦੇ ਪਾਖੰਡਾਂ, ਬਾਹਰਲੇ ਆਚਾਰਾਂ ਤੇ ਰੂੜ੍ਹੀਆਂ ਦੀ ਤੀਬਰ ਆਲੋਚਨਾ ਜ਼ਰੂਰ ਕੀਤੀ। ਉਹ ਸਰਬ ਸਾਂਝੇ ਸਿਧਾਂਤਾਂ ਦੇ ਮਹਾਨ ਸਮਰਥਕ ਸਨ ।*

ਦੂਜੇ ਪਾਸੇ ਅਸੀਂ ਜਾਣਦੇ ਹਾਂ ਕਿ ਗੁਰੂ ਨਾਨਕ ਦੇਵ ਮਹਾਨ ਕ੍ਰਾਂਤੀਕਾਰੀ ਲੋਕ ਨੇਤਾ ਵੀ ਸਨ। ਉਨ੍ਹਾਂ ਨੇ ਪਾਖੰਡ, ਅਡੰਬਰ ਤੇ ਕੱਟੜ ਪੰਥ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ ਸਗੋਂ, ਖੋਟੇ ਨੂੰ ਖੋਟਾ ਹੀ ਦੱਸਿਆਂ। ਜੋਗੀਆਂ, ਬ੍ਰਾਹਮਣਾਂ ਤੇ ਮੁਲਾਣਿਆ ਦੇ ਭੇਦ ਭਾਵ ਤੇ ਹਉਮੈਂ ਨੂੰ ਉਨ੍ਹਾਂ ਨੇ ਜਨਤਾ ਲਈ 'ਉਜਾੜੇ ਕਾ ਬੰਧ' ਮੰਨਿਆ ਤੇ ਸਪਸ਼ਟ ਕਿਹਾ :—

1. ਮਨਮੁਖੁ ਲਹਰਿ ਘਰੁ ਤਜਿ ਵਿਗੂਚੈ
ਅਵਰਾ ਕੇ ਘਰਿ ਹੇਰੈ।
ਗ੍ਰਿਹ ਧਰਮੁ ਗਵਾਏ, ਸਤਿਗੁਰ ਨ ਭੇਟੈ,
ਦੁਰਮਤਿ ਘੂਮਨ ਘੇਰੈ ॥1॥
(ਮਾਰ ਮ. ੧ ਪੰਨਾ 1012)

2. ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ।
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ।
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥2॥
(ਪੰਨਾ 1012))

ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ।
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥5॥
ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ, ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥6॥
(ਮਾਰੂ ਮ. ੧ ਪੰਨਾ 1013)

ਦਖਣਾ ਲੈ ਕੇ ਵਿਆਹ ਪੜ੍ਹਨਾ, ਜਜਮਾਨ ਦੀ ਪੁਤ੍ਰੀ ਦਾ ਧਨ ਖਾਣਾ ਜਾਂ ਭਾੜਾ ਲੈਣਾ ਗੁਰੂ ਨਾਨਕ ਦੇਵ ਨੂੰ ਸਮਾਜਵਾਦ-ਵਿਰੋਧੀ ਜਾਪਦਾ ਸੀ :—

1. ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥

*ਡਾ. ਜਯਰਾਮ ਮਿਸ਼੍ਰ : ਸ੍ਰੀ ਗੁਰ ਗ੍ਰੰਥ ਦਰਸ਼ਨ, ਪੰ: 232

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥4॥5॥
(ਵਾਰ ਆਸਾ ਮ. ੧, ਪੰਨਾ 471)

2. ਸਾਹਾ ਗਣਹਿ ਨ ਕਰਹਿ ਬੀਚਾਰੁ ॥
ਸਾਹੇ ਊਪਰਿ ਏਕੰਕਾਰੁ ॥...
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
"ਹਉਮੈ ਜਾਇ ਸਬਦਿ ਘਰੁ ਲਹੀਐ ॥ਰਹਾਉ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ।
ਪੜੈ ਸੁਣਾਵੈ ਤਤੁ ਨ ਚੀਨੀ ॥2॥4॥
(ਰਾਮਕਲੀ ਮ. ੧ ਅਸਟਪਦੀ ਪੰਨਾ 9 4)

3. ਸਸੈ ਸੰਜਮੁ ਗਇਓ ਮੂੜੇ ॥
ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ॥
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥6॥
(ਆਸਾ ਮ. ੧, ਅਸਟ:)

ਨਾਥ ਜੋਗੀਆਂ ਨੇ ਬ੍ਰਾਹਮਣਾਂ ਦੇ ਵਰਨ ਆਸ਼ਰਮੀ ਪ੍ਰਪੰਚ ਤੋਂ ਹਿੰਦੂਆਂ ਨੂੰ ਮੁਕਤ ਕਰਾਉਣ ਦੇ ਉਪਰਾਲੇ ਵਿਚ ਗ੍ਰਿਹਸਤ ਜੀਵਨ ਨੂੰ ਹੀ ਨਿਖੇਧ ਦਿੱਤਾ ਸੀ। ਪਰ ਗੁਰੂ ਨਾਨਕ ਦੇਵ ਨੇ ਘਰ ਵਿਚ ਉਦਾਸੀ ਦਾ ਗਾਡੀ-ਰਾਹ ਚਲਾ ਕੇ ਸੰਤੁਲਨ ਕਾਇਮ ਕਰਨ ਦਾ ਸਫਲ ਉਦਮ ਕੀਤਾ।

ਸਮਾਜ ਵਿਚ ਇਸੇ ਦ੍ਰਿਸ਼ਟੀਕੋਣ ਨੇ ਇਸਤ੍ਰੀ ਜਾਤੀ ਨੂੰ ਸਤਿਕਾਰ ਯੋਗ ਥਾਂ ਦੇਣ ਦਾ ਭਾਵ ਭਰਿਆ।

ਸਮਾਜ ਦੀ ਕਾਣੀ ਵੰਡ ਤੇ ਦੰਭ ਭਰੀਆਂ ਵਧੀਕੀਆਂ ਦਾ ਕਾਰਨ ਗੁਰੂ ਜੀ ਨੇ ਹਉਮੈ ਦਾ ਭਾਵ ਦਸਿਆ। ਇਸ ਕਰਕੇ ਉਨ੍ਹਾਂ ਦੀ ਬਾਣੀ ਵਿਚ ਆਪਾ ਮਾਰਨ ਤੇ ਮਨ ਦੀ ਸੋਧ ਪ੍ਰਤਿ ਬਹੁਤ ਵਿਚਾਰ ਮਿਲਦੇ ਹਨ। ਵਿਕਾਰਾਂ ਨੂੰ ਮਾਰਨ ਵਿਚ ਸੂਰਬੀਰਤਾ ਕੰਮ ਆਉਂਦੀ ਹੈ। ਸ਼ਕਤੀ ਦਾ ਸੋਮਾ ਮਨ ਹੈ, ਅੰਤਹ ਕਰਨ ਹੈ, ਜੇ ਉਹ ਗੰਦਾ ਹੋ ਜਾਏ ਜਾਂ ਨਿਸੱਤਾ ਹੋ ਜਾਏ ਤਾਂ ਵਿਅਕਤੀ ਦਾ ਜੀਵਨ ਹਨੇਰੇ ਪੱਖ ਵਿਚ ਡੁੱਬ ਜਾਂਦਾ ਹੈ। ਜੇਕਰ ਉਹ ਸ਼ੁੱਧ ਹੋ ਜਾਏ, ਸੱਚਾ ਤੇ ਸੁੱਚਾ ਹੋ ਜਾਏ ਤਾਂ ਸੱਚੇ ਪਾਤਸ਼ਾਹ ਦੀ ਮਿਹਰ ਉਸ ਨੂੰ ਅਥਾਹ ਸ਼ਾਂਤੀ, ਸੰਤੋਖ ਤੇ ਆਨੰਦ ਨਾਲ ਭਰ ਦੇਂਦੀ ਹੈ।

ਇਹ ਵਿਚਾਰਧਾਰਾ ਉਦਾਸ ਤੇ ਨਿਰਾਸ ਜਨਤਾ ਲਈ ਨਵੇਂ ਜੀਵਨ ਦਾ ਅੰਮ੍ਰਿਤ ਬਣ ਕੇ ਚਲੀ :—

1. ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥27॥

(ਜਪੁ)

2. ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥33॥

(ਜਪੁ)

ਕੇਵਲ ਰੱਬ ਦਾ ਭਉ ਮੰਨਣ ਵਾਲਾ ਬੰਦਾ ਅੰਤ ਵਿਚ ਨਿਰਭਉ ਨਿਰੰਕਾਰ ਦੇ ਨੇੜੇ ਆ ਜਾਂਦਾ ਹੈ। ਇਸ ਨੇੜ ਦਾ ਚਮਤਕਾਰ ਉਨ੍ਹਾਂ ਨੇ ਦੇਸ਼ ਦੇਸ਼ਾਂਤਰਾਂ ਵਿਚ ਪ੍ਰਚਾਰ ਕਰਕੇ ਵਿਖਾਇਆ। ਪ੍ਰਭੂ ਦੀ ਬੇਅੰਤ ਸ਼ਕਤੀ ਦਾ ਵਰਣਨ ਕਰਦਿਆਂ ਨਾਨਕ ਬਾਣੀ ਵਿਸਮਾਦੀ ਰੰਗ ਵਿਚ ਪਾਠਕ ਦਾ ਮਨ ਰੰਗ ਦੇਂਦੀ ਹੈ :—

ਕੇਤਾ ਤਾਣੁ ਸੁਆਲਿਹੁ ਰੂਪੁ।
ਕੇਤੀ ਦਾਤਿ ਜਾਣੈ ਕੌਣੁ ਕੂਤੁ...
ਕੁਦਰਤਿ ਕਵਣ ਕਹਾ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।

ਡਾ. ਟ੍ਰੰਪ ਨੇ ਲਿਖਿਆ ਹੈ ਕਿ ਨਿਰਗੁਣ ਨਿਰੰਕਾਰ ਦਾ ਸਿਧਾਂਤ ਪੁਸ਼ਟ ਕਰਨ ਮਗਰੋਂ ਵੀ ਗ੍ਰੰਥ ਸਾਹਿਬ ਵਿਚ ਅਨੇਕ ਥਾਈਂ ਸਰਗੁਣ ਸਥਾਰ ਦੇ ਲਛਣ ਵੀ ਦੱਸੇ ਜਾਂਦੇ ਹਨ।*

ਗੁਰੂ ਨਾਨਕ ਦੇਵ ਨੇ ਉਪਨਿਸ਼ਦਾਂ ਵਰਗਾ ਇਕ-ਈਸ਼ਵਰ ਵਾਦ ਥਾਪਿਆ ਜੋ ਇਸਲਾਮੀ ਸੂਫ਼ੀ ਵਾਦੀ ਵਾਹਿਦੁਲ ਵਜੂਦ ਨਾਲ ਵੀ ਮੇਲ ਖਾਂਦਾ ਸੀ। ਉਹ ਇਕ, ਅਗੋਚਰ, ਅਮਰ, ਅਜੋਨੀ ਹੈ।

---

* 'For after the strongest pantheritic expressions, the Supreme is again addressed as a self-conscious Personality who governs all things and takes care of all creatures and with whom man endeavours to enter into personal relations. Contradictory sentences of this kind we find a great many in the Granth. To this personification of the Supreme it is owing that intellectual and moral qualities are frequently ascribed to Him, though strictly speaking, there is no room for them in this system. He is called very wise, acquainted with the secrets of the hearts or the inward governor, not deceivable, kind to his devotees, merciful, just, etc. In other places, qualities are attributed to Him which are contradictory to each other and which clearly show that they are to be taken in a particular sense.''

ਉਸ ਦੇ ਅਨੇਕ ਨਾਮ ਹਨ ਪਰ ਉਹ ਇਕੋ ਇਕ ਹੈ ।

ਬ੍ਰਹਮ ਗਿਆਨ ਹੀ ਸੱਚਾ ਗਿਆਨ ਹੈ। ਉਸ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਸਭਨਾ ਨੂੰ ਹੈ। ਜਾਤਿ ਪਾਤ ਨਿਰਅਰਥ ਹੈ। ਉਸ ਦੇ ਦਰਬਾਰ ਵਿਚ ਤਾਂ ਕਰਮਾਂ ਤੇ ਨਬੇੜਾ ਹੁੰਦਾ ਹੈ। ਸਤਿ, ਸ਼ਰਧਾ ਤੇ ਪ੍ਰੀਤ ਰਾਹੀਂ ਮਨੁੱਖ ਪਰਮ ਜੋਤਿ ਵਿਚ ਲੀਨ ਹੋ ਸਕਦਾ, ਪੂਜਾ ਅਰਚਨਾ, ਤੀਰਥ, ਬਰਤ, ਅਡੰਬਰ, ਕਰਮ ਕਾਂਡ ਕਿਸੇ ਕੰਮ ਨਹੀਂ ਆਉਂਦੇ ।

ਪ੍ਰਭ ਦੀ ਸੁੰਦਰਤਾ, ਸਚਾਈ ਤੇ ਸ਼ਕਤੀ ਦਾ ਉੱਤਮ ਵਰਣਨ ਜਪੁਜੀ ਵਿਚ ਮਿਲਦਾ ਹੈ। ਇਸੇ ਕਰਕੇ ਉਸ ਦਾਂ ਪਾਠ ਨਿਤ ਨੇਮ ਦਾ ਕੰਮ ਮੰਨਿਆ ਗਿਆ ਹੈ ।

ਗੁਰੂ ਨਾਨਕ-ਫ਼ਲਸਫ਼ੇ ਵਿਚ ਨੈਤਿਕ ਆਚਾਰ ਵਿਹਾਰ ਉਪਰ ਜਿਨਾ ਜ਼ੋਰ ਦਿਤਾ ਗਿਆ ਹੈ ਉਨਾਂ ਸ੍ਰਿਸ਼ਟੀ ਦੀ ਬਣਤਰ ਅਤੇ ਆਤਮਾ ਦੇ ਸਰੂਪ ਉਪਰ ਨਹੀਂ ਦਿੱਤਾ ਗਿਆ ।[1]

ਗੁਰੂ ਨਾਨਕ ਫ਼ਲਸਫ਼ੇ ਤੋਂ ਵੀ ਵਧੇਰੇ ਰੌਚਕ ਗੁਰੂ ਨਾਨਕ-ਜੀਵਨੀ ਹੈ। ਪ੍ਰੇਮ-ਮਈ, ਮਿੱਠਾ ਪਵਿਤ੍ਰ, ਉਦਾਰ ਤੇ ਵਿਸ਼ਾਲ ਦਿਲ, ਉਜਲ ।

---

1. "In the teaching of Nanak, morality holds a very high place. Few of India, even of the world, religions have laid down a more exalted moral code than is to be found in the pages of the Granth. Purity of life is set forth as the highest object of human endeavour."
—P. 56, North Indian Saints.

2. We meet with a creed of pure deism, grounded on the most sublime general truths, blended with the belief of all the absurdities of the Hindu mythology and to fables of Muhammadanism; for Nanak professed a desire to reform, not to destroy, the religion of the tribe in which he was born, and actuated by the great and benevolent design of reconciling the jarring faith of Brahma and Muhammad he endeavoured to conciliate Hindus, and Muslims, to his doctrine, by persuading them to reject those parts of their respective belief and usages, which he contended were worthy of that they both edored."
John Malcom: Sketch of the Sikhs, Asiatic Researches, vol. XI, 1810.

ਗੁਰੂ ਨਾਨਕ ਦੇਵ ਕੇਵਲ ਸਮਨਵੈ-ਵਾਦੀ ਹੀ ਨਹੀਂ ਸਨ ਉਹ ਕ੍ਰਾਂਤੀਕਾਰੀ ਵੀ ਸਨ। ਇਸ ਲਈ ਉਨ੍ਹਾਂ ਨੇ ਹਿੰਦੂ ਧਰਮ ਤੇ ਇਸਲਾਮ ਦੇ ਸਿਧਾਂਤਾਂ ਦਾ ਇੰਨਾਂ ਸਾਂਝਾ ਰੂਪ ਨਹੀਂ ਥਾਪਿਆ ਜਿੰਨਾ ਸਾਂਝੇ ਸਮਾਜ ਦਾ, ਜੀਵਨ ਮੁਕਤ, ਸਹਿਜ ਗੁਰਮੁਖ, ਸੇਵਾ ਧਰਮੀ ਸਮਾਜ ਦਾ ਸੁੰਦਰ ਰੂਪ ਥਾਪਿਆ ਜਿਸ ਵਿਚ ਬਾਲਾ ਮਰਦਾਨਾ, ਭਾਈ ਲਾਲੋ,ਮਲਕ ਭਾਗੋ, ਵਲੀ ਕੰਧਾਰੀ ਤੇ ਪੰਡਤ ਨਾਨੂ ਇਕ ਪੰਗਤ ਵਿਚ ਗੁਰੂ ਪ੍ਰਸਾਦਿ ਪ੍ਰਾਪਤ ਕਰ ਸਕਦੇ ਸਨ।

ਗੁਰੂ ਨਾਨਕ ਦੇਵ ਦੀ ਬਾਣੀ ਵਿਚ ਮਨੁੱਖੀ ਮਨ ਦੀ ਸ਼ਾਂਤੀ ਤੇ ਸੁਖ ਦਾ ਸਾਧਨਾਂ ਦਾ ਉੜਕਾਂ ਦਾ ਵਿਸਥਾਰ ਨਾਲ ਵਰਣਨ ਹੈ। ਉਨ੍ਹਾਂ ਨੇ ਹਉਮੈ ਨੂੰ ਗਾਲ ਕੇ ਨਾਮ ਦਾ ਪ੍ਰਕਾਸ਼ ਪ੍ਰਾਪਤ ਕਰਨ ਦਾ ਸੁਖੇਨ ਮਾਰਗ ਕਢਿਆ। ਉਨ੍ਹਾਂ ਨੇ ਕਿਤੇ ਵੀ ਕੋਝੇ ਜਾਂ ਕਠੋਰ ਭ੍ਰਾਵਾਂ ਨਾਲ ਸਮਝੌਤਾ ਨਹੀਂ ਕੀਤਾ; ਸਦਾ ਧਰਮ ਚਕਰ ਪ੍ਰਵਰਤਨ ਦਾ ਜਤਨ ਕੀਤਾ।** ਵਿਸਮਾਦ ਤੋਂ ਅਨਾਹਤ ਨਾਦ ਤਕ,ਕਰਮ ਤੋਂ ਸੱਚ ਖੰਡ ਤਕ ਸਾਰੇ ਪੜਾਵਾਂ ਨੂੰ ਸਮਝਣਾ ਔਖਾਂ ਹੈ। ਰਸ ਦੱਸਣਾ ਕਠਿਨ ਹੈ ਪਰ ਰਸ ਮਾਣਨਾ ਸੌਖਾ ਹੈ :—

ਬਾਣੀ ਬਿਰਲਉ ਬੀਚਾਰਸੀ
ਜੇ ਕੋ ਗੁਰਮੁਖਿ ਹੋਇ।
ਇਹ ਬਾਣੀ ਮਹਾ ਪੁਰਖ ਕੀ
ਨਿਜ ਘਰਿ ਵਾਸਾ ਹੋਇ ॥

### ਗਾਡੀ ਰਾਹੁ :—

ਭਾਈ ਗੁਰਦਾਸ ਜੀ ਨੇ ਨਾਨਕ-ਪੰਥ ਨੂੰ ਗਾਡੀ ਰਾਹ ਕਿਹਾ ਹੈ—

"ਗਾਡੀ ਰਾਹ ਚਲਾਇਆ, ਛਡ ਖੱਬੇ ਸੱਜੇ।"

---

*(i) ਕਾਰਪੇਂਟਰ (Carpenter) ਤੇ ਬਲੂਮ ਫੀਲਡ (Bloom Field) ਨੇ ਵੀ ਇਸ ਵਿਸ਼ੇ ਤੇ ਚਾਨਣ ਪਾਇਆ ਹੈ।

(ii) ਭਾਈ ਗੁਰਦਾਸ ਲਿਖਦੇ ਹਨ—
ਕੀਤੋਸੁ ਆਪਣਾ ਪੰਥੁ ਨਿਰਾਲਾ।
ਕਲਿ ਜੁਗ ਨਾਮੁ ਨਾਨਕ ਸੁਖਾਲਾ ॥ ਵਾਰ 1 ਪਉੜੀ 31

**ਭਾਈ ਗੁਰਦਾਸ ਨੇ ਇਸ ਨਵੇਂ ਪੰਥ ਦੀ ਦ੍ਰਿੜ੍ਹਤਾ ਨੂੰ ਅਸ਼ਟ ਧਾਤ ਵਾਲੀ ਦ੍ਰਿੜ੍ਹਤਾ ਕਿਹਾ ਹੈ.—
"ਅਸ਼ਟ ਧਾਤ ਇਕ ਧਾਤ ਕਰ ਵੇਦ ਕਤੇਬ ਨ ਭੇਦ ਵਿਚਾਲ"
ਵਾਰ 11/ਪਉੜੀ 7

ਅਤੇ ਗੁਰੂ ਨਾਨਕ ਦੇਵ ਨੇ ਆਪ ਸੰਕੇਤ ਕੀਤਾ ਹੈ —
ਅਸ਼ਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸ ॥
ਸਿਰੀ ਰਾਗ; ਪੰ. 61

ਇਸੇ ਰਾਹ ਦਾ ਨਾਉਂ ਮਹਾਤਮਾ ਬੁਧ ਨੇ 'ਮਧਿਅਮ ਮਾਰਗ' ਰਖਿਆ ਸੀ।

ਗੁਰੂ ਨਾਨਕ ਦੇ ਨਿਰੰਕਾਰ-ਪ੍ਰੇਮ ਅਤੇ ਉਪਨਿਸ਼ਦ ਦੇ ਬ੍ਰਹਮ-ਵਾਕ ਵਿਚ ਗੂੜ੍ਹਾ ਮੇਲ ਦਿਸਦਾ ਹੈ। ਬ੍ਰਾਹਮਣਾਂ ਦੇ ਕਰਮ ਕਾਂਡ ਤੇ ਅਨੁਸ਼ਠਾਨ ਉਨ੍ਹਾਂ ਨੂੰ ਕਦੇ ਵੀ ਚੰਗੇ ਨਹੀਂ ਸਨ ਲੱਗਦੇ। ਸ਼ੰਕਰਾਚਾਰਜ ਦਾ ਅਦਵੈਤ ਤੇ ਸਰਵਾਤਮਵਾਦ ਵੀ ਉਨ੍ਹਾਂ ਨੂੰ ਪਿਆਰਾ ਸੀ ਪਰ ਸੁੱਕੇ ਤਰਕਵਾਦ ਵਿਚ ਉਨ੍ਹਾਂ ਕੋਈ ਰੁਚੀ ਨ ਰਖੀ।

ਹੋਰਨਾਂ ਅਚਾਰਜਾਂ ਦੇ ਭਾਸ਼ਾ ਤੇ ਪੂਜਾ-ਪਾਠ ਲਈ ਵੀ ਨਾਨਕ ਪੰਥ ਵਿਚ ਕੋਈ ਥਾਂ ਨਹੀਂ ਸੀ। ਆਤਮ ਦਰਸ਼ਨ ਤੇ ਬ੍ਰਹਮ ਦਰਸ਼ਨ ਲਈ ਦਿਮਾਗ, ਸਿਥਿਤ-ਪ੍ਰੱਗ, ਤ੍ਰਿਕਾਲ ਦਰਸ਼ੀ, ਬਚਨ, ਕਰਮ ਤੇ ਭਾਵਨਾ ਨਾਲ ਮਨੁੱਖਤਾ ਦੀ ਸੇਵਾ, ਦੇਸ ਦੇਸਾਂਤਰਾਂ ਵਿਚ ਕਰਨ ਵਾਲਾ ਅਜਿਹਾ ਆਗੂ ਇਤਿਹਾਸ ਨੇ ਨਹੀਂ ਵੇਖਿਆ। ਉਨ੍ਹਾਂ ਦੀ ਬਾਣੀ ਵਿਚ 'ਭਾਈ' ਸ਼ਬਦ ਦੇ ਵਿਆਪਕ ਪ੍ਰਯੋਗ ਨਾਲ ਬੰਧੂ ਭਾਵ ਪ੍ਰਗਟ ਹੈ। ਸੰਗੀਤ ਦਾ ਪ੍ਰਭਾਵ-ਪੂਰਨ ਲਹਿਜਾ ਸ਼ਾਂਤੀ ਦਾ ਪ੍ਰਕਾਸ਼ ਕਰਦਾ ਸੁਣੀਂਦਾ ਹੈ।

ਕਰਤਾਰਪੁਰ ਵਿਚ ਆਪਣੀ ਕਥਨੀ ਤੇ ਕਰਨੀ ਰਾਹੀਂ ਉਨ੍ਹਾਂ ਨੇ ਸਰਬਤ ਦੇ ਵਿਕਾਸ ਦਾ ਮਾਰਗ ਖੋਲ੍ਹਿਆ। ਕਿਰਤ ਕਮਾ ਕੇ ਨਾਮ ਵਿਚ ਲੀਨ ਹੋ ਕੇ ਵੰਡ ਛਕਣਾ—ਸਹਿਜ ਜੀਵਨ ਜਾਚ ਦੱਸੀ। ਅੰਤ ਵਿਚ ਆਪਣੀ ਗੁਰ ਗੱਦੀ ਤੇ ਪੁੱਤਰਾਂ ਦੀ ਥਾਂ ਗੁਰੂ ਅੰਗਦ ਦੇਵ ਨੂੰ ਗੁਰੂ ਥਾਪਣ ਵਿਚ ਉਨ੍ਹਾਂ ਨੇ ਤਿਆਗ ਦਾ ਆਦਰਸ਼ ਦੱਸਿਆ।[1]

ਗੁਰੂ ਨਾਨਕ ਦੇਵ ਨੇ ਕਿਸੇ ਵਿਸ਼ੇਸ਼ ਮੱਤ ਲਈ ਪ੍ਰਚਾਰ ਨਹੀਂ ਕੀਤਾ। ਸਗੋਂ ਸਰਬ ਸਾਂਝੇ ਮਨੁੱਖਤਾਵਾਦੀ ਸਿਧਾਂਤਾਂ ਤੇ ਆਚਾਰਾਂ ਦੀ ਪੁਸ਼ਟੀ ਕੀਤੀ। ਨਾਮ-ਸਾਧਨਾ ਤੇ ਸਹਿਜ ਯੋਗ ਉਸੇ ਸੁਖੈਨ ਜੀਵਨ-ਪ੍ਰਣਾਲੀ ਲਈ ਉਪਯੋਗੀ ਸਿੱਧ ਹੋਏ। ਜਨਤਾ ਵਿਚ ਆਤਮ ਗੌਰਵ; ਸ਼ੁਭ ਪਿਆਰ ਤੇ ਸੁਤੰਤਰਤਾ ਦੇ ਭਾਵ ਪੈਦਾ ਹੋ ਗਏ।

ਪਾਪੀ ਸ਼ਾਸਕਾਂ, ਧਰਮ ਦੇ ਆਗੂਆਂ ਤੇ ਦੀਨ ਦੇ ਮੁਲਾਣਿਆਂ ਦੀ ਨਿਰਵੈਰ ਆਲੋਚਨਾ ਵਿਚ ਵੀ ਉਨ੍ਹਾਂ ਦਾ ਆਪਾ ਲਿਵ ਲੀਨ ਰਿਹਾ। ਉਨ੍ਹਾਂ ਨੇ ਨਾ ਕੇਵਲ ਸਤਿ ਦੀ ਖੋਜ ਕੀਤੀ, ਸਗੋਂ ਸਤਿ ਨੂੰ ਸਰਲ, ਸਹਿਜ ਤੇ ਸੁਲਭ ਬਣਾ ਕੇ ਸੱਚੇ ਤੇ ਸੁੱਚੇ ਸਮਾਜਵਾਦ ਦੀ ਨੀਂਹ ਰੱਖੀ। ਇਹੋ ਕਾਰਨ ਹੈ ਕਿ ਸਿੱਖ-ਮੱਤ ਦੀ ਸਾਧਨਾ ਵਿਸ਼ਾਲ ਹੈ। ਸਰਵ-ਵਾਦ, ਦਵੈਤਵਾਦ, ਦਵੈਤਾ, ਦਵੈਤ-ਵਿਲੱਖਣ ਵਾਦ, ਸੁੰਨ ਤੇ ਸਹਿਜਵਾਦ, ਨਿਰਗੁਣ, ਸਰਗੁਣਵਾਦ ਦੇ ਅਨੇਕ ਮੋਤੀ ਨਾਮ-ਸੂਤਰ ਵਿਚ

---

[1] "Nothing demonstrates the selflessness and nobility of Nanak better than this appointment of Angad in preference to his own son"

—P. 44. North Indian Saints.

ਪਰੋਏ ਹੋਏ ਹਨ । ਪੁਰਾਤਨ ਤੇ ਨਵੀਨ; ਇਨਕਲਾਬ ਤੇ ਪਰੰਪਰਾ ਦਾ ਇਹ ਮੇਲ ਅਨੂਪਮ ਹੈ ।[1]

ਗੁਰ-ਭਗਤੀ ਤੇ ਪ੍ਰਭੂ-ਪ੍ਰੇਮ ਦੇ ਭਾਵ ਨਾਨਕ ਬਾਣੀ ਵਿਚ ਓਤ ਪ੍ਰੋਤ ਹਨ ਪਰ ਉਨ੍ਹਾਂ ਨੇ ਕਿਤੇ ਵੀ ਪਾਠ ਪੂਰਾਣ ਦੀ ਸ਼ਲਾਘਾ ਨਹੀਂ ਕੀਤੀ । ਬੋਧ ਸਿੱਧਾਂ ਤੇ ਨਾਥ ਜੋਗੀਆਂ ਵਰਗੇ ਅਪਰਿਗ੍ਰਹਿ, ਜਥੇਬੰਦੀ ਤੇ ਉਪਰਾਮਤਾ ਤੇ ਵਿਸਮਾਦ ਵਿਚ ਉਨ੍ਹਾਂ ਨੇ ਆਪਣੀ ਆਸਥਾ ਦੱਸੀ ਹੈ ਪਰ ਕਾਇਆ ਸਾਧਨ ਵਿਚ ਬੇਕਾਰ ਦੇ ਵਟਤ ਤੇ ਕਸ਼ਟ ਜ਼ਰੂਰੀ ਨਹੀਂ ਸਮਝੇ । ਰਿਧੀਆਂ ਸਿਧੀਆਂ ਨੂੰ ਅਵਰਾ ਸੁਆਦ ਦਸਿਆ ਤੇ ਨਾਮ ਮਹਾ ਰਸ ਦੀ ਮਹਿਮਾ ਗਾਈ । ਉਨ੍ਹਾਂ ਦਾ ਜੀਵਨ ਆਦਰਸ਼ ਸੀ ।

1. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
   ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
   (ਪੰਨਾ 928)
2. ਗ੍ਰਿਹ ਬਨੁ ਸਮਸਰਿ ਸਹਜਿ ਸੁਭਾਇ ॥
   (ਪੰਨਾ 351)

ਉਨ੍ਹਾਂ ਨੇ ਜੋਗੀਆਂ ਦਾ ਅਨਾਹਤ ਨਾਦ; ਅਲਪਾਹਾਰ, ਅਲਪ ਨਿਦ੍ਰਾ ਤੇ ਅਲਪ ਭਾਸ਼ਣ ਹੀ ਪਰਵਾਨ ਕੀਤਾ ਪਰ ਗ੍ਰਿਹਸਥ ਤੇ ਇਸਤ੍ਰੀ ਦੀ ਨਿੰਦਾ ਹਟਾ ਕੇ ਕਿਹਾ :—

1. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ
   (ਪੰਨਾ 473)
2. ਜੈ ਕਾਰਣਿ ਤਟਿ ਤੀਰਥ ਜਾਹੀ ।
   ਰਤਨ ਪਦਾਰਥ ਘਟ ਹੀ ਮਾਹੀ ॥
   (ਪੰਨਾ 152)

ਪੁਸ਼ਟਿ ਮਾਰਗ ਤੇ ਕ੍ਰਿਸ਼ਨ ਭਗਤੀ ਦਾ ਵੈਭਵ ਤੇ ਅਡੰਬਰ ਗੁਰੂ ਨਾਨਕ ਦੇਵ ਨੂੰ ਚੰਗਾ ਨਹੀਂ

---

[1]Sikhism arose in India, out of the sea of concepts known vaguely as "Hinduism" whipped to a storm, as it was, by the violene of the Muslim impact.

—p. CL XIX

Sikhism is not a reproduction of earlier religions, but a profound modification of them, sa profound that it cannot critically by regarded otherwise than as a new revelation altogether.

—p. CLXXI

The Gospel of the Guru Granth Sahib.

Duncan Greenlees

ਪ੍ਰਤੀਤ ਹੋਇਆ। ਉਨ੍ਹਾਂ ਨੇ ਆਪਣੀ ਅੱਖੀਂ ਵੇਖਿਆ ਰਾਸ ਧਾਰੀਆਂ ਦੀ ਭਾਵਨਾ 'ਰੋਟੀ ਕਾਰਣ ਪੂਰੇ ਤਾਲ'ਵਾਲੀ ਬਣ ਚੁੱਕੀ ਸੀ। ਗੁਰੂ ਚੇਲਿਆਂ ਨਾਲ ਰਲ ਕੇ ਨਚਦੇ ਤੇ ਮਸਤ ਹੁੰਦੇ ਸਨ। ਇਹ ਗੱਲ ਵੀ ਉਨ੍ਹਾਂ ਨੂੰ ਸਮਾਜ ਦੇ ਸੁਚੱਜੇ ਵਿਕਾਸ ਦੇ ਵਿਰੁੱਧ ਜਾਪੀ।

ਗੁਰੂ ਨਾਨਕ ਫ਼ਲਸਫ਼ਾ ਕਬੀਰ ਦੀ ਵਿਚਾਰਧਾਰਾ ਦੇ ਨਾਲ ਨਾਲ ਚਲਦਾ ਦਿੱਸਦਾ ਹੈ ਪਰ ਇਸ ਵਿਚ ਨਾ ਕਿਤੇ ਉਦੰਡਤਾ ਹੈ ਤੇ ਨਾ ਕਿਤੇ ਹੀਨ-ਭਾਵ ਜਾਂ ਕਟੂਤਾ। ਗੁਰੂ ਨਾਨਕ ਦੀ ਨਿੰਮ੍ਰਤਾ ਤੇ ਗਹਿਰ ਗੰਭੀਰ ਸੁਭਾ ਆਪਣੇ ਵਿਰੋਧੀ ਨੂੰ ਵੀ ਪ੍ਰੇਮ ਵਿਚ ਖਿੱਚ ਲੈਂਦਾ ਸੀ।

ਇਸ ਪ੍ਰਕਾਰ ਗੁਰੂ ਨਾਨਕ ਦੇਵ ਨੇ ਜਨਤਾ ਦੇ ਦਿਲਾਂ ਨੂੰ ਵਹਿਮਾਂ, ਭਰਮਾਂ, ਕੋਝਾਂ ਤੇ ਸੰਕੋਚਾਂ ਤੋਂ ਮੁਕਤ ਕਰਨ ਦਾ ਮਹਾਨ ਉਪਰਾਲਾ ਕੀਤਾ। ਉਨ੍ਹਾਂ ਦੀ ਸਮਾਜਕ ਕ੍ਰਾਂਤੀ ਕੱਤੇ ਦੀ ਪੂਰਨਮਾਸ਼ੀ ਸੀ। ਹਾੜ੍ਹ ਦੀ ਸਿਖਰ ਦੁਪਹਿਰ ਨਹੀਂ। ਉਨ੍ਹਾਂ ਦੀ ਸੀਤਲ, ਸਰਸ ਤੇ ਸੁੰਦਰ ਬਾਣੀ ਨੇ ਮਨੁੱਖੀ ਜੀਵਨ ਨੂੰ ਵਿਸ਼ਾਲ ਤੇ ਤਕੜਾ ਬਣਾਉਣ ਦਾ ਪ੍ਰਯਤਨ ਕੀਤਾ।

ਗੁਰੂ ਨਾਨਕ ਦੇਵ ਨੇ ਸਹਿ-ਭਜਨ, ਸਹਿਭੋਜ ਤੇ ਸਹਿ-ਅਸਤਿਤਵ ਦਾ ਅਮਲੀ ਜੀਵਨ ਆਪਣੇ ਕਰਤਾਰ ਪੁਰ ਦੀਆਂ ਸੰਗਤਾਂ ਵਿਚ ਪ੍ਰਚਲਿਤ ਕੀਤਾ। ਇਹੋ ਗੱਲ ਉਨ੍ਹਾਂ ਦੇ ਫ਼ਲਸਫ਼ੇ ਨੂੰ ਉਸ ਜੁਗ ਦੇ ਹੋਰ ਮਤ-ਮਤਾਂਤਰਾਂ ਤੋਂ ਵੱਖਰਾ ਕਰ ਦਿੰਦੀ ਹੈ।

## ਸਹਜ ਯੋਗ ਤੋਂ ਜੀਵਨ ਮੁਕਤੀ

ਸ਼ਾਸਤ੍ਰੀ ਸਿਧਾਂਤਾਂ ਤੇ ਭਗਤੀ ਭਾਵਨਾ ਦੇ ਮਾਰਗ ਅੱਡਰੇ ਹੋ ਹੋ ਕੇ ਦੂਰ ਜਾ ਪਏ। ਭਗਤਾਂ ਤੇ ਸੰਤਾਂ ਨੇ ਪੁਸਤਕ ਪ੍ਰਮਾਣ ਦੀ ਥਾਂ ਆਪਾ ਚੀਨਣ ਨੂੰ ਉਚੇਰਾ ਕੰਮ ਮੰਨਿਆ। ਮਹਾਤਮਾ ਬੁੱਧ ਨੇ ਮੱਧ ਮਾਰਗ ਕਢਿਆ, ਆਸਾ ਮਾਹਿ ਨਿਰਾਸ ਰਹਿਣਾ। ਘਰ ਵਿਚ ਉਦਾਸ ਰਹਿਣਾ।

ਪ੍ਰਭੂ ਦੇ ਦਰਸ਼ਨ ਲਈ ਸਹਿਜ ਅਵਸਥਾ ਸਭ ਤੋਂ ਉੱਤਮ ਹੈ, ਦੂਜੀ ਅਵਸਥਾ ਧਿਆਨ ਧਾਰਨਾ ਹੈ, ਤੀਜੀ ਮੂਰਤੀ ਪੂਜਾ, ਚੌਥੀ ਕਰਮ ਕਾਂਡ—ਹਵਨ, ਤੀਰਥ-ਯਾਤ੍ਰਾ ਆਦਿ।

ਸਹਿਜ ਅਵਸਥਾ ਨੂੰ ਗੀਤਾ ਨੇ ਅਕਰਮ ਅਵਸਥਾ ਕਿਹਾ ਹੈ, ਅਰਥਾਤ ਚੰਗੇ ਕੰਮ ਸੁਭਾਵਕੀ ਹੋਣ ਦੀ ਬ੍ਰਿਤੀ। ਤਿੰਨੋਂ ਗੁਣਾਂ ਤੋਂ ਅਤੀਤ ਹੋਣਾ ਵੀ ਸਹਿਜ ਅਵਸਥਾ ਮੰਨੀ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਮਨੁੱਖੀ ਮਨ ਵਿਕਾਰਾਂ ਤੋਂ ਰਹਿਤ ਹੋ ਕੇ ਨਾਮ ਲਿਵ ਲੀਨ ਹੋ ਜਾਵੇ; ਸ਼ਾਂਤ ਪ੍ਰਸੰਨ ਹੋ ਜਾਵੇ। ਉਚੇਰੇ ਹੱਠ ਯੋਗ ਤੋਂ ਬਿਨਾਂ ਸਹਿਜ ਰੂਪ ਵਿਚ ਟਿਕ ਜਾਵੇ।

(ੳ) ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥2॥

(ਪੰਨਾ 468)

(ਅ) ਧੂਪ ਛਾਵ ਜੇ ਸਮ ਕਰਿ ਸਹੈ।<br>ਤਾ ਨਾਨਕੁ ਆਖੈ ਗੁਰੁ ਕੋ ਕਹੈ ॥

ਛਿਅ ਵਰਤਾਰੇ ਵਰਤਹਿ ਪੂਤ ॥
ਨਾ ਸੰਸਾਰੀ ਨਾ ਅਉਧੂਤ ।
ਨਿਰੰਕਾਰਿ ਜੋ ਰਹੈ ਸਮਾਇ ।
ਕਾਹੇ ਭੀਖਿਆ ਮੰਗਣਿ ਜਾਇ ॥
(ਰਾਮਕਲੀ, ਪੰਨਾ 953)

ਨਾ ਸੰਸਾਰੀ, ਨਾ ਅਉਧੂਤ, ਨਾ ਹਿੰਦੂ, ਨਾ ਮੁਸਲਮਾਨ ਕਹਿ ਕੇ ਅਤੇ 'ਨਾ ਪੰਡਿਤੁ ਨਾ ਚਤਰੁ ਸਿਆਨਾ । ਨਾ ਭੂਲੋ ਨਾ ਭਰਮਿ ਭੁਲਾਨਾ' ਦੱਸ ਕੇ ਗੁਰੂ ਨਾਨਕ ਦੇਵ ਮਧ ਮਾਰਗ ਦਾ ਸੰਕੇਤ ਹੀ ਕਰਦੇ ਸਨ :—

ਭਾਈ ਗੁਰਦਾਸ ਨੇ ਲਿਖਿਆ ਹੈ—

'ਸਿਖੀ, ਵਾਲੋਂ ਨਿੱਕੀ ਤੇ ਖੰਡਿਓਂ ਤਿਖੀ ਹੈ'

ਇਸ ਸੂਖਮ ਸਹਿਜ ਪ੍ਰਤਿ ਗੁਰੂ ਨਾਨਕ ਬਾਣੀ ਵਿਚ ਵੀ ਆਇਆ ਹੈ ;—

1. ਹਰਖ ਸੋਕ ਊਭੇ ਦਰਵਾਰਿ ।
ਸੁਖੁ ਸਹਜੇ ਜਪਿ ਰਿਦੈ ਮੁਰਾਰਿ ।......
(ਪੰਨਾ 222)

ਹਰਖ ਸੋਗ ਤੇ ਰਹਹਿ ਨਿਰਾਸਾ ।
ਅੰਮ੍ਰਿਤ ਚਾਖਿ ਹਰਨਾਮਿ ਨਿਵਾਸਾ ।
ਆਪੁ ਪਛਾਣਿ ਰਹੈ ਲਿਵ ਲਾਗਾ ।
ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ।
(ਪੰਨਾ 1189)

2. ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਵਾਪੈ ।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ।
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕ ਸਮਾਈ ॥
(ਪੰਨਾ 930)

3. *ਏਕੋ ਭਵਰੁ ਭਵੈ ਤਿਹੁ ਲੋਇ ॥
ਏਕੋ ਬੂਝੈ ਸੂਝੈ ਪਤਿ ਹੋਇ ।
ਗਿਆਨੁ ਧਿਆਨੁ ਲੇ ਸਮਸਰ ਰਹੈ ।
ਗੁਰਮੁਖਿ ਏਕੁ ਵਿਰਲਾ ਕੋ ਲਹੈ ।
(ਪੰਨਾ 930)

4. ਰਾਜਨ ਰਾਮ ਰਵੈ ਹਿਤਕਾਰਿ ।
ਰਣ ਮਹਿ ਲੂਝੈ ਮਨੂਆ ਮਾਰਿ ।
ਰਾਤਿ ਦਿਨੰਤਿ ਰਹੈ ਰੰਗਿ ਰਾਤਾ ।
ਤੀਨਿ ਭਵਨ ਜੁਗ ਚਾਰੇ ਜਾਤਾ ।
(ਪੰਨਾ 931)

ਰੋਜ਼ਾ, ਨਮਾਜ਼, ਜਨੇਊ, ਸੂਤਕ ਦੀਵਾ, ਆਦਿ ਦੇ ਸੂਖਮ ਅਰਥ ਦੱਸ ਕਿ ਬਾਬੇ ਨੇ ਮੱਤ ਮਤਾਂਤਰਾਂ ਨੂੰ ਮਨੁੱਖਤਾ ਦੇ ਚਲੂਲ ਤੇ ਮਜੀਠ ਰੰਗ ਵਿਚ ਡੋਬ ਦਿੱਤਾ ਹੈ ।

ਗੁਰੂ ਨਾਨਕ ਦਾ ਸਹਿਜ ਮਾਰਗ ਵਿਕਾਸਵਾਦ ਦਾ ਅਧਿਆਤਮ ਰੂਪ ਹੈ । ਉਹ ਪਾਪ, ਕ੍ਰੋਧ ਤੇ ਦੁਖ ਦੇ ਭਾਵਾਂ ਤੋਂ ਗੁਰਮੁਖ ਨੂੰ ਉਪਰ ਉਠ ਜਾਣ ਦੀ ਪਰੇਰਨਾ ਦੇਂਦੇ ਹਨ । ਕੰਵਲ ਚਿਕੜ ਤੋਂ ਉਤਪੰਨ ਹੁੰਦਾ ਹੈ ਪਰ ਚਿਕੜ ਤੋਂ ਉਪਰ ਉਠ ਕੇ ਸੁੰਦਰਤਾ, ਤੇਜ ਤੇ ਰਸ ਪ੍ਰਾਪਤ ਕਰਦਾ ਹੈ ਤਿਵੇਂ ਹੀ ਗੁਰਮੁਖ ਸੱਚ ਵਿਚ, ਸਤਿਨਾਮ ਵਿਚ, ਦ੍ਰਿੜ੍ਹ ਰਹਿ ਕੇ ਸਮਦਰਸ਼ੀ ਹੋ ਕੇ ਪਰਮ-ਸੁੱਖ ਦਾ ਅਧਿਕਾਰੀ ਬਣਦਾ ਹੈ :—

1. ਗੁਰਮੁਖਿ ਕੂੜੁ ਨ ਭਾਵਈ
ਸਚਿ ਰਤੇ ਸਚ ਭਾਇ ।
(ਸਿਰੀ ਰਾਗ)

---

*ਯੋਗ ਸ਼ਾਸਤ੍ਰ ਦਾ ਕਥਨ ਹੈ—

नारण्य सेवनाद्योगो नाऽनेक ग्रन्थ चिन्तनात् ।
व्रतैर्यज्ञैस्तपोभिर्वा न योगः कस्यचिद्भवेत् ।

—ਨਾ ਜੰਗਲਾਂ ਵਿਚ ਰਹਿਣ ਨਾਲ, ਨ ਅਨੇਕ ਗ੍ਰੰਥਾਂ ਦੇ ਚਿੰਤਨ ਨਾਲ, ਨ ਵਰਤ, ਯਗ ਜਾਂ ਤਪ ਕਰਨ ਨਾਲ ਯੋਗ ਸਿਧ ਹੁੰਦਾ ਹੈ ।

वृत्तिहीनं मनः क्षेत्रज्ञं कृत्वा परमात्मनि ।
एकीकृत्य विमुच्य योगोऽयं मुख्य उच्यते ।

—ਮਨ ਨੂੰ ਬ੍ਰਿਤੀਆਂ ਤੋਂ ਰਹਿਤ ਕਰਕੇ ਜੀਵਾਤਮਾ ਤੇ ਪਰਮਾਤਮਾ ਦੀ ਏਕਤਾ ਸਾਧਣ ਦਾ ਨਾਮ ਹੀ ਪ੍ਰਮੁਖ ਯੋਗ ਹੈ ।

ਕਿਉਂ ਜੋ :

ਸਚੁ ਸਭਨਾ ਹੋਇ ਦਾਰੂ
ਪਾਪ ਕਢੈ ਧੋਇ ।
(ਵਾਰ ਆਸਾ)

2. ਨਾਨਕ ਭਗਤਾ ਸਦਾ ਵਿਗਾਸੁ
ਸੁਣਿਐ ਦੂਖ ਪਾਪ ਕਾ ਨਾਸੁ ।
(ਜਪੁ)

3. ਗੁਰਮੁਖਿ ਸਰ ਅਪਸਰ ਬਿਧਿ ਜਾਣੈ ।
ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
(ਸਿਧ ਗੋਸਟਿ)

4. ਸਚਿ ਸਿਮਰਿਐ ਹੋਵੈ ਪ੍ਰਗਾਸੁ ।
ਤਾ ਤੇ ਬਿਖਿਆ ਮਹਿ ਰਹੈ ਉਦਾਸੁ ।
ਸਤਿਗੁਰ ਕੀ ਐਸੀ ਵਡਿਆਈ ।
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥2॥24॥
(ਧਨਾਸਰੀ)

5. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ।
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥5॥
(ਸਿਧ ਗੋਸਟਿ)

ਇਸ ਪ੍ਰਕਾਰ ਸੰਨਿਆਸ ਤੇ ਵਿਲਾਸ ਵਿਚ ਨਿਰਲੇਪ ਰਹਿ ਕੇ ਸੰਤੁਲਿਤ ਜੀਵਨ-ਪ੍ਰਣਾਲੀ ਚਲਾਉਣ ਦਾ ਉਪਰਾਲਾ ਕਰਨਾ ਇਕ ਪ੍ਰਕਾਰ ਦੀ ਸਮਾਜਕ ਲਹਿਰ ਸੀ ਜਿਸ ਨੇ ਜਥੇਬੰਦੀ ਵੀ ਕੀਤੀ ਤੇ ਮਨ ਨੂੰ ਨਿਰਭਉ ਨਿਰਵੈਰ ਵੀ ਬਣਾਇਆ :—

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ ॥
(ਪੰਨਾ 469)

ਗੁਰੂ ਨਾਨਕ ਦੇਵ ਨੇ ਦੱਸਿਆ ਹੈ, ਉਤਮ ਗਿਆਨ ਨੂੰ ਵਿਹਾਰ ਤੇ ਆਚਾਰ ਵਿਚ ਉਲਥਾ ਕੇ ਇਕ ਰਸ ਨਾਮ-ਲੀਨ ਹੋਣਾ ਹੀ ਸਹਿਜ ਯੋਗ ਹੈ :—

1. ਸਤਿਗੁਰੁ ਭੇਟੈ ਤ ਸਹਸਾ ਤੂਟੈ
ਧਾਵਤੁ ਵਰਜਿ ਰਹਾਈਐ ।
ਨਿਝਰੁ ਝਰੈ ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗੁ ਜੁਗਤਿ ਇਵ ਪਾਈਐ ॥3॥
ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ ।
ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਤਉ ਪਾਈਐ ॥4॥1॥8॥
(ਸੂਹੀ ਘਰ 7)

2. ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ ।
ਖੰਡਿਤ ਨਿਦ੍ਰਾ ਅਲਪ ਅਹਾਰੰ
ਨਾਨਕ ਤਤੁ ਬੀਚਾਰੋ ॥8॥
(ਸਿਧ ਗੋਸਟਿ)

3. ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ।
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥1॥ਰਹਾਉ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ।
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤ ਸੰਗਤਿ ਗੁਰ ਪਿਆਰ ॥

(ਮਲਾਰ)

ਸਾਂਖ ਵਿਚ ਮਨੁੱਖੀ ਜੀਵਨ ਦੇ ਦੁਖ ਨੂੰ ਅਨਾਦੀ ਅਗਿਆਨ ਦੇ ਸੰਗ ਕਰਕੇ ਨਿਸਰਿਆ ਮੰਨਿਆ ਗਿਆ ਹੈ। ਇਸ ਅਗਿਆਨ ਤੋਂ ਛੁਟ ਜਾਣਾ ਹੀ ਮੁਕਤੀ ਜਾਂ ਅਨੰਦ ਹੈ। ਵੇਦਾਂਤ ਵਿਚ ਆਤਮਾ ਨੂੰ ਸੁਧ ਬੁਧ ਆਨੰਦ ਰੂਪ ਮੰਨਿਆ ਗਿਆ ਹੈ। ਇਸ ਉਪਰ ਜੋ ਮਾਇਆ ਦੇ ਪਰਦੇ ਦੀ ਛਾਂ ਪਈ ਹੋਈ ਹੈ ਉਹੋ ਦੁਖ ਦਾ ਕਾਰਣ ਹੈ। ਮਾਇਆ ਤੋਂ ਮੁਕਤੀ ਹੀ ਪਰਮ ਸੁਖ ਹੈ।

ਗੁਰਮਤਿ ਵਿਚ ਨਾ ਅਨਾਦਿ ਗਿਆਨ ਤੇ ਨਾ ਬ੍ਰਹਮ ਰੂਪ ਆਤਮਾ ਦੇ ਦ੍ਰਿਸ਼ਟੀਕੋਣ ਨੂੰ ਲਾਜ਼ਮੀ ਮੰਨਿਆ ਗਿਆ । ਆਤਮਾ ਦੇ ਅੰਦਰ ਨਿਰੰਕਾਰ ਦਾ ਵਾਸਾ ਮੰਨਿਆ ਗਿਆ ਹੈ ਅਤੇ ਸਾਧਨਾ ਦੇ

ਵਿਕਾਸ ਰਾਹੀਂ ਆਤਮਾ ਦਾ ਪਰਮਾਤਮਾ ਰੂਪ ਹੋ ਜਾਣਾ ਸੰਭਵ ਦਸਿਆ ਹੈ । ਇਹ ਸਾਧਨਾ ਜੀਵਨ ਮੁਕਤੀ ਜਾਂ ਸਹਿਜ ਮਾਰਗ ਦੀ ਸਾਧਨਾ ਹੈ :—

1. ਬੰਧਨ ਤੋਰੇ ਸਹਿਜ ਧਿਆਨੁ ।
ਛੂਟੇ ਗੁਰਮੁਖਿ ਹਰਿ ਗੁਨ ਗਿਆਨੁ ॥7॥
(ਪੰਨਾ 416)

2. ਭੈ ਰਚਿ ਰਹੈ ਸੁ ਨਿਰਭਉ ਹੋਇ ॥
ਜੈਸਾ ਸੇਵੈ ਤੈਸੋ ਹੋਇ ॥
(ਪੰਨਾ 223-24)

3. ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥
ਆਤਮੁ ਚੀਨੈ ਸੁ ਤਤੁ ਬੀਚਾਰੇ ॥
(ਪੰਨਾ 224)

ਨਿਜ ਘਰ, ਚਉਥਾ ਪਦ, ਸੁਰਤਿ, ਸੁੰਨ ਮੰਡਲ, ਦਸਮ ਦੁਆਰ, ਅਨ੍ਹਾਹਦ ਨਾਦ ਅਤੇ ਵਿਸਮਾਦ ਅਵਸਥਾ ਅਕਥ ਹੈ :—

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ।
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ।
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ।
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ।
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ।
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ।
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ।
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ।
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ।
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ।
(ਮਾਰੂ, ਪੰਨਾ 1291)

ਇਹ ਆਸ਼ਾਵਾਦੀ ਫ਼ਲਸਫ਼ਾ ਹੈ ।

ਕੁਰਾਨ ਨੇ ਸੱਚ ਕਿਹਾ ਹੈ, ਨਿਰਾਸ਼ਾਵਾਦੀ ਰੱਬ ਤੋਂ ਮੁਨਕਰ ਹੁੰਦਾ ਹੈ। ਬੋਧ ਮਤ ਵਾਲੇ ਜਗਤ ਤੋਂ ਨਿਰਾਸ਼ ਹੋ ਕੇ ਇਸ ਨੂੰ ਮਿਥਿਆ ਸਮਝਦੇ ਸਨ । ਗੁਰੂ ਨਾਨਕ ਦੇਵ ਨੇ ਜਗਤ ਨੂੰ ਸੱਚਾ ਮੰਨਿਆ ਹੈ :—

ਸਚੇ ਤੇਰੇ ਖੰਡ ਸਚੇ ਬ੍ਰਹਮੰਡ ।

ਸਚੇ ਤੇਰੇ ਲੋਅ ਸਚੇ ਆਕਾਰ...
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ।
ਨਾਨਕ ਸਚੁ ਧਿਆਇਨਿ ਸਚੁ ।
ਜੋ ਮਰਿ ਜੰਮੇ ਸੁ ਕਚੁ ਨਿਕਚੁ ।
(ਵਾਰ ਆਸਾ)

ਇਸੇ ਲਈ ਗੁਰੂ ਨਾਨਕ ਦੇਵ ਨੂੰ 'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ।' ਕਿਉਂ ਜੋ 'ਨਿਡਰੇ ਕਉ ਕੈਸਾ ਡਰੁ ਕਵਨੁ ।'

ਬਾਬਰ ਦੇ ਹੱਲੇ ਸਮੇਂ ਗੁਰੂ ਨਾਨਕ ਦੇਵ ਨੇ ਜੋ ਸੂਰਬੀਰਤਾ, ਉਤਸ਼ਾਹ, ਤੇ ਸਤਿ ਬਚਨ ਦੱਸਿਆ ਉਹ ਉਨ੍ਹਾਂ ਦੇ ਆਸ਼ਾਵਾਦੀ ਫ਼ਲਸਫ਼ੇ ਦਾ ਹੀ ਅਮਲੀ ਰੂਪ ਹੈ :—

1. ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ
(ਵਾਰ, ਆਸਾ ਪੰਨਾ 469)

2. ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ।
ਦਰਿ ਮੰਗਨਿ ਭਿਖ ਨ ਪਾਇਦਾ ॥ 16 ॥
(ਆਸਾ ਵਾਰ, ਪੰਨਾ 472)

ਇਸ ਲਈ ਉਨਾਂ ਨੇ ਬੰਦਿਆਂ ਤੇ ਨਿਰਭਰ ਰਹਿਣ ਦੀ ਥਾਂ ਆਪਣੀ ਸ਼ਕਤੀ ਤੇ ਰੱਬ ਦੀ ਦਾਤ ਤੇ ਨਿਰਭਰ ਰਹਿਣ ਦਾ ਉਪਦੇਸ਼ ਦਿੱਤਾ ।

ਜਿਸ ਕੇ ਜੀਅ ਪਰਾਣ ਹਹਿ , ਕਿਉ ਸਾਹਿਬੁ ਮਨਹੁ ਵਿਸਾਰੀਐ ।
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ।
(ਵਾਰ ਆਸਾ, ਪਉੜੀ 20)

ਗੁਰੂ ਨਾਨਕ ਦੇਵ ਦਾ ਅੰਦਰਲਾ ਵਿਅਕਤਿਤਵ ਸਦਾ ਹੀ ਦੁੱਖ ਸੁੱਖ ਤੋਂ ਉਪਰਾਮ ਸੀ । ਇਸੇ ਕਰਕੇ ਉਨ੍ਹਾ ਨੂੰ ਪਰਮ ਤੱਤ ਦੀ ਝੰਕਾਰ ਸਦਾ ਸੁਣਾਈ ਦੇਂਦੀ ਸੀ । ਉਨ੍ਹਾਂ ਨੇ ਸਿਕੰਦਰ ਲੋਧੀ ਦਾ ਕੱਟਰ ਪੰਥ ਵੇਖਿਆ । ਮੁਗਲਾਂ ਦਾ ਬੇ-ਪਨਾਹ ਜ਼ੁਲਮ ਵੇਖਿਆ । ਜੋਰੀ ਦਾਨ ਮੰਗਦੇ ਸ਼ਾਸਕ, ਸੁਆਰਥੀ ਦੇਸ਼ ਵਾਸੀ ਤੇ ਡਿੱਗਦੇ ਢਹਿੰਦੇ ਅਸੰਖ ਮਨੁੱਖ ਵੇਖੇ ।

ਸੈਦਪੁਰ (ਐਮਨਾਬਾਦ) ਦਾ ਕਤਲਿਆਮ ਤੇ ਪਕੜ-ਧਕੜ ਦਾ ਕਰੁਣ ਦ੍ਰਿਸ਼ ਉਨ੍ਹਾਂ ਆਪਣੀ ਅੱਖੀਂ ਵੇਖਿਆ । ਪਾਨੀਪਤ ਦਾ ਘਲੂਘਾਰਾ ਵੀ ਉਨ੍ਹਾਂ ਦੇ ਸਮੇਂ ਹੋਇਆ । ਫਿਰ ਵੀ ਨਿਰਾਸਤਾ ਨੂੰ ਉਨ੍ਹਾਂ ਆਪਣੇ ਮਨ ਵਿਚ ਨਹੀਂ ਆਉਣ ਦਿਤਾ । ਮਨੁੱਖਤਾ ਵਿਚ ਉਨ੍ਹਾਂ ਦੀ ਅਥਾਹ ਸ਼ਰਧਾ ਸੀ । ਉਨ੍ਹਾਂ ਨੇ ਕਿਹਾ :—

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥

**ਕਾਇਆ ਕਪੜੁ ਟੁਕ ਟੁਕ ਹੋਸੀ ਹਿੰਦੁਸਤਾਨ ਸੰਮਾਲਸੀ ਬੋਲਾ ।**
**ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ।**

(ਤਿਲੰਗ, ਪੰਨਾ 723)

ਸੰਕਟ ਦੇ ਅਜਿਹੇ ਸਮੇਂ ਗੁਰੂ ਨਾਨਕ ਦੇਵ ਨੇ ਨਾ ਤਾਂ ਦੇਸ਼-ਭਗਤੀ ਦੀ ਸੰਕੁਚਿਤ ਭਾਵ-ਧਾਰਾ ਵਹਾਈ, ਨਾ ਨੈਤਿਕ ਉਪਦੇਸ਼ ਦੇਣ ਤੇਂ ਜ਼ੋਰ ਦਿੱਤਾ । ਸਗੋਂ ਉਨ੍ਹਾਂ ਨੇ ਗਹਿਰ ਗੰਭੀਰ ਹੋ ਕੇ ਗੁਰਮੁਖ ਜਾਂ ਪਰਮ-ਮਨੁੱਖ ਬਣ ਜਾਣ ਦਾ ਰਾਹ ਦੱਸਿਆ ।[1]

## ਕ੍ਰਾਂਤੀਕਾਰੀ ਸਾਧਨਾ

ਮਧ ਕਾਲ ਵਿਚ ਗੁਰੂ ਨਾਨਕ ਦੇਵ ਦਾ ਪੰਥ ਹੀ ਨਿਰੋਲ ਕ੍ਰਾਂਤੀ ਕਾਰੀ ਰੂਪ ਵਿੱਚ ਵਿਕਾਸਮਾਨ ਹੋਇਆ । ਇਸ ਨੇ ਤੀਰਥ, ਵਰਤ, ਮੂਰਤੀ ਪੂਜਾ, ਤੇ ਹੋਰ ਕਰਮ-ਕਾਂਡਾਂ ਨੂੰ ਸੱਚੇ ਧਰਮ ਲਈ ਹਾਨੀਕਾਰਕ ਸਮਝਿਆ । ਭਗਤੀ, ਪ੍ਰੇਮ, ਸੇਵਾ ਤੇ ਕਿਰਤ ਕਮਾਈ ਨੂੰ ਹੀ ਸੱਚੀ ਪੂਜਾ ਮੰਨਿਆ ।

ਇਨ੍ਹਾਂ ਵਿਚਾਰਾਂ ਨੇ ਜੀਵਨ ਦੀ ਨੁਹਾਰ ਬਦਲ ਦਿੱਤੀ । ਭਾਈਚਾਰਕ ਤੇ ਧਾਰਮਕ ਕੰਮਾਂ ਵਿਚ ਸਭਨਾਂ ਨੂੰ ਬਰਾਬਰ ਅਧਿਕਾਰ ਦੇਣ ਦਾ ਭਾਵ ਪ੍ਰਚਲਿਤ ਹੋਇਆ । ਇਹ ਵਿਚਾਰ ਇੰਨਾਂ ਜੋਸ਼ੀਲਾ ਸੀ ਮਾਨੋ ਇਸ ਨੇ ਯਖ਼-ਬਸਤ ਦਰਿਆ ਵਿਚ ਹੜ੍ਹ ਪੈਦਾ ਕਰ ਦਿੱਤਾ ਹੋਵੇ, ਮਾਨੋ ਸੂਰਜ ਦੀ ਅਗਨੀ ਨੇ ਨੇੜਿਓਂ ਸੇਕ ਪੁਜਾਇਆ ਹੋਵੇ । ਕਹਿੰਦੇ ਹਨ 'ਨਾਨਕ' ਨਾਮ ਦਾ ਇਕ ਅਰਥ ਅਗਨੀ ਵੀ ਹੈ ।[2] ।

ਭਾਈ ਗੁਰਦਾਸ ਨੇ ਵੀ ਇਸ ਬਰਾਬਰੀ ਤੇ ਸਮਤਾ ਵੱਲ ਸੰਕੇਤ ਕੀਤਾ ਹੈ :

**ਪਰਾਬ ਰੰਕ ਬਰਬਾਰੀ ਪੈਰੀਂ ਪਵਣ ਜਗ ਵਰਤਾਯਾ ।**

(ਵਾਰ 1, ਪਉੜੀ 23)

ਮਾਰਕਸ ਨੇ ਕਿਹਾ ਸੀ :—'ਮਜ਼ਬ ਤਾਂ ਬੇਰਹਿਮ ਦੁਨੀਆਂ ਦੀ ਰਹਿਮ ਦਿਲੀ ਲਈ ਤਾਂਘ ਹੈ - ਬੇ ਰੂਹ ਦੁਨੀਆਂ ਦੀ ਰੂਹਾਨੀ ਲਾਲਸਾ ਹੈ । ਸਤਾਏ ਲਤਾੜੇ ਲੋਕਾਂ ਦਾ ਇਨਸਾਫ਼ ਹੈ ।'[3]

ਪਰ ਇਸ ਤਾਂਘ ਤੇ ਰਹਿਮ ਦਿਲੀ ਨੂੰ ਇਨਕਲਾਬੀ ਰੂਪ ਦੇਣ ਦਾ ਕੰਮ ਨਾਨਕ ਨੇ ਕੀਤਾ । ਆਮ ਲੋਕੀ ਮੰਨਦੇ ਸਨ ਕਿ ਜੋਗੀ ਦਾ ਕੰਮ ਗਿਆਨ ਪ੍ਰਾਪਤੀ ਹੈ । ਬ੍ਰਾਹਮਣ ਦਾ ਵੇਦ, ਖੜ੍ਹੀ ਦਾ

---

1 Tagore —"The complete man must never be sacrficed to the patriotic man or even to the merely moral man"
(Letter to C. F. Andreas—January, 1921)

2 T. L. Vaswani, The Prophet of the People, p. 19.

3 ਉਲਥਾਕਾਰ ਸ. ਗੁਰਬਖ਼ਸ਼ ਸਿੰਘ ਪੰ. 111, ਜ਼ਿੰਦਗੀ ਦੀ ਰਾਸ ।

ਸੂਰਬੀਰਤਾ ਤੇ ਸੂਦਰ ਦਾ ਕੰਮ ਹੈ ਪਰਾਏ ਲੋਕਾਂ ਦੀ ਸੇਵਾ :—

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ**
**ਖੜ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ।**

[ਪੰਨਾ 1359]

ਪਰ ਨਾਨਕ ਚਾਹੁੰਦੇ ਸਨ ਕਿ ਹਰੇਕ ਬੰਦਾ ਹਰੇਕ ਵਰਣ ਦਾ ਕੰਮ ਕਰੇ । ਸਰੇ ਵਰਣਾਂ ਤੇ ਜਾਤਾਂ ਨੂੰ ਇਕ ਮੰਨਣ ਵਾਲਾ ਵਿਵੇਕੀ, ਬੀਰ ਤੇ ਸੇਵਾਦਾਰ ਹੁੰਦਾ ਹੈ। ਉਹ ਮਾਇਆ ਰਹਿਤ 'ਨਿਰੰਜਨ ਦੇਵ' ਬਣ ਜਾਂਦਾ ਹੈ ।

"ਜਿਸੁ ਹਥਿ ਜੋਰ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥ 33॥

(ਜਪੁ)

**ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ।**
**ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ** ॥3॥ ਪੰਨਾ 1353

(ਸਲੋਕ ਸਹਸਕ੍ਰਿਤੀ)

ਕਰਤਾਰਪੁਰ ਵਿਚ ਨਾਨਕ ਨੇ 1520 ਈ. ਵਿਚ ਸਾਂਝਾ ਲੰਗਰ ਚਲਾ ਕੇ ਆਪਣੇ ਫ਼ਲਸਫ਼ੇ ਨੂੰ ਅਮਲੀ ਰੂਪ ਦਿੱਤਾ । ਭਗਤੀ ਦੇ ਇਤਿਹਾਸ ਵਿਚ ਇਹ ਕੰਮ ਪਹਿਲੀ ਵੇਰ ਇਨਕਲਾਬੀ ਨਾਨਕ ਨੇ ਕੀਤਾ ।

ਪ੍ਰਭੂ ਨੂੰ ਭੀ ਪ੍ਰਸ਼ਨ ਕਰਨ ਵਾਲੇ ਇਹ ਪਹਿਲੇ ਸੰਤ ਹਨ :

**'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ।'**

ਨਾਰੀ ਨੂੰ ਸ਼ਕਤੀ ਤੇ ਮਾਇਆ ਦਾ ਰੂਪ ਮੰਨ ਕੇ ਨਾਥਾਂ ਨੇ ਬਹੁਤ ਭੰਡਿਆ, ਸ਼ਕਤੀ ਚੰਦ੍ਰ ਦਾ ਰਸ ਸੁਖਾਉਂਦੀ ਹੈ ਅਤੇ ਮਾਇਆ ਅਕਾਲ ਪੁਰਖ ਤੋਂ ਦੂਰ ਰਖਦੀ ਹੈ । ਬੋਧ ਸਿਧ ਯੋਗਿਨੀ ਦੇ ਮੇਲ ਤੋਂ ਮਹਾ ਸੁਖ ਪਾਉਣ ਦਾ ਜਤਨ ਕਰਦੇ ਸਨ ਪਰ ਨਾਥਾਂ ਨੂੰ ਇਸ ਤੋਂ ਘ੍ਰਿਣਾ ਸੀ । ਗੋਰਖ ਨਾਥ ਨੇ ਇਸਤਰੀ ਦੀ ਬਹੁਤ ਨਿੰਦਾ ਕੀਤੀ ਸੀ । ਕਬੀਰ ਨੇ ਵੀ ਨਾਰੀ ਨੂੰ ਮਾਇਆ ਰੂਪ ਮੰਨਿਆ ।

ਮੈਨਾਵਤੀ ਨੇ ਆਪਣੇ ਪੁੱਤਰ ਗੋਪੀ ਚੰਦ ਨੂੰ ਉਪਦੇਸ਼ ਦਿੱਤਾ ਸੀ ਕਿ ਇਸਤਰੀ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ ਹੈ । ਅਸਾਮ ਦੇ ਸੰਤ ਸ਼ੰਕਰ ਦੇਵ (1449 —1569) ਨੇ ਇਸਤਰੀਆਂ ਨੂੰ ਕੀਰਤਨ ਵਿਚ ਆਉਣ ਦਾ ਅਧਿਕਾਰ ਨਹੀਂ ਦਿੱਤਾ ।

ਗੁਰੂ ਨਾਨਕ ਨੇ ਇਸਤਰੀ ਨੂੰ ਸਨਮਾਨ ਦਿੱਤਾ :—

1. ਸਭ ਪਰਵਾਰੈ ਮਾਹਿ ਸਰੇਸਟ ।
ਮਤੀ ਦੇਵੀ ਦੇਵਰ ਜੇਸਟ ॥

(ਆਸਾ)

2. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

(ਆਸਾ, ਪੰਨਾ 473)

ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :—

1. ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ ।

2. ਗੁਰਮੁਖ ਸੁਖ ਫਲ ਨਿਹਚਉ ਨਾਰੀ ।

**ਜਨਤਾਵਾਦ ਤੇ ਸਮਾਜਵਾਦ :—**

ਸਿੱਖ ਮਤ ਅਰੰਭ ਤੋਂ ਹੀ ਜਾਤ ਪਾਤ ਜਾਂ ਦੀਨ ਧਰਮ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਅਪਣਾ ਚੁਕਿਆ ਸੀ । ਗੁਰੂ ਨਾਨਕ ਦੇਵ ਸਭ ਦੇ ਸਾਂਝੇ ਗੁਰੂ ਪੀਰ ਸਨ ।*

ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਵੇਲੇ ਪਠਾਣਾਂ ਨੇ ਕਿਵੇਂ ਉਨ੍ਹਾਂ ਦਾ ਮਕਬਰਾ ਸਥਾਪਨ ਕਰਨ ਦਾ ਯਤਨ ਕੀਤਾ । ਉਹ ਸਾਰੀ ਕਹਾਣੀ ਨਾਨਕ-ਫਲਸਫੇ ਦੇ ਲੋਕ-ਪ੍ਰਿਯ ਹੋਣ ਦਾ ਪ੍ਰਮਾਣ ਹੈ । ਬਗਦਾਦ, ਪੰਜਾ ਸਾਹਿਬ (ਹਸਨ ਅਬਦਾਲ) ਆਦਿ ਇਸਲਾਮੀ ਸ਼ਹਿਰਾਂ ਵਿਚ ਗੁਰੂ ਨਾਨਕ ਦੇਵ ਦੀ ਮਾਨਤਾ ਹੁਣ ਤਕ ਹੁੰਦੀ ਹੈ । ਗੁਰੂ ਅਰਜਨ ਦੇਵ ਦੇ ਸਮੇਂ ਵੀ ਅਨੇਕ ਮੁਸਲਮ ਉਨ੍ਹਾਂ ਨੂੰ ਆਪਣਾ ਪੀਰ ਸਮਝਦੇ ਸਨ । ਜਹਾਂਗੀਰ ਨੇ ਲਿਖਿਆ ਹੈ ਕਿ ਤਿੰਨ ਚਾਰ ਪੁਸ਼ਤਾਂ ਤੋਂ ਹਿੰਦੂ ਮੁਸਲਮਾਨ ਉਨ੍ਹਾਂ ਨੂੰ ਮੰਨਦੇ ਆ ਰਹੇ ਹਨ :—

**ਬਿਸਯਾਰੇ ਅਜ਼ ਹਨੂਦ ਬਲਕਿ ਨਾਦਾਨ ਵਾ ਸਫ਼ੀਹਾਨ-ਇ-ਇਸਲਾਮ ਰਾ ਮੁਕੱਯਦ-ਇ-ਅਵਤਾਰ-ਵ-ਔਜ਼ਾਅ-ਇ-ਖ਼ੁਦ ਸਾਖ਼ਤਾ ਕੂਸ-ਇ-ਪੀਰੀ ਵਾ ਵਿਲਾਸਤ ਰਾ ਬੁਲੰਦ ਆਵਾਜ਼ਾ ਗਰਦਾਨੀ ਦਾ ਬੂਦ ; ਊਰਾ ਗੁਰੂ ਮੀ ਗੁਫਤੰਦ ਵਾ ਅਜ਼ ਇਤਰਾਫ਼-..**

---

*ਚਾਰਿ ਬਰਨਿ ਚਾਰਿ ਆਸ੍ਰਮ ਹੈ, ਕੋਈ ਮਿਲੈ ਗੁਰੂ ਨਾਨਕ ਸੋ ॥ ਆਪ ਤਰੈ, ਕੁਲ ਸਗਲ ਤਰਾਸੇ ॥

ਮ. 4 ਕਾਨ. ਪੜਤਾਲ

ਵ-ਜਵਾਨਿਬ ਗੋਲਾਂ ਵਾ ਗੋਲ-ਪਰੱਸਤਾਂ ਬਦੂ ਰਜੂਅ ਆਵੁਰਦਾ, ਇਤਮਤਕਾਦ-ਇ-ਤਮਾਮ ਬਉ ਇਜ਼ਹਾਰ ਮੀ ਕਰਦੰਦ; ਵਾ ਅਜ਼ ਸਿਹ ਚਾਹਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੀ ਦਾਸ਼ਤ ।'

(ਤੁਜ਼ਕੇ-ਜਹਾਂਗੀਰੀ)

ਮਘਰ, ਸੰਮਤ, 1770 ਬਿਕ੍ਰਮੀ (1643 ਈ.) ਵਿਚ ਗੋਇੰਦਵਾਲ ਦੀ ਜਗੀਰ ਦੇ ਪਟੇ ਵਿਚ ਸ਼ਾਹ ਜਹਾਨ ਨੇ ਲਿਖਿਆ ਹੈ :—'ਇਹ ਗੱਦੀ ਉਸ ਨਾਨਕ ਸ਼ਾਹ ਦੇ ਸਿਲਸਿਲੇ ਦੇ ਜਾਨਸ਼ੀਨਾਂ ਦੀ ਹੈ ਜੋ ਮੁਸਲਮਾਨ ਤੇ ਹਿੰਦੂ ਦੋਵੇਂ ਮਜ਼੍ਹਬਾਂ ਦੇ ਰਾਹ ਤੇ ਚਲਣ ਵਾਲਾ ਸੀ ਅਤੇ ਇਸ ਸਿਲਸਿਲੇ ਨਾਲ ਬਹੁਤ ਸਾਰੀ ਗਿਣਤੀ ਰੱਬ ਦੇ ਪਿਆਰਿਆਂ ਦੀ ਜੋੜੀ ਹੋਈ ਹੈ ਅਤੇ ਇਹ ਗੱਦੀ ਮਸਕੀਨਾਂ, ਗ਼ਰੀਬਾਂ, ਮੁਸਾਫਰਾਂ ਤੇ ਮੁਸਲਮਾਨਾਂ ਦੀ ਸੇਵਾ ਕਰਦੀ ਹੈ ।

(ਉਲਥਾ)

ਗੁਰੂ ਨਾਨਕ ਦੇਵ ਸਭਨਾਂ ਨੂੰ ਭਾਈ ਕਰਕੇ ਬੁਲਾਉਂਦੇ ਸਨ, ਅੱਗੇ ਚਲ ਕੇ ਗੁਰਮੁਖ ਨੂੰ ਭਾਈ ਜੀ ਮੰਨਿਆ ਜਾਣ ਲੱਗਾ । ਗੁਰੂ ਜੀ ਸਰਬ ਸਾਧਾਰਨ ਸਾਂਝੀ ਜਨਤਾ ਵਿਚ ਪਰਚਾਰ ਕਰਦੇ ਸਨ । ਸੁਤੇ ਸਿੱਧ ਉਹ ਲੋਕ ਨੇਤਾ ਸਨ ।

(ਠ) ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥

(ਵਾਰ ਆਸਾ, ਪੰਨਾ 465)

(ਅ) ਲੋਕਾ ! ਮਤ ਕੋ ਫਕੜਿ ਪਾਇ
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥1॥

(ਪੰਨਾ 358)

ਉਨ੍ਹਾਂ ਦੀ ਦਿੱਬ ਦ੍ਰਿਸ਼ਟੀ ਨੇ ਵੇਖ ਲਿਆ ਸੀ ਕਿ ਰਾਜਾ ਪਰਜਾ ਦੇ ਅੰਤਰ ਮੁਕਾਏ ਬਿਨਾ ਹਾਮ (ਅਲਖ ਨਿਵਾਸੀ) ਦਾ ਰਾਜ ਪ੍ਰਤੱਖ ਨਹੀਂ ਹੋ ਰਿਹਾ । ਰਜਵਾੜਾ ਸ਼ਾਹੀ ਦੇ ਉਸ ਦੰਭ ਭਰੇ ਨਸ਼ੇ ਵਿਚ ਉਨ੍ਹਾਂ ਨੇ ਖਟਿਆਈ ਪਾਈ ਤੇ ਸ਼ਾਸ਼ਨ-ਮੁਕਤ ਸਮਾਜ ਦਾ ਆਦਰਸ਼ ਰਖਿਆ ।

1. ਰਯਤਿ ਰਾਜੇ ਕਹਾ ਸਬਾਏ,
ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ,
ਰਹਸੀ ਅਲਖੁ ਨਿਵਾਸੀ ॥1॥3॥1॥

(ਮਾਰੂ ਕਾਫੀ)

2. ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥
ਪਥਰ ਕੀ ਬੇੜੀ ਜੇ ਚੜੈ ਭਰ ਨਾਲ ਬੁਡਾਵੈ ॥

(ਪੰਨਾ 420)

ਪਰਿਗ੍ਰਹ, ਧਨ ਸੰਚੇ, ਹਕ ਮਾਰਨੇ ਤੇ ਪੂੰਜੀਵਾਦ ਦੀ ਉਨ੍ਹਾਂ ਨੇ ਨਖੇਧੀ ਕੀਤੀ :—

1. ਇਸੁ ਜਰਿ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੋਇਆ ਸਾਥਿ ਨ ਜਾਈ ॥

(ਪੰਨਾ 417)

2. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
3. ਦੁਖ ਦਾਰੂ ਸੁਖੁ ਰੋਗੁ ਭਇਆ ।

(ਆਸਾ ਵਾਰ)

4. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

(ਪੰਨਾ 140)

ਇਸ ਲਈ ਉਨ੍ਹਾਂ ਨੇ ਦਾਨ ਦੇਣ ਦੀ ਪ੍ਰੇਰਨਾ ਦਿੱਤੀ ਤੇ ਭਗਤੀ ਨੂੰ ਵੀ ਕਿਰਤ ਦਾ ਰੂਪ ਦਿੱਤਾ :—

1. ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਪੰਨਾ 1245)

2. ਵਿਣੁ ਗੁਣ ਕੀਤੇ ਭਗਤਿ ਨ ਹੋਇ ॥
3. ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

(ਪੰਨਾ 472)

ਦੂਜੇ ਪਾਸੇ ਭਿਖਿਆ ਬ੍ਰਿਤੀ ਦੀ ਨਖੇਧੀ ਵੀ ਕੀਤੀ ਤੇ ਗੁਰ ਪੀਰ ਸਦਾਉਣ ਵਾਲਿਆਂ ਨੂੰ ਹੱਥ ਦਾ ਕੰਮ ਕਰਨ ਦਾ ਉਪਦੇਸ਼ ਦਿਤਾ :—

1. ਗੁਰੂ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥

(ਪੰਨਾ 1245)

2. ਅੰਮ੍ਰਿਤ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥

(ਸੂਹੀ ਪੰਨਾ 729)

3. ਮਾਣੂਆ ਮੰਗਿ ਮੰਗਿ ਪੈਨੈ ਖਾਇ ॥
ਅੰਧੀ ਕੰਮੀ ਅੰਧ ਸਜਾਇ ॥

(ਪੰਨਾ 1240-41)

ਨਾਨਕ ਨੇ ਧਨ ਸੰਚੇ ਜਾਂ ਪੂੰਜੀਵਾਦ ਨੂੰ ਸਮਾਜ ਤੇ ਜਨਤਾ ਪ੍ਰਤਿ ਚੋਰੀ ਮੰਨਿਆ ਹੈ ਅਤੇ ਇਸ ਬ੍ਰਿਤੀ ਦੀ ਨਖੇਧੀ ਕੀਤੀ ਹੈ :—

1. ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ ॥
ਧਨੁ ਗਇਆ ਤਾ ਜਾਣ ਦੇਹਿ ਜੇ ਰਚਹਿ ਰੰਗਿ ਏਕ ।
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥36॥

(ਰਾਮਕਲੀ, ਦਖਣੀ, ਓਅੰਕਾਰ)

2. ਵਡਾ ਹੋਆ ਦੁਨੀਦਾਰ ਗਲ ਸੰਗਲੁ ਘਤਿ ਚਲਾਇਆ ।

3. ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ ॥
ਗਲਾ ਕਰੇ ਘਣੇਰੀਆ ਤਾਂ ਅੰਨੇ ਪਵਣਾ ਖਾਤੀ ਟੋਵੈ । ॥31॥

(ਪੰਨਾ 1412)

4. ਬੰਧਨ ਸਾਹ ਸੰਚਹਿ ਧਨੁ ਜਾਇ ॥
ਬਿਨੁ ਹਰਿ ਭਗਤਿ ਨ ਪਵਈ ਥਾਇ ॥6॥10॥

(ਪੰਨਾ 416)

5. ਸੰਪਉ ਸੰਚੀ ਭਏ ਵਿਕਾਰ ॥
ਹਰਖ ਸੋਕ ਉਭੇ ਦਰਵਾਰਿ ॥
ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥5॥3॥

(ਪੰਨਾ 222)

6. ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰ ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥

(ਪੰਨਾ 937)

ਗੁਰੂ ਨਾਨਕ ਦੇਵ ਨੇ ਰੋਗ ਸੋਗ, ਅਭਾਵ ਤੇ ਪੀੜਾ ਦਾ ਦਾਰੂ ਕਰਕੇ ਖੁਸ਼ਹਾਲ ਤੇ ਤਕੜੀ ਸੁਖਾਵੀਂ ਜ਼ਿੰਦਗੀ ਦੀ ਨੁਹਾਰ ਬੰਨ੍ਹੀ । ਉਹ ਆਜ਼ਾਦੀ ਦੇ ਦਬੇ ਦਬੋਚੇ ਜਜ਼ਬੇ ਦੀ ਹੂਕ ਬਣ ਕੇ, ਇਨਕਲਾਬ ਦੀ ਲਲਕਾਰ ਬਣ ਕੇ ਪਰਗਟ ਹੋਏ । ਉਨ੍ਹਾਂ ਨੇ ਪਹਿਲੀ ਵੇਰ ਪੰਜਾਬ ਵਿਚ ਸਮਾਨਤਾ, ਏਕਤਾ, ਸਾਂਝੀਵਾਲਤਾ ਤੇ ਹੱਥਾਂ ਪੈਰਾਂ ਦੀ ਕਮਾਈ ਦੀ ਪਵਿਤਰਤਾ ਵਲ ਧਿਆਨ ਦਿਵਾਇਆ । ਆਲਸ ਤੇ ਗੱਪ ਬਾਜ਼ੀ ਤੋਂ ਬਚਣ ਦੀ ਸਿਖਿਆ ਦਿੱਤੀ :—

ਅਮਲੁ ਕਰਿ ਧਰਤੀ, ਬੀਜੁ ਸਬਦੋ ਕਰਿ, ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ, ਭਿਸਤੁ ਦੋਜਕੁ ਮੂੜੇ ਏਵ ਜਾਣੀ ॥
ਮਤੁ ਜਾਣ ਸਹਿ ਗਲੀ ਪਾਇਆ ॥
ਸਚਿ ਰਤੇ ਸੇ ਜਿਣਿ ਗਏ ਤਉ ਸਦ ਬਲਿਹਾਰੈ ਜਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

(ਵਾਰ ਆਸਾ)

ਅਤੇ

'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥'

(ਸਿਰੀ ਰਾਗੁ)

ਕਹਿ ਕੇ ਸੱਚ ਆਚਾਰ ਨੂੰ ਪ੍ਰੇਮ ਮਈ ਮੰਨਿਆ :—

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥

(ਸਿਰੀ ਰਾਗੁ)

ਹੁਣ 20ਵੀਂ ਸਦੀ ਦੇ ਦੋ ਮਹਾਨ ਦਾਰਸ਼ਨਿਕ ਸਾਹਿਤਕਾਰਾਂ ਰੋਮਨ ਰੋਲੈਂਡ ਤੇ ਟੈਗੋਰ ਦੀ ਸਾਂਝੀ ਲਿਖਤ ਪੜ੍ਹੋ,* ਜਿਸ ਵਿਚ ਉਨ੍ਹਾਂ ਨੇ ਜਨਤਾਵਾਦ ਦੀ ਰੂਪ ਰੇਖਾ 1919 ਵਿਚ ਥਾਪੀ ਸੀ ਅਤੇ ਵਿਚਾਰ ਕਰੋ ਕਿ ਗੁਰੂ ਨਾਨਕ ਦੇਵ ਦਾ ਜਨਤਾਵਾਦ ਕਿੰਨਾ ਮੌਲਿਕ ਤੇ ਸਰਲ ਹੈ :—

ਮਨੁੱਖਤਾ ਨੂੰ ਏਕਤਾ, ਸਾਂਝ ਤੇ ਪ੍ਰੇਮ ਦੇ ਸੂਤਰ ਵਿਚ ਲਿਆਉਣ ਲਈ ਜਿੰਨਾ ਕੰਮ ਗੁਰੂ ਨਾਨਕ ਦੇਵ ਨੇ ਕੀਤਾ, ਹੋਰ ਕੋਈ ਨਹੀਂ ਕਰ ਸਕਿਆ। ਉਨ੍ਹਾਂ ਨੇ ਸਰਬਤ ਦੇ ਭਲੇ ਲਈ, ਸਰਵੋਦੇ ਲਈ, ਵਿਦਿਆ ਨੂੰ ਪਰ ਉਪਕਾਰ ਦਾ ਸਾਧਨ ਮੰਨਿਆ-'ਵਿਦਿਆ ਵਿਚਾਰੀ ਤਾਂ ਪਰਉਪਕਾਰੀ।' ਆਪਣੇ ਕਲਿਆਣ ਦੇ ਨਾਲ ਨਾਲ ਦੁਨਿਆ ਦੇ ਕਲਿਆਣ ਨੂੰ ਜ਼ਰੂਰੀ ਸਮਝਿਆ। ਉਨ੍ਹਾਂ ਦੀ ਬਾਣੀ ਵਿਚ ਇਹ ਵਾਕ ਕਈ ਵੇਰ ਆਏ ਹਨ :—

1. ਆਪਿ ਤਰੈ ਸਗਲੇ ਕੁਲ ਤਾਰੇ।
2. ਆਪ ਤਰੈ ਗੁਰ ਸਿਖ ਤਰਾਵੈ।
3. ਮੰਨੈ ਤਰੈ ਤਾਰੇ ਗੁਰ ਸਿਖ ॥

---

[1]"We honour Truth alone, Truth free without frontiers, without limits, without prejudices of race and caste. We are not indeed uninterested in humanity. It is for her that we labour, but for her in all her entirety."

4. ਆਤਮੁ ਚੀਨਿ ਪਰਾਤਮੁ ਚੀਨਹੁ ਗੁਰਸੰਗਤਿ ਇਹੁ ਨਿਸਤਾਰਾ ਹੇ ।
(ਮਾਰੂ)

5. ਆਪਿ ਤਰਹਿ ਸੰਗਤਿ ਕੁਲ ਤਾਰਹਿ,
ਤਿਨ ਸਫਲ ਜਨਮੁ ਜਗਿ ਆਇਆ ॥
(ਮਾਰੂ)

ਗੁਰੂ ਨਾਨਕ ਦੇਵ ਨੇ ਸਰਬ ਸਾਧਾਰਨ ਜਨਤਾ ਦਾ ਦੁਖ, ਅਗਿਆਨ, ਭਰਮ ਤੇ ਭਉ ਦੂਰ ਕਰਨ ਦਾ ਹੀਆ ਕੀਤਾ ਅਤੇ ਸਹਿਜ ਮਾਰਗ ਢੂੰਡ ਕਢਿਆ :—

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੈ ॥
(ਰਾਮਕਲੀ)

ਵਿਣੁ ਭਗਤੀ ਘਰਿ ਵਾਸੁ ਨਾ ਹੋਵੀ ਸੁਣਿਅਹੁ ਲੋਕ ਸਬਾਏ ॥
ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥

ਉਨ੍ਹਾਂ ਨੇ ਸਾਧਾਰਨ ਜੀਵਨ ਵਿਚੋਂ ਦ੍ਰਿਸ਼ਟਾਂਤ ਤੇ ਉਪਮਾਨ ਚੁਣੇ, ਉਨ੍ਹਾਂ ਦੀ ਆਪਣੀ ਸਾਧਾਰਨ ਬੋਲੀ ਵਿਚ ਉਚੇਰੇ ਵਿਚਾਰ ਸਹਿਜ ਰੂਪ ਵਿਚ ਦੱਸੇ :—

1. ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥
ਵਿਣੁ ਨਾਵੈ ਕਿਉ ਛੁਟੀਐ
ਪਾਪੇ ਪਚਹਿ ਪਚਾਹਿ ॥

2. ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥

3. ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ ॥
ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ ॥

4. ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥

5. ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖੁ ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥
ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥

6. ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ।
ਨਾਨਕ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥

7. ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥

ਗਊ ਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥

8. ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮੁ ਬੀਚਾਰੁ ॥
ਨਾਨਕ ਪ੍ਰੇਮ ਮਹਾ ਰਸੀ ਸਭ ਬੁਰਿਆਈ ਛਾਰੁ ॥

9. ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗ ਠਗਿਆ ਕਿਨੈ ਨ ਰਖੀ ਲਜ ॥

10. ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ ॥
ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ ॥
ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ ॥
ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ ॥

ਚਿਤਰ ਦਾ ਦੂਜਾ ਪਾਸਾ ਵੇਖੋ :–

ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ ॥
ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ ॥
ਨਾਉ ਬੀਜ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥
ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥

ਗੁਰਮਤਿ ਸਾਹਿਤ ਦਾ ਪ੍ਰਥਮ ਸੋਮਾ ਗੁਰੂ ਨਾਨਕ ਦੇਵ ਦੀ ਬਾਣੀ ਹੈ ਜਿਸ ਵਿਚੋਂ ਸਦੀਵੀ ਜੀਵਨ ਲਈ ਅਮਕ ਅੰਮ੍ਰਿਤ ਰਸ ਉਛਲਦਾ ਰਹਿੰਦਾ ਹੈ। ਜਿਸ ਨੇ ਇਸ ਮਹਾ ਰਸ ਨੂੰ ਚਖ ਲਿਆ ਉਹ ਮਨਮੁਖ ਤੋਂ ਗੁਰਮੁਖ ਤੇ ਮਨੁੱਖ ਤੋਂ ਦੇਵਤਾ ਬਣ ਜਾਣ ਦੀ ਸ਼ਕਤੀ ਪ੍ਰਾਪਤ ਕਰ ਗਿਆ। ਉਸ ਲਈ ਦੁਖ ਸੁਖ ਸਮਾਨ ਹੋ ਗਏ, ਨ ਕੋਈ ਨੀਚ ਰਿਹਾ ਨ ਕੋਈ ਉਚ, ਨ ਹਿੰਦੂ ਨ ਮੁਸਲਮਾਨ।

ਇਹ ਫ਼ਲਸਫ਼ਾ ਸਰਬ ਸਾਂਝੀ ਮਨੁੱਖਤਾ ਦਾ ਸਾਂਝਾ ਕਰਮ ਖੇਤ੍ਰ ਹੈ। ਇਥੇ ਕਥਨੀ ਦਾ ਉਲਥਾ ਕਰਨੀ ਵਿਚ ਹੀ ਨਿਬੜਦਾ ਹੈ ਕਿਉਂ ਜੋ ਸਿਖ ਮਤ ਕੋਈ ਸਿਧਾਂਤਾਂ ਦਾ ਝਮੇਲਾ ਨਹੀਂ। ਇਹ ਜੀਵਨ ਦਾ ਮੇਲਾ ਹੈ, ਜੀਵਨ ਦੀ ਸੱਚੀ ਤੇ ਸੁੱਚੀ ਕਿਰਤ ਹੈ ਜੋ ਮਨ ਦੇ ਸ਼ੀਸ਼ੇ ਨੂੰ ਨਿਰਮਲ ਕਰਕੇ ਆਪਣੇ ਪਰਮਜੋਤ ਦੇ ਦੀਦਾਰ ਕਰਾਉਂਦੀ ਹੈ।

ਤਨ ਮਨ ਦੇ ਹਰੇਕ ਕੰਮ ਵਿਚ ਆਪਣੇ ਪ੍ਰਭੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਲਿਵਲੀਨ ਰਹਿਣ ਦਾ ਸਹਿਜ ਯੋਗ ਇਸ ਫ਼ਲਸਫ਼ੇ ਦੀ ਵਿਸ਼ੇਸ਼ਤਾ ਹੈ। ਇਹ ਇਕ ਪ੍ਰਕਾਰ ਦੀ ਪ੍ਰੇਮਾ ਭਗਤੀ ਹੈ। ਵਾਦ ਵਿਵਾਦ ਨਹੀਂ :

ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥

... ... ...

ਆਵਾਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥
ਗੁਰਮਤੀ ਸਹਜੁ ਊਪਜੈ ਸਚ ਰਹੈ ਸਮਾਇ ॥

(ਮਾਰੂ ਪੰਨਾ 1009)

# ਆਦਿ ਗ੍ਰੰਥ ਵਿਚ ਨਿਬੰਧ-ਕਾਵਿ

**ਪ੍ਰਕਾਸ਼ ਸਿੰਘ**

'ਨਿਬੰਧ' ਸੰਸਕ੍ਰਿਤ ਦਾ ਸ਼ਬਦ ਹੈ। ਪ੍ਰਾਚੀਨ ਸਮਿਆਂ ਵਿਚ ਲੋਕੀ ਭੋਜ-ਪੱਤਰਾਂ ਉੱਤੇ ਲਿਖ ਕ ਉਨ੍ਹਾਂ ਨੂੰ ਇਕ ਥਾਂ ਸਿਉਂ ਕੇ ਇਕੱਠਿਆਂ ਕਰ ਲੈਂਦੇ ਸਨ। ਇਸ ਕਿਰਿਆ ਨੂੰ ਨਿਬੰਧ ਆਖਿਆ ਜਾਂਦਾ ਸੀ। ਪੰਜਾਬੀ ਵਿਚ ਇਸ ਅਰਥ ਵਿਚ ਸ਼ਬਦ 'ਬੀੜ' ਹੈ। ਵੱਖ ਵੱਖ ਪੱਤਰਿਆਂ ਨੂੰ ਇਕੱਠਿਆਂ ਕਰਕੇ ਇਕ ਥਾਂ ਸਿਉਣ ਦੀ ਕਿਰਿਆ ਨੂੰ 'ਬੀੜਨਾ' ਕਹਿੰਦੇ ਹਨ। ਇਸ ਤੋਂ ਸ਼ਬਦ ਬੀੜ ਬਣਿਆ ਹੈ, ਤਾਹੀਓਂ 'ਗੁਰੂ ਗ੍ਰੰਥ ਸਾਹਿਬ ਦੀ ਬੀੜ' ਕਿਹਾ ਜਾਂਦਾ ਹੈ।

ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼ ਵਿਚ ਨਿਬੰਧ ਦੇ ਅਰਥ ਇਉਂ ਦਿੱਤੇ ਹਨ।

੧. 'ਸੰਸਕ੍ਰਿਤ ਸੰਗਯਾ-ਬੰਧਨ। ੨. ਉਹ ਵਯਾਖਯਾ ਜਿਸ ਵਿਚ ਅਨੇਕ ਮੱਤਾਂ ਦੇ ਨਿਯਮ (ਮੱਤ) ਲਿਖਾਏ ਜਾਣ। ੩. ਗ੍ਰੰਥ। ੪. ਛੰਦ ਗ੍ਰੰਥ। ਮਹਾਨ ਕੋਸ਼ ਵਿਚ ਦਿੱਤੇ ਤੀਜੇ ਅਰਥਾਂ ਅਨੁਸਾਰ ਗ੍ਰੰਥ ਵਿਚ ਨਿਬੰਧ ਹੈ।

ਪਰ ਸਮੇਂ ਦੇ ਗੇੜ ਨਾਲ 'ਨਿਬੰਧ' ਸ਼ਬਦ ਦੇ ਅਰਥਾਂ ਨੇ ਕਈ ਰੂਪ ਵਟਾਏ ਤੇ ਇਸ ਸ਼ਬਦ ਦੀ ਵਰਤੋਂ ਸਾਹਿਤ-ਰਚਨਾ ਲਈ ਹੋਣ ਲੱਗ ਪਈ। ਹਰ ਪਰਕਾਰ ਦੀ ਸਾਹਿਤ ਰਚਨਾ ਨਿਬੰਧ ਅਖਵਾਣ ਲੱਗੀ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਕਿਸੇ ਵੀ ਸਾਹਿਤ-ਰਚਨਾ ਲਈ ਵੱਖ ਵੱਖ ਖਿਆਲਾਂ ਨੂੰ ਉਲੀਕ ਕੇ ਇਕ ਥਾਂ ਇਕੱਠਾ ਕਰਨਾ ਜਾਂ ਬੀੜਨ ਦੀ ਕਿਰਿਆ ਜ਼ਰੂਰੀ ਸੀ। ਸਾਹਿਤ-ਰਚਨਾ ਦੇ ਭਾਵ ਵਿਚ ਵੀ ਆਦਿ- ਗ੍ਰੰਥ ਇਕ ਨਿਬੰਧ ਹੀ ਹੈ।

ਹਿੰਦੀ ਸ਼ਬਦ ਸਾਗਰ (ਪ੍ਰਕਾਸ਼ਕ, ਕਾਸ਼ੀ ਨਾਗਰੀ ਪਰਚਾਰਨੀ ਸਭਾ) ਵਿਚ ਇਸ ਸ਼ਬਦ ਦੇ ਅਰਥ ਮਹਾਨ ਕੋਸ਼ ਵਿਚ ਦਿੱਤੇ ਦੂਜੇ ਅਰਥ ਨਾਲ ਮਿਲਦੇ ਹਨ। ਉਥੇ ਲਿਖਿਆ ਹੈ ਕਿ ਨਿਬੰਧ

'...ਉਹ ਵਿਆਖਿਆ ਹੈ ਜਿਸ ਵਿਚ ਅਨੇਕ ਮੱਤਾਂ ਦਾ ਸੰਗ੍ਰਹਿ ਹੋਵੇ।' ਆਦਿ ਗ੍ਰੰਥ ਇਸ ਲਿਹਾਜ਼ ਨਾਲ ਵੀ ਇਕ ਤਰ੍ਹਾਂ ਨਿਬੰਧ ਹੀ ਹੈ। ਇਸ ਵਿਚ ਜੇ ਅਨੇਕ ਮੱਤਾਂ ਦੀ ਵਿਆਖਿਆ ਨਹੀਂ ਤਾਂ ਘੱਟੋ ਘੱਟ ਇਹ ਅਨੇਕ ਕਵੀਆਂ (ਗੁਰੂਆਂ, ਸੰਤਾਂ, ਭਗਤਾਂ ਤੇ ਭੱਟਾਂ ਆਦਿ) ਦੇ ਵਿਚਾਰਾਂ ਦਾ ਸੰਗ੍ਰਹਿ ਜ਼ਰੂਰ ਹੈ।

## ਨਿਬੰਧ ਦਾ ਪਰਚਲਤ ਭਾਵ

ਅਜੋਕੇ ਸਾਹਿਤ-ਮੰਡਲ ਵਿਚ ਨਿਬੰਧ ਦਾ ਪਰਚਲਤ ਭਾਵ ਕੁਝ ਇਸ ਤਰ੍ਹਾਂ ਹੈ : 'ਅਜਿਹਾ ਲੇਖ ਜਿਸ ਵਿਚ ਪਰੰਪਰਾਗਤ ਵਿਚਾਰਾਂ ਦੇ ਮਾਲ ਨਾਲ ਲੇਖਕ ਆਪਣੇ ਨਿੱਜੀ ਵਿਚਾਰਾਂ, ਭਾਵਾਂ ਅਤੇ ਮਨੋਂ ਬਿਰਤੀਆਂ ਦਾ ਪਰਗਟਾਉ ਆਪਣੀ ਭਾਸ਼ਾ ਤੇ ਸ਼ੈਲੀ ਦੁਆਰਾ ਕਰਦਾ ਹੈ।'[1] ਜਾਂ ਇਉਂ ਕਹਿ ਕਿ ਕਿਸੇ ਵਸਤੂ ਵਿਅਕਤੀ, ਘਟਨਾ ਜਾਂ ਸਿਧਾਂਤ ਦੇ ਸਬੰਧ ਵਿਚ ਕੁਝ ਲੜੀਵਾਰ ਵਿਚਾਰਾਂ ਨੂੰ ਲਿਪੀ ਬੱਧ ਕਰਨ ਦਾ ਨਾਂ ਨਿਬੰਧ ਹੈ।'

ਅੰਗਰੇਜ਼ੀ ਭਾਸ਼ਾ ਵਿਚ ਨਿਬੰਧ ਦੇ ਅਰਥਾਂ ਵਿਚ ਸ਼ਬਦ ਹੈ Essay ਜੋ ਕਿ ਫਰਾਂਸੀਸੀ ਦੇ ਸ਼ਬਦ ESSAY ਦਾ ਹੀ ਵਟਵਾਂ ਰੂਪ ਹੈ। ਫਰਾਂਸੀਸੀ ਮੂਲ ਸ਼ਬਦ ਦਾ ਭਾਵ ਹੈ ਕੋਸ਼ਿਸ਼ ਜਾਂ ਯਤਨ। ਪਰ ਹੁਣ ਅਜੋਕੇ ਸਾਹਿਤ-ਅਰਥਾਂ ਵਿਚ ਅੰਗਰੇਜ਼ੀ ਦੇ ਸਾਹਿਤਕਾਰਾਂ ਨੇ ਇਸ ਸ਼ਬਦ ਦੀ ਤਾਰੀਫ਼ ਇਉਂ ਕੀਤੀ ਹੈ :—

"A literary composition on some special subject analytical, expositary critically or reffective and personal, commonly briefer and less complete and formal than a treatise."[2]

ਅਜੋਕੇ ਨਿਬੰਧ ਜਾਂ ESSAY ਦੀ ਵਿਆਖਿਆ ਵੱਖ ਵੱਖ ਚਿੰਤਕਾਂ ਤੇ ਵਿਦਵਾਨਾਂ ਨੇ ਵੱਖੋ ਵੱਖਰੀ ਕੀਤੀ ਹੈ। ਕੋਈ ਇਸ ਨੂੰ 'ਮਨ ਦਾ ਖੁਲ੍ਹਾ ਵਹਾ' ਕਹਿੰਦਾ ਹੈ ਤੇ ਕੋਈ ਕਹਿੰਦਾ ਹੈ ਕਿ ਇਸ ਦਾ ਖ਼ਾਕਾ ਅਮਿੱਥਵਾਂ ਹੈ। ਵਿਸ਼ੇ, ਰੂਪ, ਸ਼ੈਲੀ ਤੇ ਹੋਰ ਪੱਖਾਂ ਤੋਂ ਵੀ ਇਹ ਇਤਨਾ ਵੰਨ-ਸੁਵੰਨਾ ਹੈ ਕਿ ਇਸ ਬਾਰੇ ਕਿਸੇ ਖ਼ਾਸ ਨੇਮ ਤੇ ਤਰਤੀਬ ਵਿਚ ਕਹਿਣਾ ਅਸੰਭਵ ਹੈ।'[3]

ਨਿਬੰਧ ਦੀ ਕੋਈ ਭੀ ਤਾਰੀਫ਼ ਕੀਤੀ ਜਾਏ ਜਾਂ ਇਸ ਦੇ ਗੁਣ ਕੁਝ ਵੀ ਮਿਥੇ ਜਾਣ, ਅਜੋਕੇ ਸਾਹਿਤ-ਖੇਤਰ ਵਿਚ ਇਹ ਗੱਲ ਆਮ ਤੌਰ ਤੇ ਪਰਵਾਣਿਤ ਹੈ ਕਿ ਨਿਬੰਧ ਕਿਸੇ ਭੀ ਵਿਸ਼ੇ ਜਾਂ ਵਸਤੂ ਤੇ ਕਿਸੇ ਵਿਸ਼ੇ ਦੀ ਸ਼ਾਖ਼ਾ ਤੇ ਇਕ ਖ਼ਾਸ ਆਕਾਰ ਵਿਚ ਲਿਖਿਆ ਲੇਖ ਕਿਹਾ ਜਾ ਸਕਦਾ ਹੈ।

---

1. ਆਲੋਚਨਾ ਮਈ 1962
2. Britanica World's Language Dictionary.
3. Hudson—'Its outlines are so uncertain and it varies so much in matter purpose and style that systematic treatment of it is impossibfe'.

**ਨਿਬੰਧ-ਕਾਵਿ**—ਕਵਿਤਾ ਵਿਚ ਲਿਖੇ ਨਿਬੰਧ ਦਾ ਨਾਮ ਹੈ ਨਿਬੰਧ-ਕਾਵਿ। ਵਾਰਤਕ ਵਿਚ ਲਿਖੇ ਨਿਬੰਧ ਤੇ ਨਿਬੰਧ-ਕਾਵਿ ਵਿਚ ਕੇਵਲ ਇਹੋ ਅੰਤਰ ਨਹੀਂ ਕਿ ਪਹਿਲਾ ਵਾਰਤਿਕ ਵਿਚ ਹੈ ਤੇ ਦੂਜਾ ਕਵਿਤਾ ਵਿਚ। ਪਰ ਜਿਵੇਂ ਵਾਰਤਕ ਵਿਚ ਨਿਬੰਧ ਦੇ ਗਿਣੇ ਮਿਥੇ ਲੱਛਣ ਨਹੀਂ ਹਨ, ਇਸੇ ਤਰ੍ਹਾਂ ਨਿਬੰਧ-ਕਾਵਿ ਦੀ ਭੀ ਕੋਈ ਬੱਝਵੀਂ ਤਾਰੀਫ ਨਹੀਂ ਕੀਤੀ ਜਾ ਸਕਦੀ। ਨਿਬੰਧ-ਕਾਵਿ ਇਕ ਪ੍ਰਬੰਧ-ਕਾਵਿ ਹੈ। ਪਰ ਹਰ ਪ੍ਰਬੰਧ-ਕਾਵਿ ਨਿਬੰਧ-ਕਾਵਿ ਨਹੀਂ। ਨਿਬੰਧ-ਕਾਵਿ ਦੀ ਤਾਰੀਫ ਇਉਂ ਕੀਤੀ ਜਾ ਸਕਦੀ ਹੈ :—

ਕਿਸੇ ਖਾਸ ਵਿਸ਼ੇ ਨਾਲ ਸਬੰਧਿਤ ਉਹ ਲੰਬੇਰੀ ਕਾਵਿ-ਰਚਨਾ ਜਿਸ ਦੇ ਵਿਚਾਰ ਲੜੀਵਾਰ, ਜ਼ੰਜੀਰ ਦੀਆਂ ਕੜੀਆਂ ਵਾਂਗੂੰ ਅਗਾਂਹ ਤੁਰਨ ਤੇ ਕਿਸੇ ਖਾਸ ਆਦਰਸ਼ ਨੂੰ ਛੂਹਣ।'

ਅਜਿਹੀ ਰਚਨਾ ਦਾ ਕਰਮ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ। ਇਸ ਨੂੰ ਵਿਚਾਰ-ਪਰਧਾਨ ਨਿਬੰਧ-ਕਾਵਿ ਭੀ ਕਿਹਾ ਜਾ ਸਕਦਾ ਹੈ। ਇਸ ਵਿਚ ਕੋਈ ਪਾਤਰ ਨਹੀਂ ਉਸਰਦੇ, ਸਗੋਂ ਵਿਚਾਰ ਹੀ ਅਗਾਂਹ ਤੁਰਦੀ ਹੈ। ਇਤਿਹਾਸ ਜਾਂ ਮਿਥਿਹਾਸ ਨਹੀਂ ਹੁੰਦਾ। ਵਿਚਾਰ ਤੋਰਨ ਲਈ ਜਾਂ ਉਦਾਹਰਣ ਵਾਸਤੇ ਇਤਿਹਾਸ ਜਾਂ ਮਿਥਿਹਾਸ ਦੇ ਹਵਾਲੇ ਭਾਵੇਂ ਹੋਣ। ਕਥਾ ਜਾਂ ਕਹਾਣੀ ਨਹੀਂ ਹੁੰਦੀ, ਵਿਚਾਰ ਦੀ ਸਪਸ਼ਟਤਾ ਜਾਂ ਪ੍ਰਸ਼ਨੋਤਰੀ ਰੂਪ ਵਿਚ ਗਿਆਨ-ਚਰਚਾ ਜਾਂ ਗੋਸ਼ਟੀ ਭਾਵੇਂ ਹੋਵੇ। ਪਰ ਗੋਸ਼ਟੀ ਵਿਚ ਕਿਸੇ ਨਾਟਕ ਵਾਂਗ ਪਾਤਰ ਨਹੀਂ ਹੁੰਦੇ, ਕੇਵਲ ਖਿਆਲਾਂ ਦੀ ਉਸਾਰੀ ਲਈ ਸੱਚੀ ਜਾਂ ਕਲਪਿਤ ਗੋਸ਼ਟੀ ਕਰਨ ਵਾਲੇ ਪਾਤਰ ਲਏ ਜਾਂਦੇ ਹਨ। ਪਰ ਵਿਚਾਰ ਚਰਚਾ ਨਾਲ ਵਿਚਾਰ ਉਸਰਦੀ ਹੈ ਪਾਤਰ ਨਹੀਂ ਉਘੜਦੇ।

ਕਿਸੇ ਨਿਬੰਧ-ਕਾਵਿ ਵਿਚ ਜੋ ਭੀ ਵਿਸ਼ਾ ਲਿਆ ਜਾਵੇ ਉਸ ਦਾ ਸੂਤਰ-ਬੱਧ ਹੋਣਾ ਤਾਂ ਜ਼ਰੂਰੀ ਹੈ ਹੀ, ਉਸ ਦਾ ਨਿਭਾ ਭੀ ਸੰਪੂਰਣ ਹੋਣਾ ਚਾਹੀਦਾ ਹੈ। ਭਾਵੇਂ ਛੰਦ ਤੇ ਤੁਕਾਂਤ ਬਦਲਦੇ ਰਹਿਣ, ਅਲੰਕਾਰ ਤੇ ਉਪਮਾਵਾਂ ਰਾਹੀਂ ਰਸ ਤੇ ਰੰਗ ਕਾਇਮ ਰਖਿਆ ਜਾਏ, ਉਸ ਵਿਚ ਇਕ ਬੱਝਵਾਂ ਵੇਗ ਤੇ ਸਰੋਦ ਵੀ ਲੋੜੀਂਦਾ ਹੈ।

ਸਾਹਿਤਕ ਗੁਣਾਂ ਕਰਕੇ ਨਿਬੰਧ-ਕਾਵਿ ਦੀ ਪਰਖ ਕੇਵਲ ਵਿਸ਼ੇ ਜਾਂ ਵਿਸ਼ੇ ਦੀ ਉਸਾਰੀ ਉਪਰ ਹੀ ਨਿਰਭਰ ਨਹੀਂ, ਕਾਵਿਕ ਖੂਬੀਆਂ ਤੇ ਭੀ ਅਧਾਰਤ ਹੈ। ਨਿਬੰਧ-ਕਾਵਿ ਵਿਚ ਸ਼ਿੰਗਾਰ ਜਾਂ ਹੋਰ ਅਜਿਹੇ ਰਸ ਨਹੀਂ ਵਰਤੇ ਜਾਣੇ ਜਿਨ੍ਹਾਂ ਨਾਲ ਜਜ਼ਬਾ ਤਾਂ ਉਭਰੇ ਪਰ ਵਿਚਾਰ ਪਛੜ ਜਾਣ। ਵਾਰਤਕ ਵਿਚ ਲਿਖੇ ਨਿਬੰਧ ਦੇ ਸਾਰੇ ਗੁਣ ਜਾਂ ਲੱਛਣ ਨਿਬੰਧ-ਕਾਵਿ ਤੇ ਲਾਗੂ ਨਹੀਂ ਹੋ ਸਕਦੇ। ਵਾਰਤਕ ਵਿਚ ਜੇ ਕੋਈ ਸ਼ਬਦ ਮੁੜ ਮੁੜ ਕੇ ਦੁਹਰਾਇਆ ਜਾਏ ਤਾਂ ਇਹ ਔਗੁਣ ਹੈ, ਚੰਗੀ ਵਾਰਤਕ ਦੀ ਨਿਸ਼ਾਨੀ ਨਹੀਂ ਪਰ ਇਕ ਨਿਬੰਧ-ਕਾਵਿ ਵਿਚ ਕਈ ਵਾਰੀ ਇਕੋ ਸ਼ਬਦ ਦੀ ਮੁੜ ਮੁੜ ਕੇ ਵਰਤੋਂ ਸੰਗੀਤਕ ਲੈ 'ਤੇ ਰਸ ਪੈਦਾ ਕਰਦੀ ਹੈ। (ਜਿਵੇਂ ਕਿ ਜਪੁਜੀ ਸਾਹਿਬ ਦੀਆਂ ਕਈ ਪਉੜੀਆਂ ਜਾਂ ਤਾਂ ਇਕੋ ਸ਼ਬਦ ਨਾਲ ਸ਼ੁਰੂ ਹੁੰਦੀਆਂ ਹਨ ਜਾਂ ਇਕੋ ਸ਼ਬਦ ਨਾਲ ਖਤਮ ਹੁੰਦੀਆਂ ਹਨ।) ਵਾਰਤਕ ਨਿਬੰਧ ਵਿਚ ਕਈ ਵੇਰ ਰੁਖਾ-ਪਣ ਭਾਵੇਂ ਆ ਜਾਵੇ, ਨਿਬੰਧ-ਕਾਵਿ ਵਿਚ ਦਰਸ਼ਨ ਤੇ ਵਿਚਾਰ ਦੇ ਬਾਵਜੂਦ ਰੁੱਖਾ-ਪਣ ਨਹੀਂ ਆਉਣਾ ਚਾਹੀਦਾ।

ਕਾਮਯਾਬ ਨਿਬੰਧ ਭਾਵੇਂ ਵਾਰਤਕ ਵਿਚ ਹੋਵੇ ਤੇ ਭਾਵੇਂ ਕਵਿਤਾ ਵਿਚ, ਉਸ ਦਾ ਅਸਰ

ਚਿਰ-ਰਹਿਣਾ ਹੁੰਦਾ ਹੈ । ਉਸ ਵਿਚ ਅੰਕਿਤ ਕਈ ਵਿਚਾਰ ਹਵਾਲੇ ਬਣ ਕੇ ਵਰਤੀਣ ਲੱਗ ਜਾਂਦੇ ਹਨ ਅਤੇ ਕਈ ਤਾਂ ਮੁਹਾਵਰੇ ਬਣ ਜਾਂਦੇ ਹਨ ਪਰ ਇਕ ਨਿਬੰਧ-ਕਾਵਿ ਦੀ ਹੀ ਖੂਬੀ ਹੈ ਕਿ ਸਾਰੇ ਦਾ ਸਾਰਾ ਨਿਬੰਧ ਕਾਵਿਕ ਗੁਣਾਂ ਕਰਕੇ ਹਜ਼ਾਰਾਂ ਲੋਕਾਂ ਨੂੰ ਯਾਦ ਹੋ ਸਕਦਾ ਹੈ । ਇਸ ਦੀਆਂ ਜੀਊਂਦੀਆਂ ਜਾਗਦੀਆਂ ਮਿਸਾਲਾਂ ਹਨ ਜਪੁਜੀ ਤੇ ਸੁਖਮਨੀ ਆਦਿ ਲੰਬੀਆਂ ਕਵਿਤਾਵਾਂ, ਜੋ ਕਿ ਹਜ਼ਾਰਾਂ ਲੱਖਾਂ ਨੂੰ ਯਾਦ ਹਨ । 'ਅੰਮ੍ਰਿਤ ਬਚਨ' ਚਾਹੇ ਉਹ ਨਜ਼ਮ ਵਿਚ ਹਨ ਜਾਂ ਨਸਰ ਵਿਚ, ਉਨ੍ਹਾਂ ਵਿਚ ਬਹੁਤ ਹੀ ਨੇੜਤਾ ਆ ਜਾਂਦੀ ਹੈ । ਪ੍ਰੋ: ਪੂਰਨ ਸਿੰਘ ਦੇ ਇਹ ਸ਼ਬਦ ਕਿਤਨੇ ਭਾਵ-ਪੂਰਤ ਹਨ: 'ਨਸਰ ਤੇ ਨਜ਼ਮ ਵਿਚ ਫਰਕ ਬੜਾ ਘੱਟ ਰਹਿ ਜਾਂਦਾ ਹੈ ਜਦ ਕਿ ਅਨੁਭਵੀ ਪੁਰਸ਼ ਦੇ ਵਚਨਾਂ ਦੀ ਮਿਨਤ ਦੀ ਗੌਂਦ ਹੋਵੇ । ਅੰਮ੍ਰਿਤ ਬਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰੱਬੀ ਗੀਤ ਹਨ ।' ਹੈ ਭੀ ਠੀਕ, ਉਹ ਸੱਚੇ ਬੋਲ ਤੇ ਦਰਸ਼ਨ-ਭਰਪੂਰ ਵਿਚਾਰ ਭਾਵੇਂ ਕਵਿਤਾ ਦੇ ਜਾਮੇ ਵਿਚ ਹਨ ਤੇ ਭਾਵੇਂ ਵਾਰਤਕ ਰੂਪ ਵਿਚ ਉਨ੍ਹਾਂ ਦੀ ਕੀਮਤ ਇਕੋ ਜਹੀ ਹੀ ਹੈ ।

ਪਰ ਇਕ ਨਿਬੰਧ-ਕਾਵਿ ਦੀ ਸਮਪੱਥਾ ਉਸ ਦੇ ਪ੍ਰਬੰਧ-ਕਾਵਿ ਹੋਣ ਵਿਚ ਹੈ । ਨਿਬੰਧ-ਕਾਵਿ ਦੀਆਂ ਵੱਖ ਵੱਖ ਟੁਕੜੀਆਂ ਕਿਸੇ ਇਕ ਵਿਸ਼ੇ ਨੂੰ ਲੈ ਕੇ ਉਸ ਵਲ ਤੁਰਦੀਆਂ ਹਨ, ਉਸ ਦੀ ਇਕ ਇਕ ਤੁਕ ਇਕ ਇਕ ਖਿਆਲ ਨੂੰ ਉਸਾਰਨ ਵਿਚ ਸਹਾਈ ਹੁੰਦੀ ਹੈ ਤੇ ਇਕ ਇਕ ਖਿਆਲ ਲਈ ਪੌੜੇ ਬਣਦੇ ਹਨ ਤਾਂ ਨਿਬੰਧ ਕਾਵਿ ਵਿਚ ਛੰਦ, ਜਿਨ੍ਹਾਂ ਨਾਲ ਤੁਕਾਂਤ ਤੇ ਕਈ ਵੇਰੀ ਛੰਦ ਰੂਪ ਵੀ ਬਦਲ ਜਾਂਦਾ ਹੈ ਪਰ ਸ਼ੈਲੀ ਤੇ ਖਿਆਲਾਂ ਦੀ ਲੜੀ ਨੂੰ ਕਾਇਮ ਰਖਣਾ ਜ਼ਰੂਰੀ ਹੁੰਦਾ ਹੈ । ਇਸ ਦੀ ਸਭ ਤੋਂ ਵਧੀਆ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਾਇਦ ਜਪੁਜੀ ਹੈ, ਜਿਸ ਵਿਚ ਨਿਬੰਧ-ਕਾਵਿ ਦੇ ਐਸੇ ਗੁਣ ਹਨ ਜੋ ਕਿ ਇਸ ਨੂੰ ਅਤਿ ਕਾਮਯਾਬ ਨਿਬੰਧ ਬਣਾਉਂਦੇ ਹਨ ।

ਇਹ ਨਿਸਚਿਤ ਹੈ ਕਿ ਸਾਹਿਤ ਵਿਚ ਵੱਖ ਵੱਖ ਵਿਸ਼ਿਆਂ ਤੇ ਨਿਬੰਧ-ਕਾਵਿਕ ਰੂਪ ਵਿਚ ਪਹਿਲਾਂ ਉਚਾਰਨ ਹੋਏ । ਸੰਸਕ੍ਰਿਤ ਤੇ ਬ੍ਰਜ ਭਾਸ਼ਾ ਵਿਚ ਹਜ਼ਾਰਾਂ ਹੀ ਨਿਬੰਧ ਕਾਵਿ ਮਿਲਦੇ ਹਨ । ਇੰਜ ਹੀ ਅੰਗਰੇਜ਼ੀ ਤੇ ਹੋਰ ਬਦੇਸ਼ੀ ਬੋਲੀਆਂ ਵਿਚੋਂ ਵੀ ਕਈ ਨਿਬੰਧ-ਕਾਵਿ ਲੱਭ ਸਕਦੇ ਹਨ । ਪੋਪ ਵਲੋਂ ਉਚਾਰਨ ਕੀਤਾ ਇਕ ਨਿਬੰਧ-ਕਾਵਿ Essay On man ਤਾਂ ਬਹੁਤ ਹੀ ਪ੍ਰਸਿਧ ਹੈ । ਇਹ Essay ਭਾਵ ਨਿਬੰਧ ਹੈ ਤੇ ਹੈ ਕਵਿਤਾ ਵਿਚ । ਇੰਜ ਹੀ ਹੋਰ ਅਨੇਕ ਮਿਸਾਲਾਂ ਲੱਭ ਸਕਦੀਆਂ ਹਨ ।

ਆਧੁਨਿਕ ਰੂਪ ਵਿਚ ਪੰਜਾਬੀ ਵਿਚ ਵਾਰਤਕ ਨਿਬੰਧ ਵਧੇਰੇ ਕਰਕੇ ਸਾਨੂੰ ਅੰਗਰੇਜ਼ੀ ਸਾਹਿਤ ਦੀ ਦੇਣ ਹੈ ਪਰ ਪੰਜਾਬੀ ਵਿਚ ਨਿਬੰਧ-ਕਾਵਿ ਸੰਸਕ੍ਰਿਤ ਜਾਂ ਬ੍ਰਜ ਭਾਸ਼ਾ ਦੀ ਦੇਣ ਹਨ ।

## ਆਦਿ ਗ੍ਰੰਥ ਵਿਚ ਨਿਬੰਧ-ਕਾਵਿ

ਗੁਰੂ ਗ੍ਰੰਥ ਸਾਹਿਬ ਲੜੀ-ਬੱਧ ਵਿਚਾਰਾਂ ਵਿਚ ਪਰੁਤਾ ਹੋਇਆ ਕੋਈ ਇਕ ਮਹਾਂ-ਕਾਵਿ ਜਾਂ ਸਮੁੱਚੇ ਤੌਰ ਤੇ ਇਕ ਪ੍ਰਬੰਧ-ਕਾਵਿ ਜਾਂ ਨਿਬੰਧ-ਕਾਵਿ ਨਹੀਂ । ਇਸ ਵਿਚ ਪ੍ਰਬੰਧ-ਕਾਵਿ ਹਨ ਤੇ ਨਿਬੰਧ ਕਾਵਿ ਵੀ । ਚੂੰਕਿ ਆਦਿ ਗ੍ਰੰਥ ਦੀ ਬਾਣੀ ਵੱਖ ਵੱਖ ਸਮਿਆਂ ਵਿਚ ਰਚੀ ਗਈ ਵੱਖ ਵੱਖ ਮਹਾਂ ਪੁਰਸ਼ਾਂ ਦੀ ਬਾਣੀ ਦਾ ਸੰਗ੍ਰਹਿ ਹੈ ਇਸ ਲਈ ਇਸ ਵਿਚ ਕਈ ਥਾਈਂ ਖਿਆਲਾਂ ਦਾ ਦੁਹਰਾ

ਹੈ ਤੇ ਕਈ ਥਾਈਂ ਇਕੋ ਭਾਵ ਦੇ ਕਈ ਕਈ ਸ਼ਬਦ ਹਨ। ਕਈ ਥਾਈਂ ਇਕ ਖ਼ਿਆਲ ਨੂੰ ਸਪਸ਼ਟ ਕਰਨ ਲਈ ਜਾਂ ਪਾਠਕ ਦੇ ਮਨ ਅੰਦਰ ਵਸਾਉਣ ਵਾਸਤੇ ਵੱਖ ਵੱਖ ਅਨੇਕਾਂ ਮਿਸਾਲਾਂ ਦਿੱਤੀਆਂ ਗਈਆਂ ਹਨ।

ਦਰਅਸਲ ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਤੇ ਸਲੋਕਾਂ ਆਦਿ ਦੇ ਰੂਪ ਵਿਚ ਵਿਕੋਲਿਤਰੇ ਅਨੇਕਾਂ ਖ਼ਿਆਲ—ਜੋ ਕਈ ਥਾਈਂ ਗੰਭੀਰ ਹਨ ਤੇ ਕਈ ਥਾਈਂ ਸਰਲ-ਸਾਗਰ ਵਿਚ ਪਏ ਮੋਤੀਆਂ ਵਾਂਗ ਛੁਪੇ ਪਏ ਹਨ। ਇਨ੍ਹਾਂ ਨਿੱਕੀਆਂ ਰਚਨਾਵਾਂ ਨੂੰ 'ਸ਼ਬਦ' ਕਹਿੰਦੇ ਹਨ। ਕਈ ਲੜੀ-ਬਧ ਲੰਬੀਆਂ ਰਚਨਾਵਾਂ ਹਨ੍ਹ। ਇਨ੍ਹਾਂ ਲੰਬੀਆਂ ਰਚਨਾਵਾਂ ਨੂੰ ''ਬਾਣੀਆਂ'' ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਕੁ ਬਾਣੀਆਂ ਨਿਬੰਧ ਕਾਵਿ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ।

ਕੁਝ ਕੁ ਨਿਕੀਆਂ ਬਾਣੀਆਂ ਵੀ ਹਨ ਜੋ ਨਾ ਤਾਂ ਸ਼ਬਦ ਕਹੀਆਂ ਜਾ ਸਕਦੀਆਂ ਹਨ ਤੇ ਨਾ ਹੀ ਸੰਪੂਰਨ ਰੂਪ ਵਿਚ ਬਾਣੀਆਂ ਹਨ। ਕੁਝ ਕੁ ਅਜਿਹੀਆਂ ਨਿਕੀਆਂ ਬਾਣੀਆਂ ਉੱਤੇ ਵੱਡੀਆਂ ਬਾਣੀਆਂ ਵਾਂਗ ਸਿਰਲੇਖ ਵੀ ਹਨ ਜੋ ਕਿ ਉਨ੍ਹਾਂ ਵਿਚਲੇ ਵਿਸ਼ੇ ਤੇ ਵਸਤੂ ਦਾ ਸੁਝਾਅ ਦਿੰਦੇ ਹਨ। ਜਿਵੇਂ—ਸੋਦਰ, ਆਰਤੀ, ਪਹਰੇ, ਅਲਾਹਣੀਆਂ, ਕੁਚੱਜੀ, ਸੁਚੱਜੀ, ਸੋ ਪੁਰਖ, ਸਦ ਆਦਿ। ਕੁਝ ਕੁ ਅਜਿਹੇ ਲੰਬੇ ਸ਼ਬਦ ਵੀ ਹਨ ਜਿਨ੍ਹਾਂ ਉਪਰ ਭਾਵੇਂ ਵਖਰੇ ਸਿਰਲੇਖ ਤਾਂ ਨਹੀਂ ਲਿਖੇ ਹੋਏ ਪਰ ਉਨ੍ਹਾਂ ਨੂੰ ਕਿਸੇ ਨਾ ਕਿਸੇ ਸਿਰਲੇਖ ਹੇਠ ਲਿਆਇਆ ਜਾ ਸਕਦਾ ਹੈ। ਇਨ੍ਹਾਂ ਨਿੱਕੀਆਂ ਬਾਣੀਆਂ ਤੇ ਵੱਡੇ ਸ਼ਬਦਾਂ ਨੂੰ ਨਿੱਕੇ ਨਿੱਕੇ ਨਿਬੰਧ-ਕਾਵਿ ਕਿਹਾ ਜਾ ਸਕਦਾ ਹੈ। ਡਾ: ਤਾਰਨ ਸਿੰਘ ਨੇ ਆਪਣੀ ਪੁਸਤਕ ਗੁਰੂ ਨਾਨਕ ਚਿੰਤਨ ਤੇ ਕਲਾ (ਪੰਨਾ ੯੫) ਵਿਚ ਇਹੋ ਜਿਹੀਆਂ ਨਿੱਕੀਆਂ ਬਾਣੀਆਂ ਤੇ ਲੰਮੇ ਸ਼ਬਦਾਂ ਨੂੰ 'ਸਮਸਿਆਵੀ ਕਾਵਿ' ਲਿਖਿਆ ਹੈ। ਅਸਲ ਵਿਚ ਇਨ੍ਹਾਂ ਬਾਣੀਆਂ ਆਦਿ ਦੇ ਸਿਰਲੇਖਾਂ ਵਿਚੋਂ ਕਈ ਲੋਕ-ਕਾਵਿ ਰੂਪਾਂ ਦੇ ਨਾਮ ਹਨ ਪਰ ਇਨ੍ਹਾਂ ਵਿਚੋਂ ਕੁਝ ਕੁ ਰਚਨਾਵਾਂ ਤਾਂ ਸਚਮੁਚ ਨਿੱਕੇ ਨਿੱਕੇ ਨਿਬੰਧ-ਕਾਵਿ ਲਗਦੀਆਂ ਹਨ।

## ਆਦਿ ਗ੍ਰੰਥ ਵਿਚ ਨਿੱਕੇ ਨਿਬੰਧ-ਕਾਵਿ

ਇਨ੍ਹਾਂ ਨਿੱਕੇ ਨਿੱਕੇ ਨਿਬੰਧ-ਕਾਵਾਂ ਵਿਚੋਂ ਕੁਝ ਇਕ ਤੇ ਸੰਖੇਪ ਜਹੀ ਵਿਚਾਰ ਕਰਦੇ ਹਾਂ।

**ਸੋਦਰ** : ਸੋਦਰ ਸ਼ਬਦ ਦਾ ਇਕ ਸੰਖੇਪ ਨਿਬੰਧ ਕਾਵਿ ਹੈ ਜਿਹੜਾ ਕੇਵਲ ਜਪੁਜੀ ਦੇ ਲੰਬੇਰੇ ਨਿਬੰਧ ਕਾਵਿ ਦਾ ਹਿਸਾ ਹੀ ਨਹੀਂ, ਸਗੋਂ ਰਹਿਰਾਸ ਤੇ ਰਾਗ ਆਸਾ ਵਿਚ ਵੀ ਆਇਆ ਹੈ। ਇਸ ਸ਼ਬਦ ਵਿਚ ਪ੍ਰਭੂ ਦੇ ਦਰ ਦਾ ਨਕਸ਼ਾ ਤੇ ਉਸ ਪ੍ਰਭੂ ਅੱਗੇ ਖੜ੍ਹੇ ਅਨੇਕਾਂ ਜੀਵ-ਜੰਤ ਤੇ ਪ੍ਰਕ੍ਰਿਤੀ ਦਾ ਅਲੌਕਿਕ ਦ੍ਰਿਸ਼ ਖਿਚਿਆ ਹੈ। ਇਹ ਬ੍ਰਹਿਮੰਡਕ ਵਿਸ਼ਾਲਤਾ ਦਾ ਇਕ ਬੇਮਿਸਾਲ ਸ਼ਬਦ ਹੈ। ਇਸ ਵਿਚ ਸਾਰੇ ਬ੍ਰਹਮੰਡ ਦੇ ਪ੍ਰਬੰਧ ਲਈ ਰਾਗਾਤਮਕਤਾ ਨੂੰ ਕਾਰਨ ਦਰਸਾਇਆ ਹੈ। ਪਰਮਾਤਮਾ ਸਭ ਦੀ ਸੰਭਾਲ ਕਰ ਰਿਹਾ ਹੈ। ਉਸ ਦੀ ਰਜ਼ਾ ਵਿਚ ਰਹਿਣਾ ਤੇ ਉਸ ਦੀ ਰਾਗਾਤ-ਮਕਤਾ ਨਾਲ ਇਕ-ਸੁਰ ਹੋਣਾ ਹੀ ਭਗਤੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਪਰਮਾਤਮਾ ਕਿਸੇ ਇਕ ਖ਼ਾਸ ਕੇਂਦਰ ਤੋਂ ਸਾਰੇ ਬ੍ਰਹਿਮੰਡ ਨੂੰ ਕਿਸੇ ਮਿਥੇ ਪ੍ਰਬੰਧ ਹੇਠ ਚਲਾ ਰਿਹਾ ਹੈ।

**ਸੋ ਪੁਰਖ** : ਇੰਜ ਹੀ ਸੋ ਪੁਰਖ ਦਾ ਸ਼ਬਦ ਜੋ ਕਿ ਪੰਜ ਬੰਦਾਂ ਦਾ ਲੰਮਾ ਸ਼ਬਦ ਹੈ ਇਸ ਵਿਚ ਵੀ ਇਕ ਖਿਆਲ ਉਸਾਰਿਆ ਗਿਆ ਹੈ ਕਿ ਉਹ ਅਕਾਲ ਪੁਰਖ ਅਗੰਮ, ਅਪਾਰ ਤੇ ਸਿਰਜਣਹਾਰ ਹੈ ਅਤੇ ਉਸ ਦੀ ਅਰਾਧਨਾ ਕਰਨ ਵਾਲੇ ਸੁਖ ਤੇ ਸ਼ਾਂਤੀ ਦੀ ਪ੍ਰਾਪਤੀ ਕਰਦੇ ਹਨ। ਇਹ ਸ਼ਬਦ ਵੀ ਰਹਿਰਾਸ ਤੇ ਆਸਾ ਰਾਗ ਵਿਚ ਦੋ ਥਾਈਂ ਅੰਕਿਤ ਹੈ।

**ਆਰਤੀ** : ਆਰਤੀ ਦਾ ਇਕ ਸ਼ਬਦ "ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ..." ਜੋ ਕਿ ਰਾਤ ਦੀ ਬਾਣੀ ਸੋਹਿਲਾ ਦਾ ਇਕ ਹਿੱਸਾ ਹੈ ਤੇ ਧਨਾਸਰੀ ਰਾਗ ਵਿਚ ਵੀ ਅੰਕਿਤ ਹੈ, ਵਿਚ ਗੁਰੂ ਨਾਨਕ ਦੇਵ ਨੇ ਇਕ ਅਲੌਕਿਕ ਖਿਆਲ ਦ੍ਰਿਸ਼ਟੀ ਗੋਚਰਾ ਲਿਆਂਦਾ ਹੈ। ਆਪ ਨੇ ਉਸ ਅਕਾਲ ਪੁਰਖ ਦੀ ਅਨਾਹਤ ਆਰਤੀ ਹੁੰਦੀ ਦਸੀ ਹੈ।

**ਪਹਿਰੇ** : ਇਹ ਵੀ ਇਕ ਨਿਕਾ ਨਿਬੰਧ ਹੀ ਹਨ ਇਥੇ ਉਮਰ ਨੂੰ ਦਿਨ ਜਾਂ ਰਾਤ ਨਾਲ ਉਪਮਾ ਦਿਤੀ ਗਈ ਹੈ ਅਤੇ ਦਸਿਆ ਹੈ ਕਿ ਇਹ ਦਿਨ ਜਾਂ ਰਾਤ ਦੇ ਪਹਿਰ ਭਾਵ ਅੱਡ ਅੱਡ ਹਿੱਸੇ ਬਾਲਪਨ, ਜਵਾਨੀ ਅਤੇ ਬੁਢੇਪਾ ਆਦਿ ਹਨ ਜੋ ਕਿ ਖੇਡਣ ਕੁਦਣ, ਕਾਮਾਦਕ ਰਸਾਂ, ਧਨ ਤੇ ਪਦਵੀ ਆਦਿ ਦੇ ਲਾਲਚ ਵਿਚ ਹੀ ਬੀਤ ਜਾਂਦੇ ਹਨ। ਵਿਚਾਰ ਇਹ ਹੈ ਕਿ ਜੀਵਨ ਬਹੁਤ ਜ਼ਰੂਰੀ ਹੈ। ਇਸ ਨੂੰ ਨਿਰਾਰਥਕ ਨਹੀਂ ਬਿਤਾਣਾ ਚਾਹੀਦਾ। ਜੀਵਨ ਦਾ ਅਸਲ ਮੰਤਵ ਪ੍ਰਭੂ-ਮਿਲਾਪ ਹੈ, ਉਸ ਲਈ ਹੀ ਸਾਨੂੰ ਯਤਨ ਕਰਨਾ ਚਾਹੀਦਾ ਹੈ।

**ਅਲਾਹਣੀਆਂ** : ਆਮ ਪੰਜਾਬੀ ਭਾਵ ਅਨੁਸਾਰ ਅਲਾਹਣੀਆਂ ਮੌਤ ਦੇ ਗੀਤ ਹਨ। ਇਹ ਕਿਸੇ ਮੌਤ ਸਮੇਂ ਹੀ ਗਾਏ ਜਾਂਦੇ ਹਨ ਪਰ ਗੁਰੂ ਸਾਹਿਬਾਂ ਦੀਆਂ ਅਲਾਹਣੀਆਂ ਵਖਰੀਆਂ ਹਨ, ਇਹ ਅਧਿਆਤਮਕ ਹਨ। ਇਨ੍ਹਾਂ ਵਿਚ ਇਕ ਵਿਸ਼ਾ ਵਸਤੂ ਹੈ। ਆਮ ਅਲਾਹਣੀਆਂ ਵਾਂਗ ਇਨ੍ਹਾਂ ਦਾ ਸਮੁੱਚਾ ਪ੍ਰਭਾਵ ਨਿਰਾਸਤਾ ਵਾਲਾ ਨਹੀਂ ਪੈਂਦਾ। ਭਾਵੇਂ ਵਾਯੂਮੰਡਲ ਮੌਤ ਦਾ ਹੀ ਬੱਝਦਾ ਹੈ ਪਰ ਉਪਦੇਸ਼ ਇਹ ਹੈ ਕਿ ਮੌਤ ਨੂੰ ਸਹਾਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਮੌਤ ਤੋਂ ਪਹਿਲਾਂ ਹੀ ਮਰ ਨਹੀਂ ਜਾਣਾ ਚਾਹੀਦਾ। ਅਲਾਹਣੀਆਂ ਵਿਚ ਇਹ ਭੇਦ ਹੀ ਦਸਿਆ ਹੈ ਕਿ ਮਾਇਆ-ਧਾਰੀ ਤੇ ਗੁਰਮੁਖ ਵਿਚ ਕੀ ਫਰਕ ਹੈ। ਆਮ ਮਨੁੱਖ ਦੀ ਮੌਤ ਤੇ ਸ਼ਹੀਦ ਦੀ ਮੌਤ ਵਿਚ ਕੀ ਅੰਤਰ ਹੈ। ਅਲਾਹਣੀਆਂ ਮੌਤ ਦੇ ਵਿਸ਼ੇ ਅਤੇ ਅਧਿਆਤਮਕ ਪੱਖ ਤੋਂ ਨਿਬੰਧ-ਕਾਵਿ ਹਨ।

**ਕੁਚੱਜੀ ਤੇ ਸੁਚੱਜੀ** : ਇੰਜ ਹੀ ਕੁਚੱਜੀ ਤੇ ਸੁਚੱਜੀ ਵਿਚ ਮਾੜੇ ਆਚਾਰ ਵਾਲਿਆਂ ਦੀਆਂ ਕਮਜ਼ੋਰੀਆਂ, ਗਲਤ ਰੁਚੀਆਂ, ਔਗੁਣ ਤੇ ਭੈੜੇ ਸੁਭਾਵ, ਜੋ ਪ੍ਰਭੂ-ਮਿਲਾਪ ਵਿਚ ਵਿਘਨ ਪਾਉਂਦੇ ਹਨ ਤੇ ਚੰਗੇ ਆਚਾਰ ਵਾਲੇ ਦੇ ਸ਼ੁਭ ਗੁਣ ਚੰਗਿਆਈਆਂ ਤੇ ਗਹਿਰ-ਗੰਭੀਰ ਸੁਭਾਵ ਜੋ ਪ੍ਰਭੂ-ਮਿਲਾਪ ਵਿਚ ਸਹਾਈ ਹੁੰਦੇ ਹਨ, ਦਰਸਾਏ ਹਨ। ਭਾਵੇਂ ਇਹ ਪੂਰੇ ਅਰਥਾਂ ਵਿਚ ਨਿਬੰਧ ਕਾਵਿ ਤਾਂ ਨਹੀਂ ਕਿਉਂਕਿ ਇਨ੍ਹਾਂ ਵਿਚੋਂ ਕਾਫੀ ਕਾਵਿ ਰੂਪ ਦੇ ਵੀ ਝਲਕਾਰੇ ਮਿਲਦੇ ਹਨ। ਪਰ ਕੁਚੱਜੀ ਤੇ ਸੁਚੱਜੀ ਸਿਰਲੇਖ ਹੇਠਾਂ ਸ਼ਬਦਾਂ ਨੂੰ ਇਕੱਠਿਆਂ ਪੜ੍ਹਨ ਨਾਲ ਇਹ ਚੰਗੇ ਤੇ ਮੰਦੇ ਆਚਾਰ ਭਾਵ ਸਦਾਚਾਰ ਤੇ ਦੁਰਾਚਾਰ ਦਾ ਇਕ ਚੰਗਾ ਤੁਲਨਾਤਮਕ ਅਧਿਐਨ ਹੈ।

ਗੁਰਬਾਣੀ ਵਿਚੋਂ ਕਈ ਹੋਰ ਸ਼ਬਦ ਜੋ ਕਿਸੇ ਸਿਰਲੇਖ ਹੇਠ ਤਾਂ ਨਹੀਂ ਹਨ ਪਰ ਲਗਦੇ

ਨਿੱਕੇ ਨਿੱਕੇ ਨਿਬੰਧ ਹਨ, ਮਿਲ ਸਕਦੇ ਹਨ । ਜਿਵੇਂ ਮਾਰੂ ਰਾਗ ਵਿਚ ਚੌਵੀ ਪਦਿਆਂ ਦੀ ਇਕ ਰਚਨਾ ਜੋ 'ਜੋਗੀ ਅੰਦਰ ਜੋਗੀਆ ਤੂੰ ਭੋਗੀ ਅੰਦਰ ਭੋਗੀਆ' ਦੀ ਤੁਕ ਨਾਲ ਸ਼ੁਰੂ ਹੁੰਦੀ ਹੈ, ਇਕ ਚੰਗੀ ਮਿਸਾਲ ਹੈ । ਇਸ ਲੰਬੇ ਸ਼ਬਦ ਵਿਚ ਕੇਵਲ ਪ੍ਰਭੂ-ਉਸਤਤੀ ਹੀ ਹੈ ਸਗੋਂ ਗੁਰੂ, ਸਤਿ ਸੰਗਤ, ਬਾਣੀ ਤੇ ਹੋਰ ਕਈ ਅੰਗਾਂ ਨੂੰ ਉਜਾਗਰ ਕੀਤਾ ਗਿਆ ਹੈ । ਮਿਠਾਸ ਤੇ ਵਿਸ਼ਾਲਤਾ ਨਾਲ ਲਿਪਟੀ ਹੋਈ ਇਹ ਰਚਨਾ ਇਕ ਨਿੱਕਾ ਜਿਹਾ ਨਿਬੰਧ ਹੀ ਹੈ ।

ਆਸਾ ਦੀ ਵਾਰ ਵਿਚ ਵਿਸਾਦ ਵਾਲੇ, ਹਉਂ ਵਾਲੇ, ਸੂਤਕ ਵਾਲੇ ਤੇ ਭੇਡ ਵਾਲੇ ਸ਼ਲੋਕ ਨਿੱਕੇ ਨਿੱਕੇ ਨਿਬੰਧ ਜਾਪਦੇ ਹਨ ।

## ਆਦਿ ਗ੍ਰੰਥ ਵਿਚ ਸੰਪੂਰਨ ਨਿਬੰਧ-ਕਾਵਿ :

ਗੁਰਬਾਣੀ ਵਿਚ ਨਿੱਕੇ ਨਿੱਕੇ ਨਿਬੰਧ-ਕਾਵਿ ਤਾਂ ਸੈਂਕੜੇ ਹੀ ਹਨ, ਪਰ ਸੰਪੂਰਨ ਰੂਪ ਵਿਚ ਨਿਬੰਧ-ਕਾਵਿ ਲੰਬੀਆਂ ਬਾਣੀਆਂ ਹੀ ਹਨ । ਅੱਗੇ ਹੁਣ ਅਸੀਂ ਚਾਰ ਵੱਡੇ ਨਿਬੰਧ-ਕਾਵਾਂ ਤੇ ਵਿਚਾਰ ਕਰਦੇ ਹਾਂ । ਉਹ ਹਨ :—ਜਪੁਜੀ, ਸਿੱਧ ਗੋਸ਼ਟ, ਸੁਖਮਨੀ ਤੇ ਅਨੰਦ । ਪਹਿਲੀਆਂ ਦੋ ਬਾਣੀਆਂ ਗੁਰੂ ਨਾਨਕ ਸਾਹਿਬ ਦੀਆਂ ਹਨ. ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਤੇ ਅਨੰਦ ਗੁਰੂ ਅਮਰ ਦਾਸ ਜੀ ਦੀ ।

### ੧. ਜਪੁਜੀ

ਜਪੁਜੀ ਵਿਚਾਰ-ਪ੍ਰਧਾਨ ਸੂਤ੍ਰਿਕ ਬਾਣੀ ਹੈ । ਇਹ ਬਾਣੀ ਆਕਾਰ ਨਾਲੋਂ ਵਿਚਾਰ ਕਰ ਕੇ ਕਈ ਗੁਣਾਂ ਮਹੱਤਵ ਰੱਖਦੀ ਹੈ । ਗੁਰੂ ਨਾਨਕ ਸਾਹਿਬ ਦੀ ਇਸ ਉਤਕ੍ਰਿਸ਼ਟ ਰਚਨਾ ਨੂੰ ਸਾਰੀ ਬਾਣੀ ਦਾ ਤੱਤ ਤੇ ਸਿਰਮੌਰ ਮੰਨਿਆ ਜਾਂਦਾ ਹੈ । ਵਿਚਾਰ ਤੇ ਕਲਾ ਦੋਹਾਂ ਹੀ ਪੱਖਾਂ ਤੋਂ ਇਹ ਸਰਬ-ਸ੍ਰੇਸ਼ਟ ਬਾਣੀ ਹੈ । ਸਿੱਖ ਧਰਮ ਦੇ ਮੂਲ ਸਿਧਾਂਤ ਤੇ ਬੁਨਿਆਦੀ ਨੇਮ ਇਸ ਬਾਣੀ ਵਿਚ ਅੰਕਿਤ ਹਨ । 'ਜਪੁਜੀ' ਦੀ ਹੀ ਵਿਚਾਰਾਤਮਕ ਵਿਆਖਿਆ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ, ਕਿਉਂਕਿ ਆਦਿ ਗ੍ਰੰਥ ਵਿਚ ਸਾਰੀ ਬਾਣੀ ਜਪੁਜੀ ਦੇ ਮੁਢਲੇ ਵਿਚਾਰਾਂ ਦਾ ਹੀ ਵਿਸਥਾਰ ਤੇ ਨਿਰੂਪਣ ਹੈ ।

'ਜਪੁਜੀ ਦਾ ਕੇਂਦਰੀ ਵਿਸ਼ਾ ਉਸ 'ਸਚੁ' ਰੂਪ ਕਰਤਾ ਪੁਰਖ ਦੀ ਵਿਆਖਿਆ ਹੈ ਜਿਸ ਨੂੰ ਆਦਿ ਸਲੋਕ—'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।'—ਵਿਚ ਚਾਰ ਵੇਰ ਸਚੁ ਕਹਿ ਕੇ ਸਚਾਈ ਤੇ ਕੇਵਲ ਸਚਾਈ ਹੀ ਦਸਿਆ ਹੈ । ਜੋ ਸਦਾ ਕਾਇਮ ਹੈ । ਸਮੇਂ ਤੇ ਸਥਾਨ ਨਾਲ ਬਦਲਦੀ ਨਹੀਂ । ਜੋ ਕਿਰਤਮ ਨਹੀਂ ਸਗੋਂ ਕਰਤਾ ਹੈ । ਇਸੇ ਸਚੁ ਸਰੂਪ ਦੀ ਵਿਆਖਿਆ ਜਪੁਜੀ ਦੇ ਆਰੰਭ ਵਿਚ ਪਹਿਲਾਂ ਦਿਤੇ ਮੂਲ ਮੰਤ੍ਰ ਵਿਚ ਸਤਿਨਾਮ ਤੇ ਹੋਰ ਵਿਸ਼ੇਸ਼ਣਾਂ ਵਿਚ ਦਿੱਤੀ ਗਈ ਹੈ ।

ਜਪੁਜੀ ਦੇ ਆਦਿ ਤੇ ਅੰਤਲੇ ਸ਼ਲੋਕਾਂ ਤੇ ਵਿਚਲੀਆਂ ਅਠੱਤੀ ਪਉੜੀਆਂ ਮਿਲਾ ਕੇ ਇਸ ਬਾਣੀ ਦੇ ਕੁਲ ਚਾਲੀ ਬੰਦ ਹਨ । ਇਹ ਸਾਰੇ ਬੰਦ ਇਕ ਸੁੰਦਰ ਮਾਲਾ ਦੇ ਮਣਕਿਆਂ ਵਾਂਗ ਪਰੁਤੇ

ਪਏ ਹਨ - ਮੂਲ ਮੰਤ੍ਰ ਸ਼੍ਰੋਮਣੀ ਮਣਕਾ ਹੈ। ਇਹ ਸਾਰੀ ਬਾਣੀ ਚਾਰ ਚਾਰ ਪਉੜੀਆਂ ਦੀਆਂ ਦਸ ਮੰਜ਼ਲਾਂ ਵਿਚ ਵੰਡੀ ਜਾ ਸਕਦੀ ਹੈ। 'ਸੁਣਿਐ', 'ਮੰਨੈ', 'ਅਸੰਖ' ਤੇ ਆਦੇਸ' ਵਾਲੀਆਂ ਚਾਰ ਚਾਰ ਇਕੱਠੀਆਂ ਪਉੜੀਆਂ ਵਿਚ ਤਾਂ ਇਹ ਤਰਤੀਬ ਸਾਫ ਪਈ ਦਿੱਸਦੀ ਹੈ। ਇੰਜ ਇਹ ਇਕ ਪ੍ਰਬੰਧ ਹੇਠ ਪ੍ਰਬੰਧ-ਕਾਵਿ ਹੈ ਤੇ ਚੂੰਕਿ ਇਸ ਬਾਣੀ ਦੀਆਂ ਸਾਰੀਆਂ ਪਉੜੀਆਂ ਵਿਚ ਵਿਚਾਰ ਸੰਗਲੀ ਅਵਸ਼ ਹੈ, ਇਸ ਲਈ ਇਹ ਇਕ ਨਿਬੰਧ-ਕਾਵਿ ਹੈ।

ਇਸ ਬਾਣੀ ਵਿਚ ਗੁਰੂ ਨਾਨਕ ਦੇਵ ਨੇ 'ਸਚੁ' ਦੀ ਪ੍ਰੀਭਾਸ਼ਾ ਦੇ ਕੇ 'ਸਚਿਆਰ' ਬਣਨ ਦੇ ਸਾਧਨ ਦਰਸਾਏ ਹਨ। ਪਹਿਲੀ ਪਉੜੀ ਵਿਚ ਹੀ ਇਹ ਪ੍ਰਸ਼ਨ ਹੈ ਕਿ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ? ਇਸੇ ਪਉੜੀ ਵਿਚ ਹੁਣ ਤੀਕ ਅਜ਼ਮਾਏ ਜਾ ਚੁਕੇ ਤਰੀਕਿਆਂ ਦਾ ਮੂਲ-ਅੰਕਣ ਕਰਕੇ ਫਿਰ ਆਪਣਾ ਤਰੀਕਾ ਦਸਿਆ ਹੈ। ਇਕ ਚੰਗੇ ਨਿਬੰਧ ਵਾਂਗ ਇਸ ਬਾਣੀ ਦਾ ਆਰੰਭ ਸਿੱਧਾ ਹੈ, ਸਪਸ਼ਟ ਹੈ ਤੇ ਇਸ ਪ੍ਰਸ਼ਨ ਦੁਆਰਾ ਖੋਲਣ ਵਾਲਾ ਹੈ। ਸੰਖੇਪਤਾ ਤੇ ਇਕ-ਸੁਰਤਾ ਕਿਸੇ ਭੀ ਨਿਬੰਧ ਦੇ ਚੰਗੇ ਗੁਣ ਹਨ ਤੇ ਜਪੁਜੀ ਇਨ੍ਹਾਂ ਗੁਣਾਂ ਦਾ ਇਕ ਅਦੁੱਤੀ ਨਮੂਨਾ ਹੈ। 'ਸਚਿਆਰ' ਹੋਣ ਦਾ ਸਾਧਨ ਦੱਸਦੇ ਹੋਏ ਗੁਰੂ ਜੀ ਨੇ 'ਹੁਕਮ' ਦੀ ਮਹੱਤਤਾ ਦਰਸਾਈ ਹੈ ਤੇ ਫਿਰ ਗੁਰੂ ਦੀ ਮਹਾਨਤਾ ਉਜਾਗਰ ਕੀਤੀ ਹੈ, ਜਿਸ ਦੁਆਰਾ ਕਿ ਹੁਕਮ ਦੀ ਸੋਝੀ ਮਿਲਦੀ ਹੈ। ਗੁਰੂ ਦੀ ਸਿਖਿਆ ਸੁਣਨ, ਮੰਨਣ ਤੇ ਪਰਵਾਨ ਹੋਣ ਦੇ ਸਾਰੇ ਹੀ ਪੱਖ ਦੱਸੇ ਹਨ। ਪ੍ਰਭੂ-ਮਿਲਾਪ ਦਾ ਪ੍ਰਮੁਖ ਸਾਧਨ ਭਗਤੀ ਦਸਿਆ ਹੈ ਜੋ ਕਿ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ। ਭਗਤੀ ਨੂੰ ਗਿਆਨ ਤੇ ਦਰਸ਼ਨ ਨਾਲੋਂ ਵੱਖਰਾ ਨਿਖੇੜਿਆ ਹੈ। ਉਸ ਵੇਲੇ ਦੇ ਪਰਚਲਤ ਮੱਤਾਂ ਦਾ ਮੂਲਅੰਕਣ ਵੀ ਕੀਤਾ ਹੈ ਤੇ ਸਦਾਚਾਰਕ ਕੀਮਤਾਂ ਦੇ ਸੁਝਾਅ ਦਿੱਤੇ ਹਨ। ਫਿਰ ਅਧਿਆਤਮਕ ਉਨਤੀ ਦੇ ਵੱਖ ਵੱਖ ਪੜਾਅ ਧਰਮ, ਗਿਆਨ, ਸ਼ਰਮ ਤੇ ਕਰਮ ਖੰਡਾਂ ਨੂੰ ਦੱਸ ਕੇ ਸਚਿਆਰ ਦੀ ਸਰਬ-ਸ੍ਰੇਸ਼ਟ 'ਸਚ-ਖੰਡ' ਦੀ ਅਕਥਨੀਆਂ ਪਦਵੀ ਨਾਲ ਪਰੀਚਤ ਕਰਵਾਇਆ ਹੈ। ਇਹੋ ਕੇਂਦਰੀ ਵਿਸ਼ਾ ਹੈ ਤੇ ਆਦਿ ਤੋਂ ਲੈ ਕੇ ਅੰਤ ਤਕ ਗੁਰੂ ਜੀ ਨੇ ਇਸ ਨੂੰ ਕਾਮਯਾਬੀ ਨਾਲ ਨਿਭਾਇਆ ਹੈ। ਇਸੇ ਵਿਸ਼ੇ ਦੇ ਇਰਦ ਗਿਰਦ ਹੋਰ ਖਿਆਲ ਗੁੰਦੇ ਪਏ ਹਨ ਜੋ ਇਸ ਦੀ ਉਸਾਰੀ ਵਿਚ ਸਹਾਈ ਹੋ ਰਹੇ ਹਨ।

ਚੂੰਕਿ ਇਕ ਖਾਸ ਦਰਸ਼ਨ ਨੂੰ ਨਿਰੂਪਣ ਕਰਨਾ ਇਸ ਬਾਣੀ ਦਾ ਮੁਖ ਉਦੇਸ਼ ਹੈ, ਇਸ ਲਈ ਦਾਰਸ਼ਨਿਕ ਪੱਖ ਤੋਂ ਇਹ ਰਚਨਾ ਸਰਬੋਤਮ ਹੈ। ਨਿਰਾ ਦਰਸ਼ਨ ਹੀ ਨਹੀਂ ਹੈ, ਰਹੱਸਵਾਦੀ ਅੰਸ਼ ਵੀ ਭਰਪੂਰ ਹੈ। ਕਵਿਤਾ ਵਿਚ ਦਲੀਲ ਦੀ ਉਹ ਥਾਂ ਨਹੀਂ ਜੋ ਕਿ ਵਾਰਤਕ ਵਿਚ ਹੈ। ਇਕ ਵਾਰਤਕ ਨਿਬੰਧ ਵਿਚ ਦਲੀਲਾਂ ਦੁਆਰਾ ਹੀ ਖਿਆਲਾਂ ਦੀ ਉਸਾਰੀ ਹੁੰਦੀ ਹੈ, ਪਰ ਨਿਬੰਧ-ਕਾਵਿ ਵਿਚ ਕਾਵਿਕ-ਦਲੀਲ (Poetic Logic) ਹੁੰਦੀ ਹੈ। ਨਸਰ ਵਾਲੀ ਦਲੀਲ ਨਜ਼ਮ ਨੂੰ ਪਤਲਾ ਕਰ ਦਿੰਦੀ ਹੈ। ਰਹੱਸਵਾਦੀ ਤੇ ਅਧਿਆਤਮਕ ਕਵੀ ਦਲੀਲ ਦੀ ਘੱਟ ਤੋਂ ਘੱਟ ਵਰਤੋਂ ਕਰਦਾ ਹੈ। ਗੁਰੂ ਨਾਨਕ ਦੇਵ ਐਸੇ ਨਿਪੁੰਨ ਕਲਾਕਾਰ ਹਨ ਕਿ ਉਨ੍ਹਾਂ ਨੂੰ ਇਹ ਗਿਆਨ ਹੈ ਕਿ ਕਿਵੇ ਦਲੀਲ ਰਾਹੀਂ ਉਹ ਆਪਣੇ ਵਿਚਾਰਾਂ ਵਿਚ ਸ਼ਕਤੀ ਤੇ ਭਰਪੂਰ ਅਸਰ ਪੈਦਾ ਕਰ ਸਕਦੇ ਹਨ ਮਿਸਾਲ ਵਜੋਂ :—

ਧੌਲ ਧਰਮੁ ਦਇਆ ਕਾ ਪੂਤੁ
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।
ਜੇ ਕੋ ਬੁਝੈ ਹੋਵੈ ਸਚਿਆਰੁ
ਧਵਲੈ ਉਪਰਿ ਕੇਤਾ ਭਾਰੁ ।
ਧਰਤੀ ਹੋਰ ਪਰੈ ਹੋਰੁ ਹੋਰੁ ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ ?

ਇਥੇ ਦਲੀਲ ਹੈ, ਪਰ ਇਸ ਦਲੀਲ ਨੇ ਜ਼ਰਾ ਜਿਤਨਾ ਵੀ ਰੁਖਾਪਣ ਜਾਂ ਪਤਲਾਪਣ ਨਹੀਂ ਲਿਆਂਦਾ, ਸਗੋਂ ਵਿਚਾਰਾਂ ਨੂੰ ਦ੍ਰਿੜ੍ਹਤਾ ਦਿਤੀ ਹੈ ।

ਇਸ ਦਰਸ਼ਨ ਭਰਪੂਰ ਬਾਣੀ ਵਿਚ ਦਲੀਲ ਨਾਲੋਂ ਅਨੁਭਵ ਅਤੇ ਅਨਭਵ ਨਾਲੋਂ ਵੀ 'ਸ਼ਬਦ' ਦੀ ਕਿਧਰੇ ਵੱਧ ਮਹਾਨਤਾ ਹੈ । ਕਲਪਨਾ ਬਿੰਬ ਘੜਨ ਵਿਚ ਤੇ ਰੂਪ ਰੰਗ ਰਸ ਚਿਤਰਨ ਵਿਚ ਭਾਵੇਂ ਸਹਾਈ ਹੋਵੇ, ਯਥਾਰਥ ਗਿਆਨ ਪ੍ਰਾਪਤੀ ਤੇ ਗਿਆਨ ਦਰਸਾਣ ਲਈ ਸਾਧਨ ਨਹੀਂ ਬਣ ਸਕਦੀ । ਕਲਪਨਾ ਬਾਣੀ ਦੀ ਪ੍ਰਾਪਤੀ ਦਾ ਸਾਧਨ ਨਹੀਂ - ਬਾਣੀ ਤਾਂ ਸ਼ਬਦ ਦੁਆਰਾ ਮਨ ਵਿਚ ਪ੍ਰਕਾਸ਼ਮਾਨ ਹੁੰਦੀ ਹੈ । ਸ਼ਬਦ ਕੀ ਹੈ ? ਸ਼ਬਦ ਪ੍ਰਭੂ-ਦਰਸ਼ਨ ਹੈ ਜੋ ਕਿ ਸਾਖਿਆਤ ਪੇਖਣ ਤੇ ਨਿਜੀ ਤਜਰਬੇ ਵਿਚੋਂ ਫੁੱਟਦਾ ਹੈ । ਕਲਪਨਾ ਦਾ ਆਧਾਰ ਸਾਡੇ ਇੰਦਰਿਆਂ ਦੁਆਰਾ ਗਿਆਨ ਹੈ ਪਰ ਸ਼ਬਦ ਦਾ ਅਧਾਰ ਸਾਡੀ ਆਤਮਾ ਹੈ ।

'ਜਤੁ ਪਾਹਾਰਾ ਧੀਰਜੁ ਸੁਨਿਆਰੁ ।
ਅਹਰਣਿ ਮਤਿ ਵੇਦੁ ਹਥੀਆਰੁ ।
ਭਉ ਖਲਾ ਅਗਨਿ ਤਪਤਾਉ ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ।
ਘੜੀਐ ਸਬਦੁ ਸਚੀ ਟਕਸਾਲਿ ।'

ਸ਼ਬਦ ਪਰਮਾਣ ਦੀ ਪ੍ਰਾਪਤੀ ਲਈ ਇਹੋ ਜਿਹੇ ਜ਼ਬਤ ਦੀ ਲੋੜ ਹੈ । ਇਹ ਜ਼ਬਤ ਤੇ ਨੇਮ 'ਗਿਆਨ' ਦੁਆਰਾ ਪ੍ਰਾਪਤ ਹੁੰਦਾ ਹੈ । ਅਨੁਭਵ ਤੇ ਗਿਆਨ ਇਕ ਦੂਜੇ ਤੇ ਨਿਰਭਰ ਤੇ ਆਧਾਰਿਤ ਹਨ, ਇਥੇ ਅਨੁਭਵ ਨੂੰ ਲਿਖਤੀ ਜਾਮਾ ਹਿਰਦੇ ਰੂਪੀ ਸੱਚੀ 'ਟਕਸਾਲ' ਦੁਆਰਾ ਪਾ ਕੇ ਸ਼ਬਦ ਨੂੰ ਘੜਿਆ ਜਾਣਾ ਦਿਖਾਇਆ ਹੈ ।

ਸੰਖੇਪਤਾ ਜਪੁਜੀ ਦੀਆਂ ਕਾਵਿਕ ਖ਼ੂਬੀਆਂ ਵਿਚੋਂ ਇਕ ਵਿਸ਼ੇਸ਼ ਖ਼ੂਬੀ ਹੈ । ਲੜੀਵਾਰ ਖ਼ਿਆਲਾਂ ਦੀ ਤੋਰ ਇਕ ਹੋਰ ਗੁਣ ਹੈ । ਜਪੁਜੀ ਦੀ ਹਰ ਪਉੜੀ ਵਿਚ ਕੇਂਦਰੀ ਵਿਸ਼ੇ ਨੂੰ ਇਕ ਦਮ ਉਲੀਕਿਆ ਗਿਆ ਹੈ । ਕਿਧਰੇ ਉਥਾਨਕਾ ਨਹੀਂ ਬੰਨ੍ਹੀ । ਇਕੋ ਸਾਹ ਕਈ ਪਰਕਾਰ ਦੇ ਜੀਵ ਜੰਤੂ, ਵਿਸ਼ੇਸ਼ਣ, ਗੁਣ ਔਗੁਣ ਤੇ ਨਾਮ ਆਦਿ ਗਿਣੇ ਗਏ ਹਨ । ਸੁਣਿਐ, ਮੰਨੈ, ਪੰਚ, ਅਸੰਖ, ਕੇਤੇ, ਅਮੁਲ, ਸੋਦਰ ਆਦਿ ਪਉੜੀਆਂ ਦੀਆਂ ਕਈ ਤੁਕਾਂ ਵਿਚ ਮੁੜ ਮੁੜ ਇਕੋ ਸ਼ਬਦ ਦੇ ਦੁਹਰਾਨੇ ਲੈ, ਤਾਲ ਤੇ ਰਾਗਾਤਮਕ ਵਾਯੂਮੰਡਲ ਉਸਾਰੇ ਹਨ । ਇਕ ਵਾਰਤਕ ਨਿਬੰਧ ਵਿਚ

ਲਫ਼ਜ਼ਾਂ ਦਾ ਮੁੜ ਦੁਹਰਾ ਭਾਵੇਂ ਇਕ ਔਗੁਣ ਹੈ ਪਰ ਨਿਬੰਧ-ਕਾਵਿ ਵਿਚ ਤਾਂ ਇਹ ਹੋਰ ਹੀ ਰਸ ਬੰਨ੍ਹਦੇ ਹਨ। ਇਕ ਸਰੋਦ ਦਾ ਪ੍ਰਭਾਵ ਪੈਦਾ ਕਰਦੇ ਹਨ। ਇੰਜ ਹੀ ਕਈ ਵਾਰੀ ਇਕੋ ਤੁਕ ਦਾ ਮੁੜ ਮੁੜ ਕੇ ਦੁਹਰਾ ਵੀ ਪਉੜੀਆਂ ਦੀ ਲੜੀ ਬਣਾਉਣ ਤੇ ਸੰਗੀਤਕ ਲੈ ਪੈਦਾ ਕਰਨ ਵਿਚ ਬਹੁਤ ਸਹਾਈ ਹੁੰਦਾ ਹੈ। ਜਿਵੇਂ ਇਹ ਤੁਕਾਂ ਮੁੜ ਮੁੜ ਕੇ ਦੁਹਰਾਈਆਂ ਗਈਆਂ ਹਨ :--

੧. ਨਾਨਕ ਭਗਤਾ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।

੨. ਐਸਾ ਨਾਮੁ ਨਿਰੰਜਨੁ ਹੋਇ।
ਜੇ ਕੋ ਮੰਨਿ ਜਾਣੈ ਮਨਿ ਕੋਇ।

੩. ਵਾਰਿਆ ਨ ਜਾਵਾ ਏਕ ਵਾਰ।
ਜੋ ਤੁਧੁ ਭਾਵੈ ਸਾਈ ਭਲੀਕਾਰ।
ਤੂ ਸਦਾ ਸਲਾਮਤਿ ਨਿਰੰਕਾਰ।

੪. ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ।

ਬੇਅੰਤ ਕਾਵਿਕ ਗੁਣਾਂ ਵਿਚ ਗੁੰਦਿਆਂ ਹੋਇਆਂ ਗੁਰੂ ਨਾਨਕ ਦਾ ਫ਼ਲਸਫ਼ਾ ਕਾਂਤ ਤੇ ਵਰਜਿਲ ਦੇ ਫ਼ਲਸਫ਼ੇ ਵਾਂਗ ਰਸਹੀਣ ਤੇ ਮਹੀਨ ਨਹੀਂ ਅਤੇ ਦਿਮਾਗ਼ ਤੇ ਭਾਰੂ ਨਹੀਂ ਬਣਦਾ, ਸਗੋਂ ਭਾਉ-ਭਗਤੀ ਦੀ ਚਾਸ਼ਨੀ ਨਾਲ ਰਸਿਆ ਹੋਇਆ ਗਿਆਨ ਦੇ ਨਾਲ ਅਜੀਬ ਸੁਆਦ ਭੀ ਦੇਂਦਾ ਹੈ। ਅਮਰ ਬਚਨਾਂ ਵਿਚ ਅੰਮ੍ਰਿਤ ਗੁੜ੍ਹਾ ਹੋਇਆ ਹੈ, ਜਿਸ ਨੂੰ ਜਿਤਨੀ ਵਾਰੀ ਪੀਓ ਮਿਠਾਸ ਤੇ ਰਸ ਮਿਲਦਾ ਹੈ।

ਗੁਰੂ ਨਾਨਕ ਦੇਵ ਦੇ ਇਸ ਨਿਬੰਧ-ਕਾਵਿ ਦਾ ਇਕ ਹੋਰ ਗੁਣ ਵੀ ਹੈ। ਉਹ ਇਹ ਕਿ ਜਿੱਥੇ ਗੁਰੂ ਜੀ ਜ਼ਰੂਰੀ ਸਮਝਦੇ ਹਨ, ਆਪਣਾ ਸਿਧਾਂਤ ਪੇਸ਼ ਕਰਨ ਲਈ ਪਹਿਲਾਂ ਪਿੜ ਬੰਨ੍ਹਦੇ ਹਨ। ਜਦ ਪਿੜ ਤਿਆਰ ਹੋ ਜਾਂਦਾ ਹੈ ਤਾਂ ਆਪਣਾ ਖ਼ਿਆਲ ਪੇਸ਼ ਕਰਦੇ ਹਨ। ਜਿਵੇਂ ਪਹਿਲੀ ਪਉੜੀ ਵਿਚ, ਨਾਟਕੀ ਢੰਗ ਨਾਲ ਵਿਚਾਰ ਅਰੰਭੇ ਹਨ। ਪਹਿਲਾਂ ਦੱਸਦੇ ਹਨ ਕਿ ਇਹ ਭੀ ਨਹੀਂ, ਇਹ ਭੀ ਨਹੀਂ .. ਤੇ ਫਿਰ ਪ੍ਰਸ਼ਨ ਕੀਤੇ ਹਨ—'ਕਿਵ ਸਚਿਆਰਾ ਹੋਈਐ ? ਕਿਵ ਕੂੜੈ ਤੁਟੈ ਪਾਲਿ ?' ਇਹ ਪ੍ਰਸ਼ਨ ਪਾਠਕ ਦੇ ਮਨ ਵਿਚ ਉਤਸੁਕਤਾ ਪੈਦਾ ਕਰਦੇ ਹਨ ਤੇ ਉਹ ਜਾਣਨਾ ਚਾਹੁੰਦਾ ਹੈ ਕਿ ਇਨ੍ਹਾਂ ਦਾ ਉੱਤਰ ਕੀ ਹੈ। ਅਗਲੀਆਂ ਪੰਕਤੀਆਂ ਵਿਚ ਗੁਰੂ ਜੀ ਆਪਣਾ ਸਿਧਾਂਤ ਪੇਸ਼ ਕਰਦੇ ਹਨ। ਇੰਜ ਪ੍ਰਸ਼ਨੋਤਰੀ ਢੰਗ ਨਾਲ ਪ੍ਰਭਾਵ ਸਾਧਾਰਨ ਤਰੀਕੇ ਨਾਲੋਂ ਕਈ ਗੁਣਾਂ ਹੋਰ ਵੱਧ ਜਾਂਦਾ ਹੈ। ਇਹ ਤਰੀਕਾ ਜਪੁਜੀ ਵਿਚ ਗੁਰੂ ਜੀ ਨੇ ਹੋਰ ਭੀ ਕੁਝ ਕੁ ਥਾਈਂ ਵਰਤਿਆ ਹੈ। ਦੇਖੋ :—

੧. ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ?...

੨. ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ ?.........

੩. ਧਵਲੈ ਉਪਰਿ ਕੇਤਾ ਭਾਰੁ ?
ਧਰਤੀ ਹੋਰੁ ਪਰੈ ਹੋਰੁ ਹੋਰੁ ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ ?

੪. ਕਿਵ ਕਰਿ ਆਖਾ ਕਿਵ ਸਾਲਾਹੀ ।
.. ਕਿਉ ਵਰਨੀ ਕਿਵ ਜਾਣਾ ?

ਹਡਸਨ ਅਨੁਸਾਰ : 'ਉਸ ਨੂੰ ਕਹਿਣ ਲਈ ਆਪਣੀ ਹੀ ਸ਼ੈਲੀ ਲੱਭ ਪੈਂਦੀ ਹੈ ਜਿਸ ਨੇ ਨਿਜੀ ਤਜਰਬੇ ਵਿਚੋਂ ਕੁਝ ਕਹਿਣਾ ਹੋਵੇ । ਇਹ ਗੱਲ ਗੁਰੂ ਨਾਨਕ ਦੇਵ ਤੇ ਇੰਨ-ਬਿੰਨ ਠੀਕ ਉੱਤਰਦੀ ਹੈ । ਉਨ੍ਹਾਂ ਪਾਸ ਆਪਣੇ ਆਤਮਕ ਤਜਰਬੇ ਵਿਚੋਂ ਪ੍ਰਾਪਤ ਕੀਤੇ ਅਸਲ ਨਿਜੀ ਵਿਚਾਰ ਹਨ ਤੇ ਉਨ੍ਹਾਂ ਦਾ ਕਹਿਣ-ਢੰਗ ਵੀ ਆਪਣਾ ਨਿੱਜੀ ਹੀ ਹੈ ।

ਗੁਰੂ ਨਾਨਕ ਸਾਹਿਬ ਦੀ ਇਸ ਅਮਰ ਦਰਸ਼ਨ ਭਰਪੂਰ ਤੇ ਵਿਚਾਰ-ਪਰਧਾਨ ਰਚਨਾ ਵਿਚ ਸ਼ਕਤੀ ਉਤਪੰਨ ਕਰਨ ਵਾਲੇ ਤੇ ਜੀਵਨ ਨੂੰ ਹਲੂਣਾ ਦੇਣ ਵਾਲੇ ਸਾਰੇ ਹੀ ਗੁਣ ਮੌਜੂਦ ਹਨ । ਇਸ ਨਿਬੰਧ-ਕਾਵਿ ਦਾ ਆਦਿ, ਇਸ ਦੀ ਉਸਾਰੀ ਤੇ ਇਸ ਦਾ ਅੰਤ ਸਾਰੇ ਹੀ ਸਫ਼ਲਤਾ ਨਾਲ ਨਿਭਾਏ ਗਏ ਹਨ । ਸ਼ਬਦਾਵਲੀ ਤੇ ਅਲੰਕਾਰ ਅਜਿਹੇ ਹਨ ਕਿ ਖ਼ਿਆਲਾਂ ਨੂੰ ਉਸਾਰਨ ਤੇ ਵਿਸ਼ੇ ਨੂੰ ਅਗਾਂਹ ਤੋਰਨ ਵਿਚ ਸਹਾਈ ਹੁੰਦੇ ਹਨ ਤੇ ਆਤਮਕ ਸ਼ਕਤੀ ਪੈਦਾ ਕਰਨ ਵਿਚ ਵੀ ਮਦਦ ਦਿੰਦੇ ਹਨ । ਪਰ ਗੁਰੂ ਨਾਨਕ ਸਾਹਿਬ ਦੀ ਇਸ ਯੋਗਤਾ ਤੇ ਸਾਰਥਾ ਦਾ ਗੁੱਝਾ ਭੇਦ 'ਸ਼ਬਦ ਨਾਲ ਸੁਰਤ ਜੁੜਨ, ਨਿਜੀ ਅਨਭਵ ਤੇ ਜ਼ਾਤੀ ਤਜਰਬੇ ਦੇ ਨਾਲ ਨਾਲ ਵਿਸ਼ਾਲ ਗਿਆਨ ਹੈ । ਵਿਚਾਰਾਂ ਦੀ ਭਰਮਾਰ ਤੇ ਮੌਲਕਤਾ ਨੇ ਆਪ ਦੇ ਦਰਸ਼ਨ ਤੇ ਸ਼ੈਲੀ ਵਿਚ ਵੀ ਆਪਣਾ ਰੂਪ ਧਰਿਆ ਹੈ । ਇਹ ਠੀਕ ਹੈ ਕਿ ਅਸਲ ਸ਼ਕਤੀ ਜੋ ਉਨ੍ਹਾਂ ਦੀ ਬਾਣੀ ਵਿਚ ਲੁਕੀ ਹੋਈ ਹੈ ਉਹ ਉਨ੍ਹਾਂ ਦੀ ਆਤਮਕ ਸੂਰਤ ਤੇ ਬਲਵਾਨ ਵਿਚਾਰਾਂ ਕਰਕੇ ਹੈ । ਸੱਚੇ ਵਿਚਾਰਾਂ ਵਿਚ ਨਿਜੀ ਤੇ ਅਜ਼ਮਾਏ ਹੋਏ ਤਜਰਬਿਆਂ ਦਾ ਅਸਰ ਵੀ ਸੱਚ ਜਿੱਡਾ ਹੈ । ਆਪ ਦੇ ਸੱਚੇ ਵਿਚਾਰ ਨਿਜੀ ਪਰਖੇ ਹੋਏ ਹੀ ਨਹੀਂ ਹਨ, ਸਗੋਂ ਵਿਸ਼ਾਲ ਰੂਪ ਵਿਚ ਪਰਵਾਣਿਤ ਵੀ ਹਨ ।

## ੨. ਸਿਧ ਗੋਸ਼ਟਿ

ਗੋਸਟ ਦਾ ਅਰਥ ਹੈ ਬਹਿਸ ਜਾਂ ਵਿਚਾਰ ਚਰਚਾ । ਸਿਧ ਗੋਸ਼ਟ ਦਾ ਭਾਵ ਹੈ ਸਿਧਾਂ ਨਾਲ ਹੋਈ ਗਿਆਨ ਚਰਚਾ । ਗੁਰੂ ਨਾਨਕ ਦੇਵ ਦੀ ਇਹ ਬਾਣੀ ਰਾਮਕਲੀ ਰਾਗ ਵਿਚ ਇਕ ਬੜੀ ਮਹਾਨ ਰਚਨਾ ਹੈ । ਇਸ ਬਾਣੀ ਵਿਚ ਸਿੱਖ ਮਤ ਤੇ ਯੋਗ ਮਤ ਦਾ ਤੁਲਨਾਤਮਕ ਅਧਿਐਨ ਹੈ । ਗੁਰੂ ਸਾਹਿਬ ਦੇ ਜੋ ਸਿਧਾਂ ਤੇ ਯੋਗੀਆਂ ਨਾਲ ਵਿਚਾਰ-ਵਟਾਂਦਰੇ ਹੁੰਦੇ ਰਹੇ ਉਨ੍ਹਾਂ ਦਾ ਸਾਰ ਰੂਪ ੭੩ (ਤਿਹੱਤਰ) ਬੰਦਾਂ ਵਿਚ ਅੰਕਤ ਕਰਕੇ ਇਸ ਰਚਨਾ ਦਾ ਨਾਮ ਸਿਧ ਗੋਸ਼ਟ ਰਖਿਆ

ਹੈ। ਇਸ ਵਿਚ ਖਾਸ ਤੌਰ ਤੇ ਹਠ ਜੋਗ ਤੇ ਨਾਮ ਸਿਮਰਨ ਦੇ ਵਿਚਾਰ ਸਵਿਸਥਾਰ ਦੇ ਕੇ ਹਠ ਤੇ ਤਿਆਗ ਦੇ ਮੁਕਾਬਲੇ ਤੇ ਭਗਤੀ ਅਤੇ ਨਾਮ ਮਾਰਗ ਦੀ ਪਰੇਰਨਾ ਦਿਤੀ ਗਈ ਹੈ।

**ਗੋਸ਼ਟ** ਸੰਸਾਰ ਸਾਹਿਤ ਵਿਚ ਪ੍ਰਾਚੀਨ ਸਮਿਆਂ ਤੋਂ ਉਪਸਥਿਤ ਹੈ। ਸੁਕਰਾਤ ਤੇ ਪਲੈਟੋ ਦੀਆਂ ਗੋਸ਼ਟਾਂ ਪ੍ਰਸਿੱਧ ਹਨ। ਬੁਧ, ਈਸਾ ਤੇ ਹੋਰ ਮਹਾਂ ਪੁਰਸ਼ਾਂ ਦੀਆਂ ਜੀਵਨੀਆਂ ਵਿਚ ਕਈ ਗੋਸ਼ਟਾਂ ਦਾ ਜ਼ਿਕਰ ਆਉਂਦਾ ਹੈ। ਸੰਸਕ੍ਰਿਤ ਦੇ ਦਾਰਸ਼ਨਿਕ ਸਾਹਿਤ ਵਿਚ ਵੀ ਇਹ ਪਰਪਾਟੀ ਦਿਸਦੀ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਤੇ ਅਰਜਨ ਦੀ ਗੱਲ ਬਾਤ ਇਕ ਬੜੀ ਹੀ ਕਾਮਯਾਬ ਗੋਸ਼ਟ ਰਚਨਾ ਹੈ। ਪਰਾਚੀਨ ਪੰਜਾਬੀ ਸਾਹਿਤ ਵਿਚ ਵੀ ਗੋਸ਼ਟਾਂ ਦਾ ਇਕ ਨਵੇਕਲਾ ਤੇ ਵਿਸ਼ੇਸ਼ ਅਸਥਾਨ ਹੈ।

ਗੋਸ਼ਟ ਦੇ ਢੰਗ ਨਾਲ ਦਰਸ਼ਨ ਨੂੰ ਨਿਰੂਪਣ ਕਰਨ ਦਾ ਵੱਡਾ ਲਾਭ ਇਹ ਹੈ ਕਿ ਕਿਸੇ ਸਿਧਾਂਤ ਜਾਂ ਮੱਤ ਬਾਰੇ ਬੋਧਕ ਪੱਖ ਤੋਂ ਸੂਖਮ ਤੋਂ ਸੂਖਮ ਨੁਕਤਿਆਂ ਦਾ ਭਲੀ ਪ੍ਰਕਾਰ ਵਿਸ਼ਲੇਸ਼ਣ ਤੇ ਨਿਰਣਯ ਹੋ ਜਾਂਦਾ ਹੈ। ਇਕ ਲਾਭ ਇਹ ਭੀ ਹੈ ਕਿ ਦੋ ਜਾਂ ਦੋ ਤੋਂ ਵਧ ਪਾਤਰਾਂ ਦੀ ਆਪੋ ਵਿਚ ਦੀ ਗਿਆਨ-ਚਰਚਾ ਨਾਲ ਇਕ ਤਾਂ ਸਿਧਾਂਤ ਦੇ ਵੱਖ ਵੱਖ ਪੱਖ ਰੂਪਮਾਨ ਹੁੰਦੇ ਤੁਰੇ ਜਾਂਦੇ ਹਨ ਤੇ ਦੂਜਾ ਪਾਠਕ ਰੁੱਖਾਪਣ ਅਨੁਭਵ ਨਹੀਂ ਕਰਦਾ।

ਕਈ ਗੋਸ਼ਟਾਂ ਛੰਦਾ-ਬੰਦੀ ਵਿਚ ਹਨ ਤੇ ਕਈ ਦੋਹਾਂ ਵਿਚ ਰਲੀਆਂ ਮਿਲੀਆਂ। ਪੰਜਾਬੀ ਵਿਚ ਸਭ ਤੋਂ ਪੁਰਾਣੀ ਗੋਸ਼ਟ ਜੋ ਮਿਲਦੀ ਹੈ ਉਹ ਗੁਰੂ ਨਾਨਕ ਦੇਵ ਦੀ ਰਚਿਤ ਸਿਧ ਗੋਸ਼ਟ ਹੀ ਹੈ। ਇਹ ਛੰਦਾ ਬੰਦੀ ਵਿਚ ਹੈ। ਸਿਧਾਂ ਨਾਲ ਹੋਈ ਚਰਚਾ ਨੂੰ ਪ੍ਰਸ਼ਨੋਤਰੀ ਰੂਪ ਵਿਚ ਗੁਰੂ ਜੀ ਨੇ ਇਸ ਬਾਣੀ ਵਿਚ ਅੰਕਿਤ ਕੀਤਾ ਹੈ। ਸੁਆਲ ਲਗ ਪਗ ਸਭ ਸਿਧਾਂ ਵਲੋਂ ਕੀਤੇ ਗਏ ਹਨ ਤੇ ਉਨ੍ਹਾਂ ਦੇ ਜੁਆਬ ਗੁਰੂ ਸਾਹਿਬ ਨੇ ਦਿਤੇ ਹਨ।

ਇਸ ਅਮਰ ਰਚਨਾ ਦੇ ਪਹਿਲੇ ਬੰਦ ਵਿਚ ਕੇਵਲ ਇਤਨਾ ਦਸਿਆ ਹੈ ਕਿ ਸਿਧਾਂ ਨੇ ਆ ਕੇ ਜੈਕਾਰ ਬੁਲਾਈ ਤੇ ਆਸਣ ਲਗਾ ਕੇ ਬੈਠ ਗਏ। ਕੋਈ ਲੰਬੀ ਚੌੜੀ ਉਥਾਨਕਾ ਨਹੀਂ ਹੈ। ਪ੍ਰਸ਼ਨ ਤੇ ਉਤਰ ਸ਼ੁਰੂ ਹੋ ਜਾਂਦੇ ਹਨ। ਪਹਿਲੇ ਤੇ ਦੂਜੇ ਬੰਦ ਦੇ ਵਿਚਕਾਰ ਰਹਾਉ ਵਾਲੀ ਪੰਕਤੀ ਹੈ ਜੋ ਕਿ ਇਸ ਬਾਣੀ ਦਾ ਕੇਂਦਰੀ ਧੁਰਾ ਹੈ ਤੇ ਸਾਰੀ ਗੋਸ਼ਟ ਦਾ ਤੱਤ ਹੈ। ਗੁਰੂ ਸਾਹਿਬ ਇਕ ਬੜੇ ਵਡੇ ਪ੍ਰਸ਼ਨ ਦੇ ਰੂਪ ਵਿਚ ਇਹ ਕਹਿੰਦੇ ਹਨ ਕਿ :—

'ਕਿਆ ਭਵੀਐ ਸਚਿ ਸੂਚਾ ਹੋਇ ?
ਸਾਚ ਸਬਦ ਬਿਨੁ ਮੁਕਤਿ ਨ ਕੋਇ ॥ ਰਹਾਉ ॥

ਭਾਵ ਇਹ ਹੈ ਕਿ ਸੱਚ ਤੇ ਹਰੀ ਜਸ ਬਿਨਾਂ ਦੇਸ਼-ਦੇਸ਼ਾਂਤਰਾਂ ਤੇ ਤੀਰਥਾਂ ਤੇ ਭੌਂਦੇ ਫਿਰਨ ਦਾ ਕੀ ਲਾਭ ਹੈ ? ਸੱਚਾ ਤਾਂ ਸੱਚ ਦੁਆਰਾ ਹੀ ਹੋਈਦਾ ਹੈ, ਤਾਂ ਤੇ ਸੱਚੇ ਸ਼ਬਦ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੁੰਦੀ।

ਇਸ ਬਾਣੀ ਵਿਚ ਇਸੇ ਸੱਚ ਸ਼ਬਦ ਤੇ ਸੱਚੇ ਨਾਮ ਦੀ ਵਿਆਖਿਆ ਕੀਤੀ ਗਈ ਹੈ।

ਜੋਗੀ ਗੁਰੂ ਜੀ ਤੇ ਅਨੇਕ ਪਰਕਾਰ ਦੇ ਸੁਆਲ ਕਰਦੇ ਹਨ। ਇਹ ਪ੍ਰਸ਼ਨ ਗੁਰੂ ਜੀ ਦੇ ਜ਼ਾਤੀ ਜੀਵਨ ਤੇ ਨਿਜੀ ਫ਼ਲਸਫ਼ੇ ਨਾਲ ਸਬੰਧਤ ਹਨ।

ਇਹ ਗੋਸਟ ਬੜੀ ਗੰਭੀਰ ਵਿਸ਼ੇ ਵਾਲੀ ਹੈ। ਇਹ ਅਤਿ ਕਥਨੀ ਨਹੀਂ ਹੋਏਗੀ ਕਿ ਪੰਜਾਬੀ ਸਾਹਿਤ ਵਿਚ ਗੰਭੀਰਤਾ ਪੂਰਨ ਵਿਚਾਰਧਾਰਾ ਵਾਲੀ ਇਸ ਗੋਸ਼ਟ ਤੋਂ ਚੰਗੇਰੀ ਹੋਰ ਕੋਈ ਰਚਨਾ ਨਹੀਂ ਹੈ। ਇਸ ਰਚਨਾ ਦੇ ਨਾਟਕੀ ਸੰਬਾਦ ਬੜੇ ਜ਼ੋਰਦਾਰ ਤੇ ਸਮਰੱਥ ਹਨ। ਮੂਲ ਰੂਪ ਵਿਚ ਇਹ ਗੋਸ਼ਟ ਹੁੰਦਿਆਂ ਹੋਇਆਂ ਵੀ ਵਿਸ਼ੇ ਉਸਾਰੀ ਤੇ ਖ਼ਿਆਲਾਂ ਦੀ ਗੋਂਦ ਕਰਕੇ ਇਕ ਨਿਬੰਧ-ਕਾਵਿ ਹੈ ਜਿਸ ਵਿਚ ਜੋਗ ਮਤ ਤੇ ਸਿੱਖ ਮੱਤ ਦਾ ਟਾਕਰਾ ਕਰਕੇ ਗੁਰੂ ਨਾਨਕ ਦੇਵ ਨੇ ਆਪਣੇ ਸਿਧਾਂਤ ਨੂੰ ਬੜੀ ਕਾਮਯਾਬੀ ਨਾਲ ਨਿਰੂਪਣ ਕੀਤਾ ਹੈ।

ਇਸ ਦਾਰਸ਼ਨਿਕ ਰਚਨਾ ਦੀ ਸ਼ੈਲੀ ਗੁਰੂ ਨਾਨਕ ਦੀ ਆਪਣੀ ਸਹਿਜ ਜੋਗ ਭਰਪੂਰ ਸ਼ਖ਼ਸੀਅਤ ਵਾਂਗ ਨਰੋਈ ਤੇ ਆਪਣੀ ਹੀ ਹੈ। ਇਸ ਵਿਚੋਂ ਗਿਆਨ ਦੇ ਨਾਲ ਨਾਲ ਮਿਠਾਸ, ਠਰ੍ਹੰਮਾ, ਵਿਅੰਗ, ਹਾਸ ਰਸ ਤੇ ਵਿਸ਼ਾਲ ਤਜਰਬੇ ਦੀਆਂ ਝਲਕਾਂ ਪੈਂਦੀਆਂ ਹਨ। ਇਹ ਬਾਣੀ ਗੁਰੂ ਜੀ ਦੇ ਸੁਭਾਅ ਤੇ ਵਿਅਕਤੀ ਦਾ ਭੀ ਗਿਆਨ ਦੇਂਦੀ ਹੈ। 'ਖ਼ੁਣਸ ਖਾ ਕੇ' ਆਏ ਜੋਗੀਆਂ ਵਲੋਂ ਕੀਤੇ ਪ੍ਰਸ਼ਨਾਂ ਤੋਂ ਗੁਰੂ ਜੀ ਛਿੱਥੇ ਨਹੀਂ ਪੈਂਦੇ ਅਤੇ ਨਾ ਹੀ ਸਉਪਣੇ ਨੂੰ ਛੱਡ ਕੇ ਕਾਹਲੇ ਹੀ। ਗੁਰੂ ਜੀ ਆਪਣੇ ਉੱਤਰਾਂ ਵਿਚ ਭਾਵੇਂ ਸੱਚੀਆਂ ਤੇ ਖਰੀਆਂ ਗੱਲਾਂ ਕਹਿ ਰਹੇ ਹਨ, ਮਹਾਨਤਾ ਇਹ ਹੈ ਕਿ ਬਚਨ ਬੜੇ ਮਿੱਠੇ ਤੇ ਸਾਂਵੇਂ ਹਨ। ਇਸ ਰਚਨਾ ਤੋਂ ਨਿਸਚਾ ਤੇ ਭਰੋਸਾ ਸਾਫ਼ ਪਿਆ ਦਿਸਦਾ ਹੈ।

ਗੁਰੂ ਜੀ ਜੋਗੀਆਂ ਵਿਚ ਆ ਚੁੱਕੀ ਗਿਰਾਵਟ ਨੂੰ ਦਰਸਾਂਦੇ ਹਨ ਤੇ ਉਨ੍ਹਾਂ ਨੂੰ ਵੰਗਾਰਦੇ ਭੀ ਹਨ। ਆਪ ਉਨ੍ਹਾਂ ਨੂੰ ਇਹ ਭੀ ਜਤਲਾਉਂਦੇ ਹਨ ਕਿ ਮਾਰਗ ਉਹ ਹੀ ਉੱਚਾ ਹੈ ਜੋ ਜ਼ਾਤੀ ਤੇ ਜਮਾਤੀ ਜੀਵਨ ਨੂੰ ਉੱਚਾ ਤੇ ਪਵਿੱਤਰ ਕਰੇ।

ਜੋਗੀਆਂ ਨਾਲ ਸੰਬਾਦ ਹੋਣ ਕਰਕੇ ਇਹ ਬਾਣੀ ਜੋਗੀ ਮਾਰਗ ਦੀ ਸਿਧਾਂਤਕ ਸ਼ਬਦਾਵਲੀ ਨਾਲ ਗੁੰਦੀ ਹੋਈ ਹੈ। ਵਿਸ਼ਾ ਜਪੁਜੀ ਵਾਂਗ ਹੀ ਗੰਭੀਰ ਹੈ, ਪਰ ਇਸ ਰਚਨਾ ਵਿਚ ਸੁਆਲ ਜੁਆਬ ਦੁਆਰਾ ਕਈ ਸੂਖਮ ਮਸਲਿਆਂ ਦੀਆਂ ਘੁੰਡੀਆਂ ਵੀ ਖੋਲ੍ਹੀਆਂ ਗਈਆਂ ਹਨ। ਇਸ ਰਚਨਾ ਵਿਚ ੨੫ ਤੋਂ ੪੦ ਤੀਕ ਬੰਦਾਂ ਵਿਚ ਜਪੁਜੀ ਦੀਆਂ ਸੁਣਿਐ ਤੇ ਮੰਨੈ ਦੀਆਂ ਪਉੜੀਆਂ ਦੇ ਵਿਚਾਰ ਪਰਗਟ ਹੁੰਦੇ ਜਾਪਦੇ ਹਨ : ਕਈ ਥਾਈਂ ਜਪੁਜੀ ਵਾਲਾ ਵਾਯੂਮੰਡਲ ਹੀ ਪਰਤੀਤ ਹੁੰਦਾ ਹੈ ਪਰ ਚੂੰਕਿ ਇਹ ਗੋਸ਼ਟ ਹੈ ਇਸ ਲਈ ਖ਼ਿਆਲਾਂ ਦੇ ਉਸਾਰਨ ਦਾ ਸਾਧਨ ਹੋਰ ਹੀ ਹੈ।

ਚੂੰਕਿ ਇਹ ਭਾਰਤੀ ਦਰਸ਼ਨ ਮਾਰਗ ਦੀ ਵਿਚਾਰ-ਪ੍ਰਧਾਨ ਰਚਨਾ ਹੈ, ਇਸ ਲਈ ਇਸ ਵਿਚ ਗੈਰ ਭਾਰਤੀ ਬੋਲੀ – ਫਾਰਸੀ ਦੀ ਸ਼ਬਦਾਵਲੀ ਦੀ ਵਰਤੋਂ ਅਸਲੋਂ ਹੀ ਨਹੀਂ ਹੈ।

ਗੁਰੂ ਜੀ ਅਨੁਸਾਰ ਜੀਵਨ ਇਸ ਤਰ੍ਹਾਂ ਬਤੀਤ ਕਰਨਾ ਚਾਹੀਦਾ ਹੈ ਜਿਵੇਂ ਕਮਲ ਤੇ ਮੁਰਗਾਬੀ ਜਲ ਵਿਚ ਰਹਿੰਦੇ ਹੋਏ ਜਲ ਤੋਂ ਅਭਿੱਜ ਰਹਿੰਦੇ ਹਨ। ਗੁਰੂ ਜੀ ਦਾ ਸਿਧਾਂਤ ਹੈ ਕਿ ਮਨੁੱਖ ਸੰਸਾਰ ਵਿਚ ਵਿਚਰਦਾ ਹੋਇਆ ਮਾਇਆ ਤੇ ਬੁਰਾਈ ਤੋਂ ਨਿਰਲੇਪ ਰਹਿ ਸਕਦਾ ਹੈ। ਗੁਰੂ ਦੁਆਰਾ ਪ੍ਰਾਪਤ ਹੋਇਆ ਨਾਮ ਹੀ ਮਨੁੱਖ ਨੂੰ ਉਚਾ ਤੇ ਸੁੱਚਾ ਰਸਤਾ ਦੱਸਦਾ ਹੈ।

ਜੋ ਵੱਡੇ ਵੱਡੇ ਪ੍ਰਸ਼ਨ ਸਿਖਾਂ ਨੇ ਪੁੱਛੇ ਤੇ ਗੁਰੂ ਜੀ ਨੇ ਜੋ ਉੱਤਰ ਦਿਤੇ ਉਨ੍ਹਾਂ ਦਾ ਸੰਖੇਪ ਤੌਰ ਤੇ ਸਾਰੰਸ਼ ਇੰਜ ਹੈ :—

ਗੁਰੂ ਜੀ ਨੂੰ ਪੁਛਿਆ ਗਿਆ ਕਿ ਤੁਹਾਡਾ ਮਾਰਗ ਕਿਹੜਾ ਹੈ ਤੇ ਉਸ ਵਿਚ ਜੀਵਨ-ਉਦੇਸ਼ ਕੀ ਹੈ ? ਗੁਰੂ ਜੀ ਦਾ ਉਤਰ ਹੈ ਕਿ ਪ੍ਰਭੂ-ਭਗਤੀ ਸਾਡਾ ਧਰਮ ਹੈ, ਮੁਕਤੀ ਉਦੇਸ਼ ਹੈ ਤੇ ਇਸ ਪਰਯੋਜਨ ਦੀ ਪ੍ਰਾਪਤੀ ਲਈ ਸਾਧਨ ਹੈ ਸ਼ਬਦ, ਜੋ ਕਿ ਗੁਰੂ-ਮਿਲਾਪ ਦੁਆਰਾ ਪ੍ਰਾਪਤ ਹੁੰਦਾ ਹੈ। ਅੱਗੇ ਇਹ ਸੁਆਲ ਹੈ ਕਿ 'ਦੁਨੀਆਂ ਸਾਗਰੁ ਦੁਤਰੁ ਕਹੀਐ ਕਿਉਂ ਕਰਿ ਪਾਈਐ ਪਾਰੋ ?' ਇਸ ਦਾ ਉੱਤਰ ਇਹ ਹੈ : ਇਹ ਸੰਸਾਰ-ਸਾਗਰ, ਜਿਸ ਨੂੰ ਤਰ ਕੇ ਲੰਘਣਾ ਕਠਨ ਹੈ, ਗ੍ਰਿਹਸਤ ਵਿਚ ਉਦਾਸ ਤੇ ਮਾਇਆ ਵਿਚ ਨਿਰਲੇਪ ਰਹਿਆਂ ਤਰਿਆ ਜਾ ਸਕਦਾ ਹੈ। ਇਹ ਪੁਛਿਆ ਗਿਆ ਕਿ ਗੁਰੂ ਦਾ ਦਰ ਕਿਵੇਂ ਲੱਭੇ ? ਉੱਤਰ ਮਿਲਿਆ ਕਿ ਪ੍ਰਭੂ ਕਿਰਪਾ ਨਾਲ ਹੀ ਗੁਰੂ ਦਾ ਮਿਲਾਪ ਹੁੰਦਾ ਹੈ। ਗੁਰੂ ਨਾਮ ਦਿੰਦਾ ਹੈ ਤੇ ਨਾਮ ਮਨ ਨੂੰ ਇਕ ਸੁਰ ਟਿਕਾਅ ਵਿਚ ਰਖਦਾ ਹੈ। ਅੱਗੇ ਚਲ ਕੇ ਗੁਰੂ ਜੀ ਨੇ ਕਿਹਾ ਕਿ 'ਮਨ ਟੇਕ ਟਿਕਈ' ਲਈ ਗ੍ਰਿਹਸਤ ਵਿਚ ਰਹਿ ਕੇ ਸਦਾਚਾਰ ਨੂੰ ਕਾਇਮ ਰਖਣਾ ਜ਼ਰੂਰੀ ਹੈ। ਇਸ ਜੀਵਨ ਨੂੰ ਸੱਚਾ ਬਲ ਸਦਾਚਾਰ ਹੀ ਦਿੰਦਾ ਹੈ ਕਿਉਂਕਿ 'ਹਾਟੀ ਬਾਟੀ ਨੀਦ ਨ ਆਵੈ, ਪਰ ਘਰਿ ਚਿਤੁ ਨ ਡੁਲਾਈ।' ਅਤੇ ਫਿਰ ਇਹ ਭੀ ਦਸਿਆ ਕਿ 'ਕਾਮ ਕ੍ਰੋਧ ਅਹੰਕਾਰ ਨਿਵਾਰੇ, ਗੁਰ ਕੈ ਸਬਦਿ ਸੁ ਸਮਝ ਪਰੀ।' ਇਹ ਸਬਦ ਦੀ ਸੋਝੀ ਗੁਰੂ ਹੀ ਦਿੰਦਾ ਹੈ।

ਅੱਗੇ ਚੱਲ ਕੇ ਜੋਗੀਆਂ ਨੇ ਪੁੱਛ ਕੀਤੀ ਕਿ ਗੁਪਤ ਕੌਣ ਹੈ ਤੇ ਪ੍ਰਗਟ ਕੌਣ ਹੈ : ਮੁਕਤ ਕੌਣ ਹੈ ਤੇ ਬੰਧਨ ਵਿਚ ਕੌਣ ? ਗੁਰੂ ਜੀ ਦਾ ਉੱਤਰ ਹੈ 'ਘਟਿ ਘਟਿ' ਗੁਪਤ ਵਸ ਰਿਹਾ ਹੈ। 'ਅੰਤਰਿ ਬਾਹਰ ਸਬਦ ਸੁ ਜੁਗਤਾ ਹੈ।' ਗੁਰਮੁਖ ਮੁਕਤ ਹੈ ਤੇ ਮਨਮੁਖ ਬੰਧਨ ਵਿਚ ਹੈ। ਮਨਮੁਖ ਦੁਰਮਤਿ ਵਿਚ ਫਸਿਆ ਪਿਆ ਹੈ। ਦੁਰਮਤਿ ਦੇ ਹਨੇਰੇ ਵਿਚੋਂ ਗੁਰੂ ਕਿਰਪਾ ਦੁਆਰਾ ਹੀ ਨਿਕਲਿਆ ਜਾ ਸਕੀਦਾ ਹੈ।

ਜਦ ਜੋਗੀ ਇਹ ਸੁਆਲ ਕਰਦੇ ਹਨ ਕਿ 'ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ। ਕਿਸੁ ਕਾਰਣਿ ਇਹੁ ਭੇਖੁ ਉਦਾਸੀ ? ਗੁਰੂ ਜੀ ਦਾ ਉਤਰ ਸਪਸ਼ਟ ਹੈ :

ਗੁਰਮੁਖਿ ਖੋਜਤ ਭਏ ਉਦਾਸੀ !
ਦਰਸਨ ਕੈ ਤਾਈ ਭੇਖ ਨਿਵਾਸੀ।

ਪ੍ਰਸ਼ਨ ਹੈ ਕਿ ਆਵਾਗਵਨ ਕਿਵੇਂ ਮਿਟਦਾ ਹੈ ? ਗੁਰੂ ਜੀ ਵਲੋਂ ਉਤਰ ਆਪ ਦੇ ਨਿੱਜੀ ਤਜਰਬੇ ਤੇ ਫ਼ਲਸਫ਼ੇ ਦਾ ਤੱਤ ਹੈ :—

ਸਤਿਗੁਰ ਕੈ ਜਨਮੈ ਗਵਨੁ ਮਿਟਾਇਆ ॥
ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥
ਗੁਰਮੁਖਿ ਜੋਤਿ ਨਿਰੰਤਰਿ ਪਾਈ ॥

ਤੂੰ ਗੁਣ ਮੇਟੇ ਖਾਈਐ ਸਾਰੁ ॥
ਨਾਨਕ ਤਾਰੇ ਤਾਰਣਹਾਰੁ ॥

ਇਸ ਗੋਸਟ ਵਿਚ ਪ੍ਰਮਾਤਮਾ ਬਾਰੇ ਬੜੇ ਜ਼ਰੂਰੀ ਤੇ ਸੂਖਮ ਸੁਆਲ ਉਠਦੇ ਹਨ। ਗੁਰੂ ਜੀ ਸੰਖੇਪ ਰੂਪ ਵਿਚ ਉੱਤਰ ਦਿੰਦਿਆਂ ਕਹਿੰਦੇ ਹਨ ਕਿ ਉਸ ਪ੍ਰਭੂ ਦੇ ਆਦਿ ਦਾ ਕਿਸੇ ਨੂੰ ਕੋਈ ਗਿਆਨ ਨਹੀਂ। ਨਿਰਗੁਣ ਤੋਂ ਸਰਗੁਣ ਸਰੂਪ ਵਿਚ ਉਹ ਆਪ ਹੀ ਹੋ ਜਾਂਦਾ ਹੈ। ਸੱਚ ਰੂਪੀ ਆਤਮਾ, ਪਰਮ ਸੱਚ ਰੂਪੀ ਪ੍ਰਮਾਤਮਾ ਵਿਚੋਂ ਹੀ ਉਪਜਦੀ ਹੈ ਤੇ ਫਿਰ ਉਸ ਵਿਚ ਹੀ ਜਾ ਕੇ ਲੀਨ ਹੋ ਜਾਂਦੀ ਹੈ।

ਫਿਰ ਗੁਰੂ ਜੀ ਗੁਰਮੁਖ ਤੇ ਮਨਮੁਖ ਦੇ ਗੁਣ ਔਗੁਣ ਦੱਸਦੇ ਹਨ। 'ਮਨਮੁਖਿ ਭਰਮਿ ਭਵੈ ਬੇਬਾਣਿ' ਪਰ 'ਗੁਰਮੁਖਿ ਪਵਿਤ੍ਰ ਪਰਮਪਦੁ ਪਾਵੈ' ਕਿਹਾ ਹੈ। ਮਨਮੁਖ 'ਸਬਦੁ ਨ ਚੀਨੈ ਲਵੈ ਕੁਬਾਣਿ' ਵਾਲੀ ਬਿਰਤੀ ਰਖਦਾ ਹੈ ਪਰ 'ਗੁਰਮੁਖ ਰੋਮਿ ਰੋਮਿ ਹਰਿ ਧਿਆਵੈ' ਵਾਲੀ ਅਵਸਥਾ ਵਿਚ ਵਿਚਰਦਾ ਹੈ। ਗੁਰਮੁਖ ਗੁਰੂ ਦੀ ਆਗਿਆ ਦਾ ਪਾਲਣ ਕਰਦੇ ਹੋਏ ਆਦਰਸ਼ਕ ਗੁਣ ਪੈਦਾ ਕਰਦਾ ਹੈ।

ਅੰਤਲੇ ਬੰਦਾਂ ਵਿਚ ਸੁੰਨ ਤੇ ਪਵਣੁ ਆਦਿ ਬਾਰੇ ਵਿਚਾਰ ਹਨ। ਇਥੇ ਵਧੇਰੇ ਵਿਚਾਰ 'ਸਬਦੁ' ਦੇ ਦੁਆਲੇ ਪਏ ਘੁੰਮਦੇ ਹਨ। ਗੁਰੂ ਜੀ ਨੇ ਦਸਿਆ ਕਿ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਪਰ ਸੱਚ ਇਹ ਹੈ ਕਿ 'ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ।' ਇਹ ਮਹਾਨ ਵਸਤੂ ਹੈ, ਜਿਸ ਦੀ ਸੋਝੀ ਗੁਰੂ ਦੇ ਸ਼ਬਦ ਤੋਂ ਹੀ ਹੁੰਦੀ ਹੈ।

ਸਾਰੰਸ਼ ਇਹ ਹੈ :—

ਹੇ ਨਿਰੰਕਾਰ, ਆਪਣੀ ਗਤਿਮਤਿ ਤੂੰ ਆਪ ਹੀ ਜਾਣਦਾ ਹੈਂ, ਹੋਰ ਕੋਈ ਵਰਨਣ ਨਹੀਂ ਕਰ ਸਕਦਾ। ਤੂੰ ਆਪ ਹੀ ਗੁਪਤ, ਆਪ ਹੀ ਪ੍ਰਗਟ ਹੈਂ ਤੇ ਤੂੰ ਆਪ ਹੀ ਸਾਰੇ ਰੰਗਾਂ ਤੇ ਅਨੰਦਾਂ ਨੂੰ ਮਾਣ ਰਿਹਾ ਹੈਂ। ਸਾਧਨਾ ਕਰਨ ਵਾਲੇ ਸਿਧ, ਚੇਲੇ ਤੇ ਗੁਰੂ ਬਹੁਤ ਖੋਜਦੇ ਫਿਰਦੇ ਹਨ। ਸਿਧ ਹੁਣ ਤੇਰੇ ਹੁਕਮ ਅਨੁਸਾਰ ਨਾਮ ਮੰਗਦੇ ਹਨ। ਅਸੀਂ ਇਸ ਦਰਸ਼ਨ ਜਾਂ ਸਿਧਾਂਤ ਤੋਂ ਕੁਰਬਾਨ ਜਾਂਦੇ ਹਾਂ। ਅਬਿਨਾਸੀ ਪ੍ਰਭੂ ਨੇ ਇਹ ਖੇਲ ਰਚਾਇਆ ਹੈ ਤੇ ਗੁਰਮੁਖਾਂ ਨੂੰ ਸੋਝੀ ਪਈ ਹੈ। ਸਾਰੇ ਜੁਗਾਂ ਵਿਚ ਪ੍ਰਮੇਸ਼ਰ ਆਪ ਹੀ ਪਿਆ ਵਰਤਦਾ ਹੈ, ਦੂਜਾ ਹੋਰ ਕੋਈ ਨਹੀਂ, ਜੋ ਸਦਾ ਇੰਜ ਥਿਰ ਹੋਵੇ। ਇਹ ਹੈ ਗਿਆਨ ਤੇ ਭਗਤੀ ਦਾ ਸੁਮੇਲ।

### ੩. ਸੁਖਮਨੀ ਸਾਹਿਬ

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਰਚਿਤ ਇਕ ਬੜਾ ਹੀ ਕਾਮਯਾਬ ਤੇ ਲੰਬੇਰਾ ਨਿਬੰਧ-ਕਾਵਿ ਹੈ। ਇਸ ਵਿਚ 28 ਅਸ਼ਟਪਦੀਆਂ ਤੇ 24 ਸ਼ਲੋਕ ਹਨ। ਹਰੇਕ ਅਸ਼ਟਪਦੀ ਦੇ ਪਹਿਲਾਂ ਇਕ ਇਕ ਸ਼ਲੋਕ ਹੈ। ਹਰ ਸ਼ਲੋਕ ਦੀ ਵਿਆਖਿਆ ਉਸ ਤੋਂ ਬਾਅਦ ਦੀ ਅੰਕਿਤ ਅਸ਼ਟਪਦੀ ਵਿਚ ਹੈ। ਇੰਜ ਕਿਹਾ ਜਾ ਸਕਦਾ ਹੈ ਕਿ ਇਹ ਨਿੱਕੇ ਨਿੱਕੇ ਚੌਵੀ ਨਿਬੰਧਾਂ ਦਾ ਇਕੱਠੇ ਰੂਪ ਵਿਚ ਇਕ ਲੰਬੇਰਾ ਨਿਬੰਧ ਹੈ। ਹਰ ਅਸ਼ਟਪਦੀ ਵਿਚ ਇਕ ਖਿਆਲ ਅੰਕਿਤ ਹੈ ਤੇ ਹਰ ਅਸ਼ਟਪਦੀ

ਇਕ ਨਿੱਕਾ ਨਿਬੰਧ-ਕਾਵਿ ਜਾਪਦੀ ਹੈ। ਪਰ ਵੱਖ ਵੱਖ ਅਸ਼ਟਪਦੀਆਂ ਦੇ ਖਿਆਲ ਇਕ ਦੂਜੇ ਨਾਲ ਲੜੀਵਾਰ ਪਰੁਤੇ ਹੋਏ ਹਨ। ਇੰਝ ਸੁਖਾਂ ਦੀ ਮਣੀ ਤੇ ਅਮਰ ਰਚਨਾ ਵਿਚ ਕੇਂਦਰੀ ਵਿਸ਼ਾ ਹੈ ਕਿ ਸਦੀਵੀ ਸੁਖ ਤੇ ਸ਼ਾਂਤੀ ਕੀ ਹੈ ਤੇ ਕਿਵੇਂ ਪ੍ਰਾਪਤ ਹੋਵੇ। ਜਿਨ੍ਹਾਂ ਨੂੰ ਇਹ ਸੁਖ ਸ਼ਾਂਤੀ ਦੀ ਪ੍ਰਾਪਤੀ ਹੋ ਗਈ ਹੈ ਉਹ ਸਾਧ ਸੰਤ ਜਾਂ ਬ੍ਰਹਮ ਗਿਆਨੀ ਕਿਹੋ ਜਿਹੇ ਹਨ। ਇਹੋ ਜਿਹੇ ਦੀ ਉਸਤਤ ਹੀ ਕਰਨੀ ਬਣਦੀ ਹੈ। ਇਹੋ ਜਿਹੇ ਮਹਾਂ ਪੁਰਸ਼ਾਂ ਦੀ ਨਿੰਦਾ ਕਰਨ ਵਾਲੇ ਬੇਮੁਖ ਹਨ। ਸੱਚਾ ਸੁਖ ਤੇ ਸਾਂਤੀ ਪ੍ਰਭੂ ਦੇ ਹੁਕਮ ਵਿਚ ਹੈ। ਇਸ ਦੀ ਸੂਝ ਸਿਮਰਨ ਦੁਆਰਾ ਹੋ ਸਕਦੀ ਹੈ।

ਅੱਜ ਜਦੋਂ ਮਨੁਖਤਾ ਦੇ ਅਮਨ ਨੂੰ ਖਤਰਾ ਹੈ ਮਨੁੱਖ ਤੇ ਸਮਾਜ ਦੇ ਸਦੀਵੀ ਅਮਨ ਤੇ ਸ਼ਾਂਤੀ ਲਈ ਕਿਹੜਾ ਹੱਲ ਹੋ ਸਕਦਾ ਹੈ ? ਜਦ ਤਕ ਮਨੁੱਖ ਨੂੰ ਸ਼ਾਂਤ ਵਾਯੂਮੰਡਲ ਪ੍ਰਾਪਤ ਨਹੀਂ ਹੁੰਦਾ, ਉਹ ਉੱਨਤੀ ਦੇ ਉਚੇਰੇ ਮੰਡਲਾਂ ਨੂੰ ਛੁਹ ਨਹੀਂ ਸਕਦਾ। ਗੁਰੂ ਅਰਜਨ ਦੇਵ ਨੇ ਇਸ ਲੋੜੀਂਦੇ ਪ੍ਰਸ਼ਨ ਦਾ ਉੱਤਰ ਸੁਖਮਨੀ ਦੁਆਰਾ ਦਿਤਾ ਹੈ। ਇਸ ਦ੍ਰਿਸ਼ਟੀ ਤੋਂ ਇਹ ਇਕ ਜ਼ਰੂਰੀ ਤੇ ਸਰਬ ਪਰਵਾਨਿਤ ਰਚਨਾ ਹੈ। ਇਸ ਦੀ ਬੋਲੀ ਸਾਧ ਭਾਸ਼ਾ ਹੈ, ਜੋ ਕਿ ਲਗਪਗ ਸਾਰੇ ਭਾਰਤ ਵਿਚ ਸਮਝੀ ਜਾ ਸਕਦੀ ਹੈ। ਇਸ ਦੀ ਅਹਿਮੀਅਤ, ਵਿਸ਼ੇ ਤੇ ਬੋਲੀ ਨੂੰ ਮੁਖ ਰਖ ਕੇ ਸਾਧੂ ਟੀ, ਐਲ. ਵਾਸਵਾਨੀ ਨੇ ਇਹ ਸੁਝਾਅ ਦਿੱਤਾ ਸੀ ਕਿ ਸੁਖਮਨੀ ਸਕੂਲਾਂ ਤੇ ਕਾਲਜਾਂ ਵਿਚ ਜ਼ਰੂਰੀ ਕੋਰਸ ਹੋਣਾ ਚਾਹੀਦਾ ਹੈ ਤਾਂ ਜੋ ਇਸ ਦੇ ਅਧਿਐਨ ਨਾਲ ਵਿਦਿਆਰਥੀ ਸ਼ਾਂਤ ਵਾਯੂ ਮੰਡਲ ਵਿਚ ਵਿਚਰਨਾ ਸਿਖ ਸਕਣ ਤੇ ਵਿਸ਼ਵਸ਼ਾਂਤੀ ਵਿਚ ਸਹਾਈ ਹੋਣ ਲਈ ਚੰਗੇ ਮਨੁਖ ਬਣ ਸਕਣ।

ਗੁਰੂ ਅਰਜਨ ਦੇਵ ਦਾ ਸਿਧਾਂਤ ਇਹ ਹੈ ਕਿ ਮਨੁੱਖੀ ਮਨ ਤੇ ਬੁਧੀ ਦੀਆਂ ਤਰੁਟੀਆਂ ਤੇ ਮਨੁਖੀ ਸਮਾਜ ਦੇ ਆਪੋ ਵਿਚ ਖਹਿ ਖਹਿ ਮਰਨ ਤੇ ਨਿਤ ਦੇ ਯੁਧਾਂ ਲੜਾਈਆਂ ਦਾ ਕਾਰਨ ਇਨ-ਸਾਨੀ ਮਨ ਤੇ ਆਤਮਾ ਦੇ ਸੰਸਕਾਰਾਂ ਵਿਚ ਲੁਕਿਆ ਹੋਇਆ ਹੈ। ਗੁਰੂ ਜੀ ਨੇ ਮਨੁਖੀ ਆਤਮਾ ਦੀਆਂ ਡੂੰਘਾਈਆਂ ਵਿਚ ਪਰੀਵਰਤਨ ਲਿਆਉਣ ਲਈ ਸਾਧਨ ਉਹੀ ਦਸਿਆ ਹੈ ਜੋ ਕਿ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਉਹ ਹੈ ਨਾਮ ਸਿਮਰਨ। ਨਾਮ ਸਿਮਰਨ ਸਾਧਨ ਭੀ ਹੈ ਤੇ ਆਦਰਸ਼ ਭੀ। ਇਸ ਦੀ ਨੀਂਹ ਉਸ ਅਟਲ ਤੇ ਅਮਰ ਸਚਾਈ ਉੱਤੇ ਰੱਖੀ ਹੋਈ ਹੈ ਜਿਸ ਨੂੰ ਵੇਦਾਂ ਤੋਂ ਲੈ ਕੇ ਅਜੋਕੇ ਧਰਮ ਨੇਤਾਵਾਂ, ਚਿੰਤਕਾਂ ਤੇ ਸਾਧਕਾਂ ਨੇ ਤਜਰਬੇ ਦੀ ਕਸਵੱਟੀ ਉੱਤੇ ਪਰਖ ਕੇ ਠੀਕ ਮੰਨਿਆ ਹੈ।

ਨਾਮ ਸਿਮਰਨ, ਜਿਸ ਤੇ ਸੁਖਮਨੀ ਸਾਹਿਬ ਦੀ ਹਰ ਅਸਟਪਦੀ ਤੇ ਜ਼ੋਰ ਦਿੱਤਾ ਗਿਆ ਹੈ, ਹੈ ਕੀ ? ਸੰਖੇਪ ਸ਼ਬਦਾਂ ਵਿਚ ਇਸ ਸਾਧਨ ਦਾ ਤੱਤ ਇਹ ਹੈ ਕਿ, ਮਨ ਨੂੰ ਨਿੱਤ ਦੇ ਖ਼ਿਆਲੀ ਵਿਤਕੜਿਆਂ ਤੋਂ ਪਵਿਤਰ ਤੇ ਸਾਫ਼ ਕੀਤਾ ਜਾਏ, ਫਿਰ ਮਨ ਦੀ ਬਿਰਤੀ ਨੂੰ ਕਿਸੇ ਉੱਚੇ ਮੰਡਲ ਤੇ ਕੇਂਦਰਤ ਕੀਤਾ ਜਾਏ; ਇਹ ਇਕਾਗਰਤਾ ਤੇ ਮਨ ਬਿਰਤੀ ਸੱਚ, ਇਨਸਾਫ, ਨੇਕੀ, ਪਰਉਪ-ਕਾਰ ਦੇ ਨਾਲ ਨਾਲ ਸੱਚੀ ਸੁਚੀ ਕਿਰਤ ਤੇ ਵੈਰ ਵਿਰੋਧ ਤੋਂ ਦੂਰ ਰਹਿ ਕੇ ਪ੍ਰਾਪਤ ਹੁੰਦੀ ਹੈ। ਇਹ ਪਦਵੀ ਨਿਰਭਉ ਤੇ ਨਿਸ਼ਕਾਮ ਆਦਿ ਗੁਣਾਂ ਕਰਕੇ ਹੀ ਕਾਇਮ ਰਹਿ ਸਕਦੀ ਹੈ।

1. ਦੇਖੋ ਸਾਧੂ ਟੀ. ਐਲ. ਵਾਸਵਾਨੀ ਦੀ ਕਿਤਾਬ In the Sikh Sanctuary, ਵਿਚ SUKHMANI or PEACE—CHANT, ਪੰਨਾ 46

ਸੁਖਮਨੀ ਸਾਹਿਬ ਦਾ ਵਿਸ਼ਾ ਇਕ ਦਮ ਹੀ ਪਹਿਲੀ ਅਸਟਪਦੀ ਦੇ ਸ਼ੁਰੂ ਵਿਚ ਸਪਸ਼ਟ ਹੋ ਜਾਂਦਾ ਹੈ। ਆਦਿ ਵਿਚ ਹੀ ਨਾਮ ਸਿਮਰਨ ਨੂੰ ਅਮਲੀ ਰੂਪ ਵਿਚ ਜੀਵਨ ਅੰਦਰ ਵਸਾਉਣ ਤੇ ਹਿਰਦੇ ਵਿਚ ਗ੍ਰਹਿਣ ਕਰਨ ਦਾ ਉਪਦੇਸ਼ ਹੈ। ਇਸ ਦੀ ਮਹਿਮਾ ਅਪਰੰਪਾਰ ਦੱਸੀ ਗਈ ਹੈ। ਇਸ ਵਿਚ ਹੀ ਸਾਰੇ ਸੁੱਖ ਤੇ ਸ਼ਾਂਤੀ ਛੁਪੀ ਪਈ ਹੈ :—

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ਼ਰ ॥
ਕੀਨੇ ਰਾਮਨਾਮ ਇਕ ਆਖ੍ਯ਼ਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥

ਸੁਖਮਨੀ ਸਾਹਿਬ ਵਿਚ ਮਨ-ਬਿਰਤੀਆਂ ਤੇ ਖਿੰਡੀਆਂ ਹੋਈਆਂ ਸੁਰਤਾਂ ਤੇ ਕਲਪਨਾ ਨੂੰ ਸਿਮਰਨ ਦੇ ਸਾਧਨ ਦੁਆਰਾ ਜੀਵਨ ਦੇ ਉੱਚੇ ਸੁੱਚੇ ਆਦਰਸ਼ ਲਈ ਇਕਾਗਰ ਕਰਕੇ ਇਕ ਕੇਂਦਰੀ ਨੁਕਤੇ ਉੱਪਰ ਲਿਆਉਣ ਦਾ ਯਤਨ ਕਰਨ ਦਾ ਉਪਦੇਸ਼ ਹੈ। ਜੇ ਇੰਜ ਕਰਨ ਵਾਲੇ ਦੀ ਆਤਮਾ ਪਰਮਾਤਮਾ ਨਾਲ ਅਭੇਦ ਹੋ ਜਾਵੇ ਤਾਂ ਰੋਗੀ ਮਨ ਅਰੋਗ ਹੋ ਕੇ ਭੈ-ਭਰਮਾਂ ਦੇ ਝਮੇਲਿਆਂ ਤੋਂ ਮੁਕਤ ਹੋ ਜਾਂਦਾ ਹੈ। ਇਸ ਅਵਸਥਾ ਤੇ ਦੁਖ-ਦਰਦ, ਕਲਹਿ ਕਲੇਸ਼ ਨਹੀਂ ਰਹਿੰਦੇ ਤੇ ਸਾਰੇ ਦੁਸ਼ਮਨ ਭੱਜ ਜਾਂਦੇ ਹਨ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਕੈ ਸਿਮਰਨਿ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥

... ... ...

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥

... ... ...

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

ਜੀਵਨ ਸੰਗਰਾਮ ਦਾ ਨਾਮ ਹੈ। ਜ਼ਿੰਦਗੀ ਵਿਚ ਦੁਖਾਂ ਤਕਲੀਫ਼ਾਂ ਦਾ ਟਾਕਰਾ ਤੇ ਮੁਕਾਬਲਾ ਚੜ੍ਹਦੀ ਕਲਾ ਵਿਚ ਵਿਚਰਦੇ ਹੋਏ ਕਰਨਾ ਬਹਾਦਰੀ ਤੇ ਮਰਦਾਨਗੀ ਹੈ। ਜੀਵਨ ਵਿਚ ਕੇਵਲ ਸਰੀਰਕ ਔਕੜਾਂ ਹੀ ਨਹੀਂ ਹਨ, ਆਤਮਕ ਪੀੜਾਂ ਵੀ ਹਨ। ਕੋਈ ਇਨਸਾਨ ਪੂਰਨ ਤੌਰ ਤੇ ਸੁਖੀ ਨਹੀਂ ਹੈ। ਜਦੋਂ ਸਾਡੇ ਪਾਪ ਸਾਡੇ ਸਾਹਮਣੇ ਆ ਖੜੋਂਦੇ ਹਨ ਤਾਂ ਆਤਮਾ ਕੰਬ ਉਠਦੀ ਹੈ। ਸਰੀਰ, ਮਨ ਤੇ ਆਤਮਾ ਕਰਕੇ ਨਰੋਆ ਜੀਵਨ ਹੀ ਸਹੀ ਅਰਥਾਂ ਵਿਚ ਅਰੋਗੀ ਹੈ। ਆਤਮਕ ਵਿਕਾਸ ਤੇ ਪਰਮਾਰਥਕ ਉੱਨਤੀ ਦੀਆਂ ਕਈ ਮੰਜ਼ਲਾਂ ਹਨ, ਜਿਨ੍ਹਾਂ ਨੂੰ ਤੈ ਕਰਨ ਲਈ ਕਈ ਔਕੜਾਂ ਤੇ ਰੋਕਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਨ੍ਹਾਂ ਕਠਨਾਈਆਂ ਦਾ ਮੁਕਾਬਲਾ ਕਰਨ ਵੇਲੇ ਸਿਮਰਨ ਦੁਆਰਾ ਪ੍ਰਾਪਤ ਕੀਤੀ ਆਤਮਕ ਸ਼ਕਤੀ ਹੀ ਸਹਾਈ ਹੋ ਸਕਦੀ ਹੈ। ਗੁਰੂ ਅਰਜਨ ਦੇਵ ਨੇ ਇਸ ਦੀ ਗਵਾਹੀ ਇਉਂ ਭਰੀ ਹੈ :

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

----

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
ਲਾਖ ਕਰੋਰੀ ਬੰਧੁ ਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ ॥

----

ਜਿਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿਨਾਮੁ ਸੰਗਿ ਹੋਤ ਇਕੇਲਾ ॥

ਜੀਵਨ ਇਕ ਲੰਬਾ ਸਫ਼ਰ ਹੈ। ਸੰਸਾਰ-ਯਾਤਰਾ ਲਈ ਓਟ ਤੇ ਆਸਰਾ ਨਾਮ-ਸਿਮਰਨ ਤੋਂ ਚੰਗਾ ਹੋਰ ਕੀ ਹੋ ਸਕਦਾ ਹੈ।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥

ਜਿਹ ਪੈਡੇ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥

ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਜਿਨ੍ਹਾਂ ਨੇ ਨਾਮ ਦੀ ਟੇਕ ਲਈ ਹੈ ਤੇ ਸੁਆਸ ਸੁਆਸ ਸਿਮਰਨ ਕਰਕੇ ਪੁਗ ਗਏ ਹਨ, ਉਹ ਮਹਾਂ-ਪੁਰਸ਼ ਪੂਜਯ ਹਨ, ਸੰਤ ਹਨ, ਸਾਧ ਹਨ। ਉਹ ਬ੍ਰਹਮ-ਗਿਆਨੀ ਹਨ। ਇਹੋ ਜਿਹੇ ਸਰਬਸ਼੍ਰੇਸ਼ਟ ਉੱਤਮ ਵਿਅਕਤੀਆਂ ਦੀ ਉਪਮਾ ਹੀ ਕਰਨੀ ਬਣਦੀ ਹੈ। ਇਹੋ ਜਿਹੇ ਸੰਤਾਂ ਦੀ ਨਿੰਦਾ ਚੰਗੀ ਨਹੀਂ। 'ਸੰਤ ਕਾ ਨਿੰਦਕ' ਲੋਕ ਪਰਲੋਕ ਦੋਹੀਂ ਥਾਈਂ ਦੁਰਕਾਰਿਆ ਜਾਂਦਾ ਹੈ ਅਤੇ ਉਹ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਪਰ ਜਿਨ੍ਹਾਂ ਦਾ ਸਤਿਕਾਰ ਬਣਦਾ ਹੈ ਉਨ੍ਹਾਂ ਦੀ ਪਛਾਣ ਤੇ ਲਛਣ ਕੀ ਹਨ ? ਉੱਤਰ ਹੈ :—

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥

ਬ੍ਰਹਮ-ਗਿਆਨੀ 'ਸਦਾ ਨਿਰਲੇਪ' ਹੈ। 'ਸਦਾ ਨਿਰਦੋਖ' ਹੈ। ਉਹ ਸਭ ਨੂੰ ਸਮਾਨ ਦ੍ਰਿਸ਼ਟੀ ਨਾਲ ਦੇਖਦਾ ਹੈ। ਬ੍ਰਹਮ ਗਿਆਨੀ ਜਲ ਵਾਂਗੂੰ ਨਿਰਮਲ ਹੈ। ਬ੍ਰਹਮ-ਗਿਆਨੀ ਦੇ ਗੁਣ ਬੇਸ਼ੁਮਾਰ ਹਨ :—

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥

... ... ...

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ।
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ।

... ... ... ...

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ।
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।

ਸੱਚ ਮੁੱਚ ਬ੍ਰਹਮ ਗਿਆਨੀ ਦਾ ਦਰਜਾ ਬਹੁਤ ਉੱਚਾ ਹੈ। ਬ੍ਰਹਮ ਗਿਆਨੀ ਤਾਂ ਆਪ ਪਰਮੇਸ਼ਰ ਹੈ। ਕਿਉਂਕਿ ਉਹ ਪਰਮਾਤਮਾ ਨਾਲ ਅਭੇਦ ਹੋ ਚੁੱਕਾ ਹੁੰਦਾ ਹੈ।

ਸੁਖਮਨੀ ਸਾਹਿਬ ਵਿਚ ਆਸ਼ਾਵਾਦੀ ਫ਼ਲਸਫ਼ਾ ਅੰਕਿਤ ਹੈ। ਜਪੁਜੀ ਜਾਂ ਸਿੱਧ ਗੋਸ਼ਟ ਵਾਂਗ ਇਹ ਕਠਨ ਤੇ ਗਠਵੀਂ ਬਾਣੀ ਨਹੀਂ। ਇਹ ਸਰਲ ਭਾਸ਼ਾ ਵਿਚ ਤੇ ਵਿਸਥਾਰਕ ਢੰਗ ਨਾਲ ਲਿਖੀ ਗਈ ਰਚਨਾ ਹੈ, ਜੋ ਕਿ ਸ੍ਰੇਸ਼ਟ ਧਰਮ ਦੀ ਸੋਝੀ ਦਿੰਦੀ ਹੈ। 'ਸਰਬ ਧਰਮ ਮਹਿ ਸ੍ਰੇਸ਼ਟ ਧਰਮ। ਹਰ ਕੋ ਨਾਮ ਜਪਿ ਨਿਰਮਲ ਕਰਮ।' ਸਪਸ਼ਟ ਹੈ ਕਿ ਇਸ ਬਾਣੀ ਦੁਆਰਾ ਹਰੀ ਦਾ

ਨਾਮ ਜਪਣ ਦੀ ਪ੍ਰੇਰਨਾ ਮਿਲਦੀ ਹੈ। ਸੁਖਮਨੀ ਨੂੰ ਪੜ੍ਹ ਕੇ, ਵਿਚਾਰ ਕੇ ਤੇ ਇਸ ਤੇ ਅਮਲ ਕਰਕੇ ਇਨਸਾਨ ਆਪਣੀਆਂ ਸੀਮਿਤ ਹੱਦਾਂ ਤੋਂ ਉਤਾਹ ਉੱਠ ਕੇ ਇਕ ਨਵੇਂ ਮੰਡਲ ਵਿਚ ਵਿਚਰਨ ਲੱਗਦਾ ਹੈ, ਜਿਸ ਦੀਆਂ ਕੀਮਤਾਂ ਵੱਖਰੀਆਂ ਹਨ। ਇਸ ਬਾਣੀ ਵਿਚ ਪਰਚਾਰੇ ਗਏ ਨਾਮ-ਸਿਮਰਨ ਦੇ ਸਾਧਨ ਦੁਆਰਾ ਮਨੁੱਖ ਆਪਣੀ ਵਿਅਕਤੀਗਤ ਹੈਸੀਅਤ ਵਿਚ ਆਤਮਾ ਦੀਆਂ ਉੱਚੀਆਂ ਤੋਂ ਉੱਚੀਆਂ ਮੰਜ਼ਲਾਂ ਨੂੰ ਛੋਂਹਦਾ ਹੈ ਅਤੇ ਭਾਈਚਾਰਕ ਹੈਸੀਅਤ ਵਿਚ ਅਜਿਹੇ ਸਮਾਜਕ ਪ੍ਰਬੰਧ ਦੀ ਨੀਂਹ ਰੱਖਣ ਦੀ ਸੋਝੀ ਲੈਂਦਾ ਹੈ ਜਿਸ ਵਿਚੋਂ ਸਰੀਰਕ ਭੁਖ ਤੇ ਮਾਨਸਿਕ ਦੁਖ ਖੰਭ ਲਾ ਕੇ ਉੱਡ ਜਾਣ।

ਸੁਖਮਨੀ ਦਾ ਅਧਿਐਨ ਦੋ ਪੱਖਾਂ ਤੋਂ ਮਨੋਰੰਜਕ ਹੈ। ਇਕ ਤਾਂ ਮਹਾਨ ਆਤਮਕ ਸਾਧਨ ਦਾ ਵਰਨਣ ਹੈ ਜਿਸ ਦਾ ਸਵਿਸਥਾਰ ਜ਼ਿਕਰ ਉੱਪਰ ਕੀਤਾ ਗਿਆ ਹੈ ਦੂਜਾ ਪਹਿਲੂ ਇਸ ਦੇ ਸਾਹਿਤਕ ਸੁਹੱਪਣ ਦਾ ਹੈ। ਇਸ ਦੇ ਛੰਦਾਂ ਦੀ ਅਨੂਪਮ ਰਵਾਨੀ ਤੇ ਇਸ ਦੀ ਕਵਿਤਾ ਦਾ ਜਾਦੂ ਭਰਿਆ ਸੰਗੀਤ ਇਸ ਨੂੰ ਸਾਹਿਤਕ ਅਮਰਤਾ ਪ੍ਰਦਾਨ ਕਰਦਾ ਹੈ। ਸਾਹਿਤ ਦੇ ਨੁਕਤੇ ਤੋਂ ਸੁਖਮਨੀ ਸਾਹਿਬ ਦੀ ਮਹੱਤਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਸਦੀਆਂ ਤੋਂ ਪੰਜਾਬੀ, ਸਿੰਧੀ ਤੇ ਹੋਰ ਲੋਕੀਂ ਲੱਖਾਂ ਦੀ ਗਿਣਤੀ ਵਿਚ ਇਸ ਦੇ ਆਤਮਿਕ ਪ੍ਰਭਾਵ ਤੇ ਸੰਗੀਤਕ ਸੁਛਤਾ ਤੋਂ ਸ਼ਰਧਾ ਤੇ ਸ਼ਾਂਤੀ ਪ੍ਰਾਪਤ ਕਰਦੇ ਆ ਰਹੇ ਹਨ ਤੇ ਕਰਦੇ ਰਹਿਣਗੇ। ਕਿਸੇ ਰਚਨਾ ਦੀ ਵਡਿਆਈ ਦੀ ਸਭ ਤੋਂ ਚੰਗੀ ਕਸਵੱਟੀ ਇਹੋ ਕਹੀ ਜਾ ਸਕਦੀ ਹੈ ਕਿ ਉਸ ਰਚਨਾ ਨੂੰ ਪੜ੍ਹਨ ਵਾਲਾ ਮੁੜ ਉਹ ਨਾ ਰਹੇ ਜੋ ਕਿ ਉਸ ਨੂੰ ਪੜ੍ਹਨ ਤੋਂ ਪਹਿਲਾਂ ਸੀ. ਸੁਖਮਨੀ ਸਾਹਿਬ ਦੀ ਵਿਚਾਰਧਾਰਾ ਦਾ ਇਹ ਪ੍ਰਭਾਵ ਹਰ ਉਸ ਪਾਠਕ ਤੇ ਪੈਂਦਾ ਹੈ ਜੋ ਇਸ ਨੂੰ ਮਨ ਲਾ ਕੇ ਪੜ੍ਹਦਾ ਜਾਂ ਸੁਣਦਾ ਹੈ। ਇਸ ਦੀ ਗਵਾਹੀ ਸੁਖਮਨੀ ਦੀ ਬਾਣੀ ਵਿਚੋਂ ਹੀ ਪਈ ਮਿਲਦੀ ਹੈ। ਅੰਤਲੀ ਅਸ਼ਟਪਦੀ ਦੇ ਅਖ਼ੀਰਲੇ ਪਦ ਵਿਚ ਲਿਖਿਆ ਹੈ :—

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ।
ਜਨਮ ਮਰਨ ਤਾ ਕਾ ਦੂਖੁ ਨਿਵਾਰੈ।
ਦੁਲਭ ਦੇਹ ਤਤਕਾਲ ਉਧਾਰੈ।
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ।
ਏਕੁ ਨਾਮੁ ਮਨ ਮਾਹਿ ਸਮਾਨੀ।
ਦੂਖ ਰੋਗ ਬਿਨਸੇ ਭੈ ਭਰਮ।
ਸਾਧ ਨਾਮ ਨਿਰਮਲ ਤਾ ਕੇ ਕਰਮ।
ਸਭ ਤੇ ਊਚ ਤਾ ਕੀ ਸੋਭਾ ਬਨੀ।
ਨਾਨਕ ਇਹ ਗੁਣਿ ਨਾਮੁ ਸੁਖਮਨੀ।

ਸੱਚਮੁੱਚ ਇਕ ਮਹਾਨ ਵਿਸ਼ੇ ਨੂੰ ਇਕ ਮਹਾਨ ਕਲਾਕਾਰ ਨੇ ਇਕ ਅਮਰ ਰਚਨਾ ਦੇ ਰੂਪ ਵਿਚ ਕਲਮਬੰਦ ਕੀਤਾ ਹੈ। ਇਹ ਸਮਰਥਕ ਨਿਬੰਧ-ਕਾਵਿ ਅਜਿਹੇ ਸੰਗੀਤ ਵਿਚ ਓਤ ਪੋਤ ਹੈ ਜੋ

ਕਿ ਪਹਾੜੀ ਚਸ਼ਮੇ ਵਾਂਗ ਨਿਰਮਲ ਤੇ ਸ਼ੀਤਲ ਹੈ, ਜਿਸ ਨੂੰ ਇਕ ਵੇਰ ਸਵੇਰ ਵੇਲੇ ਮਨ ਦੀ ਬਿਰਤੀ ਇਕਾਗਰ ਕਰਕੇ ਸਪਰਸ਼ ਕੀਤਿਆਂ ਮਨ ਦੀ ਦਸ਼ਾ ਤੇ ਚਿਤ ਦਾ ਹੁਲਾਸ ਅਕਥਨੀਯ ਹੋ ਜਾਂਦਾ ਹੈ।

## ੪. ਅਨੰਦ

'ਸਹਿਜ ਤੇ ਅਨੰਦ' ਪੁਸਤਕ ਦੀ ਭੂਮਿਕਾ ਵਿਚ ਡਾ: ਤਾਰਨ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ 'ਪੰਜਾਬੀ ਵਿਚ ਕੋਈ ਸ਼ਬਦ 'ਅਨੰਦ' ਸ਼ਬਦ ਦੇ ਭਾਵ ਨੂੰ ਪੂਰੀ ਤਰ੍ਹਾਂ ਨਹੀਂ ਦਰਸਾ ਸਕਦਾ।...ਅਨੰਦ ਸ਼ਬਦ ਆਤਮਾ ਦੀ ਕਿਸੇ ਅਵਸਥਾ ਦਾ ਸੂਚਕ ਹੈ, ਜਿਸ ਅਵਸਥਾ ਵਿਚ ਸ਼ਾਂਤੀ ਅਡੋਲਤਾ, ਤ੍ਰਿਪਤੀ, ਨਿਰਲੇਪਤਾ, ਕੋਮਲਤਾ ਆਦਿ ਸਾਰੇ ਲੱਛਣ ਉਪਸਥਿਤ ਹਨ ਅਤੇ ਜੋ ਅਵਸਥਾ ਸਥਿਰ ਰਹਿੰਦੀ ਹੈ। 'ਖ਼ੁਸ਼ੀ' (ਸ਼ਬਦ) ਵਿਚ ਇੰਨਾ ਆਤਮਕ ਭਾਵ ਨਹੀਂ ਹੈ ਜਿੰਨਾ ਮਾਨਸਕ ਹੈ। ਇਸ ਦੇ ਅਰਥ ਇੰਨੇ ਤ੍ਰਿਪਤੀ ਦੇ ਸੂਚਕ ਨਹੀਂ ਜਿੰਨੇ ਇਕ ਸਾਮਯਕ ਪੂਰਤੀ ਦੇ।'

ਅਨੰਦ ਦੀ ਰਚਨਾ ਵਿਚੋਂ ਇਹੋ ਆਤਮਕ ਅਵਸਥਾ ਦੇ ਝਲਕਾਰੇ ਪੈਂਦੇ ਹਨ। ਇਹ ਨਿੱਜੀ ਅਨੰਦ ਇਕ ਕੁਦਰਤੀ ਚਸ਼ਮੇ ਵਾਂਗ ਸ਼ਾਂਤੀ ਤੇ ਤ੍ਰਿਪਤੀ ਦਾ ਸੋਮਾ ਹੈ। ਖੇੜੇ ਤੇ ਹੁਲਾਸ, ਨਿਰ-ਲੇਪਤਾ ਤੇ ਅਡੋਲਤਾ ਦੀ ਖਾਣ ਹੈ। ਇਸ ਦੇ ਰਚਣਹਾਰ ਗੁਰੂ ਅਮਰਦਾਸ ਇਸ ਅਵਸਥਾ ਦੀ ਪੁਜੀ ਹੋਈ ਮਹਾਨ ਆਤਮਾ ਸੀ ਤੇ ਇਹ ਉਨ੍ਹਾਂ ਦੇ ਜ਼ਾਤੀ ਤਜਰਬੇ ਦਾ ਇਕ ਪ੍ਰਗਟਾਅ ਹੈ।

ਖੇੜਾ ਤੇ ਖ਼ੁਸ਼ੀ ਹਰ ਮਨੁੱਖ ਦੀ ਮੁਢਲੀ ਲੋਚਾ ਹੈ ਜਿਸ ਲਈ ਹਰ ਜੀਵ ਕਿਸੇ ਨਾ ਕਿਸੇ ਸ਼ਕਲ ਵਿਚ ਉਪਰਾਲੇ ਪਿਆ ਕਰਦਾ ਹੈ। ਇਸ ਦੁਨੀਆਂ ਦੀ ਸਾਰੀ ਭੱਜ-ਨੱਠ, ਮਾਇਆ ਤੇ ਪਦਵੀ ਦੀ ਪ੍ਰਾਪਤੀ, ਗਿਆਨ ਤੇ ਸ਼ਕਤੀ ਹਾਸਲ ਕਰਨ ਦੇ ਯਤਨ ਸਾਰੇ ਹੀ ਇਸ ਚੇਤ ਜਾਂ ਅਚੇਤ ਲਾਲਸਾ ਦੀ ਪੂਰਤੀ ਲਈ ਹੀ ਹਨ ਕਿ ਜੀਵਨ ਵਿਚ ਖ਼ੁਸ਼ੀ ਹੋਵੇ ਤੇ ਅਸੀਂ ਸੁਖੀ ਹੋਈਏ। ਪਰ ਖ਼ੁਸ਼ੀ ਇਕ ਸੀਮਤ ਸਮੇਂ ਲਈ ਹੁੰਦੀ ਹੈ। ਅਨੰਦ ਦੀ ਪ੍ਰਾਪਤੀ ਤਾਂ ਸਮਝੋ ਸਦੀਵੀ ਖੇੜੇ ਦੀ ਲਖਾਇਕ ਹੈ। ਆਤਮਕ ਅਨੰਦ ਸਹਿਜ ਦੀ ਅਵਸਥਾ ਹੈ। ਸਹਿਜ ਤੇ ਅਨੰਦ ਇਕੱਠੇ ਹਨ। ਅਨੰਦ ਸਤਿਗੁਰੂ ਦੇ ਮਿਲਾਪ ਕਰਕੇ ਹੈ। 'ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ।' ਅਤੇ ਸਤਿਗੁਰੂ ਦਾ ਮਿਲਾਪ ਸਹਿਜ ਦੁਆਰਾ ਹੈ।' 'ਸਤਿਗੁਰੂ ਤ ਪਾਇਆ ਸਹਜ ਸੇਤੀ' ਸਹਿਜ ਸਾਧਨ ਹੈ ਅਨੰਦ ਦੀ ਪ੍ਰਾਪਤੀ ਦਾ। ਅਨੰਦ ਅਵਸਥਾ ਹੈ। ਅਨੰਦ ਤੇ ਸਹਿਜ ਲਾਜ਼ਮ ਮਲਜ਼ੂਮ ਹਨ। ਇਕ ਦੂਜੇ ਦੇ ਨਾਲ ਨਾਲ ਹਨ। ਮਨੁੱਖੀ ਸ਼ਖ਼ਸੀਅਤ ਦਾ ਸਿਖਰ ਹੈ ਸਮਾਨਤਾ ਤੇ ਅਡੋਲਤਾ। ਇਸੇ ਅਵਸਥਾ ਨੂੰ ਸਹਿਜ ਦੀ ਅਵਸਥਾ ਕਹਿੰਦੇ ਹਨ, ਸਹਿਜ ਇਕ ਅਜਿਹੇ ਸੁਭਾਅ ਦੀ ਨੀਂਹ ਹੈ ਜੋ ਹਰ ਵੇਲੇ ਹਰ ਥਾਂ ਅਡੋਲ, ਨਿਰਭੈ ਤੇ ਨਿਰਵੈਰ ਹੈ। ਜਿਨ੍ਹਾਂ ਗੁਣਾਂ ਕਰਕੇ ਇਹ ਸਹਿਜ ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਉਹ ਅਨੰਦ ਦੀ ਬਾਣੀ ਵਿਚ ਅੰਕਿਤ ਹੈ।

ਅਨੰਦ ਸਾਹਿਬ ਦੀਆਂ ਚਾਲੀ ਪਉੜੀਆਂ ਹਨ ਤੇ ਹਰ ਪਉੜੀ ਵਿਚ ਇਕ ਨਾ ਇਕ ਐਸੇ ਗੁਣ ਦਾ ਵਰਨਣ ਹੈ ਜਿਨ੍ਹਾਂ ਨੂੰ ਗ੍ਰਹਿਣ ਕਰਨ ਨਾਲ ਪੂਰਨ ਅਨੰਦਮਈ ਸ਼ਖ਼ਸੀਅਤ ਉਸਰਦੀ ਹੈ ਤੇ ਅੰਤ ਪਰਮ-ਅਨੰਦ ਵਿਚ ਜਾ ਸਮਾਈਦਾ ਹੈ।

ਇਹ ਰਚਨਾ ਤੀਜੇ ਗੁਰੂ ਦਾ ਸ਼ਾਹਕਾਰ ਹੈ, ਜੋ ਕਿ ਉਸੇ ਰਾਗ ਅਨੰਦ ਵਿਚ ਅੰਕਿਤ ਹੈ ਜਿਸ

ਵਿਚ ਸਿੱਧ ਗੋਸ਼ਟ । ਰਾਮਕਲੀ ਰਾਗ ਦੀਆਂ ਲੰਬੇਰੀਆਂ ਰਚਨਾਵਾਂ ਵਿਚੋਂ ਅਨੰਦ ਸ਼ਾਇਦ ਸਭ ਤੋਂ ਪ੍ਰਸਿੱਧ ਤੇ ਸਭ ਤੋਂ ਜ਼ਿਆਦਾ ਪੜ੍ਹੀ ਜਾਣ ਵਾਲੀ ਬਾਣੀ ਹੈ ਕਿਉਂਕਿ ਜਪੁਜੀ ਵਾਂਗ ਇਹ ਸਿੱਖਾਂ ਦੇ ਨਿਤ ਨੇਮ ਦੀ ਬਾਣੀ ਹੈ । ਪਰ ਇਹ ਸਿੱਧ ਗੋਸ਼ਟ ਵਾਂਗੂ ਕਠਿਨ ਨਹੀਂ । ਵਿਸ਼ਾ, ਸ਼ੈਲੀ ਤੇ ਇਸ ਦਾ ਨਿਭਾਅ ਸਭ ਹੀ ਸਰਲ ਹਨ ।

ਕ੍ਰਮਵਾਰ ਚਾਲੀ ਪਉੜੀਆਂ ਵਿਚ ਜੋ ਮਜ਼ਮੂਨ ਹਨ ਉਹ ਡਾ: ਤਾਰਨ ਸਿੰਘ ਅਨੁਸਾਰ ਇਉਂ ਹਨ :— ਰਾਗ ਮਈ ਸ਼ਖਸੀਅਤ, ਇਖ਼ਲਾਕੀ ਜੁਰੱਅਤ, ਸ਼ੁਭ ਚਿਤਵਨ, ਰੁਝੇਵਾਂ, ਸ੍ਵੈਕਾਬੂ, ਆਦਰਸ਼ ਦੀ ਲਗਨ, ਸੁਲਝੀ ਜੀਵਨ ਜਾਚ, ਨਿਰਮਲ ਮਨ, ਸ੍ਵੈ-ਅਰਪਣ, ਭੋਲਾ ਭਾਵ, ਲੰਬੀ ਨਦਰ, ਸੰਤੁਸ਼ਟਤਾ, ਮਾਨਵ ਭਗਤੀ, ਆਪਾ ਵਾਰਨਾ, ਅੰਤਸ਼ਕਰਣ ਦੀ ਅਨਸਾਰਤਾ, ਆਤਮ ਸੰਤੁਸ਼ਟਤਾ, ਪਵਿੱਤਰਤਾ, ਬਿਬੇਕ, ਸੱਚ ਗ੍ਰਹਿਣ, ਅੰਦਰੋਂ ਬਾਹਰੋਂ ਸਮਾਨਤਾ, ਮਨੁੱਖਤਾ, ਮੁਕਤੀ, ਸ਼ੁਭ ਪਰੇਰਨਾ, ਸੱਚ ਦਾ ਪਿਆਰ, ਹੁਕਮ ਦੀ ਪਛਾਣ, ਸਾਵਾਂਪਣ, ਕ੍ਰਿਤਗਯਤਾ, ਮਾਇਆ ਵਲ ਯੋਗ ਵਤੀਰਾ, ਰੋਜ਼ਾਨਾ ਉੱਨਤੀ, ਜੀਭ ਦਾ ਜ਼ਬਤ, ਅੰਦਰਲੀ ਜੋਤ, ਅੰਤਰ ਆਤਮੇ ਪ੍ਰਭੂ ਨਿਵਾਸ, ਸਫਲ ਸਰੀਰ, ਦਿਬ-ਦ੍ਰਿਸ਼ਟਤਾ, ਪਵਿੱਤਰ ਸਰਵਣ, ਆਤਮ ਸੂਝ, ਸੱਚ ਪ੍ਰਾਇਣਤਾ ਤੇ ਮਨੋਰਥ ਦੀ ਪ੍ਰਾਪਤੀ ।

ਇਹ ਮਨੋਰਥ ਕੀ ਹੈ ? ਇਹ ਹੈ ਅਨੰਦ ਦੀ ਪ੍ਰਾਪਤੀ । ਅਨੰਦ ਦੀ ਪ੍ਰਾਪਤੀ ਹੀ ਅਨੰਦ ਦੀ ਬਾਣੀ ਦਾ ਵਿਸ਼ਾ ਹੈ । ਇਸੇ ਲਈ ਇਸ ਬਾਣੀ ਵਿਚ ਮਨੋਵਿਗਿਆਨਕ ਢੰਗ ਨਾਲ ਪਰਮਾਰਥਕ ਤੇ ਇਖ਼ਲਾਕੀ ਸੁਝਾਅ ਦਿੱਤੇ ਗਏ ਹਨ । ਪਰ ਜਿਸ ਆਦਰਸ਼ ਦਾ ਗਿਆਨ ਹੀ ਨਾ ਹੋਵੇ ਉਸ ਦੀ ਪ੍ਰਾਪਤੀ ਦੇ ਕੀ ਅਰਥ । ਇਸ ਬਾਣੀ ਦੀ ਪਹਿਲੀ ਤੇ ਅੰਤਲੀ ਪਉੜੀਆਂ ਵਿਚ ਇਹ ਸੰਕੇਤ ਹੈ ਕਿ ਅਨੰਦ ਕੀ ਹੈ । ਇਸ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਦੀਵੀ ਖੇੜਾ ਇਕ ਸੰਗੀਤ-ਮਈ ਅਵਸਥਾ ਹੈ, ਇਕ ਅਨਹਦ ਸ਼ਬਦ ਦੀ ਗੁੰਜਾਰ ਹੈ, ਆਪਣੇ ਇਸ਼ਟ ਗੁਰੂ ਨਾਲ ਇਕਸੁਰਤਾ ਹੈ । ਇਹ ਇਕਸੁਰਤਾ ਕੀ ਹੈ— ਇਹੋ ਤਾਂ ਅਨੰਦ ਸਾਹਿਬ ਵਿਚ ਵਿਆਖਿਆ ਗਿਆ ਹੈ । ਅਨੰਦ ਬਾਣੀ ਵਿਚ ਆਪੇ ਦੀ ਪਛਾਣ, ਇਸ ਜਨਮ ਤੇ ਸਰੀਰ ਦੀ ਮਹਾਨਤਾ ਤੇ ਸਰੀਰਕ ਇੰਦ੍ਰੀਆਂ ਦੀ ਯੋਗ ਵਰਤੋਂ, ਗੁਰੂ-ਭਗਤੀ, ਨਾਮ-ਸਿਮਰਨ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਪ੍ਰਤੱਖ ਪਏ ਦਿਸਦੇ ਹਨ ।

ਹਰ ਰਚਨਾ ਰਚਨਹਾਰ ਦੀ ਸ਼ਖਸੀਅਤ ਦਾ ਪ੍ਰਤੀਬਿੰਬ ਹੁੰਦੀ ਹੈ । ਇਹ ਗੱਲ ਨਿਬੰਧ ਤੇ ਤਾਂ ਹੋਰ ਭੀ ਵਧੇਰੇ ਠੀਕ ਢੁਕਦੀ ਹੈ । ਸੰਸਾਰ-ਸਾਹਿਤ ਦੇ ਇਤਿਹਾਸ ਵਿਚ ਗੁਰੂ ਅਮਰਦਾਸ ਨੇ ਇਕ ਅਨੋਖੀ ਮਿਸਾਲ ਕਾਇਮ ਕਰ ਦਿਖਾਈ ਜਦ ਕਿ ਆਪ ਨੇ ਇਹ ਨਿਬੰਧ-ਕਾਵਿ ਜੋ ਕਿ ਆਪ ਦੀ ਸਭ ਤੋਂ ਪ੍ਰਸਿੱਧ ਤੇ ਉਤਕ੍ਰਿਸ਼ਟ ਰਚਨਾ ਹੈ ਉਸ ਸਮੇਂ ਰਚਿਆ ਜਦ ਆਪ ਜੀ ਦੀ ਆਯੂ ਲਗਪਗ ੯੦ ਸਾਲ ਦੀ ਸੀ । ੮੨ ਸਾਲ ਦੀ ਉਮਰ ਤੋਂ ਬਾਅਦ ਤਾਂ ਆਪ ਨੇ ਬਾਣੀ ਰਚਣੀ ਸ਼ੁਰੂ ਕੀਤੀ । ਇਹ ਭੀ ਕੋਈ ਸਾਧਾਰਨ ਗੱਲ ਨਹੀਂ । ਨਾਮ-ਸਿਮਰਨ ਦੀ ਘਾਲ ਕਮਾਈ ਕਰਕੇ ਜਿਸ ਸਦੀਵੀ ਅਨੰਦ ਨੂੰ ਹਾਸਲ ਕੀਤਾ, ਉਸੇ ਨੂੰ ਅਨੰਦ ਵਿਚ ਅੰਕਿਤ ਕਰਕੇ ਆਪਣੇ ਸਿੱਖਾਂ ਨੂੰ ਅਨੰਦ-ਮਾਰਗ ਦਰਸਾਇਆ ਹੈ । ਇਸ ਅਨੰਦਮਈ ਰਚਨਾ ਦੁਆਰਾ ਸਾਨੂੰ ਗਿਆਨ, ਰਾਗ, ਸ਼ਬਦ, ਵਿਸ਼ਵਾਸ, ਤ੍ਰਿਪਤੀ ਤੇ ਲਿਵ ਦੀ ਸੂਝ ਪੌਂਦੀ ਹੈ ਜੋ ਕਿ ਪਾਪ ਖੰਡਨ ਤੇ ਮੋਹ, ਭਰਮ ਤੇ ਕਾਮਾਦਿਕ ਔਗੁਣਾਂ ਦਾ ਨਾਸ਼ ਕਰਕੇ ਨਿਰਮਲ ਮਨ ਦੀ ਪ੍ਰਾਪਤੀ ਕਰਨ ਵਿਚ ਸਹਾਈ ਹੁੰਦੀ ਹੈ । ਸਭ ਤੋਂ ਵੱਡੀ ਗੱਲ ਇਹ ਹੈ ਕਿ ਬਾਣੀ

ਜੇ ਚੰਗੀ ਤਰ੍ਹਾਂ ਸਮਝ ਕੇ ਮਨ ਵਸਾ ਲਈ ਜਾਵੇ ਤੇ ਸਹਿਜ ਅਵਸਥਾ ਤੇ ਅਨੰਦ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ।

ਅਨੰਦ ਸਾਹਿਬ ਦਾ ਆਧਾਰ ਗੁਰੂ ਅਮਰਦਾਸ ਦਾ ਨਿਤ ਦਾ ਅਜ਼ਮਾਇਆ ਹੋਇਆ ਜੀਵਨ-ਤਜਰਬਾ ਹੈ, ਇਸੇ ਨਿੱਜੀ ਛੁਹ ਕਾਰਨ ਅਨੰਦ ਦੀ ਬਾਣੀ ਵਿਚ ਸ਼ਕਤੀ ਤੇ ਬਲ ਹੈ। ਗੁਰੂ ਜੀ ਨੇ ਗੁਰੂ(ਭਗਤੀ ਤੋਂ ਜੋ ਬਿਰਤੀ ਤੇ ਅਨੁਭਵ ਪ੍ਰਾਪਤ ਕੀਤਾ; ਉਸੇ ਦਾ ਉਲੇਖ ਇਸ ਰਚਨਾ ਵਿਚ ਕੀਤਾ। ਇਸ ਬਾਣੀ ਵਿਚ 'ਲਬੁ ਲੋਭੁ ਅਹੰਕਾਰੁ' ਨੂੰ ਪਛਾਣਨ ਤੇ 'ਖੰਨਿਅਹੁ ਤਿੱਖੀ ਵਾਲਹੁ ਨਿੱਕੀ ਦੇ ਸਿੱਖੀ ਮਾਰਗ ਤੇ ਚਲਣ ਦੀ ਪਰੇਰਨਾ ਮਿਲਦੀ ਹੈ। ਇਸ ਬਾਣੀ ਦੇ ਪਾਠ ਦੁਆਰਾ 'ਮਾਇਆ ਮੋਹਨੀ' ਨੂੰ ਪਛਾਣ ਕੇ ਆਤਮਕ ਸਿਖਰ ਦੀ ਉਸ ਅਵਸਥਾ ਤੇ ਪੁਜਣ ਦਾ ਉਪਦੇਸ਼ ਮਿਲਦਾ ਹੈ ਜਿੱਥੇ ਕਿ 'ਸਗਲ ਮਨੋਰਥ ਪੂਰੇ' ਹੁੰਦੇ ਹਨ। ਤਾਹੀਓਂ ਤਾਂ ਇਸ ਬਾਣੀ ਦੀ ਅਖੀਰਲੀ ਪਉੜੀ ਵਿਚ ਸਪਸ਼ਟ ਤੌਰ ਤੇ ਕਿਹਾ ਹੈ :

ਅਨਦੁ ਸੁਣਹੁ ਵਡਭਾਗੀਹੋ<br>
ਸਗਲ ਮਨੋਰਥ ਪੂਰੇ।<br>
ਪਾਰਬ੍ਰਹਮ ਪ੍ਰਭੁ ਪਾਇਆ<br>
ਉਤਰੇ ਸਗਲ ਵਿਸੂਰੇ।<br>
ਦੂਖ ਰੋਗ ਸੰਤਾਪ ਉਤਰੇ<br>
ਸੁਣੀ ਸਚੀ ਬਾਣੀ।<br>
ਸੰਤ ਸਾਜਨ ਭਏ ਸਰਸੇ<br>
ਪੂਰੇ ਗੁਰ ਤੇ ਜਾਣੀ।<br>
ਸੁਣਤੇ ਪੁਨੀਤ ਕਹਤੇ ਪਵਿਤੁ<br>
ਸਤਿਗੁਰੁ ਰਹਿਆ ਭਰਪੂਰੇ।<br>
ਬਿਨਵੰਤਿ ਨਾਨਕੁ ਗੁਰਚਰਣ ਲਾਗੇ<br>
ਵਾਜੇ ਅਨਹਦ ਤੂਰੇ।

ਪੰਜਾਬੀ ਅਦਬ ਦੀ ਮੁਖਤਸਰ ਤਾਰੀਖ ਵਿਚ ਡਾ: ਮੋਹਨ ਸਿੰਘ ਨੇ ਲਿਖਿਆ ਹੈ ਕਿ ਗੁਰੂ ਅਮਰਦਾਸ ਦੀ ਕਵਿਤਾ ਵਿਚੋਂ ਪੰਜਾਬੀ ਵਾਰਤਕ ਨਿਖਰਦੀ ਪਈ ਦਿਸਦੀ ਹੈ। ਕਾਰਣ ਇਸ ਦਾ ਇਹ ਹੈ ਕਿ ਅੰਮ੍ਰਿਤ ਬਚਨ ਭਾਵੇਂ ਨਜ਼ਮ ਵਿਚ ਹੋਣ ਤੇ ਭਾਵੇਂ ਨਸਰ ਵਿਚ, ਹੈਨ ਅੰਮ੍ਰਿਤ ਬਚਨ ਹੀ। ਅਤੇ ਡਾਕਟਰ ਤਾਰਨ ਸਿੰਘ ਦੇ ਸ਼ਬਦਾਂ ਵਿਚ ਗੁਰੂ ਅਮਰਦਾਸ ਜੀ ਦੀ ਕਵਿਤਾ ਇਤਨੀ ਦਵੰਦ ਰਹਿਤ ਹੈ ਕਿ ਉਹ ਆਦਰਸ਼ਕ ਵਾਰਤਕ ਵਾਂਗ ਬਲੌਰੀ ਸਪਸ਼ਟਤਾ ਦੀ ਧਾਰਨੀ ਹੋ ਨਿਬੜੀ ਹੈ।

ਸ਼ੈਲੀ ਵਿਚ ਇਕਸਾਰਤਾ, ਸ਼ਬਦ-ਚੋਣ, ਭਾਵ ਤੇ ਬਿੰਬਾਵਲੀ ਹਰ ਇਕ ਦਾ ਪੱਧਰ ਆਦਿ

ਤੋਂ ਅੰਤ ਤੱਕ ਇਕੋ ਜਿਹਾ ਰੱਖ ਕੇ ਗੁਰੂ ਅਮਰਦਾਸ ਨੇ ਇਸ ਲੰਮੀ ਕਵਿਤਾ ਦੀ ਹਰ ਪਉੜੀ ਵਿਚ ਇਕੋ ਜਿਹਾ ਰਸ ਭਰ ਦਿੱਤਾ ਹੈ। ਸਾਰੀ ਬਾਣੀ ਵਿਚੋਂ ਉਸ ਬਿਰਹੋਂ ਕੁੱਠੇ ਅਤੇ ਸੇਵਾ ਤੋਂ ਸਿਮਰਨ ਨਾਲ ਕੀਤੇ ਨਿਰਮਲ ਮਨ ਦੀ ਆਵਾਜ਼ ਹੈ ਜਿਸ ਵਿਚ ਕੋਈ ਓਪਰਾਪਨ ਜਾਂ ਬਨਾਵਟ ਨਹੀਂ ਦਿਸਦੀ। ਇਸ ਨਿਬੰਧ-ਕਾਵਿ ਦੀ ਪੰਜਾਬੀ ਨਿਰੋਲ ਹੈ ਅਤੇ ਇਸ ਵਿਚ ਕੋਈ ਅਜਿਹਾ ਸ਼ਬਦ ਨਹੀਂ ਵਰਤਿਆ ਗਿਆ ਜੋ ਕਿਸੇ ਹੋਰ ਬੋਲੀ ਦਾ ਹੁੰਦੇ ਹੋਏ ਪੰਜਾਬੀ ਰੂਪ ਧਾਰਨ ਨਾ ਕਰ ਗਿਆ ਹੋਏ। ਸਰਲਤਾ ਤੇ ਸਪਸ਼ਟਤਾ ਗੁਰੂ ਅਮਰਦਾਸ ਦੀ ਹੋਰ ਰਚਨਾ ਵਾਂਗ ਇਸ ਬਾਣੀ ਵਿਚ ਵੀ ਇਤਨੀ ਹੈ ਕਿ ਸਾਧਾਰਨ ਮਨੁੱਖ ਵੀ ਇਸ ਨੂੰ ਸੌਖੇ ਹੀ ਸਮਝ ਸਕਦਾ ਹੈ। ਭਾਵੇਂ ਗੁਰੂ ਨਾਨਕ ਸਾਹਿਬ ਦੀ ਕਾਫੀ ਬਾਣੀ ਪੰਜਾਬੀ ਵਿਚ ਹੈ, ਪਰ ਉਸ ਦੀ ਸ਼ਬਦਾਵਲੀ ਤੇ ਵਿਚਾਰਧਾਰਾ ਕਠਿਨ ਹੋਣ ਕਰਕੇ ਸੌਖੇ ਸਮਝ ਨਹੀਂ ਆਉਂਦੀ। ਗੁਰੂ ਨਾਨਕ ਸਾਹਿਬ ਦੇ ਦੇਸ਼-ਦੇਸ਼ਾਂਤਰਾਂ ਦੇ ਰਟਨ ਕਰਕੇ ਉਨ੍ਹਾਂ ਦੀ ਰਚਨਾ ਵਿਚੋਂ ਦੂਜੀਆਂ ਬੋਲੀਆਂ ਦੇ ਸ਼ਬਦ ਤਤਸਮ ਤੇ ਤਦਭਵ ਰੂਪ ਵਿਚ ਮਿਲਦੇ ਹਨ, ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਵਿਚ ਸਾਧ-ਭਾਸ਼ਾ ਵਰਤੀ ਗਈ ਹੈ ਪਰ ਗੁਰੂ ਅਮਰਦਾਸ ਜੀ ਦੀ ਰਚਨਾ, ਉਦੋਂ ਦੀ ਠੇਠ ਪੰਜਾਬੀ ਵਿਚ ਹੈ। ਅਨੰਦ ਸਾਹਿਬ ਵਿਚ ਜਾਣੇ ਪਛਾਣੇ ਨਿੱਕੇ ਨਿੱਕੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਗੁਣਾਂ ਕਰਕੇ ਇਹ ਬਾਣੀ ਨਿਬੰਧ-ਕਾਵਿ ਹੁੰਦੇ ਹੋਏ ਭੀ ਵਿਆਖਿਆ ਭਰਪੂਰ ਹੋ ਨਿਬੜੀ ਹੈ ਤੇ ਭਾਵਕਤਾ ਕਰਕੇ ਇਸ ਰਚਨਾ ਦੀ ਆਦਿ ਗ੍ਰੰਥ ਵਿਚ ਨਵੇਕਲੀ ਥਾਂ ਹੈ।

ਅਨੰਦ ਸਾਹਿਬ ਦੀ ਹਰ ਪਉੜੀ ਦੀਆਂ ਤੁਕਾਂ ਇਕੋ ਜਿਤਨੀਆਂ ਤੇ ਚਾਲ ਇਕੋ ਜਿਹੀ ਹੈ। ਹਰ ਪਉੜੀ ਦੀਆਂ ਕ੍ਰਮਵਾਰ ਸਤਰਾਂ ਦਾ ਤੋਲ ਇਕੋ ਤੇ ਹਰ ਤੁਕ ਦਾ ਤੁਕਾਂਤ ਰਲਦਾ ਹੈ। ਇਹ ਪਾਬੰਦੀ ਗੁਰੂ ਨਾਨਕ ਦੇਵ ਦੀ ਜਪੁਜੀ ਵਿਚ ਨਹੀਂ।

ਅਨੰਦ ਵਿਚ ਸ਼ੁਰੂ ਤੋਂ ਅਖ਼ੀਰ ਤੱਕ ਇਕੋ ਰਸ ਹੈ। ਖ਼ਿਆਲਾਂ ਦੀ ਲੜੀਵਾਰ ਉਸਾਰੀ ਜ਼ਰੂਰ ਹੈ ਅਤੇ ਉਤਾਰ ਚੜ੍ਹਾ ਨਹੀਂ ਹਨ। ਛੰਦਾ-ਬੰਦੀ ਵਿਚ ਪੂਰਨ ਇਸ ਬਾਣੀ ਦੀਆਂ ਪਉੜੀਆਂ ਦੀ ਚਾਲ ਆਦਿ ਗ੍ਰੰਥ ਸਾਹਿਬ ਵਿਚ ਅੰਕਿਤ ਛੰਦਾਂ ਤੇ ਕਾਵਿ-ਰੂਪ ਵਾਲੀ ਚਾਲ ਹੈ। ਦੋ ਸੌ ਪੰਕਤੀਆਂ ਦੀ ਇਕੋ ਤੋਲ ਤੇ ਇਕੋ ਹੀ ਸ਼ਾਂਤ ਰਸ ਵਿਚ ਭਿਜੀ ਇਹ ਰਚਨਾ ਸੰਜੋਗ ਦੀ ਕਵਿਤਾ ਹੈ ਤੇ ਡੂੰਘੇ ਸਿੱਖੀ ਭਾਵਾਂ ਤੇ ਰਾਗ ਮਈ ਵਾਯੂ ਮੰਡਲ ਵਿਚ ਲਪੇਟੀ ਹੋਈ ਇਕ ਅਨੂਪਮ ਰਚਨਾ ਹੈ।

ਇਸ ਨਿਬੰਧ-ਕਾਵਿ ਦੀ ਸਮਰੱਥਾ ਸੁਖਮਨੀ ਵਾਂਗ ਇਸ ਦੇ ਪ੍ਰਬੰਧ-ਕਾਵਿ ਵਿਚ ਹੈ। ਅਨੰਦ ਦੀ ਬਾਣੀ ਵਿਚ ਹਰ ਸਤਰ ਤੇ ਹਰ ਪਉੜੀ 'ਅਨੰਦ' ਦੇ ਵਿਸ਼ੇ ਦੁਆਲੇ ਹੀ ਘੁੰਮਦੀਆਂ ਹਨ। ਇਹ ਨਿਬੰਧ-ਕਾਵਿ 'ਆਨੰਦ' ਕੀ ਹੈ ? ਅਤੇ 'ਅਨੰਦ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ' ਦੇ ਖ਼ਿਆਲਾਂ ਨੂੰ ਹੀ ਲੈ ਕੇ ਚਿਤਰਿਆ ਗਿਆ ਹੈ।

ਜਪੁਜੀ ਤੇ ਸਿੱਧ ਗੋਸ਼ਟ ਦਾ ਪ੍ਰਭਾਵ ਵਿਚਾਰਾਤਮਕ, ਬਹੁ ਪਖੀ ਤੇ ਬਹੁ ਅੰਗੀ ਹੈ, ਪਰ ਅਨੰਦ ਦਾ ਪ੍ਰਭਾਵ ਇਕੋ ਹੀ ਨੁਕਤੇ ਦੇ ਗਿਰਦ ਘੁੰਮਦਾ ਹੈ ਜੋ ਕਿ ਇਸ ਬਾਣੀ ਦੀ ਪਹਿਲੀ ਤੁਕ ਵਿਚ ਹੀ

'ਅਨੰਦ ਭਇਆ ਮੇਰੀ ਮਾਏ' ਦੇ ਸ਼ਬਦਾਂ ਨਾਲ ਪ੍ਰੀਚਿਤ ਕਰਵਾ ਦਿੱਤਾ ਗਿਆ ਹੈ, ਅਤੇ ਇਸੇ ਖ਼ਿਆਲ ਨੂੰ ਅੰਤਲੀ ਪਉੜੀ ਦੇ ਇਨ੍ਹਾਂ ਲਫ਼ਜ਼ਾਂ ਵਿਚ ਸਮੇਟਿਆ ਹੈ : ਅਨੰਦ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ ।'

ਅਨੰਦ ਅਨੰਦ ਤਾਂ ਸਭ ਕੋਈ ਕਹਿੰਦਾ ਹੈ ਪਰ ਸੱਚਾ ਅਨੰਦ ਸੱਚੇ ਗੁਰੂ ਦੀ ਸੰਗਤ ਤੇ ਪ੍ਰੇਮ ਛੁਹ ਤੋਂ ਹੀ ਪ੍ਰਾਪਤ ਹੁੰਦਾ ਹੈ । ਇਹ ਅਨੰਦ ਅੱਕਥਨੀਜ ਹੈ । ਇਸੇ ਅੱਕਥਨੀਜ ਅਨੰਦ ਦੇ ਵਾਯੂ ਮੰਡਲ ਵਿਚ ਗੁੰਦੀ ਹੋਈ ਸਰਲ, ਸਪਸ਼ਟ ਤੇ ਇਕ ਰਸ ਇਹ ਰਚਨਾ ਦ੍ਰਿੜ੍ਹ ਤੇ ਮਹਾਨ ਰਚਨਾ ਹੈ ।

# ਆਦਿ ਗ੍ਰੰਥ ਦਾ ਛੰਦ-ਪ੍ਰਬੰਧ

**ਸ਼ਮਸ਼ੇਰ ਸਿੰਘ ਅਸ਼ੋਕ**

ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਮਹਾਂ ਵਾਕ ਹਨ :—

(ੳ) **ਕਰੇ ਕਰਾਏ ਸਭ ਕਿਛੁ ਜਾਣੈ,**
**ਨਾਨਕ 'ਸਾਇਰ' ਇਵ ਕਹਿਆ** ॥੩੫॥ ਰਾਗੁ ਆਸਾ ਮਹਲਾ ੧, ਪਟੀ)

(ਅ) **ਨਾਨਕ 'ਸਾਇਰੁ' ਏਵ ਕਹਤੁ ਹੈ,**
**ਸਚੇ ਪਰਵਦਗਾਰਾ** ॥੨॥ (ਧਨਾਸਰੀ ਮਹਲਾ ੧, ਘਰੁ ੧, ਚਉਪਦੇ)

ਇਨ੍ਹਾਂ ਵਾਕਾਂ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਸ਼ਾਇਰ ਅਥਵਾ ਕਵੀ ਕਹਿਣ-ਕਹਾਉਣ ਵਿਚ ਕਿਤਨਾ ਫ਼ਖ਼ਰ ਸਮਝਦੇ ਸਨ। ਕਾਰਣ ਇਸ ਦਾ ਇਹੋ ਹੈ ਕਿ ਕਵਿਤਾ ਅਤੇ ਸੰਗੀਤ ਦੋਵੇਂ ਕੋਮਲ ਹੁਨਰੀ ਗੁਣ, ਜੋ ਇਕ ਦੂਜੇ ਤੋਂ ਕਿਸੇ ਤਰ੍ਹਾਂ ਨਿਖੇੜੇ ਨਹੀਂ ਜਾ ਸਕਦੇ, ਨਾ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਹੀ, ਸਗੋਂ ਬਾਕੀ ਦੇ ਸਾਰੇ ਸਿੱਖ ਗੁਰੂਆਂ ਦੇ ਜੀਵਨ ਵਿਚ ਵੀ ਚੰਗੀ ਤਰ੍ਹਾਂ ਘੁਲੇ ਮਿਲੇ ਹੋਏ ਮਿਲਦੇ ਹਨ।

ਛੰਦ ਤੇ ਕਵਿਤਾ ਦੋਵੇਂ ਆਧਾਰ ਤੇ ਆਧੇਯ ਦੇ ਨਿਆਇ ਅਨੁਸਾਰ ਪਰਸਪਰ ਚਿਰੰਕਾਲ ਤੋਂ ਗੂੜ੍ਹਾ ਸੰਬੰਧ ਰਖਦੇ ਚਲੇ ਆ ਰਹੇ ਹਨ। ਵੈਦਕ ਸ੍ਰੁਤੀਆ ਜੋ ਸਾਡੇ ਦੇਸ਼ ਦੀ ਸਭ ਤੋਂ ਪੁਰਾਣੀ ਕਾਵਿ-ਰਚਨਾ ਅਥਵਾ ਸਾਹਿੱਤਕ ਸੰਪੱਤੀ ਦੇ ਉੱਤਮ ਪ੍ਰਮਾਣ ਹਨ, ਛੰਦਾਂ ਵਿਚ ਹੋਣ ਕਰ ਕੇ ਹੀ ਛਾਂਦਸ ਕਹੀਆਂ ਜਾਂਦੀਆਂ ਹਨ। ਪ੍ਰੋਫੈਸਰ ਰਘੁਨੰਦਨ ਸ਼ਾਸਤ੍ਰੀ ਦੇ ਕਥਨ ਅਨੁਸਾਰ ਰਿਗਦੇਵ ਵਿਚ ਪ੍ਰਧਾਨ ਸੱਤ ਛੰਦ ਵਰਤੇ ਗਏ ਹਨ : (੧) ਗਾਯਤ੍ਰੀ, (੨) ਉਸ਼ਣਿਕ, (੩) ਅਨੁਸ਼ਟੁਪ, (੪)

ਬ੍ਰਿਹਤੀ, (੫) ਪੰਕਤਿ, (੬) ਤ੍ਰਿਸ਼ਟਭ ਅਤੇ (੭) ਜਗਤੀ। ਹਿੰਦੀ ਛੰਦ ਪ੍ਰਕਾਸ਼, ੧੯੫੨, ਸਫ਼ੇ ੫-੬। ਇਸੇ ਕਰਕੇ ਛੰਦ ਸ਼ਾਸਤ੍ਰ ਨੂੰ, ਜਿਵੇਂ ਕਿ ਸੰਗੀਤ ਗੰਧਰਵ ਵੇਦ ਦੇ ਨਾਂ ਹੇਠ ਦੂਜਾ ਉਪਵੇਦ ਹੈ, ਵਿਆਕਰਣ ਤੇ ਨਿਰੁਕਤ ਦੇ ਨਾਲ ਹੀ ਵੇਦਾਂ ਦਾ ਪੰਜਵਾਂ ਅੰਗ ਮੰਨਿਆ ਹੈ।[1]

ਕਵਿਤਾ ਲਈ ਛੰਦ-ਪ੍ਰਬੰਧ ਭਾਰਤੀ ਵਿਚਾਰਧਾਰਾ ਦੇ ਅਧੀਨ ਇਕ ਪ੍ਰਕਾਰ ਦੀ ਧਰਮ-ਤੁਲਾ ਹੈ। ਜਿਸ ਕਵਿਤਾ ਵਿਚ ਛੰਦ-ਭੰਗ, ਸ਼ਬਦ-ਭੰਗ, ਅਰਥ-ਭੰਗ, ਵਾਕ-ਭੰਗ, ਲਯ-ਭੰਗ, ਰਸ-ਭੰਗ, ਜਾਂ ਸਪਸ਼ਟ ਚਿੰਤਨ ਦਾ ਦੋਸ਼ ਹੋਵੇ, ਉਹ ਕਵਿਤਾ ਕਵਿਤਾ ਨਹੀਂ ਅਖਵਾ ਸਕਦੀ। ਸਾਡੇ ਕਾਵਿ-ਸ਼ਾਸਤ੍ਰ ਦੀ ਇਹੋ ਸਭ ਤੋਂ ਵੱਡੀ ਪਰਖ-ਕਸਵੱਟੀ ਹੈ। ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਪਰਖ ਦੇ ਇਸ ਨੁਕਤਾ ਨਿਗਾਹ ਤੋਂ ਆਪਣੇ ਆਪ ਵਿਚ ਹਰ ਤਰ੍ਹਾਂ ਪੂਰਣ ਹੈ।

ਲਗਪਗ ਸਾਰੀ ਗੁਰਬਾਣੀ, ਪੁਰਾਣੇ ਢੰਗ ਦੀ ਸਿੱਧੀ ਤੇ ਸਰਲ (ਠੇਠ) ਪੰਜਾਬੀ ਬੋਲੀ ਵਿਚ ਹੈ, ਭਾਵੇਂ ਕਈ ਹੋਰ ਪ੍ਰਚਲਿਤ ਪ੍ਰਾਦੇਸ਼ਿਕ ਬੋਲੀਆਂ ਦੇ ਸ਼ਬਦ-ਪ੍ਰਮਾਣ ਵੀ ਇਸ ਵਿਚ ਕਿਸੇ ਹੱਦ ਤਕ ਮਿਲਦੇ ਹਨ, ਪਰ ਉਹ ਬੜੇ ਘੱਟ। ਪੰਜਾਬੀ ਬੋਲੀ ਦਾ ਲਗਭਗ ਸਾਰਾ ਹੀ ਛੰਦ-ਪ੍ਰਬੰਧ ਬ੍ਰਿਜ ਭਾਸ਼ਾ ਜਾਂ ਹਿੰਦੀ ਵਾਂਗੂ ਸਿੱਧਾ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਭਾਸ਼ਾ ਦੀ ਦੇਣ ਹੈ। ਪਹਿਲੇ ਪਹਿਲ ਪ੍ਰਾਕ੍ਰਿਤ ਤੇ ਅਪਭ੍ਰੰਸ਼, ਜਿਥੋਂ ਕਿ ਪੰਜਾਬੀ ਦੀ ਉਤਪਤੀ ਹੋਈ, ਦਾ ਛੰਦ-ਪ੍ਰਬੰਧ ਬੋਧੀ ਤੇ ਜੈਨ ਕਵੀਆਂ ਨੇ ਅਪਣਾਇਆ ਸੀ। ਬੋਧੀ ਕਵੀਆਂ ਦੀ ਦੋਹਾਵਲੀ ਤੇ ਜੈਨ ਕਵੀਆਂ ਵਿਚੋਂ ਇਸ ਬਾਰੇ ਆਚਾਰੀਆ ਹੇਮ ਚੰਦ੍ਰ (੧੨ਵੀਂ ਸਦੀ) ਦਾ ਨਾਮ ਵਧੇਰੇ ਪ੍ਰਸਿੱਧ ਹੈ। ਹੇਮ ਚੰਦ੍ਰ ਜੀ ਦੇ ਪ੍ਰਾਕ੍ਰਿਤ ਵਿਆਕਰਣ ਅਤੇ ਰਾਜਸਥਾਨੀ ਦੇ ਲੋਕ-ਗੀਤ 'ਢੋਲਾ ਮਾਰੂ ਰਾ ਦੂਹਾ' ਦੇ ਦੋਹੇ (ਦੋਹੜੇ) ਅਥਵਾ ਸ਼ਲੋਕ ਪੰਜਾਬੀ ਦੇ ਪ੍ਰਸਿੱਧ ਕਵੀ ਸਾਈਂ ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਦੇ ਸ਼ਬਦ-ਸਲੋਕਾਂ ਨਾਲ ਕਈ ਥਾਵੇਂ ਅੱਛਾ ਖ਼ਾਸਾ ਮੇਲ ਖਾਂਦੇ ਹਨ, ਜਿਵੇਂ :—

(ੳ) ਪਾਪੀਹਉ ਪੀਉ ਪੀਉ ਚਵੈ... (ਹੇਮ ਚੰਦ੍ਰ)

(ਅ) ਸੀਆਲੇ ਤਉ ਸੀਅ ਪੜੈ
ਉਨ੍ਹਾਲੇ ਲੂ ਵਾਇ। (ਢੋਲਾ ਮਾਰੂ ਰਾ ਦੂਹਾ)

(ੲ) ਸੀਆਲੇ ਸੋਹੰਦੀਆਂ ਪਿਰੁ ਗਲਿ ਬਾਹੜੀਆਂ। (ਆਸਾ: ਸ਼ੇਖ ਫਰੀਦ ਜੀ)

(ਸ) ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ,
ਭੁਇਅੰਗਮ ਫਿਰਹਿ ਡਸੰਤੇ। ..॥੧੦॥

(ਤੁਖਾਰੀ ਮਹਲਾ ੧, ਬਾਰਾ ਮਾਹਾ)

ਇਹ ਅਪਭ੍ਰੰਸ਼ ਮੂਲਕ ਸ਼ਬਦ-ਸ਼ਲੋਕ ਜਾਂ ਦੋਹਰੇ ਈਸਾ ਦੀ ਸੱਤਵੀਂ ਸਦੀ ਤੋਂ ਲੈ ਕੇ ੧੬ਵੀਂ ਸਦੀ ਤਕ ਸਿੱਧਾਂ, ਨਾਥਾਂ ਅਥਵਾ ਜੋਗੀਆਂ ਦੀਆਂ ਅਧਿਆਤਮਕ ਰਚਨਾਵਾਂ ਵਿਚੋਂ ਵੀ ਕਾਫ਼ੀ

(1) ਵੇਦਾਂਗ ਛੇ ਹਨ ; (1) ਸ਼ਿਕਸ਼ਾ, (2) ਕਲਪ, (3) ਵਿਆਕਰਣ, (4) ਜੋਤਿਸ਼, (5) ਛੰਦ ਸ਼ਾਸਤ੍ਰ ਤੇ (6) ਨਿਰੁਕਤ (ਵੈਦਕ ਸ਼ਬਦ-ਕੋਸ਼)

ਗਿਣਤੀ ਵਿਚ ਮਿਲਦੇ ਹਨ, ਜਿਵੇਂ ਕਿ ਪ੍ਰਸਿੱਧ ਜੋਗੀ ਮਛੰਦ੍ਰ ਨਾਥ, ਗੋਰਖ ਨਾਥ, ਚਰਪਟ ਨਾਥ, ਭਰਥਰੀ, ਗੋਪੀ ਚੰਦ, ਬਾਲ ਨਾਥ ਅਥਵਾ ਬਾਲ ਗੁੰਦਾਈਂ ਦੀਆਂ ਬਾਣੀਆਂ, ਸ਼ਬਦ-ਸ਼ਲੋਕਾਂ ਜਾਂ ਫੁਟਕਲ ਪਦਿਆਂ ਵਿਚੋਂ ਕੁਝ ਪ੍ਰਮਾਣ ਨਮੂਨੇ ਵਜੋਂ ਦਿੱਤੇ ਜਾ ਸਕਦੇ ਹਨ। ਇਹ ਸਿੱਧ, ਨਾਥ ਅਥਵਾ ਕੰਨ ਪਾਟੇ ਜੋਗੀ ਭਾਰਤੀ ਇਤਿਹਾਸ ਪ੍ਰਸਿੱਧ ਭਗਤੀ ਲਹਿਰ ਦੇ ਮੋਢੀ ਸਨ ਤੇ ਇਨ੍ਹਾਂ ਜੋਗੀਆਂ ਦੇ ਧਾਰਮਿਕ ਖਿਆਲਾਂ ਦੀ ਪੂਰੀ ਪੂਰੀ ਝਲਕ ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਸਿੱਧ ਗੋਸ਼ਟਿ (ਰਾਗ ਰਾਮਕਲੀ), ਓਅੰਕਾਰ (ਰਾਗ ਰਾਮਕਲੀ) ਆਦਿ ਵਿਚ ਪਾਈ ਜਾਂਦੀ ਹੈ। ਸਿੱਧ ਜੋਗੀ ਪਹਿਲੋ ਪਹਿਲ ਆਪਣੀ ਬਾਣੀ ਰਾਗ ਰਾਮਕਲੀ, ਧਨਾਸਰੀ ਆਦਿ ਵਿਚ ਕਿਵੇਂ ਲਿਖਦੇ ਸਨ ਤੇ ਉਨ੍ਹਾਂ ਦੀਆਂ ਸ਼ਕਤੀ ਰੂਪ ਚੇਲੀਆਂ ਸੰਗੀਤ ਦੇ ਸਾਜ਼ (ਵੀਣਾ ਆਦਿ) ਚੁੱਕੀ ਉਨ੍ਹਾਂ ਦੇ ਪਿੱਛੇ ਪਿੱਛੇ ਕਿਵੇਂ ਫਿਰਦੀਆਂ ਸਨ ਅਤੇ ਉਨ੍ਹਾਂ ਦਾ ਛੰਦ ਪ੍ਰਬੰਧ ਕਿਹੋ ਜਿਹਾ ਸੀ, ਜਿਸ ਨੂੰ ਕਿ ਪਿੱਛੇ ਰਾਧਾ ਵੱਲਭੀ ਸੰਪ੍ਰਦਾਇ ਜਾਂ ਕ੍ਰਿਸ਼ਨ-ਭਗਤੀ-ਸ਼ਾਖ ਰਾਹੀਂ ਸਾਰੇ ਹੀ ਭਗਤੀ-ਧਾਰਾ ਦੇ ਸੰਤ-ਕਵੀਆਂ ਨੇ ਅਪਣਾਇਆ, ਉਸ ਦਾ ਪਤਾ ਗੁਰਬਾਣੀ ਦਾ ਮਨਨ ਤੇ ਵਿਚਾਰ ਪੂਰਵਕ ਅਧਿਐਨ ਕਰਨ ਤੋਂ ਚੰਗੀ ਤਰ੍ਹਾਂ ਲੱਗਦਾ ਹੈ।

ਭਗਤੀ ਲਹਿਰ ਦੇ ਆਦਿ ਕਵੀਆਂ ਵਿਚੋਂ ਆਪ ਚਾਹੇ ਮਛੰਦ੍ਰ ਨਾਥ ਦੀ ਬਾਣੀ ਪੜ੍ਹੋ ਜਾਂ ਉਸ ਦੇ ਚੇਲੇ ਗੋਰਖ, ਚਰਪਟ ਆਦਿ ਦੀ, ਫੇਰ ਆਪ ਨੂੰ ਉਸ ਵਿਚੋਂ ਰਾਗ, ਤਾਲ, ਸਰ ਤੇ ਲਯ ਦੇ ਨਾਲ ਹੀ ਪ੍ਰਾਕ੍ਰਿਤ ਅਥਵਾ ਅਪਭ੍ਰੰਸ਼ ਦੇ ਪਰਿਵਰਤਨਸ਼ੀਲ ਛੰਦ-ਪ੍ਰਬੰਧ ਦੀ ਵੀ ਪੂਰੀ ਪੂਰੀ ਝਲਕ ਮਿਲੇਗੀ। ਰਾਗ, ਘਰ ਤੇ ਸ਼ਬਦ-ਸ਼ਲੋਕ ਵੀ ਲਗਭਗ ਉਸੇ ਵਜ਼ਨ ਦੇ, ਜਿਵੇਂ ਕਿ ਸੋਲ੍ਹਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਿੱਖ ਗੁਰੂਆਂ ਦੀ ਬਾਣੀ ਜਾਂ ਮਹਾਂਕਵੀ ਸੂਰਦਾਸ ਜੀ ਦੀ ਅਧਿਆਤਮਕ ਰਚਨਾ ਦੇ ਮਿਲਦੇ ਹਨ। ਸਬੂਤ ਵਜੋਂ ਸ੍ਰੀ ਰਾਗ, ਗਉੜੀ, ਧਨਾਸਰੀ, ਰਾਮਕਲੀ ਆਦਿ ਦੇ ਹਰ ਪ੍ਰਕਾਰ ਦੇ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ।

ਸ੍ਰੀ ਆਦਿ ਗ੍ਰੰਥ ਵਿਚ ਗੰਗਾ-ਜਮਨਾ ਤੇ ਸਰਸਵਤੀ ਦੇ ਤ੍ਰਿਬੇਣੀ ਸੰਗਮ ਵਾਂਗੂੰ ਕਾਵਿ-ਕਲਾ ਤੇ ਸੰਗੀਤ ਕਲਾ ਨਾਮੀ ਦੋਵੇਂ ਕੋਮਲ ਹੁਨਰ ਆਪਣੀਆਂ ਸ਼ਾਖਾਂ ਪ੍ਰਸ਼ਾਖਾਂ ਸਮੇਤ ਇਕੋ ਥਾਵੇਂ ਘੁਲ ਮਿਲ ਕੇ ਇਕਤ੍ਰ ਹੋਏ ਮਿਲਦੇ ਹਨ। ਇਨ੍ਹਾਂ ਕੋਮਲ ਹੁਨਰਾਂ ਦੀ ਵੱਡੀ ਪਛਾਣ ਇਹੋ ਹੈ ਕਿ ਕਵਿਤਾ ਰਸਾਤਮਕ ਤੇ ਛੰਦਮਈ ਹੋਣ ਕਰਕੇ ਸ਼ਬਦ ਰੂਪ ਹੁੰਦੀ ਹੈ ਤੇ ਸੰਗੀਤ ਰਾਗਾਤਮਕ ਹੋਣ ਕਰਕੇ ਧੁਨੀ ਰੂਪ। ਕਾਵਿ ਕੀ ਹੈ, ਇਸ ਬਾਰੇ ਸਾਹਿਤ ਦਰਪਣਕਾਰ ਦਾ ਕਥਨ ਹੈ :—

रसात्मकं वाक्य काव्यम् ।

ਅਰਥਾਤ—ਰਸ ਰੂਪ ਵਾਕ ਹੀ ਕਾਵਿ ਹੈ।

ਤੇ ਸੰਗੀਤ ਰਤਨਾਕਾਰ ਦੇ ਕਥਨ ਅਨੁਸਾਰ ਸੰਗੀਤ ਉਹ ਕਲਾ ਹੈ ਜਿਸ ਵਿਚ ਗੀਤ (ਅਰਥਾਤ-ਰਸਾਤਮਕ ਵਾਕ ਰੂਪ ਕਵਿਤਾ), ਵਾਦਯ (ਸਾਜ਼-ਸਤਾਰ, ਤਾਊਸ ਆਦਿ) ਤੇ ਨ੍ਰਿਤਯ (ਨਾਚ) ਇਹ ਤਿੰਨੇ ਸ਼ਾਮਲ ਹੋਣ, ਜਿਵੇਂ ਕਿ ਉਕਤੀ ਹੈ :—

गीतं वाद्यं तथा नृत्यं त्रयं संगीतमुच्यते ।

ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਵਿ ਤੇ ਸੰਗੀਤ ਦੇ ਇਨ੍ਹਾਂ ਕੋਮਲ ਹੁਨਰਾਂ

ਨੂੰ ਚੰਗੀ ਤਰ੍ਹਾਂ ਸਮਝਿਆ ਤੇ ਬੁਝਿਆ ਹੋਇਆ ਸੀ ਜਿਸ ਕਰਕੇ ਇਸ ਸੰਬੰਧ ਵਿਚ ਸ਼ਲੋਕ ਵਾਰਾਂ ਤੇ ਵਧੀਕ (ਮਹਲਾ ੧) ਦੇ ਸਿਰਲੇਖ ਹੇਠ ਉਨ੍ਹਾਂ ਦਾ ਸਾਰ ਰੂਪ ਕਥਨ ਹੈ—


ਇਕਨਾ ਨਾਦੁ ਨ ਬੇਦੁ ਨ ਗੀਅ ਰਸੁ,
ਰਸੁ ਕਸੁ ਨ ਜਾਣੰਤਿ ।
ਇਕਨਾ ਸਿਧਿ ਨ ਬੁਧਿ, ਨ ਅਕਲਿ ਸਰ,
ਅਖਰ ਕਾ ਭੇਉ ਨਾ ਲਹੰਤਿ ।
ਨਾਨਕ ਤੇ ਨਰ ਅਸਲਿ ਖਰ,
ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥

ਅਰਥਾਤ— ਅਜਿਹੇ ਅਨਪੜ੍ਹ ਲੋਕੀਂ ਅਸਲ ਵਿਚ ਗਧੇ ਹਨ, ਜੋ ਨਾ ਨਾਦ (ਸੁਰ ਤਾਲ), ਨਾ ਵੇਦ (ਗਿਆਨ) ਤੇ ਨਾ ਗੀਤਾਂ ਦੇ ਰਸ ਨੂੰ ਜਾਣਦੇ ਹਨ, ਅਤੇ ਨਾ ਏਨੀ ਬੁਧਿ ਤੇ ਅਕਲ ਹੀ ਉਨ੍ਹਾਂ ਦੇ ਦਿਮਾਗ ਵਿਚ ਹੈ ਜਿਸ ਕਰਕੇ ਅੱਖਰ ਦੇ ਭੇਦ ਅਥਵਾ ਵਿਦਿਆ ਨੂੰ ਹੀ ਸਮਝ ਸਕਦੇ ਹੋਣ ਤੇ ਫੇਰ ਵੀ ਗਰਬ ਤੇ ਹੰਕਾਰ ਦੇ ਲੱਦੇ ਹੋਏ ਫਿਰਦੇ ਹਨ ।


ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਜਾਂ-ਨਸ਼ੀਨ ਸਿੱਖ ਗੁਰੂਆਂ ਨੇ ਕਾਵਿ ਤੇ ਸੰਗੀਤ ਦੇ ਇਸ ਕੋਮਲ ਹੁਨਰ ਨੂੰ ਆਪਣੀ ਬਾਣੀ ਵਿਚ ਕਿਸ ਖੂਬਸੂਰਤੀ ਨਾਲ ਛੋਹਿਆ ਹੈ, ਇਹ ਗੱਲ ਹੋਰ ਵੀ ਵਿਚਾਰ ਜੋਗ ਹੈ : ਬ੍ਰਿਜ ਭਾਸ਼ਾ ਜਾਂ ਹਿੰਦੀ-ਪੰਜਾਬੀ ਦੇ ਛੰਦ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸਿੱਧੇ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਭਾਸ਼ਾ ਤੋਂ ਲਏ ਗਏ ਹਨ, ਸੰਸਕ੍ਰਿਤ ਤੋਂ ਨਹੀਂ । ਇਹ ਇਸ ਕਾਰਣ ਕਿ ਸੰਸਕ੍ਰਿਤ (ਸੰਸਕਾਰੀ ਹੋਈ ਬੋਲੀ ਹੋਣ ਕਰਕੇ) ਵਿਆਕਰਣ ਦੀ ਇਕ ਅਜਿਹੀ ਕਿਲੇ-ਬੰਦੀ ਵਿਚ ਘਿਰੀ ਹੋਈ ਹੈ, ਜਿਥੇ ਨਾ ਕੋਈ ਚੀਜ਼ ਕਿਸੇ ਤਰ੍ਹਾਂ ਅੰਦਰ ਜਾ ਸਕਦੀ ਹੈ ਤੇ ਨਾ ਅੰਦਰੋਂ ਬਾਹਰ ਆ ਸਕਦੀ ਹੈ ! ਇਸੇ ਕਰਕੇ ਸੰਸਕ੍ਰਿਤ ਵਿਚ ਕਿਸੇ ਪਰਿਵਰਤਨ ਦੀ ਆਸ ਨਹੀਂ ਕੀਤੀ ਜਾ ਸਕਦੀ । ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੋਵੇਂ ਅਜਿਹੀਆਂ ਜਨਤਕ ਬੋਲੀਆਂ ਹਨ, ਜੋ ਸਮਾਂ ਪਾ ਕੇ ਹਮੇਸ਼ਾਂ ਬਦਲਦੀਆਂ ਰਹੀਆਂ ਹਨ । ਇਨ੍ਹਾਂ ਬੋਲੀਆਂ ਦਾ ਪਿੰਗਲ ਵੀ ਇਸੇ ਕਾਰਣ ਪੰਜਾਬੀ ਨਾਲ ਬੜੀ ਗਹਿਰੀ ਲਹੂ ਤੇ ਮਾਸ ਦੀ ਸਾਂਝ ਰਖਦਾ ਹੈ । ਸੰਸਕ੍ਰਿਤ ਦੇ ਪਿੰਗਲ ਦੀ ਸਾਡੀ ਬੋਲੀ ਨਾਲ ਉਹ ਸਾਂਝ ਨਹੀਂ ਹੈ । ਪ੍ਰਮਾਣ ਵਜੋਂ ਸੰਸਕ੍ਰਿਤ ਦੇ ਗਾਯਤ੍ਰੀ ਅਨੁਸ਼ਟੁਪ ਆਦਿ ਵਰਣਿਕ ਛੰਦ, ਪ੍ਰਾਕ੍ਰਿਤ ਅਪਭ੍ਰੰਸ਼ ਦੇ ਦੋਹੇ, ਸੋਰਠੇ, ਛਪੈ ਆਦਿ ਮਾਤ੍ਰਿਕ ਛੰਦਾਂ ਨਾਲ ਇਕ ਅਲੱਗ ਸ਼੍ਰੇਣੀ ਦੇ ਹੋਣ ਕਰਕੇ ਕਿਸੇ ਤਰ੍ਹਾਂ ਮੇਲ ਨਹੀਂ ਖਾਂਦੇ ਜਿਸ ਕਰਕੇ ਓਪਰੇ ਹਨ । ਇਸ ਤੋਂ ਬਿਨਾਂ ਸੰਸਕ੍ਰਿਤ ਵਿਚ ਹਰੇਕ ਛੰਦ ਦੇ ਤੁਕਾਂਤ ਦਾ ਬੇ-ਮੇਲ, ਜਿਵੇਂ ਕਿ ਬਾਲਮੀਕੀ ਰਮਾਇਣ, ਮਹਾਂ ਭਾਰਤ ਆਦਿ ਗ੍ਰੰਥਾਂ ਵਿਚੋਂ ਸ਼ਲੋਕਾਂ ਦੇ ਪ੍ਰਮਾਣ ਮਿਲਦੇ ਹਨ, ਮੇਰੇ ਇਸ ਕਥਨ ਨੂੰ ਹੋਰ ਵੀ ਪੁਸ਼ਟ ਕਰਦੇ ਹਨ । ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਸ਼ਬਦ-ਸ਼ਲੋਕ ਹਿੰਦੀ ਤੇ ਪੰਜਾਬੀ ਦਾ ਜਾਮਾ ਪਹਿਨ ਕੇ ਇਕੋ ਜਿਹੀ ਦੱਖ ਦਿੰਦੇ ਹਨ । ਸ਼ੇਖ ਫਰੀਦ ਤੇ ਭਗਤ ਕਬੀਰ ਅਥਵਾ ਹੋਰ ਸੰਤਾਂ-ਭਗਤਾਂ ਦੀ ਬਾਣੀ, ਜੋ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ, ਇਸੇ ਪ੍ਰਕਾਰ ਦੇ ਸ਼ਬਦ-ਸ਼ਲੋਕਾਂ ਦਾ ਨਮੂਨਾ ਦੱਸਦੀ ਹੈ ।

ਸੰਸਕ੍ਰਿਤ ਦੇ ਵੇਦਕ ਛੰਦ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਧੁਨੀ ਪ੍ਰਧਾਨ ਹੋਣ ਤੇ ਵੀ ਵਰਣਿਕ ਹੀ ਹੁੰਦੇ ਹਨ ਤੇ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਦੇ ਛੰਦ ਨਿਰੇ ਮਾਤ੍ਰਿਕ । ਹਿੰਦੀ ਜਾਂ ਪੰਜਾਬੀ

ਵਿਚ ਮਾਤ੍ਰਿਕ ਛੰਦਾਂ ਦਾ ਪ੍ਰਵਾਹ ਇਨ੍ਹਾਂ ਦੇ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਮੂਲਕ ਹੋਣ ਕਰਕੇ ਹੀ ਚੱਲਿਆ ਹੈ ਜਿਸ ਕਰਕੇ ਹਿੰਦੀ-ਪੰਜਾਬੀ ਦਾ ਛੰਦ ਸਾਸਤ੍ਰ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਮੂਲਕ



'ਗੋਸਟਿ ਸ੍ਰੀ ਗੋਰਖ ਨਾਥ, ਖਰੜਾ ਨੰ: 35 ਭਾ: ਵਿਭਾਗ ਦੇ ਪਹਿਲੇ ਪੰਨੇ ਦਾ ਚਿਤਰ। ਇਸ ਦੇ ਅੱਖਰਾਂ ਦੀ ਬਨਾਵਟ ਖਾਸ ਤੌਰ ਤੇ ਹ. ਅ, ਲ, ਚ. ੲ. ਦੇ ਅੱਖਰਾਂ ਅਤੇ ਔਂਕੜ ਦੁਲੈਂਕੜੇ, ਹੋੜੇ ਦੀਆਂ ਮਾਤ੍ਰਾਵਾਂ ਦੀਆਂ ਸ਼ਕਲਾਂ ਬਹੁਤ ਹੀ ਪੁਰਾਣੀਆਂ ਹਨ। ਕੰਨੇ ਦੀ ਥਾਂ o ਦਾ ਪ੍ਰਯੋਗ ਵੀ ਇਸ ਦੀ ਪੁਰਾਤਨਤਾ ਦੀ ਸਾਖੀ ਭਰਦਾ ਹੈ।



ਇਹ ਚਿੱਤ੍ਰ ਭਾਈ ਬੂਟਾ ਸਿੰਘ ਹਕੀਮ ਦੀ ਧਰਮਸ਼ਾਲਾ (ਰਾਵਲਪਿੰਡੀ) ਵਿਚ ਪਈ ਪੁਰਾਣੀ ਬੀੜ ਦਾ ਫੋਟੋ ਹੈ। ਇਸ ਵਿਚ ਅ ਤੇ ਹ ਦੇ ਅੱਖਰਾਂ ਦੀ ਸ਼ਕਲ ਸਾਡੇ ਨੁਸਖੇ ਵਿਚਲੇ ਇਨ੍ਹਾਂ ਅੱਖਰਾਂ ਦੀ ਸ਼ਕਲ ਨਾਲ ਬਿਲਕੁਲ ਮਿਲਦੀ ਹੈ। ਕੰਨੇ ਦੀ ਥਾਂ ਇਥੇ ਵੀ ੦ ਦਾ ਚਿੰਨ੍ਹ ਵਰਤਿਆ ਗਿਆ ਹੈ ਅਤੇ ਔਂਕੜ, ਦੁਲੈਂਕੜੇ, ਹੋੜੇ, ਸਿਹਾਰੀ, ਬਿਹਾਰੀ ਦੀਆਂ ਮਾਤ੍ਰਾਵਾਂ ਦੇ ਰੂਪ ਵਿਚ ਵੀ ਬਹੁਤ ਸਮਾਨਤਾ ਹੈ।

ਹੀ ਹੈ । ਸੋ ਇਸੇ ਕਾਰਣ ਹਿੰਦੀ-ਪੰਜਾਬੀ ਦੇ ਮਾਤ੍ਰਿਕ ਛੰਦ ਅਨੁਪ੍ਰਾਸ ਅਤੇ ਕਾਫ਼ੀਏ (ਤੁਕਾਂਤ) ਦੇ ਨੁਕਤਾ ਨਿਗਾਹ ਤੋਂ ਤਿੰਨ ਕਿਸਮ ਦੇ ਹਨ : (੧) ਸਮ, (੨) ਵਿਖਮ ਤੇ (੩) ਅਰਧ ਵਿਖਮ ਜਾਂ ਵਿਖਮ ਸਮ । ਜਿਨ੍ਹਾਂ ਛੰਦਾਂ ਵਿਚ ਚਾਰੇ ਚਰਣ ਇਕੋ ਤੋਲ ਜਾਂ ਰਹਾਉ ਦੇ ਹੋਣ, ਉਹ ਸਮ ਹੁੰਦੇ ਹਨ, ਜਿਵੇਂ ਸਵੈਯਾ, ਚੌਪਈ ਆਦਿ ਤੇ ਜਿਨ੍ਹਾਂ ਛੰਦਾਂ ਵਿਚ ਪਹਿਲਾ ਪਾਦ ਤੀਜੇ ਪਾਦ ਦੇ ਸਮਾਨ ਹੋਵੇ ਤੇ ਦੂਜਾ ਪਾਦ ਚੌਥੇ ਪਾਦ ਦੇ ਸਮਾਨ, ਜਿਵੇਂ — ਸੋਰਠਾ, ਦੋਹਰਾ, ਸ਼ਲੋਕ ਆਦਿ, ਉਹ ਅਰਧ ਸਮ ਜਾਂ ਵਿਖਮ ਛੰਦ ਕਹੇ ਜਾਂਦੇ ਹਨ । ਇਸੇ ਤਰ੍ਹਾਂ ਜੋ ਛੰਦ ਨਾ ਸਮ ਹੋਣ ਤੇ ਨਾ ਅਰਧ ਸਮ ਉਹ ਵਿਖਮ ਛੰਦਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ । ਵਿਖਮ ਛੰਦਾਂ ਵਿਚ ਬਿਸ਼ਨ ਪਦੇ, ਛਪੈ ਆਦਿ ਚਾਰ ਤੋਂ ਵਧੀਕ ਚਰਣਾਂ ਦੇ ਛੰਦ ਹੁੰਦੇ ਹਨ । ਇਹ ਤਿੰਨਾਂ ਹੀ ਕਿਸਮਾਂ ਦੇ ਮਾਤ੍ਰਿਕ ਛੰਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਹੋਏ ਆਮ ਮਿਲਦੇ ਹਨ ।

ਛੰਦਾਂ ਇਸ ਦੀ ਵਿਚਾਰ ਤੋਂ ਅਗਾਂਹ ਲੰਘ ਕੇ ਜੇ ਸਮੁੱਚੇ ਤੌਰ ਤੇ ਛੰਦਾਂ ਦੇ ਜਾਤੀ ਭੇਦ ਨੂੰ ਲਈਏ ਤਾਂ ਕੁਲ ਛੰਦ ਤਿੰਨ ਵਰਗਾਂ ਵਿਚ ਵੰਡੇ ਜਾ ਸਕਦੇ ਹਨ : (੧) ਮਾਤ੍ਰਿਕ ਛੰਦ, (੨) ਵਰਣਿਕ ਛੰਦ ਤੇ (੩) ਗਣਿਕ ਛੰਦ । ਮਾਤ੍ਰਿਕ ਛੰਦਾਂ ਵਿਚ ਪ੍ਰਤੀਚਰਣ ਮਾਤ੍ਰਾਂ ਦੀ ਗਿਣਤੀ ਪ੍ਰਧਾਨ ਹੁੰਦੀ ਹੈ ਤੇ ਵਰਣਿਕ ਛੰਦਾਂ ਵਿਚ ਵਰਣਾਂ ਜਾਂ ਅੱਖਰਾਂ ਦੀ । ਇਸੇ ਤਰ੍ਹਾਂ ਗਣਿਕ ਛੰਦ, ਜੋ ਆਮ ਵਰਤੋਂ ਵਿਚ ਨਾ ਆਉਣ ਕਰ ਕੇ ਕੁਝ ਓਪਰੇ ਹੁੰਦੇ ਜਾ ਰਹੇ ਹਨ, ਗੁਣਾਂ (ਮਗਣ, sss, ਭਗਣ s ॥ ਆਦਿ) ਦੇ ਹਿਸਾਬ ਨਾਲ ਚਲਦੇ ਹਨ । ਪੰਜਾਬੀ ਵਿਚ ਮਾਤ੍ਰਿਕ ਛੰਦਾਂ ਦਾ ਮੁੱਢ ਤੋਂ ਹੀ ਬਹੁਤਾ ਪ੍ਰਚਾਰ ਰਿਹਾ ਹੈ, ਜਿਸ ਕਰਕੇ ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿਚ ਚਾਲੀ ਤੋਂ ਉਪਰ ਵੱਖੋ ਵੱਖ ਕਿਸਮ ਦੇ ਮਾਤ੍ਰਿਕ ਛੰਦ ਵਰਤੇ ਹੋਏ, ਖੋਜ ਕਰਨ ਤੇ, ਮਿਲਦੇ ਹਨ, ਜਿਵੇਂ—ਛਵਿ, ਉਮਾਹਾ, ਉਪਮਾਨ, ਅਸ਼ਟਪਦੀ, ਅਤਿ-ਗੀਤਾ, ਅਮ੍ਰਿਤਧਾਟ, ਦੋਹਰਾ, ਸੋਰਠਾ, ਸਟਪਟਾ, ਸਵੈਯਾ, ਸੁਖਦਾ, ਸੁਕਾਵਯ, ਸ਼ੰਕਰ, ਹਰਿਗੀਤਾ, ਹਾਕਲ, ਹੰਸਗਤਿ, ਕਲਸ, ਕਾਫ਼ੀ, ਘਨ ਕਲਾ, ਚਿਤ੍ਰ ਕਲਾ, ਚਉਬਲਾ, ਛਪੈ, ਝੂਲਣਾ, ਡੱਖਣਾ, ਤਾਟੰਕ, ਤੋਮਰ, ਦੁਵੈਯਾ, ਦੰਡਕਲਾ, ਨਿਸ਼ਾਨੀ, ਪਉੜੀ, ਪਦਾ, ਬਿਸ਼ਨ ਪਦਾ, ਪੰਚਾਨਨ, ਪੰਚਬਦਨਾ, ਪ੍ਰਮਾਣਿਕਾ, ਪੁਨਹਾ, ਰੱਡ, ਰਾਧਿਕਾ, ਰੁਆਮਲ, ਰੋਲਾ ਆਦਿ । ਵਰਣਿਕ ਛੰਦਾਂ ਵਿਚ ਕਬਿੱਤ ਜਾਂ ਮਨਹਰ ਸਵੈਯੇ ਆਦਿ ਦੇ ਨਮੂਨੇ ਵੀ ਭੱਟਾਂ ਦੇ ਸਵੈਯਾਂ ਵਿਚੋਂ ਮਿਲਦੇ ਹਨ । ਇਸੇ ਤਰ੍ਹਾਂ ਗਣਿਕ ਛੰਦ ਵੀ ਬਹੁਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕਈ ਥਾਵੇਂ ਵਰਤੇ ਹਨ, ਜਿਨ੍ਹਾਂ ਦੇ ਉਦਾਹਰਣ ਅੱਗੇ ਚੱਲ ਕੇ ਦਿੱਤੇ ਜਾਣਗੇ ।

ਸਿੱਖ ਗੁਰੂਆਂ ਤੇ ਭਗਤਾਂ ਦੀ ਬਾਣੀ ਵਿਚ ਚੂੰਕਿ ਬਹੁਤੇ ਮਾਤ੍ਰਿਕ ਛੰਦ ਹੀ ਪ੍ਰਧਾਨ ਹਨ ਤੇ ਪੰਜਾਬੀ ਸਾਹਿਤ ਵਿਚ ਵੀ ਇਨ੍ਹਾਂ ਮਾਤ੍ਰਿਕ ਛੰਦਾਂ ਦਾ ਹੀ ਪੁਰਾਤਨ ਸਮੇਂ ਤੋਂ ਰਿਵਾਜ ਹੈ, ਸੋ ਇਸ ਲਈ ਏਥੇ ਪਹਿਲਾਂ ਸ੍ਰੀ ਆਦਿ ਗ੍ਰੰਥ ਜੀ ਵਿਚ ਆਏ ਮਾਤ੍ਰਿਕ ਛੰਦਾਂ ਬਾਰੇ ਹੀ ਵਿਚਾਰ ਕੀਤੀ ਜਾਂਦੀ ਹੈ । ਮਾਤ੍ਰਿਕ ਛੰਦ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਵੱਖੋ ਵੱਖ ਕਿਸਮਾਂ ਦੇ ਹਨ ਤੇ ਉਹ ਵੀ ੧੦ ਮਾਤ੍ਰਾਂ ਤੋਂ ਲੈ ਕੇ ੬੩ ਮਾਤ੍ਰਾਂ ਤਕ ਗਿਣਤੀ ਰੱਖਣ ਵਾਲੇ ਛੰਦ, ਜਿਨ੍ਹਾਂ ਵਿਚੋਂ ਪਹਿਲੀ ਕਿਸਮ ਦੇ ਤਿੰਨ ਛੰਦ-ਸ਼ਲੋਕ, ਦੋਹਾ ਤੇ ਸੋਰਠਾ ਦੋ ਦੋ ਚਰਣਾਂ ਦੇ ਹਨ ਤੇ ਬਾਕੀ ਦੂਜੀ ਕਿਸਮ ਦੇ ਚੌਪਈ, ਉਗਾਹਾ, ਉਪਮਾਨ, ਸਵੈਯਾ ਆਦਿ ਚਾਰ ਚਾਰ ਚਰਣਾਂ ਦੇ ।

ਇਸ ਤੋਂ ਅੱਗੇ ਚੱਲ ਕ ਕਈ ਛੰਦ ਪੰਜ ਪੰਜ ਚਰਣਾਂ ਤੋਂ ਲੈ ਕੇ ੧੦-੧੦ ਚਰਣਾਂ ਦੇ ਵੀ ਹਨ, ਜਿਵੇਂ ਪਉੜੀ, ਕਲਸ, ਛਪੈ, ਰੱਡ ਆਦਿ। ਇਥੇ ਅਸੀਂ ਪਹਿਲਾਂ ਦੋ ਦੋ ਚਰਣਾਂ ਦੇ ਛੰਦ ਹੀ ਦੇਖਣੇ ਹਨ।

ਇਨ੍ਹਾਂ ਛੰਦਾਂ ਵਿਚੋਂ ਦੋਹਰਾ ਅਥਵਾ ਸ਼ਲੋਕ ਜਾਂ ਸੋਰਠਾ ਵਧੇਰੇ ਮਸ਼ਹੂਰ ਹਨ। ਬਾਈ ਵਾਰਾਂ, ਸਲੋਕ ਵਾਰਾਂ ਤੇ ਵਧੀਕ, ਭਗਤ ਕਬੀਰ, ਸ਼ੇਖ ਫ਼ਰੀਦ ਜੀ ਤੇ ਮਹਲਾ ੯ ਦੇ ਸ਼ਲੋਕਾਂ ਵਿਚੋਂ ਦੋਹਰੇ ਤੇ ਸੋਰਠੇ ਦੇ ਅਨੇਕਾਂ ਉਦਾਹਰਣ ਮਿਲਦੇ ਹਨ, ਜਿਵੇਂ :—

(ੳ) ਜੇ ਰਤੁ ਲਗੈ ਕਪੜੈ,
ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ,
ਤਿਨ ਕਿਉ ਨਿਰਮਲੁ ਚੀਤੁ॥ (ਸ਼ਲੋਕ ਮਹਲਾ ੧, ਵਾਰ ਮਾਝ)

(ਅ) ਖੰਭ ਵਿਕਾਂਦੜੇ ਜੇ ਲਹਾਂ,
ਘਿੰਨਾ ਸਾਵੀ ਤੋਲਿ।
ਤੰਨਿ ਜੜਾਂਦੀ ਆਪਣੈ,
ਲਹਾਂ ਸੁ ਸਜਣੁ ਟੋਲਿ॥੨੧॥ (ਸ਼ਲੋਕ ਵਾਰਾਂ ਤੇ ਵਧੀਕ ਮਹਲਾ ੫)

(ੲ) ਫਰੀਦਾ ਜਿਨੀ ਕੰਮੀ ਨਾਹਿ ਗੁਣ,
ਤੇ ਕੰਮੜੇ ਵਿਸਾਰਿ।
ਮਤੁ ਸਰਮਿੰਦਾ ਥੀਵਹੀ,
ਸਾਂਈ ਦੈ ਦਰਬਾਰਿ॥੫੯॥ (ਸ਼ਲੋਕ ਸ਼ੇਖ ਫ਼ਰੀਦ ਜੀ)

(ਸ) ਸੰਗ ਸਖਾ ਸਭਿ ਤਜਿ ਗਏ,
ਕੋਊ ਨ ਨਿਬਹਿਓ ਸਾਥਿ।
ਕਹੁ ਨਾਨਕ ਇਹ ਬਿਪਤਿ ਮਹਿ,
ਟੇਕ ਏਕ ਰਘੁਨਾਥ॥੫੫॥ (ਸ਼ਲੋਕ ਮਹਲਾ ੯)

ਏਥੇ ਇਨ੍ਹਾਂ ਸਲੋਕਾਂ (ਦੋਹਰਿਆਂ) ਦੇ ਦੋਹਾਂ ਚਰਣਾਂ ਵਿਚ ਪਹਿਲਾ ਵਿਸ਼੍ਰਾਮ ੧੩ ਮਾਤ੍ਰਾਂ ਪਰ ਹੈ ਤੇ ਦੂਜਾ ਵਿਸ਼੍ਰਾਮ ੧੧ ਮਾਤ੍ਰਾਂ ਪਰ ਅਤੇ ਅੰਤ ਗੁਰੂ ਲਘੂ (SI) ਰੱਖਿਆ ਹੈ। ਭਗਤ ਕਬੀਰ ਤੇ ਫ਼ਰੀਦ ਜੀ ਦੇ ਸ਼ਲੋਕਾਂ ਵਿਚ ਹੋਰ ਵੀ ਇਸ ਕਿਸਮ ਦੇ ਅਨੇਕਾਂ ਉਦਾਹਰਣ ਮਿਲਦੇ ਹਨ। ਸੁਰਗਵਾਸੀ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਗੁਰਬਾਣੀ ਵਿਚ ਗੁਰੂ ਜੀ ਨੇ ਪੰਜ ਕਿਸਮ ਦੇ ਦੋਹਰੇ ਵਰਤੇ ਹਨ। ਜਿਨ੍ਹਾਂ ਦੇ ਨਾਂ ਹਨ : ਚਲ (ਕਲ) ਚਾਰਣੀ (ਪਯੋਧਰ), ਨਰ, ਸ਼ਯੇਨ ਤੇ ਮੰਡੂਕ (ਦੋਹਰਾ)। (ਸਬੂਤ ਲਈ ਦੇਖੋ, ਉਨ੍ਹਾਂ ਦੀ ਪੁਸਤਕ 'ਗੁਰ ਛੰਦ ਦਿਵਾਕਰ', ੧੯੨੪ ਈ., ਸਫ਼ੇ ੨੧੫-੧੭) ਪੰਡਿਤ ਰਘੁਨੰਦਨ ਸ਼ਾਸਤ੍ਰੀ ਦੇ ਕਥਨ

ਅਨੁਸਾਰ ਦੋਹਰਾ ਵੇਦਾਂ ਦੇ ਛੰਦ ਗਾਇਤ੍ਰੀ ਤੋਂ ਵਿਗਸ ਕੇ ਅਨੁਸ਼ਟੁਪ, ਤੇ ਅਨੁਸ਼ਟੁਪ ਤੋਂ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਦਾ ਮਾਤ੍ਰਿਕ ਛੰਦ ਗਾਥਾ, ਫੇਰ ਗਾਥਾ ਤੋਂ ਆਰਜ ਤੇ ਆਰਯਾ ਤੋਂ ਹਿੰਦੀ ਵਿਚ ਪਹੁੰਚ ਕੇ ਦੋਹਾ (ਦੋਹਰਾ) ਬਣ ਗਿਆ (ਦੇਖੋ ਹਿੰਦੀ ਛੰਦ ਪ੍ਰਕਾਸ਼ ੧੯੫੨, ਸਫ਼ਾ ੯), ਪਰ ਇਹ ਪ੍ਰੀਵਰਤਨ ਕਿਉਂ ਤੇ ਕਿਵੇਂ ਹੋਇਆ ਜਦ ਕਿ ਵੇਦਕ ਮੰਤ੍ਰ ਵਰਣਿਕ ਹਨ ਅਤੇ ਵਰਣਿਕ ਮੰਤ੍ਰਾਂ ਜਾਂ ਸ਼ਲੋਕਾਂ ਦੇ ਵਚਨ ਮਾਤ੍ਰਿਕ ਦੋਹਰੇ ਦੇ ਅਨੁਪ੍ਰਾਸ, ਤੁਕਾਂਤ ਜਾਂ ਕਾਫ਼ੀਏ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ। ਵੈਸੇ ਗਾਇਤ੍ਰੀ ਛੰਦ ਵਰਣਿਕ ਤੇ ਦੋਹਰਾ ਮਾਤ੍ਰਿਕ ਹੋਣ ਕਰਕੇ ਇਨ੍ਹਾਂ ਵਿਚੋਂ ਇਕ ਦੂਜੇ ਦੇ ਵਿਕਾਸ ਜਾਂ ਰੂਪ-ਪਰਿਵਰਤਨ ਦੀ ਕਦੋ ਆਸ ਵੀ ਨਹੀਂ ਕੀਤੀ ਜਾ ਸਕਦੀ।

ਦੋਹਰਾ, ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਜੇ ਉਲਟਾ ਕਰ ਦਿਤਾ ਜਾਵੇ ਤਾਂ ਉਹ ਸੋਰਠਾ ਛੰਦ ਬਣ ਜਾਂਦਾ ਹੈ :—

ਦੋਹਾ ੳਲਟਾ ਜਾਨ,
ਔਰ ਬਾਤ ਦੂਜੀ ਨਹੀਂ।
ਪਿੰਗਲ ਕਹਿਓ ਵਖਾਨ,
ਛੰਦ ਸੋਰਠਾ ਹੋਤ ਹੈ ॥

(ਰੂਪ ਦੀਪ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸੋਰਠੇ ਦਾ ਸਭ ਤੋਂ ਪਹਿਲਾਂ ਉਦਾਹਰਣ ਜਪੁਜੀ ਸਾਹਿਬ (ਮਹਲਾ ੧) ਵਿਚੋਂ ਮਿਲਦਾ ਹੈ, ਜਿਵੇਂ ਕਿ ਕਥਨ ਹੈ :—

ਸਾਲਾਹੀ ਸਾਲਾਹਿ,
ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ,
ਪਵਹਿ ਸਮੁੰਦਿ ਨ ਜਾਣੀਅਹਿ ॥੨੩॥

(ਜਪੁ)

ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ (ਨੌਵੇਂ ਪਾਤਸ਼ਾਹ) ਦਾ ਸ਼ਲੋਕ—

ਨਰ ਚਾਹਤ ਕਛੁ ਅਉਰ,
ਅਉਰੈ ਕੀ ਅਉਰੈ ਭਈ ॥
ਚਿਤਵਤ ਰਹਿਓ ਠਗਉਰ,
ਨਾਨਕ ਫਾਸੀ ਗਲਿ ਪਰੀ ॥੩੯॥

(ਸ਼ਲੋਕ ਮਹਲਾ ੯)

ਅਥਵਾ ਸ਼ੇਖ ਫਰੀਦ ਜੀ ਦੇ ਸ਼ਲੋਕਾਂ ਵਿਚੋਂ ਇਹ ਵਾਕ—

ਇਕੁ ਫਿਕਾ ਨ ਗਾਲਾਇ,
ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ,
ਮਾਣਕ ਸਭ ਅਮੋਲਵੇ ॥੧੨੯॥

ਸਭਨਾ ਮਨ ਮਾਣਿਕ,
ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ,
ਹਿਆਉ ਨ ਠਾਹੇ ਕਹੀਦਾ ॥੧੩੦॥

ਸੋਰਠਾ ਛੰਦ ਦੇ ਹੀ ਅਤਿ ਸੋਹਣੇ ਉਦਾਹਰਣ ਹਨ।

ਹੁਣ ਅੱਗੇ ਲਓ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਤਿੰਨ ਜਾਂ ਚਾਰ ਚਰਣਾਂ ਅਥਵਾ ਤੁਕਾਂ ਦੇ ਛੰਦ ਤੋਂ ਉਨ੍ਹਾਂ ਦੇ ਕ੍ਰਮ ਅਨੁਸਾਰ ਵੇਰਵੇ। ਚਾਰ ਚਰਣਾਂ ਦੇ ਛੋਟੇ ਛੰਦਾਂ ਵਿਚੋਂ ਇਕ ਛੰਦ ਹੈ, ਛਵਿ, ਜੋ ੧੦ ਮਾਤ੍ਰਾਂ ਦਾ ਹੁੰਦਾ ਹੈ। ਇਸ ਵਿਚ ਪ੍ਰਤੀ ਚਰਣ ੧੦ ਮਾਤ੍ਰਾਂ ਤੇ ਤਿੰਨ ਚਰਣਾਂ ਤੋਂ ਬਿਨਾਂ ਹੋਰ ਕੋਈ ਪਾਬੰਦੀ ਸਿਵਾਇ ਇਸ ਨਿਯਮ ਦੇ ਨਹੀਂ ਕਿ ਅੰਤ ਇਕ ਯਗਣ (iss), ਜਾਂ ਦੋ ਗੁਰੂ ss ਹੁੰਦੇ ਹਨ, ਜਿਵੇਂ :—

ਸਗਲ ਬਟਰੀਆ ॥
ਬਿਰਖ ਇਕ ਤਰੀਆ ॥
ਸਹੁ ਬਧਹਿ ਪਰੀਆ ॥੩॥ (ਬਿਹਾਗੜਾ, ਮਹਲਾ ੫)

ਫੇਰ ਇਸੇ ਤਰ੍ਹਾਂ ਇਸ ਤੋਂ ਅੱਗੇ ੧੪ ਮਾਤ੍ਰਾਂ ਤੋਂ ਲੈ ਕੇ ੬੩ ਮਾਤ੍ਰਾਂ ਤਕ ਵੱਖ ਵੱਖ ਕਿਸਮ ਮਾਤ੍ਰਿਕ ਛੰਦਾਂ ਦੇ ਕੁਝ ਚੋਣਵੇਂ ਉਦਾਹਰਣ ਉਨ੍ਹਾਂ ਦੇ ਲੱਛਣਾਂ ਸਹਿਤ ਕ੍ਰਮ ਅਨੁਸਾਰ ਇਸ ਤਰ੍ਹਾਂ ਹਨ :—

(ੳ) ਹਾਕਲ ਛੰਦ—ਲੱਛਣ :—ਚਾਰ ਚਰਣ, ਪ੍ਰਤੀ ਚਰਣ ੧੪ ਮਾਤ੍ਰਾਂ, ੯—੫ ਪਰ ਵਿਸ਼੍ਰਾਮ, ਅੰਤ ਦੋ ਗੁਰੂ ss, ਉਦਾਹਰਣ :—

ਪੜ੍ਹਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥੧॥ (ਸਲੋਕ ਸਹਸਕ੍ਰਿਤੀ, ਮਹਲਾ ੧)

(ਅ) ਹੰਸਗਤਿ ਛੰਦ—ਲੱਛਣ :—ਤਿੰਨ ਚਰਣ, ਪ੍ਰਤੀ ਚਰਣ ੨੦ ਮਾਤ੍ਰਾਂ ੧੧—੯ ਪਰ ਵਿਸ਼੍ਰਾਮ, ਅੰਤ ਰਗਣ ssi, ਉਦਾਹਰਣ—

ਸਚਾ ਪੁਰਖੁ ਅਲਖੁ, ਸਬਦਿ ਸੁਹਾਵਣਾ ॥
ਮੰਨੇ ਨਾਉ ਬਿਸੰਖ, ਦਰਗਹ ਪਾਵਣਾ ॥
ਖਾਲਕ ਕਉ ਆਦੇਸੁ, ਢਾਢੀ ਗਾਵਣਾ ॥
ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥
(ਵਾਰ ਮਾਝ, ਮਹਲਾ ੧)

(ਦ) **ਸਖਦਾ ਛੰਦ**—ਲੱਛਣ :—ਚਾਰ ਚਰਣ, ਪ੍ਰਤੀ ਚਰਣ ੨੨ ਮਾਤ੍ਰਾਂ ੧੨–੧੦ ਪਰ ਵਿਸ੍ਰਾਮ, ਅੰਤ ਇਕ ਗੁਰੂ ऽ, ਉਦਾਹਰਣ—

ਉਤੰਗੀ ਪੈਓਹਰੀ ਗਹਰੀ ਗੰਭੀਰੀ ॥
ਸਸੜਿ ਸੁਹੀਆ ਕਿਵ ਕਰੀ,
ਨਿਵਣੁ ਨ ਜਾਇ ਥਣੀ ॥
ਗਚੁ ਕਿ ਲਗਾ ਗਿਤਵੜੀ,
ਸਖੀਏ ਧਉਲਹਰੀ ॥
ਸੇ ਭੀ ਢਹਦੇ ਡਿਠੁ ਮੈ,
ਮੁੰਧ ਨ ਗਰਬੁ ਥਣੀ ॥੧॥ (ਸਲੋਕ ਵਾਰਾਂ ਤੇ ਵਧੀਕ ਮਹਲਾ ੧)

(ਸ) **ਸੁਕਾਵਜ**—ਲੱਛਣ :—ਚਾਰ ਚਰਣ, ਪ੍ਰਤੀ ਚਰਣ ੨੪ ਮਾਤ੍ਰਾਂ ੧੩—੧੧ ਪਰ ਵਿਸ੍ਰਾਮ, ਅੰਤ ਗੁਰੂ ਲਘੂ ऽ।, ਉਦਾਹਰਣ :—

ਆਵਉ ਵੰਞਉ ਡੁੰਮਣੀ, ਕਿਤੀ ਮਿਤ੍ਰ ਕਰੇਉ ॥
ਸਾਧਨ ਢੋਈ ਨਾ ਲਹੈ, ਵਾਢੀ ਕਿਉ ਧੀਰੇਉ ॥

... ... ... ...

ਪੇਈਅੜੈ ਡੋਹਾਗਣੀ, ਸਾਹੁਰੜੈ ਕਿਉ ਜਾਉ ॥
ਮੈ ਗਲਿ ਅਉਗਣ ਮੁਠੜੀ, ਬਿਨੁ ਪਿਰ ਝੂਰਿ ਮਰਾਉ ॥

[ਰਾਗੁ ਮਾਰੂ, ਕਾਫੀ ਮਹਲਾ ੧, ਘਰੁ ੨]

(ਹ) **ਰੂਪ ਮਾਲਾ ਛੰਦ**—ਲੱਛਣ—ਚਾਰ ਚਰਣ; ਪ੍ਰਤੀ ਚਰਣ ੨੪ ਮਾਤ੍ਰਾਂ: ਪਹਿਲਾ ਵਿਸ੍ਰਾਮ ੧੪ ਮਾਤ੍ਰਾਂ ਪਰ ਤੇ ਦੂਜਾ ਵਿਸ੍ਰਾਮ ੧੦ ਮਾਤ੍ਰਾਂ ਪਰ; ਅੰਤ ਗੁਰੂ ਲਘੂ ऽ।; ਉਦਾਹਰਣ :—

ਕੂੜੁ ਰਾਜਾ ਕੂੜੁ ਪਰਜਾ,
ਕੂੜੁ ਸਭੁ ਸੰਸਾਰੁ ।
ਕੂੜੁ ਮੰਡਪ ਕੂੜੁ ਮਾੜੀ,
ਕੂੜੁ ਬੈਸਣਹਾਰੁ ।...
ਕੂੜੁ ਮੀਆ ਕੂੜੁ ਬੀਬੀ,
ਖਪਿ ਹੋਏ ਖਾਰੁ ।
ਕੂੜਿ ਕੂੜੈ ਨੇਹੁ ਲਗਾ,
ਵਿਸਰਿਆ ਕਰਤਾਰੁ । (ਵਾਰ ਆਸਾ, ਸਲੋਕ ਮਹਲਾ ੧)

**(ਕ) ਸ਼ੰਕਰ ਛੰਦ—ਲੱਛਣ—ਚਾਰ ਚਰਣ; ਪ੍ਰਤੀ ਚਰਣ ੨੬ ਮਾਤ੍ਰਾਂ; ੧੬-੧੦ ਪਰ ਵਿਸ੍ਰਾਮ; ਅੰਤ ਗੁਰੂ ਲਘੂ ऽ।; ਉਦਾਹਰਣ—**

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ,
ਏਕ ਦੋਖ ਬਿਨਾਸ ।
ਪੰਚ ਦੋਖ ਅਸਾਧ ਜਾ ਮਹਿ,
ਤਾ ਕੀ ਕੇਤਕ ਆਸ ।
ਤ੍ਰਿਗਦ ਜੋਨਿ ਅਚੇਤ ਸੰਭਵ,
ਪੁੰਨ ਪਾਪ ਅਸੋਚ ।
ਮਾਨੁਖਾ ਅਵਤਾਰ ਦੁਲਭ,
"ਤਿਹੀ ਸੰਗਤਿ ਪੋਚ ॥ ੨ ॥ [ਆਸਾ ਬਾਣੀ, ਰਵਿਦਾਸ ਜੀ ਕੀ]

(ਖ) ਉਗਾਹਾ ਛੰਦ—ਲੱਛਣ :—ਪ੍ਰਤੀ ਚਰਣ ੨੬ ਮਾਤ੍ਰਾ, ੧੫-੧੧ ਪਰ ਵਿਸ਼੍ਰਾਮ ਅੰਤ ਗੁਰੂ ਲਘੂ; ਉਦਾਹਰਣ :—

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ,
ਅਠੇ ਪਹਰ ਲਗੰਨਿ ।
ਜਨ ਨਾਨਕ ਕਿਰਪਾ ਧਾਰਿ ਪ੍ਰਭ,
ਸਤਿਗੁਰ ਸੁਖਿ ਵਸੰਨਿ ॥੧॥੪॥ (ਵਾਰ ਗਉੜੀ, ਸਲੋਕ ਮਹਲਾ ੪)

(ਗ) ਸਾਰ ਛੰਦ—ਲੱਛਣ :—ਚਾਰ ਚਰਨ; ਪ੍ਰਤੀ ਚਰਣ ੨੮ ਮਾਤ੍ਰਾ, ੧੬-੧੨ ਪਰ ਵਿਸ਼੍ਰਾਮ; ਅੰਤ ਦੋ ਗੁਰੂ ss; ਉਦਾਹਰਣ :—

ਜੋਗੀ ਕਹਹਿ ਜੋਗੁ ਭਲ ਮੀਠਾ,
ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ,
ਏਇ ਕਹਹਿ ਸਿਧਿ ਪਾਈ,
ਜਿਸਹਿ ਬੁਝਾਏ ਸੋਈ ਬੂਝੈ,
ਬਿਨੁ ਬੂਝੇ ਕਿਉ ਰਹੀਐ ॥
ਸਤਿਗੁਰ ਮਿਲੈ ਅੰਧੇਰਾ ਚੂਕੈ,
ਇਨ ਬਿਧਿ ਮਾਣਕੁ ਲਹੀਐ ॥ (ਗਉੜੀ, ਕਬੀਰ ਜੀਉ)

ਸਾਰ ਛੰਦ ਵਾਂਗੂੰ ਹੀ ਦੁਵੈਯਾ ਤੇ ਲਲਿਤ ਪਦ ਵੀ ਪ੍ਰਤੀ ਚਰਣ ੨੮ ਮਾਤ੍ਰਾ ਦੇ ਹੁੰਦੇ ਹਨ, ਪਰ ਦੁਵੈਯੇ ਦੇ ਅੰਤ ਵਿਚ ਇਕ ਗੁਰੂ (s) ਹੋਣ ਕਰਕੇ ਇਹ ਛੰਦ ਕਿਸੇ ਹੋਰ ਛੰਦ ਦੇ ਮੇਲ ਤੋਂ ਸੁਤੰਤਰ ਰਹਿੰਦਾ ਹੈ, ਪਰ ਲਲਿਤ ਪਦ ਦੇ ਅੰਤ ਦੋ ਗੁਰੂ ਹੋਣ ਕਰਕੇ ਉਹ ਦੁਵੈਯੇ ਦਾ ਅੰਗ ਹੀ ਬਣ ਜਾਂਦਾ ਹੈ ।

(ਘ) ਮਾਤ੍ਰਿਕ ਸਵੈਯਾ—ਲੱਛਣ :—ਚਾਰ ਚਰਣ; ਪ੍ਰਤੀ ਚਰਣ ੩੧ ਮਾਤਰਾ (੨੪ ਅੱਖਰ); ੧੬-੧੫ ਪਰ ਵਿਸ਼੍ਰਾਮ; ਅੰਤ ਗੁਰੂ ਲਘੂ si, ਉਦਾਹਰਣ :—

ਨਾਭਿ ਕਮਲ ਤੇ ਬ੍ਰਹਮਾ ਉਪਜੇ,
ਬੇਦ ਪੜਹਿ ਮੁਖਿ ਕੰਠਿ ਸਵਾਰਿ ।
ਤਾ ਕੋ ਅੰਤੁ ਨ ਜਾਈ ਲਖਣਾ,
ਆਵਤ ਜਾਵਤ ਰਹੈ ਗੁਬਾਰਿ ॥... (ਗੁਜਰੀ ਮਹਲਾ ੧)

ਸਵੈਯੇ ਦਾ ਦੂਜਾ ਰੂਪ ੩੨ ਮਾਤਰਾ ਦੇ ਦੇਖਣ ਵਿਚ ਆਉਂਦਾ ਹੈ ਜਿਸ ਦੇ ਅੰਤ ਦੋ ਗੁਰੂ (ss) ਹੁੰਦੇ ਹਨ, ਜਿਵੇਂ :—

੧. ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ,
ਏਹੁ ਮਹਾਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ,
ਦੁਰਤੁ ਬਿਨਾਸਿਓ ਭਰਮੁ ਬੀਓ ॥...
ਤੁਮਰੀ ਕ੍ਰਿਪਾ ਤੇ ਭਇਓ ਸਾਧੂ ਸੰਗੁ
ਏਹੁ ਕਾਜੁ ਤੁਮ ਆਪਿ ਕੀਓ ॥
ਦ੍ਰਿੜੁ ਕਰਿ ਚਰਣ ਗਹੇ ਪ੍ਰਭੁ ਤੁਮਰੇ,
ਸਹਜ ਬਿਖਿਆ ਭਈ ਖੀਓ ॥੧॥ (ਆਸਾ ਮਹਲਾ ੫)

੨. ਤੇ ਸਾਧੂ ਹਰਿ ਮੇਲਹੁ ਸੁਆਮੀ,
ਜਿਨ ਜਪਿਆ ਗਤਿ ਹੋਇ ਹਮਾਰੀ ॥
ਤਿਨ ਕਾ ਦਰਸੁ ਦੇਖਿ ਮਨੁ ਬਿਗਸੈ,
ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ।...
ਤਿਨ ਮਤਿ ਊਤਮ, ਤਿਨ ਪਤਿ ਊਤਮ,
ਜਿਨ ਹਿਰਦੈ ਵਸਿਆ ਬਨਵਾਰੀ ।...
ਤਿਨ ਕੀ ਸੇਵਾ ਲਾਇ ਹਰਿ ਸੁਆਮੀ,
ਤਿਨ ਸਿਮਰਤ ਗਤਿ ਹੋਇ ਹਮਾਰੀ ॥ (ਭੈਰਉ ਮਹਲਾ ੪)

ਇਸੇ ਤਰ੍ਹਾਂ ਆਦਿ ਗ੍ਰੰਥ ਜੀ ਦੀ ਬਾਣੀ ਵਿਚੋਂ ਖੋਜ ਕਰਨ ਤੇ ਸਵੈਯੇ ਦੇ ਬਾਣ, ਬੀਰ, ਦੰਡ ਕਲਾ ਆਦਿ ਕਈ ਹੋਰ ਭੇਦ ਵੀ ਨਿਕਲ ਆਉਂਦੇ ਹਨ ।

ਇਹ ਹਨ ਤਿੰਨ ਜਾਂ ਚਾਰ ਚਰਣਾਂ ਦੇ ਛੋਟੇ-ਵੱਡੇ ਛੰਦਾਂ ਦੇ ਨਾਂ, ਲੱਛਣ ਤੇ ਉਦਾਹਰਣ । ਹੁਣ ਅਸੀਂ ਏਥੋਂ ਅੱਗੇ ਪੰਜ ਚਰਣਾਂ ਤੋਂ ਲੈ ਕੇ ਦਸ ਚਰਣਾਂ ਤਕ ਅਤਿ ਵੱਡੇ ਜਾਂ ਲੰਮੇਰੇ ਛੰਦ ਦੇ ਕੁਝ ਵੇਰਵੇ ਦੇਣੇ ਜ਼ਰੂਰੀ ਸਮਝਦੇ ਹਾਂ ਤਾਂਕਿ ਗੁਰੂ ਬਾਣੀ ਵਿਚ ਆਏ ਛੰਦਾਂ ਦੀ ਖੋਜ ਬਾਰੇ ਪੰਜਾਬੀ ਪ੍ਰੇਮੀਆਂ ਦੀ ਦਿਲਚਸਪੀ ਹੋਰ ਵੀ ਅਗੇ ਵੱਧੇ । ਗੁਰਬਾਣੀ ਵਿਚ ਆਏ ਕੁਝ ਕੁ ਅਜਿਹੇ ਵੱਡੇ ਜਾਂ ਲੰਮੇਰੇ ਛੰਦ ਕ੍ਰਮ ਅਨੁਸਾਰ ਇਹ ਹਨ (੧) ਕਲਸ, (੨) ਛਪੈ, (੩) ਰਡ, (੪) ਝੂਲਨਾ (੫) ਪਉੜੀ ਤੇ (੬) ਪਦਾ (ਬਿਸ਼ਨ ਪਦਾ)। ਇਨ੍ਹਾਂ ਵਿਚੋਂ ਪਹਿਲੇ ਦੋਵੇਂ ਛੰਦ ਕਲਸ ਤੇ ਛਪੈ

ਸੰਯੁਕਤ (ਜੁੜਵੇਂ) ਜਾਂ ਦੂਹਰੇ ਛੰਦ ਹਨ ਤੇ ਬਾਕੀ ਚਾਰੇ ਛੰਦ ਪਉੜੀ, ਪਦਾ, ਝੂਲਨਾ ਤੇ ਰੱਡ ਇਕਹਿਰੇ। ਭਾਵ ਇਸ ਕਥਨ ਦਾ, ਜਿਵੇਂ ਕਿ ਅੱਗੇ ਪ੍ਰਮਾਣ ਦਿੱਤੇ ਜਾਂਦੇ ਹਨ, ਯਥਾ ਕ੍ਰਮ ਇਸ ਪ੍ਰਕਾਰ ਹੈ :—

(੧) **ਕਲਸ ਛੰਦ**—ਉੱਲਾਸ, ਹੁਲਾਸ, ਚੌਪਈ, ਸਵੈਯੇ ਜਾਂ ਪਦਾਕੁਲਕ ਨਾਂ ਦੇ ਦੋ ਦੋ ਛੰਦਾਂ ਦਾ ਸੰਯੁਕਤ ਰੂਪ। ਦਸਮ ਗ੍ਰੰਥ ਵਿਚ ਇਹ ਛੰਦ ਚੌਪਈ ਤੇ ਤ੍ਰਿਭੰਗੀ ਦੇ ਮੇਲ ਤੋਂ ਬਣਿਆ ਹੈ, ਪਰ ਸ੍ਰੀ ਆਦਿ ਗ੍ਰੰਥ ਵਿਚ ਚੌਪਈ ਤੇ ਸਵੈਯੇ ਤੋਂ ਬਣੇ ਕਲਸ ਛੰਦ ਦਾ ਪ੍ਰਮਾਣ ਮਿਲਦਾ ਹੈ। **ਲਛਣ**--ਅੱਠ ਚਰਣ, ਪਹਿਲੇ ਚਾਰ ਚਰਣ ਚੌਪਈ ਦੇ ਤੇ ਬਾਕੀ ਪਿਛਲੇ ਚਾਰ ਚਰਣ ਸਵੈਯੇ ਦੇ, ਜਿਵੇਂ ਕਿ ਉਦਾਹਰਣ ਹੈ :-

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥
ਅਬਿਨਾਸੀ ਅਬਿਗਤੁ ਧਿਆਯਉ ॥
ਤਿਸੁ ਭੇਟੇ ਦਾਰਿਦ੍ਰੁ ਨ ਚੰਪੈ।
ਕਲਸਹਾਰ ਤਾਸੁ ਗੁਣ ਜੰਪੈ।
ਜੰਪਉ ਗੁਣ ਬਿਮਲ ਸੁਜਨ ਜਨ ਕੇਰੇ,
ਅਮਿਅ ਨਾਮੁ ਜਾ ਕਉ ਫੁਰਿਆ।
ਇਨਿ ਸਤਿਗੁਰੁ ਸੇਵਿ ਸਬਦ ਰਸੁ ਪਾਯਾ,
ਨਾਮੁ ਨਿਰੰਜਨ ਉਰਿ ਧਰਿਆ ॥
ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ,
ਚਾਹਕੁ ਤਤ ਸਮਤ ਸਰੇ ॥
ਕਵਿ ਕਲ੍ਯ ਠਕੁਰ ਹਰਦਾਸ ਤਨੇ,
ਗੁਰੁ ਰਾਮਦਾਸ ਸਰ ਅਭਰ ਭਰੇ ॥ ੧੨ ॥

[ਸਵੈਯੇ ਮਹਲੇ ੪ ਕੇ]

(੨) **ਛਪੈ ਛੰਦ** :—(ਰੋਲਾ ਤੇ ਉੱਲਾਲ ਛੰਦ ਦਾ ਰਲ ਗੱਡ) **ਲੱਛਣ**—ਛੇ ਛੰਦਾਂ ਦੀਆਂ ਪਹਿਲੀਆਂ ਚਾਰ ਤੁਕਾਂ ਰੋਲੇ ਛੰਦ ਦੀਆਂ ਤੇ ਬਾਕੀ ਅੰਤਲੀਆਂ ਦੋ ਤੁਕਾਂ ਉੱਲਾਲ ਦੀਆਂ। ਛੇ ਚਰਣਾਂ ਜਾਂ ਪੈਰਾਂ ਵਾਲਾ ਛੰਦ ਹੋਣ ਕਰਕੇ ਹੀ ਇਸ ਦੀ ਛਪੈ (ਛਪਯ) ਛੰਦ ਸੰਗਯਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਪੰਜ ਕਿਸਮ ਦੇ ਛਪਯ ਛੰਦ ਮਿਲਦੇ ਹਨ, ਜਿਵੇਂ :—(੧) ਮਲਯ ਛਪੈ (ਜਿਸ ਵਿਚ ੨੫ ਗੁਰੂ ਤੇ ੧੦੨ ਲਘੂ ਹੋਣ), (੨) ਕਰਤਲ ਛਪੈ (ਜਿਸ ਵਿਚ ੨੮ ਗੁਰੂ ਤੇ ੯੬ ਲਘੂ ਹੋਣ), (੩) ਸਾਰਸ ਛਪੈ (ਜਿਸ ਵਿਚ ੩੪ ਗੁਰੂ ਤੇ ੮੪ ਲਘੂ ਹੋਣ) (੪) ਬਾਰਣ ਛਪੈ (ਜਿਸ ਵਿਚ ੪੧ ਗੁਰੂ ਤੇ ੭੦ ਲਘੂ ਹੋਣ) ਅਤੇ (੫) ਰੋਲ ਹੰਸਾ ਛਪੈ (ਜਿਸ ਵਿਚ ਕੁੱਲ ੧੪੪ ਮਾਤ੍ਰਾਂ ਹੋਣ ਤੇ ਅੰਤ ਵਿਚ ਉੱਲਾਲ ਦੀ ਥਾਵੇਂ ਦੋਹਰਾ ਛੰਦ ਹੋਵੇ) ਇਨ੍ਹਾਂ ਵਿਚ ਮੈਂ ਏਥੇ ਦੋ ਛਪਯਾਂ ਦੇ ਉਦਾਹਰਣ ਦੇਣੇ ਉੱਚਿਤ ਸਮਝਦਾ ਹਾਂ, ਜੋ ਕ੍ਰਮ ਅਨੁਸਾਰ ਇਸ ਪ੍ਰਕਾਰ ਹਨ :—

(ੳ) ਸਾਰਸ ਛਪੈ (੩੪ ਗੁਰੂ ਤੇ ੮੪ ਲਘੂ)

ਗੁਣ ਗਾਵੈ ਰਵਿਦਾਸੁ ਭਗਤੁ
ਜੈ ਦੇਵ ਤ੍ਰਿਲੋਚਨ ॥
ਨਾਮਾ ਭਗਤੁ ਕਬੀਰ ਸਦਾ
ਗਾਵਹਿ ਸਮ ਲੋਚਨ ॥
ਭਗਤੁ ਬੇਣਿ ਗੁਣ ਰਵੈ
ਸਹਜਿ ਆਤਮ ਰੰਗੁ ਮਾਣੈ ॥
ਜੋਗ ਧਿਆਨਿ ਗੁਰ ਗਿਆਨਿ ਬਿਨਾ
ਪ੍ਰਭ ਅਵਰੁ ਨ ਜਾਣੈ ॥
ਸੁਖਦੇਉ ਪਰੀਖਤੁ ਗੁਣ ਰਵੈ,
ਗੋਤਮ ਰਿਖਿ ਜਸੁ ਗਾਇਓ ॥
ਕਬਿ ਕਲ ਸੁਜਸੁ ਨਾਨਕ ਗੁਰ
ਨਿਤ ਨਵਤਨੁ ਜਗਿ ਛਾਇਓ ॥੮॥ [ਸਵੈਯੇ ਮਹਲੇ ੧ ਕੇ]

(ਅ) ਰੋਲ ਹੰਸਾ ਛਪੈ (ਕਲ ਮਾਤ੍ਰਾਂ ੧੪੪, ਅੰਤ ਦੋਹਰਾ) :—

ਅਮਿਆ ਦ੍ਰਿਸਟਿ ਸੁਭ ਕਰੈ,
ਹਰੈ ਅਘ ਪਾਪ ਸਕਲ ਮਲ ॥
ਕਾਮ, ਕਰੋਧ ਅਰੁ ਲੋਭ ਮੋਹ,
ਵਸਿ ਕਰੈ ਸਭੈ ਬਲ ॥
ਸਦਾ ਸੁਖੁ ਮਨਿ ਵਸੈ
ਦੁਖੁ ਸੰਸਾਰਹ ਖੋਵੈ ॥
ਗੁਰੁ ਨਵਨਿਧਿ ਦਰੀਆਉ
ਜਨਮ ਹਮ ਕਾਲਖ ਧੋਵੈ ॥
ਸੁ ਕਹੁ ਟਲ ਗੁਰੁ ਸੇਵੀਐ,
ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੇ,
ਜਨਮ ਮਰਣ ਦੁਖੁ ਜਾਇ ॥ ੧੦ ॥ (ਸਵੈਯੇ ਮਹਲੇ ੨ ਕੇ)

(੩) ਹੱਤ ਛੰਦ (ਅਤਿ ਵਿਖਮ)—ਲੱਛਣ :- ਚਾਰ ਚਰਣ, ਪਹਿਲੇ ਚਰਣ ਦੀਆਂ ੪੨ ਮਾਤ੍ਰਾਂ, ੧੬-੧੨-੧੪ ਪਰ ਵਿਸ਼੍ਰਾਮ, ਤੇ ਦੂਜੇ ਚਰਣ ਦੀਆਂ ੨੬ ਮਾਤ੍ਰਾਂ, ੧੧-੧੫ ਪਰ ਵਿਸ਼੍ਰਾਮ ਤੇ ਅੰਤ ਦੋ ਚਰਣ ਦੋਹਰੇ ਦੇ । ਇਹ ਛੰਦ ਸੰਯੁਕਤ ਛੰਦਾਂ ਵਿਚ ਅਤਿ ਵਿਖਮ ਗਿਣਿਆ ਜਾਂਦਾ ਹੈ। ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਦੇ ਅੰਤਰਗਤ ਭੱਟਾਂ ਦੇ ਸਵੈਯਾਂ ਵਿਚੋਂ ਇਸ ਦੇ ਉਦਾਹਰਣ ਮਿਲਦੇ ਹਨ, ਜਿਵੇਂ :—

ਜਿਸਹਿ ਧਰਿਤ੍ਰੁ ਧਰਤਿ ਅਰੁ ਵਿਉਮ.
ਅਰੁ ਪਵਣੁ ਤੇ ਨੀਰ ਸਰ.
ਅਵਰ ਅਨਲ ਅਨਾਦਿ ਕੀਅਉ ॥
ਸਸਿ ਰਿਖਿ ਨਿਸਿ ਸੂਰ ਦਿਨਿ.
ਸੈਲ ਤਰੂਅ ਫਲ ਫੁਲ ਦੀਅਉ ॥
ਧਾਰਿਓ ਤ੍ਰਿਭਵਣ ਜਾਸੁ
ਸੁਰਿ ਨਰ ਸਪਤ ਸਮੁਦ੍ਰ ਕਿਅ.
ਸੋਈ ਏਕੁ ਨਾਮੁ ਹਰਿਨਾਮੁ ਸਤਿ.
ਪਾਇਓ ਗੁਰ ਅਮਰ ਪ੍ਰਮਾਨੁ ॥੧॥੫॥ (ਸਵੈਯੇ ਮਹਲਾ ੪ ਕੇ)

(੪) **ਝੂਲਨਾ (ਝੁਲਨਾ) ਛੰਦ** ਲੱਛਣ—ਪੰਜ ਚਰਣ. ਪਹਿਲਾ ਚਰਣ ੧੯ ਮਾਤ੍ਰਾ ਦਾ, ੧੦-੯ ਪਰ ਵਿਸ਼੍ਰਾਮ, ਬਾਕੀ ਚਾਰ ੩੯ ਮਾਤ੍ਰਾ ਦੇ. ਪ੍ਰਤੀ ਚਰਣ ੧੯-੨੦ ਜਾਂ ੨੦-੧੯ ਮਾਤ੍ਰਾਂ ਪਰ ਵਿਸ਼੍ਰਾਮ. ਅੰਤ ਦੋ ਲਘੁ ਜਾਂ ਗੁਰੂ. ਉਦਾਹਰਣ :—

ਗੁਰੂ ਗੁਰੁ ਗੁਰੁ ਗੁਰੁ ਗੁਰੂ ਜਪਿ ਸਤਿ ਕਰਿ ।
ਅਗਮ ਗੁਨ ਜਾਨੁ ਨਿਧਾਨੁ,
ਹਰਿ ਮਨਿ ਧਰਹੁ ਧ੍ਯਾਨ
ਅਹਿ ਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥
ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ,
ਸਤਿ ਗੁਰਸਿਖ ਤਰਹੁ,
ਨਾਮ ਸਚ ਰੰਗ ਸਰਿ ॥
ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ,
ਪ੍ਰੇਮ ਗੁਰ ਸ਼ਬਦ ਰਸਿ,
ਕਰਤ ਦ੍ਰਿੜ ਭਗਤਿ ਹਰਿ ।
ਮੁਗਧ ਮਨ ਭ੍ਰਮੁ ਤਜਹੁ,
ਨਾਮੁ ਗੁਰਮੁਖਿ ਭਜਹੁ,
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥

(ਸਵੈਯੇ ਮਹਲੇ ੪ ਕੇ)

ਕਈ ਪੁਰਾਣੇ ਕਵੀਆਂ ਨੇ ਝੂਲਣੇ ਛੰਦ ਨੂੰ ਬੈਂਤ ਅਥਵਾ ਪ੍ਰਕਾਰ ਛੰਦ ਦਾ ਹੀ ਰੂਪ ਕਲਪਿਆ ਹੈ, ਜਿਵੇਂ ਕਿ ਹੱਥ ਲਿਖਿਤ ਹੀਰ ਅਹਿਮਦ ਗੁੱਜਰ ਦੇ ਪ੍ਰਾਰੰਭ ਵਿਚ ਹੀ ਇਸਦੇ ਪ੍ਰਮਾਣ ਮਿਲਦੇ ਹਨ। (ਦੇਖੋ, ਮੋਤੀ ਬਾਗ ਰਾਜ ਭਵਨ ਪੁਸਤਕਾਲਯ, ਪਟਿਆਲਾ ਹੱਥ ਲਿਖਿਤ ਪ੍ਰਤ। ਨੰ: ੮੨)

(੫) **ਪਉੜੀ**—ਇਕ ਪ੍ਰਕਾਰ ਦਾ ਵਾਰ ਅਥਵਾ ਜੁੱਧ ਕਵਿ ਦਾ ਛੰਦ-ਵਚਨ ਜਿਸ ਵਿਚ ਕਿ ਜੰਗ ਨਾਮੇ ਲਿਖੇ ਜਾਂਦੇ ਹਨ। (ਦੇਖੋ, ਨਜਾਬਤ ਦੀ ਵਾਰ ਨਾਦਰਸ਼ਾਹ) ਮਰਾਠੀ ਵਿਚ

ਪਉੜੀਆਂ ਦਾ ਹੀ ਦੂਜਾ ਨਾਮ 'ਪਵਾੜੇ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਾਈ ਵਾਰਾਂ' (ਸ੍ਰੀ ਰਾਗ ਦੀ ਵਾਰ, ਵਾਰ ਮਾਝ ਆਦਿ) ਦੀਆਂ ਪਉੜੀਆਂ ਭਾਈ ਗੁਰਦਾਸ ਕ੍ਰਿਤ ਵਾਰਾਂ ਗਿਆਨ ਰਤਨਾਵਲੀ. ਪੰਜਾਬੀ ਬੋਲੀ ਵਿਚ ਕਵੀ ਜਾਨ ਕਾਇਮ ਖਾਨੀ ਕ੍ਰਿਤ ਅਲਿਫ ਖਾਨ ਦੀ ਪਉੜੀ ਆਦਿ ਰਚਨਾਵਾਂ ਇਸ ਕਿਸਮ ਦੇ ਵੀਰ ਰਸੀ ਛੰਦਾਂ ਦੇ ਹੀ ਨਮੂਨੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਕਿਸਮ ਦੀਆਂ ਛੋਟੀਆਂ-ਵੱਡੀਆਂ ਪਉੜੀਆਂ ਮਿਲਦੀਆਂ ਹਨ, ਜਿਵੇਂ – ਚੌਪਈ ਦਾ ਇਕ ਰੂਪ, ਜੋ ੪ ਜਾਂ ੮ ਚਰਣਾਂ ਦਾ ਹੁੰਦਾ ਹੈ, ਇਸੇ ਤਰ੍ਹਾਂ (੧) ਸੁਗੀਤਾ, (੨) ਨਿਸ਼ਾਨੀ (ਰਾਧਿਕਾ) ਤੇ (੩) ਬੀਰ ਛੰਦ ਦੇ ਰੂਪ ਵਿਚ ਵੀ ਚੌਪਈ ਮਿਲਦੀ ਹੈ। ਲੱਛਣ ਸਾਰੀਆਂ ਹੀ ਕਿਸਮਾਂ ਦੇ ਉਨ੍ਹਾਂ ਦੇ ਛੰਦ-ਵਜ਼ਨ ਅਨੁਸਾਰ, ਵੱਖੋ ਵੱਖ ਹਨ। ਏਥੇ ਪਹਿਲਾਂ ਪੰਜ ਚਰਣਾਂ ਦੀ ਪਉੜੀ ਦਾ ਨਮੂਨਾ ਦੇਂਦੇ ਹਾਂ ਤੇ ਫੇਰ ਉਸ ਤੋਂ ਪਿੱਛੋਂ ੮ ਚਰਣਾਂ ਦੀ ਵੱਡੀ ਚੌਪਈ ਰੂਪ ਪਉੜੀ ਦਾ।

(ੳ) ਪੰਜ ਚਰਣਾਂ ਦੀ ਪਉੜੀ ਪਹਿਲੇ ਚਾਰ ਚਰਣ ੧੩ + ੧੬ ਮਾਤ੍ਰਾਂ ਤੇ ਛੇਕੜ ਪੰਜਵੇਂ ਚਰਣ ਦੀਆਂ ੧੫ ਮਾਤ੍ਰਾਂ; ਅੰਤ ਦੋ ਗੁਰੂ ss:

ਸਭੁ ਕੋ ਆਖੈ ਆਪਣਾ,
ਜਿਸੁ ਨਾਹੀ ਸੋ ਚੁਣਿ ਕਢੀਐ।
ਕੀਤਾ ਆਪੋ ਆਪਣਾ,
ਆਪੇ ਹੀ ਲੇਖਾ ਸੰਢੀਐ।
ਜਾ ਰਹਣਾ ਨਾਹੀ ਐਤੁ ਜਗਿ,
ਤਾ ਕਾਇਤੁ ਗਾਰਬਿ ਹੰਢੀਐ।
ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ।
ਮੂਰਖੈ ਨਾਲਿ ਨ ਲੁਝੀਐ ॥੧੯॥ (ਵਾਰ ਆਸਾ ਮਹਲਾ ੧)

(ਅ) ਅੱਠ ਚਰਣਾਂ ਦੀ ਪਉੜੀ (ਪ੍ਰਤੀ ਚਰਣ ੧੨-੯ ਪਰ ਵਿਸ਼੍ਰਾਮ, ਅੰਤ ਲਘੂ ਗੁਰੂ is) :

ਆਪੀਨੈ ਆਪੁ ਸਾਜਿ
ਆਪੁ ਪਛਾਣਿਆ ॥
ਅੰਬਰੁ ਧਰਤਿ ਵਿਛੋੜਿ,
ਚੰਦੋਆ ਤਾਣਿਆ ॥
ਵਿਣੁ ਥੰਮ੍ਾ ਗਗਨੁ ਰਹਾਇ,
ਸਬਦੁ ਨੀਸਾਣਿਆ ॥
ਸੂਰਜੁ ਚੰਦੁ ਉਪਾਇ,

ਜੋਤਿ ਸਮਾਣਿਆ ॥
ਕੀਏ ਰਾਤਿ ਦਿਨੰਤੁ,
ਚੋਜ ਵਿਡਾਣਿਆ ॥
ਤੀਰਥ ਧਰਮ ਵੀਚਾਰ
ਨਾਵਣ ਪੁਰਬਾਣਿਆ ॥
ਤੁਧੁ ਸਰਿ ਅਵਰੁ ਨ ਕੋਇ,
ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ,
ਹੋਰ ਆਵਣ ਜਾਣਿਆ ॥੧॥ (ਵਾਰ ਮਲਾਰ, ਮਹਲਾ ੧)

ਇਨ੍ਹਾਂ ਦੋਹਾਂ ਪਉੜੀਆਂ ਵਿਚ ਕ੍ਰਮ ਅਨੁਸਾਰ ੧੩੪ ਤੇ ੧੭੪ ਮਾਤ੍ਰਾਂ ਹਨ ਅਤੇ ਮਾਤ੍ਰਿਕ ਤੋਲ-ਵਜ਼ਨ ਵੀ ਸਿਵਾਇ ਪਹਿਲੀ ਪਉੜੀ ਦੀ ਆਖਰੀ ਤੁਕ ਦੇ, ਜਿਸ ਦੀਆਂ ੧੫ ਮਾਤ੍ਰਾਂ ਹਨ, ਬਾਕੀ ਸਾਰੀਆਂ ਪਉੜੀਆਂ ਦੇ ੧੯-੨੦ ਦੇ ਫ਼ਰਕ ਨੂੰ ਇਕ ਪਾਸੇ ਰੱਖ ਕੇ, ਸਿਲਸਿਲੇਵਾਰ ਲਗ ਭਗ ਇਕ ਸਾਰ ਹੀ ਹਨ। ਏਦੂੰ ਬਿਨਾਂ ਕਈ ਹੋਰ ਲੰਮੇ ਵਜ਼ਨ ਦੀਆਂ ਪਉੜੀਆਂ, ਜਿਵੇਂ ਕਿ ਸੋਰਠਿ ਦੀ ਵਾਰ, ਮਹਲਾ ੪, ਵਿਚੋਂ ੧੯ਵੀਂ ਪਉੜੀ ਅਤੇ ਬਿਲਾਵਲ ਦੀ ਵਾਰ ਮਹਲਾ ੪ ਵਿਚੋਂ ੯ਵੀਂ ਪਉੜੀ ਦੇ ਉਦਾਰਰਣ ਮਿਲਦੇ ਹਨ, ਕ੍ਰਮ ਅਨੁਸਾਰ ਗਿਣਤੀ ਵਿਚ ੨੦੩ ਤੋਂ ੨੫੪ ਮਾਤ੍ਰਾਂ ਤਕ ਵੀ ਜਾ ਅੱਪੜਦੀਆਂ ਹਨ। ਬਿਲਾਵਲ ਦੀ ਵਾਰ ਵਿਚੋਂ ਲੰਮੀ ਪਉੜੀ ਦਾ ਇਕ ਉਦਾਹਰਣ ੨੫੪ ਮਾਤ੍ਰਾਂ ਦਾ ਵੀ ਹੈ, ਜਿਵੇਂ :—

ਜਿਤਨੇ ਪਾਤਿਸਾਹ ਸਾਹ ਰਾਜੇ
ਖਾਨ ਉਮਰਾਵ ਸਿਕਦਾਰ ਹਹਿ,
ਤਿਤਨੇ ਸਭਿ ਹਰਿ ਕੇ ਕੀਏ ॥
ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ,
ਸਭਿ ਹਰਿ ਕੇ ਅਰਥੀਏ ॥
ਸੋ ਅਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ,
ਤਿਨ ਸਭਿ ਵਰਨ ਚਾਰੇ ਖਾਣੀ
ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ
ਅਗੈ ਕਾਰ ਕਮਾਵਣ ਕਉ ਦੀਏ ॥
ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ,
ਜਿਨਿ ਵਿਚਹੁ ਕਾਇਆ ਨਗਰ ਦੁਸਮਨ
ਦੂਤ ਸਭਿ ਮਾਰਿ ਕਢੀਏ ॥
ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ,
ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥੯॥

ਇਸ ਤੋਂ ਪਿੱਛੋਂ ਬਹੁਤੀਆਂ ਤੁਕਾਂ ਵਾਲੇ ਲੰਮੇ ਛੰਦਾਂ ਵਿਚੋਂ ਪਦ ਜਾਂ ਪਦੇ ਇਕ ਖਾਸ ਅਹਿਮੀਅਤ ਰਖਦੇ ਹਨ। ਇਹੋ ਪਦੇ ਬ੍ਰਿਜਭਾਸ਼ਾ ਜਾਂ ਰਾਸ਼ਟ੍ਰ ਭਾਸ਼ਾ ਹਿੰਦੀ ਵਿਚ ਬਿਸ਼ਨੁ ਪਦ ਅਥਵਾ ਬਿਸ਼ਨ ਪਦੇ ਅਖਵਾਉਂਦੇ ਹਨ। ਭਗਤ ਕਵੀ ਸੂਰਦਾਸ ਦਾ ਸੂਰ ਸਾਗਰ, ਜੋ ਅਨੇਕਾਂ ਰਾਗ ਰਾਗਣੀਆਂ ਨਾਲ ਅਲੰਕ੍ਰਿਤ ਹੈ, ਇਨ੍ਹਾਂ ਹੀ ਛੰਦਾਂ ਵਿਚ ਲਿਖਿਆ ਹੋਇਆ ਹੈ। ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿਚ ਵੀ ਗੁਰੂ ਸਾਹਿਬਾਂ ਨੇ ਇਸ ਛੰਦ-ਵਚਨ ਨੂੰ ਕਈ ਥਾਵੇਂ ਬੜੀ ਖੁਲ੍ਹ ਦਿਲੀ ਨਾਲ ਅਪਣਾਇਆ ਹੈ, ਜਿਵੇਂ ਕਿ ਵੱਖ-ਵੱਖ ਪਦਿਆਂ ਵਿਚੋਂ ਵੱਖ-ਵੱਖ ਉਦਾਹਰਣ ਮਿਲਦੇ ਹਨ। ਬਿਸ਼ਨ ਪਦੇ ਦਾ ਸਿੱਧਾ ਸਾਦਾ ਲੱਛਣ ਹੈ— ਛੇ ਚਰਣ; ਪ੍ਰਤੀ ਚਰਣ ੨੮-੨੯ ਮਾਤ੍ਰਾ, ਅੰਤ ਗੁਰੂ ਲਘੂ ਜਾਂ ਇਕ ਅਥਵਾ ਦੋ ਗੁਰੂ ਅਤੇ ਪਹਿਲਾ ਚਰਣ, ਟੇਕ ਰੂਪ ਹੋਣ ਕਰਕੇ ੧੫ ਮਾਤ੍ਰਾ ਦਾ। ਗੁਰੂ ਅਰਜਨ ਦੇਵ ਜੀ ਦੇ ਇਕ ਪਦੇ ਦਾ ਉਦਾਹਰਣ ਹੈ :—

ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ,
ਉਤਰਿ ਗਇਓ ਸਭੁ ਤਾਪੁ ॥੧॥ ਰਹਾਉ ॥
ਹਰਿ ਗੋਬਿੰਦ ਰਖਿਓ ਪਰਮੇਸਰਿ,
ਅਪੁਨੀ ਕਿਰਪਾ ਧਾਰਿ ॥
ਮਿਟਿ ਬਿਆਧਿ ਸਰਬ ਸੁਖ ਹੋਏ,
ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰ ਕੀਓ ਮੇਰੈ ਕਰਤੈ,
ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ,
ਨਿਤ ਨਿਤ ਚੜੈ ਸਵਾਈ ॥੨॥੧੯॥੨੪॥

(ਗੂਜਰੀ ਮਹਲਾ ੫, ਦੁਪਦੇ ਘਰੁ ੨)

ਇਸ ਤੋਂ ਬਿਨਾਂ ਰਾਗ ਸਾਰੰਗ ਮਹਲਾ ੧ ਵਿਚ ਗੁਰੂ ਨਾਨਕ ਦੇ ਕੁਝ ਪਦੇ ੧੦ ਚਰਣਾਂ ਦੇ ਵੀ ਮਿਲਦੇ ਹਨ, ਜਿਵੇਂ :—

(੧) ਅਪੁਨੇ ਠਾਕੁਰ ਕੀ ਹਉ ਚੇਰੀ ॥
ਚਰਨ ਗਹੇ ਜਗਜੀਵਨ ਪ੍ਰਭ ਕੇ,
ਹਉਮੈ ਮਾਰਿ ਨਿਬੇਰੀ ॥ (ਸਾਰੰਗ ਮਹਲਾ ੧)

(੨) ਹਰਿ ਬਿਨੁ ਕਿਉ ਰਹੀਐ ਦੂਖੁ ਬਿਆਪੈ ॥
ਜਿਹਵਾ ਸਾਦੁ ਨ ਫੀਕੀ ਰਸ ਬਿਨੁ,
ਬਿਨੁ ਪ੍ਰਭ ਕਾਲੁ ਸੰਤਾਪੈ ॥ (ਸਾਰੰਗ ਮਹਲਾ ੧)

(੩) ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥
ਸਤਿਗੁਰ ਬਚਨਿ ਮੇਰੋ ਮਨੁ ਮਾਨਿਆ,
ਹਰਿ ਪਾਏ ਪ੍ਰਾਨ ਅਧਾਰਾ ॥ (ਸਾਰੰਗ ਮਹਲਾ ੧) ਆਦਿ ।

ਸ੍ਰੀ ਗੁਰੂ ਤੇਗ ਬਹਾਦੁਰ ਜੀ (ਨੌਵੇਂ ਪਾਤਸ਼ਾਹ) ਦੇ ਸ਼ਬਦ ਤਾਂ ਲਗ ਪਗ ਸਾਰੇ ਹੀ ਬਿਸ਼ਨ ਪੱਦਿਆਂ ਦੇ ਰੂਪ ਵਿਚ ਹਨ, ਜਿਵੇਂ—

(੧) ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗ ਬਸਤ ਹੈ,
ਯਾ ਤੇ ਥਿਰੁ ਨ ਰਹਾਈ ॥ ((ਗਉੜੀ ਮਹਲਾ ੯)

(੨) ਸਾਧੋ ! ਇਹੁ ਤਨੁ ਮਿਥਿਆ ਜਾਨੋ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ ॥
(ਰਾਗੁ ਬਸੰਤ, ਹਿੰਡੋਲ ਮਹਲਾ ੯) ਆਦਿ ।

ਮਾਤ੍ਰਿਕ ਛੰਦਾਂ ਤੋਂ ਪਿੱਛੋਂ ਫੇਰ ਵਾਰੀ ਆਉਂਦੀ ਹੈ ਵਰਣਿਕ ਛੰਦਾਂ ਦੀ । ਇਹ ਵਰਣਿਕ ਛੰਦ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪਹਿਲੇ ਪਹਿਲ ਵੈਦਕ ਸਮੇਂ ਵਿਚ ਰਿਗ ਵੇਦ ਦੇ ਮੰਤ੍ਰਾਂ ਰਾਹੀਂ ਗਾਇਤ੍ਰੀ, ਅਨੁਸ਼ਟੁਪ ਜਗਤੀ ਆਦਿ ਛੰਦਾਂ ਦਾ ਰੂਪ ਧਾਰ ਕੇ ਵਜੂਦ ਵਿਚ ਆਏ, ਪਰ ਪਿੱਛੋਂ ਭਾਖਾ ਤੇ ਪੰਜਾਬੀ ਵਿਚ ਇਨ੍ਹਾਂ ਰਾਹੀਂ ਕਬਿਤ, ਸਵੈਯਾ ਆਦਿ ਵਰਣਿਕ ਛੰਦਾਂ ਦਾ ਵਿਕਾਸ ਕਿਵੇਂ ਹੋਇਆ, ਇਹ ਕੁਝ ਹੈਰਾਨ ਕਰਨ ਵਾਲੀ ਗੱਲ ਹੈ, ਕਿਉਂਕਿ ਕਬਿੱਤ, ਘਨਾਛਰੀ ਜਾਂ ਮਨਹਰ, ਜਿਵੇਂ ਕਿ ਪਿੰਗਲ ਦੇ ਅਨੁਸਾਰ ਵਜ਼ਨ ਤੋਂ ਪਤਾ ਲੱਗਦਾ ਹੈ, ਹਮੇਸ਼ਾਂ ਚਾਰ ਚਰਣਾਂ ਦੇ ਹੁੰਦੇ ਹਨ ਤੇ ਹਰੇਕ ਚਰਣ ਵਿਚ ੩੧-੩੨ ਅੱਖਰ ਰੱਖਣ ਦਾ ਆਮ ਰਿਵਾਜ ਹੈ । ਪਹਿਲਾ ਵਿਸ਼੍ਰਾਮ ੮-੮ ਜਾਂ ੧੬ ਅੱਖਰਾਂ ਉੱਤੇ ਹੁੰਦਾ ਹੈ ਤੇ ਦੂਜਾ ਵਿਸ਼੍ਰਾਮ ੧੫ ਜਾਂ ੮-੮ ਅੱਖਰਾਂ ਦੇ ਕ੍ਰਮ ਮੁਜਬ ੧੬ ਅੱਖਰਾਂ ਪਰ । ਹੈਰਾਨੀ ਦੀ ਗੱਲ ਇਹ ਹੈ ਕਿ ਇਸ ਦਾ ਸੰਸਕ੍ਰਿਤ ਦੇ ਕਿਸੇ ਛੰਦ ਨਾਲ ਮੇਲ ਨਹੀਂ ਮਿਲਦਾ, ਫੇਰ ਇਹ ਉਸ ਦੇ ਕਿਸੇ ਛੰਦ ਦਾ ਵਿਗਸਿਆ ਰੂਪ ਕਿਵੇਂ ਮੰਨਿਆ ਜਾ ਸਕਦਾ ਹੈ । ਬਹੁਤੇ (ਘਣੇ) ਅਖਰਾਂ ਦਾ ਹੋਣ ਕਰਕੇ ਹਿੰਦੀ ਵਿਚ ਕਬਿੱਤ ਜਾਂ ਮਨਹਰ ਦਾ ਦੂਜਾ ਨਾਮ ਹੈ ਘਨਾਛਰੀ ਛੰਦ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕਬਿੱਤ ਦਾ ਇਕ ਉਦਾਹਰਣ ਇਹ ਹੈ :—

ਜਾ ਕਉ ਮੁਨਿ ਧਾਨੁ ਧਰੈ ਫਿਰਤ ਸਕਲ ਜੁਗ,
ਕਬਹੂਕ ਕੋਊ ਪਾਵੈ ਆਤਮ ਪ੍ਰਗਾਸ ਕੳਉ ॥
ਬੇਦ ਬਾਨੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ,
ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥
ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ,
ਜਟਾਜੂਟ ਭੇਖ ਕੀਏ ਫਿਰਤ ਉਦਾਸ ਕਉ ॥
ਸੁਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ,

ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥ (੪੬) ॥
(ਸਵੈਯੇ ਮਹਲੇ ੪ ਕੇ)

ਕਬਿੱਤ ਵਾਂਗੂ ਸਵੈਯਾ ਵੀ ਕਾਵੇਂ ਮਾਤ੍ਰਿਕ ਤੇ ਵਰਣਿਕ ਛੰਦ ਹੈ, ਪਰ ਇਸ ਵਿਚ ਕਈ ਵੇਰ 'ਗੁਣ' ਸ਼ਾਮਲ ਹੋਣ ਤੇ ਇਹ ਗਣਿਤ ਰੂਪ ਵੀ ਧਾਰਣ ਕਰ ਲੈਂਦਾ ਹੈ। ਵਰਣਿਕ ਸਵੈਯਾ 22, 23, 24 ਜਾਂ 25 ਵਰਣਾਂ ਅਥਵਾ ਅੱਖਰਾਂ ਦਾ ਹੁੰਦਾ ਹੈ। ਚਾਰ ਚਰਣ ਹੁੰਦੇ ਹਨ। ਅੰਤ ਵਿਚ ਦੋ ਗੁਰੂ ਜਾਂ ਲਘੂ ਗੁਰੂ ਅਥਵਾ ਗੁਰੂ ਲਘੂ ਰੱਖਣ ਦੀ ਮਰਯਾਦਾ ਹੈ। ਗਣਿਕ ਸਵੈਯੇ ਵਿਚ ਸੱਤ ਜਾਂ ਅੱਠ ਗੁਣ (ਸਗਣ, ਭਗਣ ਆਦਿ) ਹੁੰਦੇ ਹਨ ਤੇ ਅੰਤ ਦੋ ਗੁਰੂ (SS) ਜਾਂ ਲਘੂ ਗੁਰੂ (IS) ਰੱਖੇ ਜਾਂਦੇ ਹਨ। ਕੁਝ ਵਰਣਿਕ ਤੇ ਗਣਿਕ ਸਵੈਯਾਂ ਦੇ ਉਦਾਹਰਣ ਇਹ ਹਨ :—

(ੳ) ਦੁਮਲ ਸਵੈਯਾ : ਲੱਛਣ : ਚਾਰ ਚਰਣ ਪ੍ਰਤੀ ਚਰਣ ੮ ਸਗਣ IIS (੨੪ ਅੱਖਰ), ਉਦਾਹਰਣ :—

ਮਥੁਰਾ ਭਨਿ ਭਾਗ ਭਲੇ ਉਨ ਕੇ
ਮਨ ਇਛਿਤ ਹੀ ਫਲ ਪਾਵਤ ਹੈ ॥ (ਸਵੈਯੇ ਮਹਲੇ ੫ ਕੇ)

(ਅ) ਅਰਸਾਤ ਸਵੈਯਾ—ਲੱਛਣ : ਚਾਰ ਚਰਣ, ਪ੍ਰਤੀ ਚਰਣ ੭ ਭਗਣ SII (੨੨ ਅੱਖਰ) ਅੰਤ ਗੁਰੂ S, ਉਦਾਹਣ : —

ਅੰਤੁ ਨ ਪਾਵਤ ਦੇਵ ਸਬੈ
ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥ (ਸਵੈਯੇ ਮਹਲੇ ੫ ਕੇ)

(ੲ) ਸੁੰਦਰੀ ਸਵੈਯਾ :—ਲੱਛਣ : ਚਾਰ ਚਰਣ; ਪ੍ਰਤੀ ਚਰਣ, ੮ ਸਗਣ, ੨੫ ਅੱਖਰ), ਅੰਤ ਗੁਰੂ S; ਉਦਾਹਰਣ :—

ਜਬ ਲਉ ਨਹੀਂ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ਰ ਮੇ ਬੂਡਤ ਥੇ
ਕਬਹੂ ਮਿਟਿ ਹੈ ਨਹੀਂ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪੁਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ (ਸਵੈਯੇ ਮਹਲੇ ੫ ਕੇ)

ਗੁਰਬਾਣੀ ਸੰਗੀਤ ਰੂਪ ਹੋਣ ਕਰਕੇ ਇਸ ਵਿਚ ਮਾਤ੍ਰਾ ਜਾਂ ਅੱਖਰਾਂ ਦੀ ਪ੍ਰਧਾਨਤਾ ਨਹੀਂ ਸਗੋਂ ਧੁਨੀ ਤੇ ਸੁਰ ਦੀ ਪ੍ਰਧਾਨਤਾ ਹੈ, ਇਸ ਲਈ ਇਸ ਦੇ ਛੰਦ ਪ੍ਰਬੰਧ ਨੂੰ ਸਮਝਣ ਲਈ ਜੇ ਅਸੀਂ ਸੁਰ ਜਾਂ ਧੁਨੀ ਤੋਂ ਕੰਮ ਲਈਏ ਤਾਂ ਛੰਦ ਦੇ ਕ੍ਰਮ ਅਨੁਸਾਰ ਇਸ ਦੀਆਂ ਮਾਤ੍ਰਾ, ਗੁਣਾਂ ਜਾਂ ਵਰਣਾਂ (ਅੱਖਰਾਂ) ਦਾ ਸਹੀ ਹਿਸਾਬ ਸਾਨੂੰ ਸਹਿਜੇ ਹੀ ਸਮਝ ਵਿਚ ਆ ਸਕਦਾ ਹੈ, ਨਹੀਂ ਤਾਂ ਅਨੇਕ ਥਾਵੀਂ

ਭੁਲੇਖਾ ਪੈ ਜਾਣ ਦਾ ਡਰ ਹੈ, ਜਿਵੇਂ ਸਵੈਯੇ ਮਹਲਾ ੫ ਕੇ ਵਿਚੋਂ ਹੀ ਭੱਟਾਂ ਦੇ ਧਨੀ ਮੂਲਕ ਉਦਾਹਰਣ ਦਿੱਤੇ ਗਏ ਹਨ।

ਇਹ ਤਾਂ ਰਹੀ ਮਾਤ੍ਰਿਕ, ਵਰਣਿਕ ਜਾਂ ਗਣਿਕ ਛੰਦਾਂ ਦੀ ਵਿਚਾਰ ਤੇ ਹੁਣ ਅਸੀਂ ਏਥੇ ਗੁਰੂ ਸਾਹਿਬ ਦੀ ਅਨੰਤ ਤੁਕੀ ਜਾਂ Blank Verse ਬਾਣੀ ਵੱਲ ਆਉਂਦੇ ਹਾਂ। ਇਹ ਅਨੰਤ ਤੁਕੀ Blank Verse ਕਾਵਿ ਰਚਨਾ ਦਾ ਢੰਗ, ਜਿਵੇਂ ਕਿ ਰਾਜਸਥਾਨ ਦੀ ਨੀਸਾਣੀ ਸਿਰ ਖੁਲ੍ਹੀ ਜਾਂ ਪੰਜਾਬੀ ਦੇ ਦਸਮ ਗ੍ਰੰਥ ਵਿਚ ਆਏ ਸਿਰਖੰਡੀ ਛੰਦਾਂ ਤੋਂ ਪਤਾ ਲੱਗਦਾ ਹੈ, ਕੋਈ ਅਜੋਕੀ ਜਾਂ ਇਉਂ ਕਹੋ ਕਿ ਪੱਛਮੀ ਵਿਦਿਆ ਦੇ ਅਸਰ ਥੱਲੇ ਸਾਹਿਤ ਵਿਚ ਆਈ ਨਵੀਂ ਕਾਢ ਨਹੀਂ, ਸਗੋਂ ਏਦੂੰ ਢੇਰ ਚਿਰ ਪਹਿਲਾਂ ਸਿੱਖ ਗੁਰੂਆਂ ਦੇ ਸਮੇਂ ਵਿਚ ਵੀ ਇਹ ਰੀਤਿ ਪ੍ਰਚਲਿਤ ਸੀ, ਜਿਸ ਕਰਕੇ ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿਚੋਂ ਇਸ ਅਨੰਤ ਤੁਕੀ ਰਚਨਾ ਜਾਂ ਸੈਲਾਨੀ ਛੰਦ ਦੇ ਉੱਤਮ ਨਮੂਨੇ ਮਿਲਦੇ ਹਨ, ਜਿਵੇਂ ਕਿ ਉਦਾਹਰਣ ਹੈ :—

(ੳ) ਕੂੜੇ ਮਨੁ ਹਰਿ ਰੰਗੋ ਲੋੜੈ ॥
ਗਾਲੀ ਹਰਿ ਨੀਹੁ ਨ ਹੋਇ ॥ਰਹਾਉ॥
ਹਉ ਢੂਢੇਦੀ ਦਰਸਨ ਕਾਰਣਿ, ਬੀਥੀ ਬੀਥੀ ਪੇਖਾ ॥
ਗੁਰ ਮਿਲਿ ਭਰਮੁ ਗਵਾਇਆ ਹੇ ॥੧॥
ਇਹ ਬੁਧਿ ਪਾਈ ਮੈ ਸਾਧੂ ਕੰਨਹੁ
ਲੇਖੁ ਲਿਖਿਓ ਧੁਰਿ ਮਾਥੈ ॥
ਇਹ ਬਿਧਿ ਨਾਨਕਿ ਹਰਿ ਨੈਣ ਅਲੋਇ ॥੨॥੧॥੧੯॥ (ਟੋਡੀ ਮਹਲਾ ੫)

(ਅ) ਗਰਬਿ ਗਹਿਲੜੋ ਮੂੜੜੋ ਹੀਓ ਰੇ ॥
ਹੀਓ ਮਹਰਾਜ ਰੀ ਮਾਇਓ।
ਡੀਹਰ ਨਿਆਈ ਮੋਹਿ ਫਾਕਿਓ ਰੇ ॥੧॥ਰਹਾਉ॥ (ਟੋਡੀ ਮਹਲਾ ੫)

ਅਨੰਤ ਤੁਕੇ (ਸੈਲਾਨੀ) ਛੰਦ ਦੇ ਇਹ ਦੋ ਛੋਟੇ ਉਦਾਹਰਣ ਹਨ। ਇਸ ਤੋਂ ਵੱਡੇ ਅਨੰਤ ਤੁਕੇ ਛੰਦ ਦਾ ਤੀਜਾ ਉਦਾਹਰਣ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਅਧਿਆਤਮਕ ਰਚਨਾ 'ਜਪੁਜੀ' ਵਿਚੋਂ ਮਿਲਦਾ ਹੈ, ਜਿਵੇਂ :—

ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ।
ਨਦੀਆ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ।
ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲ ਧਨੁ।
ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿਚ ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਰਾਗ ਤੇ ਬਾਣੀ ਅਥਵਾ ਕਵਿਤਾ ਦੋਵੇਂ ਇਕ ਸੁਰ ਹੋਣ ਤੇ ਕਦਮ ਨਾਲ ਕਦਮ ਮੇਲ ਕੇ ਚਲਦੇ ਨਜ਼ਰ ਆਉਂਦੇ ਹਨ। ਪਹਿਲਾਂ ਇਕਹਿਰੇ ਰਾਗ (ਸ੍ਰੀ ਰਾਗ, ਮਾਝ ਆਦਿ); ਫੇਰ ਨਾਲੋ ਨਾਲ ਦੂਹਰੇ

ਜਾਂ ਸੰਜੁਕਤ ਰਾਗ (ਗਉੜੀ ਮਾਝ, ਗਉੜੀ ਚੇਤੀ, ਗਉੜੀ ਮਾਲਵਾ, ਆਸਾ ਕਾਫ਼ੀ ਆਦਿ) ਤੇ ਉਨ੍ਹਾਂ ਦੇ ਘਰ ੧ ਤੋਂ ੧੬ ਤਕ; ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਦੁਤੁਕੇ, ਤਿਤੁਕੇ ਆਦਿ ਸ਼ਬਦਾਂ ਦੇ ਪਦ ਤੇ ਤੁਕ-ਕ੍ਰਮ, ਰਸ ਦੇ ਸੰਚਾਰ ਲਈ ਵਣਜਾਰਾ (ਸਿਰੀ ਰਾਗ ਮਹਲਾ ੪), ਦਿਨ ਰੈਣਿ (ਮਾਝ ਮਹਲਾ ੧), ਕਰ ਹਲੇ (ਗਉੜੀ ਮਹਲਾ ੪), ਬਿਰਹੜੇ (ਆਸਾ ਮਹਲਾ ੫), ਘੋੜੀਆਂ (ਵਡਹੰਸ ਮਹਲਾ ੪), ਅਲਾਹਣੀਆਂ (ਵਡਹੰਸ ਮਹਲਾ ੧), ਆਰਤੀ (ਧਨਾਸਰੀ ਮਹਲਾ ੧), ਕੁਚਜੀ ਤੇ ਸੁਚਜੀ (ਰਾਗ ਸੂਹੀ ਮਹਲਾ ੧), ਅਨੰਦ (ਰਾਗ ਰਾਮਕਲੀ, ਮਹਲਾ ੩), ਸੱਦ (ਰਾਮਕਲੀ) ਆਦਿ। ਸਤਵਾਰੇ, ਪਖਵਾਰੇ, ਬਾਰਾ ਮਾਹੇ, ਬਾਵਨ, ਅੱਖਰੀਆਂ ਪੱਟੀ, ਛੱਕੇ, ਅਸ਼ਟਪਦੀ, ਸੋਹਿਲੇ ਤੇ ਸੋਲਹੇ ਛੰਤ ਆਦਿ ਸਿਰਲੇਖ ਜੋ ਗੁਰਬਾਣੀ ਵਿਚ ਆਏ ਹਨ, ਇਸ ਕਥਨ ਦੇ ਉੱਜਲ ਪ੍ਰਮਾਣ ਹਨ ਕਿ ਸ੍ਰੀ ਆਦਿ ਗ੍ਰੰਥ ਜੀ ਦੇ ਲੇਖਕ ਸਿੱਖ ਗੁਰੂਆਂ ਦੀ ਕਮਲ ਹੁਨਰੀ ਕਾਵਿ ਪ੍ਰਤਿਭਾ ਉਸ ਸਮੇਂ ਕਿਤਨੀ ਸਰਬ ਪੱਖੀ ਤੇ ਸਰਬ ਵਿਆਪਕ ਸੀ ਤੇ ਉਹ ਆਤਮਕ ਮੰਡਲਾਂ ਉੱਤੇ ਸਫਲਤਾ ਨਾਲ ਪਰਵਾਜ਼ ਕਰਕੇ ਕਿਨ੍ਹਾਂ ਅਛੋਹ ਸਿਖਰਾਂ ਦੀ ਛੁਹ ਪ੍ਰਾਪਤ ਕਰ ਰਹੀ ਸੀ। ਇਹ ਕੇਵਲ ਕਥਨੀ ਮਾਤ੍ਰ ਹੀ ਨਹੀਂ, ਸਗੋਂ ਗੁਰਬਾਣੀ ਵਿਚੋਂ ਇਸ ਦੀ ਪੁਸ਼ਟੀ ਲਈ ਕਿਤਨੇ ਹੀ ਅਮਲੀ ਪ੍ਰਮਾਣ ਵੀ ਮਿਲਦੇ ਹਨ, ਜਿਵੇਂ ਕਿ ਗੁਰੂ ਸਾਹਿਬ ਇਨ੍ਹਾਂ ਦੋਹਾ ਹੀ ਕੋਮਲ ਹੁਨਰਾਂ (ਕਾਵਿ ਕਲਾ ਤੇ ਸੰਗੀਤ ਕਲਾ) ਨੂੰ ਇਕੋ ਜੇਹਾ ਮਾਣ ਦੇ ਕੇ ਪਿਆਰਦੇ ਸਨ :—

(ੳ) ਗੁਰ ਕਾ ਸਬਦੁ ਰਤਨੁ ਹੈ,  
ਕਰਿ ਚਾਨਣੁ ਆਪਿ ਦਿਖਾਇਆ।  
ਆਪਣਾ ਆਪੁ ਪਛਾਣਿਆ,  
ਗੁਰਮਤੀ ਸਚਿ ਸਮਾਇਆ ॥ (ਵਾਰ ਮਲਾਰ ਮਹਲਾ ੧)

(ਅ) ਗੁਰ ਕਾ ਸਬਦ ਰਤੰਨੁ ਹੈ  
ਹੀਰੇ ਜਿਤੁ ਜੜਾਉ।  
ਸਬਦੁ ਰਤਨੁ ਜਿਤੁ ਮੰਨੁ ਲਾਗਾ,  
ਏਹੁ ਹੋਆ ਸਮਾਉ (ਰਾਮਕਲੀ ਮਹਲਾ ੩, ਅਨੰਦ)

(ੲ) ਰਾਗੁ ਨਾਦੁ ਸਭੁ ਸਚੁ ਹੈ,  
ਕੀਮਤਿ ਕਹੀ ਨ ਜਾਇ। (ਸਲੋਕ ਵਾਰਾਂ ਤੇ ਵਧੀਕ ਮਹਲਾ ੪)

(ਸ) ਛਾਤੀ ਸੀਤਲ ਮਨੁ ਸੁਖੀ,  
ਛੰਤ ਗੋਬਿੰਦ ਗੁਨ ਗਾਇ। (ਗਉੜੀ ਬਾਵਨ ਅਖਰੀ, ਮਹਲਾ ੫)

—0—

# ਸੁਖਮਨੀ-ਸਿਧਾਂਤ ਤੇ ਸੁਹਜ

ਸੰਤ ਸਿੰਘ ਸੇਖੋਂ

ਗੁਰੂ ਅਰਜਨ ਦੇਵ ਦੀ ਰਚਨਾ 'ਸੁਖਮਨੀ' ਇਕ ਪ੍ਰਸਿੱਧ ਤੇ ਮਹੱਤਵ ਪੂਰਣ ਕਾਵਿ ਹੈ। ਇਸ ਦੀ ਉਪਮਾ ਰੂਪ ਤੇ ਵਸਤੂ ਦੋਹਾਂ ਪੱਖਾਂ ਤੋਂ ਅਦੁਤੀ ਹੈ। ਮੁਖ ਰੂਪ ਇਸ ਦਾ ਚੌਪਈ ਛੰਦ ਵਿਚ ਅਸ਼ਟਪਦੀ ਹੈ, ਤੇ ਇਸ ਵਿਚ ਕੁਲ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਇਸ ਦੇ ਨਾਮ ਅਨੁਸਾਰ ਅੱਠ ਪਦੇ ਹਨ। ਤੇ ਹਰ ਪਦੇ ਵਿਚ ਚੌਪਈ ਤੋਲ ਦੀਆਂ ਦਸ ਤੁਕਾਂ। ਇਸ ਪ੍ਰਕਾਰ ਇਹ ਕੁਲ 1920 ਤੁਕਾਂ ਬਣਦੀਆਂ ਹਨ। ਇਨ੍ਹਾਂ ਤੋਂ ਉਪਰੰਤ ਪਹਿਲੀ ਅਸ਼ਟਪਦੀ ਦੇ ਪਹਿਲੇ ਪਦੇ ਤੋਂ ਪਿੱਛੋਂ ਇਕ ਦੋ ਤੁਕਾਂ ਦਾ ਰਹਾਉ ਆਇਆ ਹੈ, ਜਿਸ ਨਾਲ ਇਨ੍ਹਾਂ ਤੁਕਾਂ ਦੀ ਗਿਣਤੀ 1922 ਬਣ ਜਾਂਦੀ ਹੈ।

ਇਸ ਤੋਂ ਛੁਟ ਹਰ ਅਸ਼ਟਪਦੀ ਤੋਂ ਪਹਿਲਾਂ ਇਕ ਸਲੋਕ ਆਇਆ ਹੈ। ਸਾਧਾਰਣ ਸਲੋਕ ਦੋਹਿਰਾ ਰੂਪੀ ਹੈ, ਪਰ ਕਿਧਰੇ ਕਿਧਰੇ ਭਿੰਨਤਾ ਵੀ ਹੋ ਗਈ ਹੈ। ਪਹਿਲਾ ਸਲੋਕ ਹੀ ਦੋਹਿਰਾ ਰੂਪੀ ਨਹੀਂ। ਇਹ ਕੇਵਲ ਚਾਰ ਨਮਸਕਾਰ ਪਦਾਂ ਦਾ ਬਣਿਆ ਹੈ :—

ਆਦਿ ਗੁਰਏ ਨਮਹ।
ਜੁਗਾਦਿ ਗੁਰਏ ਨਮਹ।
ਸਤਿਗੁਰ ਏ ਨਮਹ।
ਸ੍ਰੀ ਗੁਰਦੇਵ ਏ ਨਮਹ ।।1।

ਇਨ੍ਹਾਂ ਵਿਚ ਮਾਤ੍ਰਾ ਤੋਲ 10, 11, 9 ਹੈ। ਸੱਤਵੀਂ ਅਸ਼ਟਪਦੀ ਦਾ ਮੁਢਲਾ ਸਲੋਕ ਵੀ ਦੋਹਿਰਾ ਰੂਪੀ ਨਹੀਂ, ਚੌਪਈ ਰੂਪੀ ਹੈ, ਜਿਸ ਦੀਆਂ ਚਾਰ ਤੁਕਾਂ ਹਨ। ਅੱਠਵੀਂ ਅਸ਼ਟਪਦੀ

ਦਾ ਮੁਢਲਾ ਸਲੋਕ ਤਿੰਨ ਤੁਕਾਂ ਦਾ ਹੈ ਤੇ ਇਸ ਵਿਚ ਤੁਕ ਦਾ ਤੋਲ ਥੋੜ੍ਹੀ ਭਿੰਨਤਾ ਨਾਲ ਚੌਪਈ ਦਾ ਹੈ, ਅਰਥਾਤ, ਪਹਿਲੀ ਤੁਕ 15 ਮਾਤ੍ਰਾ ਦੀ, ਦੂਜੀ 17 ਦੀ, ਤੇ ਤੀਜੀ 'ਨਾਨਕ' ਪਦ ਨੂੰ ਛੱਡ ਕੇ 15 ਮਾਤ੍ਰਾ ਦੀ।

ਨਾਵੀਂ ਅਸ਼ਟਪਦੀ ਦੇ ਮੁੱਢ ਵਿਚ ਵੀ ਸਲੋਕ ਦੀਆਂ ਚੌਪਈ ਤੋਲ ਦੀਆਂ ਚਾਰ ਤੁਕਾਂ ਹਨ।

ਸਤਾਰ੍ਹਵੀਂ ਪਦੀ ਦਾ ਮੁਢਲਾ ਸਲੋਕ ਕੇਵਲ ਜਪੁ ਦੇ ਮੁੱਢ ਵਿਚ ਆਇਆ ਮੰਤਰ ਹੈ:—

ਆਦਿ ਸਚੁ ਜੁਗਾਦਿ ਸਚੁ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥

ਇਨ੍ਹਾਂ ਪੰਜਾਂ ਸਲੋਕਾਂ ਤੋਂ ਉਪਰੰਤ ਬਾਕੀ 19 ਸਲੋਕ ਦੋਹਿਰਾ ਰੂਪੀ ਹਨ ਤੇ ਇਨ੍ਹਾਂ ਦਾ ਤੋਲ ਨਿਰੰਤਰ 13-11 ਮਾਤ੍ਰਾ ਦਾ ਹੈ, ਇਥੋਂ ਤਕ ਕਿ 'ਨਾਨਕ' ਪਦ ਵੀ ਇਸ ਮਾਤ੍ਰਾ ਤੋਲ ਵਿਚ ਹੀ ਜੁੜਿਆ ਹੋਇਆ ਹੈ।

ਦੋਹਿਰਾ ਰੂਪ ਦਾ ਸਮੁੱਚਾ ਸੁਭਾਵ ਹੀ ਸਿਮਰਣ ਕਰਵਾਉਣ ਵਾਲਾ, ਮਧੁਰ ਬੋਲ ਤੇ ਮਧਮ ਚਾਲ ਹੈ। ਅਸ਼ਟਪਦੀਆਂ ਦਾ ਚੌਪਈ ਤੋਲ ਇਸ ਤੋਂ ਤਿਖੇਰਾ ਹੈ, ਪਰ ਇਕ ਤਾਂ ਇਸ ਤੋਲ ਵਿਚ ਮਾਤ੍ਰਾ ਭੇਦ ਇਤਨਾ ਬਾਰ ਬਾਰ ਆਇਆ ਹੈ, ਕਿ ਅਟਕਾ ਪੈ ਕੇ ਚਾਲ ਮੱਧਮ ਪੈ ਜਾਂਦੀ ਹੈ। ਜਿਵੇਂ ਮੰਤਰ ਦੀ ਸੰਗੀਤਕ ਲੈ ਵਿਚ ਚਲ ਰਹੀ ਜੀਭ ਤੇ ਧਿਆਨ ਨੂੰ ਮਾਤ੍ਰਾ ਦੀ ਭਿੰਨਤਾ ਨਾਲ ਅਟਕਾ ਕੇ, ਇਸ ਨੂੰ ਕੁਝ ਵਿਚਾਰ ਕਰਨ ਲਈ ਆਖਿਆ ਗਿਆ ਹੋਵੇ। ਪਹਿਲੀ ਅਸ਼ਟਪਦੀ ਦੇ ਤੀਜੇ ਪਦੇ ਵਿਚ ਇਹ ਇਨ੍ਹਾਂ ਤੁਕਾਂ ਨਾਲ ਹੁੰਦਾ ਹੈ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥

ਇਥੇ ਪਹਿਲੀ ਤੁਕ ਵਿਚ 'ਨਾਉ' ਤੇ ਦੂਜੀ ਵਿਚ 'ਤਤੁ' ਤੋਲ ਤੋਂ ਵਧ ਹਨ। ਜਾਂ ਚੌਥੇ ਪਦੇ ਵਿਚ :—

ਪ੍ਰਭ ਕੈ ਸਿਮਰਨਿ ਨਾਹੀਂ ਜਮ ਤ੍ਰਾਸਾ।...
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।

ਜਿਨ੍ਹਾਂ ਵਿਚ 'ਹੀ' ਤੇ 'ਕੀ' ਵੱਧ ਹਨ। ਪੰਜਵੇਂ ਪਦੇ ਦੀਆਂ ਤੁਕਾਂ :—

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ।
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ।
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ।
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ।

... ...

ਸਿਮਰਨਿ ਤੇ ਲਾਗੇ ਜਿਨ ਆਪਿ ਦਇਆਲਾ।

ਵਿਚ ਕ੍ਰਮਵਾਰ 'ਸੇ', 'ਸੇ', 'ਸਿ', 'ਸਿ' ਤੇ 'ਆਪਿ' ਤੋਲ ਤੋਂ ਵੱਧ ਹਨ।

ਇਸੇ ਤਰ੍ਹਾਂ ਅਗਲੇ ਪਦੇ ਵਿਚ ਪਹਿਲੀਆਂ ਸਤ ਤੁਕਾਂ ਵਿਚ 'ਸੇ' ਜਾ 'ਤਿੰਨ' ਸ਼ਬਦ ਤੋਲ ਤੋਂ ਵਧੇਰੇ ਆਇਆ ਹੈ।

ਸੱਤਵੇਂ ਪਦੇ ਵਿਚ ਸੱਤਵੀਂ ਤੁਕ ਤੋਂ ਭਿੰਨਤਾ ਹੋਣੀ ਆਰੰਭ ਹੁੰਦੀ ਹੈ।

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।
ਸੁਖੁ ਪ੍ਰਭ ਸਿਮਰਨ ਕਾ ਅੰਤੁ ਨਾ ਪਾਰ।
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਾਇਆ।

ਤੇ ਅੱਠਵੇਂ ਪਦੇ ਵਿਚ ਇਹ ਵਿਭਿੰਨਤਾ ਹੈ :—

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ।
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ।

... ...

ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ।

ਪਿਛਲੀ ਤੁਕ ਵਿਚ 'ਨਾਨਕ' ਪਦ ਤੋਲ ਤੋਂ ਬਾਹਰ ਹੈ। ਤੇ ਪਹਿਲੀਆਂ ਦੋ ਤੁਕਾਂ ਵਿਚ ਦੋ ਦੋ ਮਾਤ੍ਰਾ ਵਧ ਹਨ।

ਜਿਵੇਂ ਅੱਗੇ ਵੀ ਕਈ ਵਾਰੀ ਗੁਰਬਾਣੀ ਦੇ ਤੋਲ ਦੀ ਆਲੋਚਨਾ ਵਿਚ ਮੈਂ ਆਖਿਆ ਹੈ, ਇਹ ਵਿਭਿੰਨਤਾ ਕਿਸੇ ਕਚਿਆਈ ਦੀ ਸੂਚਕ ਨਹੀਂ, ਸਗੋਂ ਪੂਰੇ ਮਾਤ੍ਰਾ ਤੋਲ ਦੀ ਥਕਾਵੀਂ ਇਕਸੁਰਤਾ ਨੂੰ ਹਟਾਣ ਲਈ ਜਾਣ ਬੁਝ ਕੇ ਪਾਈ ਗਈ ਵੰਨਗੀ ਹੈ।

ਇਨ੍ਹਾਂ ਧਿਆਨ-ਰੋਕ ਅਟਕਾਂ ਤੋਂ ਛੁਟ ਅਸ਼ਟਪਦੀਆਂ ਦਾ ਚੌਪਈ ਤੋਲ ਅਤਿ ਸੰਗੀਤ-ਮਈ ਤੇ ਸਿਮਰਨ ਦੀ ਧੁਨੀ ਬੰਨ੍ਹਣ ਵਾਲੀ ਹੈ। ਇਸ ਸੰਗੀਤ ਦੀ ਸਿਮਰਨ-ਧੁਨੀ ਨੂੰ ਹੋਰ ਤਕੜਾ ਕਰਨ ਲਈ ਤੇ ਵਿਸ਼ੇ ਦੀ ਲੋੜ ਅਨੁਸਾਰ ਵੀ, ਪਦ ਦੀ ਦੁਹਰਾਈ ਬਹੁਤ ਵਧੇਰੇ ਹੈ। ਕਈ ਅਸ਼ਟਪਦੀਆਂ ਵਿਚ ਤਾਂ ਤੁਕ ਨਿਰੰਤਰ ਇਕ ਵਿਸ਼ੇਸ਼ ਪਦ ਨਾਲ ਅਰੰਭ ਹੁੰਦੀ ਹੈ, ਜਿਵੇਂ ਸੱਤਵੀਂ ਅਸ਼ਟਪਦੀ 'ਸਾਧ' ਸ਼ਬਦ ਨਾਲ, ਛੇਵੀਂ ਅਸ਼ਟਪਦੀ ਦੇ ਪਹਿਲੇ ਸੱਤ ਪਦਿਆਂ ਦੀਆਂ ਬਹੁਤੀਆਂ ਤੁਕਾਂ 'ਜਿਹ ਪ੍ਰਸਾਦਿ' ਨਾਲ, ਅੱਠਵੀਂ ਅਸ਼ਟਪਦੀ ਦੀਆਂ ਅੱਧੀਆਂ ਤੋਂ ਵੱਧ ਤੁਕਾਂ 'ਬ੍ਰਹਮ ਗਿਆਨੀ' ਸ਼ਬਦ ਨਾਲ, ਦਸਵੀਂ ਦੀਆਂ ਤਕਰੀਬਨ ਸਾਰੀਆਂ ਤੁਕਾਂ 'ਕਈ ਕੋਟ' ਉਕਤੀ ਨਾਲ, ਤੇਰ੍ਹਵੀਂ ਅਸ਼ਟਪਦੀ ਦੀਆਂ ਤੁਕਾਂ 'ਸੰਤ ਕੇ' ਆਦਿ ਨਾਲ, ਇਕਵੀਂ ਅਸ਼ਟਪਦੀ ਵਿਚ ਬਹੁਤੀਆਂ ਤੁਕਾਂ 'ਜਬ' 'ਤਬ' 'ਜਹ' ਆਦਿ, ਸ਼ਬਦਾਂ ਨਾਲ। ਇਸੇ ਤਰ੍ਹਾਂ ਹੋਰਨਾਂ ਅਸ਼ਟਪਦੀਆਂ ਵਿਚ ਉਕਤੀਆਂ ਦੀ ਦੁਹਰਾਈ ਘਣੀ ਹੈ ਸਮੁਚਾ ਪ੍ਰਭਾਵ ਅਤਿ ਸੰਗੀਤਮਈ ਹੈ।

ਇਸ ਦੁਹਰਾਣ ਨਾਲ ਤੇ ਇਸ ਤੋਂ ਉਪਰੰਤ ਜੋ ਅਨੁਪ੍ਰਾਸ ਹੈ, ਉਹ ਬੜਾ ਸੁਭਾਵਕ ਹੈ,

ਕਿਸੇ ਸੁਹਜਮਈ ਵਿਉਂਤ ਦਾ ਪਰਿਣਾਮ ਨਹੀਂ, ਤੇ ਇਸ ਕਾਰਣ ਇਸ ਦਾ ਪ੍ਰਭਾਵ ਵਧੇਰੇ ਸੁਹਾਣਾ ਹੈ, ਕਦੀ ਕੰਨ ਨੂੰ ਓਪਰਾ ਜਾਂ ਅਕਾਵਾਂ ਨਹੀਂ ਪ੍ਰਤੀਤ ਹੁੰਦਾ।

ਕਦੀ ਵਾਰੀ ਇਹ ਪੁਨਰੋਕਤੀ ਤੇ ਅਨੁਪ੍ਰਾਸ ਤੁਕਾਂਤ ਮੇਲ ਤੋਂ ਵੀ ਬੇਪ੍ਰਵਾਹ ਹੋ ਜਾਂਦਾ ਹੈ, ਜਿਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦਾ ਰਸ ਉਤਪੰਨ ਹੁੰਦਾ ਹੈ, ਜਿਵੇਂ : —

ਮਿਥਿਆ ਸ੍ਰਵਨ ਪਰਨਿੰਦਾ ਸੁਨਹਿ।
ਮਿਥਿਆ ਹਸਤ ਪਰਦਰਬ ਕਉ ਹਿਰਹਿ।4।5।
ਕਈ ਕੋਟਿ ਪਵਣ ਪਾਣੀ ਬੈਸੰਤਰ।
ਕਈ ਕੋਟਿ ਦੇਸ ਭੂ ਮੰਡਲ।3।10।
ਕਈ ਕੋਟਿ ਰਾਜਸ ਤਾਮਸ ਸਾਤਕ।
ਕਈ ਕੋਟਿ ਬੇਦ ਪੁਰਾਣ ਸਿਮ੍ਰਿਤਿ ਅਰੁ ਸਾਸਤ।4।10।
ਸਤਿ ਸਤਿ ਸਤਿ ਪ੍ਰਭੁ ਸੁਆਮੀ।
ਗੁਰਪ੍ਰਸਾਦਿ ਕਿਨੈ ਵਖਿਆਨੀ।8।2।
ਸੰਤ ਕਾ ਦੋਖੀ ਅਧਬੀਚ ਤੇ ਟੂਟੈ।
ਸੰਤ ਕਾ ਦੋਖੀ ਕਿਤੈ ਕਾਜਿ ਨਾ ਪਹੂਚੈ।5।13।
ਨਾਮ ਕੇ ਧਾਰ ਸਗਲੇ ਜੰਤ।
ਨਾਮ ਕੇ ਧਾਰ ਖੰਡ ਬ੍ਰਹਿਮੰਡ।5।6।
ਸਬਦੁ ਸਤਿ ਸਤਿ ਪ੍ਰਭੁ ਬਕਤਾ।
ਸੁਰਤਿ ਸਤਿ ਸਤਿ ਜਸੁ ਸੁਨਤਾ।1।7।
ਬਿਸਮਨ ਬਿਸਮ ਰਹੇ ਬਿਸਮਾਦ।
ਨਾਨਕ ਅਪਨੀ ਗਤਿ ਜਾਨਹੁ ਆਪਿ।5।2।
ਆਪਹਿ ਕਉਤਕ ਕਰੈ ਅਨਦ ਚੋਜ।
ਆਪਹਿ ਰਸ ਭੋਗਨ ਨਿਰਜੋਗ।8।21।
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ।2।23।

(2)

'ਸੁਖਮਨੀ' ਦੇ ਵਸਤੂ ਦਾ ਆਰੰਭ ਸਿਮਰਨ ਦੀ ਵਡਿਆਈ ਨਾਲ ਹੁੰਦਾ ਹੈ। ਸਿਮਰਨ ਕਿਸ ਨੂੰ ਹੈ, ਇਸ ਬਾਰੇ ਕੋਈ ਭੁਲੇਖੇ ਦੀ ਗੁੰਜਾਇਸ਼ ਨਹੀਂ ਵੇਖੀ ਗਈ। ਤਾਂ ਵੀ ਪਹਿਲੇ ਪਦ ਹਨ, 'ਆਦਿ ਗੁਰ' ਤੇ 'ਜੁਗਾਦਿ ਗੁਰਿ'। ਸਪਸ਼ਟ ਹੈ ਇਨ੍ਹਾਂ ਪਦਾ ਦਾ ਅਰਥ ਗੁਰੂ ਨਾਨਕ ਜਾਂ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। 'ਗੁਰੂ' ਦੇ ਅਰਥ ਹਨ, ਵਡਾ, ਭਾਰਾ, ਮਹਾਨ, ਅਰਥਾਤ ਨਮਸਕਾਰ ਹੈ। ਮਹੱਤਮ ਤੱਤ, ਪਰਮ ਤੱਤ, ਨੂੰ ਤੇ ਉਸ ਤੋਂ ਪਿੱਛੋਂ 'ਸਤਿਗੁਰੂ' ਤੇ

'ਗੁਰਦੇਵ' ਨੂੰ ਜੋ ਗੁਰੂ ਅਰਜਨ ਲਈ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਪਿਛਲੇ ਤਿੰਨ ਗੁਰੂ ਵਿਅਕਤੀ ਹੋ ਸਕਦੇ ਹਨ।

ਪਰ ਇਸ ਆਦਿ ਗੁਰੂ ਅਥਵਾ ਸਿਮਰਨ ਯੋਗ ਤੱਤ ਬਾਰੇ ਵਿਆਖਿਆ ਅਸ਼ਟਪਦੀ ਵਿਚ ਹੋਣ ਲੱਗ ਪਈ ਹੈ। 'ਸਿਮਰਉ' ਜਾਸੁ ਬਿਸੰਭਰੁ ਏਕੈ, ਅਰਥਾਤ ਜੋ ਇਕ ਜਾਂ ਇਕ ਭਾਵ ਇਸ ਵਿਸ਼ਵ ਨੂੰ ਭਰ ਰਿਹਾ ਹੈ, ਇਸ ਵਿਸ਼ਵ ਵਿਚ ਵਿਆਪ ਰਹਿਆ ਹੈ ।।1।।

ਇਸ ਤੋਂ ਪਿਛੋਂ ਇਸ ਬਿਸੰਭਰ ਨੂੰ 'ਪ੍ਰਭ' ਆਖਿਆ ਜਾਣ ਲਗ ਪਿਆ ਹੈ, ਪ੍ਰਭ ਦੇ ਅਰਥ ਸਪਸ਼ਟ ਹਨ, ਜੋ ਹੋਂਦ ਦਾ ਪ੍ਰਥਮ ਉੱਤਮ ਤੱਤ ਹੈ, ਅਰਥ 'ਗੁਰੂ' ਦੇ ਤੁਲ ਹੀ ਹਨ, ਪਰ ਇਸ ਤੋਂ ਅੱਗੇ ਚਲ ਕੇ ਚਿੰਤਨ ਦੇ ਇਤਿਹਾਸ ਵਿਚ ਇਸ ਸ਼ਬਦ ਦੇ ਅਰਥ, ਈਸ਼ਵਰ ਆਦਿ ਹੋ ਜਾਂਦੇ ਹਨ। ਪਹਿਲੀ ਅਸ਼ਟਪਦੀ ਦੇ ਦੂਜੇ ਤੋਂ ਸੱਤਵੇਂ ਪਦੇ ਤਕ ਇਸ ਪਰਮ ਤੱਤ ਲਈ 'ਪ੍ਰਭੁ' ਸ਼ਬਦ ਹੀ ਵਰਤਿਆ ਗਿਆ ਹੈ, ਤੇ ਅੱਠਵੇਂ ਪਦੇ ਵਿਚ 'ਹਰਿ'।

ਇਨ੍ਹਾਂ ਪਦਿਆਂ ਵਿਚ ਪ੍ਰਭ ਦੇ ਸਿਮਰਨ ਦੀ ਵਡਿਆਈ ਦੱਸੀ ਗਈ ਹੈ। ਇਸ ਵਿਚ ਇਸ ਸੰਸਾਰ ਪ੍ਰਪੰਚ ਦੇ ਜੋ ਕਲੇਸ਼ ਹਨ, ਉਹ ਸਿਮਰਨ ਨਾਲ ਦੂਰ ਹੁੰਦੇ ਦੱਸੇ ਗਏ ਹਨ, ਤੇ ਜੋ ਸਭ ਹਨ ਉਹ ਪ੍ਰਾਪਤ ਹੁੰਦੇ ਹਨ। ਸਭ ਤੋਂ ਪਹਿਲਾਂ ਜਿਸ ਕਲੇਸ਼ ਦਾ ਕਥਨ ਕੀਤਾ ਹੈ, ਉਹ ਗਰਭ ਵਿਚ ਵਾਸ ਅਥਵਾ ਜਨਮ ਲੈਣ ਦੀ ਘਟਨਾ ਹੈ। ਭਾਰਤੀ ਮਤ ਮਤਾਂਤਰ ਵਿਚ ਮਨੁੱਖ ਦਾ ਸਭ ਤੋਂ ਵਡਾ ਕਲੇਸ਼ ਉਸ ਦਾ ਜਨਮ ਧਾਰਨਾ ਹੀ ਹੈ, ਅਰਥਾਤ ਇਸ ਜੀਵਨ ਵਿਚ ਪ੍ਰਵੇਸ਼ ਹੀ ਸਭ ਤੋਂ ਵਡਾ ਕਲੇਸ਼ ਹੈ। ਪਰ ਮਨੁਖ ਜਨਮ ਆਪਣੀ ਇੱਛਾ ਨਾਲ ਨਹੀਂ ਧਾਰਦਾ, ਇਹ ਉਸ ਦਾ ਆਦੀ ਭਾਗ ਹੈ, ਜਾਂ ਸ਼ਾਇਦ ਅਨਾਦੀ। ਇਹ ਇਕ ਅਜਿਹੀ ਧਾਰਣਾ ਹੈ ਜਿਸ ਨੂੰ ਆਤਮਿਕ ਮਤੀ ਸਭ ਲੋਕ ਮੰਨਦੇ ਹਨ। ਪਛਮੀ ਮਤਾਂ ਵਿਚ ਇਹ ਇਕ ਦੰਡ ਹੈ ਜੋ ਆਦਮ ਅਥਵਾ ਮਨੁੱਖ ਨੂੰ ਇਕ ਕਲਪਿਤ ਦੋਸ਼ ਲਈ ਦਿੱਤਾ ਗਿਆ/ਅਦਨ (ਸਵਰਗ) ਦੇ ਬਾਗ ਵਿਚ ਕਣਕ ਦਾ ਦਾਣਾ ਅਥਵਾ ਸੇਬ ਖਾ ਲੈਣ ਕਰਕੇ। ਭਾਰਤੀ ਮਤਾਂ ਵਿਚ ਇਹ ਜੀਵਨ ਇਸ ਪ੍ਰਕਾਰ ਕਿਸੇ ਦੋਸ਼ ਦਾ ਦੰਡ ਰੂਪ ਨਹੀਂ, ਪਰਮਤੱਤ ਦੀ ਲੀਲਾ ਦਾ ਇਕ ਤੱਥ ਹੈ। ਉਸ ਨੇ ਆਪਣੀ ਲੀਲਾ ਅਥਵਾ ਚੋਜ ਅਧੀਨ ਸੰਸਾਰ ਦੀ ਰਚਨਾ ਕੀਤੀ ਤੇ ਇਸ ਵਿਚ ਮਨੁੱਖ ਦੀ ਵੀ। ਪਰ ਭਾਵੇਂ ਇਹ ਜਨਮ ਕਿਸੇ ਅਨਾਦੀ ਆਦਿ ਵਿਚ ਦੋਸ਼ ਰਹਿਤ ਪਰਮਤੱਤ ਦੇ ਚੋਜ ਰੂਪ ਵਿਚ ਹੀ ਹੋਇਆ, ਮਨੁੱਖ ਲਈ ਅਤਿ ਕਲੇਸ਼ਮਈ ਸਿੱਧ ਹੋਇਆ। ਸੰਸਾਰਿਕ ਪੱਧਰ ਉੱਤੇ ਪ੍ਰਤੀਕ ਰੂਪ ਇਉਂ ਆਖਿਆ ਜਾ ਸਕਦਾ ਹੈ ਕਿ ਜੀਵਾਤਮਾ ਉਸੇ ਤਰ੍ਹਾਂ ਪਰਮਾਤਮਾ ਦੀ ਲੀਲ੍ਹਾ ਦੀ ਉਪਜਾਤ ਹੈ, ਜਿਵੇਂ ਸੰਤਾਨ ਇਸਤ੍ਰੀ ਪੁਰਸ਼ ਦੀ ਪ੍ਰੀਤ ਲੀਲ੍ਹਾ ਦੀ। ਤੇ ਆਤਮਾ ਤੇ ਅਨਾਤਮਾ ਅਥਵਾ ਪੁਰਸ਼ ਤੇ ਪ੍ਰਕ੍ਰਿਤੀ ਪਰਮ ਤੱਤ ਦੇ ਲੀਲਾ ਰੂਪ ਸੰਸਾਰ ਵਿਚ ਮਾਪਿਆਂ ਦੇ ਘਰ ਪੈਦਾ ਹੋਏ ਪੁੱਤਰ ਤੇ ਉਸ ਦੀ ਵਹੁਟੀ ਤੇ ਸਮਾਂਤਰ ਰੂਪ ਹਨ। ਹੋਰ ਅੱਗੇ ਚਲ ਕੇ ਜਿਵੇਂ ਮਾਪੇ ਇਹ ਨਹੀਂ ਪਸੰਦ ਕਰਦੇ ਕਿ ਪੁੱਤਰ ਆਪਣੀ ਵਹੁਟੀ ਨਾਲ ਹੋਰ ਸਭ ਕੁਝ ਭੁਲ ਭੁਲਾ ਕੇ ਪ੍ਰੀਤ ਵਿਚ ਲੀਨ ਹੋ ਜਾਵੇ, ਇਸੇ ਤਰ੍ਹਾਂ ਪ੍ਰਮਤੱਤ ਨੂੰ ਵੀ ਪੁਰਸ਼ ਦੀ ਪ੍ਰਕ੍ਰਿਤੀ

ਵਿਚ ਅਧਿਕ ਵਿਲੀਨਤਾ ਪਸੰਦ ਨਹੀਂ। ਮਨੁੱਖ ਜੀਵਨ ਦੇ ਕਲੇਸ਼ ਪੁਰਸ਼ ਦੀ ਪ੍ਰਕ੍ਰਿਤੀ ਵਿਚ ਅਧਿਕ ਵਿਲੀਨਤਾ ਤੋਂ ਉਪਜਦੇ ਸਮਝਣੇ ਚਾਹੀਦੇ ਹਨ।

ਇਸ ਸਮਾਂਤਰ ਵਿਚ ਇਕ ਕਚਿਆਈ ਹੈ। ਮਾਤਪਿਤਾ ਦਾ ਆਪਣੀ ਸੰਤਾਨ ਉੱਤੇ ਨਿਯੰਤ੍ਰਣ ਉਤਨਾ ਨਹੀਂ ਹੋ ਸਕਦਾ ਜਿਤਨਾ ਪਰਮਾਤਮਾ ਦਾ ਆਤਮਾ ਉੱਤੇ। ਪਰਮਾਤਮਾ ਤਾਂ ਸਰਵਸ਼ਕਤੀਮਾਨ ਸਮਝਿਆ ਜਾਂਦਾ ਹੈ। ਉਸ ਦੀ ਸਰਵ ਸ਼ਕਤੀਮਾਨਤਾ ਦੇ ਵਿਰੁਧ ਜੀਵ ਪ੍ਰਕ੍ਰਿਤੀ ਵਿਚ ਅਧਿਕ ਰੂਪ ਵਿਲੀਨ ਕਿਉਂ ਹੋ ਜਾਂਦਾ ਹੈ? ਇਸ ਦਾ ਉੱਤਰ, ਤਰਕ ਅਨੁਸਾਰ, ਇਹ ਹੀ ਹੈ ਕਿ ਆਤਮਾ ਨੂੰ ਆਪਣੇ ਨਾਲੋਂ ਵੱਖ ਕਰਕੇ ਪਰਮਾਤਮਾ ਉਸ ਨੂੰ ਇਕ ਪ੍ਰਕਾਰ ਦੀ ਸੁਤੰਤਰਤਾ ਪ੍ਰਦਾਨ ਕਰ ਦੇਂਦਾ ਹੈ, ਤੇ ਫਿਰ ਆਪਣੀ ਸੰਤਾਨ ਦੇ ਸੁਤੰਤਰ ਜੀਵਨ ਦਾ ਇਕ ਸੁਹਿਰਦ ਦਰਸ਼ਕ ਬਣਿਆ ਰਹਿੰਦਾ ਹੈ, ਤੇ ਦੰਡ ਤਕ ਨੌਬਤ ਕੇਵਲ ਤਦ ਉਪਜਦੀ ਹੈ ਜਦੋਂ ਮਨੁੱਖ ਬਹੁਤਾ ਹੀ ਅਸੁਭ ਵਿਚ ਪੈ ਜਾਂਦਾ ਹੈ।

ਪਰ ਸੰਸਾਰਿਕ ਜੀਵਨ ਦੀਆਂ ਉਸੇ ਸਮੇਂ ਦੀਆਂ ਕਚਿਆਈਆਂ ਤੇ ਉਨ੍ਹਾਂ ਤੋਂ ਉਤਪੰਨ ਹੁੰਦੇ ਕਲੇਸ਼ਾਂ ਤੋਂ ਅਧਿਕ ਪ੍ਰਭਾਵਿਤ ਹੋ ਕੇ ਪੱਛਮ ਤੇ ਪੂਰਬ ਦੋਹਾਂ ਵਿਚ ਚਿੰਤਕਾਂ ਨੇ ਸੰਸਾਰ ਨੂੰ ਨਿਰੋਲ ਹੀ ਕਲੇਸ਼ ਦਾ ਘਰ ਸਮਝ ਲਿਆ, ਪ੍ਰਕ੍ਰਿਤੀ ਨੂੰ, ਮਿਥਿਆ ਜਾਂ ਭੁਲੇਖਾ ਤੇ ਮਨੁੱਖ ਦਾ ਇਸ ਵਿਚ ਜਨਮ ਲੈਣਾ ਇਕ ਆਵਸ਼ਕ ਅਸੁਭ। ਇਸ ਆਵਸ਼ਕ ਅਸੁਭ ਤੋਂ ਛੁਟਕਾਰਾ ਪੂਰਬ ਵਿਚ ਧਾਰਮਿਕ ਕਰਮ ਅਥਵਾ ਭਗਤੀ, ਆਦਿ ਰਾਹੀਂ, ਜਨਮ ਮਰਨ ਦੇ ਗੇੜ ਵਿਚੋਂ ਨਿਕਲਣ ਨਾਲ ਤੇ ਪਛਮ ਵਿਚ ਈਸਾ ਮਸੀਹ ਜਾਂ ਹਜ਼ਰਤ ਮੁਹੰਮਦ ਦੇ ਅਨੁਯਾਈ ਬਣ ਕੇ ਸੁਭ ਕੰਮ ਕਰਨ ਨਾਲ ਇਸ ਜੀਵਨ ਤੋਂ ਸਦੀਵੀ ਸੁਖ ਰੂਪੀ ਸਵਰਗ ਵਿਚ ਵਾਸ ਰੂਪ ਵਿਚ ਵੇਖਿਆ ਗਇਆ।

ਜਨਮ ਮਰਨ ਦੇ ਗੇੜ ਵਿਚੋਂ ਨਿਕਲਣ ਨੂੰ ਵੇਦਾਂਤ ਤੇ ਬੁਧ ਧਰਮ ਵਾਕਰ, ਕੁਝ ਭੇਦਾਂ ਨਾਲ, ਸਿੱਖ ਮਤ ਨੇ ਵੀ ਮੁੱਖ ਉਦੇਸ਼ ਮੰਨ ਲਇਆ। ਸੋ ਇਸ ਮੁੱਖ ਉਦੇਸ਼ ਦੇ ਅਧੀਨ ਹੀ ਗੁਰੂ ਅਰਜਨ ਦੇਵ ਨੇ ਸਿਮਰਨ ਤੋਂ ਇਸ ਕਲੇਸ਼ ਦੀ ਨਵਿਰਤੀ ਨੂੰ ਪਹਿਲਾ ਫਲ-ਰੂਪ ਵਰਣਨ ਕੀਤਾ ਹੈ।

ਇਸੇ ਚਿੰਤਨ ਦਾ ਇਕ ਉਪ-ਸਿਧਾਂਤ ਮਨੁੱਖ ਦੇ ਇਸ ਜੀਵਨ ਵਿਚ ਬੁਰੇ ਕੰਮ ਕਰਨ ਤੋਂ ਦੰਡ ਮਿਲਣ ਦਾ ਹੈ। ਇਸ ਦੰਡ ਲਈ ਪੱਛਮੀ ਮੱਤਾਂ ਅਨੁਸਾਰ ਇਕ ਨਰਕ ਦਾ ਸੰਸਾਰ ਬਣਿਆ ਹੋਇਆ ਹੈ ਜਿਥੇ ਮਨੁੱਖ ਆਤਮਾ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ ਜਾਂਦੇ ਹਨ। ਭਾਰਤੀ ਮਤਾਂ ਅਨੁਸਾਰ ਇਹ ਦੰਡ ਦੋ ਰੂਪਾਂ ਵਿਚ ਮਿਲਦਾ ਹੈ। ਭੈੜੇ ਕੰਮਾਂ ਕਾਰਣ ਮਨੁੱਖ ਆਤਮਾ ਨਰਕ ਦੇ ਕਸ਼ਟ ਤਾਂ ਭੋਗਦਾ ਹੀ ਹੈ। ਇਸ ਤੋਂ ਉਪਰੰਤ ਉਸ ਨੂੰ ਮੁੜ ਮੁੜ ਇਸ ਸੰਸਾਰ ਵਿਚ ਵਖ ਵਖ ਜੂਨਾਂ (ਚੌਰਾਸੀ ਲੱਖ) ਵਿਚ ਜੰਮਣਾ ਮਰਨਾ ਪੈਂਦਾ ਹੈ, ਤਾਂ ਕਿਤੇ ਫਿਰ ਦੂਜੀ ਵਾਰ ਮਨੁੱਖ ਜਨਮ ਮਿਲਦਾ ਹੈ ਜਿਸ ਵਿਚ ਉਸ ਨੂੰ ਫਿਰ ਸੁਭ ਕਰਮਾਂ, ਆਦਿ, ਨਾਲ ਜਨਮ-ਮਰਨ ਦੇ ਗੇੜ ਵਿਚੋਂ ਨਿਕਲ ਕੇ, ਮੁਕਤ ਰੂਪ ਹੋ ਕੇ ਪਰਮਾਤਮਾ ਵਿਚ ਮਿਲ ਜਾਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਇਸ ਵਿਸ਼ਵਾਸ ਅਧੀਨ ਗੁਰੂ ਅਰਜਨ ਦੇਵ ਅਨੁਸਾਰ ਦੂਜਾ ਵੱਡਾ ਕਲੇਸ਼ ਮਰਨ ਤੋਂ

ਪਿਛੋਂ ਜਮਰਾਜ ਪਾਸੋਂ ਦੰਡ ਦੀ ਸੰਭਾਵਨਾ ਹੈ। ਸਿਮਰਨ ਨਾਲ ਇਹ ਕਲੇਸ਼ ਵੀ ਮੁਕ ਜਾਂਦਾ ਹੈ। ਇਸ ਤੋਂ ਸੁਭਾਵਕ ਹੀ ਕਾਲ (ਮੌਤ) ਦਾ ਭੈ ਵੀ ਹਟ ਜਾਂਦਾ ਹੈ। ਇਸ ਤੋਂ ਅੱਗੇ ਸਾਮਾਨ ਰੂਪ ਵਿਚ ਵਿਘਨ, ਭਉ, ਦੁਖ ਆਦਿ ਤੋਂ ਛੁਟਕਾਰਾ ਕਥਨ ਕੀਤਾ ਹੈ।

ਪਰ ਗੁਰਮਤ ਅਨੁਸਾਰ ਇਹ ਸਿਮਰਨ ਇਕੱਲੇ ਮਨੁੱਖ ਦਾ ਪ੍ਰਯਤਨ ਨਹੀਂ, ਇਹ ਸਾਧ ਸੰਗਤ ਵਿਚ ਪ੍ਰਾਪਤ ਹੁੰਦਾ ਹੈ।2।1।

ਅਗਲੇ ਪਦਿਆਂ ਵਿਚ ਸਿਮਰਨ ਦੇ ਮਹਾਤਮ ਨੂੰ ਇਸੇ ਭਾਵ ਵਿਚ ਵਿਭਿੰਨ ਪ੍ਰਤੀਕਾਂ, ਬਿੰਬਾਂ ਤੇ ਉਕਤੀਆਂ ਰਾਹੀਂ ਵਰਣਨ ਕੀਤਾ ਹੈ। ਜਿਵੇਂ, ਇਸ ਦੇ ਨਾਲ ਰਿਧਾਂ ਸਿਧਾਂ, ਨੌ ਨਿਧਾਂ, ਗਿਆਨ, ਧਿਆਨ, ਤੱਤ ਦੀ ਸੂਝ, ਪ੍ਰਾਪਤ ਹੋ ਜਾਂਦੀਆਂ ਹਨ। ਇਹ ਹੀ ਸਭ ਪ੍ਰਕਾਰ ਦਾ ਜਪ, ਤਪ, ਪੂਜਾ ਹੈ। ਇਸ ਨਾਲ ਦੂਜਾ ਭਾਵ, ਕਿਸੇ ਹੋਰ ਦੀ ਝਾਕ, ਖਤਮ ਹੋ ਜਾਂਦੀ ਹੈ। ਤੀਰਥ ਅਸ਼ਨਾਨ ਦਾ ਮਹਾਤਮ, ਪਰਮੇਸ਼ਵਰ ਤੇ ਸਨਮੁਖ ਮਾਨ, ਤੇ ਹੋਰ ਸ਼ੁਭ ਫਲ ਮਿਲਦੇ ਹਨ।

ਪਰ ਸਿਮਰਦਾ ਉਹ ਹੈ ਜਿਸ ਨੂੰ ਪ੍ਰਭ ਆਪ ਇਕ ਅਵਸਰ ਜਾਂ ਉਦਮ ਦੇਵੇ।3।1। ਇਹ ਪ੍ਰਭੂ ਦੀ ਨਦਰ ਦਾ ਸਿਧਾਂਤ ਹੈ।

ਹੋਰ ਇਸ ਤੋਂ ਪ੍ਰਾਪਤੀਆਂ ਹਨ, ਸਰਵੋਤਮਤਾ, ਭਟਕਣਾ ਤੋਂ ਛੁਟਕਾਰਾ, ਤ੍ਰਿਸ਼ਨਾ ਦੀ ਤ੍ਰਿਪਤੀ, ਸਭ ਕੁਝ ਦੀ ਸੋਝੀ, ਜਮ ਦੇ ਤ੍ਰਾਸ ਦਾ ਹਟਣਾ, ਆਸਾ ਪੂਰਤੀ, ਮਨ ਦੀ ਨਿਰਮਲਤਾ, ਅੰਮ੍ਰਿਤ ਰਸ। ਸਾਧ ਦੀ ਰਸਨਾ ਵਿਚ ਪ੍ਰਭੂ ਦਾ ਆਪਣਾ ਵਾਸ ਦੱਸਿਆ ਹੈ।4।1।

ਪ੍ਰਭੂ ਦੇ ਸਿਮਰਨ ਨਾਲ ਮਨੁੱਖ ਨੂੰ ਧਨ, ਪਤ, ਪ੍ਰਵਾਨਤਾ, ਪ੍ਰਧਾਨਤਾ, ਬੇ-ਮੁਹਤਾਜੀ, ਸਭ ਉੱਤੇ ਰਾਜ ਅਧਿਕਾਰ, ਸੁਖ ਦਾ ਵਾਸ, ਅਵਿਨਾਸ਼ਤਾ, ਪ੍ਰਾਪਤ ਹੁੰਦੇ ਹਨ। ਸਿਮਰਨ ਵਿਚ ਲਗਦੇ ਉਹ ਹਨ ਜਿਨ੍ਹਾਂ ਉੱਤੇ ਪ੍ਰਭੂ ਆਪ ਦਇਆਲ ਹੁੰਦਾ ਹੈ।5।1।

ਪ੍ਰਭੂ ਨੂੰ ਸਿਮਰਨ ਵਾਲੇ ਪਰਉਪਕਾਰੀ, ਬਲਿਹਾਰ ਜਾਣ ਜੋਗ, ਸੁਰਖਰੂ, ਸੁਖੀ, ਆਤਮਜੀਤ ਨਿਰਮਲ ਰੀਤ, ਘਣ ਆਨੰਦ ਵਿਚ, ਹਰਿ ਦੇ ਨਿਕਟੀ ਬਣ ਜਾਂਦੇ ਹਨ। ਸਿਮਰਨ ਪੂਰੇ ਭਾਗ ਤੇ ਸੰਤ ਦੀ ਕ੍ਰਿਪਾ ਨਾਲ ਮਿਲਦਾ ਹੈ।6।1।

ਸਿਮਰਨ ਨਾਲ ਸਭੇ ਕਾਰਜ ਪੂਰੇ ਹੁੰਦੇ ਹਨ, ਕੋਈ ਝੁਰੇਵਾਂ ਨਹੀਂ ਰਹਿੰਦਾ, ਹਰਿ ਗੁਣ ਗਾਣ ਦਾ ਸੁਭਾਵ, ਸਹਜ ਸਮਾਨ ਨਿਹਚਲ ਮਨੋਵਸਥਾ, ਕਮਲ ਜੇਹਾ ਵਿਗਾਸ, ਅਨਹਦ ਝੁਨਕਾਰ ਪ੍ਰਾਪਤ ਹੋ ਜਾਂਦੇ ਹਨ। ਸਿਮਰਦੇ ਉਹ ਹਨ ਜਿਨ੍ਹਾਂ ਉੱਤੇ ਪ੍ਰਭੂ ਦਇਆਵਨ ਹੋ ਜਾਂਦਾ ਹੈ। 7। 1।

ਹਰਿ ਦੇ ਸਿਮਰਨ ਨਾਲ ਭਗਤ ਪ੍ਰਗਟ ਹੋਏ, ਵੇਦ ਰਚੇ ਗਏ, ਸਿਧ, ਜਤੀ, ਦਾਤੇ ਬਣੇ, ਨੀਚ-ਜਨਮਾਂ ਨੂੰ ਜਗਤ ਪ੍ਰਤਿਸ਼ਠਾ ਮਿਲੀ। ਹਰਿ ਦੇ ਸਿਮਰਨ ਨਾਲ ਹੀ ਇਹ ਧਰਤੀ ਖੜ੍ਹੀ ਹੈ। ਸਭ ਕਾਰਜ ਹੁੰਦੇ ਹਨ। ਸਾਰੇ ਸਰੀਰ ਉਤਪੰਨ ਹੁੰਦੇ ਹਨ। ਇਹ ਸਿਮਰਨ ਹੀ ਨਿਰੰਕਾਰ ਪਰਮੇਸ਼ਵਰ ਦਾ ਰੂਪ ਹੈ। ਫਿਰ, ਸਿਮਰਦਾ ਉਹ ਹੀ ਹੈ ਜਿਸ ਨੂੰ ਪ੍ਰਭੂ ਆਪ ਇਹ ਸੁਧ ਦੇਵੇ। 8। 1।

ਇਸ ਸਭ ਕਥਨ ਰਟਨ ਦਾ ਵਿਵਿਹਾਰਿਕ ਭਾਵ ਕੀ ਹੈ ? ਹਰਿ ਸਿਮਰਨ ਨਾਲ ਸੱਚ ਹੀ ਇਹ ਸਭ ਕਝ ਸਾਕਾਰ ਰੂਪ ਵਿਚ ਪ੍ਰਾਪਤ ਹੋ ਜਾਂਦਾ ਹੈ, ਜਾਂ ਇਹ ਉਸ ਸ੍ਰਿਸ਼ਟ-ਜੀਵਨ ਦਾ ਹੀ ਜੋ ਹਰਿ ਸਿਮਰਨ ਨਾਲ ਬਣਦਾ ਹੈ, ਇਕ ਕਾਵਿਮਈ ਵਰਣਨ ਹੈ ? ਸਿਧ ਹੈ ਇਹ ਇਕ ਕਾਵਿ ਕਥਨ ਹੈ ।

ਦੂਜੀ ਅਸ਼ਟਪਦੀ ਵਿਚ ਹਰਿ ਦੇ ਨਾਮ ਅਥਵਾ ਪ੍ਰਭੂ ਸਿਮਰਨ ਦੀ ਵਡਿਆਈ ਹੋਰ ਉਕਤੀ ਢੰਗਾਂ ਨਾਲ ਵਰਣਨ ਕੀਤੀ ਹੈ ।

ਹਰਿ ਦਾ ਨਾਮ ਆਤਮਾ ਦਾ ਉਥੇ ਸਹਾਈ ਹੁੰਦਾ ਹੈ ਜਿੱਥੇ ਮਾਪੇ, ਸੰਤਾਨ, ਮਿਤਰ, ਬੰਧੁ ਕੁਝ ਨਹੀਂ ਕਰ ਸਕਦੇ, ਅਰਥਾਤ ਮੌਤ ਤੋਂ ਪਿਛੋਂ ਜਿੱਥੇ ਮਹਾ ਭਿਆਨਕ ਜਮ ਦੇ ਦੰਡ ਦਾ ਡਰ ਹੁੰਦਾ ਹੈ । ਅਜੀ ਭਾਰੀ ਮੁਸ਼ਕਲਾਂ, ਹਰਿ ਦਾ ਨਾਮ ਤੁਰੰਤ ਹੀ ਦੂਰ ਕਰ ਦੇਂਦਾ ਹੈ । ਧਾਰਮਿਕ ਰਹੁਰੀਤ ਜਿਥੇ ਅਸਫਲ ਰਹਿ ਜਾਂਦੀ ਹੈ, ਉਥੇ ਹਰਿ ਦਾ ਨਾਮ ਪਾਪਾਂ ਦਾ ਨਾਸ ਕਰ ਦੇਂਦਾ ਹੈ । ਇਹ ਨਾਮ ਜਪਿਆ ਗੁਰੂ ਦੀ ਬਾਣੀ ਨਾਲ ਜਾਂਦਾ ਹੈ ।।2।

ਸੁਖ ਸਾਰੇ ਸੰਸਾਰ ਦੇ ਰਾਜ ਅਧਿਕਾਰ ਵਿਚ ਨਹੀਂ, ਹਰਿ ਨਾਮ ਜਪਣ ਵਿਚ ਹੈ । ਲੱਖਾ ਕਰੋੜਾਂ, ਅਨੰਤ ਮਾਇਆ ਨਾਲ ਜਿਹੜੀ ਤ੍ਰਿਸ਼ਨਾ ਨਹੀਂ ਬੁਝਦੀ, ਹਰਿ ਦੇ ਨਾਮ ਜਪ ਨਾਲ ਉਸ ਦੀ ਤ੍ਰਿਪਤੀ ਹੋ ਜਾਂਦੀ ਹੈ । ਮੌਤ ਦੇ ਰਾਹ ਉੱਤੇ ਜਿਥੇ ਆਤਮਾ ਇੱਕਲਾ ਰਹਿ ਜਾਂਦਾ ਹੈ, ਹਰਿ ਦਾ ਨਾਮ ਉਸ ਦਾ ਸੰਗੀ ਹੈ । ਗੁਰੂ ਦੀ ਬਾਣੀ ਇਹ ਹਰਿ ਨਾਮ ਹੈ । 2 । 2 ।

ਲਖਾਂ ਕਰੋੜਾਂ ਬਾਹਾਂ ਅਰਥਾਤ ਸਹਾਇਕਾਂ ਨਾਲ ਜੋ ਛੁਟਕਾਰਾ ਨਹੀਂ ਹੁੰਦਾ, ਨਾਮ ਜਪਣ ਨਾਲ ਹੋ ਜਾਂਦਾ ਹੈ । ਅਨੇਕ ਵਿਘਨ ਹਰਿ ਦਾ ਨਾਮ ਤਤਕਾਲ ਦੂਰ ਕਰ ਦਿੰਦਾ ਹੈ । ਜਨਮ ਮਰਨ ਦੇ ਗੇੜ ਵਿਚੋਂ ਕੱਢ ਲੈਂਦਾ ਹੈ, ਹਉਮੈ ਉਤੋਂ ਪਾਪ ਦੀ ਮੈਲ ਲਾਹ ਦੇਂਦਾ ਹੈ । ਅਜੇਹਾ ਨਾਮ ਸਾਧੂ ਦੀ ਸੰਗਤ ਤੋਂ ਮਿਲਦਾ ਹੈ ।3।2।

ਮੌਤ ਦੇ ਹਨ੍ਹੇਰੇ ਪੈਂਡੇ ਵਿਚ ਹਰਿ ਦਾ ਨਾਮ ਉਜਾਲਾ ਕਰਦਾ ਹੈ, ਉਸ ਰਾਹ ਵਿਚ, ਜਿਥੇ ਜੀਵ ਦੀ ਹੋਰ ਕੋਈ ਜਾਣ ਪਛਾਣ ਨਹੀਂ ਹੁੰਦੀ, ਹਰਿ ਕਾ ਨਾਮ ਹੁੰਦਾ ਹੈ; ਜਿਥੇ ਮਹਾ ਭਇਆਨਕ ਗਰਮੀ ਹੁੰਦੀ ਹੈ । ਉਥੇ ਹਰਿ ਨਾਂ ਦਾ ਨਾਮ ਛਾਉਂ ਦੇਂਦਾ ਹੈ, ਜਿਥੇ ਤ੍ਰਿਖਾ ਮਨ ਨੂੰ ਖਿਚਦੀ ਹੈ, ਉਥੇ ਹਰਿ ਦਾ ਨਾਮ ਅੰਮ੍ਰਿਤ ਦੀ ਵਰਖਾ ਕਰਦਾ ਹੈ ।4।।

ਨਾਮ ਭਗਤਾਂ ਦੀ ਨਿੱਤ ਵਰਤੋਂ ਦੀ ਵਸਤ ਹੈ । ਸੰਤਾਂ ਦੇ ਮਨ ਦੀ ਟੇਕ ਹੈ । ਦੀਨ ਮਨੁੱਖ ਦਾ ਆਸਰਾ ਤੇ ਕਰੋੜਾਂ ਲੋਕਾਂ ਦਾ ਉਧਾਰ ਹੈ । ਸੰਤ ਦਿਨ ਰਾਤ ਨਾਮ ਜਪਦੇ ਹਨ, ਸਾਧੂ ਇਹ ਔਖਧ ਬਣਾਂਦੇ ਰਹਿੰਦੇ ਹਨ, ਇਤਿਆਦਿ ।5।2।

ਹਰਿ ਨਾਮ ਦਾ ਜਾਪ ਮੁਕਤੀ ਦਾ ਯੋਗ, ਤ੍ਰਿਪਤੀ ਤੇ ਭੁਗਤੀ ਹੈ, ਇਸ ਨਾਲ ਸੋਭਾ ਤੇ ਵਡਿਆਈ ਮਿਲਦੀ ਹੈ, ਇਤਿਆਦਿ ।

ਹਰਿ ਨਾਮ ਇਸ ਦੇ ਜਪਣ ਵਾਲਿਆਂ ਦਾ ਮਾਲ ਖਜ਼ਾਨਾ ਹੈ, ਹਰਿ ਦੇ ਭਗਤ ਇਸ ਰਸ ਵਿਚ ਰੱਤੇ, ਅੱਠੇ ਪਹਿਰ ਜਪਦੇ ਹਨ, ਆਦਿ । 7 । 1 ।

ਹਰਿ ਦਾ ਨਾਮ ਕਲਪ ਬਿਰਛ, ਕਾਮਧੇਨ ਗਊ, ਸਭ ਕਾਮਨਾ ਪੂਰੀਆਂ ਕਰਨ ਵਾਲਾ ਹੈ, ਇਤਿਆਦਿ। ਕੋਈ ਕੋਈ ਹੀ ਇਸ ਨੂੰ ਗੁਰਬਾਣੀ ਰਾਹੀਂ ਪ੍ਰਾਪਤ ਕਰਦਾ ਹੈ। 8। 2।

ਸਾਰੇ ਸ਼ਾਸਤਰ ਸਿਮਰਤੀਆਂ ਖੋਜੇ ਹਨ, ਹਰਿ ਦੇ ਅਮੋਲਕ ਨਾਮ ਨੂੰ ਕੋਈ ਨਹੀਂ ਪੁਜਦਾ ਸਲੋਕ। 3।

ਜਪ, ਤਪ, ਗਿਆਨ, ਧਿਆਨ, ਛੇ ਸ਼ਾਸਤਰ ਤੇ ਸਿਮਰਿਤੀਆਂ ਦਾ ਪਾਠ, ਜੋਗ ਅਭਿਆਸ, ਵਣਵਾਸ, ਪੁੰਨ ਦਾਨ, ਹੋਮ, ਵਰਤ, ਨੇਮ ਸਭਨਾਂ ਨੂੰ ਨਾਮ ਦੇ ਤੁਲ ਨਾ ਆਉਂਦੇ ਦਸਿਆ ਹੈ। 1। 3।

ਹੋਰ ਸੰਸਾਰ ਰਟਨ, ਉਦਾਸੀਆਂ, ਤਪਸਿਆ, ਸੰਪਤੀ ਦਾਨ, ਜੋਗ ਆਸਣ, ਜੈਨ ਮਾਰਗ, ਸਰੀਰ ਨੂੰ ਕਸ਼ਟ ਦੇਣੇ, ਕੁਝ ਵੀ ਹਰਿ ਨਾਮ ਦੇ ਬਰਾਬਰ ਨਹੀਂ। 2। 3।

ਤੀਰਥ ਉੱਤੇ ਮਰਨਾ, ਬਹੁਤ ਪ੍ਰਕਾਰ ਦੀ ਸਾਧਨਾ, ਅਸ਼ਨਾਨ ਤੇ ਹੋਰ ਸੁਚ ਕਰਮ ਸਭ ਤੋਂ ਹਰਿ ਨਾਮ ਦੀ ਮਹਿਮਾ ਉੱਚੀ ਹੈ। 3। 3।

ਸਿਆਣਪ, ਯਤਨ, ਭੇਖ, ਉਪਾਇ, ਗੋਬਿੰਦ ਭਜਨ ਬਿਨ ਕੁਝ ਮੁਲ ਨਹੀਂ ਰਖਦੇ।4।3।

ਜੇ ਕੋਈ ਚਾਰ ਪਦਾਰਥ, ਦੁਖ ਦੀ ਨਿਵਿਰਤੀ, ਸ਼ੋਭਾ, ਮੁਕਤੀ, ਆਦਿ ਚਾਹੁੰਦਾ ਹੈ ਤਾਂ ਸਾਧ ਸਰਨ ਜਾ ਕੇ ਹਰਿ ਨਾਮ ਜਪੇ। 5। 3।

ਜੋ ਸਾਧ ਸੰਗਤ ਵਿਚ ਅਭਿਮਾਨ ਤਿਆਗ ਦੇਂਦਾ ਹੈ, ਆਪਣੇ ਆਪ ਨੂੰ ਨੀਚ ਸਮਝਦਾ ਹੈ, ਨਿਮਰਤਾ ਭਾਵ ਗ੍ਰਹਿਣ ਕਰਦਾ ਹੈ, ਮਨ ਤੋਂ ਬੁਰਾ ਮਿਟਾ ਕੇ ਸਭ ਨੂੰ ਸਜਣ ਸਮਝਦਾ ਹੈ, ਸੁਖ ਦੁਖ ਨੂੰ ਇਕ ਕਰਕੇ ਵੇਖਦਾ ਹੈ, ਉਹ ਪ੍ਰਧਾਨ ਪੁਰਖ, ਸਭ ਤੋਂ ਉੱਚਾ, ਪਾਪ ਪੁੰਨ ਤੋਂ ਨਿਰਲੇਪ ਹੋ ਜਾਂਦਾ ਹੈ। 6। 3।

ਹਰਿ ਨਾਮ ਨਿਰਧਨ ਦਾ ਧਨ, ਨਿਥਾਵੇਂ ਦਾ ਥਾਉਂ, ਨਿਮਾਣੇ ਦਾ ਮਾਨ ਹੈ। ਪ੍ਰਭੂ ਕਰਣ ਕਰਾਣ ਜੋਗ, ਸਭ ਦਾ ਦਾਤਾ, ਅੰਤਰਜਾਮੀ ਹੈ। ਉਸ ਨੂੰ ਉਹ ਆਪ ਹੀ ਜਾਣ ਸਕਦਾ ਹੈ, ਹੋਰ ਕੋਈ ਨਹੀਂ। 7। 3।

ਹਰਿ ਨਾਮ ਜਪਣਾ ਸ੍ਰੇਸ਼ਟਤਮ ਧਰਮ, ਨਿਰਮਲ ਕਰਮ, ਸਰਵੋਤਮ ਕਿਰਿਆ, ਸਭ ਤੋਂ ਭਲਾ ਉਦਮ ਅੰਮ੍ਰਿਤ ਬਾਣੀ, ਸਰਵੋਤਮ ਸਥਾਨ ਹੈ। 8। 3।

ਚੌਥੀ ਅਸ਼ਟਪਦੀ ਵਿਚ ਇਸ ਸੰਸਾਰ ਦੇ ਸਭ ਪਦਾਰਥ, ਸੁਖ ਭੋਗ, ਦੇਣ ਵਾਲਾ ਪ੍ਰਭੂ ਨੂੰ ਦੱਸਿਆ ਹੈ, ਤੇ ਮਨੁੱਖ ਨੂੰ ਜੋ ਉਸ ਨੂੰ ਧਿਆਂਦਾ ਨਹੀਂ ਤ੍ਰਿਸਕਾਰਿਆ ਹੈ।

ਇਸ ਪ੍ਰਕਰਣ ਵਿਚ ਕਈ ਪ੍ਰਕਾਰ ਦੀਆਂ ਕਾਵਿ ਮਈ ਉਕਤੀਆਂ ਯੁਕਤੀਆਂ ਵਰਤੀਆਂ ਹਨ ਜਿਵੇਂ :—

**ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ।...**
**ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ।...**

ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ।
ਤਿਸਹਿ ਤਿਆਗਿ ਅਵਰ ਸੰਗਿ ਰਚਨਾ । 2 । 4 ।
ਤਿਹ ਸਿਉ ਪ੍ਰੀਤਿ ਨਾ ਕਰੈ ਗਵਾਰੁ ।...
ਤਾ ਸਿਉ ਮੂੜਾ ਮਨੁ ਨਹੀ ਲਾਵੈ ।...
ਤਾ ਕਉ ਅੰਧਾ ਜਾਨਤ ਦੂਰੇ ।...
ਤਿਸਹਿ ਬਿਸਾਰ ਮੁਗਧੁ ਅਜਾਨੁ । 3 । 4 ।
ਰਤਨੁ ਤਿਆਗਿ ਕਉਡੀ ਸੰਗਿ ਰਚੈ ।...
ਚੰਦਨ ਲੇਪੁ ਉਤਾਰੈ ਧੋਇ ।
ਗਰਧਬ ਪ੍ਰੀਤਿ ਭਸਮ ਸੰਗਿ ਹੋਇ । 4 । 4 ।
ਕਰਤੂਤਿ ਪਸੂ ਕੀ ਮਾਨਸ ਜਾਤਿ ।
ਬਾਹਰਿ ਭੇਖ ਅੰਤਰਿ ਮਲੁ ਮਾਇਆ । 5 । 4 ।
ਸੁਨਿ ਅੰਧਾ ਕੈਸੇ ਮਾਰਗੁ ਪਾਵੈ ।...
ਕਹਾ ਬੁਝਾਰਤਿ ਬੂਝੈ ਡੋਰਾ ।
ਕਹਾ ਬਿਸਨਪਦ ਗਾਵੈ ਗੁੰਗ ।...
ਕਹ ਪਿੰਗੁਲ ਪਰਬਤ ਪਰਭਵਨ । 6 । 4 ।

ਇਸੇ ਪ੍ਰਕਾਰ ਮਨੁੱਖ ਨੂੰ ਤਾੜਨਾ ਕੀਤੀ ਹੈ ਕਿ ਉਹ ਸੰਗ ਸਹਾਈ ਪ੍ਰਭੂ ਨੂੰ ਚਿਤ ਨਹੀਂ ਰਖਦਾ, ਵੈਰੀ (ਸੰਸਾਰ) ਨਾਲ ਪ੍ਰੀਤ ਕਰਦਾ ਹੈ। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ ਲੋਭ ਤੇ ਧੋਹ, ਦੇ ਅਧੀਨ ਉਸ ਦੇ ਕਈ ਜਨਮ ਵਿਹਾ ਗਏ ਹਨ, ਹੁਣ ਉਸ ਨੂੰ ਪ੍ਰਭੂ ਆਪਣੀ ਦਇਆ ਨਾਲ ਰਖ ਲਵੇ । 7 । 4 ।

ਗੁਰੂ ਅਰਜਨ ਦੇਵ ਨੇ ਪ੍ਰਭੂ ਨੂੰ ਮਾਤ ਪਿਤਾ ਕਹਿਣ ਦਾ ਬਿੰਬ ਬਹੁਤ ਵਰਤਿਆ ਹੈ। ਗੁਰੂ ਨਾਨਕ ਦੇਵ ਜਾਂ ਪਹਿਲੇ ਹੋਰ ਗੁਰੂ ਵਿਅਕਤੀਆਂ ਨੇ ਬਹੁਤ ਘੱਟ। ਇਥੇ ਠਾਕੁਰ ਨੂੰ ਅਰਦਾਸ ਕਰਦੇ ਆਖਿਆ ਹੈ ਕਿ ਉਹ ਮਾਤ ਪਿਤਾ ਤੇ ਅਸੀਂ ਜੀਵ ਉਸ ਦੇ ਬਾਲਕ ਹਾਂ। 8 । 4 ।

ਇਸ ਪ੍ਰਤੀਕ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਗੁਰੂ ਅਰਜਨ ਦੇਵ, ਗੁਰੂ ਰਾਮਦਾਸ ਦੇ ਪੁੱਤਰ ਸਨ, ਤੇ ਗੁਰੂ ਪਿਤਾ ਦੀ ਮੂਰਤ ਉਨ੍ਹਾਂ ਅੱਗੇ ਸਥਿਰ ਰਹਿੰਦੀ ਸੀ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਸ ਪ੍ਰਤੀਕ ਦੀ ਵਰਤੋਂ ਹੋਰ ਵੀ ਥਾਂ ਥਾਂ ਮਿਲਦੀ ਹੈ, ਜਿਵੇਂ...

ਤੂ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ।..
ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ।

ਪੰਜਵੀਂ ਅਸ਼ਟਪਦੀ ਦਾ ਵਿਸ਼ਾ ਮਨੁੱਖ ਦਾ ਮਾਇਆ ਵਿਚ ਲੀਨ ਹੋ ਕੇ ਪ੍ਰਭੂ ਨੂੰ ਭੁੱਲ ਜਾਣਾ ਤੇ ਉਸ ਦਾ ਕਿਰਤਘਣ ਨਾ ਹੋਣਾ ਵਰਣਨ ਕੀਤਾ ਹੈ। ਇਹ ਦਸ ਵਸਤਾਂ ਲੈ ਕੇ ਭੁੱਲ ਜਾਂਦਾ ਹੈ ਤੇ ਇਕ ਵਸਤ ਲਈ ਆਪਣੀ ਨਿਮਰਤਾ ਗੁਆ ਲੈਂਦਾ ਹੈ। 1 । 5 ।

ਜੇ ਉਹ ਸ਼ਾਹ ਆਪਣੀ ਅਮਾਨਤ ਮੋੜ ਲੈਂਦਾ ਹੈ ਤਾਂ ਅਗਿਆਨੀ ਮਨ ਰੋਸ ਕਰਦਾ ਹੈ। 2। 5।

ਇਸ ਮਾਇਆ ਦੇ ਅਨੇਕ ਪ੍ਰਕਾਰ ਦੇ ਹੇਤ ਅਤੇ ਨਾਸ ਹੋ ਜਾਣ ਵਾਲੇ ਹਨ। ਪਰ ਅੰਨ੍ਹਾਂ ਇਨ੍ਹਾਂ ਨਾਲ ਲਿਪਟਿਆ ਹੋਇਆ ਹੈ। 3। 5।

ਤਨ, ਧਨ, ਕੁਟੰਬ, ਹਉਮੈ ਮਮਤਾ, ਰਾਸ, ਜੋਬਨ ਕਾਮ, ਕਰੋਧ, ਮੋਹ, ਅਭਿਮਾਨ, ਰਥ, ਹਾਥੀ, ਘੋੜੇ ਤੇ ਹੋਰ ਸੰਪਤੀ ਸਭ ਮਿਥਿਆ ਹਨ। 4। 5।

ਪਰ ਨਿੰਦਾ ਸੁਣਨ ਵਾਲੇ ਕੰਨ, ਪਰਾਇਆ ਦਰਬ ਹਰਨ ਵਾਲੇ ਹੱਥ, ਪੋਰ ਤ੍ਰਿਆ ਰੂਪ ਆਦਿ ਵੇਖਣ ਵਾਲੇ ਨੇਤਰ, ਜੀਭ ਦੇ ਸੁਆਦ, ਪੈਰ ਜੋ ਪਰਾਏ ਥਾਂ ਵਿਕਾਸ ਲਈ ਜਾਂਦੇ ਹਨ, ਮਨ ਜੋ ਪਰਾਈ ਵਸਤ ਦਾ ਲੋਭ ਕਰਦਾ ਹੈ, ਤਨ ਜੋ ਪਰਉਪਕਾਰ ਨਹੀਂ ਕਰਦਾ, ਸਭ ਮਿਥਿਆ ਹਨ। 5। 5।

ਸਾਕਤ, ਨਾਸਤਿਕ, ਨਾ ਮੰਨਣ ਸਿਮਰਨ ਵਾਲੇ ਦੀ ਸਾਰੀ ਆਯੂ ਹੀ ਮਿਥਿਆ ਹੈ। ਉਸ ਦਾ ਸਭ ਕੁਝ ਵਿਅਰਥ ਵਿਹਾ ਜਾਂਦਾ ਹੈ।

ਮੇਘ ਬਿਨਾਂ ਜਿਉਂ ਖੇਤੀ ਜਾਇ। 6। 5।

ਮਨੁੱਖ ਧਰਮ ਕਰਮ ਕੁਝ ਧਾਰਦਾ ਹੈ ਤੇ ਕਮਾਂਦਾ ਕੁਝ ਹੋਰ ਹੈ। ਹੋਰਾਂ ਨੂੰ ਉਪਦੇਸ਼ ਕਰਦਾ ਹੈ, ਆਪ ਨਹੀਂ ਕਰਦਾ। 7। 5।

ਉਹ ਪ੍ਰਭੂ ਆਪੇ ਸਭ ਕੁਝ ਕਰਨਹਾਰ ਹੈ, ਜਿਸ ਉਤੇ ਉਹ ਕਿਰਪਾ ਕਰੇ ਉਹ ਉਸ ਦਾ ਸੇਵਕ ਬਣਦਾ ਹੈ। 8। 5।

ਛੇਵੀਂ ਅਸ਼ਟਪਦੀ ਵਿਚ ਫਿਰ ਮਨੁੱਖ ਦੇ ਸਭ ਸੁਖ ਪ੍ਰਭੂ ਦੇ ਪ੍ਰਸਾਦ ਤੋਂ ਹੁੰਦੇ ਦਸੇ ਹਨ, ਛੱਤੀ ਅੰਮ੍ਰਿਤ ਖਾਣਾ, ਤੰਨ ਸੁਗੰਧ ਲਾਣਾ, ਸੁਖ ਮੰਦਰ ਵਿਚ ਵਸਣਾ, ਘਰ ਦਾ ਸੁਖ ਪਾਣਾ, ਰੰਗ ਰਸ ਭੋਗਣਾ। 1। ਪੱਟ ਹੰਢਾਣਾ, ਸੁਖ ਦੀ ਸੇਜ ਸੌਣਾਂ, ਆਦਰ ਮਾਨ ਪਾਣਾ। 2। 7।

ਅਰੋਗ ਦੇਹ ਕੰਚਨ ਵਰਗੀ ਹੋਣਾ, ਸਭ ਨੁਕਸ ਢੱਕੇ ਜਾਣਾ, ਸ਼ਤਰੂ ਲਈ ਅਪਹੁੰਚ ਹੋਣਾ। 3। ਘੋੜੇ ਹਾਥੀ ਦੀ ਸਵਾਰੀ ਕਰਨਾ, ਬਾਗ, ਮਿਲਖ, ਧਨ ਦੇ ਮਾਲਕ ਹੋਣਾ। 4। ਪੁੰਨ ਦਾਨ, ਆਚਾਰ ਵਿਵਿਹਾਰ, ਕਰਨ ਯੋਗ ਹੋਣਾ, ਸੁੰਦਰ ਰੂਪ, ਨੇਕਨਾਮ, ਪਤਵੰਤੇ ਹੋਣਾ। 5। ਸੁਣਨਾ ਵੇਖਣਾ, ਬੋਲਣਾ, ਚਖਣਾ, ਸੁਖੀ ਰਹਿਣਾ, ਹੱਥਾਂ ਪੈਰਾਂ ਦਾ ਚਲਣਾ, ਸਭ ਫਲ ਪ੍ਰਾਪਤ ਹੋਣਾ। 6। ਪ੍ਰਤਾਪਵਾਨ, ਕਾਰਜਪੂਰਣ, ਸੱਚ-ਪ੍ਰਾਪਤ ਹੋਣਾ। 7। ਸਭ ਉਸੇ ਦਾ ਪ੍ਰਸਾਦ ਹੈ।

ਸਰਬ ਨਿਧਾਨ ਪ੍ਰਭੂ ਤੇਰੀ ਮਾਇਆ।
ਆਪਹੁ ਕਛੂ ਨਾ ਕਿਨਹੂ ਲਇਆ।
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ।
ਨਾਨਕ ਇਨ ਕੈ ਕਛੂ ਨਾ ਹਾਥ। 8। 6।

ਸੱਤਵੀਂ ਅਸ਼ਟਪਦੀ ਵਿਚ ਸਾਧੂ ਦੀ ਸੰਗਤ ਦੀ ਮਹਿਮਾ ਹੈ, ਸਾਧੂ ਦੇ ਸੰਗ ਨਾਲ ਮੁਖ

ਉਜਲਾ ਹੁੰਦਾ ਹੈ, ਮੈਲ ਕਟੀ ਜਾਂਦੀ, ਅਭਿਮਾਨ ਮਿਟਦਾ, ਗਿਆਨ ਪ੍ਰਗਟਦਾ, ਪ੍ਰਭੂ ਨਿਕਟੀ ਦਿਸਦਾ, ਸਭ ਕੁਝ ਨਿਪਟਦਾ, ਨਾਮ ਰਤਨ ਪ੍ਰਾਪਤ ਹੁੰਦਾ ਹੈ। 1 7।

ਸਾਧੂ ਦੇ ਸੰਗ ਨਾਲ ਅਗੋਚਰ ਮਿਲਦਾ, ਪੰਜ ਵਿਸ਼ੇ, ਵੱਸ ਵਿਚ ਹੁੰਦੇ, ਅਨਿਤ ਭੋਗ ਪ੍ਰਾਪਤ ਹੁੰਦੇ, ਮਨ ਸਥਿਰ ਹੁੰਦਾ ਹੈ। 2। 7।

ਸਾਧ ਦੇ ਸੰਗ ਨਾਲ ਦੁਸ਼ਮਣ ਮਿੱਤਰ ਬਣਦੇ, ਮਹਾਂ ਪਵਿਤਰਤਾ ਮਿਲਦੀ ਹੈ, ਕਿਸੇ ਨਾਲ ਵੈਰ ਭਾਵ ਨਹੀਂ ਰਹਿੰਦਾ, ਟੇਢੇ ਪਾਸੇ ਪੈਰ ਨਹੀਂ ਜਾਂਦੇ, ਕੋਈ ਮੰਦਾ ਨਹੀਂ ਲੱਗਦਾ, ਪਰਮਾਨੰਦ ਦੀ ਸੋਝੀ ਹੁੰਦੀ ਹੈ, ਹਉਮੈਂ ਦਾ ਤਾਪ ਹਟਦਾ ਹੈ, ਆਪੇ ਦਾ ਤਿਆਗ ਹੁੰਦਾ ਹੈ, ਪ੍ਰਭੂ ਨਾਲ ਬਣ ਆਉਂਦੀ ਹੈ। 3। 7।

ਇਸ ਪ੍ਰਕਾਰ ਹੋਰ ਸਭ ਸੁਖ ਸਾਧ ਸੰਗ ਤੋਂ ਪ੍ਰਾਪਤ ਹੁੰਦੇ ਹਨ, ਤੇ ਸਭ ਕਲੇਸ਼ ਮਿਟਦੇ ਹਨ। 4, 5, 6, 7। 7।

ਸਾਧੂ ਦੀ ਮਹਿਮਾ ਵੇਦ ਨਹੀਂ ਜਾਣਦਾ, ਸਾਧੂ ਤ੍ਰਿਗੁਣ ਸੰਸਾਰ ਤੋਂ ਪਾਰ, ਬੇਅੰਤ, ਸਰਵੁਚ ਹੈ, ਸਾਧੂ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ। 8। 7।

ਅੱਠਵੀਂ ਅਸ਼ਟਪਦੀ ਵਿਚ ਇਸੇ ਪ੍ਰਕਾਰ ਬ੍ਰਹਮ ਗਿਆਨੀ ਦੀ ਉਸਤਤ ਹੈ। ਉਹ ਜਲ ਵਿਚ ਕਮਲ ਵਾਕਰ ਨਿਰਲੇਪ, ਨਿਰਦੋਖ, ਸਮਦ੍ਰਿਸ਼ਟਾ, ਇਕੋ ਪ੍ਰਭੂ ਦੀ ਟੇਕ ਰਖਦਾ ਹੈ, ਆਦਿ।1। 8।

ਬ੍ਰਹਮ ਗਿਆਨੀ ਨਿਰਮਲ, ਪ੍ਰਕਾਸ਼ਮਾਨ, ਮਿਤਰ ਸ਼ਤਰੂ ਨੂੰ ਸਮਾਨ ਜਾਣਦਾ, ਅਭਿਮਾਨ ਤੋਂ ਰਹਿਤ, ਉਚੇ ਤੋਂ ਉਚਾ, ਮਨ ਵਿਚ ਅੱਤ ਨਮਰ। 1। ਸਭ ਦੀ ਰੇਣ, ਆਤਮਾ ਦੀ ਪਛਾਣ ਵਾਲਾ, ਸਭ ਉਤੇ ਦਇਆਵਾਨ, ਬੁਰਾ ਨਾ ਕਰਨ ਯੋਗ, ਸਮਦਰਸੀ, ਬੰਧਨਾਂ ਤੋਂ ਮੁਕਤ, ਗਿਆਨਾਹਾਰੀ, ਬ੍ਰਹਮ ਵਿਚ ਧਿਆਨ ਰੱਖਣ ਵਾਲਾ। 2। ਇਕ ਉਪਰ ਆਸ ਕਰਦਾ, ਅਵਿਨਾਸ਼ੀ, ਗਰੀਬ, ਸਮਾਈ, ਕਰਨ ਵਾਲਾ, ਪਰਉਪਕਾਰੀ, ਜੋ ਹੁੰਦਾ ਹੈ ਉਸ ਨੂੰ ਭੇਲਾ ਸਮਝਦਾ ਹੈ, ਉਸ ਦੇ ਨਾਲ ਹੋਰ ਸਭ ਦਾ ਉਧਾਰ ਹੁੰਦਾ ਹੈ। 4। 8।

ਉਹ ਇਕ ਰੰਗ, ਸਦਾ ਪ੍ਰਭੂ ਸੰਗ ਰਹਿਣ ਵਾਲਾ ਹੈ, ਉਸ ਦਾ ਆਪਾਰ, ਪਰਿਵਾਰ, ਨਾਮ ਹੈ, ਉਹ ਹਉਮੈਂ ਦਾ ਤਿਆਗੀ, ਮਨ ਵਿਚ ਪਰਮਾਨੰਦ ਵਾਲਾ, ਸੁਖ ਸਹਿਜ ਵਿਚ ਰਹਿੰਦਾ ਹੈ।5।8।

ਉਹ ਬ੍ਰਹਮ ਨੂੰ ਜਾਣਨ ਵਾਲਾ, ਇਕ ਪ੍ਰਭੂ ਦਾ ਹਿਤੂ, ਨਿਰਮਲ ਮਨ, ਵਡ ਪ੍ਰਤਾਪੀ ਹੈ। ਉਸ ਦਾ ਦਰਸ਼ਨ ਵੱਡੇ ਭਾਗ ਨਾਲ ਹੁੰਦਾ ਹੈ, ਉਸ ਨੂੰ ਦੇਵਤੇ ਵੀ ਲਭਦੇ ਹਨ, ਉਹ ਆਪ ਪਰਮੇਸ਼ਵਰ ਹੈ। 6। 8।

ਉਹ ਅਨਮੋਲ, ਸਭ ਕੁਝ ਮਨ ਵਿਚ ਰੱਖਣ ਵਾਲਾ, ਅਪਾਰ ਹੈ। ਉਹ ਸਭ ਦਾ ਠਾਕੁਰ ਹੈ। 7। ਉਹ ਸ੍ਰਿਸ਼ਟੀ ਦਾ ਕਰਤਾ, ਅਮਰ, ਮੁਕਤ ਯੋਗ ਦਾਤਾ, ਪੂਰਣ ਪੁਰਸ਼, ਵਿਧਾਤਾ, ਅਨਾਥਾਂ ਦਾ ਨਾਥ, ਸਰਵਾਕਾਰ, ਨਿਰੰਕਾਰ ਹੈ। 8। 8।

ਸਿੱਧ ਹੈ ਕਿ ਸਾਧੂ ਬ੍ਰਹਮਗਿਆਨੀ ਨੂੰ ਅੰਤਿਮ ਰੂਪ ਵਿਚ ਗੁਰੂ ਅਰਜਨ ਦੇਵ ਨੇ ਸਾਖਿਆਤ ਪਰਮਾਤਮਾ ਦਸਿਆ ਹੈ। ਇਥੋਂ ਤਕ ਕਹਿਣਾ ਤਾਂ ਸਾਧਾਰਣ ਨਿਆਇ ਵਿਚ ਸਮਾ ਜਾਂਦਾ ਹੈ

ਕਿ ਸਾਧੂ ਤੇ ਪ੍ਰਭੂ ਵਿਚ ਜਾਂ ਬ੍ਰਹਮਗਿਆਨੀ ਤੇ ਬ੍ਰਹਮ ਵਿਚ ਭੇਦ ਨਹੀਂ ਰਹਿੰਦਾ। ਪਰ ਉਸ ਨੂੰ ਸ੍ਰਿਸ਼ਟੀ ਦਾ ਕਰਤਾ, ਸਰਵਾਕਾਰ ਤੇ ਨਿਰੰਕਾਰ ਆਖਣਾ, ਇਸ ਤੋਂ ਅੱਗੇ ਚਲੇ ਜਾਣਾ ਹੈ। ਮੰਨਣ ਯੋਗ ਹੈ ਕਿ ਗੁਰੂ ਅਰਜਨ ਦੇਵ ਆਪ ਜਾਂ ਗੁਰੂ ਨਾਨਕ ਦੇਵ ਬ੍ਰਹਮਗਿਆਨੀ ਰੂਪ ਸਨ। ਤਾਂ ਕੀ ਉਨ੍ਹਾਂ ਨੂੰ ਪਰਮੇਸ਼ਵਰ ਮੰਨ ਲਿਆ ਜਾਵੇ ? ਇਨ੍ਹਾਂ ਸਪਸ਼ਟ ਸ਼ਬਦਾਂ ਵਿਚ ਇਹ ਮਾਨਤਾ ਗੁਰਮਤ ਦੇ ਅਨੁਕੂਲ ਨਹੀਂ ਪ੍ਰਤੀਤ ਹੁੰਦੀ। ਇਸ ਪ੍ਰਕਾਰ ਸਾਧੂ ਤੇ ਬ੍ਰਹਮਗਿਆਨੀ ਦੀ ਇਹ ਉਪਮਾ ਕਾਵਕ ਹੀ ਆਖਣੀ ਚਾਹੀਦੀ ਹੈ।

ਨਾਵੇਂ ਸਲੋਕ ਵਿਚ ਦੱਸਿਆ ਹੈ ਕਿ ਜਿਸ ਦੇ ਅੰਦਰ ਨਾਮ ਵਸਦਾ ਹੈ, ਜੋ ਸਰਬ ਵਿਚ ਭਗਵਾਨ ਨੂੰ ਵੇਖਦਾ ਹੈ, ਉਹ ਅਫੁਹ, ਨਿਰਲੇਪ, ਸਭ ਦਾ ਨਿਸਤਾਰਾ ਕਰਨ ਵਾਲਾ ਹੈ। ਅਸ਼ਟਪਦੀ ਵਿਚ ਇਸੇ ਦੀ ਹੋਰ ਵਿਆਖਿਆ ਕੀਤੀ ਹੈ। ਤੇ ਵੈਸ਼ਨੋ, ਭਾਗਵਤੀ, ਪੰਡਿਤ, ਆਦਿ ਦੇ ਅਜਿਹੇ ਹੀ ਲਛਣ ਵਰਣਨ ਕੀਤੇ ਹਨ। 2। 3। 4। 9।

ਉਪਰੰਤ ਦੱਸਿਆ ਹੈ ਕਿ ਨਾਮ ਬੀਜ ਮੰਤਰ ਸਭ ਕੁਝ ਦਾ ਗਿਆਨ ਹੈ, ਪਸ਼ੂ ਪ੍ਰੇਤ, ਮੁਗਧ ਨੂੰ ਤਾਰਨ ਵਾਲਾ, ਸਰਬ ਰੋਗ ਦਾ ਔਖਧ, ਕਲਿਆਣ ਰੂਪ ਹੈ। 5। 9।

ਜਿਸ ਦੇ ਮਨ ਵਿਚ ਪਾਰਬ੍ਰਹਮ ਵੱਸਦਾ ਹੈ ਉਹ ਸੱਚੇ ਅਰਥਾਂ ਵਿਚ ਰਾਮਦਾਸ ਹੈ। 6। 9।

ਇਥੇ ਇਹ ਵਰਣਨ ਯੋਗ ਹੈ ਕਿ ਗੁਰੂ ਅਰਜਨ 'ਰਾਮਦਾਸ' ਪਦਵਰਤਣ ਸਮੇਂ ਇਸ ਗੱਲ ਤੋਂ ਗਾਫ਼ਲ ਨਹੀਂ ਸਮਝੇ ਜਾ ਸਕਦੇ ਕਿ ਉਨ੍ਹਾਂ ਦੇ ਪਿਤਾ ਗੁਰੂ ਦਾ ਨਾਮ ਰਾਮਦਾਸ ਸੀ।

ਜਿਸ ਦਾ ਮਨ ਪ੍ਰਭੂ ਦਾ ਆਗਿਆਕਾਰ ਹੈ, ਉਹ ਜੀਵਨ ਮੁਕਤ, ਹਰਖ ਸੋਗ ਤੋਂ ਰਹਿਤ, ਸਦਾ ਅਨੰਦ, ਨਿਰਵਿਯੋਗ, ਸਮਦਰਸ਼ੀ ਹੈ। 7। 9।

ਪਾਰਬ੍ਰਹਮ ਸਭ ਥਾਈਂ ਵੱਸਦਾ ਹੈ, ਕਰਤਾ ਹੈ, ਅਵਿਨਾਸ਼ੀ ਹੈ। 8। 9।

ਦਸਵੀਂ ਅਸ਼ਟਪਦੀ ਵਿਚ ਪਾਰਬ੍ਰਹਮ ਦੀ ਪੂਜਾ ਕਰਨ ਵਾਲੇ ਤੇ ਹੋਰ ਪ੍ਰਕਾਰ ਦੀ ਜਾਤੀਆਂ ਦੀ ਗਿਣਤੀ ਅਪਾਰ, ਕਈ ਕੋਟ ਦੱਸੀ ਹੈ। ਪੁਜਾਰੀ, ਆਚਾਰ, ਵਿਵਿਹਾਰੀ, ਤੀਰਥਵਾਸੀ, ਉਦਾਸੀ ਵੇਦ ਸੁਣਨ ਵਾਲੇ, ਮਹਾਨ ਤਪ ਕਰਨ ਵਾਲੇ, ਆਤਮਧਿਆਨੀ, ਕਵੀ ਤੇ ਕਵਿਤਾ ਵਿਚਾਰਨ ਵਾਲੇ ਤੇ ਨਿਤ ਨਵੇਂ ਢੰਗ ਨਾਲ ਧਿਆਣ ਵਾਲੇ ਕਰੋੜਾਂ ਹੀ ਹਨ। 1। 10।

ਕਰੋੜਾਂ ਹੀ ਹਨ ਅਭਿਮਾਨੀ, ਅਗਿਆਨੀ, ਕੰਜੂਸ, ਕਠੋਰ-ਚਿੱਤ ਅਣਭਿਜ, ਕੋਰੇ, ਰੁਖੇ ਪਰਾਇਆ ਧਨ ਹਰਨ ਵਾਲੇ, ਨਿੰਦਾ ਕਰਨ ਵਾਲੇ, ਧਨ ਲਈ ਧੰਦ ਪਿਟਦੇ, ਦੇਸ਼ ਦੇਸ਼ਾਂਤਰ ਭੌਣ ਵਾਲੇ। 2। 10।

ਕਰੋੜਾਂ ਹੀ ਸਿਧ, ਜਤੀ, ਯੋਗੀ, ਰਾਜੇ, ਭੋਗੀ, ਪੰਖੀ, ਸਰਪਜੀਵ, ਪੱਥਰ, ਬਿਰਛ, ਪੌਣ, ਪਾਣੀ, ਅੱਗ, ਦੇਸ਼, ਭੂਮੀ ਦੇ ਖੰਡ, ਚੰਦ, ਸੂਰਜ ਤੇ ਹੋਰ ਨਛਤਰ, ਦੇਵ, ਦਾਨਵ ਹਨ। 3। 10।

ਰਾਜਸ, ਤਾਮਸ, ਸਾਤਵ ਵਿਰਤੀਆਂ ਵਾਲੇ, ਵੇਦ, ਪੁਰਾਨ, ਸਿਮ੍ਰਿਤੀ ਸ਼ਾਸਤ੍ਰਾਂ ਦੇ ਵੇਤਾ, ਰਤਨਾਂ ਦੀਆਂ ਖਾਣਾਂ, ਸਮੁੰਦਰ, ਜੀਵ, ਜੰਤੂ, ਪਹਾੜ, ਬਿਰਛ, ਕਿਨਰ, ਪਿਸ਼ਾਚ, (ਨੀਚ), ਭੂਤ, ਪ੍ਰੇਤ, ਸ਼ੇਰ, ਕਰੋੜਾਂ ਹੀ ਹਨ। 4। 10।

ਕਰੋੜਾਂ ਹੀ ਹਨ ਪਾਤਾਲ, ਨਰਕ, ਸੁਰਗ ਦੇ ਵਾਸੀ, ਜੰਮਣ ਮਰਨ ਵਾਲੇ, ਜੂਨਾਂ ਵਿਚ ਭ੍ਰਮਣ ਵਾਲੇ, ਬੈਠੇ ਖਾਣ ਵਾਲੇ, ਔਖੀ ਘਾਲਣਾ ਕਰਨ ਵਾਲੇ, ਧਨਵਤ, ਮਾਇਆ ਦੇ ਚਿੰਤਾਵਾਨ। 5। 10।

ਕਰੋੜਾਂ ਹੀ ਹੋਏ ਹਨ ਵੈਰਾਗੀ, ਜਪੀਏ, ਪ੍ਰਭੂ ਦੇ ਖੋਜੀ, ਆਤਮ ਦਰਸੀ, ਪ੍ਰਭੂ ਦਰਸ਼ਨ ਦੇ ਪਿਆਸੇ, ਸਤਿ ਸੰਗ ਦੇ ਤਾਂਘੀ। 6। 10।

ਕਰੋੜਾਂ ਖਾਣੀਆਂ, ਖੰਡ, ਆਕਾਸ਼, ਬ੍ਰਹਮੰਡ ਅਵਤਾਰ ਹੋਏ ਹਨ ਤੇ ਕਈ ਵਾਰੀ ਪ੍ਰਭੂ ਨੇ ਅਜੇਹਾ ਪਸਾਰਾ ਕੀਤਾ ਹੈ। 7। 10।

ਕਰੋੜਾਂ ਉਮ ਦੇ ਤੱਤਵੇਤਾ, ਨਾਮ ਦੇ ਰਸੀਏ, ਅਮਰ ਜੀਵਨ ਪ੍ਰਾਪਤ, ਗੁਣ ਮਾਣ ਵਾਲੇ, ਸਹਿਜ ਸਮਾਏ ਹੋਏ, ਪਰਮੇਸ਼ਵਰ ਦੇ ਪਿਆਰੇ ਹਨ। 8। 10।

ਇਨ੍ਹਾਂ ਵਿਚ ਚੰਗਿਆਂ ਦੀ ਮਹਿਮਾ ਕੀਤੀ ਤੇ ਦੂਜਿਆਂ ਨੂੰ ਤੁਛ ਆਖਿਆ ਹੈ।

ਗਿਆਰ੍ਹਵੀਂ ਅਸ਼ਟਪਦੀ ਵਿਚ ਪ੍ਰਭੂ ਨੂੰ ਸਭ ਕੁਝ ਕਰਨ ਹਾਰ ਦੱਸਿਆ ਹੈ। ਜਿਵੇਂ :—

ਕਰਨ ਕਰਾਵਨ ਕਰਨੈ ਜੋਗੁ।
ਜੋ ਤਿਸੁ ਭਾਵੈਂ ਸੋਈ ਹੋਗੁ। 1। 11।
ਪ੍ਰਭ ਭਾਵੈਂ ਬਿਨੁ ਸਾਸ ਤੇ ਰਾਖੈ।
ਜੋ ਭਾਵੈ ਸੋ ਕਾਰ ਕਰਾਵੈ। 2। 11।

ਤੇ ਮਨੁੱਖ ਕੁਝ ਕਰਨ ਜੋਗਾ ਨਹੀਂ—

ਕਹੁ ਮਾਨੁਖ ਤੇ ਕਿਆ ਹੋਇ ਆਵੈ। 3। 11।
ਖਿਨ ਮਹਿ ਨੀਚ ਕੀਟ ਕਉ ਰਾਜ।
ਪਾਰਬ੍ਰਹਮ ਗਰੀਬ ਨਿਵਾਜ। 4। 11।
ਇਸ ਕਾ ਬਲੁ ਨਾਹੀ ਇਸੁ ਹਾਥ।
ਕਰਨ ਕਰਾਵਨ ਸਰਬ ਕੋ ਨਾਥ। 5। 11।

ਮਨੁੱਖ ਤਾਂ ਕਦੇ ਕੁਝ ਹੁੰਦਾ ਹੈ ਕਦੇ ਕੁਝ। ਸਭ ਕਿਸਮ ਦੀਆਂ ਗੱਲਾਂ ਕਰਦਾ ਹੈ। ਪਰ ਜਦੋਂ ਇਹ ਸਾਧ ਸੰਗਤ ਪਾ ਲੈਂਦਾ ਹੈ। ਫਿਰ ਮੁੜ ਕੇ ਸੰਸਾਰ ਦੇ ਫੰਧਾਂ ਵਿਚ ਨਹੀਂ ਫਸਦਾ। 8 ॥ 11।

ਬਾਰ੍ਹਵੇਂ ਸਲੋਕ ਤੇ ਅਸ਼ਟਪਦੀ ਵਿਚ ਮਸਕੀਨੀ, ਨਿਮਰਤਾ ਦੀ ਵਡਿਆਈ ਤੇ ਅਭਿਮਾਨ ਦੀ ਨਿਖੇਧੀ ਕੀਤੀ ਹੈ।

ਮਸਕੀਨ ਬੰਦਾ ਸੁਖੀ ਰਹਿੰਦਾ ਹੈ। ਅਭਿਮਾਨੀ ਅਭਿਮਾਨ ਵਿਚ ਗਲ ਸੜ ਜਾਂਦੇ ਹਨ।

ਰਾਜ, ਜੋਬਨ, ਧਨ, ਭੂਮ, ਦੇ ਅਭਿਮਾਨ ਨੂੰ ਨਿੰਦਿਆ ਹੈ। 1।

**ਸੈਨਾ, ਲਸ਼ਕਰ** ਦਾ ਮਾਨ ਕਰਨ ਵਾਲਾ ਪਲ ਵਿਚ ਨਾਸ ਹੋ ਸਕਦਾ ਹੈ। ਅਹੰਕਾਰੀ **ਦੀ ਧਰਮਰਾਜ ਅੱਗੇ** ਖੁਆਰੀ ਹੁੰਦੀ ਹੈ। 2।

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ।
ਤਬ ਇਸ ਕਉ ਸੁਖੁ ਨਾਹੀ ਕੋਇ।
ਜਬ ਇਹ ਜਾਨੈ ਮੈ ਕਿਛੁ ਕਰਤਾ।
ਤਬ ਲਗੁ ਗਰਭ ਜੋਨਿ ਮਹਿ ਫਿਰਤਾ। 4।

ਸੰਤੋਖ ਬਿਨਾਂ ਕੋਈ ਨਹੀਂ ਰਜਦਾ।

ਇਸ ਦੇ ਉਲਟ

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ।
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ। 1।
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ।
ਸੋ ਜਨੁ ਨਾਨਕ ਦਰਗਹ ਪਰਵਾਨੁ। 2।
ਸਰਬ ਕੀ ਰੇਨ ਜਾ ਕਾ ਮਨੁ ਹੋਇ।
ਕਹੁ ਨਾਨਕ ਤਾ ਕੀ ਨਿਰਮਲ ਸੋਇ। 3।
ਪ੍ਰਭ ਕਿਰਪਾ ਤੇ ਬੰਧਨ ਤੁਟੈ।
ਗੁਰ ਪ੍ਰਸਾਦਿ ਨਾਨਕ ਹਉ ਛੁਟੈ। 4।

ਤੇ ਪ੍ਰਭੂ ਆਪ ਹੀ ਕਰਨ ਕਰਾਉਣ ਵਾਲਾ ਹੈ। 6।

ਆਪ ਹੀ ਸਾਰੇ ਕੌਤਕ ਕਰਦਾ ਹੈ। 7।

ਸਤਿ ਸਤਿ ਸਤਿ ਪ੍ਰਭੁ ਸੁਆਮੀ।...
ਸਚੁ ਸਚੁ ਸਚੁ ਸਭੁ ਕੀਨਾ।...
ਭਲਾ ਭਲਾ ਭਲਾ ਤੇਰਾ ਰੂਪ।...
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ।...
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ। 8। 12।

ਤੇਰ੍ਹਵੀਂ ਅਟਸਪਦੀ ਵਿਚ ਸੰਤ ਦੇ ਦੋਖੀ ਦਾ ਤ੍ਰਿਸਕਾਰ ਕੀਤਾ ਹੈ। ਸੰਤ ਦੇ ਦੋਖੀ ਵਲ ਅਪਾਰ ਘ੍ਰਿਣਾ ਜਤਾਈ ਹੈ, ਜਿਸ ਦੀ ਸੁਖਮਨੀ ਦੇ ਸਬੰਧ ਵਿਚ ਕੁਝ ਔਖੀ ਸਮਝ ਲੱਗਦੀ ਹੈ :—

ਸੰਤ ਕੈ ਦੂਖਨਿ ਆਰਜਾ ਘਟੈ।...
ਸੰਤ ਕੈ ਹਤੇ ਕਉ ਨਾ ਰਖੈ ਨਾ ਕੋਇ। 1।
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ। 2।
ਸੰਤ ਕਾ ਨਿੰਦਕੁ ਮਹਾ ਹਤਿਆਰਾ।

ਸੰਤ ਕਾ ਨਿੰਦਕੁ ਪਰਮੇਸਰਿ ਮਾਰਾ । 3 ।
ਸੰਤ ਕਾ ਦੋਖੀ ਅਧਬੀਚ ਤੇ ਟੂਟੈ । 5 ।
ਸੰਤ ਕਾ ਦੋਖੀ ਧਰਮ ਤੇ ਰਹਤ । 6 ।
ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ । 7 । 13 ।

ਅਜੇਹੇ ਸੰਤ ਦੋਖੀ ਨੂੰ ਸੰਤ ਹੀ ਬਚਾ ਸਕਦਾ ਹੈ :—

ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ।
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ । 1 ।
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ । 2 ।
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ । 3 ।
ਸੰਤ ਕੇ ਦੋਖੀ ਕਉ ਨਾਹੀ ਠਾਉ ।
ਨਾਨਕ ਸੰਤ ਭਾਵੈ ਤਾ ਲਏ ਮਿਲਾਇ । 4 ।
ਸੰਤ ਕੇ ਦੋਖੀ ਕਉ ਅਵਰੁ ਨਾ ਰਾਖਨ ਹਾਰੁ ।
ਨਾਨਕ ਸੰਤ ਭਾਵੈ ਤਾਂ ਲਏ ਉਬਾਰਿ । 5 ।

ਇਤਿਹਾਸਕ ਪ੍ਰਸੰਗ ਵਿਚ ਪ੍ਰਤੀਤ ਹੁੰਦਾ ਹੈ ਕਿ ਸੰਤ ਦੇ ਦੋਖੀ ਪ੍ਰਿਥੀ ਚੰਦ ਤੇ ਉਸ ਦੇ ਚੇਲੇ ਚਾਣੜੇ ਹਨ, ਤੇ ਜਾ ਫਿਰ ਮੁਗਲ ਹਕੂਮਤ ਦੇ ਅਧਿਕਾਰੀ। ਭਾਈ ਗੁਰਦਾਸ ਨੇ ਇਕ ਵਾਰ ਵਿਚ ਮੀਣਿਆ ਅਰਥਾਤ ਪ੍ਰਿਥੀ ਚੰਦ ਦੇ ਮੰਨਣ ਵਾਲਿਆਂ ਦਾ ਬਹੁਤ ਤ੍ਰਿਸਕਾਰ ਕੀਤਾ ਹੈ ।

ਚੌਧਵੀਂ ਅਸ਼ਟਪਦੀ ਫਿਟਕਾਰ ਭਾਵੀ ਹੈ । ਪਰ ਭਾਵ ਸਾਰੇ ਉਹ ਹੀ ਹਨ ਜੋ ਪਹਿਲਾਂ ਆ ਚੁੱਕੇ ਹਨ ।

ਮਨੁੱਖ ਉੱਤੇ ਟੇਕ ਰਖਣੀ ਵਿਅਰਥ ਹੈ । ਦੇਣ ਵਾਲਾ ਇਕੋ ਭਗਵਾਨ ਹੀ ਹੈ । ਉਹ ਆਪ ਹੀ ਮਾਰਦਾ ਤੇ ਰਖਦਾ ਹੈ, ਮਨੁੱਖ ਦੇ ਹੱਥ ਕੁਝ ਨਹੀਂ । 1 ।

ਹੇ ਮਨ, ਨਿਰੰਕਾਰ ਦੀ ਉਸਤਤ ਤੇ ਸਤ ਦਾ ਵਿਵਿਹਾਰ ਕਰ । ਹੇ ਰਸਨਾ, ਹਰਿ ਨਾਮ ਦਾ ਨਿਰਮਲ ਅੰਮ੍ਰਿਤ ਪੀ । ਹੇ ਅਖੀਓ, ਠਾਕੁਰ ਦਾ ਰੰਗ ਵੇਖੋ । ਪੈਰ, ਗੋਬਿੰਦ ਦੇ ਮਾਰਗ ਉੱਤੇ ਚਲੋ । ਹੱਥਾਂ ਨਾਲ ਸੁਭ ਕੰਮ ਕੀਤਾ ਜਾਵੇ ਤੇ ਕੰਨਾਂ ਨਾਲ ਹਰੀ ਦੀ ਕਥਾ ਸੁਣੀ ਜਾਵੇ । 2 ।

ਉਹ ਵਡਭਾਗੇ ਹਨ ਜੋ ਸਦਾ ਹਰਿ ਦੇ ਗੁਣ ਗਾਉਂਦੇ ਹਨ । 3 ।

ਜਿਸ ਮਨ ਵਿਚ ਪਾਰਬ੍ਰਹਮ ਦੀ ਭੁੱਖ ਹੈ, ਉਸ ਨੂੰ ਦੁਖ ਨਹੀਂ ਲਗਦਾ । 4 ।

ਜਿਸ ਕਉ ਹਰਿ ਪ੍ਰਭਿ ਮਨਿ ਚਿਤਿ ਆਵੈ ।
ਸੋ ਸੰਤੁ ਸੁਹੇਲਾ ਨਹੀ ਡੁਲਾਵੈ । 5 ।

ਕੋਈ ਜੰਮਦਾ ਮਰਦਾ ਨਹੀਂ, ਸਭ ਪਰਮੇਸ਼ਵਰ ਦਾ ਆਪਣਾ ਚੋਜ ਤਮਾਸ਼ਾ ਹੈ । 6 ।

ਜੋ ਨਾਮ ਜਪਦੇ ਹਨ ਵਿਸਰਾਮ ਪਾਉਂਦੇ ਹਨ, ਤੇ ਉਤਮ ਮੰਨਣ ਯੋਗ ਹਨ । 7 ।

ਪ੍ਰਭੂ ਦਾ ਸੇਵਕ ਜੋ ਕੁਝ ਕਰਦਾ ਹੈ ਪ੍ਰਭੂ ਦੇ ਰੰਗ ਵਿਚ ਹੀ ਕਰਦਾ ਹੈ।...। ਉਸ ਨੂੰ ਤੇ ਪ੍ਰਭੂ ਨੂੰ ਇਕ ਰੂਪ ਜਾਣਨਾ ਚਾਹੀਦਾ ਹੈ। 8। 14।

ਪੰਦਰ੍ਹਵੇਂ ਸਲੋਕ ਵਿਚ ਸਿਆਣਪ ਤਜ ਕੇ ਇਕ ਹਰਿ ਦੀ ਆਸ ਮਨ ਵਿਚ ਧਾਰਨ ਦਾ ਉਪਦੇਸ਼ ਦਿਤਾ ਹੈ।

ਇਸ ਵਿਚ ਪ੍ਰਭੂ ਨੂੰ ਸਰਬ ਕਲਾ ਭਰਪੂਰ, ਸਭ ਕੁਝ ਜਾਣਨ ਹਾਰ ਆਖਿਆ ਹੈ।

ਅਸ਼ਟਪਦੀ ਵਿਚ ਇਹ ਹੀ ਗੱਲ ਵਿਸਤਾਰ ਨਾਲ ਆਖੀ ਹੈ। ਗੋਪਾਲ ਟੁਟੀ ਗੰਢਣ ਵਾਲਾ ਹੈ। ਸਭ ਜੀਆਂ ਦਾ ਪ੍ਰਤਿਪਾਲਕ ਹੈ। 1।

ਮਨੁੱਖ ਦਾ ਰੂਪਵੰਤ, ਧਨਵਾਨ, ਸੂਰਮਾ, ਦਾਤਾ ਹੋਣ ਦੇ ਕੋਈ ਅਰਥ ਨਹੀਂ। ਸਭ ਕੁਝ ਪ੍ਰਭ ਦਾ ਪ੍ਰਭਾਵ ਹੈ। 2।

ਗੁਰੂ ਦਾ ਸਬਦ ਮਨ ਨੂੰ ਉਸ ਤਰ੍ਹਾਂ ਸਹਾਰਾ ਦੇਂਦਾ ਹੈ ਜਿਵੇਂ ਥੰਮ੍ਹ ਮੰਦਰ ਨੂੰ। 3।

ਮਨ ਮੂਰਖ ਕਾਹੇ ਬਿਲਲਾਈਐ।
ਪੂਰਬ ਲਿਖੇ ਕਾ ਲਿਖਿਆ ਪਾਈਐ।
ਦੂਖ ਸੂਖ ਪ੍ਰਭ ਦੇਵਨਹਾਰ।
ਅਵਰ ਤਿਆਗਿ ਤੂ ਤਿਸਹਿ ਚਿਤਾਰੁ। 4।

ਜਿਹੜੀ ਵਸਤ ਮਨੁੱਖ ਇਸ ਸੰਸਾਰ ਵਿਚ ਲੈਣ ਲਈ ਆਉਂਦਾ ਹੈ, ਉਹ ਰਾਮ ਨਾਮ ਹੈ ਤੇ ਸੰਤਾਂ ਦੇ ਘਰ ਵਿਚ ਮਿਲਦੀ ਹੈ।

ਚਰਨ ਸਾਧ ਕੇ ਧੋਇ ਧੋਇ ਪੀਉ।
ਅਰਪਿ ਸਾਧ ਕਉ ਅਪਨਾ ਜੀਉ। 6।

ਸਿੱਖੀ ਦੇ ਪ੍ਰਸੰਗ ਵਿਚ ਇਹ ਸਾਧ ਕੌਣ ਹੈ, ਤੇ ਕੌਣ ਹੋ ਸਕਦਾ ਹੈ? ਵਿਸ਼ੇਸ਼ ਕਰਕੇ ਅੱਜ ਦੇ ਪ੍ਰਸੰਗ ਵਿਚ। ਅੱਜ ਕਲ ਬਹੁਤ ਸਾਧ-ਪੁਜ ਇਨ੍ਹਾਂ ਸਬਦਾਂ ਨਾਲ ਆਪਣੀ ਤਸੱਲੀ ਕਰਦੇ ਹਨ। ਇਨ੍ਹਾਂ ਸ਼ਬਦਾਂ ਨੂੰ ਕਾਵੋਕਤੀ ਅਰਥਾਂ ਵਿਚ ਗ੍ਰਹਿਣ ਕਰਨਾ ਹੀ ਯੋਗ ਹੈ।

ਪ੍ਰਭੂ ਮਰੇ ਹੋਏ ਨੂੰ ਜੀਉਂਦਾ ਕਰਨ ਯੋਗ ਹੈ। 7।

ਜਿਸ ਨੇ ਪਾਰਬ੍ਰਹਮ ਨੂੰ ਸੱਚੇ ਰੂਪ ਵਿਚ ਜਾਣ ਲਿਆ ਉਹ ਉਸ ਸੱਚ ਵਿਚ ਸਮਾ ਰਿਹਾ ਹੈ। 8। 15।

ਸੋਲ੍ਹਵੇਂ ਸਲੋਕ ਵਿਚ ਪ੍ਰਭੂ ਨੂੰ ਨਿਰਗੁਣ ਤਿੰਨਾਂ ਗੁਣਾਂ ਤੋਂ ਵੱਖਰਾ ਦੱਸਿਆ ਹੈ। ਪਰ ਨਾਲ ਹੀ ਆਖਿਆ ਹੈ ਕਿ ਇਹ ਗੱਲ ਉਸ ਦੀ ਸਮਝ ਵਿਚ ਪੈਂਦੀ ਹੈ ਜਿਸ ਉੱਤੇ ਉਹ ਆਪ ਪ੍ਰਸੰਨ ਹੋਵੇ। ਕੀ ਪ੍ਰਸੰਨਤਾ ਕੋਈ ਗੁਣ ਨਹੀਂ?

ਅਸ਼ਟਪਦੀ ਵਿਚ ਫਿਰ ਪ੍ਰਭੂ ਨੂੰ ਸਭ ਕੁਝ ਕਰਨਹਾਰ ਤੇ ਮਨੁੱਖ ਨੂੰ ਤੁਛ ਦਰਸਾਇਆ ਹੈ।

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ।
ਮਾਨੁਖ ਕੀ ਤੂ ਪ੍ਰੀਤਿ ਤਿਆਗੁ। 1।

ਜਿਸ ਪ੍ਰਭੂ ਵਿਚ ਅੱਖ ਦੇ ਫੋਰ ਵਿਚ ਮਾਰ ਦੇਣ ਜਾਂ ਰੱਖ ਲੈਣ ਦੀ ਸ਼ਕਤੀ ਹੈ ਉਸ ਦਾ ਭੇਦ ਹੋਰ ਕੋਈ ਨਹੀਂ ਜਾਣਦਾ । 2 ।

ਉਸ ਦੀ ਲੀਲ੍ਹਾ ਦਾ ਕੋਈ ਮਾਪ ਨਹੀਂ । ਪਿਤਾ ਦੇ ਜਨਮ ਬਾਰੇ ਪੁੱਤਰ ਕੀ ਜਾਣ ਸਕਦਾ ਹੈ । 3 ।

ਉਸ ਦੇ ਅਨੇਕ ਰੂਪ ਰੰਗ ਹਨ । ਉਣ ਸਭਨਾਂ ਮਨਾਂ ਤੇ ਸਭਨਾਂ ਥਾਵਾਂ ਵਿਚ ਹੈ । 4 ।

ਸਾਰੇ ਜੀਵ, ਖੰਡ, ਬ੍ਰਹਮੰਡ, ਸਿਮ੍ਰਿਤੀਆਂ, ਵੇਦ, ਪੁਰਾਣ, ਆਕਾਸ਼, ਪਾਤਾਲ, ਸਭ ਪੁਰੀਆਂ ਤੇ ਭਵਨ, ਸਭ ਕੁਝ ਦਾ ਆਧਾਰ ਨਾਮ ਹੈ । 5 ।

ਉਸ ਦਾ ਰੂਪ ਸੱਤ ਹੈ । ਉਸ ਦਾ ਸਥਾਨ ਸੱਤ, ਨਾ ਵਿਨਾਸ ਹੋਣ ਵਾਲਾ ਹੈ । ਉਸ ਵਿਚ ਸੱਚਾ ਵਿਸ਼ਵਾਸ਼ ਗੁਰੂ ਤੋਂ ਪ੍ਰਾਪਤ ਹੁੰਦਾ ਹੈ । 6 ।

ਸਾਧੂ ਦਾ ਉਪਦੇਸ਼ ਸੱਤ ਬਚਨ ਹੈ । ਕਰਨ ਵਾਲੇ ਦੀ ਮਿਣਤੀ ਕੀਤੇ ਹੋਏ ਨੂੰ ਨਹੀਂ ਹੋ ਸਕਦੀ । 7 ।

ਪ੍ਰਭੂ ਦੇ ਸੇਵਕ ਉਸ ਵਿਚ ਰਚੇ ਰਹਿੰਦੇ ਹਨ । ਉਹ ਦਾਤੇ ਤੇ ਦੁਖਾਂ ਨੂੰ ਕੱਟਣ ਯੋਗ ਹਨ । ਉਨ੍ਹਾ ਦਾ ਸੇਵਕ ਵੀ ਵੱਡੇ ਭਾਗਾਂ ਵਾਲਾ ਹੁੰਦਾ ਹੈ । 8 । 16 ।

ਸਤਾਰ੍ਹਵੀਂ ਅਸ਼ਟਪਦੀ ਵਿਚ ਪ੍ਰਭੂ ਦੀ ਸੱਤਾ ਵਰਣਨ ਕੀਤੀ ਹੈ. ਉਹ ਆਪਣੇ ਸੇਵਕ ਦੀ ਕਿਵੇਂ ਰਖਿਆ ਤੇ ਪਾਲਨਾ ਕਰਦਾ ਹੈ । ਸਿੱਧ ਹੈ ਕਿ ਪ੍ਰਭੂ ਦੀ ਆਪਣੇ ਸੇਵਕ ਦੀ ਇਹ ਰਖਿਆ ਤੇ ਪਾਲਨਾ ਸਮੇਂ ਦੇ ਹਾਕਮਾਂ ਦੀ ਕੋਪੀ ਦੇ ਪ੍ਰਸੰਗ ਵਿਚ ਵਧੇਰੇ ਅਰਥ ਰੱਖਦੀ ਹੈ ।

ਸਲੋਕ ਵਿਚ ਜਪੁ ਵਾਲੀਆਂ ਹੀ ਪਹਿਲੀਆਂ ਦੋ ਤੁਕਾਂ ਹਨ । ਆਦਿ ਸਚੁ ਜੁਗਾਦਿ ਸਚੁ । ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ।

ਅਸ਼ਟਪਦੀ ਵਿਚ ਪਹਿਲਾਂ ਉਸ ਦੀ ਸੱਤਾ ਵਰਣਨ ਕੀਤੀ ਹੈ :—

ਨਾਨਕ ਸਤਿ ਸਤਿ ਪ੍ਰਭੁ ਸੋਇ । 1 ।

ਜਿਸ ਨੇ ਇਸ ਸਤਿ ਸਰੂਪ ਨੂੰ ਹਿਦੇ ਵਿਚ ਰੱਖ ਲਇਆ ਉਸ ਨੇ ਸਭ ਕੁਝ ਸਮਝ ਲਇਆ । ਜੋ ਨਾਰਾਇਣ ਨੂੰ ਮਿਲ ਪਏ ਹਨ, ਉਸ ਨਾਲ ਇਕ ਰੂਪ ਹੋ ਗਏ ਹਨ । 2 ।

ਤੀਜੇ ਪਦੇ ਵਿਚ ਠਾਕੁਰ ਦੇ ਸੇਵਕ ਦੀ ਮਹਿਮਾ ਹੈ ।

ਪ੍ਰਭੂ ਆਪਣੇ ਜਨ ਦੀ ਰੱਖਿਆ ਕਰਦਾ ਹੈ ਤੇ ਉਸ ਨੂੰ ਸਭ ਸ਼ਕਤੀਆਂ ਪ੍ਰਦਾਨ ਕਰਦਾ ਹੈ । 4 ।

ਲਸ਼ਕਰ ਭਸਮ ਕਰਕੇ ਪ੍ਰਭੂ ਕੀੜੀ ਨੂੰ ਰੱਖ ਲੈਂਦਾ ਹੈ । ਹੋਰ ਕੋਈ ਮਾਰਨ ਜਾਂ ਰੱਖਣ ਵਾਲਾ ਨਹੀਂ । ਸਾਰੇ ਜੀਆਂ ਦਾ ਰਾਖਾ ਉਹ ਹੀ ਹੈ ।

ਉਠਦੇ ਬੈਠਦੇ ਸੁੱਤੇ ਨਾਮ ਜਪਣਾ ਚਾਹੀਦਾ ਹੈ । 6 ।

ਉਹ ਹੀ ਪੂਰਣ ਪੁਰਸ਼ ਹਨ ਜੋ ਅੱਠੋ ਪਹਿਰ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਨ, ਭਾਵ ਉਸ ਨੂੰ ਚਿੱਤ ਵਿਚ ਰੱਖਦੇ ਹਨ। 7।

ਜਿਨ੍ਹਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ, ਹੇ ਮਨ ! ਉਨ੍ਹਾਂ ਦੀ ਓਟ ਲੈ, ਤਾਂ ਜੋ ਤੇਰਾ ਜਨਮ ਮਰਨ ਕੱਟ ਜਾਵੇ। 8। 17।

ਅਠਾਰ੍ਹਵੇਂ ਸਲੋਕ ਵਿਚ ਦੱਸਿਆ ਹੈ ਕਿ ਸਤਿਗੁਰ ਉਹ ਹੈ ਜਿਸ ਨੇ ਸਤਿ ਪੁਰਖ ਨੂੰ ਜਾਣ ਲਇਆ ਹੈ। ਅਸ਼ਟਪਦੀ ਵਿਚ ਉਸ ਦੀ ਮਹਿਮਾ ਆਈ ਹੈ।

**ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ।...**
**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ। 1।**

ਜੋ ਸੇਵਕ ਗੁਰੂ ਦੀ ਆਗਿਆ ਵਿਚ ਰਹਿੰਦਾ ਹੈ, ਉਸ ਨੂੰ ਪ੍ਰਭੂ ਸੁਆਮੀ ਪ੍ਰਾਪਤ ਹੁੰਦਾ ਹੈ। 2। ਜੋ ਸੇਵਕ ਗੁਰੂ ਨੂੰ ਆਪਣੀ ਪੂਰਣ ਸ਼ਰਧਾ ਜਤਾ ਦੇਂਦਾ ਹੈ, ਉਹ ਪਰਮੇਸ਼ਵਰ ਦੀ ਗਤ ਜਾਣ ਲੈਂਦਾ ਹੈ। 3। ਗੁਰੂ ਦੇ ਦਰਸ਼ਨ ਨਾਲ ਸੇਵਕ ਪਵਿੱਤਰ ਹੋ ਜਾਂਦਾ ਹੈ। ਉਸ ਦੇ ਬਚਨ ਸੁਣ ਕੇ ਤ੍ਰਿਪਤ ਹੋ ਜਾਂਦਾ ਹੈ। ਉਹ ਗੁਰੂ ਜਿਸ ਨੂੰ ਚਾਹੇ ਆਪਣੇ ਨਾਲ ਮਿਲਾ ਲਵੇ। 4। ਉਸ ਸਤਿਗੁਰੂ ਦੇ ਬਲਿਹਾਰ ਜਾਈਏ ਜਿਸ ਦੀ ਕਿਰਪਾ ਨਾਲ ਪ੍ਰਭੂ ਨੂੰ ਜਾਣ ਲਈਦਾ ਹੈ। 5। ਇਸ ਹਰਿ ਦੇ ਰਸ ਨੂੰ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ। 6।

ਤਾਂ ਫਿਰ ਬਾਕੀ ਦੇ ਲੋਕ ਕੀ ਕਰਣ ? ਕੀ ਇਹ ਵਿਰਲਿਆਂ ਦੀ ਪ੍ਰਾਪਤੀ ਹੀ ਰਹੇਗਾ ? ਤਾਂ ਫਿਰ ਜਨ ਸਾਧਾਰਣ ਨੂੰ ਇਸ ਦਾ ਕੀ ਲਾਭ ?

ਸਾਧੂ ਦੇ ਪੂਰਣ ਉਪਦੇਸ਼ ਨਾਲ ਜਨਮ ਮਰਨ ਦਾ ਅੰਦੇਸ਼ਾ ਮਿਟ ਜਾਂਦਾ ਹੈ। 7। ਕਿਸ ਦਾ ? ਸਭ ਦਾ ਜਾਂ ਵਿਰਲਿਆਂ ਦਾ ਹੀ ? ਸਾਧੂ ਦਾ ਸੇਵਕ ਸਾਧੂ ਸਮਾਨ ਹੀ ਹੁੰਦਾ ਹੈ, ਤੇ ਸਾਧੂ ਪ੍ਰਭੂ ਸਮਾਨ, ਤਾਂ ਇਸ ਵਿਰਲੇਪਣ ਦੇ ਕੀ ਅਰਥ ? ਕੀ ਇਹ ਮੰਨ ਲਇਆ ਜਾਵੇ ਕਿ ਸਾਧੂ ਦਾ ਉਪਦੇਸ਼ ਵੀ ਵਿਰਲੇ ਹੀ ਮੰਨਣਗੇ ?

**ਪ੍ਰਭੂ ਨਿਰਗੁਣ ਵੀ ਹੈ ਸਰਗੁਣ ਵੀ ਹੈ। 8। 18।**

ਇਹ ਗੱਲ ਸਿੱਖ ਵਿਸ਼ਵਾਸ ਦਾ ਆਧਾਰ ਹੈ। ਭਗਤੀ ਮਤ, ਭਗਵਤ ਮਤ, ਲੌਕਿਕ ਭਾਰਤੀ ਵਿਸ਼ਵਾਸ਼ ਇਹ ਹੀ ਹੈ। ਪਰ ਇਸ ਤੋਂ ਭੁਲੇਖੇ ਬਹੁਤ ਉਪਜਦੇ ਹਨ। ਜਾਂ ਕੁਝ ਵੀ ਸਪਸ਼ਟ ਨਹੀਂ ਹੁੰਦਾ। ਜੇ ਪ੍ਰਭੂ ਸਰਗੁਣ ਹੈ, ਤਾਂ ਉਹ ਅਵਤਾਰ ਵੀ ਧਾਰ ਸਕਦਾ ਹੈ, ਤੇ ਉਸ ਦੇ ਅਵਤਾਰ ਦੀ ਪਰਖ ਕੇਵਲ ਮੰਨਣ ਵਾਲੇ ਦਾ ਮਨ ਹੈ। ਤੇ ਇਸ ਅਵਤਾਰ, ਗੁਰੂ, ਸੰਤ, ਸਾਧੂ ਦੇ ਮੰਨਣ ਵਾਲਿਆਂ ਦਾ ਭਾਗ ਹੈ ਕਿ ਇਹ ਸੱਚਾ ਹੋਵੇ ਜਾਂ ਝੂਠਾ, ਪੂਰਾ ਹੋਵੇ ਜਾਂ ਅਧੂਰਾ। ਵਾਸਤਵ ਵਿਚ ਇਸ ਦੀ ਕਸਵੱਟੀ ਇਤਿਹਾਸ ਹੈ। ਕੋਈ ਅਵਤਾਰ, ਗੁਰੂ ਜਾਂ ਸਾਧੂ ਉਤਨਾ ਹੀ ਪੂਰਾ ਹੈ ਜਿਤਨੀ ਉਸ ਦੀ ਇਤਿਹਾਸਕ ਪ੍ਰਾਪਤੀ ਹੈ। ਕੋਈ ਰਾਸ਼ਟਰਾਂ ਤੇ ਮਹਾਂਦੀਪਾਂ ਵਿਚ ਮਾਨਤਾ ਪ੍ਰਾਪਤ ਕਰ ਗਿਆ ਹੈ। ਕੋਈ ਇਸ ਤੋਂ ਘੱਟ ਸੀਮਾਂ ਵਿਚ ਤੇ ਕੋਈ ਨਿਰੋਲ ਸਥਾਨਿਕ ਹੀ ਰਹਿ ਜਾਂਦੇ ਹਨ।

ਉਨ੍ਹੀਵੇਂ ਸਲੋਕ ਵਿਚ ਦੱਸਿਆਂ ਹੈ ਕਿ ਨਾਮ ਭਜਨ ਬਿਨ ਹੋਰ ਕੁਝ ਵੀ ਅੱਗੇ ਜਾ ਕੇ ਕੰਮ ਨਹੀਂ ਆਉਂਦਾ।

ਅਸ਼ਟਪਦੀ ਵਿਚ ਦਸਿਆ ਹੈ :—

**ਅਵਰਿ ਉਪਾਵ ਸਭਿ ਮੀਤ ਬਿਸਾਰਹੁ।**
**ਚਰਨ ਕਮਲ ਰਿਦ ਮਹਿ ਉਰਿਧਾਰਹੁ।1।**

ਹਰਿ ਸੇਵਾ ਤੋਂ ਅੱਤ ਵਾਂਛਿਤ ਧਨ, ਸੁਖ, ਸੋਭਾ, ਅਰੋਗਤਾ, ਸਭ ਖਜ਼ਾਨੇ ਤੇ ਦਰਗਾਹ ਵਿਚ ਪ੍ਰਵਾਨਗੀ ਮਿਲ ਜਾਂਦੀ ਹੈ।2।

ਇਸ ਤੱਤੇ ਕਲਜੁਗ ਵਿਚ ਹਰਿ ਦਾ ਨਾਮ ਠੰਡ ਵਰਤਾਂਦਾ ਹੈ। ਇਸ ਨਾਲ ਜਮ ਦੀ ਫਾਂਸੀ ਕੱਟੀ ਜਾਂਦੀ ਹੈ।3।

ਪ੍ਰਭੂ ਦੀ ਸੇਵਾ ਨਾਲ ਆਵਾਗੌਣ ਮਿਟ ਜਾਂਦਾ ਹੈ। ਹੋਰ ਕੋਈ ਛੁਟਕਾਰੇ ਦਾ ਉਪਾਇ ਨਹੀਂ। ਹਰਿ ਦੀ ਭਗਤੀ ਨਾਲ ਮਨ ਵਾਂਛਿਤ ਫਲ ਮਿਲਦੇ ਹਨ।4।

ਧਨ, ਪੁੱਤਰ, ਮਿੱਤਰ, ਕੁਟੰਬ, ਪਤਨੀ, ਰਾਜ ਰੰਗ, ਘੋੜੇ, ਹਾਥੀ, ਕੁਝ ਵੀ ਮਨੁੱਖ ਦਾ ਨਹੀਂ। ਨਾਮ ਵਿਸਾਰ ਕੇ ਪਛਤਾਣਾ ਹੀ ਪਛਤਾਣਾ ਹੈ।5।

**ਆਪ ਜਪਹੁ ਅਵਰਾ ਨਾਮੁ ਜਪਾਵਹੁ।**
**ਸੁਨਤ ਕਹਤ ਰਹਤ ਗਤਿ ਪਾਵਹੁ।6।**

ਹਰਿ ਦਾ ਨਾਮ ਸੱਤ ਤੇ ਸਭ ਪਦਾਰਥਾਂ ਦਾ ਸਾਰ ਹੈ।6।

ਗੁਣ ਗਾਣ ਨਾਲ ਮੈਲ ਉਤਰੇਗੀ, ਹਉਮੈ ਦੀ ਵਿਸ਼ ਵਿਨਸ ਜਾਵੇਗੀ, ਸਭ ਸੁਖ ਹੋਣਗੇ।7।

ਇਕੋ ਨੂੰ ਜਪੋ, ਇਕੋ ਨੂੰ ਸਲਾਹੋ, ਮਨ ਤਨ ਅੰਦਰ ਉਸ ਇਕ ਪ੍ਰਭੂ ਨੂੰ ਰਮਾ ਲਵੋ।8।

ਵੀਸਵੇਂ ਸਲੋਕ ਵਿਚ ਪ੍ਰਭੂ ਅੱਗੇ ਬੇਨਤੀ ਕੀਤੀ ਹੈ ਕਿ ਉਹ ਆਪਣੀ ਭਗਤੀ ਵਿਚ ਲਾ ਲਵੇ।

ਅਸ਼ਟਪਦੀ ਵਿਚ ਵੀ ਇਹ ਹੀ ਦਾਨ ਮੰਗਿਆ ਹੈ :—

**ਜਾਚਕ ਜਨੁ ਜਾਚੈ ਪ੍ਰਭ ਦਾਨੁ।**
**ਕਰਿ ਕਿਰਪਾ ਦੇਵਹੁ ਹਰਿਨਾਮੁ।1।**

ਉਹ ਪ੍ਰਭੂ ਵੱਡੇ ਭਾਗਾਂ ਨਾਲ ਜਪਿਆ ਜਾਂਦਾ ਹੈ ਕੋਈ ਵਿਰਲਾ ਇਹ ਰਸ ਪਾਉਂਦਾ ਹੈ।2।

ਸੇਵਾ ਨਾਲ, ਨਾਮ ਨਾਲ, ਭਗਤੀ ਨਾਲ ਬੰਧਨ ਕੱਟ ਕੇ ਮੁਕਤੀ ਮਿਲ ਜਾਂਦੀ ਹੈ।3।

ਪ੍ਰਮਾਤਮਾ ਨੂੰ ਕਿਉਂ ਵਿਸਾਰਿਆ ਜਾਵੇ ਜੋ ਘਾਲ ਨੂੰ ਅਜਾਈਂ ਨਹੀਂ ਜਾਣ ਦੇਂਦਾ ਜੋ ਸਭ ਕੁਝ ਕਰਦਾ ਹੈ ਤੇ ਜਾਣਦਾ ਹੈ, ਸਭ ਕੁਝ ਦੇਂਦਾ ਹੈ, ਜੋ ਜੀਵਨ ਦਾਤਾ ਹੈ, ਜੋ ਅਗਨੀ (ਗਰਭ) ਅੰਦਰ ਵੀ ਰੱਖਦਾ ਹੈ। ਜੋ ਜਨਮ ਮਰਨ ਤੋਂ ਛੁਡਾਉਂਦਾ ਹੈ।4।

ਹੇ ਸਜਨੋ, ਸੰਤੋ, ਹੋਰ ਸਭ ਕੁਝ ਛੱਡ ਕੇ ਨਾਮ ਜਪੋ, ਨਾਮ ਸੁਖਾਂ ਦਾ ਖਜ਼ਾਨਾ ਤੇ ਸਰਵ-ਕਲਿਆਣ ਹੈ । 5 ।

ਪ੍ਰਭੂ ਦੀ ਪ੍ਰੀਤ ਵਿਚ, ਸੰਤਾਂ ਤੇ ਭਗਤਾਂ ਦੀ ਸੇਵਾ ਵਿਚ ਬੜਾ ਸੁਆਦ ਹੈ। ਕੋਈ ਵਿਰਲਾ ਹੀ ਇਸ ਨੂੰ ਪ੍ਰਾਪਤ ਕਰਦਾ ਹੈ । 6 ।

ਪ੍ਰਭ ਦੀਨ ਦਇਆਲ, ਭਗਤ-ਵਛਲ, ਕਿਰਪਾਲ, ਅਨਾਥਾਂ ਦਾ ਨਾਥ, ਗੋਬਿੰਦ, ਗੋਪਾਲ, ਸਭ ਦਾ ਪ੍ਰਤਿਪਾਲਕ, ਆਦਿ ਕਾਰਣ, ਕਰਤਾਰ, ਭਗਤਾਂ ਦਾ ਪ੍ਰਾਣਾਧਾਰ ਹੈ । 7 ।

ਇਕ ਨਿਮਖ ਹਰਿ ਦੇ ਗੁਣ ਗਾਣ ਨਾਲ ਸਭ ਬੈਕੁੰਠ ਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ । 8 । 20 ।

ਇਕੀਵੇਂ ਸਲੋਕ ਵਿਚ ਫਿਰ ਪਰਮਾਤਮਾ ਨੂੰ ਨਿਰਗੁਣ ਸਰਗੁਣ ਦੋਵੇਂ ਆਖਿਆ ਹੈ ।

ਅਸ਼ਟਪਦੀ ਵਿਚ ਇਸੇ ਦਾ ਵਿਸਤਾਰ ਕੀਤਾ ਹੈ । ਜਦੋਂ ਕੋਈ ਆਕਾਰ ਦ੍ਰਿਸ਼ਟਮਾਨ ਨਹੀਂ ਹੋਇਆ ਸੀ, ਜਦੋਂ ਉਹ ਸੁੰਨ ਸਮਾਧੀ ਵਿਚ ਸੀ, ਜਦੋਂ ਉਸ ਦਾ ਕੋਈ ਵਰਣ ਚਿੰਨ੍ਹ ਨਹੀਂ ਸੀ, ਜਦੋਂ ਕੇਵਲ ਪਾਰਬ੍ਰਹਮ ਆਪ ਹੀ ਸੀ, ਉਸ ਵਕਤ ਪਾਪ ਪੁੰਨ, ਵੈਰ ਵਿਰੋਧ, ਹਰਖ ਸੋਗ, ਮੋਹ ਭਰਮ, ਕਿਵੇਂ ਹੋ ਸਕਦਾ ਸੀ ? । 1 ।

ਜਦੋਂ ਕੇਵਲ ਪ੍ਰਭੂ ਆਪ, ਅਗਮ, ਅਪਾਰ, ਨਿਰਗੁਣ, ਹੀ ਸੀ ਤਾਂ ਬੰਧਨ ਮੁਕਤੀ, ਨਰਕ ਸੁਰਗ, ਸ਼ਿਵ ਸ਼ਕਤੀ, ਡਰੂ ਤੇ ਨਿਡਰ ਕੋਈ ਕੀ ਹੋ ਸਕਦਾ ਸੀ ? । 2 ।

ਜਦੋਂ ਕੇਵਲ ਉਹ ਅਵਿਨਾਸੀ ਹੀ ਸੀ, ਕੇਵਲ ਕਰਤਾ ਪੁਰਖ, ਅਵਿਗਤ, ਅਗੋਚਰ, ਨਿਰੰਜਨ, ਅਗਾਧ, ਹੀ ਸੀ, ਤਾਂ ਜਨਮ ਮਰਨ, ਵਿਕਾਸ, ਜਮ ਦਾ ਤ੍ਰਾਸ, ਲੇਖਾ, ਛੁਟਕਾਰਾ, ਤੇ ਬੰਧਨ ਕਿਵੇਂ ਹੋ ਸਕਦੇ ਸਨ ? । 3 ।

ਜਦੋਂ ਕੇਵਲ ਉਹ ਨਿਰਮਲ ਪੁਰਖ, ਪਰਮੇਸ਼ਵਰ, ਨਿਰੰਜਨ, ਨਿਰੰਕਾਰ, ਨਿਰਬਾਣ, ਜੋਤ ਸਰੂਪ ਹੀ ਸੀ ਤਾਂ, ਮੈਲ ਤੇ ਸੁੱਚ, ਮਾਨ, ਅਭਿਮਾਨ, ਛਲ ਛਿਦਰ, ਭੁੱਖ ਤੇ ਤ੍ਰਿਪਤੀ ਕਿਵੇਂ ਕਝ ਹੋ ਸਕਦਾ ਸੀ । 14 ।

ਜਦੋਂ ਉਸ ਦੀ ਸ਼ੋਭਾ ਆਪਣੇ ਨਾਲ ਹੀ ਸੀ, ਸਭ ਕਲਾ ਉਸ ਅੰਦਰ ਹੀ ਸਨ, ਆਪੇ ਦੂਰ ਤੇ ਆਪੇ ਨੇੜੇ ਸੀ, ਤਾਂ ਮਾਈ ਬਾਪ, ਮਿੱਤਰ, ਪੁੱਤਰ, ਭਾਈ, ਵੇਦ ਕਿਤਾਬਾਂ, ਸ਼ਗਨ, ਅਪਸ਼ਗਨ, ਠਾਕੁਰ ਤੇ ਚੇਲਾ ਕੌਣ ਹੋ ਸਕਦਾ ਸੀ ?

ਜਦੋਂ ਕੇਵਲ ਉਹ ਅਛਲ, ਅਛੇਦ, ਅਭੇਦ, ਆਤਮ ਨਿਰਭਰ ਆਪ ਹੀ ਆਪ ਸੀ ਤਾਂ ਮਾਇਆ ਕਿਵੇਂ ਵਿਆਪ ਸਕਦੀ ਸੀ, ਗੁਣ ਦਾ ਪ੍ਰਵੇਸ਼ ਕਿਵੇਂ ਹੋ ਸਕਦਾ ਸੀ, ਚਿੰਤਾ ਕਿਵੇਂ ਲੱਗ ਸਕਦੀ ਸੀ, ਕਥਨੀ ਸੁਣਨੀ ਕਿਵੇਂ ਹੋ ਸਕਦੀ ਸੀ । 6 ।

ਪਰ ਜਦੋਂ ਉਸ ਨੇ ਇਹ ਪ੍ਰਪੰਚ ਰਚ ਦਿਤਾ, ਆਕਾਰ ਬਣਾ ਦਿੱਤੇ, ਤਿੰਨਾਂ ਗੁਣਾਂ ਦਾ ਵਿਸਤਾਰ ਕਰ ਦਿਤਾ, ਤਾਂ ਪਾਪ ਪੁੰਨ, ਨਰਕ ਸੁਰਗ ਦੀ ਵਾਂਛਾ, ਮਾਇਆ, ਸੰਤਾਨ ਦੇ ਜੰਜਾਲ,

ਹਉਮੈ; ਮੋਹ, ਭੈ, ਭਰਮ, ਦੁਖ, ਸੁਖ, ਮਾਨ, ਅਪਮਾਨ, ਸਭ ਹੋ ਗਏ। ਇਹ ਉਸ ਨੇ ਆਪਣੇ ਵੇਖਣ ਲਈ ਖੇਡ ਰਚ ਦਿੱਤੀ। ਜਦੋਂ ਇਸ ਖੇਡ ਨੂੰ ਸਮੇਟ ਲੈਂਦਾ ਹੈ ਤਾਂ ਉਹ ਫਿਰ ਇਕ ਆਪ ਹੀ ਰਹਿ ਜਾਂਦਾ ਹੈ। 7।

ਸੋ ਉਹ ਆਪ ਹੀ ਅਵਿਗਤ ਪ੍ਰਭੂ ਹੈ, ਆਪ ਹੀ ਭਗਤ, ਆਪ ਹੀ ਮਾਇਆ ਦਾ ਪਸਾਰ ਕਰਦਾ ਹੈ ਤੇ ਆਪ ਹੀ ਸੰਤਾਂ ਦਾ ਪ੍ਰਤਾਪ ਬਣਾਂਦਾ ਹੈ, ਦੋਹਾਂ ਪੱਖਾਂ ਦਾ ਧਨੀ ਉਹ ਆਪ ਹੈ। ਆਪੇ ਇਹ ਕੌਤਕ ਤੇ ਚੋਜ ਕਰਦਾ ਹੈ, ਆਪੇ ਨਿਰਜੋਗ ਰਹਿ ਕੇ ਰਸ ਭੋਗਦਾ ਹੈ। 8। 21।

ਬਾਈਵੇਂ ਸਲੋਕ ਤੇ ਅਸ਼ਟਪਦੀ ਵਿਚ ਪਰਮਾਤਮਾ ਨੂੰ ਆਪੇ ਆਪ ਵਰਤਣਹਾਰ ਵਖਾਨਿਆ ਹੈ।

**ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ।**

(ਸਲੋਕ)

ਉਹ ਆਖ ਕਥਣ ਵਾਲਾ, ਆਪ ਹੀ ਸੁਣਨ ਵਾਲਾ, ਇਕ ਰੂਪ ਤੇ ਵਿਸਤਾਰ ਰੂਪ, ਆਪਣੇ ਭਾਣੇ ਵਿਚ ਸ੍ਰਿਸ਼ਟੀ ਉਪਾਣ ਵਾਲਾ ਤੇ ਆਪਣੇ ਭਾਣੇ ਵਿਚ ਇਸ ਨੂੰ ਸਮੇਟਣ ਵਾਲਾ ਸਾਰੇ ਜਗਤ ਨੂੰ ਪਰੋਣ ਵਾਲਾ ਸੂਤ ਹੈ।1।

**ਸਭ ਜੀਅ ਜੰਤ ਕਾ ਰਾਖਾ ਉਹ ਆਪ ਹੈ। 2।**

ਉਹ ਦਇਆਲ ਤੇ ਸਰਵ ਕ੍ਰਿਪਾਲ, ਅੰਤਰਜਾਮੀ, ਆਪਣੇ ਕੰਮ ਨੂੰ ਆਪੇ ਜਾਣਨ ਵਾਲਾ ਹੈ। 3।

ਜੋ ਉਸ ਦੇ ਇਕ ਨਾਮ ਨਾਲ ਲੱਗਦਾ ਹੈ ਉਸ ਦੀ ਆਸ ਵਿਅਰਥ ਨਹੀਂ ਜਾਂਦੀ, ਇਸ ਲੋਕ ਤੇ ਪਰਲੋਕ ਦੋਹਾਂ ਵਿਚ ਉਸ ਨੂੰ ਸੁਖ ਮਿਲਦਾ ਹੈ। 4।

**ਸਾਧ ਸੰਗਤ ਵਿਚ ਪ੍ਰਭੂ ਪਰਮਾਨੰਦ ਦੇ ਗੁਣ ਗਾਵੋ। 5।**

ਰਾਮ ਨਾਮ ਨੂੰ ਮਨ ਵਿਚ ਵਸਾ ਕੇ ਹਲਤ ਪਲਤ ਦੋਵੇਂ ਸੁਧਾਰ ਲਵੋ। ਪੂਰੇ ਗੁਰੂ ਤੋਂ ਦੀਖਿਆ ਲਵੋ। ਸੱਚ ਦਾ ਵਪਾਰ ਕਰੋ ਤੇ ਇਕੋ ਦੀ ਟੇਕ ਮਨ ਵਿਚ ਰਖੋ। 6।

ਨਾਮ ਜਪਣ ਨਾਲ ਦੁਖ ਤੇ ਚਿੰਤਾ ਦੂਰ ਹੋ ਜਾਂਦੇ ਹਨ, ਤੇ ਸੁਖ ਮਿਲਦਾ ਹੈ। ਜਿਸ ਦੇ ਉਪਰ ਸੁਰਮੇ ਗੁਰੂ ਦਾ ਹੱਥ ਹੋ ਉਸ ਦੇ ਕਾਰਜ ਪੂਰੇ ਹੁੰਦੇ ਹਨ।7।

ਪ੍ਰਭੂ ਦੀ ਮਤ ਸੰਪੂਰਨ, ਦ੍ਰਿਸ਼ਟ ਅੰਤਰਜਾਮੀ, ਦਰਸ਼ਨ ਉਧਾਰ ਕਰਨ ਵਾਲਾ, ਚਰਨ ਕਮਲ ਅਨੂਪ, ਰੂਪ ਸੁੰਦਰ ਹੈ। ਜਿਸ ਸੇਵਕ ਦੀ ਸੇਵਾ ਪ੍ਰਵਾਨ ਹੋ ਜਾਂਦੀ ਹੈ ਉਹ ਧੰਨ ਹੈ। ਜਿਸ ਦੇ ਮਨ ਵਿਚ ਉਹ ਵਸ ਜਾਵੇ ਉਹ ਨਿਹਾਲ ਹੋ ਜਾਂਦਾ ਹੈ ਤੇ ਕਾਲ ਉਸ ਦੇ ਨਿਕਟ ਨਹੀਂ ਆਉਂਦਾ। ਸਾਧ ਸੰਗਿ ਹਰਿ ਨੂੰ ਧਿਆ ਕੇ ਅਮਰਪਦ ਪ੍ਰਾਪਤ ਹੋ ਜਾਂਦਾ ਹੈ।8।22।

ਤੇਈਵੇਂ ਸਲੋਕ ਦਾ ਭਾਵ ਹੈ, ਗੁਰੂ ਉਹ ਗਿਆਨ ਦੇਂਦਾ ਹੈ ਜਿਸ ਨਾਲ ਗਿਆਨ ਦਾ ਅੰਨੇਰਾ ਦੂਰ ਹੋ ਜਾਂਦਾ ਹੈ। ਅਜੇਹੇ ਸੰਤ ਨਾਲ ਮਿਲਾਪ ਹਰਿ ਦੀ ਕ੍ਰਿਪਾ ਨਾਲ ਹੁੰਦਾ ਹੈ।

ਅਸ਼ਟਪਦੀ ਵਿਚ ਇਸ ਦਾ ਵਿਸਥਾਰ ਇਉਂ ਹੈ।

ਸੰਤ ਦੀ ਸੰਗਤ ਨਾਲ ਪ੍ਰਭੂ ਅੰਤਰਾਤਮੇ ਦਿਸ ਪੈਂਦਾ ਹੈ। ਉਸ ਦਾ ਨਾਮ ਮਿੱਠਾ ਲੱਗਦਾ ਹੈ, ਸਭ ਸਾਮਗਰੀ, ਅਨੇਕ, ਰੰਗ, ਨੌਂ ਨਿਧਾਂ ਪ੍ਰਾਪਤ ਹੋ ਜਾਂਦੀਆਂ ਹਨ। ਦੇਖਦਾ ਉਹ ਹੀ ਹੈ ਜਿਸ ਨੂੰ ਪ੍ਰਭੂ ਆਪ ਦਿਖਾਵੇ ।1।

ਅੰਦਰ ਬਾਹਰ ਇਕ ਅਨੰਤ ਭਗਵੰਤ ਵਿਆਪਕ ਹੈ। ਉਹ ਸਭ ਤੱਤਾਂ, ਚਹੁੰ ਕੁੰਟਾਂ, ਦਸਾਂ ਦਿਸ਼ਾਂ ਵਿਚ ਸਮਾ ਰਹਿਆ ਹੈ ।2।

ਵੇਦ ਪੁਰਾਣ ਸਿਮ੍ਰਿਤੀਆਂ, ਚੰਦ ਸੂਰਜ ਨਛੱਤਰਾਂ, ਸਭ ਵਿਚ ਉਹ ਦ੍ਰਿਸ਼ਟਮਾਨ ਹੈ, ਸਭ ਵਿਚੋਂ ਉਹ ਬੋਲਦਾ ਹੈ। ਉਹ ਸਾਰੀਆਂ ਕਲਾਂ ਵਾਲਾ ਖੇਡ ਖੇਡਦਾ ਹੈ, ਸਭ ਵਿਚ ਉਸ ਦੀ ਜੋਤ ਦਾ ਪ੍ਰਕਾਸ਼ ਹੈ ।3।

ਸੰਤ ਸਭ ਵਿਚ ਬ੍ਰਹਮ ਨੂੰ ਵੇਖਦੇ ਹਨ, ਧਰਮ ਨੂੰ ਹਿਰਦੇ ਵਿਚ ਵਸਾਉਂਦੇ ਹਨ, ਸੁਭ ਵਚਨ ਕਰਦੇ, ਸਰਵ ਵਿਆਪਕ ਰਾਮ ਨਾਲ ਰਚੇ ਹੋਏ ਹਨ। ਇਹ ਉਸ ਨੂੰ ਜਾਣਨ ਵਾਲਿਆਂ ਦੀ ਰਹਿਣੀ ਕਹਿਣੀ ਹੋ ਜਾਂਦੀ ਹੈ ।4।

ਉਹ ਆਪ ਸੱਤ ਤੇ ਉਸ ਦੀ ਕੀਤੀ ਸਭ ਸੱਤ ਹੈ। ਉਹ ਚਾਹੇ ਤਾਂ ਵਿਸਤਾਰ ਕਰਦਾ ਹੈ, ਚਾਹੇ ਤਾਂ ਸਭ ਕੁਝ ਸਮੇਟ ਕੇ ਇਕ ਆਪ ਹੀ ਰਹਿ ਜਾਂਦਾ ਹੈ ।5।

ਸਭ ਵਸਤਾਂ ਵਿਚ ਉਹ ਆਪ ਵਰਤ ਰਿਹਾ ਹੈ, ਸਾਰੇ ਨੈਣਾਂ ਵਿਚੋਂ ਉਹ ਵੇਖਦਾ ਹੈ। ਸਾਰੀ ਸ੍ਰਿਸ਼ਟੀ ਉਸ ਦਾ ਤਨ ਹੈ। ਆਵਾਗੌਣ ਉਸ ਦੀ ਰਚਾਈ ਖੇਡ ਹੈ। ਉਹ ਸਭ ਕੁਝ ਦੇ ਵਿਚ ਅਲੇਪ ਰਹਿੰਦਾ ਹੈ ।6।

ਉਹ ਜੋ ਕੁਝ ਕਰਦਾ ਹੈ, ਠੀਕ ਕਰਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਕੁਝ ਨਹੀਂ ਕਰ ਸਕਦਾ ।7।

ਜੋ ਉਸ ਨੂੰ ਜਾਣ ਲੈਂਦਾ ਹੈ ਸਦਾ ਸੁਖ ਪਾਉਂਦਾ ਹੈ ।8।23।

ਪਰ ਉਹ ਮਨੁੱਖ ਇਹ ਸਭ ਕੁਝ ਕਰਦਾ ਤੇ ਪਾਉਂਦਾ ਹੈ ਜਿਸ ਉੱਤੇ ਪ੍ਰਭੂ ਆਪ ਕ੍ਰਿਪਾ ਕਰੇ ।23।

ਚੌਵੀਏਂ ਸਲੋਕ ਵਿਚ ਪੂਰੇ ਪ੍ਰਭੂ ਦੀ ਅਰਾਧਨਾ ਕਰਨ ਤੇ ਗੁਣ ਗਾਣ ਦਾ ਉਪਦੇਸ਼ ਕੀਤਾ ਹੈ।

ਅਸ਼ਟਪਦੀ ਵਿਚ ਇਸ ਦਾ ਵਿਸਤਾਰ ਹੈ।

ਪੂਰੇ ਗੁਰੂ ਦਾ ਉਪਦੇਸ਼ ਸੁਣ ਕੇ ਪਾਰਬ੍ਰਹਮ ਨੂੰ ਨਿਕਟ ਵੇਖ ਲਈਦਾ ਹੈ। ਉਸ ਨੂੰ ਸਾਸ ਸਾਸ ਸਿਮਰੋ ਤੇ ਸਭ ਚਿੰਤਾ ਮਿਟ ਜਾਵੇਗੀ। ਸਾਧੂ ਦੇ ਸੰਗ ਨਾਲ ਅਗਨੀ ਦਾ ਸਾਗਰ ਤਰਿਆ ਜਾ ਸਕੇਗਾ। ਪੂਰੇ ਗੁਰੂ ਨੂੰ ਮੰਨ ਕੇ ਹਰਿ ਧਨ ਦੇ ਭੰਡਾਰ ਭਰ ਲਵੋ ।1।

ਸਾਧੂ ਦੇ ਸੰਗ ਵਿਚ ਪਰਮਾਨੰਦ ਨੂੰ ਭਜਣ ਨਾਲ ਖੇਮ, ਕੁਸ਼ਲ, ਸਹਜ, ਆਨੰਦ, ਪ੍ਰਾਪਤ ਹੁੰਦੇ ਹਨ। ਉਸ ਦਾ ਨਾਮ ਜਪ ਕੇ ਸਭ ਕੁਝ ਪ੍ਰਾਪਤ ਕਰੋ ।2।

ਸਾਧੂ ਦੇ ਵਚਨ ਉੱਤਮ ਸਲੋਕ ਹੁੰਦੇ ਹਨ, ਇਹ ਅਮੋਲਕ ਲਾਲ ਰਤਨ ਹਨ। ਜੋ ਇਨ੍ਹਾਂ ਨੂੰ ਸੁਣਦਾ ਤੇ ਹਰਿ ਜਸ ਗਾਉਂਦਾ ਹੈ, ਜੀਵਨ ਸਫਲ ਕਰ ਲੈਂਦਾ ਹੈ। ਸੰਤ ਜਨਾਂ ਦੇ ਸੰਗ ਹੋਰ ਬਹੁਤ ਤਰ ਜਾਂਦੇ ਹਨ।3।

ਉਸ ਦੀ ਸਰਨ ਆਇਆਂ ਸਭ ਵੈਰ ਮਿਟ ਜਾਂਦੇ ਹਨ।

ਸਾਧੂ ਗੁਰੂ ਦੀ ਸੰਗਤ ਤੇ ਸੇਵਾ ਤੋਂ ਸਭ ਦੁਖ ਦੂਰ ਹੁੰਦੇ ਹਨ ਤੇ ਸਭ ਸੁਖ ਮਿਲਦੇ ਹਨ।4।

ਹੇ ਸੰਤੋ, ਹੇ ਮਿਤਰੋ, ਪ੍ਰਭੂ ਦੀ ਉਸਤਤ ਕਰੋ। ਇਸ ਦੇ ਫਲ ਰੂਪ ਸਭ ਕੁਝ ਮਿਲ ਜਾਂਦਾ ਹੈ ਤੇ ਆਵਾਗੌਣ ਤੋਂ ਛੁੱਟ ਜਾਈਦਾ ਹੈ।5।

ਉਸ ਮਨੁੱਖ ਨੂੰ ਜੋ ਗੁਰੂ ਦੇ ਬਚਨ ਸੁਣ ਕੇ ਮਨ ਵਿਚ ਧਾਰਦਾ ਹੈ, ਖੇਮ (ਅਟਲ ਸੁਖ), ਸ਼ਾਂਤੀ, ਰਿਧੀਆਂ, ਨੌ ਨਿਧਾਂ, ਬੁਧੀ, ਗਿਆਨ, ਸਿਧੀਆਂ, ਵਿਦਿਆ, ਤਪ, ਜੋਗ, ਧਿਆਨ, ਤੀਰਥ ਅਸ਼ਨਾਨ, ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ), ਰਿਦੇ ਵਿਚ ਕਮਲ ਜੇਹਾ ਖੇੜਾ, ਤੇ ਨਾਲ ਹੀ ਸਭ ਕੁਝ ਦੇ ਵਿਚ ਰਹਿੰਦੇ ਹੋਏ ਉਦਾਸੀ, ਸੁਹੱਪਣ, ਤੱਤ ਗਿਆਨ, ਸਮ-ਦ੍ਰਿਸ਼ਟੀ ਪ੍ਰਾਪਤ ਹੋ ਜਾਂਦੇ ਹਨ।6।

ਜੋ ਇਸ ਗੁਣ ਨਿਧਾਨ ਨੂੰ ਜਪਦਾ ਹੈ। ਉਸ ਦਾ ਸਾਰੇ ਜੁਗਾਂ ਵਿਚ ਭਲਾ ਹੁੰਦਾ ਹੈ। ਨਾਮ ਉਹ ਬਾਣੀ ਹੈ, ਜੋ ਸਿਮ੍ਰਿਤੀਆਂ, ਸ਼ਾਸਤਰਾਂ, ਵੇਦਾਂ, ਆਦਿ ਨੇ ਵਖਾਣੀ ਹੈ। ਜਿਸ ਦੇ ਚੰਗੇ ਭਾਗ ਹੋਣ ਉਹ ਸੰਤ ਸਰਣ ਆ ਕੇ ਇਸ ਨੂੰ ਪ੍ਰਾਪਤ ਕਰਦਾ ਹੈ।7।

ਜਿਸ ਦੇ ਮਨ ਵਿਚ ਨਾਮ ਵਸ ਜਾਂਦਾ ਹੈ ਉਸ ਦਾ ਜਨਮ ਮਰਨ ਕਟ ਜਾਂਦਾ ਹੈ, ਦੁਖ, ਰੋਗ, ਭਰਮ ਵਿਨਸ ਜਾਂਦੇ ਹਨ, ਉਸ ਪ੍ਰਭੂ ਦੀ ਸੋਭਾ ਸਭ ਤੋਂ ਉੱਚੀ ਹੈ, ਇਸ ਲਈ ਉਸ ਦਾ ਨਾਮ ਸੁਖਾਂ ਦੀ ਮਣੀ (ਹੀਰਾ, ਖਜ਼ਾਨਾ) ਹੈ।8।28।

(3)

ਸਾਰ ਰੂਪ ਵਿਚ 'ਸੁਖਮਨੀ' ਦਾ ਭਾਵ ਇਹ ਹੈ; ਇਕ ਕਿ ਪ੍ਰਭੂ ਦਾ ਨਾਮ ਸਿਮਰਨ ਨਾਲ ਸਭ ਦੁਖ ਕਲੇਸ਼ ਮਿਟ ਜਾਂਦੇ ਹਨ. ਸਭ ਸੁਖ ਪ੍ਰਾਪਤ ਹੁੰਦੇ ਹਨ।

ਦੂਜਾ, ਪ੍ਰਭੂ ਦਾ ਨਾਮ ਪੂਰੇ ਗੁਰੂ, ਸੰਤ, ਸਾਧੂ, ਬ੍ਰਹਮ ਗਿਆਨੀ ਤੋਂ ਮਿਲਦਾ ਹੈ।

ਤੀਜਾ, ਇਸ ਪੂਰੇ ਗੁਰੂ ਨਾਲ ਭੇਂਟ ਪ੍ਰਭੂ ਦੀ ਕਿਰਪਾ ਦੁਆਰਾ ਹੁੰਦੀ ਹੈ।

ਚੌਥਾ, ਪ੍ਰਭੂ ਨਿਰਗੁਣ ਸਰਗੁਣ ਸਭ ਕੁਝ ਹੈ। ਪਾਪ ਪੁੰਨ, ਦੁਖ ਸੁਖ, ਉਸ ਦੀ ਖੇਡ ਹੈ। ਵਾਸਤਵ ਵਿਚ ਇਹ ਮਾਇਆ ਹੈ, ਮਿਥਿਆ ਹੈ, ਕੁਝ ਨਹੀਂ ਹੈ। ਪਰ ਉਸ ਦੇ ਸੱਤ ਹੋਣ ਕਾਰਣ ਇਹ ਮਿਥਿਆ ਵੀ ਸੱਤ ਹੈ, ਕਿਉਂਕਿ ਇਹ ਉਸ ਦਾ ਭਾਗ ਹੈ, ਉਹ ਇਕ ਸਮੇਂ ਇਸ ਨੂੰ ਬਾਹਰ ਕੱਢ ਕੇ ਸਾਕਾਰ ਕਰ ਦੇਂਦਾ, ਤੇ ਦੂਜੇ ਸਮੇਂ ਆਪਣੇ ਵਿਚ ਸਮੇਟ ਲੈਂਦਾ ਹੈ।

ਗੁਰਬਾਣੀ ਵਿਚ ਇਸ ਸੰਸਾਰ ਦੇ ਮਿਥਿਆ ਰੂਪ ਤੇ ਸੱਤ ਰੂਪ ਦੋਵੇਂ ਹੋਣ ਦੇ ਕਈ ਕਥਨ

ਮਿਲਦੇ ਹਨ। ਵਾਸਤਵ ਵਿਚ ਇਹ ਗੱਲ ਬਹੁਤੀ ਭੇਦ ਮਈ ਨਹੀਂ। ਇਹ ਸ੍ਰਿਸ਼ਟੀ ਮਿਥਿਆ ਇਸ ਕਰਕੇ ਹੈ ਕਿ ਇਹ ਆਪਣੇ ਆਪ ਵਿਚ ਸੁਤੰਤਰ ਨਹੀਂ, ਉਸ ਤੋਂ ਵੱਖਰੀ ਨਹੀਂ। ਸੱਤ ਇਸ ਲਈ ਹੈ ਕਿ ਉਸ ਸੱਤ ਦੇ ਭਾਣੇ ਅੰਦਰ ਮੁੜ ਮੁੜ ਵਰਤਦੀ ਤੇ ਸਮਾਪਤ ਹੁੰਦੀ ਹੈ। ਇਸ ਪ੍ਰਕਾਰ ਇਹ ਪੁਰਾਤਨ ਸਾਂਖ, ਆਦਿ ਦੇ ਦਵੈਤਵਾਦੀ ਮਤਾਂ ਤੋਂ ਭਿੰਨ ਮਤ ਹੈ। ਇਸ ਮਤ ਅਨੁਸਾਰ ਪ੍ਰਕ੍ਰਿਤੀ ਬ੍ਰਹਮ ਦਾ ਪਸਾਰ, ਲੀਲ੍ਹਾ, ਖੇਡ ਹੈ, ਅਨਾਦਿ ਤੇ ਅਨੰਤ ਨਹੀਂ। ਪਰ ਦਵੈਤਵਾਦੀ ਮਤ ਇਸ ਨੂੰ ਅਨਾਦੀ ਤੇ ਅਨੰਤ ਮੰਨਦੇ ਹਨ, ਪੁਰਸ਼ ਆਤਮਾ, ਜਾਂ ਚੇਤਨ ਤੱਤ ਦੇ ਨਾਲ ਨਾਲ। ਆਧੁਨਿਕ ਤਰਕਵਾਦ ਤੇ ਭੌਤਿਕਵਾਦ ਵੀ ਪ੍ਰਕ੍ਰਿਤੀ ਨੂੰ ਸੱਤ ਰੂਪ ਅਨਾਦੀ ਤੇ ਅਨੰਤ ਮਾਨਦਾ ਹੈ। ਅਸਾਡੇ ਸਮੇਂ ਦਾ ਸਾਰਾ ਵਿਗਿਆਨ ਇਸ ਦੇ ਅਨਾਦੀ ਤੇ ਆਨੰਤ ਹੋਣ ਦੀ ਸਾਖੀ ਭਰਦਾ ਹੈ।

ਨਿਰੋਲ ਦ੍ਵੈਵਾਦ ਤਾਂ ਇਹ ਆਖਦਾ ਹੈ ਕਿ ਸਭ ਕੁਝ ਇਹ ਪ੍ਰਕ੍ਰਿਤੀ ਹੀ ਹੈ। ਆਤਮਾ ਜਾਂ ਚੇਤੰਨ ਇਸ ਦੀ ਇਕ ਕਲਾ ਹੀ ਹੈ। ਇਸ ਪ੍ਰਕਾਰ ਇਹ ਦ੍ਵੈਵਾਦ ਦੂਜੇ ਪਾਸੇ ਇਕ ਪ੍ਰਕਾਰ ਦਾ ਅਦਵੈਤ ਹੈ।

ਅੱਜ ਕਲ੍ਹ ਦਾ ਵੱਡਾ ਵਿਵਾਦ ਤੇ ਸੰਘਰਸ਼ ਇਨ੍ਹਾਂ ਦੋ ਅਦਵੈਤਾਂ ਵਿਚ ਹੈ ਇਕ ਬ੍ਰਹਮ ਤੇ ਇਕ ਪ੍ਰਕ੍ਰਿਤੀ ਵਿਚ। ਗੁਰਮਤਿ ਸਭ ਈਸ਼ਵਰ-ਵਾਦੀ ਮਤਾਂ ਅਨੁਸਾਰ ਇਕ ਬ੍ਰਹਮ ਅਦਵੈਤ ਦੀ ਧਾਰਨਾ ਵਾਲਾ ਹੈ। ਇਸ ਪ੍ਰਕਾਰ ਮੂਲ ਰੂਪ ਵਿਚ ਇਸ ਦੀ ਆਧੁਨਿਕ ਵਿਗਿਆਨ ਨਾਲ ਟੱਕਰ ਹੈ।

ਪਰ ਇਕ ਗੱਲ ਜਿਸ ਵਿਚ ਇਹ ਦੂਜੇ ਈਸ਼ਵਰੀ ਮਤਾਂ ਨਾਲੋਂ ਕੁਝ ਭਿੰਨ ਹੈ। ਉਹ ਹੈ ਇਸ ਸੰਸਾਰ ਨੂੰ ਮਿਥਿਆ ਰੂਪ ਮੰਨ ਕੇ ਫਿਰ ਇਸ ਨੂੰ ਸੱਤ ਰੂਪ ਵੀ ਸਮਝ ਲੈਣਾ। ਦੂਜੇ ਈਸ਼੍ਵਰ ਵਾਦੀ ਮਤ ਇਸ ਸੰਸਾਰ ਨੂੰ ਸੱਤ ਰੂਪ ਨਹੀਂ ਮੰਨਦੇ, ਉਹ ਇਸ ਨੂੰ ਨਿਰੋਲ ਮਿਥਿਆ, ਜਾਂ ਸੱਤ ਰੂਪ ਤੋਂ ਪਤਨ ਦੀ ਅਵਸਥਾ ਆਖਦੇ ਹਨ।

'ਸੁਖਮਨੀ' ਤੇ ਗੁਰਮਤ ਦੀ ਦੂਜੀ ਮਾਨਤਾ ਨੂੰ ਉਪਰਲੇ ਸੰਖੇਪ ਵਿਚ ਪਹਿਲੇ ਸਥਾਨ ਉੱਤੇ ਰਖਿਆ ਗਿਆ ਹੈ। ਮਨੁੱਖ ਪ੍ਰਭੂ ਦਾ ਸਿਮਰਨ ਕਰਕੇ ਇਸ ਸੰਸਾਰ ਦੇ ਸਭ ਕਲੇਸ਼ਾਂ ਤੋਂ ਬਚੇ ਤੇ ਸਭ ਸੁਖ ਪ੍ਰਾਪਤ ਕਰੇ। ਇਸ ਦਾ ਆਧਾਰ ਇਹ ਹੀ ਹੈ ਕਿ ਇਹ ਦੁਖ ਸੁਖ ਸੱਤ ਰੂਪ ਹਨ, ਕਿਉਂਕਿ ਇਹ ਸੱਤ ਰੂਪ ਸੰਸਾਰ ਦੇ ਗੁਣ ਹਨ। ਇਨ੍ਹਾਂ ਨੂੰ ਸੱਤ ਰੂਪ ਮੰਨਣਾ ਜੀਵਨ ਦੇ ਵਧੇਰੇ ਅਨੁਕੂਲ ਇਕ ਮਾਨਤਾ ਹੈ। ਇਨ੍ਹਾਂ ਨੂੰ ਮਿਥਿਆ ਰੂਪ ਆਖਕੇ ਗੁਜ਼ਾਰਾ ਨਹੀਂ। ਭਾਵੇਂ ਗੁਰਮਤ ਵਿਚ ਆਖਿਆ ਗਿਆ ਹੈ ਕਿ ਉਹ ਵਿਰਲੇ ਸੰਤ ਜੋ ਪ੍ਰਭੂ-ਨਾਲ ਇਕ ਭਾਵ ਹੋਏ ਹੁੰਦੇ ਹਨ, ਇਸ ਦੁਖ ਸੁਖ ਤੋਂ ਉਪਰ ਹੁੰਦੇ ਹਨ। ਪਰ ਉਨ੍ਹਾਂ ਨੂੰ ਵਿਰਲਾ ਆਖਣਾ ਇਹ ਮੰਨ ਲੈਣ ਦੇ ਤੁੱਲ ਹੈ ਕਿ ਜਨ ਸਾਧਾਰਣ ਇਨ੍ਹਾਂ ਤੋਂ ਉੱਪਰ ਨਹੀਂ ਉਠ ਸਕਦਾ।

ਪਰ ਇਨ੍ਹਾਂ ਦੁਖਾਂ ਨੂੰ ਦੂਰ ਤੇ ਸੁਖਾਂ ਨੂੰ ਪ੍ਰਾਪਤ ਕਰਨ ਦਾ ਜੋ ਉਪਾਇ ਗੁਰਮਤ ਵਿਚ ਤੇ 'ਸੁਖਮਨੀ' ਵਿਚ ਵਿਸ਼ੇਸ਼ ਕਰਕੇ ਦੱਸਿਆ ਗਿਆ ਹੈ, ਜਨ ਸਾਧਾਰਣ ਨੂੰ ਵਿਰਲੇ ਸੰਤ

ਜੇਹਾ ਜਾਂ ਉਸ ਨਾਲ ਇਕ ਭਾਵ ਹੋ ਜਾਣ ਦਾ ਉਪਦੇਸ਼ ਹੀ ਹੈ। ਇਹ ਆਖਿਆ ਗਿਆ ਹੈ ਕਿ ਨਾਮ ਦੇ ਸਿਮਰਨ ਨਾਲ ਦੁੱਖਾਂ ਦਾ ਨਾਸ਼ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਵਾਸਤਵਿਕ ਭੌਤਿਕ ਸਾਮਾਜਿਕ ਜੀਵਨ ਵਿਚ ਇਹ ਗੱਲ ਬਹੁਤੀ ਢੁਕਦੀ ਨਹੀਂ। ਇਸ ਵਿਚ ਦੁੱਖ ਸੁਖ ਵਿਆਪਦੇ ਹਨ, ਤੇ ਸੰਤ ਪੁਰਖ ਵੀ ਇਹ ਹੀ ਕਰ ਸਕਦਾ ਹੈ ਕਿ ਇਨ੍ਹਾਂ ਨੂੰ ਪ੍ਰਭੂ ਦਾ ਭਾਣਾ ਆਖ ਕੇ ਮੰਨ ਲਵੇ। ਇਨ੍ਹਾਂ ਦੀ ਹੋਂਦ ਤੋਂ ਇਨਕਾਰ ਕਰਨਾ ਇਕ ਪ੍ਰਕਾਰ ਦੀ ਭ੍ਰਾਂਤੀ ਹੈ, ਜਿਵੇਂ ਕੋਈ ਹਾਰ ਕੇ ਆਖ ਦੇਵੇ ਮੈਂ ਜਿਤਿਆ ਹੋਇਆ ਹਾਂ, ਜਾਂ ਕੋਈ ਮਰ ਜਾਵੇ ਤਾਂ ਆਖ ਦਿਤਾ ਜਾਵੇ ਉਹ ਅਮਰ ਹੈ। ਤੇ ਇਹ ਭ੍ਰਾਂਤੀ ਮਨੁੱਖ ਜੀਵਨ ਦਾ ਇਕ ਵਾਸਤਵਿਕ ਭਾਗ ਹੈ। ਗੁਰਬਾਣੀ ਦਾ 'ਮਨ ਜੀਤੈ ਜਗ ਜੀਤ' ਸਿਧਾਂਤ, ਤੇ ਕਾਲ ਤੋਂ ਛੁੱਟ ਜਾਣ ਦਾ ਸਿਧਾਂਤ,—'ਸੁਖਮਨੀ' ਅਨੁਸਾਰ, 'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ'— ਸਾਧਾਰਣ ਸਮਾਜਿਕ ਜੀਵਨ ਵਿਚ ਮਹਾਨ ਕਰਨੀ ਵਾਲੇ ਨੂੰ ਅਮਰ ਆਖ ਦੇਣਾ, ਇਕ ਉੱਤਮ ਭਾਵ ਦੀ ਭ੍ਰਾਂਤੀ ਹੈ।

ਇਹ ਇਕ ਸੁਖਦਾਈ ਮਨੋਵਸਥਾ ਹੈ। ਪੁਰਾਣੇ ਸਮਿਆਂ ਵਿਚ, ਭੂਪਵਾਦੀ ਯੁਗ ਦੇ ਅੰਤ ਤਕ, ਇਸ ਨਾਲ ਬਹੁਤ ਲੋਕ ਆਪਣਾ ਜੀਵਨ ਸੁਖਭਾਵੀ ਬਣਾ ਲੈਂਦੇ ਰਹੇ ਹਨ। ਅਠਾਰ੍ਹਵੀਂ ਸਦੀ ਵਿਚ ਇੰਗਲਿਸਤਾਨ ਦੇ ਇਕ ਪ੍ਰਸਿੱਧ ਬੁਧੀਮਾਨ, ਡਾਕਟਰ ਜਾਨਸਨ ਨੇ ਸਾਹਿਤ ਦਾ ਕਰਮ ਇਹ ਦੱਸਿਆ ਸੀ ਕਿ ਇਹ ਦੁਖ ਦੀ ਪੀੜ ਘਟਾਉਂਦਾ ਤੇ ਸੁਖ ਦਾ ਆਨੰਦ ਵਧਾਉਂਦਾ ਹੈ। ਇਸ ਪ੍ਰਕਾਰ ਧਰਮ ਦਾ ਇਹ ਵਿਸ਼ਵਾਸ਼ ਵੀ ਦੁਖ ਦੀ ਪੀੜ ਜ਼ਰੂਰ ਘਟਾਂਦਾ ਹੈ, ਤੇ ਕੁਝ ਹੱਦ ਤੱਕ ਸੁਖ ਦਾ ਆਨੰਦ ਵੀ ਵਧਾਉਂਦਾ ਹੈ, ਨਹੀਂ ਤਾਂ ਮਨੁੱਖ ਸੁਖ ਨਾਲ ਵੀ ਕਦੀ ਨਹੀਂ ਰੱਜਦਾ ਹੈ।

ਪਰ ਆਧੁਨਿਕ ਯੁੱਗ ਵਿਚ ਮਨੁੱਖ ਨੇ ਪ੍ਰਕ੍ਰਿਤੀ ਉੱਤੇ ਵਧੇਰੇ ਅਧਿਕਾਰ ਪਾ ਕੇ ਇਹ ਅਨੁਭਵ ਕੀਤਾ ਹੈ ਕਿ ਉਹ ਵਿਗਿਆਨ ਤੇ ਸਮਾਜਿਕ ਕਰਮ ਨਾਲ ਨਾ ਕੇਵਲ ਦੁੱਖ ਦੀ ਪੀੜ ਹੀ ਸਗੋਂ ਦੁੱਖ ਦੀ ਹੋਂਦ ਵੀ ਘਟਾਈ ਜਾ ਸਕਦੀ ਹੈ ਜੇ ਇਹ ਬਿਲਕੁਲ ਖ਼ਤਮ ਨਹੀਂ ਕੀਤੀ ਜਾ ਸਕਦੀ ਹੈ। ਇਸ ਦਿਸ਼ਾ ਵਿਚ ਆਧੁਨਿਕ ਕਾਲ ਦੀ ਪ੍ਰਾਪਤੀ ਨੂੰ ਝੁਠਿਆਣਾ ਠੀਕ ਨਹੀਂ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੁਨੀਆਂ ਵਿਚ ਵਿਗਿਆਨ ਦੀ ਉੱਨਤੀ ਨਾਲ ਬੀਮਾਰੀ ਘਟੀ ਹੈ, ਮੌਤ ਘਟੀ ਹੈ, ਦੀਨਤਾ ਦਾ ਦੁਖ ਵੀ ਘਟਿਆ ਹੈ। ਇਹ ਗੱਲਾਂ ਵਾਸਤਵਿਕ ਹੋਈਆਂ ਮਾਪਾਂ ਨਾਲ ਸਿੱਧ ਹੋਈਆਂ ਗੱਲਾਂ ਹਨ।

ਪਰ ਕਹਿ ਦਿੱਤਾ ਜਾਂਦਾ ਹੈ ਕਿ ਇਸ ਭੌਤਿਕ ਉੱਨਤੀ ਨਾਲ ਮਨੁੱਖ ਦੀ ਮਨੋਵਸਥਾ ਵਧੇਰੇ ਸੁਖੀ ਨਹੀਂ ਹੋਈ। ਹੁਣ ਇਸ ਗੱਲ ਦਾ ਮਾਪ ਕੋਈ ਨਹੀਂ। ਇਕ ਆਦਮੀ ਕਹਿ ਸਕਦਾ ਹੈ ਕਿ ਮਨੋਵਸਥਾ ਵਧੇਰੇ ਸੁਖੀ ਹੈ। ਤੇ ਉਸ ਦੇ ਕਥਨ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਪਰ ਇਸ ਬਾਰੇ ਵੀ ਜੇ ਕੋਈ ਲੱਖਣ ਲਗਾਇਆ ਜਾ ਸਕਦਾ ਹੈ ਤਾਂ ਉਹ ਪੁਰਾਣੇ ਸਮੇਂ ਦੇ ਸਾਹਿਤ ਆਦਿ ਦਾ ਹੁਣ ਦੇ ਸਮੇਂ ਦਾ ਸਾਹਿਤ ਨਾਲ ਟਾਕਰਾ ਕਰਕੇ ਹੋ ਸਕਦਾ ਹੈ। ਪੁਰਾਣੇ ਸਮੇਂ ਦੇ ਸਾਹਿਤ ਵਿਚ ਮਨੁੱਖ ਦੀ ਦੀਨਤਾ ਦਾ ਤੇ ਭਟਕਣਾ ਦਾ ਰੋਣਾ ਬਹੁਤ ਹੈ, ਅੱਜ ਦੇ ਸਮੇਂ ਵਿਚ ਉਸ ਦੀ ਵਧ ਰਹੀ ਸ਼ਕਤੀ ਤੇ ਇਸ ਦੇ ਅਤਿਆਚਾਰ ਬਾਰੇ ਚਿੰਤਾ ਵਧੇਰੇ ਅਰਥਾਤ ਮਨੁੱਖ ਦੀ ਸ਼ਕਤੀ ਵਧ

ਗਈ ਹੈ ਪਰ ਇਹ ਸਾਰੀ ਸੁਖਦਾਈ ਪਾਸੇ ਨਹੀਂ ਵਰਤੀ ਜਾ ਰਹੀ। ਲੋੜ ਇਸ ਨੂੰ ਸੁਖਦਾਈ ਪਾਸੇ ਵਰਤਣ ਦੀ ਹੈ।

ਨਿਰਾਸ਼ਵਾਦੀ ਕਹਿ ਦੇਂਦੇ ਹਨ ਕਿ ਮਨੁੱਖ ਦਾ ਸੁਭਾਵ ਹੀ ਅਜੇਹਾ ਹੈ ਕਿ ਇਹ ਸ਼ਕਤੀ ਸੁਖਦਾਈ ਪਾਸੇ ਨਹੀਂ ਵਰਤੀ ਜਾ ਸਕਦੀ। ਜੇ ਮਨੁੱਖ ਦਾ ਸੁਭਾਵ ਹੀ ਇਹ ਹੈ ਤਾਂ ਫਿਰ ਪੁਰਾਣੇ ਮਤ-ਉਪਦੇਸ਼ ਵੀ ਕਿਸ ਕੰਮ ਹਨ ? ਕੀ ਉਨ੍ਹਾਂ ਨੇ ਮਨੁੱਖ ਦਾ ਸੁਭਾਵ ਨਹੀਂ ਬਣਾਇਆ ? ਜਾਂ ਬਦਲਿਆ ?

ਇਹ ਕਹਿਆ ਜਾ ਸਕਦਾ ਹੈ ਕਿ ਵਿਗਿਆਨ ਦੀ ਉੱਨਤੀ ਨਾਲ ਮਨੁੱਖ ਦੀ ਸ਼ਕਤੀ ਜ਼ਰੂਰ ਵਧੀ ਹੈ, ਪਰ ਨਾਲ ਹੀ ਉਸਦਾ ਭੇੜ ਵੀ ਵੱਧ ਗਿਆ ਹੈ। ਇਸ ਦੇ ਉੱਤਰ ਵਿਚ ਇਹ ਵੇਖਣਾ ਹੈ ਕਿ ਸ਼ੇਸ਼ ਤੋਲ ਕੀ ਰਹਿਆ ਹੈ। ਕੀ ਆਧੁਨਿਕ ਕਾਲ ਵਿਚ ਦੁੱਖ ਸੁਖ ਦਾ ਪਾਤ ਪੁਰਾਣੇ ਸਮੇਂ ਨਾਲੋਂ ਵਧੇਰੇ ਹੈ ? ਆਧੁਨਿਕ ਸਮੇਂ ਦੇ ਸਾਂਸਕ੍ਰਿਤਕ ਤੇ ਭੌਤਿਕ ਸਮਾਚਾਰ ਇਸ ਦੇ ਉਲਟ ਗਵਾਹੀ ਦੇਂਦੇ ਹਨ।

'ਸੁਖਮਨੀ' ਦੇ ਜਾਪ ਨਾਲ ਮਨ ਨੂੰ ਸੁਖ ਜ਼ਰੂਰ ਪ੍ਰਤੀਤ ਹੁੰਦਾ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਹ ਸੁਖ ਕਿਸ ਸੁਭਾਵ ਦਾ ਹੈ ? ਕੀ ਇਹ ਭੌਤਿਕ ਦ੍ਰਵ ਰੂਪੀ ਸੁਖ ਹੈ, ਜਾਂ ਮਨੋਵਸਥਾ ਦਾ ਸੁਖ ? ਸਿਧ ਹੈ ਇਹ ਮਨੋਵਸਥਾ ਦਾ ਸੁੱਖ ਹੈ, ਇਸ ਦਾ ਭੌਤਿਕ-ਦ੍ਰਵ ਰੂਪੀ ਸਮਾਚਾਰ ਨਾਲ ਸਬੰਧਤ ਨਹੀਂ।

ਲੋੜ ਕੇਵਲ ਮਾਨਸਿਕ ਕਲਿਆਨ ਦੀ ਨਹੀਂ, ਭੌਤਿਕ ਦ੍ਰਵ ਰੂਪੀ ਕਲਿਆਣ ਦੀ ਵੀ ਹੈ। ਕਹਿਆ ਜਾ ਸਕਦਾ ਹੈ ਕਿ ਦ੍ਰਵ ਰੂਪੀ ਕਲਿਆਣ ਵਿਗਿਆਨ ਕਰੇ, ਮਾਨਸਿਕ ਕਲਿਆਣ ਧਰਮ ਹੀ ਕਰੇਗਾ। ਪਰ ਜੇ ਇਉਂ ਹੈ ਤਾਂ ਧਰਮ ਤੇ ਵਿਗਿਆਨ ਵਿਚ ਵਿਰੋਧ ਨਹੀਂ ਹੋਣਾ ਚਾਹੀਦਾ। ਤੇ ਇਸ ਵਿਚ ਵਧੇਰੇ ਆਭਾਰ ਧਰਮ ਉੱਤੇ ਹੈ। ਇਸ ਨੂੰ ਵਿਗਿਆਨ ਦਾ ਵਿਰੋਧੀ ਨਹੀਂ ਹੋਣਾ ਚਾਹੀਦਾ ਜੇ ਵਿਗਿਆਨ ਇਸ ਦੀਆਂ ਇਸ ਸੰਸਾਰ ਬਾਰੇ ਕੁਝ ਮਾਨਤਾਵਾਂ ਨੂੰ ਗਲਤ ਸਿੱਧ ਕਰਦਾ ਹੋਵੇ। ਟੱਕਰ ਇਥੇ ਜਾ ਕੇ ਹੁੰਦੀ ਹੈ। ਵਿਗਿਆਨ ਧਰਮ ਦੀਆਂ ਇਸ ਸੰਸਾਰ ਦੇ ਇਤਿਹਾਸ, ਉਤਪਤੀ, ਵਿਕਾਸ ਤੇ ਭੌਤਿਕ ਸੁਭਾਵ ਬਾਰੇ ਬਹੁਤ ਮਾਨਤਾਵਾਂ ਨੂੰ ਮਿਥਿਆ ਸਿੱਧ ਕਰਦਾ ਹੈ, ਤੇ ਧਰਮ ਦੇ ਪੱਖੀ ਇਹ ਸਹਾਰ ਨਹੀਂ ਸਕਦੇ।

ਉਦਾਹਰਣ ਰੂਪ, ਜੇ ਕੋਈ ਵਿਗਿਆਨੀ ਇਹ ਆਖੇ ਕਿ ਬਾਈਬਲ ਜਾਂ ਕੁਰਾਨ ਜਾਂ ਵੇਦ ਵਿਚ ਦਿੱਤੀ ਸ੍ਰਿਸ਼ਟੀ ਰਚਨਾ ਦੀ ਵਿਆਖਿਆ ਠੀਕ ਨਹੀਂ ਤਾਂ ਧਰਮ ਨੂੰ ਇਸ ਉੱਤੇ ਆਪਤੀ ਕਿਉਂ ਹੋਵੇ ? ਜੇ ਵਿਗਿਆਨ ਆਖੇ ਕਿ ਪ੍ਰਮਾਤਮਾ ਸਰਗੁਣ ਨਹੀਂ ਮੰਨਿਆ ਜਾ ਸਕਦਾ, ਤਾਂ ਧਰਮ ਇਸ ਤੋਂ ਕਿਉਂ ਚਿੜ੍ਹ ਮੰਨੇ ?

ਤੇ ਜੇ ਇਹ ਆਖਿਆ ਜਾਵੇ ਕਿ ਸਿਮਰਨ ਤੋਂ ਮਨੋਵਸਥਾ ਦਾ ਜੋ ਸੁਖ ਉਪਜਦਾ ਹੈ, ਉਹ ਦ੍ਰਵ ਰੂਪੀ ਨਹੀਂ ਹੋ ਸਕਦਾ, ਤਾਂ ਇਸ ਤੋਂ ਕਿਸੇ ਨੂੰ ਕੋਈ ਰੋਸ ਕਿਉਂ ਹੋਵੇ ? ਇਹ ਠੀਕ ਹੈ ਕਿ ਗੁਰੂ ਦੇ ਕਾਵਿ-ਵਚਨ ਵਿਚ ਇਹ ਗੱਲਾਂ ਕਹੀਆਂ ਹੋਈਆਂ ਹਨ ਕਿ ਸਿਮਰਨ ਤੋਂ ਸਭ ਸੰਪਤੀ,

ਭੌਤਿਕ ਪਦਾਰਥ, ਰਾਜ ਭਾਗ ਪ੍ਰਾਪਤ ਹੋ ਜਾਂਦੇ ਹਨ ਪਰ ਇਨ੍ਹਾਂ ਦਾ ਅਰਥਾਪਨ ਕਾਵਿਮਈ, ਕਿਉਂ ਨਾ ਕੀਤਾ ਜਾਵੇ ? ਇਸ ਦੇ ਦ੍ਰਵਰੂਪੀ ਅਰਥਾਪਨ ਉਤੇ ਕਿਉਂ ਹਠ ਕੀਤਾ ਜਾਵੇ ?

ਕਾਵਿ ਇਕ ਭ੍ਰਾਂਤੀ ਉਪਜਾਉਂਦਾ ਹੈ ਇਸ ਤੋਂ ਕਾਵਿ ਦਾ ਕੋਈ ਸ਼ਰਧਾਲੂ ਇਨਕਾਰ ਨਹੀਂ ਕਰਦਾ। ਪਰ ਭ੍ਰਾਂਤੀ ਭ੍ਰਾਂਤੀ ਵਿਚ ਫ਼ਰਕ ਹੈ। ਇਕ ਭ੍ਰਾਂਤੀ ਭੌਤਿਕ ਰੂਪ ਵਿਚ ਸਾਕਾਰ ਹੋਣ ਦੀ ਯੋਗਤਾ ਹੁੰਦੀ ਹੈ। ਉਸ ਭ੍ਰਾਂਤੀ ਨੂੰ ਸਾਕਾਰ ਕਰਨ ਦੇ ਮਨੁੱਖੀ ਉੱਦਮ ਵਰਤਮਾਨ ਤਾਂ ਹੋਂਦ ਵਿਚ ਆ ਜਾਣ ਵੇਲੇ ਹੁੰਦੇ ਹਨ। ਉਹ ਭ੍ਰਾਂਤੀ ਮਨੁੱਖ ਤੋਂ ਉੱਦਮ ਕਰਵਾਉਂਦੀ ਹੈ। ਜਦੋਂ ਕੋਈ ਸੈਨਾ ਮੁਹਿਮ ਉਤੇ ਚੜ੍ਹਦੀ ਹੈ ਤਾਂ ਜਿੱਤ ਦੀ ਭ੍ਰਾਂਤੀ ਬਣਾ ਕੇ ਚੜ੍ਹਦੀ ਹੈ। ਸੈਨਿਕਾਂ ਵਿਚ ਅਜੇਹੀ ਮਨੋਵਸਥਾ ਉਤਪੰਨ ਕੀਤੀ ਜਾਂਦੀ ਹੈ ਜਿਸ ਨਾਲ ਉਨ੍ਹਾਂ ਦੇ ਉੱਦਮ ਨੂੰ ਸਹਾਇਤਾ ਮਿਲੇ, ਗੁਰੂ ਗੋਬਿੰਦ ਸਿੰਘ ਦਾ ਆਪਣਾ ਕਥਨ ਹੈ :

**ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,**
**ਨਿਸ਼ਚੈ ਕਰ ਆਪਨੀ ਜੀਤ ਕਰੋਂ।**

ਭ੍ਰਾਂਤੀ ਕਈ ਪ੍ਰਕਾਰ ਦੀ ਹੋ ਸਕਦੀ ਹੈ, ਇਹ ਉੱਦਮਕਾਰੀ ਹੋ ਸਕਦੀ ਹੈ, ਸ਼ਾਂਤਕਾਰੀ ਹੋ ਸਕਦੀ ਹੈ, ਤੇ ਹੋਰ ਕੋਈ ਘਟੀਆ ਪ੍ਰਕਾਰ ਦੀ ਹੋ ਸਕਦੀ ਹੈ। 'ਸੁਖਮਨੀ' ਦੀ ਭ੍ਰਾਂਤੀ ਸ਼ਾਂਤਕਾਰੀ ਹੈ। ਤੇ ਬਹੁਤ ਲੋਕ ਜੋ ਸੰਘਰਸ਼ ਨਾਲੋਂ ਵਧੇਰੇ ਸ਼ਾਂਤੀ ਦੇ ਲੋੜਵੰਦ ਹੁੰਦੇ ਹਨ. ਉਨ੍ਹਾਂ ਲਈ ਇਸ ਦਾ ਵੱਡਾ ਮੁੱਲ ਹੈ।

—0—

# ਪੰਜਾਬੀ ਗੋਸ਼ਟਾਂ

**ਸਰਨ ਸਿੰਘ ਸਰੋਜ**

ਗੋਸ਼ਟਿ ਸ਼ਬਦ ਸੰਸਕ੍ਰਿਤ ਦੇ ਗੋਰ ਦਾ ਪੰਜਾਬੀ ਰੂਪ ਹੈ ਜਿਸ ਦੇ ਅਰਥ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਉਸ ਸਭਾ, ਮਜਲਿਸ ਦੇ ਹਨ ਜਿਸ ਵਿਚ ਵਾਰਤਾਲਾਪ ਜਾਂ ਚਰਚਾ ਕੀਤੀ ਜਾਵੇ। ਇਨ੍ਹਾਂ ਅਰਥਾਂ ਵਿਚ ਵੀ ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿਧ ਗੋਸ਼ਟਿ ਵਿਚ ਅਤੇ ਹੋਰ ਲਿਖਾਰੀਆਂ ਨੇ ਆਪਣੀਆਂ ਗੋਸ਼ਟਾਂ ਵਿਚ ਕੀਤੀ ਹੈ। ਗੋਸ਼ਟੀ ਵਿਚ ਬੈਠ ਕੇ ਵਾਰਤਾਲਾਪ ਰਾਹੀਂ ਅਧਿਆਤਮਕ ਸੰਸਿਆਂ ਤੇ ਸ਼ੰਕਿਆਂ ਨੂੰ ਦੂਰ ਕਰਨ ਅਤੇ ਸੁਆਲ ਜੁਆਬ ਕਰਨ ਦੀ ਪ੍ਰਥਾ ਕੋਈ ਨਵੀਂ ਨਹੀਂ ਸਗੋਂ ਜਦੋਂ ਤੋਂ ਮਨੁੱਖ ਨੂੰ ਸਮਾਜਕ ਜਾਂ ਅਧਿਆਤਮਕ ਸੋਝੀ ਹੋਈ ਹੈ ਉਦੋਂ ਤੋਂ ਹੀ ਇਹ ਪ੍ਰਥਾ ਚਲਦੀ ਆ ਰਹੀ ਹੈ। ਸੰਸਾਰ ਦਾ ਬਹੁਤ ਸਾਰਾ ਪ੍ਰਾਚੀਨ ਸਾਹਿਤ, ਇਸੇ ਸ਼ੈਲੀ ਵਿਚ ਰਚਿਆ ਗਿਆ ਹੈ। ਇਸ ਦੀਆਂ ਕੁਝ ਸਰਵੋਤਮ ਮਿਸਾਲਾਂ ਉਪਨਿਸ਼ਦਾਂ, ਭਗਵਤ ਗੀਤਾ ਤੇ ਰਾਮਾਇਣ ਦੇ ਸੰਬਾਦਾਂ, ਜਾਤਕਾਂ (ਬੁੱਧ ਜੀ ਦੀਆਂ ਸਾਖੀਆਂ), ਸ਼ੰਕਰਾਚਾਰੀਆ ਦੀਆਂ ਰਚਨਾਵਾਂ, ਸੁਕਰਾਤ ਦੇ ਵਾਰਤਾਲਾਪ (Dialogues) ਆਦਿ ਵਿਚ ਮਿਲਦੀਆਂ ਹਨ। ਪਰ ਆਮ ਸੰਬਾਦ ਜਾਂ ਵਾਰਤਾਲਾਪ ਅਤੇ ਗੋਸ਼ਟਿ ਵਿਚ ਇਕ ਵਿਸ਼ੇਸ਼ ਅੰਤਰ ਹੈ। ਗੋਸ਼ਟਿ ਸਾਧਾਰਣ ਵਾਰਤਾਲਾਪ ਨਾ ਹੋ ਕੇ ਕਿਸੇ ਅਧਿਆਤਮਕ ਜਾਂ ਦਾਰਸ਼ਨਿਕ ਵਿਸ਼ੇ ਸਬੰਧੀ ਗੰਭੀਰ ਪ੍ਰਸ਼ਨ ਉੱਤਰ ਦਾ ਰੂਪ ਧਾਰਨ ਕਰਦੀ ਅਤੇ ਪ੍ਰਸ਼ਨ ਕਰਤੇ ਦੇ ਸ਼ੰਕਿਆਂ ਦੀ ਨਵਿਰਤੀ ਕਰਦੀ ਹੈ।

ਪੰਜਾਬੀ ਵਿਚ ਗੋਸ਼ਟਾਂ ਲਿਖਣ ਦੀ ਲੀਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਹੀ ਪੈ ਚੁੱਕੀ ਸੀ ਭਾਵੇਂ ਉਨ੍ਹਾਂ ਨੇ ਰਾਮਕਲੀ ਰਾਗ ਵਿਚ ਸਿੱਧ ਗੋਸ਼ਟਿ ਰਚ ਕੇ ਇਸ ਸਾਹਿਤਕ ਰੂਪ ਨੂੰ ਪ੍ਰਮਾਣਿਕਤਾ ਬਖਸ਼ੀ ਹੈ। ਇਹ ਗੋਸ਼ਟਾਂ ਜਿੱਥੇ ਗੁਰਮਤਿ ਸਾਹਿਤ ਦਾ ਅਨਿੱਖੜਵਾਂ ਅੰਗ ਹਨ ਉਥੇ ਪੰਜਾਬੀ ਵਾਰਤਕ ਤੇ ਕਾਵਿ ਦਾ ਵਿਸ਼ਾਲ ਤੇ ਅਮੀਰ ਭੰਡਾਰ ਹਨ ਪਰ ਇਸ ਭੰਡਾਰ ਨੂੰ ਫਰੋਲਣ ਦੀ ਅਤੇ ਇਸ ਮਹਾਨ ਵਿਰਸੇ ਨੂੰ ਵੇਖਣ ਪਰਖਣ ਦੀ ਕੋਸ਼ਿਸ਼ ਅਜੇ ਤਕ ਘੱਟ ਹੀ

ਹੋਈ ਹੈ। ਇਸ ਲੇਖ ਵਿਚ ਅਸੀਂ ਕੇਵਲ ਉਨ੍ਹਾਂ ਗੋਸ਼ਟਾਂ ਸਬੰਧੀ ਹੀ ਸੰਖੇਪ ਚਰਚਾ ਕਰਾਂਗੇ ਜਿਨ੍ਹਾਂ ਦਾ ਸਬੰਧ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਸਮੇਂ ਨਾਲ ਹੈ। ਇਸ ਕਾਲ ਵਿਚ ਪੰਜਾਬ ਦੇ ਸਿੱਧਾਂ ਨਾਥਾਂ, ਪੀਰਾਂ ਫਕੀਰਾਂ ਅਤੇ ਸੰਤਾਂ ਮਹਾਤਮਾਵਾਂ ਨੇ ਇਸ ਸ਼ੈਲੀ ਦਾ ਪ੍ਰਯੋਗ ਕੀਤਾ ਸੀ ਅਤੇ ਉਨ੍ਹਾਂ ਦੀਆਂ ਜਾਂ ਉਨ੍ਹਾਂ ਬਾਰੇ ਰਚੀਆਂ ਗੋਸ਼ਟਾਂ ਪੰਜਾਬ ਵਿਚ ਬਹੁਤ ਪ੍ਰਸਿੱਧ ਸਨ। ਗੋਸ਼ਟੀਆਂ ਦੀ ਇਕ ਬਲਵਾਨ ਪਰੰਪਰਾ ਤੋਂ ਪੰਜਾਬ ਦੇ ਲੋਕ ਅਤੇ ਸੰਤ ਮਹਾਤਮਾ ਭਲੀ ਭਾਂਤ ਪਰਿਚਤਿ ਸਨ। ਇਸ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਤੱਥ ਹੈ ਕਿ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਗੁਰਮੁਖੀ ਅੱਖਰਾਂ ਵਿਚ ਲਿਖੀਆਂ ਅਨੇਕਾਂ ਅਜਿਹੀਆਂ ਗੋਸ਼ਟਾਂ ਮਿਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਗੁਰੂ ਨਾਨਕ ਦੇਵ ਤੋਂ ਪਹਿਲਾਂ ਹੋ ਚੁੱਕੇ ਨਾਥਾਂ, ਪੀਰਾਂ, ਫਕੀਰਾਂ ਤੇ ਭਗਤਾਂ ਨਾਲ ਹੈ। ਇਨ੍ਹਾਂ ਦੇ ਪਦ ਅੱਜ ਵੀ ਪੰਜਾਬ ਦੇ ਲੋਕਾਂ ਦੀ ਜ਼ਬਾਨ ਤੇ ਹਨ।

## ਨਾਥਾਂ ਦੀਆਂ ਗੋਸ਼ਟਾਂ

ਡਾ: ਪੀਤਾਂਬਰ ਦੱਤ ਬੜਥਵਾਲ ਨੇ 1942 ਵਿਚ ਗੋਰਖਬਾਣੀ ਦਾ ਸੰਪਾਦਨ ਕਰਕੇ ਗੁਰੂ ਗੋਰਖ ਨਾਥ ਦੀ ਬਾਣੀ ਅਤੇ ਵਾਰਤਕ ਰਚਨਾ ਨੂੰ ਪਹਿਲੀ ਵੇਰ ਸਾਹਿਤਿਕ ਜਗਤ ਵਿਚ ਉਜਾਗਰ ਕੀਤਾ। ਭਾਸ਼ਾ ਵਿਭਾਗ ਨੇ ਇਸ ਉੱਤਮ ਰਚਨਾ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਕਰਕੇ ਗੁਰੂ ਕਾਲ ਤੋਂ ਪਹਿਲਾਂ ਦੀ ਰਚਨਾ, ਜੋ ਪੰਜਾਬ ਵਿਚ ਇੰਨੀ ਲੋਕਪ੍ਰਿਅ ਅਤੇ ਪ੍ਰਚਲਿਤ ਰਹੀ ਹੈ, ਨੂੰ ਖੋਜੀਆਂ ਸਾਹਮਣੇ ਪੇਸ਼ ਕਰਕੇ ਇਤਿਹਾਸ ਦੀ ਇਕ ਮਹੱਤਵਪੂਰਨ ਕੜੀ ਮੁਹਈਆ ਕੀਤੀ ਹੈ। ਇਸ ਪੁਸਤਕ ਦੇ ਵਿਦਵਾਨ ਸੰਪਾਦਕ ਨੇ ਗੁਰੂ ਗੋਰਖ ਨਾਥ ਦੀਆਂ ਹੋਰ ਰਚਨਾਵਾਂ ਤੋਂ ਛੁਟ ਹੇਠ ਲਿਖੀਆਂ ਚਾਰ ਗੋਸ਼ਟਾਂ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਦਾ ਪਾਠ ਵੀ ਦਿੱਤਾ ਹੈ—

1. ਮਛੰਦ੍ਰ ਗੋਰਖ ਬੋਧ
2. ਗੋਰਖ ਗਣੇਸ਼ ਗੋਸ਼ਟੀ
3. ਗੋਰਖ ਦੱਤ ਗੋਸ਼ਟੀ
4. ਮਹਾਦੇਵ ਗੋਰਖ ਗੋਸ਼ਟੀ

ਇਹ ਸਾਰੀਆਂ ਗੋਸ਼ਟੀਆਂ ਉਨ੍ਹਾਂ ਨੂੰ ਦੇਵ ਨਾਗਰੀ ਲਿਪੀ ਵਿਚ ਲਿਖੇ ਖਰੜਿਆਂ ਤੋਂ ਮਿਲੀਆਂ ਹਨ। ਜਿਨ੍ਹਾਂ ਦਾ ਵੇਰਵਾ ਉਨ੍ਹਾਂ ਨੇ ਆਪਣੀ ਪੁਸਤਕ ਦੇ ਪੰਨਾ 5 ਉਤੇ ਦਿੱਤੀ ਸਾਰਣੀ ਵਿਚ ਦਿੱਤਾ ਹੈ। ਸਭ ਤੋਂ ਪੁਰਾਣੀ ਹੱਥ ਲਿਖਤ ਜਿਹੜੀ ਉਨ੍ਹਾਂ ਨੂੰ ਮਿਲੀ ਹੈ ਉਹ 17 ; 5 ਸੰਮਤ ਦੀ ਲਿਖੀ ਹੋਈ ਹੈ। ਇਨ੍ਹਾਂ ਚਾਰ ਗੋਸ਼ਟੀਆਂ ਵਿਚੋਂ ਇਕ ਗੋਸ਼ਟ 'ਗੋਰਖ ਗਣੇਸ਼ ਗੋਸ਼ਟੀ' ਗੁਰਮੁਖੀ ਅੱਖਰਾਂ ਵਿਚ ਲਿਖੀ ਹੋਈ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ* ਵਿਚ ਪਈ ਹੈ ਜਿਸ ਦਾ ਪਾਠ ਡਾ. ਬੜਥਵਾਲ ਦੀ ਪੁਸਤਕ ਵਿਚ ਪੰਨਾ 237 ਉੱਤੇ ਦਿੱਤੀ ਗੋਸ਼ਟ ਨਾਲ ਕਾਫੀ ਹਦ ਤਕ ਮਿਲਦਾ ਹੈ। ਇਨ੍ਹਾਂ ਦੋਹਾਂ ਵਿਚੋਂ ਕਿਹੜੀ ਪੁਰਾਣੀ ਹੈ ਇਸ ਦਾ ਨਿਰਣਾ ਕਰਨ ਲਈ ਵਧੇਰੇ ਖੋਜ

* ਖਰੜਾ ਨੰ. 171/29271 ; ਇਸ ਖਰੜੇ ਵਿਚ ਦੋ ਗੋਸ਼ਟਾਂ ਹਨ (1) ਗੋਸ਼ਟ ਮਾਰਕੰਡੇ (2) ਗਣੇਸ਼ ਗੋਰਖ ਗੋਸ਼ਟ। ਇਸ ਖਰੜੇ ਦੀ ਲਿਖਤ ਤੇ ਅੱਖਰਾਂ ਦੀ ਬਣਤਰ ਬਹੁਤ ਪੁਰਾਣੀ ਹੈ।

ਦੀ ਲੋੜ ਹੈ। ਕਿਉਂ ਜੋ ਡਾ. ਬੜਥਵਾਲ ਦੀ ਖੋਜ ਕੇਵਲ ਦੇਵ ਨਾਗਰੀ ਲਿਪੀ ਵਿਚ ਲਿਖੀਆਂ ਹੱਥ ਲਿਖਤਾਂ ਤਕ ਹੀ ਸੀਮਿਤ ਸੀ ਇਸ ਕਰਕੇ ਗੁਰੂ ਗੋਰਖ ਨਾਥ ਦੇ ਨਾਂ ਤੇ ਪ੍ਰਚਲਿਤ ਹੋਰ ਗੋਸ਼ਟਾਂ ਜੋ ਗੁਰਮੁਖੀ ਅੱਖਰਾਂ ਵਿਚ ਇਥੇ ਮਿਲਦੀਆਂ ਸਨ, ਉਨ੍ਹਾਂ ਦੇ ਸੰਕਲਪ ਵਿਚ ਸ਼ਾਮਲ ਹੋਣੋਂ ਰਹਿ ਗਈਆਂ ਹਨ ਅਤੇ ਉਨ੍ਹਾਂ ਦਾ ਉਹ ਵਰਨਣ ਤਕ ਭੀ ਨਹੀਂ ਕਰ ਸਕੇ। ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ ਗੁਰਮੁਖੀ ਦਾ ਇਕ ਬਹੁਤ ਪੁਰਾਣਾ ਖਰੜਾ ਪਿਆ ਹੈ।[1] ਇਸ ਦਾ ਲਿਖਤ ਸਮਾਂ ਹਰ ਸੂਰਤ ਵਿਚ 17ਵੀਂ ਸਦੀ ਦੇ ਬਾਅਦ ਦਾ ਨਹੀਂ ; ਇਸ ਦੀ ਲਿਖਤ ਦਾ ਚਿਤ੍ਰ ਅਗਲੇ ਪੰਨੇ ਤੇ ਚਿਤ੍ਰ ਨੰ: 1 ਵਿਚ ਦਿੱਤਾ ਜਾ ਰਿਹਾ ਹੈ। ਇਸ ਦੇ ਅੱਖਰਾਂ ਦੀ ਬਣਾਵਟ ਹੂ-ਬਹੂ ਉਸ ਲਿਖਣ ਸ਼ੈਲੀ ਨਾਲ ਮਿਲਦੀ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਰਾਵਲਪਿੰਡੀ ਵਾਲੀ ਬੀੜ ਲਿਖੀ ਗਈ ਸੀ। ਪ੍ਰਸਪਰ ਮੇਲਾਨ ਲਈ ਇਸ ਬੀੜ ਦੀ ਲਿਖਤ ਦਾ ਚਿਤ੍ਰ ਵੀ ਚਿਤ੍ਰ ਨੰ: 2 ਵਿਚ ਦਿੱਤਾ ਜਾ ਰਿਹਾ ਹੈ। ਭਾਸ਼ਾ ਵਿਭਾਗ ਵਾਲੇ ਉਪਰੋਕਤ ਖਰੜੇ ਵਿਚ ਗੁਰੂ ਗੋਰਖ ਨਾਥ ਦੀਆਂ ਹੇਠ ਲਿਖੀਆਂ ਤਿੰਨ ਰਚਨਾਵਾਂ ਹਨ :—

1. ਪੰਦ੍ਰਹ ਥਿਤੀ ਸ੍ਰੀ ਗੋਰਖ ਕੀਆਂ
2 ਵਾਰ ਸ੍ਰੀ ਗੋਰਖ ਕੀ
3. ਗੋਸ਼ਟ ਗੋਰਖ ਗੁਸਾਈਂ ਕੀ

ਇਨ੍ਹਾਂ ਵਿਚੋਂ ਡਾ. ਸਾਹਿਬ ਦੇ ਸੰਕਲਨ ਵਿਚ ਕੇਵਲ ਪੰਦ੍ਰਹ ਥਿਤੀ ਹੀ ਸ਼ਾਮਲ ਹੈ। ਬਾਕੀ ਦੀਆਂ ਦੋ ਰਚਨਾਵਾਂ ਦਾ ਉਨ੍ਹਾਂ ਨੂੰ ਪਤਾ ਨਹੀਂ ਸੀ। ਇਸ ਤੋਂ ਇਲਾਵਾ ਦੋ ਗੋਸਟਾਂ ਹੋਰ ਹਨ ਜੋ ਗੁਰੂ ਗੋਰਖ ਨਾਥ ਦੇ ਨਾਂ ਨਾਲ ਸਬੰਧਤ ਹਨ। ਇਹ ਹਨ : ਗੋਸ਼ਟਿ ਹੋਈ ਇਕੰਤ ਕੇ ਸਮੇਂ ਬੈਠਿ ਕੇ ਕੀਤੀ। ਇਸ ਵਿਚ 'ਜੋਗ ਜੁਗਿਤ ਸਿਰਜਾਦਾ ਸਬੰਧੀ' ਗੁਰੂ ਨਾਨਕ ਦੇਵ ਜੀ, ਗੋਰਖਨਾਥ ਅਤੇ ਭਰਥਰਿ ਹਰੀ ਦੀ ਵਾਰਤਾਲਾਪ ਕਵਿਤਾ ਰੂਪ ਵਿਚ ਕਰਵਾਈ ਗਈ ਹੈ। ਇਹ ਗੋਸ਼ਟ ਨਿਰਸੰਦੇਹ ਗੁਰੂ ਗੋਰਖ ਨਾਥ ਦੀ ਆਪਣੀ ਰਚਨਾ ਨਹੀਂ ਹੋ ਸਕਦੀ ਕਿਉਂ ਜੋ ਗੁਰੂ ਗੋਰਖ ਨਾਥ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਤਿੰਨ ਚਾਰ ਸੌ ਸਾਲਾਂ ਦਾ ਅੰਤਰ ਹੈ। ਦੂਜੀ ਰਚਨਾ ਦਾ ਸਿਰਲੇਖ ਹੈ, 'ਗੋਸ਼ਟਿ ਗੋਰਖ ਨਾਥ ਦੀ ਤਥਾ ਖਿਚੜੇ ਕੀ ਚਲੀ।'

ਉਪਰੋਕਤ ਸਾਰੀ ਵਿਚਾਰ ਦਾ ਨਿਚੋੜ ਇਹ ਹੈ ਕਿ ਗੁਰੂ ਗੋਰਖ ਨਾਥ ਦੀਆਂ ਆਪਣੀਆਂ ਰਚੀਆਂ ਜਾਂ ਉਨ੍ਹਾਂ ਦੇ ਨਾਲ ਸਬੰਧਤ ਗੋਸ਼ਟਾਂ, ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲਾਂ ਕਾਫ਼ੀ ਮਾਤਰਾ ਵਿਚ ਇਥੇ ਪ੍ਰਚਲਿਤ ਸਨ, ਭਾਵੇਂ ਉਨ੍ਹਾਂ ਨੂੰ ਲਿਖਤੀ ਰੂਪ ਸੰਮਤ 1715 ਤੋਂ ਪਹਿਲਾਂ

[1] ਖਰੜਾ ਨੰ. 359, ਇਸ ਵਿਚ ਗੁਰੂ ਗੋਰਖ ਨਾਥ ਦੀਆਂ ਰਚਨਾਵਾਂ ਤੋਂ ਇਲਾਵਾ ਗੋਸਟਿ ਸ੍ਰੀ ਨਾਮੇ ਤ੍ਰਿਲੋਚਨ ਕੀ, ਗੋਸਟ ਗੁਸਾਈਂ ਧੰਨੇ ਕੀ, ਗੋਸਟਿ ਬੇਣੀ ਭਗਤ ਕੀ, ਗੋਸਟਿ ਸ੍ਰੀ ਕਬੀਰ ਜੀ, ਗੋਸਟਿ ਛਖਣੀ ਪੀਰ ਮੁਰੀਦ ਕੀ ਆਦਿ ਅਨੇਕਾਂ ਰਚਨਾਵਾਂ ਸ਼ਾਮਲ ਹਨ। ਇਨ ਵਿਚੋਂ 'ਮਸਲੇ ਸ਼ੇਖ ਫਰੀਦ ਨਾਮੀ' ਰਚਨਾ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਕੀਤੀ ਜਾ ਚੁਕੀ ਹੈ। ਵਿਸਥਾਰ ਲਈ ਵੇਖੋ ਇਸ ਪੁਸਤਕ ਦੀ ਭੂਮਿਕਾ ਅਤੇ ਪੰਜਾਬੀ ਹੱਥ-ਲਿਖਤਾਂ ਦੀ ਸੂਚੀ।

ਨਹੀਂ ਸੀ ਦਿੱਤਾ ਗਿਆ। ਡਾ. ਬੜਥਵਾਲ ਦੀਆਂ ਸੰਕਲਿਤ ਚਾਰ ਗੋਸ਼ਟੀਆਂ ਤੋਂ ਛੁਟ ਘੱਟੋ ਘੱਟ ਤਿੰਨ ਹੋਰ ਗੋਸਟਾਂ ਦਾ ਸਬੰਧ ਉਨ੍ਹਾਂ ਨਾਲ ਸੀ ਜੋ ਇਹ ਹਨ[1] (1) ਗੋਸਟ ਗੋਰਖ ਗੁਸਾਈਂ, (2) ਗੋਸ਼ਟ ਗੁਰੂ ਗੋਰਖ, ਭਰਥਰੀ ਤਥਾ ਗੁਰੂ ਨਾਨਕ ਸਾਹਿਬ ਜੀ ਦੀ ਅਤੇ (3) ਗੋਸਟਿ ਗੋਰਖ ਨਾਥ ਤਥਾ ਖਿਚੜੇ ਕੀ।

ਇਨ੍ਹਾਂ ਸੱਤਾਂ ਗੋਸ਼ਟਾਂ ਵਿਚੋਂ ਹੇਠ ਲਿਖੀਆਂ ਕੇਵਲ ਦੋ ਗੋਸ਼ਟਾਂ ਹੀ ਵਾਰਤਕ ਵਿਚ ਹਨ—

1. ਮਹਾਦੇਵ ਗੋਰਖ ਗੋਸ਼ਟੀ[2] (ਪ੍ਰਕਾਸ਼ਿਤ)
2. ਗੋਸਟਿ ਗੋਰਖ ਗੁਸਾਈਂ ਕੀ (ਅਣ ਪ੍ਰਕਾਸ਼ਿਤ)

ਗੁਰੂ ਗੋਰਖ ਨਾਥ ਤੋਂ ਇਲਾਵਾ ਨਾਥ ਪੰਥ ਦੇ ਹੋਰ ਮਹਾਂ ਪੁਰਸ਼ਾਂ ਦੇ ਨਾਵਾਂ ਉੱਤੇ ਵੀ ਕੁਝ ਗੋਸ਼ਟਾਂ ਪ੍ਰਚਲਿਤ ਹਨ। ਗੁਰੂ ਚਰਪਟ ਨਾਥ ਨਾਥ-ਪੰਥ ਦੇ ਆਚਾਰੀਆ ਮੰਨੇ ਜਾਂਦੇ ਹਨ ਅਤੇ ਹਿਮਾਚਲ ਪ੍ਰਦੇਸ਼ ਵਿਚ ਸਥਿਤ ਚੰਬਾ ਰਿਆਸਤ ਦਾ ਰਾਜਾ ਇਨ੍ਹਾਂ ਦਾ ਹੀ ਸ਼ਿਸ਼ ਸੀ। ਇਸ ਕਰਕੇ ਸੁਭਾਵਕ ਹੀ ਹੈ ਕਿ ਚਰਪਟ ਨਾਥ ਜੀ ਨੇ ਜੋ ਰਚਨਾ ਕੀਤੀ ਉਸ ਵਿਚ ਪੰਜਾਬੀ ਰੰਗਣ ਗੁਰੂ ਗੋਰਖ ਨਾਥ ਦੀ ਬਾਣੀ ਨਾਲੋਂ ਵੀ ਵਧੇਰੇ ਸੀ। ਸੰਤ ਸੰਪੂਰਣ ਸਿੰਘ ਨੇ ਪ੍ਰਾਣ ਸੰਗਲੀ ਨਾਉਂ ਦਾ ਜੋ ਗ੍ਰੰਥ ਸੰਪਾਦਿਤ ਕੀਤਾ ਹੈ ਉਸ ਵਿਚ ਗੁਰੂ ਨਾਨਕ ਦੇਵ ਅਤੇ ਚਰਪਟ ਨਾਥ ਜੀ ਦੀ ਗੋਸਟਿ ਹੋਈ ਦਰਸਾਈ ਹੈ। ਇਹ ਗੱਲ ਇਤਿਹਾਸਕ ਤੌਰ ਤੇ ਅਸੰਭਵ ਹੈ ਕਿਉਂਕਿ ਚਰਪਟ ਨਾਥ ਜੋ ਕਿ ਖੁਦ ਗੋਰਖ ਨਾਥ ਜੀ ਦਾ ਸਮਕਾਲੀ ਸੀ ਉਸ ਦੀ ਗੁਰੂ ਨਾਨਕ ਦੇਵ ਜੀ ਨਾਲ ਗੋਸਟਿ ਕਿਵੇਂ ਹੋ ਸਕਦੀ ਸੀ। ਪਰ ਇਸ ਗੋਸਟਿ ਵਿਚ ਚਰਪਟ ਨਾਥ ਦਾ ਉਚਾਰਿਆ ਹੇਠ ਲਿਖਿਆ ਪਦ ਜ਼ਰੂਰ ਉਸ ਦਾ ਆਪਣਾ ਹੈ ਅਤੇ ਕੇਵਲ ਇਸ ਪੁਸਤਕ ਵਿਚ ਹੀ ਨਹੀਂ ਮਿਲਦਾ ਸਗੋਂ ਡਾ. ਮੋਹਨ ਸਿੰਘ, ਡਾ. ਹਜ਼ਾਰੀ ਪ੍ਰਸ਼ਾਦ ਦਵੇਦੀ, ਸ੍ਰੀ ਨਰੇਂਦ੍ਰ ਧੀਰ ਆਦਿ ਵਿਦਵਾਨਾਂ ਨੇ ਵੀ ਕੁਝ ਅਦਲ ਬਦਲ ਨਾਲ, ਹੱਥ ਲਿਖਤਾਂ ਦੇ ਆਧਾਰ ਤੇ ਚਰਪਟ ਨਾਥ ਦੀ ਬਾਣੀ ਦੇ ਨਮੂਨੇ ਵਜੋਂ ਦਿੱਤਾ ਹੈ। ਪਦ ਇਸ ਤਰ੍ਹਾਂ ਹੈ :—

ਇਕ ਪੀਤ ਪਟਾ ਇਕ ਲੰਬ ਜਟਾ
ਇਕ ਸੂਤ ਜਨੇਊ ਤਿਲਕ ਠਟਾ
ਇਕ ਜੰਗਮ ਕਹੀਦੇ ਭਸਮ ਘਟਾ
ਤਬ ਚਰਪਟ ਸਗਲੇ ਸਵਾਂਗ ਨਟਾ...

ਇਥੇ ਇਕ ਹੋਰ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਪ੍ਰਾਣ ਸੰਗਲੀ ਨਾਂ ਦੀਆਂ ਦੋ ਹੋਰ ਰਚਨਾਵਾਂ ਗੁਰੂ ਗੋਰਖ ਨਾਥ ਜੀ ਚੌਰੰਗੀ ਨਾਥ ਦੇ ਨਾਂ ਨਾਲ ਪ੍ਰਸਿੱਧ ਹਨ। ਪਰ ਇਹ ਰਚਨਾਵਾਂ ਗੋਸ਼ਟਿ ਰੂਪ ਵਿਚ ਨਹੀਂ ਅਤੇ ਉਪਰੋਕਤ ਰਚਨਾ ਤੋਂ ਭਿੰਨ ਹਨ।

---

[1]'ਗੋਰਖ ਬਾਣੀ' ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ।

[2]ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ ਪੰਜਾਬ, ਪੁਰਾਤਨ ਕਾਲ, ਦੂਜਾ ਅਧਿਆਇ, ਸਫ਼ਾ 37।

ਨਾਥ ਸੰਪ੍ਰਦਾਇ ਨਾਲ ਸਬੰਧਤ ਇਕ ਹੋਰ ਗੋਸਟਿ 'ਰਤਨ ਗਿਆਨ' ਦੇ ਨਾਉਂ ਨਾਲ ਪ੍ਰਚਲਿਤ ਰਹੀ ਹੈ ਜਿਸ ਵਿਚ ਗੋਰਖ ਨਾਥ ਤੇ ਮਛਿੰਦ੍ਰ ਨਾਥ ਦੀ ਗੋਸਟ ਕਰਵਾਈ ਗਈ ਸੀ। ਇਹ ਪੁਸਤਕ ਸ੍ਰੀ ਨਰੇਂਦਰ ਧੀਰ ਅਨੁਸਾਰ ਚਸ਼ਮਾਏਨੂਰ ਪ੍ਰੈਸ, ਅੰਮ੍ਰਿਤਸਰ ਦੁਆਰਾ ਸੰਨ 1701 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ ਪਰ ਇਸ ਦੀ ਕੋਈ ਪ੍ਰਤੀ ਹੁਣ ਉਪਲਬਧ ਨਹੀਂ ਅਤੇ ਨਾ ਹੀ ਇਸ ਦਾ ਕੋਈ ਹੱਥ ਲਿਖਤ ਖਰੜਾ ਕਿਸੇ ਨੂੰ ਅਜੇ ਤਕ ਮਿਲਿਆ ਹੈ। ਹੋ ਸਕਦਾ ਹੈ ਕਿ ਇਹ ਗੋਸ਼ਟ ਉਹੀ ਹੋਵੇ ਜਿਸ ਦਾ ਹਵਾਲਾ ਤੇ ਪਾਠ ਡਾ: ਬੜਥਵਾਲ ਨੇ ਆਪਣੀ ਪੁਸਤਕ ਗੋਰਖ ਬਾਣੀ ਵਿਚ ਮਛਿੰਦ੍ਰ ਗੋਰਖ ਬੋਧ ਸਿਰਲੇਖ ਹੇਠ ਦਿੱਤਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਪੀਰਾਂ ਫਕੀਰਾਂ ਤੇ ਹੋਰ ਸਾਧੂ ਸੰਤਾਂ ਦੇ ਨਾਂ ਹੇਠ ਪ੍ਰਸਿੱਧ ਪੰਜਾਬੀ ਗੋਸਟਾਂ ਦਾ ਜ਼ਿਕਰ ਕਰੀਏ ਇਹ ਨਿਰਨਾ ਕਰ ਲੈਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਨਾਥ ਪੰਥ ਦੇ ਆਗੂਆਂ ਦੇ ਨਾਂ ਹੇਠ ਪ੍ਰਚਲਿਤ ਉਪਰੋਕਤ ਗੋਸਟਾਂ ਨੂੰ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲਾਂ ਦੀਆਂ ਰਚਨਾਵਾਂ ਸਮਝਣਾ ਕਿਥੋਂ ਤਕ ਠੀਕ ਹੈ। ਜਿਨ੍ਹਾਂ ਨਾਥਾਂ ਨਾਲ ਇਨ੍ਹਾਂ ਗੋਸਟਾਂ ਦਾ ਸਬੰਧ ਹੈ ਉਹ ਸਾਰੇ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਢੇਰ ਸਮਾਂ ਪਹਿਲਾਂ ਹੋਏ ਸਨ ਅਤੇ ਗੁਰੂ ਜੀ ਦੁਆਰਾ ਸਿਧ ਗੋਸਟਿ ਦਾ ਲਿਖਿਆ ਜਾਣਾ ਇਸ ਗੱਲ ਨੂੰ ਪੂਰੀ ਤਰ੍ਹਾਂ ਸਿਧ ਕਰਦਾ ਹੈ ਕਿ ਉਨ੍ਹਾਂ ਦੇ ਸਾਮ੍ਹਣੇ ਨਾਥਾਂ ਦੀਆਂ ਗੋਸ਼ਟਾਂ ਦੀ ਮਿਸਾਲ ਮੌਜੂਦ ਸੀ। ਅਤੇ ਸਾਹਿਤ-ਰਚਨਾ ਦੀ ਇਹ ਵੰਨਗੀ ਕਾਫ਼ੀ ਪ੍ਰਚਲਿਤ ਸੀ। ਉਨ੍ਹਾਂ ਦੁਆਰਾ ਰਚਿਤ ਸਿਧ ਗੋਸ਼ਟ ਸ਼ੈਲੀ, ਬੋਲੀ ਤੇ ਬਣਤਰ ਦੇ ਪੱਖ ਤੋਂ ਅਤੇ ਇਥੋਂ ਤਕ ਕਿ ਪ੍ਰਸ਼ਨ ਉਤਰਾਂ ਦੇ ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਵੀ ਗੋਰਖ ਨਾਥ ਦੀ ਗੋਸਟ ਨਾਲ ਮਿਲਦੀ ਜੁਲਦੀ ਰਚਨਾ ਹੈ।

ਇਹ ਵੀ ਇਤਰਾਜ਼ ਕੀਤਾ ਜਾ ਸਕਦਾ ਹੈ ਕਿ ਨਾਥਾਂ ਦੀਆਂ ਇਨ੍ਹਾਂ ਰਚਨਾਵਾਂ ਨੂੰ ਪੰਜਾਬੀ ਰਚਨਾਵਾਂ ਕਹਿਣਾ ਕਿਥੋਂ ਤਕ ਠੀਕ ਹੈ। ਇਹ ਤਾਂ ਠੀਕ ਹੈ ਕਿ ਉਨ੍ਹਾਂ ਦੀ ਬੋਲੀ ਨੂੰ ਨਿਰੋਲ ਪੰਜਾਬੀ ਸਮਝਣਾ ਜਾਂ ਪੁਰਾਤਨ ਪੰਜਾਬੀ ਦਾ ਰੂਪ ਸਮਝਣਾ ਬਿਲਕੁਲ ਗਲਤ ਹੋਵੇਗਾ, ਪਰ ਇਸ ਗੱਲ ਵਿਚ ਵੀ ਸੰਦੇਹ ਨਹੀਂ ਕਿ ਗੁਰੂ ਗੋਰਖ ਨਾਥ ਤੇ ਚਰਪਟ ਨਾਥ ਆਦਿ ਪੰਜਾਬ ਵਿਚ ਵਿਚ ਕਾਫ਼ੀ ਅਰਸਾ ਰਹਿਣ ਕਰਕੇ ਇਥੋਂ ਦੀ ਬੋਲੀ ਦੇ ਢੇਰ ਸਾਰੇ ਸ਼ਬਦਾਂ ਅਤੇ ਕਈ ਸੂਰਤਾਂ ਵਿਚ ਇਸ ਦੀਆਂ ਕਈ ਇਕ ਵਿਆਕਰਣਕ ਵਿਸ਼ੇਸ਼ਤਾਵਾਂ ਦੇ ਅਸਰ ਨੂੰ ਕਬੂਲਣ ਤੋਂ ਨਾ ਰਹਿ ਸਕੇ। ਉਨ੍ਹਾਂ ਦੀ ਬਾਣੀ ਵਿਚ ਜਿੱਥੇ ਬਲਦ, ਮੰਝੇ, ਭਿਖਿਆ, ਪਰਤਖ, ਅਕਾਸ, ਪ੍ਰਕਾਸ, ਬਰਖੇ, ਖੇਤ, ਸਾਉਣ, ਹਾਲੀ ਆਦਿ ਸ਼ਬਦ ਇਸ ਗੱਲ ਦੀ ਸਾਖੀ ਹਨ, ਅਜਿਹੀਆਂ ਤੁਕਾਂ ਵੀ ਕਾਫ਼ੀ ਮਾਤਰਾ ਵਿਚ ਹਨ ਜੋ ਨਿਰੋਲ ਪੰਜਾਬੀ ਦੀਆਂ ਪ੍ਰਤੀਤ ਹੁੰਦੀਆਂ ਹਨ। ਉਦਾਹਰਣ ਵਜੋਂ ਅਸੀਂ ਹੇਠਾਂ ਕੁਝ ਤੁਕਾਂ ਦੇਂਦੇ ਹਾਂ।

ਖਾਏ ਭੀ ਮਰੀਏ ਅਣ ਖਾਏ ਭੀ ਮਰੀਏ
(ਮਛਿੰਦ੍ਰ)

ਲੇਣ ਨਾ ਜਾਣੈ ਦੇਣ ਨਾ ਜਾਣੈ
ਏਦਾ ਬਣਜ ਹਮਾਰਾ
(ਮਛਿੰਦ੍ਰ)

ਰਹਿਤ ਕਰ ਜਾਣੀਏ. ਸਬਦ ਕਰ ਪ੍ਰਵਾਣੀਏ

(ਗੋਰਖ ਗਣੇਸ਼ ਗੋਸ਼ਟਿ)

ਘਟਿ ਘਟਿ ਗੋਰਖ ਕਹੇ ਕਹਾਣੀ
ਕਾਚੇ ਭਾਂਡੇ ਰਹੇ ਪਾਣੀ ।
ਸੁਣ ਮਿਖਵੰਤਾ ਸੁਣ ਪਤਵੰਤਾ
ਇਸ ਜਗ ਮੇਂ ਕੈਸੇ ਰਹਿਣਾ
ਅਖੀਂ ਦੇਖਣ ਕੰਨੀ ਸੁਣਨਾ
ਮੁਖ ਸੇ ਕੁਛ ਨਾ ਕਹਿਣਾ

(ਚਰਪਟ)

ਜੋਗ ਨਾ ਹੋਸੀ ਰੇ ਪੂਤਾ ਭੋਗ ਨਾ ਹੋਸੀ
ਨ ਸੀਝਸੋਂ ਜਲ ਵਿੰਬ ਕੀ ਕਾਯਾ,
ਸਤ ਸਤ ਭਾਖੰਤ ਮਾਤਾ ਮੈਣਾਵੰਤੀ ਰੇ ਪੂਤਾ
ਭੂਮਿ ਭੂਲਬੇ ਰੇ ਭਾਯਾ ਜੀ

(ਮੈਣਾਵਤੀ)

ਹਿੰਦੂ ਧਿਆਵੇ ਦੇਹੁਰਾ ਮੁਸਲਮਾਨ ਮਸੀਤ
ਜੋਗੀ ਧਿਆਵੇ ਪਰਮ ਪਦ ਜਹਾ ਦੇਹੁਰਾ ਨਾ ਮਸੀਤ

(ਗੋਰਖ ਨਾਥ)

ਉਪਰੋਕਤਾਂ ਟੂਕਾਂ ਵਿਚ ਲੀਕੇ ਸ਼ਬਦਾਂ ਨੂੰ ਧਿਆਨ ਨਾਲ ਵੇਖਿਆਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਨਾਥਾਂ ਦੀ ਬੋਲੀ ਉੱਤੇ ਪੰਜਾਬੀ ਦਾ ਪ੍ਰਭਾਵ ਕਾਫੀ ਡੂੰਘਾ ਸੀ । ਮਰੀਏ, ਜਾਣੀਏ, ਪ੍ਰਣਾਵੀਏ, ਰਹਿਣਾ, ਕਹਿਣਾ, ਸੁਣਨਾ, ਹੋਸੀ, ਸਿਝਸੀ ਆਦਿ ਕਿਰਿਆ ਰੂਪ ਸਿਵਾਇ ਪੰਜਾਬੀ ਦੇ ਕਿਸੇ ਭਾਸ਼ਾ ਵਿਚ ਨਹੀਂ ਮਿਲ ਸਕਦੇ । ਇਸ ਕਰਕੇ ਨਾਥਾਂ ਦੀਆਂ ਰਚੀਆਂ ਉਪਰੋਕਤ ਗੋਸ਼ਟਾਂ ਨੂੰ ਪੰਜਾਬੀ ਗੋਸ਼ਟਾਂ ਵਿਚ ਸ਼ਾਮਲ ਕਰਨਾ ਕੋਈ ਵਧੀਕੀ ਨਹੀਂ । ਉਨ੍ਹਾਂ ਦੀ ਭਾਸ਼ਾ ਗੁਰੂ ਸਾਹਿਬਾਨ ਦੇ ਵੇਲੇ ਪ੍ਰਚਲਿਤ ਸਧੁਕੜੀ ਭਾਸ਼ਾ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਅਤੇ ਪੰਜਾਬੀ ਦੇ ਅਸਰ ਨੂੰ ਕਾਫੀ ਹੱਦ ਤਕ ਕਬੂਲਦੀ ਹੈ । ਇਸ ਕਰਕੇ ਉਸ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਚਿਤ ਸਥਾਨ ਦੇਣ ਤੋਂ ਸੰਕੋਚ ਕਰਨਾ ਇਕ ਨਿੱਗਰ ਹਕੀਕਤ ਤੋਂ ਮੁਨਕਰ ਹੋਣਾ ਹੈ ।

ਉਪਰ ਦੱਸੀਆਂ ਗੋਸ਼ਟਾਂ ਦੀਆਂ ਕੁਝ ਵੰਨਗੀਆਂ ਧਿਆਨ ਯੋਗ ਹਨ :—

1. ਮਛਿੰਦ੍ਰ-ਗੋਰਖ ਬੋਧ

ਗੋਰਖ—ਸਵਾਮੀ ਕਹਾਂ ਉਤਪੰਨਿਆ ਬਿਆਪਕ,
ਕਹਾਂ ਆਦਿ ਕੀ ਅਸਤੁਤ ਸਮਾਈ,

ਏ ਤਤਵ ਕਹੋ ਗੁਰੂ ਗੋਸਾਈਂ
ਜਹਾਂ ਹਮਾਰੀ ਉਤਪਤੀ ਰਹਾਈ ।

ਮਛਿੰਦ੍ਰ—

ਅਵਧੂ ਤਿਲ ਮਧੇ ਜਥਾ ਤੇਲੰ,
ਕਾਸ਼ਟ ਮਧੇ ਹੁਤਾਸ਼ਨੰ
ਪਹੁਪ ਮਧੇ ਜਥਾਂ ਬਾਸੰ
ਦੇਹੀ ਮਧ ਤਥਾ ਦੇਵਤਾ

2. ਗੋਰਖ ਗਣੇਸ਼ ਗੋਸ਼ਟਿ*

ਰਹਿਤ ਕਰਿ ਜਾਣੀਏ,
ਸਬਦ ਕਰਿ ਪ੍ਰਵਾਣੀਏ
ਸਵਾਮੀ ਰਹਿਤ ਤੇ ਕਿਆ ਬੋਲੀਏ,
ਸਬਦ ਤੇ ਕਿਆ ਬੋਲੀਏ
ਸਬਦ ਬੋਲੀਐ ਸਬਦੇ ਖਿਬਰਜਤ
ਰਹਿਤ ਬੋਲੀਏ ਤ੍ਰਿਗੁਣ ਰਹਿਤ

3. ਗੋਰਖ-ਦਤ ਗੋਸ਼ਟਿ

ਗੋਰਖ— ਆਪਾ ਮੇਟਣਾ ਸਤਗੁਰ ਥਾਪਣਾ,
ਅਣ ਪਰਚੇ ਜਗ ਖਾਯਾ,
ਗੋਰਖ ਕਹੈ ਸੁਣੋ ਹੇ ਸਵਾਮੀ,
ਤੁਮ੍ਹੇ ਕੌਣ ਕਹਾਂ ਥੈਂ ਆਯਾ ।

ਦਤ**— ਅਵਧੂ ਹੋਤਾ ਗੁਪਤ ਗੁਪਤ ਥੈ ਪ੍ਰਗਟ,
ਰਹਤਾ ਪੁਰਖੁ ਕੀ ਛਾਯਾ,
ਦੱਤ ਕਹੈ ਸੁਣੋ ਹੇ ਗੋਰਖ
ਹਰ ਗੈਬੀ ਪੁਰਸ ਗੈਬ ਥੈਂ ਆਯਾ ।

* ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਾਲੀ ਗਣੇਸ਼-ਗੋਰਖ ਗੋਸਟ ਨੰ. 2–27 ਵਿਚ ਇਹ ਪਦ ਇਸ ਪ੍ਰਕਾਰ ਹੈ ;—

ਅਉਧੂ ਸਬਦਿ ਤੇ ਜਾਨੀਐ ਰਹਤ ਤੇ ਪਛਾਨੀਐ
ਸਵਾਮੀ ਰਹਿਤ ਕਉਨ ਬੋਲੀਏ,
ਅਉਧੂ ਬੋਲੀਏ ਤ੍ਰੈ ਗੁਣ ਸਬਦੁ ਬੋਲੀਐ ਸੁਖਮਾ
(ਇਸ ਖਰੜੇ ਵਿਚ ਸਬਦਿ ਬੋਲੀਏ ਸਬਦੇ ਖਿਬਰਜਤ ਵਾਲੀ ਪੰਕਤੀ ਨਹੀਂ ।)

** ਦੱਤ ਤੋਂ ਭਾਵ ਦੱਤਾ ਤ੍ਰੇਯ ਹੈ ।

4. ਮਹਾਦੇਵ-ਗੋਰਖ ਗੋਸ਼ਟਿ

ਇਹ ਗੋਸ਼ਟਿ ਵਾਰਤਕ ਵਿਚ ਹੈ, ਪਰ ਇਸ ਵਾਰਤਕ ਵਿਚ ਵੀ ਕਵਿਤਾ ਦਾ ਰੰਗ ਹੈ :—

ਇਤਿ ਪੰਚ ਪ੍ਰਕ੍ਰਿਤੀ, ਪੰਚ ਘਰ,
ਦਸ ਦ੍ਵਾਰ, ਪੰਚ ਅਹਾਰ,
ਪੰਜ ਵਿਉਹਾਰ, ਪੰਚ ਵਰਣ,
ਪੰਚ ਖਾਨਿ, ਚੌਰਾਸੀ ਲਾਖ,
ਜੀਵ ਜੋਨਿ ਭ੍ਰਮਤੇ;
ਤਥਾ ਏ ਪੰਜ ਕਰਮਾ ਨਿ ਬਲੀਏ
ਯੂਨੋ ਗੋਰਖ ਅਵਧੂਤ,
ਈਸ਼ਵਰੋ ਕਥੰਤੀ। ਮਹਾ ਗਿਆਨ
ਕਰਮ ਪਟਲ ਪ੍ਰਥਮੋ ਅਧਿਆਇ।

5. ਗੋਸ਼ਟਿ ਗੋਰਖ ਗੁਸਾਈਂ ਕੀ

ਇਕ ਦਿਨ ਪਿਸਉਰ ਕੀ ਧਰਤੀ ਗੋਰਖ ਹਟੜੀ ਮਹਿ ਸਿਧ ਕਾ ਮੇਲ ਹੂਆ। ਤਬ ਸ੍ਰੀ ਗੋਰਖ ਨਾਥ ਭੰਡਾਰਾ ਕੀਆ। ਈਸ਼ਰ ਨਾਥ ਕਉ ਹੁਕਮ ਹੂਆ, ਕਿ ਗੁਰੂ ਭੰਡਾਰ ਸਿੱਧਾਂ ਕਹੁ ਪਹੁੰਚਾਇ। ਅਨੰਤ ਸਿੱਧਾਂ ਕਾ ਮੇਲ ਹੂਆ। ਚਉਰਾਸੀਹ ਸਿੱਧ ਇਕੱਠੇ ਹੂਏ। ਨਾਥ ਛਿਅ ਜਤੀ ਇਕੱਠੇ। ਬਹੁਤ ਪੰਥ ਜੋਗੀ ਇਕੱਠੇ ਹੂਏ।

6. ਗੋਸ਼ਟਿ ਗੁਰੂ ਗੋਰਖ, ਭਰਤਰੀ ਤਥਾ ਗੁਰੂ ਨਾਨਕ ਸਾਹਿਬ ਕੀ

ਬਾਬੇ ਕਾ ਬੋਲਣਾ—ਆਦੇਸ ਹੋ ਸਿਧੋ ਆਦੇਸ,
ਆਦੇਸ ਕਾ ਸੁਣਹੁ ਉਪਦੇਸ
ਉਪਦੇਸ ਕਾ ਕਉਣ ਗੁਰੂ ਕਉਣ ਚੇਲਾ
ਕਉਣ ਸਬਦ ਰਹਸੀ ਮੇਲਾ।

... ... ... ...

... ... ... ...

ਗੋਰਖ ਵਾਕ—ਆਦੇਸ ਕੋ ਪੁਰਖਾ ਆਦੇਸ
ਆਦੇਸ ਕਾ ਸਿਉ ਉਪਦੇਸ਼
ਉਪਦੇਸ ਕਾ ਨਿਰੰਤਿਰ ਗੁਰੂ ਰਹਤ ਚੇਲਾ
ਸਚ ਸਬਦ ਅਨਾਹਦ ਮੇਲਾ।

ਵਾਕ ਭਰਥਰੀ—

ਤੂੰ ਬ੍ਰਹਮਾ ਕਿ ਤੂਹੀ ਬ੍ਰਹਮ ਗਿਆਨੀ
ਤੂੰ ਤਪਸੀ ਕਿ ਤੂਹੀ ਸੁੰਨ ਧਿਆਨੀ
ਤੂੰ ਹੀ ਅਉਧੂ ਤੂ ਹੀ ਬ੍ਰਹਮਚਾਰੀ
ਤੂੰ ਹੀ ਮੋਨੀ ਕਿ ਤੂੰ ਹੀ ਕਲਾਧਾਰੀ
ਤੂੰ ਹੀ ਉਦਾਸੀ ਕਿ ਤੂੰ ਹੀ ਗ੍ਰਿਹਸਤ ਭੋਗੀ
ਤੂੰ ਹੀ ਬੈਸਨੋ ਕਿ ਤੂੰ ਆਦਿ ਜੋਗੀ
ਬੋਲੈ ਭਰਥਰ ਅਕਥੁ ਕਹਾਣੀ
ਮੇਰੇ ਮਨ ਮਹਿ ਉਪਜਿ ਰਹੀ ਹੈਰਾਨੀ ।

7. ਗੋਸ਼ਟਿ ਗੋਰਖ ਨਾਥ ਤਥਾ ਖਿਥੜੇ ਕੀ ਚਲੀ ।

ਗੋਰਖ—ਰੇ ਖਿਥੜੇ ਚਾਰਿ ਪਦਾਰਥਿ ਕਹੀਐ ਸੋ ਕਉਨ,
ਕਿਸ ਮਹਿ ਰਹਿਹ ਕਉਨੁ ਹੈ ਕਉਨੁ
ਕਿਸ ਮਹਿ ਸਮਜੈ ਕਿਸ ਮਹਿ ਪਾਵੈ,
ਕਿਸ ਘਰਿ ਚੜੈ ਬਹੁੜਿ ਨਹੀਂ ਧਾਵੈ, (15)

ਖਿਥੜਾ -ਗੁਸਾਈਂ ਪ੍ਰੇਮ ਪਦਾਰਿਥ ਗਿਆਨ ਪਦਾਰਿਥ
ਸੰਤੋਖ ਪਦਾਰਿਥ ਸਬਦਿ ਪਦਾਰਥਿ
ਚਾਹੇ ਕਾਇ ਸਥਿਰੁ ਕਾਇਆ ਕਉਨੁ
ਸਬਦ ਮਹਿ ਸਮਝੇ ਸਹਿਜ ਮੇਹਿ ਪਾਵੈ
ਦਸਵੈ ਚੜੇ ਬਹੁੜਿ ਨਹੀਂ ਧਾਵੈ ।

ਭਗਤਾਂ ਦੀਆਂ ਗੋਸ਼ਟਿ

ਨਾਥ ਸੰਪ੍ਰਦਾਇ ਨਾਲ ਸਬੰਧਤ ਉਪਰ ਲਿਖੀਆਂ ਸਤ ਗੋਸ਼ਟਾਂ ਤੋਂ ਇਲਾਵਾ ਹੇਠ ਲਿਖੀਆਂ ਕਝ ਹੋਰ ਗੋਸ਼ਟਾਂ ਵੀ ਹਨ ਜੋ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋ ਚੁੱਕੇ ਸੰਤਾਂ ਮਹਾਤਮਾਂ, ਪੀਰਾਂ ਫਕੀਰਾਂ ਦੇ ਨਾਵਾਂ ਨਾਲ ਸਬੰਧਤ ਹਨ । ਇਹ ਗੋਸ਼ਟਾਂ ਅਤੇ ਇਨ੍ਹਾਂ ਮਹਾਤਮਾਵਾਂ ਦੀਆਂ ਬਾਣੀਆਂ ਵੀ ਪੰਜਾਬ ਵਿਚ ਗੁਰੂ ਸਾਹਿਬਾਨ ਤੋਂ ਪਹਿਲਾਂ ਪ੍ਰਚਲਤ ਰਹੀਆਂ ਹਨ । ਇਸ ਦਾ ਸਬੂਤ ਸਾਨੂੰ ਸੋਢੀ ਮਿਹਰਵਾਨ ਦੀ ਲਿਖੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਤੋਂ ਮਿਲਦਾ ਹੈ । ਇਨ੍ਹਾਂ ਸਾਖੀਆਂ ਦਾ ਕਰਤਾ ਲਿਖਦਾ ਹੈ ਕਿ ਬਾਬੇ ਜੀ ਨੇ ਆਪਣੇ ਸਾਥੀ ਵਜੋਂ ਮਰਦਾਨੇ ਨੂੰ ਇਸ ਲਈ ਚੁਣਿਆ ਕਿਉਂਕਿ ਉਹ ਰਬਾਬ ਵਜਾ ਸਕਦਾ ਸੀ ਅਤੇ ਉਸ ਨੂੰ ਮਹਾਨ ਵਿਅਕਤੀਆਂ ਦੀਆਂ ਬਾਣੀਆਂ ਕੰਠ ਸਨ, ਜਿਨ੍ਹਾਂ ਦਾ ਉਹ ਕੀਰਤਨ ਕਰਿਆ ਕਰਦਾ ਸੀ ਅਤੇ ਬਾਬਾ ਜੀ ਉਸ ਨੂੰ ਪ੍ਰੇਮ ਨਾਲ ਸੁਣਦੇ ਹੁੰਦੇ ਸਨ । ਸਿੱਖ ਰੀਸਰਚ ਡੀਪਾਰਟਮੈਂਟ ਵਲੋਂ ਪ੍ਰਕਾਸ਼ਿਤ ਇਸ ਜਨਮਸਾਖੀ ਦੇ ਪੰਨਾ 73 ਉੱਤੇ ਲਿਖਿਆ ਹੈ :—

'ਤਬ ਗੁਰੂ ਬਾਬੇ ਨਾਨਕ ਸੀ ਸਾਥਿ ਅਗੋ ਹੀ ਬਲਿਪਣ ਮੈ ਭੀ ਸਾਥੇ ਖੇਲਤਾ ਮਰਦਾਨਾ ਡੂਮੁ

ਕਲਾਲਾਂ ਕਾ ਤਲਵੰਡੀ ਰਾਇ ਭੋਐ ਕੀ ਰਹਦਾ, ਰਬਾਬੁ ਵਜਾਇਦਾ, ਨਾਮ, ਕੰਬੀਰ, ਤ੍ਰਿਲੋਚਨ, ਰਵਿਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ। ਗੁਰੂ ਬਾਬੇ ਨਾਨਕ ਕੇ ਆਗੈ ਪਦੇ ਗਾਵਤਾ। ਗੁਰੂ ਬਾਬੇ ਨਾਨਕ ਜੀ ਕਾ ਜੀਉ ਉਸ ਹੀ ਸਾਥਿ ਲਗਤਾ। ਸਾਰੇ ਲੋਕ ਮਿਸਾਰ ਤੇ ਜਿਤਨਾ ਤਲਵੰਡੀ ਬਸਤਾ ਆਪਣਾ ਪਰਾਇਆ ਥਾ ਤਿਤਨਿਆ ਸਾਥਿ ਤੇ ਗੁਰੂ ਬਾਬਾ ਨਾਨਕ ਕਾ ਜੀਉ ਮਰਦਾਨੇ ਸਾਥਿ ਲਗਤਾ ਤਬ ਮਰਦਾਨੇ ਕਉ ਗੁਰੂ ਬਾਬਾ ਸਾਥਿ ਲਾਇਆ।'

ਉਪਰੋਕਤ ਟੂਕ ਵਿਚ ਜਿਨ੍ਹਾਂ ਭਗਤਾ ਦੇ ਨਾਮ ਆਏ ਹਨ ਉਨ੍ਹਾਂ ਸਾਰਿਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਇਸ ਤੋਂ ਇਹ ਅਨੁਮਾਨ ਲਾਉਣਾ ਵੀ ਗਲਤ ਨਹੀਂ ਹੋਵੇਗਾ ਕਿ ਉਨ੍ਹਾਂ ਦੀਆਂ ਬਾਣੀਆਂ ਦੇ ਨਾਲ ਨਾਲ ਉਨ੍ਹਾਂ ਦੀਆਂ ਸਾਖੀਆਂ ਅਤੇ ਗੋਸ਼ਟਾਂ ਵੀ ਉਸ ਵੇਲੇ ਪ੍ਰਚਲਤ ਹੋਣਗੀਆਂ। ਇਨ੍ਹਾਂ ਭਗਤਾਂ ਦੇ ਨਾਂ ਤੇ ਜੋ ਗੋਸ਼ਟਾਂ ਪ੍ਰਚਲਤ ਰਹੀਆਂ ਹਨ ਉਹ ਇਹ ਹਨ :*

1. ਗੋਸ਼ਟ ਗੁਸਾਈਂ ਕਬੀਰ ਜੀਉ ਕੀ
2. ਗੋਸ਼ਟ ਸ੍ਰੀ ਨਾਮ ਤ੍ਰਿਲੋਚਨ ਕੀ
3. ਗੋਸ਼ਟ ਗੁਸਾਈਂ ਧੰਨੇ ਕੀ।
4. ਗੋਸ਼ਟ ਬੇਣੀ ਭਗਤ ਕੀ।

ਇਹ ਸਾਰੀਆਂ ਗੋਸ਼ਟਾਂ ਵਾਰਤਕ ਵਿਚ ਹਨ ਅਤੇ ਇਨ੍ਹਾਂ ਦੀ ਸ਼ੈਲੀ ਜਨਮ ਸਾਖੀਆਂ ਵਾਲੀ ਵਾਰਤਕ ਸ਼ੈਲੀ ਨਾਲ ਮਿਲਦੀ ਜੁਲਦੀ ਹੈ, ਜਿਸ ਤੋਂ ਇਹ ਸਹੀ ਹੁੰਦਾ ਹੈ ਕਿ ਇਹ ਗੋਸ਼ਟਾਂ ਵੀ ਜਨਮ ਸਾਖੀਆਂ ਦੇ ਰਚਨਾ ਕਾਲ ਵੇਲੇ ਹੀ ਜਾਂ ਉਸ ਤੋਂ ਵੀ ਪਿਛੋਂ ਲਿਖੀਆਂ ਗਈਆਂ ਹੋਣਗੀਆਂ। ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਇਹ ਸਾਖੀਆਂ ਗੋਸ਼ਟਾਂ ਆਦਿ ਮੌਖਿਕ ਰੂਪ ਵਿਚ ਪਹਿਲਾਂ ਤੋਂ ਹੀ ਪ੍ਰਚਲਿਤ ਹੋਣ ਅਤੇ ਜਨਮ ਸਾਖੀਆਂ ਦੇ ਲਿਖਾਰੀਆਂ ਨੇ ਗੁਰੂ ਸਾਹਿਬਾਂ ਦਾ ਜੀਵਨ ਲਿਖਦਿਆਂ ਇਨ੍ਹਾਂ ਸਾਖੀਆਂ ਨੂੰ ਨਮੂਨੇ ਦੇ ਤੌਰ ਤੇ ਸਾਹਮਣੇ ਰਖਿਆ ਹੋਵੇ। ਇਸ ਗੱਲ ਦੀ ਕਲਪਨਾ ਕਰਨੀ ਨਿਰਮੂਲ ਹੋਵੇਗੀ ਕਿ ਜਨਮ ਸਾਖੀਆਂ ਤੋਂ ਪਹਿਲਾਂ ਇਸ ਤਰ੍ਹਾਂ ਦੀਆਂ ਕਈ ਰਚਨਾਵਾਂ ਬਿਲਕੁਲ ਹੋਂਦ ਵਿਚ ਹੋਣਗੀਆਂ ਹੀ ਨਹੀਂ। ਇਸ ਕਰ ਕੇ ਉਪਰੋਕਤ ਗੋਸ਼ਟਾਂ ਨੂੰ ਵੀ ਗੁਰੂ ਸਾਹਿਬਾਂ ਤੋਂ ਪਹਿਲੇ ਸਮੇਂ ਵਿਚ ਰਖਣਾ ਹੀ ਉਚਿੱਤ ਹੋਵੇਗਾ।

### ਬਾਬਾ ਫਰੀਦ ਦੀ ਗੋਸ਼ਟਿ

ਇਸੇ ਕਾਲ ਨਾਲ ਸਬੰਧਤ ਬਾਬਾ ਫਰੀਦ ਜੀ ਦੀ ਵੀ ਇਕ ਗੋਸ਼ਟਿ ਪ੍ਰਾਪਤ ਹੋਈ ਹੈ ਜਿਸ

---

* ਆਮ ਵਿਦਵਾਨਾਂ ਦਾ ਇਹ ਮਤ ਹੈ ਕਿ ਇਨ੍ਹਾਂ ਭਗਤਾਂ ਦੀਆਂ ਸਾਖੀਆਂ ਤੇ ਗੋਸ਼ਟਾਂ ਦੇ ਰਚਨਹਾਰੇ ਵੀ ਸੋਢੀ ਮਿਹਰਵਾਨ ਜੀ ਸਨ। ਇਸ ਵਿਚ ਸੰਦੇਹ ਨਹੀਂ ਕਿ ਇਨ੍ਹਾਂ ਸਾਖੀਆਂ ਨੂੰ ਕਲਮਬੰਦ ਕਰਾਉਣ ਦਾ ਸਿਹਰਾ ਉਨ੍ਹਾਂ ਸਿਰ ਹੀ ਹੈ, ਪਰ ਇਹ ਗੱਲ ਵੀ ਕਿਆਸ ਤੋਂ ਬਾਹਰ ਹੈ ਕਿ ਉਨ੍ਹਾਂ ਤੋਂ ਪਹਿਲਾਂ ਇਹ ਸਾਖੀਆਂ ਜਾਂ ਗੋਸ਼ਟਾਂ ਆਪਣੇ ਕਿਸੇ ਰੂਪ ਵਿਚ ਪ੍ਰਚਲਿਤ ਹੀ ਨਹੀਂ ਹੋਣਗੀਆਂ ਇਥੇ ਜਿਨ੍ਹਾਂ ਗੋਸ਼ਟਾਂ ਦਾ ਜ਼ਿਕਰ ਆਇਆ ਹੈ ਉਹ ਭਾਸ਼ਾ ਵਿਭਾਗ ਦੇ ਖਰੜਾ ਨੰ. 359 ਤੋਂ ਹੀ ਲਈਆਂ ਗਈਆਂ ਹਨ ਅਤੇ ਇਸ ਖਰੜੇ ਦੀਆਂ ਅੰਦਰੂਨੀ ਗਵਾਹੀਆਂ ਤੋਂ ਇਹ ਸਿਧ ਹੁੰਦਾ ਹੈ ਕਿ ਇਸਦੇ ਰਚਨਹਾਰ ਬਾਬਾ ਮਿਹਰਬਾਨ ਸਨ।

ਦੀ ਚਰਚਾ ਪ੍ਰੋ. ਪ੍ਰੀਤਮ ਸਿੰਘ ਨੇ ਬਾਬਾ ਫਰੀਦ ਵਾਲੇ ਅਧਿਆਇ[1] ਵਿਚ ਵਿਸਥਾਰ ਨਾਲ ਕੀਤੀ ਹੈ। 1691 ਈ. ਦਾ ਲਿਖਿਆ ਇਸ ਦਾ ਖਰੜਾ ਉਨ੍ਹਾਂ ਦੀ ਨਿੱਜੀ ਲਾਇਬਰੇਰੀ ਵਿਚ ਪਿਆ ਹੈ। ਇਸ ਗੋਸ਼ਟਿ ਵਿਚ ਫਰੀਦ ਜੀ ਦੀਆਂ ਜੋ ਸਾਖੀਆਂ ਗੋਸ਼ਟਿ ਰੂਪ ਵਿਚ ਦਿੱਤੀਆਂ ਹਨ, ਉਹ ਪ੍ਰੋ. ਸਾਹਿਬ ਦੇ ਕਥਨ ਅਨੁਸਾਰ ਜਵਾਹਿਰ ਫਰੀਦੀ ਵਿਚ ਵੀ ਮਿਲਦੀਆਂ ਹਨ। ਸੋ, ਭਾਵੇਂ ਇਸ ਗੱਲ ਦਾ ਨਿਰਣਾ ਕਰਨਾ ਤਾਂ ਕਠਿਨ ਹੈ ਕਿ ਇਸ ਗੋਸ਼ਟਿ ਦੀ ਰਚਨਾ ਕਿਸ ਨੇ ਤੇ ਕਦੋਂ ਕੀਤੀ ਪਰ ਇਕ ਗੱਲ ਬੜੀ ਸਪਸ਼ਟ ਹੈ ਕਿ ਇਹ ਸਾਖੀਆਂ ਵੀ ਕਲਮਬੰਦ ਹੋਣ ਤੋਂ ਪਹਿਲਾਂ ਇਹੋ ਜਿਹੇ ਰੂਪ ਵਿਚ ਢੇਰ ਚਿਰ ਲਈ ਪ੍ਰਚਲਿਤ ਰਹੀਆਂ ਹੋਣਗੀਆਂ। ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਵੀ ਪੂਰਬ ਗੁਰੂ ਕਾਲ ਵਿਚ ਹੀ ਰੱਖਣਾ ਉੱਚਿਤ ਹੈ।

ਇਸ ਗੋਸ਼ਟਿ ਦੀ ਵਾਰਤਕ ਲੌਕਿਕ ਪੰਜਾਬੀ ਦੇ ਮੁਹਾਂਦਰੇ ਨੂੰ ਉਜਾਗਰ ਕਰਦੀ ਹੈ ਅਤੇ ਇਸ ਪੱਖੋਂ ਸ਼ਾਇਦ ਇਹ ਸਭ ਤੋਂ ਮਹੱਤਵ ਪੂਰਣ ਰਚਨਾ ਹੈ। ਆਪਣੇ ਸਮੇਂ ਦੀਆਂ ਸਾਰੀਆਂ ਵਾਰਤਕ ਰਚਨਾਵਾਂ ਨਾਲੋਂ ਇਹ ਵਧੇਰੇ ਠੇਠ ਹੈ ਅਤੇ ਇਸ ਵਿਚ ਪੰਜਾਬੀ ਦਾ ਸਾਦ ਮੁਹਾਂਦਰਾ ਰੂਪ, ਜਟਕਾ ਮੁਹਾਵਰਾ ਤੇ ਲਹਿੰਦੀ ਦੀ ਛੋਹ ਇਸ ਦੀ ਲੋਕ ਪ੍ਰਿਅਤਾ ਦੀ ਸਾਖ ਭਰਦੀ ਹੈ। ਨਮੂਨੇ ਵਜੋਂ ਅਸੀਂ ਪ੍ਰੋ. ਸਾਹਿਬ ਵਲੋਂ ਹਵਾਲਾ ਦਿੱਤੀ ਸਾਖੀ ਨੂੰ ਹੀ ਪਾਠਕਾਂ ਦੇ ਸਾਮ੍ਹਣੇ ਪੇਸ਼ ਕਰਦੇ ਹਾਂ :—

> 'ਬਾਹਰਾ ਵਰੇ ਸ਼ੇਖ ਫਰੀਦ ਬਾਹਰਿ ਰਹਿਆ। ਜਾਂ ਛਿ ਮਹੀਨੇ ਜਾਨਿ ਤਾ ਇਕ ਮੁਠਿ ਵਣਾ ਦਿਆਂ ਪਤ੍ਰਾਂ ਦੀ ਮੁਹਿ ਪਾਇ। ਬਾਰਹ ਬਰਸ ਮੁਕੇ ਤਾਂ ਘਰਿ ਆਇਆ...। ਤਾਂ ਸ਼ੇਖ ਫਰੀਦ ਦੀ ਮਾਉ ਆਖਿਆ ਜਿ ਬਚਾ ਸੇਖ ਫਰੀਦਾ ਤੂੰ ਦੋ ਭੋਰਾ ਬਹਿਹ ਤਾਂ ਤੇਰੇ ਸਿਰ ਮਖਣ ਮੰਡੀਏ। ਤਾਂ ਸ਼ੇਖ ਫਰੀਦ ਬੈਠਾ ਤਬ ਸ਼ੇਖ ਫਰੀਦ ਆਖਿਆ ਆਹ ਅੰਮਾ ਭਲਾ ਹੋਵੇ। ਤਾਂ ਸੇਖ ਫ਼ਰੀਦ ਦੀ ਭਰਜਾਈ ਜਿ ਆਹੀ ਸਾ ਸੇਖ ਫਰੀਦ ਦੇ ਸਿਰਿ ਮਖਣੁ ਲਗੀ ਮਲਣ ਤਬ ਇਤਨੇ ਵਿਚ ਸੇਖ ਫਰੀਦ ਕੂ ਨੀਂਦ੍ਰ ਪੈ ਗਈ। ਉਹ ਭਾਵਜ ਮਖਣੁ ਮਡੇਦੀਆਂ ਹੀ ਰਹੀ।

ਉਪਰਲੀ ਟੂਕ ਦਾ ਮੁਕਾਬਲਾ ਜ਼ਰਾ ਹੇਠ ਲਿਖੇ ਟੋਟੇ ਨਾਲ ਕਰੋ ਜੋ ਭਾਸ਼ਾ ਵਿਭਾਗ ਦੇ ਖਰੜਾ ਨੰ: 359 ਦੇ ਆਧਾਰ ਤੇ ਪ੍ਰਕਾਸ਼ਿਤ ਕੀਤੀ ਪੁਸਤਕ, ਮਸਲੇ ਸੇਖ ਫਰੀਦ ਕੇ, ਦੇ ਪੰਨਾ 9 ਤੋਂ ਲਿਆ ਗਿਆ ਹੈ ;—

> ਤਬ ਯਾਰਹਿ[2] ਵਰ੍ਹਿਾ ਸੇਖੁ ਫਰੀਦ ਬਾਹਰੇ ਹੀ ਰਹਿਆ ਜਾਂ ਛਿਅ ਮਹੀਨੇ ਜਾਨਿ ਤਾਂ ਏਕ ਮੁਠ ਵਣ ਦਿਆਂ ਪਤ੍ਰਾਂ ਦੀ ਮੁਹਿ ਪਾਏ ਜਦਿ ਬਾਰਹ[3] ਵਰਸ ਮੁਕੇ ਤਾਂ ਘਰ ਆਏ ਸ......ਤਾਂ ਸੇਖ ਫਰੀਦ ਦੀ ਮਾਉ ਆਖਿਆ ਜਿ ਬਚਾ ਸੇਖੁ ਫਰੀਦ ਜੇ ਤੂੰ

---

1 ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ) ਅਧਿਆਇ।

2 ਇਹ ਸ਼ਬਦ ਗਲਤ ਛਪਿਆ ਹੈ। ਯਾਰਹਿ ਦੀ ਥਾਂ ਬਾਹਰਾਂ ਚਾਹੀਦਾ ਹੈ ਜਿਵੇਂ ਕਿ ਅਗਲੇ ਵਾਕ ਤੋਂ ਸਪਸ਼ਟ ਹੋ ਜਾਂਦਾ ਹੈ।

3 ਇਹ ਸ਼ਬਦ ਵੀ ਗਲਤ ਛਪ ਗਿਆ ਹੈ ਬਾਹਰ ਨਹੀਂ ਬਾਰਹ ਹੋਣਾ ਚਾਹੀਦਾ ਹੈ।

ਭੋਰਾ ਬਹੈ ਤਾਂ ਤੇਰੇ ਸਿਰ ਮਖਣ ਮੰਡੀ। ਫਰੀਦ ਆਖਿਆ ਹਾਂ ਅਮਾ ਭਲਾ ਹੋਵੇ। ਤਾਂ ਸੇਖੁ ਫਰੀਦ ਬੈਠਾ। ਸੇਖੁ ਫਰੀਦ ਦੀ ਭਰਜਾਈ ਆਹੀ ਸਾ ਫਰੀਦ ਦੇ ਸਿਰ ਤੇਲ ਲਗੀ ਮਲਣੁ ਤਾਂ ਸੇਖ ਫਰੀਦ ਕੂੰ ਨੀਦਰ ਪਈ। ਉਹ ਭਾਵਜ ਮਖਣ ਮਲਦੀ ਮਲਦੀ ਅਹੀ ਰਹੀ।...

ਇਨ੍ਹਾਂ ਟੋਟਿਆਂ ਦੀ ਅੱਖਰ ਅੱਖਰ ਸਮਾਨਤਾ ਤੋਂ ਇਸ ਗੱਲ ਦਾ ਅਨੁਮਾਨ ਲਾਉਣਾ ਗਲਤ ਨਹੀਂ ਕਿ ਪ੍ਰੋ. ਸਾਹਿਬ ਵਾਲੀ ਸੇਖ ਫਰੀਦ ਦੀ ਗੋਸ਼ਟ ਅਤੇ ਮਸਲੇ ਸੇਖ ਫਰੀਦ ਦੀਆਂ ਲਿਖਤਾਂ ਇਕੋ ਹੀ ਚੀਜ਼ ਦੇ ਰੂਪਾਂਤਰ ਮਾਤਰ ਹਨ ਅਤੇ ਇਨ੍ਹਾਂ ਵਿਚ ਦਿੱਤੀਆਂ ਸਾਖੀਆਂ, ਗੋਸ਼ਟੀਆਂ ਜਾਂ ਮਸਲੇ ਇਨ੍ਹਾਂ ਤੋਂ ਵੀ ਪੁਰਾਤਨ ਰਚਨਾ ਜਵਾਹਿਰ ਫਰੀਦੀ ਵਿਚ ਅੰਕਿਤ ਹਨ। ਇਹ ਗੱਲਾਂ ਨਿਰਸੰਦੇਹ ਸਾਨੂੰ ਇਸ ਕਿਆਸ ਵਲ ਪਰੇਰਦੀਆਂ ਹਨ ਕਿ ਇਹ ਚੰਦ ਕਥਾਵਾਂ ਜਵਾਹਿਰ ਫਰੀਦੀ ਵਿਚ ਅੰਕਿਤ ਕੀਤੇ ਜਾਣ ਤੋਂ ਵੀ ਕਾਫੀ ਚਿਰ ਪਹਿਲਾਂ ਇਸੇ ਜਾਂ ਥੋੜੇ ਬਹੁਤ ਬਦਲੇ ਹੋਏ ਰੂਪ ਵਿਚ ਪ੍ਰਚਲਿਤ ਰਹੀਆਂ ਹੋਣਗੀਆਂ ਅਤੇ ਇਹੋ ਹੀ ਕਾਰਣ ਹੈ ਕਿ ਅਸੀਂ ਇਸ ਲਿਖਤ ਨੂੰ ਵੀ ਗੁਰੂ ਕਾਲ ਵੇਲੇ ਲਿਖੀਆਂ ਗੋਸ਼ਟਾਂ ਸਾਖੀਆਂ ਆਦਿ ਤੋਂ ਪਹਿਲਾਂ ਮੰਨਦੇ ਹਾਂ।

—0—

# ਭਗਤ ਅਤੇ ਭੱਟ ਬਾਣੀ

**ਹਰੀ ਸਿੰਘ**

ਆਪਣੇ ਤੋਂ ਪਹਿਲੇ ਚਾਰ ਗੁਰੂਆਂ ਦੀ ਬਾਣੀ, ਪ੍ਰਾਪਤ ਹੋਈਆਂ ਸੈਂਚੀਆਂ ਤੋਂ ਉਤਾਰਾ ਕਰਵਾਉਣ ਤੇ ਬਹੁਤ ਸਾਰੀ ਬਾਣੀ ਖੁਦ ਆਪ ਉਚਾਰਣ ਤੋਂ ਸਿਵਾਏ, ਆਦਿ ਗ੍ਰੰਥ ਦੇ ਪ੍ਰਣੇਤਾ ਕਰਤਾ ਗੁਰੂ ਅਰਜਨ ਦੇਵ ਜੀ ਨੇ ਭਾਰਤ ਦੇ ਸਮਕਾਲੀਨ ਤੇ ਆਪਣੇ ਤੋਂ ਪਹਿਲਾਂ ਹੋ ਬੀਤੇ ਭਗਤਾਂ ਦੀ ਬਾਣੀ ਨੂੰ ਵੀ ਬੀੜ ਅੰਦਰ ਸ਼ਾਮਲ ਕੀਤਾ ਹੈ। ਭਗਤਾਂ ਦੀ ਬਾਣੀ ਇਕੱਠੀ ਕਰਨ ਵਿਚ, ਸੰਕਲਨ ਕਰਤਾ ਜੀ ਨੂੰ, ਖਾਸ ਤੌਰ ਤੇ ਬੜੀ ਮਿਹਨਤ ਅਤੇ ਵਿਸ਼ੇਸ਼ ਯਤਨ ਕਰਕੇ, ਕਈ ਅੱਡ ਅੱਡ ਵਸੀਲਿਆਂ ਤੋਂ ਜੁਟਾਣੀ ਪਈ ਹੋਵੇਗੀ। ਭਗਤ ਕਬੀਰ ਜੀ ਦੀ ਬਾਣੀ, ਕਬੀਰ ਪੰਥੀਆਂ ਦੀਆਂ ਕੁਝ ਲਿਖਤੀ ਪੁਸਤਕਾਂ ਵਿਚੋਂ ਲੈ ਕੇ ਤੇ ਕੁਝ ਪਰੰਪਰਾ ਤੋਂ ਸੀਨਾ ਬਸੀਨਾ ਤੁਰੀ ਆ ਰਹੀ ਵਿਚੋਂ ਯੋਗ ਚੋਣ ਕਰਕੇ ਚੜ੍ਹਾਈ ਗਈ ਹੋਵੇਗੀ। ਇਸ ਤਰ੍ਹਾਂ ਭਗਤ ਨਾਮ ਦੇਵ ਜੀ ਦੀ ਰਚਨਾ ਨਾਮਾ ਬੰਸੀਆਂ ਪਾਸੋਂ ਇਕਤ੍ਰ ਕੀਤੀ ਗਈ ਹੋਵੇਗੀ। ਇਨ੍ਹਾਂ ਦੋਹਾਂ ਭਗਤਾਂ ਤੋਂ ਇਲਾਵਾ ਜਿਨ੍ਹਾਂ ਹੋਰ ਭਗਤਾਂ ਕਵੀਆਂ ਦੀ ਰਚਨਾ ਪ੍ਰਨੀਤ ਕੀਤੀ ਗਈ ਹੈ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ : ਰਵਿਦਾਸ, ਤ੍ਰਿਲੋਚਨ, ਬੇਣੀ, ਧੰਨਾ, ਸ਼ੇਖ ਫਰੀਦ, ਜੈ ਦੇਵ, ਭੀਖਨ, ਸੈਣ, ਪੀਪਾ, ਸਧਨਾ, ਰਾਇ ਬਲਵੰਡ ਤੇ ਸੱਤਾ, ਰਾਮਾਨੰਦ, ਸੂਰਦਾਸ ਤੇ ਪਰਮਾਨੰਦ। ਉਸ ਵੇਲੇ ਛਾਪੇ ਖਾਨੇ ਦਾ ਸਮਾਂ ਨਹੀਂ ਸੀ। ਪੁਸਤਕਾਂ ਕੇਵਲ ਹੱਥਾਂ ਨਾਲ ਹੀ ਲਿਖੀਆਂ ਜਾਣ ਕਰਕੇ ਬੜੀਆਂ ਦੁਰਲਭ ਹੁੰਦੀਆਂ ਸਨ। ਐਸੀ ਹਾਲਤ ਵਿਚ ਇਨ੍ਹਾਂ ਸਾਰੇ ਭਗਤਾਂ ਦੀ ਬਾਣੀ ਥਾਂ ਥਾਂ ਤੋਂ ਇਕੱਤ੍ਰ ਕਰਨ ਵਿਚ ਕਿਤਨਾ ਭਾਰਾ ਯਤਨ ਤੇ ਤਰੱਦਦ ਕਰਨਾ ਪਿਆ ਹੋਵੇਗਾ, ਉਸ ਦਾ ਅਨੁਮਾਨ ਕੀਤਾ ਜਾ ਸਕਦਾ ਹੈ। ਪ੍ਰਨੀਤਕਾਰ ਗੁਰੂ ਅਰਜਨ ਦੇਵ ਜੀ ਦੀ ਇਸ ਮਹਾਨ ਆਤਮਕ ਸਾਹਿਤ ਸਮਗਰੀ ਦੇ ਇਕੱਠਾ ਕਰਨ ਦੀ ਮਿਹਨਤ ਤੇ ਮਹਮਾ ਅਕਥਨੀਅ ਹੈ।

ਉਪ੍ਰੋਕਤ ਲਿਖੇ ਭਗਤਾਂ ਤੋਂ ਸਿਵਾਏ ਆਦਿ ਗ੍ਰੰਥ ਜੀ ਦੇ ਅੰਤ ਵਿਚ ਕੁਝ ਭਟ ਕਵੀਆਂ

ਦੀ ਬਾਨੀ ਵੀ ਸੰਮਿਲਤ ਕੀਤੀ ਗਈ ਹੈ। ਇਹ ਸਾਰੇ ਭਟ ਸੰਕਲਨ ਕਰਤਾ ਜੀ ਦੇ ਸਮਕਾਲੀਨ ਸਨ। ਇਨ੍ਹਾਂ ਵਿਚੋਂ ਕੁਝ ਇਕ ਦੇ ਵਿਸ਼ੇਸ਼ ਨਾਮ ਇਸ ਤਰ੍ਹਾਂ ਲਏ ਜਾ ਸਕਦੇ ਹਨ : ਕਲ, ਕੀਰਤ, ਕਲ ਸਹਾਰ, ਜਾਲਪ, ਭਿੱਖਾ, ਸਲ, ਕਲ ਚਕਰ, ਨਲਿ, ਗਯੰਦ, ਮਥਰਾ, ਹਰਬੰਸ। ਇਹ ਸਾਰੇ ਭੱਟ ਇਕ ਖਾਸ ਰਵਾਇਤ ਅਨੁਸਾਰ, ਆਪਣੀ ਭਗਤੀ ਭਾਵਨਾ ਤੋਂ ਇਲਾਵਾ, ਸੰਸਕ੍ਰਿਤ ਵਿਦਿਆ ਦੀ ਵਿਦ੍ਵਤਾ ਲਈ ਖਾਸ ਤੌਰ ਤੇ ਪ੍ਰਸਿੱਧ ਸਨ। ਅਲੰਕਾਰਕ ਰੂਪ ਵਿਚ ਏਥੋਂ ਤਕ ਕਿਹਾ ਗਿਆ ਹੈ ਕਿ ਇਹ ਇਕ ਤਰ੍ਹਾਂ ਜਿਵੇਂ ਕਿ ਵੇਦਾਂ ਦਾ ਹੀ ਅਵਤਾਰ ਸਨ। ਜਿਸ ਦਾ ਮਤਲਬ ਇਹ ਲਇਆ ਜਾਂਦਾ ਹੈ ਕਿ ਸ੍ਰੁਤੀ, ਸਿਮ੍ਰਤੀ, ਤੇ ਪੁਰਾਣ ਗ੍ਰੰਥਾਂ ਦੇ ਬੜੇ ਭਾਰੇ ਪੰਡਤ ਤੇ ਗਿਆਤਾ ਸਨ। ਜੋ ਸ਼ਾਂਤੀ ਤੇ ਅਧਿਆਤਮਕ ਲਾਭ ਇਨ੍ਹਾਂ ਨੂੰ ਗੁਰੂ ਵਿਅਕਤੀਆਂ ਦੀ ਸੰਗਤ ਤੋਂ ਪ੍ਰਾਪਤ ਹੋਇਆ, ਉਸ ਦਾ ਵਰਨਣ, ਇਨ੍ਹਾਂ ਆਪਣੀਆਂ ਰਚਨਾਵਾਂ ਅਦਰ ਕੀਤਾ ਹੈ।

## ਅਾਦੁਤੀ ਸੁਲਹ ਕੁਲ ਭਾਵ ਦੀ ਮਿਸਾਲ

ਜਿਸ ਅਦੁਤੀ ਸੁਲਹ ਕੁਲ ਭਾਵ, ਹਿੰਦੂ ਤੇ ਮੁਸਲਮਾਨ, ਭਗਤਾਂ ਤੇ ਫਕੀਰਾਂ ਦੀ ਬਾਣੀ ਨੂੰ ਆਦਿ ਗ੍ਰੰਥ ਜੀ ਅੰਦਰ ਪ੍ਰਣੀਤ ਕੀਤਾ ਤੇ ਗੁਰੂਆਂ ਦੀ ਆਪਣੀ ਬਾਣੀ ਨਾਲ, ਸਮਾਨ ਦਰਜਾ ਦਿੱਤਾ ਗਿਆ ਹੈ। ਇਹ ਚੀਜ਼ ਮਜ਼੍ਹਬੀ ਦੁਨੀਆਂ ਦੇ ਇਤਿਹਾਸ ਅੰਦਰ, ਇਕ ਬੇਮਿਸਾਲ ਕੀਮਤੀ, ਖਿਆਲ ਦੀ ਪ੍ਰਤੀਨਿਧਤਾ ਕਰਦੀ ਹੈ। ਪੁਰਾਣੀ ਤੇ ਅਜੋਕੇ ਸਮੇਂ ਦੀ ਬਹੁਤੀ ਮਜ਼੍ਹਬੀ ਦੁਨੀਆਂ ਵਿਚ, ਅਜਿਹਾ ਵਿਸ਼ਾਲ ਤੇ ਬਹਿਮੰਡੀ, ਸੁਲਹ ਕੁਲ ਭਾਵ ਮਿਲਣਾ ਕਠਨ ਹੈ। ਆਮ ਤੌਰ ਤੇ ਬਹੁਤ ਸਾਰੇ ਪ੍ਰਚਲਤ ਮਜ਼੍ਹਬ ਆਪਣੇ ਮੁਤੱਸਬ ਤੇ ਤੰਗ ਖਿਆਲ ਅਕੀਦਿਆਂ ਦੇ ਸਬਬ, ਅੱਜ ਦੇ ਰੌਸ਼ਨੀ ਤੇ ਵਿਗਿਆਨ ਦੇ ਯੁਗ ਵਿਚ ਆਏ ਦਿਨ ਬਦਨਾਮ ਹੁੰਦੇ ਜਾ ਰਹੇ ਹਨ। ਈਸ਼ਵਰੀ ਗਿਆਨ ਤੇ ਇਸ ਦੇ ਇਲਹਾਮ ਜਾਂ ਆਕਾਸ਼ ਬਾਣੀ ਬਾਰੇ ਪੁਰਾਣੇ ਤੇ ਪ੍ਰਸਿੱਧ ਇਤਿਹਾਸਕ ਧਰਮਾਂ ਅੰਦਰ, ਅਜੀਬ ਕਿਸਮ ਦੇ ਖਿਆਲ ਪ੍ਰਚਲਤ ਰਹੇ ਹਨ ਤੇ ਹੁਣ ਤਕ ਹੀ ਉਸੇ ਤਰ੍ਹਾਂ ਕੰਮ ਕਰਦੇ ਦਿਖਾਈ ਦੇਂਦੇ ਹਨ। ਸਮੁੱਚੇ ਤੌਰ ਤੇ ਇਹ ਖਿਆਲ ਤੇ ਵਿਸ਼ਵਾਸ਼ ਇਸ ਭਾਵ ਦਾ ਹੈ ਕਿ ਸੰਸਾਰ ਇਤਿਹਾਸ ਦੇ ਕਿਸੇ ਖਾਸ ਵਿਸ਼ੇਸ਼ ਸਮੇਂ ਕਿਸੇ ਇਕ ਜਾਂ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਰੱਬੀ ਗਿਆਨ ਪੂਰਨ ਰੂਪ ਵਿਚ ਇਕੋ ਸਮੇਂ ਦੇ ਦਿੱਤਾ ਗਿਆ ਸੀ, ਜੋ ਉਸ ਨੇ ਜਾਂ ਉਨ੍ਹਾਂ ਨੇ ਆਪਣੀ ਕਿਸੇ ਇਕ ਖਾਸ ਧਰਮ ਪੁਸਤਕ ਜਾਂ ਪੁਸਤਕਾਂ ਅੰਦਰ ਕਲਮ ਬੰਦ ਕਰ ਦਿੱਤਾ ਹੋਇਆ ਹੈ, ਤੇ ਇਸ ਲਈ, ਕੇਵਲ ਉਸ ਵਿਸ਼ੇਸ਼ ਧਰਮ ਪੁਸਤਕ ਜਾਂ ਪੁਸਤਕਾਂ ਨੂੰ ਹੀ ਈਸ਼ਵਰੀ ਕ੍ਰਿਤ ਸਮਝ ਕੇ ਉਨ੍ਹਾਂ ਵਿਚ ਵਿਸ਼ਵਾਸ਼ ਲਿਆਉਣਾ ਹਰੇਕ ਆਦਮੀ ਦੀ ਮੁਕਤੀ ਜਾਂ ਨਿਜਾਤ ਲਈ ਜ਼ਰੂਰੀ ਹੈ।

ਕਿਸੇ ਵੀ ਮਜ਼੍ਹਬ ਦਾ ਇਸ ਕਿਸਮ ਦਾ ਵਿਸ਼ਵਾਸ਼ ਕਿ ਉਸ ਈਸ਼ਵਰੀ-ਸ਼ਕਤੀ ਵਲੋਂ ਕਿਸੇ ਇਕ ਜਾਂ ਦੂਸਰੇ ਵਿਅਕਤੀ ਨੂੰ ਸਾਰੇ ਦਾ ਸਾਰਾ ਮੁਕੰਮਲ ਗਿਆਨ, ਇਕੋ ਵਾਰੀ ਦਿੱਤਾ ਜਾ ਕੇ, ਉਸ ਦੇ ਬਾਅਦ ਰੱਬੀ ਗਿਆਨ ਦੇ ਦਰਵਾਜ਼ੇ, ਸਭ ਮਨੁੱਖਾਂ ਲਈ, ਹਮੇਸ਼ਾਂ ਵਾਸਤੇ ਬੰਦ ਕਰ ਦਿੱਤੇ ਗਏ ਹਨ, ਇਕ ਅਜਿਹਾ ਵਿਸ਼ਵਾਸ ਹੈ, ਜਿਸ ਦਾ ਅੱਜ ਦੇ ਬੌਧਿਕ ਯੁਗ ਵਿਚ ਬਹੁਤ ਦੇਰ ਤਕ ਪ੍ਰਚਲਤ ਰਹਿਣਾ ਤੇ ਪ੍ਰਚਾਰਿਆ ਜਾ ਸਕਣਾ ਲਗ ਭਗ ਅਸੰਭਵ ਹੁੰਦਾ ਹੈ.ਜਾ ਰਿਹਾ ਹੈ। ਇਹ ਇਕ ਗਲਤ ਸਿੱਕਾ ਹੈ, ਜਿਸ ਦਾ ਚਲਨ ਆਉਣ ਵਾਲੀ ਦੁਨੀਆਂ ਵਿਚ ਛੇਤੀ ਬੰਦ ਹੋ ਜਾਣ ਵਾਲਾ ਹੈ।

ਈਸ਼ਵਰੀ ਗਿਆਨ ਤੇ ਇਸ ਦੇ ਪ੍ਰਕਾਸ਼ ਹੋਣ ਬਾਰੇ ਖਿਆਲ ਅੰਦਰ ਬੜਾ ਭਾਰਾ ਪ੍ਰੀਵਰਤਨ ਹੋ ਚੁੱਕਾ ਤੇ ਹੋਂਦਾ ਜਾ ਰਿਹਾ ਹੈ। ਇਸ ਸੰਬੰਧੀ ਅੱਜ ਦੇ ਵਿਚਾਰਵਾਨਾਂ ਦਾ ਵਿਚਾਰ ਰੋ ਵਿਸ਼ਵਾਸ, ਇਸ ਭਾਵ ਦਾ ਹੈ, ਕਿ ਜਿਸ ਤਰ੍ਹਾਂ ਕੁਦਰਤ ਦੀਆਂ ਹੋਰ ਬਰਕਤਾਂ, ਪੋਣ, ਪਾਣੀ ਤੇ ਪ੍ਰਕਾਸ਼ ਆਦਿਕ ਸਭ ਮਨੁੱਖ ਜਾਤੀ ਲਈ ਸਾਂਝੀਆਂ ਹਨ, ਕਿਸੇ ਇਕ ਕੌਮ, ਦੇਸ ਜਾਂ ਵਿਅਕਤੀ ਦੀ ਅੱਡਰੀ ਮਲਕੀਅਤ ਨਹੀਂ, ਇਸੇ ਤਰ੍ਹਾਂ ਰੱਬੀ ਗਿਆਨ ਤੇ ਇਸ ਦਾ ਪ੍ਰਕਾਸ਼ ਵੀ ਸਾਰੀ ਮਨੁੱਖ ਜਾਤੀ ਦੀ ਸਾਂਝੀ ਵਿਰਾਸਤ ਹੈ। ਇਸ ਦੀ ਬਖਸ਼ਿਸ਼ ਕਰਨ ਵਿਚ ਈਸ਼ਵਰ ਸ਼ਕਤੀ ਵਲੋਂ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਇਸੇ ਖਿਆਲ ਦਾ ਨਤੀਜਾ ਹੈ, ਕਿ ਈਸਾਈ ਧਰਮ ਅੰਦਰ ਉਨ੍ਹੀਵੀਂ ਸਦੀ ਦੇ ਸਮੇਂ ਤੋਂ ਯੂਨੇਟੇਰੀਅਨ ਨਾਮ ਦਾ ਇਕ ਅਜਿਹਾ ਫਿਰਕਾ ਕਾਇਮ ਹੋ ਗਿਆ ਹੋਇਆ ਹੈ ਜੋ ਇਲਹਾਮ ਬਾਰੇ ਪੁਰਾਣੇ ਖਿਆਲ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਆਪਣੀ ਧਰਮ ਪੁਸਤਕ ਬਾਈਬਲ ਦਾ ਬੜਾ ਅਦਬ ਸਤਿਕਾਰ ਕਰਦੇ ਹਨ, ਪਰ ਕੇਵਲ ਇਸੇ ਹੀ ਇਕ ਇਕੋ ਪੁਸਤਕ ਨੂੰ ਈਸ਼ਵਰੀ ਕ੍ਰਿਤ ਮੰਨਣ ਤੋਂ ਇਨਕਾਰ ਕਰਦੇ ਹਨ। ਉਹ ਖਿਆਲ ਕਰਦੇ ਹਨ ਕਿ ਬਾਕੀ ਧਰਮਾਂ ਦੀਆਂ ਧਰਮ ਪੁਸਤਕਾਂ ਅੰਦਰ ਵੀ ਬਾਈਬਲ ਵਰਗਾ ਹੀ ਅਧਿਆਤਮਕ ਗਿਆਨ ਮੌਜੂਦ ਹੈ ਤੇ ਉਨ੍ਹਾਂ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਤੋਂ ਲਾਭ ਉਠਾਣਾ, ਈਸਾਈ ਧਰਮ ਅਵਲੰਬੀਆਂ ਦਾ ਕਰਤੱਵ ਹੋਣਾ ਚਾਹੀਦਾ। ਸਾਡੇ ਆਪਣੇ ਦੇਸ਼ ਵਿਚ ਇਸੇ ਖਿਆਲ ਦਾ ਪ੍ਰਚਾਰ, ਬੰਗਾਲ ਦੇ ਉਨ੍ਹੀਵੀਂ ਸਦੀ ਦੇ ਇਕ ਪ੍ਰਸਿੱਧ ਧਾਰਮਕ ਨੇਤਾ, ਰਾਜਾ ਰਾਮ ਮੋਹਨ ਰਾਇ ਜੀ ਨੇ ਕੀਤਾ ਸੀ। ਇਸ ਵਿਸ਼ਵਾਸ ਦੇ ਆਧਾਰ ਉੱਤੇ, ਬ੍ਰਹਮੂ ਸਮਾਜ ਨਾਮ ਦੀ ਇਕ ਸੰਪ੍ਰਦਾਇ ਸਥਾਪਤ ਹੋਈ। ਇਸ ਦੇ ਮੈਂਬਰ ਸਾਰੇ ਦੇ ਸਾਰੇ ਹਿੰਦੂ ਸਮਾਜ ਦੇ ਹੁੰਦੇ ਹੋਏ, ਆਪਣੇ ਧਰਮ ਗ੍ਰੰਥਾਂ ਵਿਚੋਂ ਵੱਧ ਤੋਂ ਵੱਧ ਰੋਸ਼ਨੀ ਤੇ ਪ੍ਰੇਰਨਾ ਲੈਂਦੇ ਹੋਏ, ਨਾਲ ਦੇ ਨਾਲ, ਬਾਕੀ ਧਰਮਾਂ ਦੀਆਂ ਧਰਮ-ਪੁਸਤਕਾਂ ਤੇ ਮਹਾਨ ਪੁਰਖਾਂ ਦਾ ਸਤਿਕਾਰ ਕਰਨਾ, ਤੇ ਉਨ੍ਹਾਂ ਦੀ ਸਿਖਿਆ ਤੋਂ ਵਰੋਸਾਏ ਜਾਣ ਨੂੰ ਵੀ ਆਪਣਾ ਫਰਜ਼ ਸਮਝਦੇ ਹਨ। ਪ੍ਰਲੋਕ ਵਾਸੀ, ਕਵੀਵਰ ਰਾਬਿੰਦਰਾ ਨਾਥ ਟੈਗੋਰ ਵੀ ਇਸੇ ਵਿਸ਼ਵਾਸ਼ ਦੇ ਧਾਰਨੀ ਸਨ। ਉਨ੍ਹਾਂ ਦੀ ਇਕ ਖਾਸ ਪੁਸਤਕ The Religion of Man ਵਿਚੋਂ ਮਾਨਵਤਾ ਦੇ ਸਰਬ ਸਾਂਝੇ ਧਰਮ ਦਾ ਉਲੇਖ ਤੇ ਇਸ ਦੀ ਵਿਆਖਿਆ ਕੀਤੀ ਗਈ ਹੈ, ਜੋ ਪੜ੍ਹੇ ਤੇ ਮਾਣੇ ਜਾਣ ਨਾਲ ਸਬੰਧ ਰੱਖਦੀ ਹੈ। ਈਸਾਈਆਂ ਦੇ ਉਪ੍ਰੋਕਤ ਕਥਿਤ, ਯੂਨੀਟੇਰੀਅਨ, ਤੇ ਹਿੰਦੂ ਸਮਾਜ ਅੰਦਰ ਪੈਦਾ ਹੋਏ ਬ੍ਰਹਮੂ ਸਮਾਜ ਦੇ ਇਸ ਵਿਸ਼ਾਲ ਸੁਲਹ ਕੁਲ ਭਾਵ ਨੇ ਉਨ੍ਹੀਵੀਂ ਤੇ ਵੀਹਵੀਂ ਸਦੀ ਦੇ ਰੋਸ਼ਨ ਤੇ ਵਿਗਿਆਨਕ ਯੁਗ ਅੰਦਰ ਜਨਮ ਲਿਆ ਤੇ ਵਿਕਾਸ ਕੀਤਾ ਹੈ। ਸਹੀ-ਧਰਮ ਭਾਵਨਾ ਵਾਲੀ ਦੁਨੀਆਂ ਅੰਦਰ, ਪੈਦਾ ਹੋ ਚੁਕਾ ਤੇ ਉੱਨਤੀ ਕਰ ਰਿਹਾ, ਇਹ ਸੁਲਹ ਕੁਲ ਭਾਵ ਇਕ ਬੜਾ ਮੁਬਾਰਕ ਤੇ ਕੀਮਤੀ ਖਿਆਲ ਹੈ। ਆਉਣ ਵਾਲੇ ਸਮੇਂ ਵਿਚ ਇਸ ਵਿਸ਼ਾਲ ਤੇ ਵਿਆਪਕ ਭਾਵ ਦੀ ਇਸ ਕਸਵਟੀ ਉੱਤੇ ਹੀ ਸਾਰੇ ਧਰਮ ਤੇ ਇਨ੍ਹਾਂ ਦੇ ਵਿਸ਼ਵਾਸ ਪਰਖੇ ਜਾਇਆ ਕਰਨਗੇ। ਆਦਿ ਸ੍ਰੀ ਗੁਰੂ ਗ੍ਰੰਥ ਜੀ ਅੰਦਰ ਜਿਸ ਤਰ੍ਹਾਂ ਕਿਤਨੇ ਸਾਰੇ ਹਿੰਦੂ ਤੇ ਮੁਸਲਮਾਨ ਭਗਤਾਂ ਤੇ ਫਕੀਰਾਂ ਦੀਆਂ ਰਚਨਾਵਾਂ ਨੂੰ ਇਕ ਥਾਂ ਉੱਤੇ ਇਕਤ੍ਰ ਕੀਤਾ ਗਿਆ ਹੈ ਤੇ ਜਿਸ ਤਰ੍ਹਾਂ ਇਹ ਸਾਰੀ ਬਾਣੀ, ਗੁਰੂਆਂ ਦੀ ਬਾਣੀ ਸਮਾਨ ਹੀ ਅਦਬ ਸਤਿਕਾਰ ਨਾਲ ਜਗਿਆਸੂਆਂ ਦੁਆਰਾ ਪੜ੍ਹੀ ਤੇ ਗਾਇਨ ਕੀਤੀ ਜਾਂਦੀ ਹੈ, ਇਹ ਸਭ ਤੋਂ ਪਹਿਲੀ ਅਦੁਤੀ ਮਿਸਾਲ ਹੈ ਉਪ੍ਰੋਕਤ

ਵਿਸ਼ਾਲ ਤੇ ਬ੍ਰਹਿਮੰਡੀ ਸੁਲਹ ਕੁਲ ਭਾਵ ਦੀ, ਜੋ ਅੱਜ ਤੋਂ ਲਗ ਭਗ ਚਾਰ ਸੌ ਸਾਲ ਪਹਿਲਾਂ ਸਥਾਪਤ ਕਰ ਦਿੱਤੀ ਗਈ ਸੀ।

ਗੁਰੂ ਅਰਜਨ ਦੇਵ ਜੀ ਦੇ ਸਮਕਾਲੀਨ, ਤੇ ਆਦਿ ਗ੍ਰੰਥ ਦੇ ਲਿਖਾਰੀ ਕਵੀ ਭਾਈ ਗੁਰਦਾਸ ਨੇ, ਆਪਣੇ ਇਸ਼ਟ ਗੁਰੂ ਗ੍ਰੰਥ ਸਾਹਿਬ ਅੰਦਰ ਕਾਇਮ ਤੇ ਦ੍ਰਿੜ੍ਹ ਕਰਾਈ ਗਈ ਇਸ ਵਿਆਪਕ ਗੁਣ ਗਾਹੀ ਨਿਰਪੱਖ ਤੇ ਸਰਬ ਸਾਂਝੀ ਮਾਨਵ ਧਰਮ ਦੀ ਭਾਵਨਾ ਨੂੰ ਇਨ੍ਹਾਂ ਸੁੰਦਰ ਸ਼ਬਦਾਂ ਵਿਚ ਪ੍ਰਗਟਾਇਆ ਹੈ :—

ਜੈਸੇ ਨੈਨ ਬੈਨ, ਪੰਖ ਸੁੰਦਰ ਸਰਬੰਗ ਮੋਰ,
ਤਾਂ ਕੇ ਪਗ ਓਰ ਦੇਖ ਦੋਖ ਨਾ ਬਿਚਾਰੀਏ।
ਸੁੰਦਰ ਸੁਗੰਧ, ਅਤਿ ਕੋਮਲ ਕਮਲ ਜੈਸੇ,
ਕੰਟਕ ਬਿਲੋਕ ਨ ਔਗੁਣ ਉਰ ਧਾਰੀਏ।
ਜੈਸੇ ਅੰਮ੍ਰਿਤ ਫਲ ਮਿਸ਼ਟ ਗੁਨਾਦ ਸੁਆਦ,
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਏ।
ਤੈਸੇ ਗੁਰ ਗਿਆਨ ਦਾਨ, ਸਭ ਹੂ ਸੇ ਮਾਂਗ ਲੀਜੈ,
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਏ।

ਇਸੇ ਖਿਆਲ ਨੂੰ ਸ਼੍ਰੋਮਣੀ ਭਗਤ, ਤੇ ਅਧਿਆਤਮਕ ਕਵੀ 'ਸ੍ਰੀ ਕਬੀਰ' ਜੀ ਨੇ (ਜਿਨ੍ਹਾਂ ਦੀ ਬਾਣੀ, ਬਾਕੀ ਸਾਰੇ ਭਗਤਾਂ ਨਾਲੋਂ, ਆਦਿ ਗ੍ਰੰਥ ਜੀ ਅੰਦਰ ਵਧੀਕ ਪ੍ਰਣੀਤ ਹੈ) ਇਨ੍ਹਾਂ ਦੋ ਸਤਰਾਂ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਏਤੇ ਔਰਤ ਮਰਦਾਂ ਸਾਜੇ ਏ ਸਭ ਰੂਪ ਤੁਮਾਰੇ।
ਕਬੀਰ ਪੂੰਗਰਾ ਰਾਮ ਅੱਲਾ ਕਾ ਸਭ ਗੁਰ ਪੀਰ ਹਮਾਰੇ।

ਫਰਾਂਸ ਦੇ ਪ੍ਰਲੋਕ ਵਾਸੀ ਜਗਤ ਵਿਖਿਆਤ ਆਦਰਸ਼ਵਾਦੀ ਲਿਖਾਰੀ ਤੇ ਨੋਬਲ ਇਨਾਮ ਵਿਜੇਤਾ ਰੋਮਨ ਰੋਲੈਂਡ, ਆਪਣੀ ਕਿਸੇ ਇਕ ਪੁਸਤਕ ਵਿਚ The Universal Science Religion (ਵਿਸ਼ਵ-ਵਿਆਪਕ ਵਿਗਿਆਨ-ਧਰਮ) ਦੇ ਸਿਰਲੇਖ ਹੇਠ ਇਸ ਖਿਆਲ ਨੂੰ ਆਪਣੇ ਇਕ ਨਾਇਕ ਦੇ ਸ਼ਬਦਾਂ ਰਾਹੀਂ ਇਸ ਤਰ੍ਹਾਂ ਪ੍ਰਗਟ ਕਰਦੇ ਹਨ :—

"ਧਰਮ ਦੇ ਸਾਰੇ ਤੰਗ, ਸੀਮਤ ਤੇ ਲੜਾਈ ਝਗੜਾ ਕਰਨ ਵਾਲੇ ਖਿਆਲ ਛੱਡ ਦੇਣੇ ਚਾਹੀਦੇ ਹਨ। ਆਵਣ ਵਾਲੇ ਸਮੇਂ ਦੇ ਧਾਰਮਕ ਆਦਰਸ਼ਾਂ ਨੂੰ ਸੰਸਾਰ ਭਰ ਅੰਦਰ ਜੋ ਵੀ ਕੋਈ ਚੰਗੀ ਤੇ ਮਹਾਨ ਵਸਤੂ ਵਿਦਮਾਨ ਹੈ ਉਸ ਨੂੰ ਆਪਣੀ ਗਲਵਕੜੀ ਅੰਦਰ ਲੈ ਲੈਣਾ, ਤੇ ਨਾਲ ਲੱਗਦੇ ਭਵਿੱਖ ਦੇ ਵਿਕਾਸ ਲਈ ਵੀ, ਅਸੀਮਤ, ਗੁੰਜਾਇਸ਼ ਰੱਖ ਲੈਣੀ ਚਾਹੀਦੀ ਹੈ, ਬੀਤ ਚੁੱਕੇ ਸਮੇਂ ਅੰਦਰ ਜੋ ਕੁਝ ਵੀ ਚੰਗਾ ਸੀ ਉਸ ਨੂੰ ਸੰਭਾਲ ਲੈਣ ਤੇ ਪਹਿਲਾਂ ਤੋਂ ਮੌਜੂਦ ਇਸ ਭੰਡਾਰ ਅੰਦਰ, ਭਵਿੱਖ ਸਮੇਂ ਅੰਦਰ ਹੋਰ ਵਾਧਾ ਕਰਨ ਲਈ, ਦਰਵਾਜ਼ੇ ਖੁਲ੍ਹੇ ਰੱਖਣੇ ਚਾਹੀਦੇ ਹਨ। ਇਸ ਤੋਂ ਇਲਾਵਾ ਧਰਮਾਂ ਨੂੰ (ਅਤੇ ਇਸ ਨਾਮ ਹੇਠਾਂ ਵਿਗਿਆਨਾਂ ਨੂੰ ਵੀ ਸ਼ਾਮਲ ਸਮਝਣਾ ਚਾਹੀਦਾ

ਹੈ ) ਸਰਬ ਧਰਮ ਭਾਵ ਗ੍ਰਾਹੀ ਹੋਣਾ ਲੋੜੀਂਦਾ ਹੈ ਅਤੇ ਇਕ ਦੂਜੇ ਨੂੰ ਇਸ ਖਿਆਲ ਨਾਲ ਘ੍ਰਿਣਾ ਦੀ ਨਜ਼ਰ ਨਾਲ ਨਹੀਂ ਵੇਖਣਾ ਚਾਹੀਦਾ ਕਿ ਪ੍ਰਮਾਤਮਾ ਦੀ ਹੋਂਦ ਬਾਰੇ ਉਨ੍ਹਾਂ ਦੇ ਵਿਚਾਰ ਤੇ ਆਦਰਸ਼ ਵਿਭਿੰਨ ਪ੍ਰਕਾਰ ਦੇ ਹਨ। ਆਪਣੇ ਜੀਵਨ ਕਾਲ ਅੰਦਰ, ਕਾਫੀ ਗਿਣਤੀ ਅਜਿਹੇ ਅਧਿਆਤਮਕ ਮਨੁੱਖਾਂ ਤੇ ਸਮਝਦਾਰ ਵਿਅਕਤੀਆਂ ਦੀ ਦੇਖੀ ਹੈ, ਜੋ ਪ੍ਰਮਾਤਮਾ ਦੀ ਹੋਂਦ ਅੰਦਰ ਉਸ ਤਰ੍ਹਾਂ ਵਿਸ਼ਵਾਸ਼ ਨਹੀਂ ਵੀ ਸਨ ਕਰਦੇ, ਜਿਸ ਅਨੁਸਾਰ ਅਸੀਂ ਇਸ ਸ਼ਬਦ ਨੂੰ ਵਰਤਦੇ ਹਾਂ। ਜਿਤਨਾ ਕੁਝ ਪ੍ਰਮਾਤਮਾ ਜੋਤ ਬਾਰੇ ਉਹ ਸਮਝਦੇ ਸਨ—ਉਤਨਾ ਅਸੀਂ ਸ਼ਾਇਦ ਕਦੀ, ਸਮਝ ਹੀ ਨਾ ਸਕੀਏ। ਪਰਮਾਤਮਾ ਸਬੰਧੀ ਜਾਂ ਗੈਰ ਸਖਸੀ ਤਸੱਵਰ ਅਨੰਤ ਸਦਾਚਾਰਕ ਕਾਨੂੰਨ ਦੇ ਰੂਪ ਵਿਚ ਜਾਂ ਆਦਰਸ਼ ਮਨੁੱਖ ਦੇ ਤੌਰ ਤੇ—ਇਹ ਸਾਰੇ ਦੇ ਸਾਰੇ ਵਿਸ਼ਵਾਸ ਧਰਮ ਦੀ ਪਰਿਭਾਸ਼ਾ ਹੇਠ ਆ ਜਾਂਦੇ ਹਨ।''

''ਸਾਡੇ ਕਰਨ ਗੋਚਰਾ ਅੱਜ ਇਕ ਕੰਮ ਇਹ ਵੀ ਹੈ ਕਿ ਧਰਮ ਤੇ ਵਿਗਿਆਨ ਦੋ ਭਰਾ ਜਿਨ੍ਹਾਂ ਦੀ ਸਚਾਈ ਨਾਮ ਇਕ ਖੇਤ ਨੂੰ ਜੋਤਣ ਤੇ ਇਸ ਤੋਂ ਲਾਭ ਉਠਾਣ ਲਈ, ਸਾਂਝੀ ਮੁਸ਼ੱਕਤ ਦੀ ਲੋੜ ਹੈ, ਪਰ ਜੋ ਇਸ ਦੀ ਮਲਕੀਅਤ ਲਈ ਨਿਰੋਲ ਆਪੋ ਆਪਣਾ ਹੱਕ ਜਮਾਉਣ ਲਈ ਝਗੜੇ ਵਿਚ ਰੁਝੇ ਹੋਏ ਹਨ, ਉਨ੍ਹਾਂ ਵਿਚਕਾਰ ਸੁਲਹ ਸਫਾਈ ਕਰਾ ਦਿੱਤੀ ਜਾਏ। ਫਿਰ ਇਕ ਅਤਿ ਜ਼ਰੂਰੀ ਲੋੜ ਇਸ ਗੱਲ ਦੀ ਵੀ ਹੈ, ਕਿ ਭਿੰਨ ਭਿੰਨ ਧਰਮਾਂ ਦੇ ਵਿਚਕਾਰ ਪਰਸਪਰ ਸਾਥੀ ਹੋਣ ਦੀ ਭਾਵਨਾ ਸਥਾਪਤ ਕਰਾਈ ਜਾਏ। ਜਿਥੋਂ ਤਕ ਵਿਗਿਆਨ ਤੇ ਧਰਮ ਦੋ ਭਰਾਵਾਂ ਦਾ ਵਾਸਤਾ ਹੈ, ਇਨ੍ਹਾਂ ਵਿਚੋਂ ਕਿਸੇ ਇਕ ਦੇ ਲਾਭ ਲਈ ਦੂਜੇ ਨੂੰ ਬੇਦਖਲ ਕਰਨ ਦਾ ਯਤਨ ਇਕ ਬੇਅਰਥ ਯਤਨ ਹੈ। ਦੋਹਾਂ ਵਿਚੋਂ ਕਿਸੇ ਵੀ ਇਕ ਤੋਂ ਬਿਨਾਂ ਨਿਰਬਾਹ ਹੋ ਨਹੀਂ ਸਕਦਾ। ਇਨ੍ਹਾਂ ਦੋਹਾਂ ਦੇ ਪਰਸਪਰ ਮੇਲ ਤੇ ਏਕਤਾ ਤੋਂ ਸਾਨੂੰ ਉੱਚੀ ਤੋਂ ਉੱਚੀ ਫਿਲਾਸਫੀ ਪ੍ਰਾਪਤ ਹੋ ਸਕੇਗੀ। ਕਿਸੇ ਵੇਲੇ ਇਹ ਦੋਵੇਂ ਇਕ ਦੂਜੇ ਨੂੰ ਪ੍ਰੇਮ ਨਾਲ ਮਿਲ ਕੇ ਘੁੱਟ ਕੇ ਦਸਤ ਪੰਜਾ ਲੈ ਲੈਣਗੇ।'' ਇਕ ਥਾਂ ਹੋਰ ਇਸੇ ਪੁਸਤਕ ਦਾ ਲਿਖਾਰੀ ਇਸ ਤਰ੍ਹਾਂ ਲਿਖਦਾ ਹੈ :—

''ਮੈਂ ਉਨ੍ਹਾਂ ਸਾਰੇ ਹੀ ਧਰਮਾਂ ਨੂੰ ਪ੍ਰਵਾਨ ਕਰਦਾ ਹਾਂ ਜੋ ਪਿਛਲੇ ਸਮੇਂ ਵਿਚ ਮੌਜੂਦ ਸਨ ਅਤੇ ਉਨ੍ਹਾਂ ਸਾਰਿਆਂ ਨਾਲ ਮਿਲ ਕੇ ਪੂਜਾ ਕਰਦਾ ਹਾਂ। ਇਨ੍ਹਾਂ ਵਿਚੋਂ ਹਰੇਕ ਨਾਲ ਮਿਲ ਕੇ ਮੈਂ ਈਸ਼ਵਰ ਭਗਤੀ ਕਰਦਾ ਹਾਂ। ਕੀ ਪਰਮਾਤਮਾ ਦੀ, ਪੁਸਤਕ ਸਮਾਪਤ ਹੋ ਗਈ ਹੈ, ਕਿ ਲਗਾਤਾਰ ਬਾਈਬਲ ਰੂਪ ਵਿਚ ਇਸ ਅੰਦਰ ਹੋਰ ਹੀ ਹੋਰ ਵਾਧਾ ਹੋ ਰਿਹਾ ਹੈ ? ਇਹ ਇਕ ਬੇਹਦ ਵਿਸਮਾਦ ਪੂਰਤ ਪੁਸਤਕ ਹੈ—ਸੰਸਾਰ ਦੀਆਂ ਇਹ ਸਾਰੀਆਂ ਅਧਿਆਤਮਕ ਰੋਸ਼ਨੀਆਂ। ਬਾਈਬਲ, ਵੇਦ, ਕੁਰਾਨ ਅਤੇ ਹੋਰ ਸਾਰੀਆਂ ਪਵਿਤਰ ਪੁਸਤਕਾਂ, ਇਸ ਦੇ ਕਿਤਨੇ ਹੀ ਮਹਾਨ ਪੰਨੇ ਹਨ ਅਤੇ ਅਣਗਿਣਤ ਹੋਰਨਾਂ ਦਾ ਵਾਧਾ ਹੋਣਾ ਹੈ। ਅਸੀਂ ਵਰਤਮਾਨ ਸਮੇਂ ਅੰਦਰ ਖਲੋਤੇ ਹਾਂ ਪਰ ਅਨੰਦ ਭਵਿਖਤ ਲਈ ਆਪਣੀਆਂ ਬਾਹਵਾਂ ਖੁਲ੍ਹੀਆਂ ਤੇ ਪਸਰੀਆਂ ਰਖਦੇ ਹਾਂ। ਉਹ ਸਾਰਾ ਕੁਝ ਜੋ ਪਿੱਛੋਂ ਹੈ ਉਸ ਨੂੰ ਪ੍ਰਵਾਨ ਕਰਦੇ, ਵਰਤਮਾਨ ਸਮੇਂ ਦੇ ਪ੍ਰਕਾਸ਼ ਨੂੰ ਮਾਣਦੇ ਤੇ ਭਵਿਖਤ ਵਿਚ ਹੋਣ ਵਾਲੇ ਸਾਰੇ ਕੁਝ ਲਈ, ਆਪਣੀਆਂ ਦਿਲ ਦੀਆਂ ਖਿੜਕੀਆਂ ਖੋਲ੍ਹ ਕੇ

ਰਖਦੇ ਹਾਂ । ਹੋ ਬੀਤੇ ਸਮੇਂ ਦੇ ਸਾਰੇ ਸੰਦੇਸ਼ਕਾਰਾਂ ਨੂੰ ਵਰਤਮਾਨ ਸਮੇਂ ਦੇ ਸਾਰੇ ਮਹਾਨ ਵਿਅਕ-ਤੀਆਂ ਤੇ ਆਉਣ ਵਾਲੇ ਸਮੇਂ ਵਿਚ ਪ੍ਰਗਟ ਹੋਣ ਵਾਲੇ ਮਹਾਂ ਪੁਰਖਾਂ ਨੂੰ ਵੀ ਨਮਸਕਾਰ ਕਰਦੇ ਹਾਂ ।'

ਇਹ ਉਪ੍ਰੋਕਤ ਸ਼ਬਦ ਸਹੀ ਰੂਪ ਵਿਚ ਤਰਜਮਾਨੀ ਕਰਦੇ ਹਨ, ਉਸ ਵਿਸ਼ਾਲ ਭਾਵ ਤੇ ਭਾਵਨਾ ਦੀ ਜਿਸ ਨਾਲ ਭਗਤਾਂ, ਭੱਟਾਂ, ਤੇ ਫ਼ਕੀਰਾਂ ਦੀ ਬਾਣੀ ਨੂੰ ਆਦਿ ਗ੍ਰੰਥ ਜੀ ਅੰਦਰ ਪ੍ਰਣੀਤ ਕੀਤਾ ਗਿਆ ਹੈ ।

—0—

# ਆਦਿ ਗ੍ਰੰਥ ਵਿਚ ਸੰਗੀਤ

ਪ੍ਰ. ਗੁਰਦਿਆਲ ਸਿੰਘ 'ਕਵੀਰਾਗੁ'

## (ੳ) ਸੰਗੀਤ-ਨਿਬੰਧ ਖੇਤਰ ਦੀ ਸੀਮਾ ਤੇ ਆਦਿ—ਅੰਤ

'ਆਦਿ ਗ੍ਰੰਥ ਵਿਚ ਸੰਗੀਤ' ਨਿਬੰਧ ਦੇ ਸਾਕਾਰ ਸੰਗੀਤਕ ਵਿਸ਼ੇ ਨੂੰ ਛੁਹਣ ਤੋਂ ਪਹਿਲਾਂ ਮੁਖ ਲੇਖ ਅੰਦਰ ਆਏ ਸੰਗੀਤਕ ਸਿਰਲੇਖ ਸ਼ਬਦ ਦਾ ਨਿਰਣਿਕ ਮੁਲਾਂਕਣ ਕਰਨਾ ਜ਼ਰੂਰੀ ਹੈ।

ਏਵੇਂ ਹੀ ਇਹ ਹੋਰ ਵੀ ਜ਼ਰੂਰੀ ਹੈ ਕਿ ਪੰਜਾਬੀ ਸਾਹਿਤਯ ਦੇ 'ਆਦਿ ਗ੍ਰੰਥ ਵਿਚ ਸੰਗੀਤ' ਦੇ ਵਿਸ਼ਲੇਸ਼ਣ ਤੋਂ ਆਦਿ ਕਾਲ ਦੀ ਸੀਮਾ ਨੂੰ ਮਿਥਣਾ ਤੇ 'ਆਦਿ ਗ੍ਰੰਥ ਵਿਚ ਸੰਗੀਤ' ਲਈ ਆਏ ਪ੍ਰੀਭਾਸ਼ਿਕ ਸ਼ਬਦਾਂ ਨੂੰ ਵਿਸ਼ੇਸ਼ ਸਮੇਂ ਕਾਲ ਦੇ ਅਨੁਸਾਰ ਉਪਜੀ ਸੰਗੀਤ ਕਲਾ ਦੇ ਸਰਵੇਖਣ ਤੋਂ ਮਾਪਣਾ।

ਮਧਿਕਾਲ ੧੬ਵੀਂ ਸ਼ਤਾਬਦੀ ਦੀ ਸੰਸਾਰ ਪ੍ਰਸਿਧ ਰਚਨਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਸੰਗੀਤ' ਸਬੰਧੀ ਵਡਮੁਲੇ ਵਿਚਾਰਾਂ ਅਤੇ ਸੂਖਸ਼ਮ ਰਾਗਾਤਮਿਕ ਭਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਸਮਝਣਾ, ਪਹਿਲ ਕਰਨੀ ਹੋਵੇਗੀ ਕਿ, 'ਸੰਗੀਤ' ਪ੍ਰਭਾਵੀ ਸ਼ਬਦ ਦਾ ਕੀ ਭਾਵ ਹੈ ? ਕਿਉਂ ? ਤੇ ਕਿਵੇਂ ਪ੍ਰਸ਼ਨ ਉਠਦੇ ਹਨ।

ਗੁਰੂ ਮੁਖਿ ਵਾਕ ਦੁਆਰਾ ਹੀ ਉੱਤਰ ਪ੍ਰਾਪਤ ਹਨ; ਜਿਵੇਂ :—

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ ।
ਏਕਾ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕ ਹੀ ਸੇਵਾ, ਏਕੋ ਗੁਰ ਤੇ ਜਾਪੈ ॥੧॥
ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥

ਛੋਡਿ ਮਾਇਆ ਕੇ ਧੰਧ ਸੁਆਉ ॥੧॥ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾਂ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਂਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬਹੀ ਏਕੁ ਸਬਦ ਬੰਧਿ ਪਾਲੈ ॥੨॥
ਨਾਰਦੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥
ਇਹੁ ਨਿਰਤਕਾਰੀ ਜਨਮਿ ਨ ਆਵੈ ॥੩॥
ਜੇ ਕੋ ਆਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ॥
ਕਹ ਨਾਨਕ ਤਿਸੁ ਕੀਰਤਨੁ ਏਕੁ ॥੪॥੮॥੭॥

(ਰਾਗੁ ਰਾਮਕਲੀ ਮਹਲਾ ੫)

ਭਾਵ ਹੈ, 'ਆਦਿ ਗ੍ਰੰਥ ਵਿਚ ਸੰਗੀਤ' ਸ਼ਬਦ, ਗੁਰਬਾਣੀ ਕੀਰਤਨ ਦਾ ਉਪਾਸ਼ਕ ਹੈ। ਦੀਮਾਗੋਂ-ਰਾਗੁ, ਦਿਲੋਂ-ਧੁਨਿ, ਹਿਰਦੇ-ਤੋਂ ਸੁਰਤਿ, ਹੱਥੋਂ-ਪੰਜੇ ਸਾਜ, ਮੂੰਹੋਂ-ਸਤਿਸੁਰਾਂ ਕੰਠੋਂ-ਤਾਨ, ਪੈਰੋਂ-ਨਿਰਤਕਾਰੀ, ਜੋ ਇਹ ਸਭ (ਕੁਝ) ਸੰਗੀਤ-ਸਮਗਰੀ, ਠਾਕੁਰ ਨੂੰ ਭਾ ਜਾਵੇ ਤਾਂ ਗੁਰੂ ਨਾਨਕ ਦੇਵ ਉਸ ਕ੍ਰੋੜਾਂ ਵਿਚੋਂ ਢੂੰਡੇ ਕੀਰਤਨੀਏ ਨੂੰ ਸਾਧ ਸੰਗਤਿ ਦੀ ਟੇਕ-ਆਸਰਾ ਬਖਸ਼ਦੇ ਹਨ।

ਭਾਰਤ ਦੇ ਧਾਰਮਕ ਸਿਧਾਂਤ ਅਨੁਸਾਰ 'ਸੰਗੀਤ' ਨੂੰ ਨਾਦ-ਬ੍ਰਹਮ-ਵਾਦ ਕਿਹਾ ਗਿਆ ਹੈ। ਜੋ ਇਹ ਹਿਰਦੇ (ਘਰੁ) ਦੀ ਕੋਮਲ (ਧੁਨਿਤ) ਭਾਸ਼ਾ ਹੋਣ ਕਰਕੇ ਤਰਕ ਅਤੇ ਬੁੱਧੀ ਦੇ ਘੇਰੇ ਤੋਂ ਬਾਹਰ ਦੀ ਭਾਵਕ ਵਸਤੂ ਹੈ। ਇਸ ਲਈ, 'ਸੰਗੀਤ' ਜਾਂ ਕਰਮ ਦਾ ਕੋਈ ਸਾਕਾਰ ਰੂਪ ਨਹੀਂ ਹੈ। ਇਹ ਕੇਵਲ ਅਨੁਭਵ ਰਾਹੀਂ ਹੀ ਜਾਣਿਆ ਜਾਂਦਾ ਹੈ। ਏਹੀ ਕਾਰਣ ਹੈ ਕਿ ਮਨੁਖ ਇਸ ਦੇ ਪ੍ਰਭਾਵ ਤੋਂ ਮੰਤਰ ਮੁਗਧ ਹੋ, ਰੱਬ ਨਾਲ ਜੁੜ ਜਾਂਦਾ ਹੈ।

ਇਕ, ਮਸ਼ਹੂਰ ਜਰਮਨ ਲਿਖਾਰੀ ਹੇਗਿਲ ਲਿਖਦਾ ਹੈ ਕਿ, 'ਸੰਗੀਤ' ਉਸ ਪ੍ਰਮਾਤਮਾ ਨੂੰ ਇੰਦਰੀਆਂ ਦੇ ਮਾਧਯਮ ਰਾਹੀਂ ਜ਼ਾਹਰ ਕਰਦਾ ਹੈ, ਜਿਹੜਾ ਕਿ ਤਰਕ ਆਦਿ ਨਾਲ ਨਹੀਂ ਹੋ ਸਕਦਾ।' ਸ੍ਰੀ ਗੁਰੂ ਨਾਨਕ ਦੇਵ ਨੇ ਆਪਣੀ ਆਦਿ ਬਾਣੀ 'ਜਪੁ ਨੀਸਾਣੁ' ਅੰਦਰ ਵੀ 'ਰਸਨਾ'—'ਇੰਦਰੇ' ਨੂੰ ਪ੍ਰੇਰਨਾ ਕੀਤੀ ਹੈ, ਕਿ 'ਅਖਰੀ' ਗਿਆਨ ਗੀਤ ਗੁਣ ਗਾਹ।'...ਜੋ ੧ਓ ਅੰਕਾਰ, ਸਤਿ ਕਰਤਾਰ, ਤੇ ਸਤਿਨਾਮੁ ਦੇ ਗੁਣ-ਗੀਤ-ਗਿਆਨ ਨੂੰ ਕੰਠ ਕਰੋ (ਗਾਹ)। ਤੇ ਜਾਂ 'ਗਾਵੀਐ ਸੁਣੀਐ ਮਨੁ ਰਖੀਐ ਭਾਉ'। ਰਸਨਾ ਨਾਲ ਗਾਵਣਾ, ਕੰਨਾਂ ਨਾਲ ਸੁਣ ਕੇ ਮਨ ਅੰਦਰ ਪਿਆਰ ਉਤਪਨ ਕਰਨਾ ਹੀ ਸਤਿਨਾਮੁ ਤੇ ਪ੍ਰਭੂ ਵਾਹਿਗੁਰੂ ਨੂੰ ੧ ਜੀਭ, ੨. ਕੰਨ ਤੇ ੩. ਮਨ ਇੰਦਰਿਆਂ ਦੁਆਰਾ, ਸੰਗੀਤਕ ਧੁਨੀ, ਹੇਕ (ਆਵਾਜ਼) ਰਾਹੀਂ ਜੋ ਜ਼ਾਹਰ ਹੁੰਦਾ ਹੈ। ਇਹ ਹੈ 'ਆਦਿ ਗ੍ਰੰਥ ਵਿਚ ਸੰਗੀਤ' ਫਲਸਫਾ।

## ਰਾਗ ਮਾਲਾ

## ਆਦਿ ਗ੍ਰੰਥ ਵਿਚ ਸੰਗੀਤ ਤੇ ਉਸ ਦੀ ਆਦਿ-, 'ਅੰਤਕਾ ਰਾਗ ਮਾਲਾ'

'ਰਾਗ ਮਾਲਾ' ਰਾਗੁ ਰਾਗਨੀ ਪਧਿਤੀ ਰਾਹੀਂ ਇਤਿਹਾਸਕ ਰਚਨਾ ਹੈ। ਜਿਵੇਂ ਭਾਰਤੀ ਸਾਹਿਤਯ ਦੀ ਖੋਜ ਤੇ ਉਸ ਦੀ ਟੋਲ ਅੰਦਰ 'ਕਾਵਿ-ਮਾਲਾ', 'ਛੰਦ-ਮਾਲਾ', 'ਗੀਤ-ਮਾਲਾ', 'ਅਖਸ਼ਰ-ਮਾਲਾ' ਤੇ 'ਸੁਰ ਮਾਲਾ' ਜੋ ਪ੍ਰਕਾਸ਼ਿਕ ਸ਼ਬਦ ਤੇ ਭਾਵਿਕ ਬਿੰਬਾਵਲੀ ਪ੍ਰਾਪਤ ਹੋ ਆਉਂਦੀ ਹੈ। ਤਿਵੇਂ ਹੀ ਰਾਗ, ਰਾਗਨੀਆਂ ਤੇ ਉਨ੍ਹਾਂ ਦੀ (ਸੰਤਤਿ) ਪ੍ਰੀਵਾਰਿਕ ਨਾਮਾਵਲੀ (ਲਿੰਗ) ਪੁਲਿੰਗ ਨਾਵਾਂ ਤੋਂ 'ਰਾਗ ਮਾਲਾ' ਦੀ ਕਲਾਤਮਿਕ ਰਚਨਾ ਪ੍ਰਾਪਤ ਹੁੰਦੀ ਹੈ।

ਰਾਗ ਤੇ ਰਾਗਨੀ ਦੀ ਪ੍ਰੀਵਾਰਕ ਰਾਗ ਮਾਲਾ ਦੀ ਹੋਂਦ ਨੂੰ ਸਜਰਾ-ਏ-ਨਸਲ ਤੇ 'ਰਾਗ ਮਾਲਾ ਚੌਰਾਸੀਆਂ' ਵੀ ਕਿਹਾ ਗਿਆ ਹੈ। ਵਿਸ਼ੇਸ਼ ਕਰਕੇ ਰਾਗ ਮਾਲਾ ਅੰਦਰ ੬ ਰਾਗ, ੩੦ ਰਾਗਨੀਆਂ, ੪੮ (ਪੁੱਤਰ) ਉਪਰਾਗਾਂ ਦੇ ਜੋੜ ਨੂੰ 'ਰਾਗੁ ਚੌਰਾਸੀਆ, ਜਾਂ ਰਾਗ-ਮਾਲਾ' ਪੁਕਾਰਿਆ ਜਾਂਦਾ ਹੈ। 'ਰਾਗ' ਸ਼ਬਦ ਦੀ ਉਤਪਤੀ ਰੰਗ ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਹੈ 'ਰੰਗ ਜਾਣਾ, ਰੰਗ ਨਾਲ ਭਰ ਜਾਣਾ, ਲਾਲ ਹੋ ਜਾਣਾ, ਚਮਕਣਾ ਪ੍ਰਭਾਵਿਤ ਹੋਣਾ, ਪ੍ਰੇਰਤ-ਰਸ ਜਾਂ ਭਾਵਾਂ ਦੇ ਆਵੇਸ਼ ਵਿਚ ਬਹਿ ਜਾਣਾ ਹੁੰਦਾ ਹੈ।' ਰਾਗਾਂ ਦੇ ਪਹਿਲੇ ਗਾਇਕ ਤੰਤ੍ਰਿਕ ਬੁਧਵਾਦ ਦੇ ਚੌਰਾਸੀ ਬੱਜ੍ਰੇਣ ਸਿੱਧ ਹੋਏ ਹਨ। ਸਿੱਧਾਂ ਚੋਂ ਨਾਮ 'ਸਰਹੱਪਾਂ' ਦਾ ਹੈ, ਜਿਸ ਦਾ ਵਿਕਾਸ ਕਾਲ (ਸਮਾ) ੬੩੩ ਈ: ਵਿਚ ਹੋਇਆ ਸਿੱਧ ਹੁੰਦਾ ਹੈ। ਏਸ ਮੁਖੀ ਤੇ ਹੋਰ ਸਿੱਧ ਅੱਡ ਅੱਡ ਰਾਗਾਂ ਵਿਚ ਪਦ ਰਚਨਾ ਕਰਦੇ ਤੇ ਖੁਦ ਹੀ (ਦੋਹਾ) ਗਾਂਦੇ ਵੀ ਸਨ। ਹੇਠਾਂ ਦਿੱਤੀ ਜਾ ਰਹੀ ਰਾਗ ਨਾਮਾਵਲੀ ਦੀ ਸੂਚੀ ਬੁੱਧ-ਗਾਨ ਤੇ ਉਸ ਦੇ ਦੋਹਾਂ ਕਾਵਿ ਤੋਂ ਕੀਤੀ ਗਈ ਹੈ :—

ਸਿਧ ਗੁਰੂਆਂ ਦੇ ਮੌਖਿਕ ਰਾਗ ਇਹ ਹਨ :—

| ਨੰ: | ਰਾਗ ਨਾਮ | ਸਿੱਧ ਨਾਮ | ਨੰ: | ਰਾਗ ਨਾਮ | ਸਿੱਧ ਨਾਮ |
|---|---|---|---|---|---|
| ੧. | ਰਾਗ ਗੌੜ | ਵਿਰੂਪਾ | ੧੦. | ਰਾਗ ਰਾਮਕਲੀ | ਸੰਤੀਪਾ |
| ੨. | ਰਾਗ ਮਾਰੂ | ਗੰਦਰੀਪਾ | ੧੧. | ਰਾਗ ਵਰਾਟੀ | ਭੁਸੁਕ |
| ੩. | ਰਾਗ ਗੁਜਰੀ | ਗੰਦਰੀਪਾ | ੧੨. | ਰਾਗ ਸਿਵਾਰੀ | ਸੰਤੀਪਾ |
| ੪. | ਰਾਗ ਪਟਮੰਜਰੀ | ਭੁਸੁਕ | ੧੩. | ਰਾਗ ਵਰਾਠੀ | ਸਰਹੱਪਾ |
| ੫. | ਰਾਗ ਦੇਵਕਰੀ | ਭੁਸੁਕ | ੧੪. | ਰਾਗ ਮਲਾਰੀ | ਭੁਸੁਕ |
| ੬. | ਰਾਗ ਦੇਸ਼ਾਖ | ਕਾਨ੍ਹਪਾ | ੧੫. | ਰਾਗ ਮਾਲਸ਼੍ਰੀ | ਸਰਹੱਪਾ |
| ੭. | ਰਾਗ ਭੈਰਵੀ | ਸਰਹੁਪਾ | ੧੬. | ਰਾਗ ਮਾਲਸੀ ਗੌੜ | ਕੰਨਹੱਪਾ |
| ੮. | ਰਾਗ ਕਾਮੋਦੀ | ਭੁਸੁਕ | ੧੭. | ਰਾਗ ਬੰਗਲਾ | ਭੁਸੁਕ |
| ੯. | ਰਾਗ ਧਨਾਸ਼੍ਰੀ | ਦੋਮਭੀਪਾ | ੧੮. | ਰਾਗ ਰਾਗਨੀਵੇਦ | ਗਾਲੰਧਰਪਾ |

ਉਪਰੋਕਤ ਸਿੱਧ ਰਾਗ ਨਾਮ ਰਾਗ ਮਾਲਾ ਪ੍ਰੀਵਾਰਿਕ ਨਹੀਂ ਹੈ, ਬਲਕਿ ਕੰਠਕ੍ਰਮ ਗਾਵਣ ਅਨੁਸਾਰ ਹੈ।

ਆਦਿ ਗ੍ਰੰਥ ਵਿਚ 'ਸੰਗੀਤ' ਤੇ ਉਸਦੇ

| ਨੰ. | ਰਾਗੁ | ਸੁਧ | ਛਾਯਾਲਗ |
|---|---|---|---|
| ੧. | ਸਿਰੀ ਰਾਗੁ | ,, ,, | |
| ੨. | ਮਾਝ ਰਾਗੁ | ,, ,, | † † † |
| ੩. | ਗਉੜੀ ਰਾਗੁ | ,, ,, | † † † |
| ੪. | ਆਸਾ ਰਾਗੁ | ,, ,, | † † † |
| ੫. | ਗੂਜਰੀ ਰਾਗੁ | ,, ,, | † † † |
| ੬. | ਦੇਵ ਗੰਧਾਰੀ ਰਾਗੁ | † † | ਛਾਯਾਲਗ |
| ੭. | ਬਿਹਾਗੜਾ ਰਾਗੁ | ਸੁਧ | † † † |
| ੮. | ਵਡਹੰਸੁ ਰਾਗੁ | † † | ,, ,, ,, |
| ੯. | ਸੋਰਠਿ ਰਾਗੁ | ,, ,, | † † † |
| ੧੦. | ਜੈਤਸਰੀ ਰਾਗੁ | † † | ਛਾਯਾਲਗ |
| ੧੧. | ਧਨਾਸਰੀ ਰਾਗੁ | † † | ,, ,, |
| ੧੨. | ਟੋਡੀ ਰਾਗੁ | ਸੁਧ | † † † |
| ੧੩. | ਬੈਰਾੜੀ ਰਾਗੁ | ,, ,, | † † † |
| ੧੪. | ਤਿਲੰਗ ਰਾਗੁ | ,, ,, | † † † |
| ੧੫. | ਸੂਹੀ ਰਾਗੁ | ,, ,, | † † † |
| ੧੬. | ਬਿਲਾਵਲੁ ਰਾਗੁ | ,, ,, | † † † |
| ੧੭. | ਗੋਂਡ ਰਾਗੁ | ,, ,, | |
| ੧੮. | ਰਾਮਕਲੀ ਰਾਗੁ | † † | ਛਾਯਾਲਗ |
| ੧੯. | ਨਟ ਨਾਰਾਇਣ ਰਾਗੁ | † † | ,, ,, ,, |
| ੨੦. | ਮਾਲੀ ਗਾਉੜਾ ਰਾਗੁ | † † | ,, ,, ,, |
| ੨੧. | ਮਾਰੂ ਰਾਗੁ | ਸੁਧ | † † † |
| ੨੨. | ਤੁਖਾਰੀ ਰਾਗੁ | ,, ,, | † † † |
| ੨੩. | ਕੇਦਾਰਾ ਰਾਗੁ | ,, ,, | † † † |
| ੨੪. | ਭੈਰਉ ਰਾਗੁ | ,, ,, | † † † |
| ੨੫. | ਬਸੰਤ ਰਾਗੁ | ,, ,, | † † † |
| ੨੬. | ਸਾਰੰਗ ਰਾਗੁ | ,, ,, | † † † |
| ੨੭. | ਮਲ੍ਹਾਰ ਰਾਗੁ | ,, ,, | † † † |
| ੨੮. | ਕਾਨੜਾ ਰਾਗੁ | ,, ,, | † † † |
| ੨੯. | ਕਲਿਆਨ ਰਾਗੁ | ,, ,, | † † † |
| ੩੦. | ਪ੍ਰਭਾਤੀ ਰਾਗੁ | ,, ,, | † † † |
| ੩੧. | ਜੈਜਾਵੰਤੀ ਰਾਗੁ | † † | ਛਾਯਾਲਗ |

੩੧ ਰਾਗੁ 'ਰਾਗ ਰਤਨ ਸ਼ਬਦ ਗਾਵਣ'

| ਮਕੋਹਣ | ਉੱਤਰੀ | ਦੱਖਣੀ | ਰੁਤੀ | ਗਾਵਣ ਸਮਾਂ | ਤੇ ਜਾਤੀ |
|---|---|---|---|---|---|
| † † | ,, ,, ,, | † † † | ਹੇਮੰਤ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | † † † | ਵਰਸ਼ਾ, ,, | ,, ,, | ਸੰਪੂਰਨ |
| † † | ,, ,, ,, | † † † | ਸ਼ਿਸ਼ਰ, ,, | ,, ,, | ਸੰਪੂਰਨ |
| † † | ,, ,, ,, | † † † | ਹੇਮੰਤ ,, | ਰਾਤੀ ੪ ਪਹਿਰ | ਸੰਪੂਰਨ |
| † † | ,, ,, ,, | † † † | ਵਰਸ਼ਾ ,, | ਦਿਨ ੪ ਪਹਿਰ | ਸੰਪੂਰਨ |
| † † | † † † | ,, ,, | ਸ਼ਿਸ਼ਰ ,, | ਦਿਨ ੧ ਪਹਿਰ | ਸੰਪੂਰਨ |
| † † | † † † | ,, ,, | ਹੇਮੰਤ, ,, | ਰਾਤੀਂ ੨ ਪਹਿਰ | ਸੰਪੂਰਨ |
| † † | † † † | ,, ,, | ਸ਼ਿਸ਼ਰ, ,, | ਦਿਨ ੪ ਪਹਿਰ | ਸੰਪੂਰਨ |
| † † | ਉਤਰੀ | † † † | ਸ਼ਰਦ, ,, | ਰਾਤੀਂ ੩ ਪਹਿਰ | ਸੰਪੂਰਨ |
| † † | ,, ,, ,, | † † † | ਸ਼ਿਸ਼ਰ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | † † † | ਸ਼ਿਸ਼ਰ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | † † † | ਸ਼ਿਸ਼ਰ, ,, | ਦਿਨ ੧ ਪਹਿਰ | ਸੰਪੂਰਨ |
| † † | † † † | ,, ,, | ਸ਼ਰਦ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | † † † | ਵਰਸ਼ਾ, ,, | ਦਿਨ ੩ ਪਹਿਰ | ਸ਼ਾੜਵ |
| † † | ,, ,, ,, | † † † | ਬਸੰਤ, ,, | ਦਿਨ ੧ ਪਹਿਰ | ਸੰਪੂਰਨ |
| † † | ,, ,, ,, | † † † | ਬਸੰਤ, ,, | ਦਿਨ ੧ ਪਹਿਰ | ਸੰਪੂਰਨ |
| † † | † † † | † † † | ਹੇਮੰਤ, ,, | ਦਿਨ ੩ ਪਹਿਰ | ਸੰਪੂਰਨ |
| † † | † † † | ,, ,, ,, | ਬਸੰਤ, ,, | ਦਿਨ ੧ ਪਹਿਰ | ਸੰਪੂਰਨ |
| † † | † † † | ,, ,, ,, | ਵਰਸ਼ਾ, ,, | ਰਾਤੀਂ ੩ ਪਹਿਰ | ਸੰਪੂਰਨ |
| † † | † † † | ,, ,, ,, | ਸ਼ਰਦ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | ,, ,, ,, | ਸ਼ਿਸ਼ਰ, ,, | ਦਿਨ ੩ ਪਹਿਰ | ਸੰਪੂਰਨ |
| † † | ,, ,, ,, | † † † | ਸ਼ਰਦ, ,, | ਦਿਨ ੧ ਪਹਿਰ | ਸੰਪੂਰਨ |
| † † | ,, ,, ,, | † † † | ਗ੍ਰੀਖਮ, ,, | ਦਿਨ ੪ ਪਹਿਰ | ਸੰਪੂਰਨ |
| † † | ,, ,, ,, | † † † | ਸ਼ਰਦ, ,, | ਰਾਤੀਂ ੪ ਪਹਿਰ | ਸੰਪੂਰਨ |
| † † | ,, ,, ,, | † † † | ਬਸੰਤ,ਰੁਤੀ,, | ਰੁਤ ਵਿਖੇ ੮ ਪਹਿਰ | ਸੰਪੂਰਨ |
| † † | ,, ,, ,, | † † † | ਵਰਸ਼ਾ, ,, | ਦਿਨ ੨ ਪਹਿਰ | ਸ਼ਾੜਵ |
| † † | ,, ,, ,, | † † † | ਵਰਖਾ ਰੁਤੀ | ਰੁਤ ਵਿਖੇ ੮ ਪਹਿਰ | ਔੜਵ |
| † † | ,, ,, ,, | † † † | ਗ੍ਰੀਖਮ, ,, | ਰਾਤੀਂ ੧ ਪਹਿਰ | ਸੰਪੂਰਨ |
| † † | ,, ,, ,, | † † † | ਵਰਸ਼ਾ, ,, | ਦਿਨ ੪ ਪਹਿਰ | ਸੰਪੂਰਨ |
| † † | ,, ,, ,, | † † † | ਬਸੰਤ, ,, | ਦਿਨ ੧ ਪਹਿਰ | ਸੰਪੂਰਨ |
| † † | † † † | ,, ,, ,, | ਗ੍ਰੀਖਮ, ,, | ਰਾਤੀਂ ੧ ਪਹਿਰ | ਸੰਪੂਰਨ |

## ਆਦਿ ਗ੍ਰੰਥ ਵਿਚ ਸੰਗੀਤ ਤੇ ਉਸ ਦੇ 'ਨੌਂ ਧੁਨਿ ਰਾਗੁ' ਅਤੇ 'ਅਨੁਧੁਨਿ ਰਾਗੁ' ਤੁਲਨਾਤਮਿਕ-ਸਰਵੇਖਣ

| | |
|---|---|
| ੧. ਰਾਗੁ ਮਾਝ ਧੁਨਿ | ੧. ਰਾਗੁ ਹੰਸ ਧੁਨਿ |
| ੨. ਰਾਗੁ ਗਉੜੀ ਧੁਨਿ | ੨. ਰਾਗੁ ਨਾਗ ਧੁਨਿ |
| ੩. ਰਾਗੁ ਆਸਾ ਧੁਨਿ | ੩. ਰਾਗੁ ਮਿਧੁਰ ਧੁਨਿ |
| ੪. ਰਾਗੁ ਗੂਜਰੀ ਧੁਨਿ | ੪. ਰਾਗੁ ਕੌਸ਼ਿਕ ਧੁਨਿ |
| ੫. ਰਾਗੁ ਵਡਹੰਸੁ ਧੁਨਿ | ੫. ਰਾਗੁ ਝੁਨਕਾਰ ਧੁਨਿ |
| ੬. ਰਾਗੁ ਸਾਰੰਗ ਧੁਨਿ | ੬. ਰਾਗੁ ਗਰੁੜ ਧੁਨਿ |
| ੭. ਰਾਗੁ ਮਲ੍ਹਾਰ ਧੁਨਿ | ੭. ਰਾਗੁ ਲੰਕ ਧੁਨਿ |
| ੮. ਰਾਗੁ ਰਾਮਕਲੀ ਧੁਨਿ | ੮. ਰਾਗੁ ਕੋਕਿਲ ਧੁਨਿ |
| ੯. ਰਾਗੁ ਕਾਨੜਾ ਧੁਨਿ | ੯. ਰਾਗੁ ਭ੍ਰਮਰ ਧੁਨਿ |

'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸ ਦੇ ੩੧ ਰਾਗ, 'ਉੱਤਰੀ ਸੰਗੀਤ' ਦੇ 'ਦੱਖਣੀ ਸੰਗੀਤ' ਦੇ ਹਜ਼ਾਰਾਂ ਮੀਲ ਦੇ ਦੁਰੇਡੇ ਪੰਧ ਨੂੰ ਇਕ ਥਾਂ ਮੇਲਦੇ ਹਨ, ਉਥੇ ਉੱਤਰੀ-ਦੱਖਣੀ ਦੇ ਵੱਖ-ਵੱਖ ਰਾਗਾਂ ਦੇ ਗਾਵਣ ਨੂੰ ਵੀ ਇਕ ਧੁਨਿ, ਇਕ ਸ਼ੈਲੀ, ਇਕ ਚਲਨ ਅੰਦਰ 'ਰਾਗ-ਰਤਨ-ਸ਼ਬਦ-ਗਾਵਣ' ਵਜੋਂ ਮਾਨ ਪ੍ਰਾਪਤ ਹੈ।

ਰਾਗੁ ਨਾਲੋਂ ਰਾਗ-ਧੁਨੀ ਗਾਵਣ, ਜ਼ਰਾ ਕਠਿਨ ਤੇ ਮਨਮੁਖਿ ਤੋਂ ਦੁਰਲੱਭ ਹੈ। ਕਿਉਂਕਿ ਰਾਗੁ ਧੁਨਿ 'ਗੁਰਮੁਖ ਨਾਦੰ' ਹੈ, ਜੋ ਕੇਵਲ ਅਮੁਲ ਦੀ ਪ੍ਰਾਪਤੀ ਹੈ! ਇਹ 'ਆਦਿ ਗ੍ਰੰਥ ਵਿਚ ਸੰਗੀਤ' ਦੀ ਮਹਾਨ ਦੇਣ ਹੈ। ਦਰਅਸਲ, ਗੁਰੂ ਦੇ ਸਨਮੁਖ ਤੋਂ ਨਾਦ ਪ੍ਰਾਪਤੀ ਹੁੰਦੀ ਹੈ।

## ਆਦਿ ਗ੍ਰੰਥ ਵਿਚ ਸੰਗੀਤ ਤੇ ਉਸ ਵਿਖੇ ਮਹਲਾ ੧, 'ਆਦਿ ਰਾਗੁ-ਮਾਲਾ ਇਕਤੀਸਾ' ਭਾਵ, ੩੧ ਰਾਗਾਂ ਦੇ ਰਾਗੁ ਰਤਨ ਸ਼ਬਦ ਗਾਵਣ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੰਠਾਗਰ ਮੇਲ ੧੯ ਰਾਗੁ ਧੁਰਕੀ ਬਾਣੀ ਦੇ ਸ਼ੈਲੀ ਸੰਚਾਲਿਨ ਗਾਵਣ ਅੰਦਰ, ਜੋ ਆ ਰਹੇ ਹਨ, ਸੋ 'ਆਦਿ ਗ੍ਰੰਥ ਵਿਚ ਸੰਗੀਤ' ਵਿਖੇ 'ਮਹਲਾ ੧ ਪਹਿਲਾ' ਦੇ ਉਪਦੇਸ਼-ਉਦੇਸ਼ ਨਾਲ ਇਸ ਪ੍ਰਕਾਰ ਦਰਜ ਹਨ। ਜਿਨ੍ਹਾਂ ਰਾਗਾਂ ਵਿਚ ਮਹਲਾ ੧ ਦੀ ਬਾਣੀ ਦਾ ਉਚਾਰਨ ਗਾਵਣ ਕੀਤਾ ਗਿਆ ਹੈ, ਉਨ੍ਹਾਂ ੧੯ ਮੇਲ ਰਾਗਾਂ ਦਾ ਸਰਵੇਖਣ, ਇਸ ਪ੍ਰਕਾਰ ਅੰਕਿਤ ਹੈ :—

੧. ਰਾਗੁ, ਸਿਰੀ ਰਾਗੁ, ੨. ਮਾਝ, ੩. ਗਉੜੀ, ੪. ਆਸਾ, ੫. ਗੂਜਰੀ, ੬. ਵਡਹੰਸੁ, ੭. ਸੋਰਠਿ, ੮. ਧਨਾਸਰੀ, ੯. ਤਿਲੰਗ, ੧੦. ਸੂਹੀ, ੧੧. ਬਿਲਾਵਲੁ, ੧੨. ਰਾਮਕਲੀ, ੧੩. ਮਾਰੂ, ੧੪. ਤੁਖਾਰੀ, ੧੫. ਭੈਰਉ, ੧੬. ਬਸੰਤੁ, ੧੭. ਸਾਰੰਗ, ੧੮. ਮਲ੍ਹਾਰ, ੧੯. ਪ੍ਰਭਾਤੀ, ਇਤਿਆਦਿ ੧੯ ਰਾਗੁ ਪ੍ਰਾਪਤ ਹੁੰਦੇ ਹਨ। ਗੁਰੂ ਜੀ ਦੀ ਆਦਿ ਬਾਣੀ ਜਪੁਜੀ ਸਾਹਿਬ ਜਾਂ 'ਜਪੁ ਨੀਸਾਣੁ' ਦੀ ੨੭ਵੀਂ ਪਉੜੀ 'ਸੋਦਰ' ਅੰਦਰ ਸੰਗੀਤ ਨਿਬੰਧ ਵਿਸਾਲ ਖੋਜ ਪਰਾਚੀਨ

ਤੋਂ ਅਰਬਾਂ-ਚੀਨ ਦੇ ਗਾਵਣ ਹਾਰਿਆਂ ਤੇ ਉਨ੍ਹਾਂ ਦੀ ਇਤਿਹਾਸਕ ਵਿਅਕਤੀਗਤ ਨਾਵਾਂ ਦ ਬਾਵਾਂ ਦੀ ਨਾਮਾਵਲੀ ਦਿੱਤੀ ਹੈ। ਜੋ 'ਆਦਿ ਗ੍ਰੰਥ ਵਿਚ ਸੰਗੀਤ' ਦੀ ਉਥਾਨਕਾ ਹੈ ॥

## 'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸ ਵਿਖੇ ਮਹਲਾ ੨ ਦੂਜਾ ਦੀ ਅਲਾਪਤ ਬਾਣੀ' 'ਰਾਗ ਰਤਨ ਸਬਦ ਗਾਵਣ'

ਮਹਲਾ ੨ ਦੂਜਾ ਅਰਥਾਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੰਗੀਤਕ ਵਿਸ਼ੇ ਤੇ ਉਨ੍ਹਾਂ ਦੇ ਨਿਜੀ ਰਾਗੁ ਗਾਵਣ ਦੀ ਸ਼ੈਲੀ ਕੰਠਾਗਰ ਧੁਨੀ ਸੰਚਾਲਿਨ ਅਨੁਸਾਰ ਖੋਜ ਤੋਂ ਨਿਰਨਾ। 'ਆਦਿ ਗ੍ਰੰਥ ਵਿਚ ਸੰਗੀਤ' ਦਾ ਸਾਹਿਤਕ ਵਿਸ਼ਾ ਇੰਜ ਹੈ।

ਸਲੋਕ ਮਹਲਾ ੨—

"ਨਾਨਕ ਤਿਨਾ ਬਸੰਤੁ ਹੈ, ਜਿਨਿ੍ ਘਰ ਵਸਿਆ ਕੰਤੁ ॥
ਜਿਨਕੇ ਕੰਤ ਦਿਸਾਪੁਰੀ, ਸੇ ਅਹਿ ਨਿਸਿ ਫਿਰਹਿ ਜਲੰਤ ॥"

ਮਹਲਾ ੨—

"ਪਹਿਲ ਬਸੰਤੈ ਆਗਮਨਿ, ਤਿਸਕਾ ਕਰਹੁ ਬੀਚਾਰ ॥
ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰ ॥"

(ਵਾਰ ਸੂਹੀ ਕੀ ਸਲੋਕ ੧੯)

ਦੂਜਾ ਸਿਰਲੇਖ ਮਲ੍ਹਾਰ ਕੀ ਵਾਰ ਹੈ।

ਸਲੋਕ ਮਹਲਾ ੨—

"ਸਾਵਣੁ ਆਇਆ ਹੇ ਸਖੀ, ਕੰਤੈ ਚਿਤਿ ਕਰੇਹੁ ॥
ਨਾਨਕ ਝੂਰਿ ਮਰਹਿ ਦੋਹਾਗਣੀ, ਜਿਨ੍ਹ ਅਵਰੀ ਲਾਗਾ ਨੇਹੁ ॥੧॥

ਮਹਲਾ ੨—

ਸਾਵਣੁ ਆਇਆ ਹੇ ਸਖੀ, ਜਲਹਰੁ ਬਰਸਨਹਾਰੁ ॥
ਨਾਨਕ ਸੁਖਿ ਸਵਨੁ ਸਹਾਗਣੀ, ਜਿਨ੍ਹ ਸਹ ਨਾਲਿ ਪਿਆਰੁ ॥

ਵਿਸ਼ੇਸ਼:—ਆਮ ਗੁਰਮਤਿ ਇਤਿਹਾਸ ਤੇ ਗੁਰਬਾਣੀ ਖੋਜੀ ਭੁਲੇਖੇ ਜਾਂ ਟਪਲੇ ਅੰਦਰ ਆ ਕੇ ਇਕ-ਦੂਜੇ ਦੀ ਰੀਸ ਤੋਂ ਨੀਝ ਕੇ ਲਿਖਦੇ ਆ ਰਹੇ ਹਨ; ਕਿ 'ਸ੍ਰੀ ਗੁਰੂ ਅੰਗਦ ਦੇਵ ਜੀ ਨੇ ਰਾਗਾਂ ਬਾਰੇ ਗੁਰਬਾਣੀ ਰਾਗੁ ਅੰਦਰ ਕੁਝ ਨਹੀਂ ਲਿਖਿਆ'। ਪੜ੍ਹ ਕੇ ਹੈਰਾਨੀ ਹੁੰਦੀ ਹੈ ਪਰੰਤੂ ਸੰਗੀਤ ਕਲਾ ਉੱਤੇ ਤੇ ਉਸ ਦੇ ਸਾਹਿਤਕ ਵਿਸ਼ੇ ਬਾਰੇ ਜੋ ਰੁਤਿ ਦੇ ਰਾਗਾਂ ਨੂੰ ਲਿਖ ਸਕੇ, ਉਸਦੀ ਖੋਜ ਵਿਸ਼ੇਸ਼ ਹੁੰਦੀ ਹੈ। ਤਾਂ—ਰੁਤਿ ਰਾਗੁ ( ) ਅੰਦਰ 'ਬਸੰਤੁ ਰਾਗੁ' ਤੇ 'ਮਲ੍ਹਾਰ ਰਾਗੁ' ਸਰਵੇਖਣ ਉਲੇਖ ੨ ਵਲੋਂ ਉੱਚ ਕੋਟੀ ਦੇ ਸਿਰਲੇਖ ਹਨ। ਬਸੰਤ ਰਾਗੁ ਤੇ ਮਲ੍ਹਾਰ ਰਾਗੁ ਤੋਂ ਹੋਰ ਅੱਡ ਵੀ ਰਾਗਾਂ ਦੀ ਬਾਣੀ ੨੨ ਵਾਰਾਂ 'ਚ ਸਬੂਤ ਹਨ।

## 'ਆਦਿ ਗ੍ਰੰਥ ਵਿਚ 'ਸੰਗੀਤ' ਤੇ ਉਸ ਵਿਖੇ ਮਹਲਾ ੩ ਤੀਜਾ ਦੇ 'ਰਾਗ ਰਤਨ ਸਬਦ ਗਾਵਣ ਮ: ੩

ਸ੍ਰੀ ਗੁਰੂ ਅਮਰ ਦਾਸ ਜੀ ਦਾ ਕਲਾਤਮਿਕ ਗੁਰੂ ਵਿਅਕਤਗਤਿ ਰਾਗੁ ਮਈ ਬਾਣੀ ਗਾਵਣ ਹਾਰਿਆਂ ਦੇ ਤੌਰ ਤੇ-ਤੀਜੇ ਸਥਾਨ ਉੱਤੇ ਸੂਚਨਾ ਸੰਬੰਧਿਕ ਨਾਮ ਹੈ।

ਆਪ ਜੀ ਦਾ ਜਨਮ ੨੭ ਵਿਸਾਖ ਸੰਮਤ ੧੫੩੬ ਵਿਖੇ ਹੋਇਆ। ਗੁਰੂ ਗਦੀ ਦੇ ਤਿਲਕ ਮੌਕੇ ਆਪ ਦੀ ਆਯੂ ੭੩ ਸਾਲਾਂ ਦੀ ਸੀ।

ਆਪ ਵਲੋਂ, ਕੰਠਾਗਰ ਗਾਵਣ ਕੀਤੀ ਬਾਣੀ ਦੇ ੧੭ ਰਾਗੁ ਇਸ ਪ੍ਰਕਾਰ ਹਨ ਜੋ 'ਆਦਿ ਗ੍ਰੰਥ ਵਿਚ ਸੰਗੀਤ' ਅਨੁਸਾਰ ਦਰਜ ਹਨ। ਬਾਣੀ ਰਾਗੁ—੧. ਸਿਰੀ ਰਾਗੁ, ੨. ਮਾਝ, ੩. ਗਉੜੀ, ੪. ਆਸਾ, ੫. ਗੂਜਰੀ, ੬. ਵਡਹੰਸੁ, ੭. ਸੋਰਠਿ, ੮. ਧਨਾਸਰੀ, ੯. ਸੂਹੀ, ੧੦. ਬਿਲਾਵਲੁ, ੧੧. ਰਾਮਕਲੀ, ੧੨. ਮਾਰੂ, ੧੩. ਭੈਰਉ, ੧੪. ਬਸੰਤੁ, ੧੫. ਸਾਰੰਗ, ੧੬. ਮਲ੍ਹਾਰ, ੧੭. ਪ੍ਰਭਾਤੀ। ਆਪ ਜੀ ਨੇ ੨੨ ਮੰਜੀਆਂ ਦੇ ਕੇ ਪੰਜਾਬ ਦੇ ੨੨ ਜ਼ਿਲਿਆਂ ਅੰਦਰ ਮੁਖੀ ਸਿੱਖਾਂ ਨੂੰ ਗੁਰੂ ਨਾਨਕ ਬਾਣੀ ਤੇ ਉਸ ਦੇ ਉਪਦੇਸ਼ਾਂ ਦੇ ਆਸ਼ੇ ਨੂੰ ਪੂਰਾ ਕਰਨ ਲਈ ਪ੍ਰਚਾਰਿਕ ਨਿਯਤ ਕੀਤੇ ਸਨ।

ਆਦਿ ਗ੍ਰੰਥ ਵਿਚ ਸੰਗੀਤ ਤੇ ਉਸ ਵਿਖੇ ਮਹਲਾ ੪ ਚੋਥਾ ਦੇ 'ਰਾਗੁ ਰਤਨ-ਸ਼ਬਦ-ਗਾਵਣ' ਦੀ ਕਲਾਤਮਕ ਬਾਣੀ ਦੇ ਨਵੇਂ ੧੧ ਰਾਗੁ ਜੋ ਸ੍ਰੀ ਗੁਰੂ ਰਾਮ ਦਾਸ ਜੀ ਵਲੋਂ ਰਾਗੁ ਰੰਜਕਤਾ (ਪ੍ਰਭਾਵਸ਼ਾਲੀ-ਮਿੱਠਤ) ਪੱਖੋਂ, ਇਸ ਪ੍ਰਕਾਰ ਸਰਵੇਖਣ ਹੁੰਦਾ ਹੈ।

੧. (ਦੂਜਾ) ਰਾਗੁ. ਪੱਖ ੨. (੭ਵਾਂ) ਦੇਵ ਗੰਧਾਰੀ, ਬਿਹਾਗੜਾ, ੩. (੧੧ਵਾਂ) ਜੈਤਸਰੀ, ੪. (੧੨ਵਾਂ) ਟੋਡੀ ਰਾਗੁ, ੫. (੧੩ਵਾਂ) ਬੈਰਾੜੀ ਰਾਗੁ. ੬. (੧੭ਵਾਂ) ਗੋਂਡ ਰਾਗੁ, ੭. (੧੯ਵਾਂ) ਨਟਨਾਰਾਇਣ ਰਾਗੁ. ੮. (੧੦ਵਾਂ) ਮਾਲੀ ਗੌੜਾ ਰਾਗੁ. ੯. (੨੩ਵਾਂ) ਕੇਦਾਰਾ ਰਾਗੁ, ੧੦. (੨੮ਵਾਂ) ਕਾਨੜਾ ਰਾਗੁ. ੧੧. (੨੯ਵਾਂ) ਕਲਿਆਨ ਇਤਿਆਦਿ ਹਨ।

ਪਰੰਤੂ ੧੯ ਰਾਗੁ ਸ੍ਰੀ ਗੁਰੂ ਨਾਨਕ (ਤੇ ਮਹਲਾ ਦੂਜਾ; ਮਹਲਾ ਤੀਜਾ ਵਾਲੇ ਵੀ (ਰਾਗੁ ਨਾਲ ਹੀ) ਆਲਾਪਤ ਗਾਵਣ ਕੀਤੇ, ਜੋ ਇਸ ਪ੍ਰਕਾਰ ਹਨ।

ਜਿਵੇਂ : ੧ ਸਿਰੀ ਰਾਗੁ, ੩. ਗਉੜੀ, ੪. ਆਸਾ, ੫. ਗੂਜਰੀ, ੬. ਦੇਵਗੰਧਾਰੀ, ੮. ਵਡਹੰਸੁ, ੯. ਸੋਰਠਿ, ੧੦ ਧਨਾਸਰੀ, ੧੪. ਤਿਲੰਗ, ੧੫. ਸੂਹੀ, ੧੬. ਬਿਲਾਵਲੁ, ੧੮. ਰਾਮਕਲੀ, ੨੧. ਮਾਰੂ, ੨੨ ਤੁਖਾਰੀ, ੨੪. ਭੈਰਦ ਰਾਗੁ, ੨੫. ਬਸੰਤੁ, ੨੬. ਸਾਰੰਗ, ੨੭. ਮਲਾਰ, ੩੦. ਪ੍ਰਭਾਤੀ, ਇਨ ਉਪਰਵਾਰ ੧੯ ਰਾਗੁ ਮਹਲਾ ੧ (ਤੇ ਮਹਲਾ ੨, ਮਹਲਾ ੩ਜਾ) ਦੇ ਮਿਲ ਕੇ ਸਭ ੧੯ ਤੋਂ ੧੧ ਦੇ ੩੦ ਹੋ ਜਾਂਦੇ ਹਨ; ਜਿਨ੍ਹਾਂ ਅੰਦਰ ਮਹਲਾ ੪ ਦੇ 'ਆਦਿ ਗ੍ਰੰਥ ਵਿਚ ਸੰਗੀਤ' ਵਿਖੇ ਵਿਸ਼ਾਲ ਸੰਗੀਤਕ ਵਿਸ਼ਾ ਪੁਰਾਤਨਤਾ, ਨਵੀਨਤਾ ਨੂੰ ਛੋਂਹਦਾ ਹੈ। ਆਪ ਦਾ ਜਨਮ ਕੱਤਕ ਮਾਹ ਸੰਮਤ ੧੫੯੧ ਅਨੁਸਾਰ ਲਾਹੌਰ ਵਿਖੇ ਹੋਇਆ। ਤੇ ਭਾਦਰੋਂ ਮਾਹ ਸੰਮਤ ੧੬੩੮ ਨੂੰ ਸੱਚਖੰਡ ਪਧਾਰੇ, ਜਿਨ੍ਹਾਂ ਨੇ ਕੇਵਲ ੭ ਸਾਲ ਗੁਰੂ ਗੱਦੀ ਉੱਤੇ ਬਿਰਾਜਮਾਨ ਰਹਿ ਕੇ ਦਰਸ਼ਨ ਦਿੱਤੇ। 'ਆਦਿ ਗ੍ਰੰਥ ਵਿਚ ਸੰਗੀਤ' ਆਪ ਵਲੋਂ ਵਿਸ਼ਾਲ ਦੇਣ ਹੈ।

'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸ ਵਿਖੇ ਮਹਲਾ ਪੰਜਵਾਂ ਦੇ 'ਰਾਗ ਰਤਨ ਸ਼ਬਦ ਗਾਵਣ'

ਦੀ ਕਲਾਤਮਿਕ ਬਾਣੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗੁ ਰੰਜੁਕਤਾ ਨੂੰ ਮੁਖ ਰੱਖ, ਕੰਠਾਗਰ ਅਲਾਪਤ ਗਾਵਣ ਕੀਤੇ ੩੦ ਰਾਗ ਇਸ ਪ੍ਰਕਾਰ ਕ੍ਰਮ ਅਨੁਸਾਰ ਸੰਪਾਦਨ ਕੀਤੇ ਹਨ। ਜਿਵੇਂ ਕਿ

**ਆਪਦੀ ਬਾਣੀ ਦੇ ਰਾਗੁ** :—੧. ਸਿਰੀ ਰਾਗੁ, ੨. ਮਾਝ, ੩. ਗਉੜੀ, ੪. ਆਸਾ, ੫. ਗੂਜਰੀ, ੬. ਦੇਵ-ਗੰਧਾਰੀ, ੭. ਬਿਹਾਗੜਾ, ੮. ਵਡਹੰਸੁ, ੯. ਸੋਰਠਿ, ੧੦. ਧਨਾਸਰੀ ੧੧. ਜੈਤਸਰੀ, ੧੨. ਟੋਡੀ, ੧੩. ਬੈਰਾੜੀ, ੧੪. ਤਿਲੰਗ, ੧੫. ਸੂਹੀ, ੧੬. ਬਿਲਾਵਲੁ, ੧੭. ਗੋਂਡ, ੧੮. ਰਾਮਕਲੀ, ੧੯. ਨਟਨਾਰਾਇਨ, ੨੦. ਮਾਲੀਗੋੜਾ, ੨੧. ਮਾਰੂ, ੨੨. ਤੁਖਾਰੀ, ੨੩. ਕੇਦਾਰਾ, ੨੪. ਭੈਰਉ, ੨੫. ਬਸੰਤੁ, ੨੬. ਸਾਰੰਗ, ੨੭. ਮਲਾਰ, ੨੮. ਕਾਨੜਾ, ੨੯ ਕਲਿਆਨ, ੩੦. ਪ੍ਰਭਾਤੀ ਅੰਕਿਤ ਹਨ।

ਆਪ ਦਾ ਜਨਮ ਵਿਸਾਖ ੭ ਸੰਮਤ ੧੬੨੦ (ਤੇ ਈਸਵੀ ਅਨੁਸਾਰ ੧੫੬੩) ਵਿਚ ਗੋਇੰਦਵਾਲ ਹੋਇਆ। ਆਪ ੨ ਅੱਸੂ, ਸੰਮਤ ੧੬੩੮ ਵਿਖੇ ਗੁਰੂ ਗੱਦੀ ਪਰ ਸ਼ੋਭਨੀਕ ਹੋਏ।

**'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸ ਵਿਖੇ ਮਹਲਾ ੯ਵਾਂ ਦੀ ਕਲਾਤਮਿਕ ਬਾਣੀ ਦਾ 'ਰਾਗ ਰਤਨ ਸ਼ਬਦ ਗਾਵਣ'**

ਜੋ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਰਾਗ ਰੰਜਕਤਾ ਨੂੰ ਮੁਖ ਰੱਖ ਆਲਾਪਤ ਗਾਵਣ ਕੀਤੇ, ਉਨ੍ਹਾਂ ਦਾ ਸਰਵੇਖਣ ਆਪ ਜੀ ਦੀ ਰਾਗੁ ਬਾਣੀ ਦੀ ਧੁਨੀ ਤੇ ਉਸ ਦੇ ਰਾਗੁ ਨਾਦ ਕੰਠਾਗਰ ਗਾਵਣ ਅੰਦਰ ਅਤਿ ਦਾ ਵੈਰਾਗ ਭਰਪੂਰ ਰਸ, ਤੇ ਭਾਵ-ਬਾਣੀ, ਪ੍ਰਭਾਵ ਡੁੱਲ੍ਹ ਡੁੱਲ੍ਹ ਪੈਂਦਾ ਹੈ। ਸ੍ਰੋਤਾ ਜਨ ਦੇ ਇਕ ਦਮ ਅੱਥਰੂ ਛਲ੍ਹਕ ਪੈਂਦੇ ਹਨ। ਜਦੋਂ ਆਪ ਜੀ ਦੇ ਵੈਰਾਗ ਮਈ 'ਰਾਗੁ ਜੈਜਾਵੰਤੀ' ਦੇ ਸਿਰਲੇਖ ਹੇਠ 'ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ ॥ ਮਾਇਆ ਕੋ ਸੰਗੁ ਤਿਆਗੁ, ਪ੍ਰਭ ਜੀ ਕੀ ਸਰਨਿ ਲਾਗੁ, ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ। ਰਹਾਉ ॥' ਉਕਤ ਸ਼ਬਦ ਦੀ ਜਿੱਥੇ ਕਾਵਿ ਪੱਖ ਤੋਂ ਬਿੰਬਾਵਲੀ, ਪਦਾਂ ਦੀ ਲਟਕਣ, ਭਾਸ਼ਾ ਦੀ ਸਰਲਤਾ ਗੁਣ ਭਰਪੂਰ ਹੈ, ਉਥੇ 'ਰਾਗੁ ਜੈਜਾਵੰਤੀ' ਵੀ ਇਕ 'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸ ਦੇ ਰਾਗੁ, ਨਾਦ ਪਖੋਂ, ਵੈਰਾਗ-ਰਸ ਪ੍ਰਧਾਨ, ਪ੍ਰਮਾਣ ਹੈ। ਮਹਲਾ ੯ਵੇਂ ਦੇ ੧੫ ਰਾਗੁ ਇਸ ਪ੍ਰਕਾਰ ਹਨ। ਜਿਵੇਂ : ਬਾਣੀ ਰਾਗ ੧. ਗਉੜੀ ਰਾਗ, ੨. ਆਸਾ, ੩. ਦੇਵ ਗੰਧਾਰੀ, ੪. ਬਿਹਾਗੜਾ, ੫. ਸੋਰਠਿ, ੬. ਧਨਾਸਰੀ, ੭. ਜੈਤਸਰੀ, ੮. ਟੋਡੀ, ੯. ਤਿਲੰਗ, ੧੦. ਬਿਲਾਵਲ, ੧੧. ਰਾਮਕਲੀ, ੧੨. ਮਾਰੂ, ੧੩. ਬਸੰਤੁ, ੧੪. ਸਾਰੰਗ, ੧੫. ਜੈਜਾਵੰਤੀ ਰਾਗੁ; ਸਭ ਬਾਣੀ ਸ਼ੈਲੀ ਵੈਰਾਗ ਰਸ ਹੈ।

**'ਆਦਿ ਗ੍ਰੰਥ ਵਿਚ ਸੰਗੀਤ' ਅਤੇ ਉਸ ਦੇ ੩੧ ਰਾਗਾਂ ਅੰਦਰ ਮਿਸ਼ਰਤ ਹੋ ਆਏ, ਬਾਹਰਲੇ ਰਾਗਾਂ ਦਾ ਨਿਖੇੜ—ਬਾਹਰਲੇ ਰਾਗ ਨਾਵਾਂ ਦੀ ਨਾਮਾਵਲੀ** :—੧. ਮਾਝ ਘਨਾਹਨ, ੨. ਗੁਆਰੇਰੀ, ੩. ਦੱਖਣੀ, ੪. ਚੇਤੀ, ੫. ਬੈਰਾਗਨਿ, ੬. ਪੂਰਬੀ, ੭. ਦੀਪਕੀ, ੮. ਮਾਲਵਾ, ੯. ਮਾਲਾ, ੧੦. ਸੁਲਖਣੀ, ੧੧. ਸੁਖਮਣੀ, ੧੨. ਕਾਫ਼ੀ, ੧੩. ਆਸਾਵਰੀ, ੧੪. ਸਧੋਹ, ੧੫. ਮੰਗਲ, ੧੬. ਅਨੰਦੁ, ੧੭. ਲਲਿਤ, ੧੮. ਧੁਨਿ, ੧੯. ਹਿੰਡੋਲ,

੨੦. ਭੋਪਾਲੀ, ੨੧. ਬਿਭਾਸ, ੨੨. ਕੁਸਮ, ੨੩. ਮੇਘ, ੨੪. ਸਾਵਣ, ੨੫. ਸਰਸ, ੨੬. ੨੭. ਖਟ, ੨੮. ਨਾਰਾਇਨ, ੨੯. ਨਟ ਨਾਗਰ, ੩੦ ਆਸਾਵੰਤੀ, ਇਤਿਆਦਿ ਬਾਹਰਲੇ ਰਾਗ **ਨਾਵਾਂ ਦੀ** ਸਾਧਾਰਨ ਤੌਰ ਤੇ ਉੱਪਰਵਾਰ ਨਾਮਾਵਲੀ ਦਿੱਤੀ ਜਾ ਰਹੀ ਹੈ।

ਕੁਝ ਲੱਭਿਤ ਨਾਮ, ਸੰਧੀ ਛਾਯਾ ਲਗ ਰਾਗਾਂ ਦੀ ਤਰੇ :— ੧. ਆਸਾ-ਵਰੀ, ੨. ਦੇਵ-ਗੰਧਾਰੀ, ੩. ਵਡ-ਹੰਸ, ੪. ਧਾਨੀ-ਸਰੀ, ੫. ਜੈਤ-ਸਰੀ, ੬. ਰਾਮ-ਕਲੀ, ੭. ਮਾਲੀ-ਗੋੜਾ, ੮. ਜੈਜਾ-ਵੰਤੀ, ੯. ਬਿਹਾਗੜਾ, ੧੦. ਗੁਆਰੇਰੀ-ਸ੍ਰੀ।

### 'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸਦੇ ਸੰਕੀਰਣ ਰਾਗੁ :

ਮਹਲਾ ੧ ਦਾ:—੧ 'ਰਾਗੁ ਗਉੜੀ-ਪੂਰਬੀ ਦੀਪਕੀ.; 'ਸੰਕੀਰਣ ਰਾਗੁ ਹੈ।

ਕਬੀਰ ਜੀ ਦਾ:—'ਰਾਗੁ ਗਉੜੀ-ਗੁਆਰੇਰੀ-ਸ੍ਰੀ' ; 'ਸੰਕੀਰਣ ਰਾਗੁ ਹੈ।

### 'ਆਦਿ ਗ੍ਰੰਥ ਵਿਚ ਸੰਗੀਤ' ਤੇ ਉਸਦਾ 'ਅਛੋਪ-ਰਾਗੁ'

ਮਹਲਾ ੧ ਦਾ:—ਰਾਗੁ 'ਤੁਖਾਰੀ ਰਾਗੁ'—ਪ੍ਰਾਚੀਨ ਤੇ ਆਧੁਨਿਕ ਸੰਗੀਤ ਗ੍ਰੰਥਾਂ ਦੀ ਟੋਲ ਤੇ ਉਨ੍ਹਾਂ ਦੀ ਲਿਖਤ ਤੋਂ ਬਾਹਰ ਦਾ ਰਾਗੁ ਹੈ। ਪਰ, ਤਾਂ ਵੀ ਗੁਰੂ ਨਾਨਕ ਦੇਵ ਜੀ ਦਾ ਗਾਵਣ ਦਾ ਰਾਗੁ ਹੈ। ਜੋ ਕੇਵਲ 'ਆਦਿ ਗ੍ਰੰਥ ਵਿਚ ਸੰਗੀਤ' ਦਾ ੨੨ ਰਾਗੁ—'ਰਾਗੁ ਰਤਨ' ਹੈ।

'ਆਦਿ ਗ੍ਰੰਥ ਵਿਚ ਸੰਗੀਤ' ਅਤੇ ਉਸ ਦਾ ੩੧ ਰਾਗਾਂ ਦੇ ਨਾਵਾਂ ਨਾਲ ਮਿਸ਼ਰਤ ਹੋ ਰਹੇ ਬਾਹਰਲੇ ਰਾਗੁ :—

| ਮਹਲਾ | | ਰਾਗੁ ਨਾਮ |
|---|---|---|
| ਮਹਲਾ ੧ | | ਰਾਗੁ ਗਉੜੀ ਗੁਆਰੇਰੀ |
| ਮਹਲਾ ੧ | | ਰਾਗੁ ਗਉੜੀ ਦੱਖਣੀ |
| ਮਹਲਾ ੧ | | ਰਾਗੁ ਗਉੜੀ ਚੇਤੀ |
| ਮਹਲਾ ੧ | | ਰਾਗੁ ਗਉੜੀ ਬੈਰਾਗਣਿ |
| ਮਹਲਾ ੧ | ਸੋਹਿਲਾ | ਰਾਗੁ ਗਉੜੀ ਦੀਪਕੀ |
| ਮਹਲਾ ੧ | | ਰਾਗੁ ਗਉੜੀ ਪੂਰਬੀ ਦੀਪਕੀ |
| ਮਹਲਾ ੪ | | ਰਾਗੁ ਗਉੜੀ ਪੂਰਬੀ |
| ਮਹਲਾ ੪ | | ਰਾਗੁ ਗਉੜੀ ਮਾਝ |
| ਮਹਲਾ ੪ | | ਰਾਗੁ ਗਉੜੀ ਰਾਗਿ ਸੁਲਖਣੀ |
| ਮਹਲਾ ੫ | | ਰਾਗੁ ਗਉੜੀ ਮਾਲਵਾ |
| ਮਹਲਾ ੫ | | ਰਾਗੁ ਗਉੜੀ ਮਾਲਾ |
| ਕਬੀਰ ਜੀ | | ਰਾਗੁ ਗਉੜੀ ਗੁਆਰੇਰੀ ਜੀ |
| ਕਬੀਰ ਜੀ | | ਰਾਗੁ ਗਉੜੀ ਚੇਤੀ |
| ਕਬੀਰ ਜੀ | | ਰਾਗੁ ਗਉੜੀ ਬੈਰਾਗਣਿ |

| ਮਹਲਾ | ਰਾਗੁ ਨਾਮੁ |
|---|---|
| ਕਬੀਰ ਜੀ | ਰਾਗੁ ਗਉੜੀ ਪੂਰਬੀ |
| ਕਬੀਰ ਜੀ | ਰਾਗੁ ਗਉੜੀ ਭੀ ਸੋਰਠਿ ਭੀ (ਨਾਮ, ਸ੍ਰੋਤਾਸ਼ਟਕ ਗਉੜੀ ਹੈ), |
| ਨਾਮ ਦੇਵ ਜੀ | ਰਾਗੁ ਗਉੜੀ ਚੇਤੀ |
| ਰਵਿਦਾਸ ਜੀ | ਰਾਗੁ ਗਉੜੀ ਗੁਆਰੇਰੀ |
| ਰਵਿਦਾਸ ਜੀ | ਰਾਗੁ ਗਉੜੀ ਬੈਰਾਗਣਿ |
| ਰਵਿਦਾਸ ਜੀ | ਰਾਗੁ ਗਉੜੀ ਪੂਰਬੀ |
| ਮਹਲਾ ੧ | ਰਾਗੁ ਵਡਹੰਸੁ ਦੱਖਣੀ |
| ਮਹਲਾ ੯ | ਰਾਗੁ ਤਿਲੰਗ ਕਾਫੀ |
| ਮਹਲਾ ੧ | ਰਾਗੁ ਸੂਹੀ ਕਾਫੀ |
| ਮਹਲਾ ੧ | ਰਾਗੁ ਸੂਹੀ ਕਾਫੀ |
| ਮਹਲਾ ੧ | ਰਾਗੁ ਬਿਲਾਵਲੁ ਦੱਖਣੀ |
| ਮਹਲਾ ੪ | ਰਾਗੁ ਬਿਲਾਵਲੁ ਮੰਗਲ |
| ਮਹਲਾ ੫ | ਰਾਗੁ ਬਿਲਾਵਲੁ ਮੰਗਲ |
| ਮਹਲਾ ੧ | ਰਾਗੁ ਰਾਮਕਲੀ ਦੱਖਣੀ |
| ਮਹਲਾ ੩ | ਰਾਗੁ ਰਾਮਕਲੀ ਅਨੰਦੁ |
| ਮਹਲਾ ੪ | ਰਾਗੁ ਨਟ ਨਾਰਾਇਨ |
| ਮਹਲਾ ੪ | ਰਾਗੁ ਨਟ |
| ਮਹਲਾ ੫ | ਰਾਗੁ ਨਟ ਨਾਰਾਇਨ |
| ਮਹਲਾ ੫ | ਰਾਗੁ ਨਟ |
| ਮਹਲਾ ੧ | ਰਾਗੁ ਮਾਰੂ ਕਾਫੀ |
| ਮਹਲਾ ੧ | ਰਾਗੁ ਮਾਰੂ ਦਖਣੀ |
| ਮਹਲਾ ੧ | ਰਾਗੁ ਬਸੰਤੁ ਹਿੰਡੋਲ |
| ਮਹਲਾ ੩ | ਰਾਗੁ ਬਸੰਤੁ ਹਿੰਡੋਲ |
| ਮਹਲਾ ੪ | ਰਾਗੁ ਬਸੰਤੁ ਹਿੰਡੋਲ |
| ਮਹਲਾ ੪ | ਰਾਗੁ ਬਸੰਤੁ ਹਿੰਡੋਲ |
| ਮਹਲਾ ੫ | ਰਾਗੁ ਬਸੰਤੁ ਹਿੰਡੋਲ |
| ਮਹਲਾ ੯ | ਰਾਗੁ ਬਸੰਤੁ ਹਿੰਡੋਲ |
| ਕਬੀਰ ਜੀ | ਰਾਗੁ ਬਸੰਤੁ ਹਿੰਡੋਲ |
| ਭਟ ਬਾਣੀ | ਰਾਗੁ ਕੁਸਮ ਬਸੰਤ |

| ਮਹਲਾ | ਰਾਗੁ ਨਾਮੁ |
|---|---|
| ਮਹਲਾ ੪ | ਰਾਗੁ ਕਲਿਆਨ ਭੋਪਾਲੀ |
| ਮਹਲਾ ੧ | ਰਾਗੁ ਪ੍ਰਭਾਤੀ ਦੱਖਣੀ |
| ਮਹਲਾ ੧ | ਰਾਗੁ ਪ੍ਰਭਾਤੀ ਬਿਭਾਸ |
| ਮਹਲਾ ੪ | ਰਾਗੁ ਪ੍ਰਭਾਤੀ ਬਿਭਾਸ |
| ਮਹਲਾ ੫ | ਰਾਗੁ ਪ੍ਰਭਾਤੀ ਬਿਭਾਸ |
| ਕਬੀਰ ਜੀ | ਰਾਗੁ ਬਿਭਾਸ ਪ੍ਰਭਾਤੀ |
| **ਗੋਂਡ ਰਾਗੁ ਦੇ, ਵਰਗ ਦਾ ਰਾਗੁ** | |
| ਨਾਮਦੇਵ ਜੀ | ਰਾਗੁ ਬਿਲਾਵਲ ਗੋਂਡ |
| **ਸੂਹੀ ਰਾਗੁ ਦੇ ਵਰਗ ਦਾ ਰਾਗੁ** | |
| ਕਬੀਰ ਜੀ | ਰਾਗੁ ਸੂਹੀ ਲਲਿਤ |
| ਫਰੀਦ ਜੀ | ਰਾਗੁ ਸੂਹੀ ਲਲਿਤ |

ਉਪਰੋਕਤ ੩੧ ਰਾਗੁ, 'ਆਦਿ-ਰਾਗੁ-ਮਾਲਾ-ਇੱਕਤੀਸਾਂ' ਦੇ ਨਾਵਾਂ ਨਾਲ ਮਿਸ਼ਰਤ ਹੋ ਕੇ ਆ ਕੇ ਆ ਰਹੇ, ਬਾਹਰੋਂ ਰਾਗੁ ਨਾਮ ਅਤੇ ਉਨ੍ਹਾਂ ਦੀ ਕੁਲ ਕ੍ਰਮਵਾਰ ਗਿਣਤੀ ੬੫ ਹੈ। ਇਸ ਦੀ ਹੋਰ ਸਪੱਸ਼ਟਤਾ ਲਈ ਆ ਰਹੇ ੬੫ ਰਾਗਾਂ ਦੀ ਖੋਜ ਬਾਰੇ, ਰਾਗ-ਪ੍ਰੋਗਰਾਮਾਂ ਹੇਠ ਦਿੱਤਾ ਜਾ ਰਿਹਾ ਹੈ :—

| | | | | | |
|---|---|---|---|---|---|
| ਨੰ: | ੧ | ਰਾਗੁ ਸਿਰੀ ਰਾਗੁ | ਨੰ: | ੧੬ | ਰਾਗੁ ਭੈਰਉ ਰਾਗੁ |
| ਨੰ: | ੨ | ਰਾਗੁ ਮਾਝ ਰਾਗੁ | ,, | ੧੭ | ਰਾਗੁ ਬਸੰਤ ਰਾਗੁ |
| ,, | ੩ | ਰਾਗੁ ਗਉੜੀ ਰਾਗੁ | ,, | ੧੮ | ਰਾਗੁ ਸਾਰੰਗ ਰਾਗੁ |
| ,, | ੪ | ਰਾਗੁ ਆਸਾ ਰਾਗੁ | ,, | ੧੯ | ਰਾਗੁ ਮਲਾਰ ਰਾਗੁ |
| ,, | ੫ | ਰਾਗੁ ਗੂਜਰੀ ਰਾਗੁ | ,, | ੨੦ | ਰਾਗੁ ਪ੍ਰਭਾਤੀ ਰਾਗੁ |
| ,, | ੬ | ਰਾਗੁ ਬਿਹਾਗੜਾ ਰਾਗੁ | ,, | ੨੧ | ਰਾਗੁ ਗਉੜੀ ਦੀਪਕੀ |
| ,, | ੭ | ਰਾਗੁ ਵਡਹੰਸੁ ਰਾਗੁ | ,, | ੨੨ | ਰਾਗੁ ਗਉੜੀ ਗੁਆਰੇਰੀ |
| ,, | ੮ | ਰਾਗੁ ਸੋਰਠਿ ਰਾਗੁ | ,, | ੨੩ | ਰਾਗੁ ਗਉੜੀ ਦੱਖਣੀ |
| ,, | ੯ | ਰਾਗੁ ਧਨਾਸਰੀ ਰਾਗੁ | ,, | ੨੪ | ਰਾਗੁ ਗਉੜੀ ਚੇਤੀ |
| ,, | ੧੦ | ਰਾਗੁ ਤਿਲੰਗ ਰਾਗੁ | ,, | ੨੫ | ਰਾਗੁ ਗਉੜੀ ਬੈਰਾਗਣਿ |
| ,, | ੧੧ | ਰਾਗੁ ਸੂਹੀ ਰਾਗੁ | ,, | ੨੬ | ਰਾਗੁ ਪੂਰਬੀ ਦੀਪਕੀ |
| ,, | ੧੨ | ਰਾਗੁ ਬਿਲਾਵਲੁ ਰਾਗੁ | ,, | ੨੭ | ਰਾਗੁ ਗਉੜੀ ਪੂਰਬੀ |
| ,, | ੧੩ | ਰਾਗੁ ਰਾਮਕਲੀ ਰਾਗੁ | ,, | ੨੮ | ਰਾਗੁ ਆਸਾ ਰਾਗੁ |
| ,, | ੧੪ | ਰਾਗੁ ਮਾਰੂ ਰਾਗੁ | ,, | ੨੯ | ਰਾਗੁ ਵਡਹੰਸੁ ਦੱਖਣੀ |
| ,, | ੧੫ | ਰਾਗੁ ਤੁਖਾਰੀ ਰਾਗੁ | ,, | ੩੦ | ਰਾਗੁ ਸੂਹੀ ਕਾਫੀ |

ਨੰ: ੩੧ ਰਾਗੁ ਬਿਲਾਵਲੁ ਦੱਖਣੀ
,, ੩੨ ਰਾਗੁ ਰਾਮਕਲੀ ਦੱਖਣੀ
,, ੩੩ ਰਾਗੁ ਮਾਰੂ ਕਾਫੀ
,, ੩੪ ਰਾਗੁ ਮਾਰੂ ਦੱਖਣੀ
,, ੩੫ ਰਾਗੁ ਬਸੰਤੁ ਹਿੰਡੋਲ
,, ੩੬ ਰਾਗੁ ਸਾਰੰਗ
,, ੩੭ ਰਾਗੁ ਪ੍ਰਭਾਤੀ ਬਿਭਾਸ
,, ੩੮ ਰਾਗੁ ਪ੍ਰਭਾਤੀ ਦੱਖਣੀ
,, ੩੯ ਰਾਗੁ ਪੂਰਬੀ ਦੀਪਕੀ
,, ੪੦ ਰਾਗੁ ਦੇਵ ਗੰਧਾਰੀ
,, ੪੧ ਰਾਗੁ ਜੈਤਸਰੀ
,, ੪੨ ਰਾਗੁ ਟੋਡੀ
,, ੪੩ ਰਾਗੁ ਬੈਰਾੜੀ
,, ੪੪ ਰਾਗੁ ਗੋਂਡ
,, ੪੫ ਰਾਗੁ ਨਟ ਨਾਰਾਇਣ
,, ੪੬ ਰਾਗੁ ਨਟ
,, ੪੭ ਰਾਗੁ ਮਾਲੀ ਗਉੜਾ
,, ੪੮ ਰਾਗੁ ਕੇਦਾਰਾ

ਨੰ: ੪੯ ਰਾਗੁ ਕਾਨੜਾ
,, ੫੦ ਰਾਗੁ ਕਲਿਆਨ
,, ੫੧ ਰਾਗੁ ਤਿਲੰਗ ਕਾਫੀ
,, ੫੨ ਰਾਗੁ ਜੈਜਾਵੰਤੀ
,, ੫੩ ਰਾਗੁ ਗਉੜੀ ਮਾਝ
,, ੫੪ ਰਾਗੁ ਗਉੜੀ ਮਾਲਵਾ
,, ੫੫ ਰਾਗੁ ਗਉੜੀ ਮਾਲਾ
,, ੫੬ ਰਾਗੁ ਆਸਾਵਰੀ
,, ੫੭ ਰਾਗੁ ਆਸਾਵਰੀ ਸੁਧੰਗ
,, ੫੮ ਰਾਗੁ ਬਿਲਾਵਲ ਮੰਗਲ
,, ੫੯ ਰਾਗੁ ਰਾਮਕਲੀ ਅਨੰਦੁ
,, ੬੦ ਰਾਗੁ ਕਲਿਆਨ ਭੋਪਾਲੀ
,, ੬੧ ਰਾਗੁ ਬਿਭਾਸ ਪ੍ਰਭਾਤੀ
,, ੬੨ ਰਾਗੁ ਗਉੜੀ ਗੁਆਰੇਰੀ
,, ੬੩ ਰਾਗੁ ਗਉੜੀ ਭੀ ਸੋਰਠਿ ਭੀ
,, ੬੪ ਰਾਗੁ ਸੂਹੀ ਲਲਿਤ
,, ੬੫ ਰਾਗੁ ਬਿਲਾਵਲੁ ਗੋਂਡ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਚ, ਰਾਗੁ ਗਉੜੀ ਦੇ ਨੌ ਰੂਪ ਕਿ ਦੇਂਦਾਂ ? ਇਸ ਲਈ ਨਿਮਨ ਵੇਰਵਾ ਧਿਆਨਯੋਗ ਹੈ :—

| ਕ੍ਰਮ | ਰਾਗੁ ਨਾਮਾਵਲੀ | ਰਾਗੁ ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) | ਨਾਮ |
|---|---|---|---|
| ,, ੧. | ਰਾਗੁ ਗਉੜੀ ਦੀਪਕੀ | ,, ੧੨ | ਮ: ੧ |
| ,, ੨. | ,, ਗਉੜੀ (ਸੁਧ) | ,, ੧੫੩ | ਮ: ੧ |
| ,, ੩. | ,, ਗਉੜੀ ਗੁਆਰੇਰੀ | ,, ੧੫੧ | ਮ: ੧ |
| ,, ੪. | ,, ਗਉੜੀ ਬੈਰਾਗਣਿ | ,, ੨੦੩ | ਮ: ੧ |
| ,, ੫. | ,, ਗਉੜੀ ਦਖਣੀ | ,, ੧੫੧ | ਮ: ੧ |
| ,, ੬. | ,, ਗਉੜੀ ਚੇਤੀ | ,, ੨੦੨ | ਮ: ੧ |
| ,, ੭. | ,, ਗਉੜੀ ਪੂਰਬੀ | ,, ੨੦੨/ਤੇ ੨੪੨ | ਮ: ੧<br>ਮ: ੧ |
| ,, ੮. | ,, ਗਉੜੀ ਪੂਰਬੀ ਦੀਪਕੀ | ,, ੧੫੭ | ਮ: ੧ |

| ਕ੍ਰਮ | ਰਾਗੁ ਨਾਮਾਵਲੀ | ਰਾਗੁ ਪੰਨਾ (ਸ੍ਰੀ ਗੁਰੂ ਗ੍ਰੰਥ ਸਾਹਿਬ) | ਨਾਮ |
|---|---|---|---|
| ,, ੯. ,, | ਗਉੜੀ ਮਾਲਾ | ,, ੨੧੪ | ਮ: ੫ |
| ,, ੧੦. ,, | ਗਉੜੀ ਮਾਲਵਾ | ,, ੨੧੪ | ਮ: ੫ |
| ,, ੧੧. ,, | ਗਉੜੀ ਮਾਝ | ,, ੨੧੬ | ਮ: ੪ |
| ,, ੧੨. ,, | ਗਉੜੀ ਧੁਨਿ | ,, ੩੧੮ | ਮ: ੪ |
| ,, ੧੩. ,, | ਗਉੜੀ ਗੁਆਰੇਰੀ ਸ੍ਰੀ | ,, ੩੨੨ | ਭਗਤ ਕਬੀਰ ਜੀ |
| ,, ੧੪. ,, | ਗਉੜੀ ਭੀ ਸੋਰਠਿ ਭੀ | ,, ੩੩੦ | ,, ,, |
| | (ਸੌਰਸ਼ਟਿਕ ਗਉੜੀ) | ... ... | ਇਹ ਸ਼ਾਸਤਰੀ ਨਾਮ ਹੈ। |

ਆਮ ਜਾਂ ਖਾਸ ਸੰਗੀਤਕ ਗ੍ਰੰਥਾਂ ਅੰਦਰ ਉੱਤਰੀ ਭਾਰਤ ਦੇ ਹੋਰ ਕਿਸੇ ਵੀ ਲੇਖਕ ਨੇ ਇਕ ਥਾਂ ਰਾਗੁ ਗਉੜੀ ਦੇ ੧੪ ਰੂਪ ਕ੍ਰਿਆਤਮਿਕ ਤੌਰ ਤੇ ਨਹੀਂ ਦਿੱਤੇ।

ਹਾਂ, ਜੇਕਰ ਰਾਗੁ ਗਉੜੀ ਦੇ ੧੪ ਕ੍ਰਿਆਤਮਿਕ (ਕਾਵਿ-ਰਚਨਾਵਾਂ ਦੁਆਰਾ ਰਾਗੁ ਸਰੂਪ ਪ੍ਰਾਪਤ ਹੁੰਦੇ ਹਨ, ਤਾਂ ਕੇਵਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਅੰਦਰ ਹੀ ਪ੍ਰਾਪਤ ਹੁੰਦੇ ਹਨ।

ਬਹੁਤ ਸਾਰੇ ਸਿੱਖ ਵਿਦਵਾਨ, ਉਪ੍ਰੋਕਤ ਆਏ ੧੪ ਰਾਗੁ ਸਰੂਪ ਗਉੜੀ ਦੇ ਨਾਂ ਦੱਸਕੇ, ਕੇਵਲ ਨੌਂ (੯) ਹੀ ਲਿਖਦੇ ਤੇ ਦਸਦੇ ਹਨ। ਪਰ ਉਪਰੋਕਤ ਦਿਤੇ 14 ਰੂਪਾਂ ਤੋਂ ਇਹ ਭੇਦ ਸਪਸ਼ਟ ਹੋ ਜਾਂਦਾ ਹੈ।

—0—

# ਸਮਾਜਕ ਚੇਤਨਤਾ

**ਕਿਸਨ ਸਿੰਘ**

ਬਹੁਤ ਵੇਰ ਗੁਰਬਾਣੀ ਵਿਚ ਸਮਾਜਕ ਅੰਗ ਬਾਬਤ ਚਰਚਾ ਹੁੰਦੀ ਹੈ। ਸਵਾਲ ਦੇ ਪੁਛੇ ਜਾਣ ਤੋਂ ਹੀ ਗੁਰਬਾਣੀ ਬਾਬਤ ਇਕ ਅੰਦਾਜ਼ਾ ਇਕ ਰਾਇ ਜ਼ਾਹਿਰ ਹੁੰਦੀ ਹੈ। ਪੰਜਾਬੀ ਦੇ ਕਾਫ਼ੀ ਆਲੋਚਕ ਇਹ ਸਮਝਦੇ ਹਨ ਕਿ ਗੁਰਬਾਣੀ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ। ਇਕ ਉਹ ਜਿਸ ਵਿਚ ਸਮਾਜਕ ਅੰਗ ਹੈ ਅਤੇ ਦੂਸਰਾ ਉਹ ਜਿਸ ਦੀ ਵਸਤੂ ਨਿਰੋਲ ਰੂਹਾਨੀਅਤ ਹੈ, ਜਿਸ ਦਾ ਸਮਾਜ ਅਤੇ ਉਸ ਦੇ ਮਸਲਿਆਂ ਨਾਲ ਕੋਈ ਸਬੰਧ ਨਹੀਂ। ਇਹ ਭੁਲੇਖਾ ਐਨਾ ਡੂੰਘਾ ਹੈ ਕਿ ਗੁਰਬਾਣੀ ਦੀ ਸਮਾਜਕ ਪੰਜ਼ੀਸ਼ਨ ਬਾਬਤ ਵਿਚਾਰ ਕਰਨੇ ਤੋਂ ਪਹਿਲਾਂ ਇਸ ਨੂੰ ਹਟਾਉਣਾ ਜ਼ਰੂਰੀ ਹੈ।

ਜਿਨ੍ਹਾਂ ਨੇ ਸਾਇੰਸ ਵਲ ਥੋੜ੍ਹਾ ਬਹੁਤ ਧਿਆਨ ਦਿੱਤਾ ਹੈ ਉਹ ਇਸ ਗੱਲ ਤੋਂ ਵਾਕਫ਼ ਹਨ ਕਿ ਹਰ ਜੀਵ ਜੰਤੂ ਦੀ ਬਾਇਉਲੋਜੀਕਲ ਬਣਤਰ ਉਸ ਦੀ ਨਸਲ ਦੀ ਜ਼ਿੰਦਗੀ ਵਾਸਤੇ ਸੰਦ ਹੈ। ਹਰ ਅੰਗ ਮੂਰਤੀਮਾਨ ਹੋਇਆ, ਸਥੂਲ ਬਾਇਉਲੋਜੀਕਲ ਰੂਪ ਵਿਚ, ਕੁਦਰਤ ਵਲ ਹੁੰਗਾਰਾ ਹੈ। ਮਨੁੱਖ ਇਸ ਕਾਨੂੰਨ ਤੋਂ ਬਾਹਿਰ ਨਹੀਂ। ਸਗੋਂ ਮਨੁੱਖ ਤਾਂ ਮਨੁੱਖ ਬਣਿਆ ਹੀ ਇਸ ਕਾਰਨ ਕਰਕੇ ਹੈ ਕਿ ਜੀਵਾਂ ਦੀ ਜਿਸ ਨਸਲ ਤੋਂ ਇਹ ਬਣਿਆ ਹੈ, ਉਸ ਦੀ ਨਸਲ ਨੂੰ ਬਾਇਉ-ਲੋਜੀਕਲ ਉਸਾਰੀ ਦੀ ਕਿਸੇ ਸਟੇਜ ਉੱਤੇ ਰਲ ਕੇ ਕੰਮ ਕਰਨ ਦੀ ਮਜਬੂਰੀ ਪੈ ਗਈ। ਇਸ ਮਜਬੂਰੀ ਦੇ ਪੈਣ ਨਾਲ ਉਸ ਦਾ ਪੰਜਾ ਬਦਲਦਾ ਬਦਲਦਾ ਹੱਥ ਬਣਿਆ, ਦਿਮਾਗ ਬਣਿਆ, ਉਸ ਨੇ ਸੰਦ ਬਣਾਏ ਆਪਣੀ ਲੋੜ ਵਾਸਤੇ ਵਰਤੇ ਅਤੇ ਆਪਣੀ ਜ਼ਿੰਦਗੀ ਦੇ ਵੇਗ ਨੂੰ ਚਲਾਉਣ ਦੀ ਲੋੜ ਤੋਂ ਉਸ ਨੇ ਬੋਲੀ ਬਣਾਈ, ਦੂਸਰੇ ਲਫ਼ਜ਼ਾਂ ਵਿਚ ਮਨੁੱਖ ਬਣਿਆ। ਸੋ ਮਨੁੱਖ ਦਾ ਮਨੁੱਖ ਪਣਾ ਹੀ, ਉਸ ਦੀ ਬਾਇਉਲੋਜੀਕਲ ਬਣਤਰ, ਉਸ ਦਾ ਦਿਮਾਗ, ਉਸ ਦਾ ਹੱਥ, ਉਸ ਦੀ ਬਾਇਉ-ਲੋਜੀ ਦੀ ਹਰ ਮਨੁੱਖੀ ਖਾਸੀਅਤ ਉਸ ਦੀ ਜ਼ਿੰਦਗੀ ਦੀ ਜਦੋਜਹਿਦ ਦੇ ਰੂਪ ਸਮਾਜਕ ਅੰਗ ਦੀ ਪੈਦਾਵਾਰ ਹੈ। ਮਨੁੱਖ ਦੀ ਬੋਲੀ ਉਸ ਦੀ ਜਦੋਜਹਿਦ ਦੇ ਰੂਪ ਦੇ ਅਨੁਕੂਲ ਢਲੀ ਹੈ, ਉਸ ਨੂੰ ਪ੍ਰਗਟ ਕਰਦੀ ਹੈ। ਮਨੁੱਖ ਕੁਦਰਤ ਉੱਤੇ ਕਾਰਜ ਕਰਦਾ ਹੈ। ਉਸ ਦੀ ਜ਼ਿੰਦਗੀ ਦੀਆਂ ਲੋੜਾਂ ਦੀ ਪੈਦਾਵਾਰ, ਮਨੁੱਖ ਦੀ ਕੁਦਰਤ ਉੱਤੇ ਕੀਤੀ ਰਲਕੇ ਸੰਦਾਂ ਦੀ ਵਰਤੋਂ ਤੋਂ ਹੁੰਦੀ ਹੈ। ਜਿਸ ਤਰ੍ਹਾਂ ਪੈਦਾਵਾਰੀ

ਦੇ ਸੰਦ ਮਨੁੱਖ ਤੇ ਉਹ ਕੁਦਰਤ ਜਿਸ ਤੇ ਕੰਮ ਹੁੰਦਾ ਹੈ, ਵਿਚਕਾਰ ਵਿਚੋਲੇ ਹਨ, ਮਨੁਖ ਦੀ ਸ਼ਕਤੀ ਕੁਦਰਤ ਤਕ ਪੁਚਾਉਂਦੇ, ਉਸ ਉੱਤੇ ਲਾਉਂਦੇ ਹਨ, ਇਸ ਤਰ੍ਹਾਂ ਹੀ ਬੋਲੀ ਮਨੁਖਾਂ ਦੇ ਦਰਮਿਆਨ ਵਿਚੋਲੀ ਹੈ। ਅਨੁਭਵ ਸਾਂਝਾ ਕਰਨ ਦਾ ਵਸੀਲਾ ਹੈ। ਜਿਸ ਤਰ੍ਹਾਂ ਸੰਦਾਂ ਤੋਂ ਬਗੈਰ ਪੈਦਾਵਾਰੀ ਨਹੀਂ ਹੋ ਸਕਦੀ। ਇਸ ਤਰ੍ਹਾਂ ਹੀ ਅਨੁਭਵ ਦੀ ਸਾਂਝ ਅਨੁਭਵ ਸਾਂਝਾ ਕਰਨ ਦੇ ਸਾਵਧਾਨ ਰੂਪ ਬੋਲੀ ਤੋਂ ਬਗੈਰ, ਨਹੀਂ ਹੋ ਸਕਦੀ। ਮਨੁੱਖ ਦੀਆਂ ਸਭ ਬੋਲੀਆਂ ਦੀ ਬੁਨਿਆਦੀ ਖਾਸੀਅਤ ਇਕ ਹੀ ਹੈ ਅਤੇ ਉਹ ਹੈ ਫ਼ਿਕਰਾ। ਵਾਕ ਦੇ ਬੁਨਿਆਦੀ ਅੰਗ ਕਰਤਾ ਤੇ ਕਾਰਜ ਹਨ ਤੇ ਕਿਰਿਆ ਅੰਤਮ ਹਨ। ਅਤੇ ਉਨ੍ਹਾਂ ਨੂੰ ਜੜਨ ਵਾਲੇ ਜੋੜ ਸ਼ਬਦ ਯੋਜਕ। ਸੋ ਮਨੁੱਖ ਬੋਲੀ ਦਾ ਬੁਨਿਆਦੀ ਅੰਗ ਵਾਕ ਮਨੁੱਖੀ ਜਦੋ-ਜਹਿਦ ਦੇ ਅੰਗਾਂ, ਉਸ ਦੇ ਰੂਪ ਦਾ ਅਕਸ ਹੈ। ਮਨੁੱਖ, ਕੁਦਰਤ ਤੇ ਉਨ੍ਹਾਂ ਦੇ ਸੰਦਾਂ ਰਾਹੀਂ ਆਪਸ ਵਿਚ ਰਿਸ਼ਤੇ ਦਾ। ਸੋ ਮਨੁੱਖੀ ਬੋਲੀ ਵਿਚ ਸਮਾਜਕ ਅੰਗ ਪੁਛਣਾ ਆਪਣੀ ਘੋਰ ਅਗਿਆਨਤਾ ਜ਼ਾਹਿਰ ਕਰਨਾ ਹੈ। ਬੋਲੀ ਸਾਰੀ ਦੀ ਸਾਰੀ ਹੈ ਹੀ ਸਮਾਜਕ। ਜੋ ਵੀ ਬੋਲੀ ਰਾਹੀਂ ਪੇਸ਼ ਹੈ ਉਹ ਸਮਾਜਕ ਹੈ। ਬੋਲੀ ਰਾਹੀਂ ਪੇਸ਼ ਹਰ ਮਨੁੱਖੀ ਅਨੁਭਵ ਸਮਾਜਕ ਮਨੁੱਖ ਦਾ ਅਨੁਭਵ ਹੈ ਸੋ ਸਮਾਜਕ ਹੈ। ਮਨੁੱਖ ਦੇ ਕੁਦਰਤ ਨਾਲ ਸੰਦਾਂ ਰਾਹੀਂ ਰਾਹੀਂ ਰਿਸ਼ਤੇ ਦੇ ਅਨੁਕੂਲ ਬੋਲੀ ਮੂਰਤੀਮਾਨ ਹੋਇਆ ਮਨੁੱਖਾਂ ਦਾ ਆਪਸ ਵਿਚ ਰਿਸ਼ਤਾ ਹੈ। ਮਨੁੱਖ ਦੀ ਕੁਦਰਤ ਨਾਲ ਜਦੋਜਹਿਦ ਸੰਦਾਂ ਦੇ ਵਿਚੋਲੇਪੁਣੇ, ਤੇ ਉਨ੍ਹਾਂ ਨੂੰ ਵਰਤਣ ਦੇ ਅਨਕੂਲ ਮਨੁੱਖੀ ਰਿਸ਼ਤਿਆਂ-ਕਿਸੇ ਖਾਸ ਆਰਥਕ ਸਮਾਜਕ ਨਜ਼ਾਮ ਰਾਹੀਂ ਹੁੰਦੀ ਹੈ। ਕੁਦਰਤੀ ਹੈ ਕਿ ਉਨ੍ਹਾਂ ਮਨੁੱਖਾਂ ਦੀ ਬੋਲੀ ਸਿਰਫ ਸਮਾਜਕ ਹੀ ਨਹੀਂ, ਉਸ ਖਾਸ ਨਜ਼ਾਮ, ਉਸ ਦੀ ਤੋਰ, ਉਸ ਦੀ ਕਲਚਰ ਨੂੰ ਅਕਸੇਗੀ। ਜੇ ਉਹ ਨਜ਼ਾਮ ਜਮਾਤੀ ਹੈ, ਦੂਸਰੇ ਲਫਜ਼ਾਂ ਵਿਚ ਜਦੋਜਹਿਦ ਦਾ ਰੂਪ ਸਮਾਜਕ ਹੀ ਨਹੀਂ ਜਮਾਤੀ ਵੀ ਹੈ ਤਾਂ ਲਾਜ਼ਮੀ ਹੈ ਕਿ ਜਮਾਤੀ ਅੰਗ ਵੀ ਅਕਸੇ।

ਸਮਾਜਕ ਪੈਦਾਵਾਰੀ ਦੀਆਂ ਸ਼ਕਤੀਆਂ ਆਪਣੇ ਆਪ ਪੈਦਾਵਾਰੀ ਨਹੀਂ ਕਰਦੀਆਂ। ਉਨ੍ਹਾਂ ਨੂੰ ਵਰਤ ਕੇ ਮਨੁੱਖ ਸ਼ਕਤੀ ਕਰਦੀ ਹੈ। ਸ਼ਕਤੀ ਤਾਂ ਹੀ ਉਨ੍ਹਾਂ ਨੂੰ ਵਰਤ ਸਕਦੀ ਹੈ ਜੇ ਮਨੁੱਖਾਂ ਦੇ ਆਪਸ ਵਿਚਲੇ ਰਿਸ਼ਤੇ ਸਮਾਜਕ ਬਣਤਰ ਉਨ੍ਹਾਂ ਦੀ ਵਰਤੋਂ ਦੇ ਅਨੁਕੂਲ ਬਣੇ। ਮਨੁੱਖੀ ਸ਼ਕਤੀ ਨੂੰ ਕਿਸੇ ਖਾਸ ਰੂਪ ਵਿਚ ਆਰਥਕ ਰਿਸ਼ਤਿਆਂ ਦੀ ਨੀਂਹ ਉੱਤੇ ਉਸਰਿਆ ਉਸਾਰੂ, ਕਲਚਰ ਢਾਲਦੀ ਹੈ। ਉਸਾਰ ਸਹੀ ਅਰਥਾਂ ਵਿਚ ਸਮਾਜਕ ਪੈਦਾਵਾਰ ਹੈ, ਜੋ ਸਮਾਜ ਦੀ ਤੋਰ ਦੇ ਅਨਕੂਲ ਉਸਰਦਾ ਹੈ। ਉਸਾਰ ਕਈਆਂ ਰੂਪਾਂ ਵਿਚ ਹੁੰਦਾ ਹੈ, ਉਹ ਸਿਆਸੀ, ਕਾਨੂੰਨੀ, ਮਜ਼ਬੀ, ਸੁਹਜ ਸੁਆਦੀ, ਕਿਸੇ ਰੂਪ ਵਿਚ ਉਹ ਪੈਦਾਵਾਰੀ ਦੀਆਂ ਸ਼ਕਤੀਆਂ ਦੇ ਵਿਕਾਸ ਦੀ ਲੜ ਦੇ ਮੁਤਾਬਕ ਉਸਰਦਾ ਹੈ ਅਤੇ ਮਨੁੱਖੀ ਸ਼ਕਤੀ ਨੂੰ ਉਨ੍ਹਾਂ ਦੇ ਵਿਕਾਸ ਦੇ ਰਾਸ ਕਰਕੇ ਤੋਰਦਾ ਹੈ। ਮਜ਼ਬ ਉਸਾਰ ਦਾ ਅੰਗ ਉਸ ਦੀ ਕਿਸਮ ਹੈ। ਹਰ ਕਿਸਮ ਦਾ ਸਮਾਜਕ ਉਸਾਰ ਸਮਾਜਕ ਪੈਦਾਵਾਰ ਹੈ। ਆਪਣੇ ਵਜੂਦ ਵਿਚ ਸਮਾਜਕ ਬਣਤਰ ਤੇ ਤੋਰ ਨੂੰ ਅਕਸਦਾ ਹੈ। ਸੋ ਇਹ ਹੀ ਮਜ਼ਬ ਦਾ ਜੁੱਸਾ, ਉਸ ਦਾ ਰੋਲ ਹੈ। ਕਿਸੇ ਮਜ਼ਬ ਬਾਬਤ ਇਹ ਸਵਾਲ ਉਠਾਉਣਾ, ਕਿ ਉਸ ਵਿਚ ਕਿੰਨਾ ਕੁ ਸਮਾਜਕ ਅੰਗ ਹੈ, ਸਮਾਜਕ ਢੰਗ ਵਿਚ ਸਮਾਜਕ ਉਸਾਰ ਦੇ ਰੋਲ ਉਸ ਦੇ ਜਨਮ, ਜੁਸੇ ਬਾਬਤ ਆਪਣੀ ਨਾ ਵਾਕਫੀ ਜ਼ਾਹਿਰ ਕਰਨਾ ਹੈ। ਜੋ ਚੀਜ਼ ਵੀ ਸਮਾਜਕ ਉਸਾਰ ਹੈ, ਉਸਾਰ ਦਾ ਹਿੱਸਾ ਹੈ, ਉਹ ਸਮਾਜਕ ਪੈਦਾਵਾਰ ਹੈ, ਆਪਣੀ ਨੀਂਹ ਆਰਥਕ ਰਿਸ਼ਤਿਆਂ ਅਨੁਕੂਲ ਉਸਰਦੀ

ਹੈ ਅਤੇ ਮਨੁੱਖੀ ਸ਼ਕਤੀ ਦੀ ਪੁਸ਼ਟੀ ਦੇ ਕੇ ਉਨ੍ਹਾਂ ਨੂੰ ਮਜ਼ਬੂਤ ਬਣਾਉਂਦੀ ਹੈ। ਆਪਣੇ ਜੁਸੇ ਵਿਚ ਸਮਾਜਕ ਬਣਤਰ ਨੂੰ ਅਕਸਦੀ ਹੈ। ਸਾਰੀ ਸਮਾਜਕ ਚੇਤਨਤਾ ਦਾ ਹੀ ਸਮਾਜਕ ਵੇਗ ਨਾਲ ਇਹ ਹੀ ਰਿਸ਼ਤਾ ਹੈ। ਸਮਾਜਕ ਚੇਤਨਤਾ ਤੌਰ ਦੀ ਪੈਦਾਵਾਰ ਹੈ ਅਤੇ ਮੋੜਵੇਂ ਤੌਰ ਤੇ ਉਸ ਦੀ ਪੁਸ਼ਟੀ ਕਰਦੀ ਹੈ। ਸਮਾਜਕ ਚੇਤਨਤਾ ਮਨੁੱਖ ਦੇ ਦਿਲ ਦਿਮਾਗ ਨੂੰ ਇਕ ਖਾਸ ਸਾਂਚੇ ਵਿਚ ਢਾਲਦੀ ਹੈ ਅਤੇ ਉਹ ਸਾਂਚਾ ਸਮਾਜਕ ਰਿਸ਼ਤਿਆਂ ਦਾ ਉਹ ਪੈਟਰਨ ਹੁੰਦਾ ਹੈ ਜੋ ਉਸ ਵੇਲੇ ਦੀਆਂ ਪੈਦਾਵਾਰੀ ਦੀਆਂ ਸ਼ਕਤੀਆਂ ਨੂੰ ਵਿਕਾਸ ਵਿਚ ਲਿਆਉਂਦਾ ਹੈ। ਆਰਥਕ ਸਮਾਜਕ ਨਜ਼ਾਮ ਕਦੀ ਵੀ ਹਵੇ ਚੇਤਨਤਾ ਬਾਇਓਲੋਜੀਕਲ ਮਨੁੱਖ ਤੇ ਕੁਦਰਤ ਦੇ ਦਰਮਿਆਨ ਵਿਚੋਲੀ ਹੈ। ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਪੈਦਾ ਕਰਦੀ ਹੈ। ਸਮਾਜ ਦੀ ਪੈਦਾਵਾਰ ਕਹਾਉਂਦੀ ਹੈ। ਪੈਦਾਵਾਰੀ ਦੀਆਂ ਸ਼ਕਤੀਆਂ ਉਨ੍ਹਾਂ ਨੂੰ ਵਰਤਦਾ ਮਨੁੱਖ ਤੇ ਉਸ ਦੀ ਚੇਤਨਤਾ ਇਕ ਹੀ ਲੜੀ ਦੇ ਮਣਕੇ ਹਨ। ਇਕ ਦੂਸਰੇ ਨਾਲ ਸਬੰਧਤ ਹਨ, ਇਕ ਦੂਸਰੇ ਨੂੰ ਅਕਸਦੇ ਹਨ।

ਸਮਾਜਕ ਚੇਤਨਾ ਤੇ ਉਸਾਰ ਦੇ ਅੰਗ, ਮਜ਼ੂਬ ਬਾਬਤ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਇਹ ਜਿਸ ਜਮਾਤ ਦਾ ਹੋਵੇ, ਉਸ ਦਾ ਹਿੱਤ ਪੂਰਦਾ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਫਲਾਂ ਮਜ਼ੂਬ, ਫਲਾਂ ਜਮਾਤ ਦਾ ਹਿਤ ਪੂਰਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਸ ਮਜ਼ੂਬੀ ਗਰੰਥ ਵਿਚ ਚੰਦ ਲਾਈਨਾਂ ਜਾਂ ਚੰਦ ਸ਼ਬਦ ਹਨ ਜੋ ਸਮਾਜਕ ਤੌਰ ਤੇ ਲਾਗੂ ਹਨ, ਜੋ ਸਮਾਜਕ ਰਵੀਏ ਬਾਬਤ ਖਾਸ ਪ੍ਰਚਾਰ ਕਰਦੇ ਹਨ, ਅਤੇ ਉਸ ਮਜ਼ੂਬ ਦਾ ਸਮਾਜ ਵਿਚ ਰੋਲ ਸਿਰਫ ਉਨ੍ਹਾਂ ਚੰਦ ਸ਼ਬਦਾਂ ਦੇ ਅਸਰ ਤਕ ਹੀ ਸੀਮਤ ਹੈ। ਮਜ਼ੂਬ ਦੇ ਸਮਾਜਕ ਰੋਲ ਦਾ ਮਤਲਬ ਹੈ ਕਿ ਜਿਸ ਜਮਾਤ ਦਾ ਉਹ ਹੈ ਉਸ ਹਿਤੀ ਸਮਾਜਕ ਕਦਰਾਂ ਦੇ ਪੈਟਰਨ ਦੀ ਪੁਸ਼ਟੀ ਕਰਨਾ ਅਤੇ ਉਨ੍ਹਾਂ ਵਿਰੋਧੀ ਪੈਟਰਨ ਦੀ ਨਿਖੇਧੀ ਅਤੇ ਮਨੁੱਖਾਂ ਦੇ ਜ਼ਾਤੀ, ਸਮਾਜਕ, ਆਰਥਕ ਤੇ ਅੰਤ ਵਿਚ ਸਿਆਸੀ ਚਲਨ ਨੂੰ ਉਨ੍ਹਾਂ ਸਮਾਜਕ ਕਦਰਾਂ, ਉਸ ਜਮਾਤੀ ਹਿਤ ਅਨੁਸਾਰ, ਤੋਰਨਾ, ਉਨ੍ਹਾਂ ਦੇ ਮਨੋਵੇਗ, ਖਿਆਲਾ, ਚੰਗੇ ਮਾੜੇ ਦੀ ਤਮੀਜ਼ ਨੂੰ ਉਸ ਦੇ ਹਿਤ ਦੇ ਅਨੁਸਾਰੀ ਬਣਾਉਣਾ ਹੈ। ਮਜ਼ੂਬ ਦੇ ਰੋਲ ਦਾ ਮਤਲਬ ਚੰਦ ਰਿਵਾਜਾਤ ਕਾਇਮ ਕਰਨਾ, ਜਾਂ ਜ਼ਿੰਦਗੀ ਦੇ ਚੰਦ ਮਸਲਿਆਂ ਬਾਬਤ ਪ੍ਰਚਾਰ ਕਰਨਾ ਜਾਂ ਰਵੀਆ ਦੱਸਣਾ ਨਹੀਂ। ਮਨੁੱਖ ਦੀ ਪੂਰਨ ਚੇਤਨਤਾ, ਉਸ ਦੇ ਮਨੋ-ਵੇਗ, ਉਸਦੇ ਖਿਆਲਾਂ, ਗੱਲ ਕੀ ਮਨੁੱਖੀ ਬਣਤਰ ਦੇ ਜੋ ਪਹਿਲੂ ਵੀ ਮਨੁੱਖੀ ਚਲਨ ਤੋਰਦੇ ਹਨ ਉਨ੍ਹਾਂ ਨੂੰ ਉਸ ਹਿਤ ਦੇ ਰਾਸ ਕਰਨਾ ਹੈ। ਇਹ ਪੂਰਨ ਤਰਜ਼ੇ ਜ਼ਿੰਦਗੀ, ਮਨੁੱਖ ਦੀ ਜ਼ਿੰਦਗੀ ਦੀ ਟੋਟੈਲਟੀ ਨੂੰ ਇਕ ਪੈਟਰਨ ਵਿਚ ਪਾਉਣ ਦਾ ਮਸਲਾ, ਵਸੀਲਾ ਹੈ। ਜ਼ਿੰਦਗੀ ਦੇ ਹਰ ਮੋੜ ਤੇ, ਸਮਾਜਕ ਕਰਤਵ ਬਾਬਤ ਚੋਣ ਦੇ ਹਰ ਮੌਕੇ ਤੇ, ਸਮਾਜਕ ਸੰਕਟ ਵੇਲੇ ਕਈਆਂ ਵਿਚੋਂ ਇਕ ਖਾਸ ਰਾਹ ਉੱਤੇ ਤੋਰਨ ਦਾ ਸਵਾਲ ਹੈ। ਦੂਸਰੇ ਲਫ਼ਜ਼ਾਂ ਵਿਚ ਪੂਰਨ ਮਨੁੱਖੀ ਸ਼ਖਸੀਅਤ ਨੂੰ ਇਕ ਖਾਸ ਹਿਤੀ ਬਣਾਉਣ ਦੀ ਵਿਦਿਆ ਹੈ। ਮਜ਼ੂਬ ਸਮਾਜਕ ਕੇਂਦਰਾਂ ਨੂੰ ਰੱਬ ਨਾਲ ਸੰਬੰਧਤ ਕਰਦਾ ਹੈ। ਰੱਬ ਨੂੰ ਮਨੁੱਖ ਦੇ ਇਸ ਜੀਵਨ ਵਿਚ ਕੀਤੇ ਕੰਮਾਂ ਦਾ ਜੱਜ ਬਣਾਉਂਦਾ ਹੈ। ਇਹ ਸ਼ਰਤ ਲਾਉਂਦਾ ਹੈ ਕਿ ਰੱਬ ਮਿਲ ਤਾਂ ਹੀ ਸਕਦਾ ਹੈ, ਰੱਬ ਵਿਚ ਲੀਨ ਮਨੁੱਖਤਾ ਤਾਂ ਹੀ ਹੋ ਸਕਦੀ ਹੈ ਜੇ ਉਹ ਰੱਬ ਦੇ ਮਨਜ਼ੂਰ ਖਸੀਅਤਾਂ ਨੂੰ ਗ੍ਰਹਿਣ ਕਰੇ, ਤਨੋਂ ਮਨੋਂ ਉਨ੍ਹਾਂ ਦਾ ਅਨੁਸਾਰੀ ਹੋਵੇ। ਆਪਣੇ ਆਪ ਨੂੰ ਉਨ੍ਹਾਂ ਦੇ ਅਰਪਨ ਕਰੇ। ਉਨ੍ਹਾਂ ਦੇ ਅਧੀਨ ਤੋਰੇ।

ਆਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ।

ਜਦੋਂ ਮਨੁੱਖ ਰੱਬ ਵਿਚ ਫਿਨ੍ਹਾਂ ਫਿਲਾ, ਉਸ ਵਿਚ ਲੀਨ ਉਸ ਨਾਲ ਅਭੇਦ ਹੋਣ ਵਾਸਤੇ ਰੱਬ ਦੀ ਭਗਤੀ ਕਰਦਾ ਹੈ, ਮਜ਼ਬੀ ਰਚਨਾ, ਗੁਰਬਾਣੀ ਦੇ ਅਧੀਨ ਆਪਣਾ ਹਿਰਦਾ ਕਰਦਾ ਹੈ, ਉਸ ਦਾ ਸਮਾਜਕ ਮਨੁੱਖੀ ਅਸਰ ਇਹ ਹੁੰਦਾ ਹੈ ਕਿ ਉਸ ਦੀ ਪੂਰਨ ਸ਼ਖਸੀਅਤ, ਉਸ ਦੀ ਚੇਤਨਤਾ ਮਨੋਵੇਗ, ਸਮਾਜਕ ਕਦਰਾਂ ਦੇ ਉਸ ਸੱਚੇ ਦੇ ਅਧੀਨ ਹੋ ਜਾਂਦੇ ਹਨ ਜੋ ਰੱਬ ਨੂੰ ਮਨਜ਼ੂਰ ਹਨ । ਦੂਸਰੇ ਲਫਜ਼ਾਂ ਵਿਚ ਜਿਸ ਜਮਾਤੀ ਹਿਤ ਨੂੰ ਉਸ ਮਜ਼ਬ ਦੀ ਰਚਨਾ ਦਾ ਰੱਬ ਮੂਰਤੀ ਮਾਨ ਕਰਦਾ ਹੈ, ਜਿਸ ਹਿਤ ਦੇ ਅਨਕੂਲ, ਸਮਾਜਕ ਕਦਰਾਂ ਨਾਲ ਉਹ ਸਬੰਧਤ ਹੁੰਦਾ ਹੈ, ਪੂਰਨ ਮਨੁੱਖੀ ਸ਼ਖਸੀਅਤ ਉਨ੍ਹਾਂ ਦਾ ਮਨੁੱਖੀ ਰੂਪ ਹੋ ਜਾਂਦੀ ਹੈ । ਉਨ੍ਹਾਂ ਦੇ ਮਨੁੱਖੀ ਰੂਪ ਹੋਣ ਦਾ ਮਤਲਬ ਹੈ ਕਿ ਚਲਨ ਦੀ ਹਰ ਪੱਧਰ, ਜਾਤੀ; ਸਮਾਜਕ, ਆਰਥਕ ਤੇ ਅੰਤ ਵਿਚ ਸਿਆਸੀ ਵਿਚ ਮਨੁੱਖ ਉਸ ਹਿਤ ਦਾ ਅਨੁਸਾਰੀ ਹੋ ਜਾਂਦਾ ਹੈ । ਫਿਰ ਅਸਲੀ ਜ਼ਿੰਦਗੀ ਵਿਚ ਕੋਈ ਮਸਲਾ ਖੜ੍ਹਾ ਹੋਵੇ, ਕੋਈ ਪੋਜ਼ੀਸ਼ਨ ਬਣੇ, ਕੋਈ ਸਿਚੂਏਸ਼ਨ ਹੋਵੇ, ਉਸ ਹਿਤ ਵਿਚ ਢਲੀ ਸ਼ਖਸੀਅਤ ਉਸ ਹਿਤ ਦੇ ਅਨੁਸਾਰ ਤੁਰੇਗੀ। ਜਿਸ ਤਰ੍ਹਾਂ ਉਸ ਪੋਜ਼ੀਸ਼ਨ ਵਿਚ ਉਹ ਹਿਤ ਪੂਰਾ ਹੁੰਦਾ ਹੋਵੇਗਾ ਉਹ ਉਸ ਰਾਹ ਹੀ ਪਵੇਗੀ। ਦੂਸਰੇ ਲਫਜ਼ਾਂ ਵਿਚ ਮਨੁੱਖੀ ਚਲਨ ਦੇ ਪੁਰਜ਼ੇ ਉਸ ਹਿਤ ਦੇ ਅਧੀਨ ਹੋ ਤੁਰੇ । ਇਹ ਹੀ ਕੰਮ ਮਜ਼ਬੀ ਸੰਸਥਾਵਾਂ, ਮਜ਼ਬੀ ਰੀਤਾਂ ਕਰਦੀਆਂ ਹਨ, ਜਿਵੇਂ ਜਾਦੂ ਦੀ ਪੱਧਰ ਤੇ ਜਾਦੂ ਦੀਆਂ ਰੀਤਾਂ ਕਰਦੀਆਂ ਸਨ, ਆਪਣਾ ਮਜ਼ਬ ਉਹ ਜਮਾਤ ਹੀ ਖੜਾ ਕਰਦੀ ਹੈ ਜੋ ਸਮਾਜ ਦੀ ਡਾਇਲੈਕਟਿਕ ਦਾ ਬੁਨਿ-ਆਦੀ ਜੁਜ਼ ਹੋਵੇ । ਜਦੋਂ ਸਿਖ ਗੁਰਬਾਣੀ ਪੜ੍ਹਦੇ, ਗੁਰਬਾਣੀ ਦਾ ਕੀਰਤਨ ਸੁਣਦੇ ਸਨ ਉਨ੍ਹਾਂ ਦਾ ਮਨੋਰਥ ਰਬ ਵਿਚ ਲੀਨ ਹੋਣਾ, ਉਸ ਨਾਲ ਅਭੇਦ ਹੋ ਆਪਣੀ ਮੁਕਤੀ ਹਾਸਲ ਕਰਨਾ ਹੀ ਹੁੰਦਾ ਸੀ । ਪਰ ਇਸ ਢੰਗ ਰਾਹੀਂ ਉਸ ਫੀਊਡਲ ਵਿਰੋਧੀ, ਲੋਕ ਹਿਤੀ ਕੀਮਤਾਂ ਦੇ ਸੰਚੇ ਵਿਚ ਢਲ ਗਏ । ਸਾਇੰਟਿਫਿਕ ਬੋਲੀ ਵਿਚ ਕਹੀਏ ਤਾਂ ਮਜ਼ਹਬੀ ਰੂਪ ਵਿਚ ਜਮਾਤੀ ਤੌਰ ਤੇ ਚੇਤੰਨ ਹੋ ਗਏ । ਉਨ੍ਹਾਂ ਦਾ ਹਿਰਦਾ ਲੋਕ ਹਿਤ ਦਾ ਅਨੁਸਾਰੀ ਹੋ ਗਿਆ । ਸੋ ਜਦੋਂ ਸਮਾਜਕ ਸਿਆਸੀ ਸਿਚੂਏਸ਼ਨ ਬਣੀ, ਗੁਰਬਾਣੀ ਦੇ ਅਨੁਸਾਰੀ ਰੱਬ ਦੇ ਝੰਡੇ ਹੇਠ ਸਿਆਸੀ, ਫੌਜੀ ਤਰੀਕੇ ਨਾਲ ਫੀਊਡਲ ਵਿਰੋਧੀ ਲੜੇ । ਇਹ ਸਮਾਜਕ ਰੋਲ ਸਾਰੀ ਬਾਣੀ, ਸਾਰੇ ਸਿੱਖ ਮਜ਼ਬ ਦਾ ਸੀ ਨਾ ਕਿ ਗੁਰੂ ਗਰੰਥ ਸਾਹਿਬ ਵਿਚਲੇ ਉਨ੍ਹਾਂ ਚੰਦ ਸ਼ਬਦਾਂ ਦਾ ਜਿਨ੍ਹਾਂ ਵਿਚ ਸਮਾਜਕ ਦਸ਼ਾ ਜਾਂ ਕਿਸੇ ਸਮਾਜਕ ਮਸਲੇ ਦਾ ਸਿੱਧਾ ਬਿਆਨ ਹੈ । ਸੋ ਜਿਨ੍ਹਾਂ ਸ਼ਬਦਾਂ ਨੂੰ ਨਿਰੋਲ ਰੂਹਾਨੀਅਤ ਦੇ ਸ਼ਬਦ ਕਿਹਾ ਜਾਂਦਾ ਹੈ ਉਨ੍ਹਾਂ ਦਾ ਰੋਲ ਓਨਾ ਹੀ ਸਮਾਜਕ ਸਿਆਸੀ ਹੈ ਜਿੰਨਾ ਸਮਾਜ ਸਬੰਧੀ ਸ਼ਬਦਾਂ ਦਾ ਸਮਾਜ ਦੇ ਇਤਿਹਾਸ ਵਿਚ ਲੋਕਾਂ ਮਿਸਟੀਸਿਜ਼ਮ ਦੇ ਰੂਪ ਵਿਚ ਆਪਣੇ ਜਮਾਤੀ ਵਿਰੋਧੀਆਂ ਨਾਲ ਸਿਆਸੀ ਫੌਜੀ ਲੜਾਈਆਂ ਕੀਤੀਆਂ ਹਨ । ਅਤੇ ਇਸ ਸੱਚ ਦਾ ਐਂਗਲਜ਼ ਨੇ ਆਪ ਬਿਆਨ ਕੀਤਾ ਹੈ । ਜੋ ਈਸਾਈ ਮਤ ਬਾਬਤ ਇਤਿਹਾਸਕ ਸਚਾਈ ਹੈ ਉਹ ਗੁਰਬਾਣੀ ਬਾਬਤ ਵੀ ਸਹੀ ਹੈ . ਹਰ ਸ਼ਬਦ ਦਾ ਰੋਲ ਸਮਾਜਕ ਹੈ, ਜਮਾਤੀ ਹੈ । ਕਲਾ ਕਵਿਤਾ ਬਾਬਤ ਹਰ ਇਕ ਜਾਣਦਾ ਹੈ ਕਿ ਸਿਰਫ ਵਸਤੂ ਰਾਹੀਂ ਹੀ ਨਹੀਂ ਸਮਾਜਕ ਜਮਾਤੀ ਅੰਗ ਰੂਪ ਰਾਹੀਂ ਹੀ ਪ੍ਰਗਟਾ ਹੁੰਦਾ ਹੈ । ਅਤੇ ਨਿਰੇ ਵਸਤੂ ਰਾਹੀਂ ਹੀ ਨਹੀਂ ਰੂਪ ਰਾਹੀਂ ਵੀ ਜਮਾਤੀ ਹਿੱਤ ਆਪਸ ਵਿਚ ਭਿੜਦੇ ਹਨ । ਜੋ ਕਲਾ ਕਵਿਤਾ

ਵਿਚ ਵਸਤੂ ਦੇ ਰੂਪ ਦੇ ਰਿਸ਼ਤੇ ਨੂੰ ਜਾਣਦੇ ਹਨ ਉਨ੍ਹਾਂ ਵਾਸਤੇ ਇਹ ਕੋਈ ਹੈਰਾਨੀ ਨਹੀਂ ਕਿ ਵਸਤੂ ਦੇ ਨਾਲ ਰੂਪ ਜਮਾਤੀ ਹਿਤ ਪ੍ਰਗਟ ਕਰਦਾ ਹੈ। ਰੂਪ ਤੇ ਛਡਿਆ ਰੂਪ ਦੀ ਹਰ ਇਕ ਪੱਧਰ, ਸ਼ੈਲੀ ਡੀਜ਼ਾਇਨ, ਸਟਰੱਕਚਰ ਰਾਹੀਂ ਜਮਾਤੀ ਅੰਗ ਜ਼ਾਹਿਰ ਹੁੰਦਾ ਹੈ। ਜੋ ਸਾਹਿਤਕਾਰ ਤੇ ਪਾਤਰਾਂ ਦੀ ਬੋਲੀ ਵਿਚ ਜਮਾਤੀ ਅੰਗ ਨਹੀਂ ਵੇਖ ਸਕਦੇ ਉਹ ਸਾਹਿਤ ਨਾਲ ਇਨਸਾਫ ਨਹੀਂ ਕਰਦੇ। ਜੋ ਗੱਲ ਸੰਸਾਰਕ ਕਲਾ ਬਾਬਤ ਸਹੀ ਹੈ ਉਹ ਮਜ਼੍ਹਬੀ ਰਚਨਾ ਬਾਬਤ ਵੀ ਠੀਕ ਹੈ। ਸੂਫੀਆਂ ਤੇ ਭਗਤੀ ਲਹਿਰ ਵਾਲਿਆਂ ਦੀ ਆਪਣੀ ਰਚਨਾ ਵਾਸਤੇ ਬੋਲੀ ਦੀ ਚੋਣ ਬੜੇ ਨਿਗਰ ਤੌਰ ਤੇ ਇਨ੍ਹਾਂ ਦਾ ਜਮਾਤੀ ਪੈਂਤੜਾ ਜ਼ਾਹਿਰ ਕਰਦੀ ਹੈ। ਸੂਫੀ ਜਿੱਥੇ ਜਿੱਥੇ ਵੀ ਗਏ, ਭਾਵੇਂ ਉਹ ਆਮ ਤੌਰ ਤੇ ਅਰਬੀ, ਫਾਰਸੀ ਆਦਿ ਦੇ ਵਿਦਵਾਨ ਹੁੰਦੇ ਸਨ, ਪਰ ਆਪਣੀ ਰਚਨਾ ਵਾਸਤੇ ਉਨ੍ਹਾਂ ਲੋਕਾਂ ਦੀ ਬੋਲੀ ਅਪਣਾਈ। ਲੋਕਾਂ ਦੀ ਬੋਲੀ ਵਿਚ ਹੀ ਲੋਕਾਂ ਦੇ ਹਿਤ ਦੇ ਨੁਕਤੇ ਤੋਂ ਜ਼ਿੰਦਗੀ ਵੇਖੀ; ਵੱਖ ਵੱਖ ਜਮਾਤਾਂ ਦਾ ਕਰਤਵ ਤੋਲਿਆ ਤੇ ਚੇਤਨਤਾ ਦੇ ਪ੍ਰਚਲਤ ਰੂਪ-ਮਜ਼੍ਹਬ ਰਾਹੀਂ ਉਸੇ ਹਿਤ ਨੂੰ ਪੇਸ਼ ਕੀਤਾ। ਲੋਕਾਂ ਦੀ ਬੋਲੀ, ਬਹਿਰਾਂ, ਬਿੰਬਾਂ ਰਾਹੀਂ ਉਨ੍ਹਾਂ ਦੇ ਅਨੁਭਵ ਨੂੰ ਤਰਤੀਬ ਦੇ, ਸਾਫ ਤਿਖਿਆਂ ਕਰ ਉਨ੍ਹਾਂ ਦੇ ਹਵਾਲੇ ਕਰ ਦਿਤਾ। ਸ਼ੇਖ ਫਰੀਦ, ਸ਼ਾਹ ਹੁਸੈਨ, ਬੁਲ੍ਹੇ ਆਦਿ ਦੀ ਬੋਲੀ ਦੀ ਤਾਜ਼ਗੀ, ਉਨ੍ਹਾਂ ਦੇ ਬਹਿਰ, ਬਿੰਬ, ਸੂਫੀ ਨਜ਼ਰੀਏ ਤੇ ਲਹਿਰ ਦੀ ਲੋਕਾਂ ਨਾਲ ਨੇੜ ਦੀ ਗਵਾਹੀ ਹਨ। ਸੂਫੀ ਆਪਣੀ ਰਚਨਾ ਵਿਚ ਲੋਕਾਂ ਦਾ ਹਿਤ ਨੈਸ਼ਨਲ ਮਸਲਾ ਹੀ ਖੜ੍ਹਾ ਨਹੀਂ ਕਰਦੇ, ਨੈਸ਼ਨਲ ਕਲਚਰ ਦੀ ਨੀਂਹ ਵੀ ਰਖਦੇ ਹਨ। ਇਸ ਨੁਕਤੇ ਬਾਬਤ ਜੋ ਸੂਫੀਆਂ ਬਾਬਤ ਸਹੀ ਹੈ ਉਹ ਹੀ ਭਗਤੀ ਲਹਿਰ ਵਾਲਿਆਂ ਦਾ ਕਿੱਸਾ ਹੈ। ਭਗਤੀ ਲਹਿਰ ਵਾਲਿਆਂ ਨੇ ਸੰਸਕ੍ਰਿਤ ਤੇ ਉਸ ਦੀ ਪਰੰਪਰਾ ਛੱਡ ਕੇ ਲੋਕਾਂ ਦੀ ਬੋਲੀ ਵਲ ਰੁਖ ਕੀਤਾ। ਤੁਲਸੀ ਦਾਸ ਕੋਲੋਂ ਪੁਛਿਆ ਗਿਆ ਕਿ ਉਹ ਸੰਸਕ੍ਰਿਤ ਕਿਉਂ ਤਿਆਗ ਰਿਹਾ ਹੈ ? ਉਸ ਨੇ ਜਵਾਬ ਦਿਤਾ ਕਿ ਸੰਸਕ੍ਰਿਤ ਸੋਨੇ ਦਾ ਭਾਂਡਾ ਹੈ ਪਰ ਵਿਚ ਉਹਦੇ ਜ਼ਹਿਰ ਹੈ। ਹਿੰਦੀ ਆਦਿ ਲੋਕ ਬੋਲੀਆਂ ਮਿੱਟੀ ਦੇ ਬਰਤਨ ਹਨ ਪਰ ਵਿਚ ਅੰਮ੍ਰਿਤ ਹੈ। ਇਹ ਜਮਾਤੀ ਅੰਗ ਇਨ੍ਹਾਂ ਦੀ ਸ਼ੈਲੀ, ਬੋਲੀ, ਬਿੰਬਾਂ ਬਹਿਰਾਂ ਬਾਬਤ ਹੀ ਸਹੀ ਨਹੀਂ, ਰੂਪ ਦੇ ਹਰ ਪੱਖ, ਹਰ ਪੱਧਰ ਬਾਬਤ ਸਹੀ ਹੈ, ਕਿਸੇ ਰਚਨਾ ਦਾ ਡੀਜ਼ਾਇਨ, ਬੋਲੀ ਦੀ ਸ਼ੈਲੀ, ਬਿੰਬਾਂ, ਬਹਿਰਾਂ, ਬੋਲੀ ਦੇ ਮੁਢਲੇ ਪੈਟਰਨਾਂ ਉੱਤੇ ਹੀ ਟਿਕਿਆ ਹੁੰਦਾ ਹੈ। ਉਨ੍ਹਾਂ ਤੋਂ ਹੀ ਉਸਰਿਆ, ਉਨ੍ਹਾਂ ਉੱਤੇ ਹੀ ਨਿਰਭਰ ਹੁੰਦਾ ਹੈ। ਜਾਂ ਇਉਂ ਕਹਿ ਲਵੋ ਕਿ ਬੋਲੀ ਬਿੰਬਾਂ ਆਦਿ ਦੀ ਚੋਣ ਰਚਨਾ ਡੀਜ਼ਾਇਨ ਦੇ ਅਧੀਨ ਹੀ ਹੁੰਦੀ ਹੈ। ਇਹ ਗੱਲ ਮੰਨ ਜਾਣੀ ਕਿ ਕੋਈ ਕਵੀ, ਆਪਣੀ ਬੋਲੀ ਸ਼ੈਲੀ ਰਾਹੀਂ ਤਾਂ ਜਮਾਤੀ ਹਿਤ ਪਰਗਟ ਕਰਦਾ ਹੈ, ਪਰ ਆਪਣੀ ਰਚਨਾ ਦੇ ਡੀਜ਼ਾਇਨ, ਖਿਆਲਾਂ ਦੇ ਖਰੜੇ ਰਾਹੀਂ ਨਹੀਂ ਕਰਦਾ ਇਕ ਅਜੀਬ ਗੱਲ ਹੈ। ਕਵਿਤਾ ਦੇ ਜਾਣਕਾਰ ਸਾਹਮਣੇ ਐਸੀ ਗੱਲ ਕਹਿ ਕੇ ਆਪਣੀ ਹੇਠੀ ਕਰਾਉਣਾ ਹੈ। ਸਾਹਿਤਕ ਰਚਨਾ ਇਕਾਈ ਹੁੰਦੀ ਹੈ। ਉਸ ਦਾ ਹਰ ਅੰਗ, ਹਰ ਪਹਿਲੂ ਇਕ ਹੀ ਮਨੋਰਥ ਦੀ ਪੂਰਤੀ ਵਾਸਤੇ ਕੰਮ ਕਰਦਾ ਹੈ। ਸੋ ਗੁਰਬਾਣੀ ਦਾ, ਜੇ ਇਕ ਅੰਗ, ਫੀਊਡਲ ਦੇ ਖਿਲਾਫ ਲੋਕ ਹਿਤੀ ਹੈ ਤਾਂ ਇਸ ਦਾ ਇਹ ਮਤਲਬ ਹੈ ਕਿ ਉਸ ਦਾ ਹਰ ਅੰਗ, ਹਰ ਪਹਿਲੂ, ਹਰ ਖਿਆਲ, ਵਿਚ ਪੇਸ਼ ਹਰ ਚਿਤਰ ਉਸੇ ਮਨੋਰਥ ਦੀ ਪੂਰਤੀ ਕਰਦਾ ਹੈ। ਗੁਰਬਾਣੀ ਦਾ ਕੇਂਦਰੀ ਵਿਸ਼ਵਾਸ਼ ਇਕ ਰੱਬ ਦੀ ਹੋਂਦ ਹੈ। ਉਹ ਰੱਬ ਜੋ ਕੁਲ ਸ਼ਕਤੀਆਂ ਦਾ ਸੋਮਾ ਹੈ। ਸ੍ਰਿਸ਼ਟੀ ਦੇ ਕੁਲ ਪਸਾਰੇ ਦੇ

ਰਚਨ ਵਾਲਾ ਹੈ, ਸਰਬ ਸ਼ਕਤੀਮਾਨ ਹੈ, ਸਰਬ ਪ੍ਰਵੇਸ਼ਕ ਹੈ। ਰੱਬ ਦਾ ਇਹ ਚਿਤਰ ਮਹਾਨ ਜਮਾਤੀ ਚਿਤਰ ਹੈ। ਇਸ ਦਾ ਰੋਲ ਲੋਕ ਹਿਤੀ ਹੈ। ਜਦੋਂ ਗੁਰਬਾਣੀ ਇਕ ਸਰਬ ਸ਼ਕਤੀਮਾਨ ਰੱਬ ਦਾ ਚਿਤਰ ਦੇਂਦੀ ਹੈ, ਉਸ ਚਿਤਰ ਦਾ ਸਮਾਜਕ ਰੋਲ ਖਿਖਰੇ, ਆਜ਼ਾਦ ਫ਼ੀਊਡਲ ਦੇ ਖ਼ਿਲਾਫ਼ ਇਕ ਕੇਂਦਰੀ, ਸਮਾਜਕ, ਸਿਆਸੀ, ਰਾਜਸਕ, ਦੂਸਰੇ ਲਫ਼ਜ਼ਾਂ ਵਿਚ ਨੈਸ਼ਨਲ ਸ਼ਕਤੀ ਦੀ ਉਸਾਰੀ ਬਣਦਾ ਹੈ। ਰੱਬ ਦਾ ਪ੍ਰਵੇਸ਼ਕ ਅੰਗ, 'ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨਬੋ' ਦੀ ਪੁਜ਼ੀਸ਼ਨ ਦੀ ਉਸਾਰੀ ਕਰਦਾ ਹੈ। ਜਦੋਂ ਇਹ ਵਿਸ਼ਵਾਸ ਹੋ ਜਾਏ ਕਿ ਕੁਲ ਮਨੁੱਖ ਜਾਤੀ ਇਕ ਰੱਬ ਦੀ ਅੰਸ਼ ਹੈ ਅਤੇ ਹਰ ਇਕ ਵਿਚ ਰੱਬ ਹੈ ਤਾਂ ਕਿਸੇ ਦੇ ਭੁੱਖੇ ਹੁੰਦਿਆਂ ਕੋਈ ਅਗਲਾ ਆਟਾ ਰਖ ਕੇ ਸਦਾਚਾਰਕ, ਰੱਬ ਹਿਤੀ ਨਹੀਂ ਰਹਿ ਸਕਦਾ। ਜਮਾਂਦਰੂ ਕੋਈ ਊਚ ਤੇ ਕੋਈ ਨੀਚ ਨਹੀਂ ਹੋ ਸਕਦਾ। ਜਮਾਤੀ, ਊਚ ਨੀਚ, ਪਉੜੀਆਂ ਵਾਲੇ ਸਮਾਜ ਵਿਚ ਐਸੇ ਸਰਬ ਸ਼ਕਤੀਮਾਨ, ਸਰਬ ਪ੍ਰਵੇਸ਼ਕ ਇਕ ਰੱਬ ਵਾਲੇ ਮਜ਼੍ਹਬ ਦਾ ਰੋਲ ਊਚ ਨੀਚ ਪੱਧਰੀ ਕਰਨ ਵਾਲਾ ਇਨਕਲਾਬੀ ਹੁੰਦਾ ਹੈ। ਜਦੋਂ ਜ਼ਿੰਦਗੀ ਦਾ ਮਨੋਰਥ ਐਸੇ ਰੱਬ ਦੀ ਪੂਰਨ ਅਧੀਨਗੀ, ਉਸ ਦੀ ਰਜ਼ਾ ਵਿਚ ਰਹਿਣਾ, ਉਸ ਵਿਚ ਵਿਲਾ-ਵਿਲਾ ਉਸ ਨਾਲ ਅਭੇਦ ਹੋਣਾ ਪ੍ਰਵਾਨ ਤੇ ਗ੍ਰਹਿਣ ਹੋ ਜਾਵੇ, ਉਸ ਦਾ ਸਮਾਜਕ ਰੋਲ ਹੋਰ ਕੁਝ ਛਡ ਛਡਾ ਕੇ ਇਨਕਲਾਬੀ ਪੁਜ਼ੀਸ਼ਨ ਤੇ ਆਉਣਾ, ਉਸ ਦਾ ਹੋ ਕੇ ਸਮਾਜ ਵਿਚ ਤਨੋਂ ਮਨੋਂ ਪੂਰਨ ਵਫ਼ਾਦਾਰੀ ਨਾਲ ਵਰਤਣਾ ਹੈ। ਰੱਬ ਵਿਚ ਲੀਨ ਹੋਣਾ ਨਿਰੀ ਰੂਹਾਨੀਅਤ ਹੀ ਨਹੀਂ ਰਹਿ ਜਾਂਦੀ। ਸਮਾਜਕ ਏਕਤਾ ਤੇ ਬਰਾਬਰੀ ਦਾ ਅਰੁਕਵਾਂ ਹੜ੍ਹ ਬਣ ਜਾਂਦੀ ਹੈ। ਐਸੇ ਰੱਬ ਦੀ ਅਧੀਨਗੀ ਵਾਸਤੇ ਵਰਤੀ ਗਈ ਸ਼ਬਦਾਵਲੀ ਉਪਰੋਂ ਵੇਖਣ ਨੂੰ ਭਾਵੇਂ ਦਾਸ ਬਣਾਉਂਦੀ ਹੀ ਲੱਗੇ, ਅਸਲ ਵਿਚ ਸੱਚ ਦਾ, ਇਨਸਾਨੀਅਤ ਦਾ, ਲੋਕ ਹਿਤ ਦਾ ਦਾਸ ਬਣਾਉਂਦੀ ਹੈ, ਸਹੀ ਅਰਥਾਂ ਵਿਚ ਇਨਕਲਾਬੀ ਬਣਾਉਂਦੀ ਹੈ। ਐਸੀ ਸ਼ਬਦਾਵਲੀ ਦਾ ਰੋਲ ਮਨੁੱਖ ਨੂੰ ਲੋਕ ਹਿਤੀ ਬਣਾਉਣਾ, ਇਨਕਲਾਬ ਦੀ ਪੂਰਨ ਵਫ਼ਾਦਾਰੀ ਵਾਸਤੇ ਢਾਲਣਾ ਹੈ। ਐਸੇ ਰੱਬ ਦੇ ਅਧੀਨ ਜਦੋਂ ਮੌਤ ਦੇ ਦੋਜ਼ਕ ਵਰਤੇ ਜਾਂਦੇ ਹਨ, ਉਨ੍ਹਾਂ ਦਾ ਰੋਲ ਮਨੁੱਖ ਦੀ ਜ਼ਿੰਦਗੀ ਤੇ ਉਸ ਦੇ ਮਸਲਿਆਂ ਵਲ ਪਿਠ ਕਰਾਉਣਾ ਨਹੀਂ। ਮਨੁੱਖ ਨੂੰ ਆਸ ਹੀਣ ਬਣਾਉਣਾ ਜਾਂ ਇਹ ਸਾਬਤ ਕਰਨਾ ਨਹੀਂ ਕਿ ਜੀਵਨ ਤਾਂ ਕੋਈ ਅਸਲੀਅਤ ਹੀ ਨਹੀਂ। ਇਹ ਦੁਖਾਂ ਦੀ ਖਾਣ ਹੈ। ਅਸਲ ਵਿਚ ਇਹ ਬਣਿਆਂ ਹੀ ਮਰਨ ਵਾਸਤੇ ਹੈ। ਨਾ ਹੀ ਮੌਤ, ਦੁਖ ਤੇ ਦੋਜ਼ਖ ਦੀ ਵਰਤੋਂ ਦਾ ਮਤਲਬ ਜ਼ਿੰਦਗੀ ਨੂੰ ਹਲਕਿਆਂ ਕਰਨਾ ਹੈ। ਗੁਰਬਾਣੀ ਦੇ ਮੁਤਾਬਿਕ ਮਨੁੱਖਾ ਜਨਮ, ਅਮੋਲਕ ਹੈ, ਵਡਮੁਲਾ ਹੈ, ਏਨਾ ਵਡਮੁਲਾ ਹੈ ਕਿ ਇਸ ਦੀ ਇਕ ਘੜੀ ਵੀ ਭੰਗ ਦੇ ਭਾਣੇ ਨਹੀਂ ਗਵਾਈ ਜਾ ਸਕਦੀ ਹੈ। ਜਦੋਂ ਇਹ ਦਸਿਆ ਜਾਂਦਾ ਹੈ ਕਿ ਐਥੇ ਇਸ ਜ਼ਿੰਦਗੀ ਵਿਚ ਕੀਤੇ ਕੰਮਾਂ ਦਾ ਰੱਬ ਹਿਸਾਬ ਲਵੇਗਾ, ਇਸ ਦਾ ਇਹ ਮਤਲਬ ਨਹੀਂ ਕਿ ਰੱਬ ਸੂਦ ਖੋਰ ਸ਼ਾਹ ਹੈ ਜਾਂ ਬੰਦਾ ਸੂਦ ਖੋਰ ਸ਼ਾਹਾਂ ਦੇ ਅਧੀਨ ਹੋ ਤੁਰੇ। ਬਿਲਕੁਲ ਨਹੀਂ। ਮੌਤ ਦੇ ਮਗਰੋਂ ਐਥੇ ਕੀਤੇ ਕੰਮਾਂ ਦੇ ਹਿਸਾਬ ਲੈਣ ਦੇ ਵਿਸ਼ਵਾਸ ਦਾ ਮਨੁੱਖ ਤੇ ਇਹ ਅਸਰ ਹੈ ਕਿ ਜੇ ਰੱਬ ਨੇ ਹਿਸਾਬ ਲੈਣਾ ਹੈ ਤਾਂ ਬੰਦਿਆ ਉਹ ਕੰਮ ਕਰ ਜੋ ਰੱਬ ਨੂੰ ਭਾਉਂਦੇ ਹਨ। ਉਹ ਤਿਆਗ ਜਿਨ੍ਹਾਂ ਨੂੰ ਉਹ ਬੁਰੇ ਕਹਿੰਦਾ ਹੈ। ਇਸਦਾ ਅਮਲੀ ਤੌਰ ਉੱਤੇ ਕੀ ਅਸਰ ਹੋਣਾ ਹੈ? ਕਿਉਂਕਿ ਗੁਰਬਾਣੀ ਦੇ ਰੱਬ ਨਾਲ ਲੋਕ ਹਿਤੀ ਕਦਰਾਂ ਸਬੰਧਤ ਹਨ, ਇਸ

ਵਾਸਤੇ ਅਮਲਾਂ ਨੂੰ ਸੋਧਣ ਦੇ ਅਸਰ ਦਾ ਮਤਲਬ ਲੋਕ, ਇਨਸਾਨੀਅਤ ਹਿਤੀ ਤੇ ਫ਼ੀਊਡਲ ਵਿਰੋਧੀ ਹੋਣਾ ਹੈ। ਦੋਜ਼ਖ ਤੇ ਉਸ ਵਿਚ ਬਲਦੀ ਅੱਗ, ਤੇ ਮਿਲਦੇ ਤਸੀਹੇ ਇਸੇ ਗੱਲ ਦੀ ਪੁਸ਼ਟੀ ਕਰਦੇ ਹਨ। ਐਨੀ ਸਜ਼ਾ ਸੁਣਕੇ ਮਨ ਡਰਦਾ ਹੈ। ਰੱਬ ਵਲ ਤੁਰਨ ਦੀ ਪਰੇਰਨਾ ਹੁੰਦੀ ਹੈ। ਮੌਤ ਦਾ ਰੋਲ ਵੀ ਇਹ ਹੀ ਹੈ। ਮੌਤ ਆਉਣੀ ਹੈ। ਜ਼ਿੰਦਗੀ ਦੇ ਦਿਨ ਗਿਣੇ ਹੋਏ ਹਨ। ਮੌਤ ਨੇ ਇਕ ਘੜੀ ਵੱਧ ਨਹੀਂ ਲੰਘਣ ਦੇਣੀ। ਇਸ ਦਾ ਪਤਾ ਨਹੀਂ ਕਦੋਂ ਆ ਜਾਵੇ, ਅਚਨਚੇਤ ਹੀ ਆ ਜਾਵੇ, ਭਾਵੇਂ ਹੁਣੇ ਹੀ ਆ ਜਾਵੇ। ਐਸੇ ਚਿਤਰ ਦਾ ਮਨ ਤੇ ਇਹ ਅਸਰ ਹੁੰਦਾ ਹੈ ਕਿ ਹੁਣ ਦੀ ਘੜੀ ਤੋਂ ਹੀ ਰੱਬ ਦੀ ਆਗਿਆ ਅਨੁਸਾਰ ਤੁਰਨਾ ਚਾਹੀਦਾ ਹੈ। ਚਿਤਰ ਤਾਂ ਮੌਤ ਤੇ ਦੋਜ਼ਖ ਦਾ ਦਿਤਾ ਜਾ ਰਿਹਾ ਹੈ, ਪਰ ਮਨੁੱਖ ਦੇ ਮਨ ਵਿਚ ਹਿਤੀ ਉਸ ਇਨਕਲਾਬ ਦੇ ਮਨੋਵੇਗ ਦੀ ਹੋ ਰਹੀ ਹੈ। ਇਹ ਅਸਰ ਤੇ ਰੋਲ ਸਿਰਫ਼ ਸ਼ੈਲੀ ਤੇ ਡੀਜ਼ਾਇਨ ਤਕ ਹੀ ਸੀਮਤ ਨਹੀਂ ਸਟੱਰਕਚਰ ਵੀ ਇਹ ਹੀ ਫਰਜ਼ ਅਦਾ ਕਰਦਾ ਹੈ। ਨਿਰਾ ਇਹ ਕਹਿਣ ਨਾਲ ਕਿ ਗੁਰਬਾਣੀ ਮਜ਼੍ਹਬ ਸੀ ਇਸਦੀ ਸਟੱਰਕਚਰ ਦੀ ਗੱਲ ਸਾਫ਼ ਨਹੀਂ ਹੁੰਦੀ। ਬ੍ਰਾਹਮਣ ਮਤ ਤੇ ਸਿਖੀ, ਸਨ ਤਾਂ ਦੋਵੇਂ ਮਜ਼੍ਹਬ ਹੀ, ਪਰ ਦੋਹਾਂ ਦਾ ਮੁਕਾਬਲਾ ਕੀਤਿਆਂ ਗੁਰਬਾਣੀ ਦੀ ਸਟੱਰਕਚਰ ਦਾ ਲੋਕ ਹਿਤੀ ਜੁਸਾ ਪ੍ਰਤੱਖ ਹੋ ਜਾਂਦਾ ਹੈ। ਸਟੱਰਕਚਰ ਰਚਨਾ ਦਾ ਲੋਕਾਂ, ਆਪਣੇ ਸੁਣਨ ਵਾਲਿਆਂ ਨਾਲ ਰਿਸ਼ਤਾ, ਉਹ ਸੰਸਥਾ ਹੈ, ਜੋ ਇਨ੍ਹਾਂ ਨੂੰ ਰਚਨਾ ਦੇ ਮੁਖਾਤਬ ਕਰਦੀ ਹੈ। ਬ੍ਰਾਹਮਣ ਮਤ ਵਿਚ ਨੀਚ ਜਾਤੀਆਂ ਨੂੰ ਮੰਦਰ ਜਾਣ ਦੀ ਇਜਾਜ਼ਤ ਨਹੀਂ ਸੀ। ਮੰਦਰ ਵਿਚ ਮਜ਼੍ਹਬੀ ਰਚਨਾ ਵੀ ਸੰਸਕ੍ਰਿਤ ਵਿਚ ਅਤੇ ਉਸ ਦਾ ਮਤਲਬ ਵੀ ਆਮ ਤੌਰ ਤੇ ਪੰਡਤ ਦੀ ਸਮਝ ਤਕ ਸੀਮਤ ਸੀ ਅਤੇ ਉਹ ਉਸ ਨੂੰ ਵਰਤਦਾ ਵੀ ਫ਼ੀਊਡਲ ਹਿਤੀ ਸੀ। ਗੁਰਬਾਣੀ ਦਾ ਸਰੋਤਿਆਂ ਨਾਲ ਰਿਸ਼ਤਾ ਸੰਗਤ ਦੀ ਸੰਸਥਾ ਵਿਚ ਮੂਰਤੀਮਾਨ ਸੀ, ਸੰਗਤ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ, ਅਤੇ ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਸੰਗਤ ਸਭ ਸਾਂਝੀ ਭਾਈ ਦੀ ਸੀ। ਗੁਰੂ ਦੇ ਘਰ ਸਭ ਇਕੋ ਜੇਹੇ ਸਨ। ਊਚ ਨੀਚ ਦਾ ਕੋਈ ਸਵਾਲ ਹੀ ਨਹੀਂ ਸੀ। ਜਿਸ ਨੂੰ ਪ੍ਰੇਮ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਬੈਠ ਸਕਦਾ ਸੀ, ਪਾਠ ਕਰ ਸਕਦਾ ਸੀ, ਰਾਗ ਜਾਣਦਾ ਹੋਵੇ, ਕੀਰਤਨ ਕਰ ਸਕਦਾ ਸੀ। ਪੰਡਤਾਂ ਵਾਂਗੂ ਗੁਰਬਾਣੀ ਦਾ ਵਿਆਖਿਆ-ਕਾਰ ਵੀ ਕੋਈ ਖਾਸ ਜਮਾਤੀ ਠੇਕੇਦਾਰ ਨਹੀਂ ਸੀ। ਜੇ ਪ੍ਰਕਾਸ਼ ਤੇ ਕੀਰਤਨ ਵਾਸਤੇ ਹਰੀਮੰਦਰ ਸੀ ਤਾਂ ਸੰਗਤ ਦੇ ਅਸ਼ਨਾਨ ਵਾਸਤੇ ਸਰੋਵਰ ਸੀ। ਪਰਸ਼ਾਦ ਛੱਕਣ ਵਾਸਤੇ ਗੁਰੂ ਕਾ ਲੰਗਰ ਸੀ। ਦਰਬਾਰ ਸਾਹਿਬ ਦੀ ਹਜ਼ੂਰੀ ਦਾ ਪ੍ਰਸ਼ਾਦ ਸੀ। ਸਿੱਖ ਬਰਾਦਰੀ ਵਿਚ ਸ਼ਾਮਲ ਹੋਣ ਵਾਸਤੇ ਇਕੋ ਬਾਟੇ ਤੋਂ ਅੰਮ੍ਰਿਤ ਸੀ। ਇਸ ਸਾਰੀ ਸਟੱਰਕਚਰ ਦਾ, ਵਰਣ ਅਧੀਨ ਹਿੰਦੂ ਸਮਾਜ ਵਿਚ ਊਚ, ਨੀਚ, ਵਿਰੋਧੀ, ਟੋਇਆਂ ਟਿੱਬਿਆਂ ਨੂੰ ਸਾਫ਼ ਕਰਨ ਵਾਲਾ ਜੁੱਸਾ ਸਪਸ਼ਟ ਸੀ। ਸਮਾਜ ਵਿਚੋਂ ਟੋਇਆਂ ਟਿੱਬਿਆਂ ਨੂੰ ਸਾਫ਼ ਕਰਨਾ ਸਮਾਜਕ ਰੋਲ ਸੀ, ਲੋਕ ਹਿਤੀ ਸੀ। ਕੋਈ ਜੰਮੇ ਕੋਈ ਮਰੇ, ਸ਼ਾਦੀ ਹੋਵੇ, ਭਾਵੇਂ ਗਮੀ, ਕੋਈ ਮੇਲਾ ਤਿਉਹਾਰ ਹੋਵੇ, ਕਿਸੇ ਮੁਹਿੰਮ ਤੇ ਜਾਣਾ ਹੋਵੇ, ਕੋਈ ਕੰਮ ਸ਼ੁਰੂ ਕਰਨਾ ਹੋਵੇ, ਕੀਰਤਨ ਗੁਰਬਾਣੀ ਦਾ ਸੀ। ਹੁਕਮ ਗੁਰਬਾਣੀ ਵਿਚ ਪੇਸ਼ ਰੱਬ ਦੇ ਸਵਾਸ ਸਵਾਸ ਚਿਤ ਲਿਆਉਣ ਦਾ ਸੀ। ਇਸ ਮਜ਼੍ਹਬੀ ਲਹਿਰ ਦੇ ਦਿੱਤੇ ਨਾਹਰੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਤੇ 'ਸਤਿ ਸ੍ਰੀ ਅਕਾਲ' ਇਸੇ ਰੁਖ ਦੀ ਪੁਸ਼ਟੀ ਕਰਦੇ ਸਨ। ਅਤੇ ਜਦੋਂ ਤਕ ਮਹੰਤ ਕੇ ਇਸ ਵਿਚ ਫ਼ੀਊਡਲ ਹਿਤ ਨਹੀਂ ਪਾਇਆ ਗਿਆ, ਇਸ ਦੀ ਧੁਨੀ ਫ਼ਾਤਮ ਹੈ

ਮਰਯਾਦਾ ਦੇ ਹੋਰ ਸਭ ਅੰਗ ਵੀ ਮਨ ਨੂੰ ਇਸੇ ਰਾਹ ਹੀ ਤੋਰਦੇ ਸਨ। ਗੁਰਬਾਣੀ ਦੇ ਜੁੱਸੇ ਦਾ ਵੱਡਾ ਸਬੂਤ ਸਿੱਖ ਲਹਿਰ ਦਾ ਸਤਾਰ੍ਹਵੀਂ, ਅਠਾਰ੍ਹਵੀਂ ਸਦੀ ਵਿਚ ਇਤਿਹਾਸਕ ਰੋਲ ਹੈ। ਗੁਰਬਾਣੀ ਬ੍ਰਹਮਣ ਮਤ ਵਿਰੋਧੀ ਉਠਦਾ ਮਜ਼੍ਹਬ ਸੀ। ਕਿਸੇ ਜਮਾਤ ਦਾ ਹਿਤ ਸੀ। ਉਸ ਹਿਤ ਦੀ ਵਿਚਾਰਧਾਰਾ ਸੀ। ਜੇ ਉਹ ਹਿਤ ਤੇ ਉਸ ਦੀ ਵਿਚਾਰਧਾਰਾ ਫ਼ੀਊਡਲ ਵਿਰੋਧੀ ਜੁੱਸੇ ਵਾਲੇ ਨਾ ਹੁੰਦੇ ਤਾਂ ਉਨ੍ਹਾਂ ਤੋਂ ਪੈਦਾ ਹੋਈ ਲਹਿਰ ਫ਼ੀਊਡਲ ਨੂੰ ਵੰਗਾਰ ਨਹੀਂ ਸੀ ਸਕਦੀ। ਸਮਾਜਵਾਦੀ ਸਾਇੰਸ ਦਾ ਲਭਿਆ ਹੋਇਆ ਸਮਾਜਕ ਵੇਗ ਦਾ ਬੁਨਿਆਦੀ ਕਾਨੂੰਨ ਹੈ ਕਿ ਚੇਤਨਤਾ ਸਮਾਜਕ ਪੈਦਾਵਾਰ ਹੈ। ਕੋਈ ਵਿਚਾਰਧਾਰਾ, ਕੋਈ ਖਿਆਲ, ਭਾਵੇਂ ਕਿੰਨਾ ਵੀ ਸੂਖਮ ਤੋਂ ਸੂਖਮ ਹੋਵੇ, ਕਿੰਨਾ ਹੀ ਆਰਥਕ ਭੋਂ ਤੋਂ ਦੂਰ, ਉਸ ਨਾਲ ਅਨਸਬੰਧਤ ਲੱਗੇ, ਉਸ ਦੀ ਆਰਥਕ ਸਮਾਜਕ ਭੋਂ ਹੁੰਦੀ ਹੈ, ਉਸ ਦਾ ਸਮਾਜਕ ਰੋਲ ਹੁੰਦਾ ਹੈ। ਜੇ ਪੰਜਾਬੀ ਦੇ ਆਲੋਚਕ ਗੁਰਬਾਣੀ ਦੇ ਬਹੁਤ ਸਾਰੇ ਹਿੱਸੇ, ਤੇ ਉਸ ਵਿਚ ਪੇਸ਼ ਚਿਤਰਾਂ, ਖਿਆਲਾਂ ਦੀ ਸਮਾਜਕ ਭੋਂ ਨਹੀਂ ਲਭ ਸਕਦੇ ਜਾਂ ਉਨ੍ਹਾਂ ਦਾ ਸਮਾਜਕ ਰੋਲ ਨਹੀਂ ਦਸ ਸਕਦੇ ਤਾਂ ਅਸਮਰਥਾ ਉਨ੍ਹਾਂ ਦੀ ਹੈ। ਉਨ੍ਹਾਂ ਦੀ ਸਮਝ ਤੋਂ ਬਾਹਿਰ ਹੋਣ ਦਾ ਮਤਲਬ ਇਹ ਨਹੀਂ ਕਿ ਗੁਰਬਾਣੀ ਦੇ ਉਸ ਹਿੱਸੇ ਦੀ ਸਮਾਜਕ ਭੋਂ ਨਹੀਂ ਜਾਂ ਉਸ ਦਾ ਸਮਾਜਕ ਰੋਲ ਨਹੀਂ।

ਸਮਾਜਕ ਵੇਗ ਦਾ ਜੁੱਸਾ ਕਈਆਂ ਥਾਵਾਂ ਤੋਂ ਵੇਖਿਆ, ਸਮਝਿਆ ਜਾ ਸਕਦਾ ਹੈ। ਵੱਖ ਵੱਖ ਮਜ਼ਮੂਨਾਂ ਦੇ ਮਾਹਿਰ, ਵੱਖ ਵੱਖ ਥਾਵਾਂ ਤੋਂ ਵੱਖ ਵੱਖ ਤਰੀਕਿਆਂ ਨਾਲ ਇਸ ਨੂੰ ਸਮਝਦੇ ਹਨ। ਕਿਸੇ ਵੇਲੇ ਦੇ ਸਮਾਜ ਦੀ ਤਸ਼ਖੀਸ ਉਸ ਵੇਲੇ ਪੈਦਾਵਾਰੀ ਦੀਆਂ ਸ਼ਕਤੀਆਂ ਦੀ ਉਸਾਰੀ ਦੀ ਪੱਧਰ ਤੋਂ ਲਾਈ ਜਾ ਸਕਦੀ ਹੈ। ਆਰਥਕਤਾ ਦੇ ਮਾਹਿਰ ਸਮਾਜ ਦੇ ਆਰਥਕ ਰਿਸ਼ਤਿਆਂ, ਉਸ ਦੀ ਪੈਦਾਵਾਰੀ, ਪੈਦਾਵਾਰੀ ਦੇ ਢੰਗ, ਪੈਦਾਵਾਰੀ ਦੀ ਵੰਡ ਤੋਂ ਉਸ ਦੀ ਸਭਿਅਤਾ ਦਾ ਅੰਦਾਜ਼ਾ ਲਗਾਉਂਦੇ ਹਨ, ਸਿਆਸਤਦਾਨ ਉਸ ਦੇ ਆਰਥਕ ਪ੍ਰਸੰਗ ਵਿਚ ਉਸ ਦੇ ਸਿਆਸੀ ਜੁੱਸੇ ਤੋਂ, ਤੇ ਇਸ ਤਰ੍ਹਾਂ ਹੀ ਕਾਨੂੰਨ, ਮਜ਼੍ਹਬ, ਫਿਲਾਸਫੀ, ਸਾਹਿਤ, ਕਲਾ, ਸਦਾਚਾਰ ਵਾਲਿਆਂ ਦਾ ਆਪੋ ਆਪਣਾ ਤਰੀਕਾ ਹੁੰਦਾ ਹੈ। ਚੂੰਕਿ ਸਮਾਜਕ ਵੇਗ ਪੈਦਾਵਾਰੀ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਆਰਥਕ ਰਿਸ਼ਤਿਆਂ ਦੀ ਨੀਂਹ ਤੋਂ ਲਗ ਕੇ, ਮਨੁੱਖੀ ਰਿਸ਼ਤਿਆਂ ਤੇ ਉਸਾਰੀ ਦੇ ਹਰ ਰੂਪ ਉਸ ਦੇ ਸੂਖਮ ਤੋਂ ਸੂਖਮ ਹਿੱਸੇ, ਹਰ ਸੰਸਥਾ ਤਕ ਇਕੋ ਲੜੀ ਵਿਚ ਹੀ ਪਰੋਈ ਹੁੰਦੀ ਹੈ, ਇਸ ਵਾਸਤੇ ਸਹੀ ਵੇਖਿਆ ਜਾਵੇ ਸਹੀ, ਕਿਤਿਉਂ ਵੇਖਿਆ ਜਾਵੇ, ਸੱਚ ਦਿਸ ਹੀ ਪੈਂਦਾ ਹੈ। ਸਮਾਜਵਾਦੀ ਸਾਇੰਸ ਸਾਰੇ ਸਮਾਜਕ ਵੇਗ ਦੀ ਟੋਟੈਲਿਟੀ ਨੂੰ ਇਕ ਇਕਾਈ ਕਰਕੇ ਹੀ ਵੇਖਦੀ ਹੈ ਅਤੇ ਇਸ ਦੇ ਹਰ ਹਿੱਸੇ, ਹਰ ਪੱਧਰ ਨੂੰ ਇਕ ਦੂਸਰੇ ਨਾਲ ਸਬੰਧਤ ਇਕ ਦੂਸਰੇ ਨੂੰ ਅਸਰਾਂ ਦੇ ਵੇਲੇ ਦੀ ਸਮਾਜਕ ਤੋਰ ਦਾ ਹਿੱਸਾ ਕਰਕੇ ਹੀ ਵੇਖਦੀ ਹੈ। ਇਸ ਵਾਸਤੇ ਇਹ ਸਾਇੰਸ ਹਰ ਮਜ਼ਮੂਨ ਦੇ ਮਾਹਿਰ ਨੂੰ ਸਮਾਜਕ ਵੇਗ ਸਮਝਣ ਵਿਚ ਸਹਾਈ ਹੋ ਸਕਦੀ ਹੈ। ਸਾਹਿਤ ਤੇ ਕਲਾ ਸਮਾਜਕ ਵੇਗ ਨੂੰ ਮਨੁਖੀ ਸ਼ਖਸੀਅਤ, ਉਸ ਦੇ ਮਨੋਰਥਾਂ, ਜਜ਼ਬਿਆਂ, ਹਾਲਾਤ ਦੇ ਪ੍ਰਸੰਗ ਵਿਚ ਮਨੁਖੀ ਰਿਸ਼ਤਿਆਂ ਦਾ ਮੁਤਾਲਿਆ ਕਰਦੀਆਂ ਹਨ। ਆਲੋਚਕ, ਉਨ੍ਹਾਂ ਪੇਸ਼ ਜਜ਼ਬਿਆਂ ਤੋਂ ਸਮਾਜਕ ਕਲਚਰ, ਸਭਿਅਤਾ ਦੇ ਸੁਭਾ ਤੇ ਵੱਖ ਵੱਖ ਜਮਾਤਾਂ ਤੇ ਉਨ੍ਹਾਂ ਦੇ ਆਪਸ ਵਿਚ ਰਿਸ਼ਤਿਆਂ ਦੀ ਤਸ਼ਖੀਸ ਕਰਦਾ ਹੈ। ਮਜ਼੍ਹਬ ਰੱਬ ਦੇ ਚਿਤਰ ਰਾਹੀਂ, ਉਸ ਨਾਲ ਸਬੰਧਤ

ਇਤਿਹਾਸਕ ਮਨੁੱਖੀ ਮਨੋਰਥਾਂ ਤੇ ਸਮਾਜਕ ਕੀਮਤਾਂ ਦਾ ਨਿਖੇੜ ਕਰਦਾ ਹੈ। ਮਜ਼੍ਹਬ ਦੇ ਵਿਦਿਆਰਥੀ ਦਾ ਫਰਜ਼ ਹੈ ਕਿ ਇਨ੍ਹਾਂ ਵਿਰੋਧੀ ਕੀਮਤਾਂ ਮਨੋਰਥਾਂ ਦੇ ਨਖੇੜ, ਤੇ ਰੱਬ ਦੇ ਚਿਤਰ ਤੋਂ ਉਹ ਉਸ ਵੇਲੇ ਦੇ ਸਮਾਜ ਦੀ ਜਮਾਤੀ ਜਦੋ-ਜਹਿਦ, ਵਿਰੋਧੀ ਜਮਾਤਾਂ ਦੇ ਪੈਂਤੜਿਆਂ, ਹਿਤਾਂ ਦੀ ਵਿਆਖਿਆ ਕਰੇ। ਮਜ਼੍ਹਬ ਨੂੰ ਜਿਸ ਜਮਾਤੀ ਹਿਤ ਦੀ ਉਹ ਵਿਚਾਰਧਾਰਾ ਹੈ, ਉਸ ਦੇ ਰੂਪ ਵਿਚ ਪੇਸ਼ ਕਰੇ। ਇਸ ਤਰ੍ਹਾਂ ਵੇਖਿਆਂ ਸਾਰੀ ਗੁਰਬਾਣੀ ਦੀ ਸਮਾਜਕ ਭੋਂ ਉਸ ਦਾ ਸਮਾਜਕ ਰੋਲ ਸਪਸ਼ਟ ਹੋ ਜਾਂਦਾ ਹੈ।

ਹੋਰ ਮਹਾਨ ਮਜ਼੍ਹਬੀ ਗ੍ਰੰਥਾਂ ਵਾਂਗ ਗੁਰਬਾਣੀ ਵੀ ਰੱਬ ਦੇ ਪਾਉਣ ਨੂੰ ਸਮਾਜਕ ਕੀਮਤਾਂ ਦੇ ਇਕ ਖਾਸ ਪੈਟਰਨ ਦੀ ਪ੍ਰਾਪਤੀ ਤੇ ਨਿਰਭਰ ਕਰਦੀ ਹੈ। ਰੱਬ ਨੂੰ ਪਾਉਣਾ ਰੱਬ ਦੀ ਮੇਹਰ ਤੇ ਮੁਨਹਸਰ ਹੈ। ਪਰ ਉਹ ਮੇਹਰ ਨਹੀਂ ਹੋ ਸਕਦੀ, ਜਿੰਨਾ ਚਿਰ ਉਹ ਸਮਾਜਕ ਕਦਰਾਂ ਪ੍ਰਾਪਤ ਨਾ ਹੋ ਜਾਣ ਅਤੇ ਉਨ੍ਹਾਂ ਦੇ ਵਿਰੋਧੀਆਂ ਦੀ ਮੈਲ ਮਨ ਵਿਚੋਂ ਨਾ ਨਿਕਲ ਜਾਵੇ। ਗੁਰਬਾਣੀ ਦੇ ਮੁਤਾਬਕ ਚੰਗੇ ਮਾੜੇ ਦੀ ਤਮੀਜ਼, ਹੱਕ ਹਲਾਲ ਦਾ ਨਖੇੜ ਬੁਨਿਆਦੀ ਚੀਜ਼ ਹੈ। ਰੱਬ ਨੂੰ ਪਾਉਣਾ ਮੂੰਹ ਜ਼ਬਾਨੀ ਕੀਤੀਆਂ ਗੱਲਾਂ ਦਾ ਮਸਲਾ ਨਹੀਂ, ਅਮਲੀ ਤੌਰ ਤੇ ਕੀਤੀ ਕਰਣੀ ਦਾ ਸਵਾਲ ਹੈ। ਚੰਗੇ ਮਾੜੇ, ਹੱਕ ਹਲਾਲ ਦਾ ਮਤਲਬ, ਸਮਾਜ ਨਾਲ ਅਣਸੰਬੰਧਤ ਕੋਈ ਹਵਾਈ ਗੱਲਾਂ ਨਹੀਂ। ਹੱਕ ਹਲਾਲ ਦਾ ਨਖੇੜ ਜ਼ਿੰਦਗੀ ਦੇ ਵਸੀਲਿਆਂ ਦਾ ਮਸਲਾ ਹੈ, ਉਨ੍ਹਾਂ ਦੇ ਪ੍ਰਸੰਗ ਵਿਚ ਹੈ।

ਹਕੁ ਪਰਾਇਆ ਨਾਨਕਾ
ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ
ਹੋਇ ਹਲਾਲ ਨ ਜਾਇ ॥
ਨਾਨਕ ਗਲੀ ਕੂੜੀਈ
ਕੂੜੋ ਪਲੈ ਪਾਇ ॥

ਮਨੋਰਥ ਰੱਬ ਨੂੰ ਪਾਉਣ ਦਾ, ਬਹਿਸ਼ਤ ਜਾਣ ਦਾ ਹੈ, ਗੁਰੂ ਸਾਹਿਬ ਕਹਿੰਦੇ ਹਨ ਕਿ ਬਹਿਸ਼ਤ ਗੱਲਾਂ ਨਾਲ ਹੀ ਨਹੀਂ ਜਾਇਆ ਜਾ ਸਕਦਾ। ਖਲਾਸੀ ਤਾਂ ਛੁਟਦੀ ਹੈ ਜੇ ਸੱਚ ਅਮਲੀ ਤੌਰ ਤੇ ਕਮਾਇਆ ਜਾਵੇ। ਅਮਲੀ ਤੌਰ ਤੇ ਸੱਚ ਕਮਾਉਣਾ ਕੀ ਹੈ ? ਆਪਣੇ ਹਕ ਉੱਤੇ ਸਾਬਰ ਰਹਿਣਾ। ਪਰਾਇਆ ਹੱਕ ਖੋਹਣਾ ਰੱਬ ਦੀਆਂ ਅੱਖਾਂ ਵਿਚ ਐਨਾ ਹੀ ਵਰਜਤ ਹੈ, ਜਿੰਨਾ ਮੁਸਲਮਾਨਾਂ ਵਾਸਤੇ ਸੂਰ ਅਤੇ ਹਿੰਦੂਆਂ ਵਾਸਤੇ ਗਾਂ। ਗੁਰੂ ਸਾਹਿਬ ਕਹਿੰਦੇ ਹਨ ਕਿ ਰੱਬ ਦੀ ਹਜ਼ੂਰੀ ਵਿਚ ਪ੍ਰਵਾਨਗੀ ਵਾਸਤੇ ਗੁਰੂ ਪੀਰ ਤਾਂ ਹਾਮੀ ਭਰਦਾ ਹੈ ਜੇ ਮਨੁੱਖ ਮੁਰਦਾਰ ਖਾਣਾ ਤਿਆਗੇ। ਮੁਰਦਾਰ ਬਿੰਬ ਹੈ ਅਤੇ ਬਹੁਤ ਪ੍ਰਗਟਾਊ ਬਿੰਬ। ਇਸ ਦਾ ਮਤਲਬ ਹਰਾਮ ਹੈ। ਪਰ

ਇਹ ਬਿੰਬ ਐਸਾ ਹੈ, ਜਿਸ ਤੋਂ ਹਰਾਮ ਦਾ ਨਖੇੜ ਜ਼ਾਹਿਰ ਹੈ। ਮੁਰਦਾਰ ਬਿੰਬ ਦਾ ਮਤਲਬ ਕਿਸੇ ਦਾ ਜੀਵਣ ਆਧਾਰ ਕਿਸੇ ਦੀ ਬੁਰਕੀ ਹੈ। ਇਸ ਦਾ ਮਤਲਬ 'ਲੋਭ ਰਤ' ਹੈ। ਗੁਰੂ ਸਾਹਿਬ ਦੇ ਮੁਤਾਬਕ ਦੀ ਪ੍ਰਵਾਨਗੀ ਵਾਸਤੇ ਜ਼ਿੰਦਗੀ ਦੇ ਵਸੀਲਿਆਂ ਦਾ ਹੱਕੋ ਹਕ ਹੋਣਾ ਬੁਨਿਆਦੀ ਗਲ ਹੈ। ਹਕ ਮਨੁੱਖੀ ਲੋੜ ਦੇ ਮੁਤਾਬਕ, ਉਸ ਦੇ ਪ੍ਰਸੰਗ ਵਿਚ ਹੈ।

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥
ਮੁਰਦਾਰ ਖਾਣ ਦਾ ਮਤਲਬ ਸਾਫ ਹੈ
ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ
ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ
ਝੂਠੇ ਅਮਲ ਕਰੇਹੁ ॥

ਰੱਬ ਦੇ ਦਰਵਾਜ਼ੇ ਤਾਂ ਹੀ ਜਾ ਸਕੀਦਾ ਹੈ ਜੇ ਚਿਤ ਨਿਰਮਲ ਹੋਵੇ। ਪਹਿਲੀ ਚੀਜ਼ ਜੋ ਮਨ ਨੂੰ ਮੈਲਾ ਕਰਦੀ ਹੈ, ਰੱਬ ਦੇ ਵਿਰੋਧੀ ਬਣਾਉਂਦੀ ਹੈ, ਉਸ ਵਾਸਤੇ ਨਫ਼ਿਟ ਕਰਦੀ ਹੈ, ਉਹ ਹੈ ਮਾਣਸਾਂ ਦੀ ਪੀਤੀ ਹੋਈ ਰਤ। ਜੇ ਮਾਣਸਾਂ ਦੀ ਰਤ, ਮਰਦਾਰ ਦੀ ਰਿਜ਼ਮ ਹੈ, ਤਾਂ :

ਮਾਰਣ ਪਾਹਿ ਹਰਾਮ ਮਹਿ
ਹੋਇ ਹਲਾਲੁ ਨ ਜਾਇ ॥

ਰੱਬ ਦਾ ਨਾਂ ਲੈਣ ਵਾਸਤੇ ਹਿਰਦਾ ਪਵਿਤਰ ਚਾਹੀਦਾ ਹੈ, ਮਾਣਸਾਂ ਦੀ ਰਤ ਦੀ ਪਲੀਤੀ ਛਾਹੁਣੀ ਪਹਿਲਾ ਕਦਮ ਹੈ।

ਹਰ ਮਜ਼ਹਬ ਭਾਵੇਂ, ਉਹ ਹਾਕਮ ਜਮਾਤਾਂ ਦਾ ਹੋਵੇ, ਭਾਵੇਂ ਉਨ੍ਹਾਂ ਦੇ ਖਿਲਾਫ਼ ਬਗਾਵਤੀਆਂ ਦਾ, ਹੱਕ ਹਲਾਲ ਦੀ ਗੱਲ ਕਰਦਾ ਹੈ। ਸਵਾਲ ਹਮੇਸ਼ਾਂ ਇਹ ਹੁੰਦਾ ਹੈ ਕਿ ਉਹ ਹਕ ਕਿਸ ਨੂੰ ਆਖਦਾ ਹੈ ਅਤੇ ਹਲਾਲ ਕਿਸ ਨੂੰ ਕਰਾਰ ਦੇਂਦਾ ਹੈ। ਹਾਕਮ ਜਮਾਤਾਂ ਦਾ ਮਜ਼ਹਬ ਕੋਈ ਵੀ ਹੋਵੇ, ਭਾਵੇਂ ਉਨ੍ਹਾਂ ਦਾ ਆਪਣਾ ਪੈਦਾ ਕੀਤਾ ਹੋਵੇ, ਜਾਂ ਉਨ੍ਹਾਂ ਨੇ ਕਿਸੇ ਮਹਾਨ ਮਜ਼ਹਬ, ਉਸ ਦੀਆਂ ਸੰਸਥਾਵਾਂ ਵਿਚ ਆਪਣਾ ਹਿਤ ਪਾਇਆ ਹੋਵੇ, ਉਹ ਆਮ ਤੌਰ ਤੇ 'ਹੱਕ ਦੀ ਲਕੀਰ ਆਪ ਨਹੀਂ ਪਾਉਂਦਾ। ਜੋ ਹਾਕਮ ਜਮਾਤਾਂ ਦੀ ਸਟੇਟ ਕਰਦੀ ਹੈ, ਉਸ ਦਾ ਰੇਸ਼ਨੇਲ ਬਣਾਉਂਦਾ ਹੈ। ਜਿਥੇ ਉਹ ਕਾਨੂੰਨੀ ਮਲਕੀਅਤ ਦੀ ਲਕੀਰ ਪਾ ਦੇਂਦਾ ਹੈ, ਉਹ ਉਨ੍ਹਾਂ ਦੇ ਮਜ਼ਹਬ ਵਾਸਤੇ ਹੱਕ ਹਲਾਲ ਦੀ ਲਕੀਰ ਹੋ ਜਾਂਦੀ ਹੈ। ਜੋ ਸਟੇਟ ਦੇ ਅਧੀਨ ਬਣੇ ਕਾਨੂੰਨ ਦੇ ਮੁਤਾਬਕ ਕਿਸੇ ਦੀ ਮਲਕੀਅਤ ਹੈ, ਉਹ ਉਸ ਦਾ ਹੱਕ ਹੈ। ਜੋ ਉਸ ਵਲ ਮੈਲੀ ਨਜ਼ਰ ਉਠਾ ਕੇ ਵੇਖਦਾ ਹੈ, ਉਹ ਹਰਾਮ ਵ ਦ ਜਾ

ਰਿਹਾ ਹੈ, ਇਸ ਵਾਸਤੇ ਉਸ ਮਜ਼੍ਹਬ ਦੇ ਰੱਬ ਦੀਆਂ ਅੱਖਾਂ ਵਿਚ ਗੁਨਾਹੀ ਹੈ। ਦੂਸਰੇ ਲਫਜ਼ਾਂ ਵਿਚ ਜੋ ਹਾਕਮ ਜਮਾਤਾਂ ਦੇ ਬਣਾਏ ਆਪਣੀ ਹਿੱਤੀ ਕਾਨੂੰਨ ਦੀਆਂ ਅੱਖਾਂ ਵਿਚ ਗੁਨਾਹੀ ਹੈ, ਉਹ ਉਨ੍ਹਾਂ ਦੇ ਮਜ਼੍ਹਬ ਦੀਆਂ ਅੱਖਾਂ ਵਿਚ ਵੀ ਗੁਨਾਹੀ ਹੈ। ਸੋ ਉਨ੍ਹਾਂ ਦਾ ਮਜ਼੍ਹਬ ਸਹੀ ਅਰਥਾਂ ਵਿਚ ਉਨ੍ਹਾਂ ਦੇ ਕਾਨੂੰਨ ਰਾਹੀਂ ਪ੍ਰਗਟ ਹੋ ਰਹੇ ਹਿਤ ਦਾ ਰਾਖਾ ਹੈ। ਰਾਜ ਮਲਕੀਅਤ ਵਿਚ ਤਬਦੀਲੀ ਕਰ ਦੇਵੇ, ਉਸ ਮਜ਼੍ਹਬ ਦੇ ਮੁਤਾਬਕ ਹਕ ਹਲਾਲ ਦੀ ਲਕੀਰ ਵਿਚ ਵੀ ਤਬਦੀਲੀ ਹੋ ਜਾਂਦੀ ਹੈ। ਉਨ੍ਹਾਂ ਦਾ ਮਜ਼੍ਹਬ ਪਈ ਲਕੀਰ ਦਾ ਪ੍ਰਚਾਰ ਕਰਦਾ ਹੈ। ਉਸ ਉੱਤੇ ਰੱਬ ਦੀ ਮੋਹਰ ਲਾਉਂਦਾ ਹੈ। ਰੱਬ ਦੇ ਸਾਰੇ ਅਮਲੇ ਫੈਲੇ, ਬਹਿਸ਼ਤ ਦੋਜ਼ਖ ਆਦਿ ਦੇ ਲਾਲਚ, ਡਰ, ਪ੍ਰਚਾਰ ਨਾਲ ਉਸ ਪਾਈ ਲਕੀਰ ਦੇ ਲੋਕਾਂ ਨੂੰ ਅੰਦਰ ਅੰਦਰ ਰਖਦਾ ਹੈ। ਲਕੀਰ ਭਾਵੇਂ ਕੋਈ ਵੀ ਪਾਵੇ, ਮਜ਼੍ਹਬ ਕਿਸ ਜਮਾਤ ਦਾ ਹਿਤ ਪੂਰਦਾ ਹੈ, ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਉਹ ਹਕ ਹਲਾਲ ਕਿਸਨੂੰ ਆਖਦਾ ਹੈ। ਉਸਦੀ ਪਈ ਲਕੀਰ ਮੁਤਾਬਕ ਜ਼ਿੰਦਗੀ ਵਸੀਲੇ ਕਿਸ ਕੋਲ ਜਾਂਦੇ ਹਨ, ਉਨ੍ਹਾਂ ਦੀ ਵੰਡ ਕਿਸ ਤਰ੍ਹਾਂ ਹੁੰਦੀ ਹੈ? ਹਰ ਮਜ਼੍ਹਬ ਵਾਂਗ, ਗੁਰਬਾਣੀ ਜਮਾਤੀ ਹਿਤ ਪ੍ਰਗਟ ਕਰਦੀ ਹੈ, ਉਸ ਹਿਤ ਦਾ ਰੈਸ਼ਨੇਲ ਹੈ, ਇਸ ਦਾ ਰੱਬ ਉਸ ਹਿਤ ਦੀਆਂ ਕੀਮਤਾਂ ਨਾਲ ਸਬੰਧਤ ਹੈ। ਰੱਬ ਦਾ ਮਿਲਣਾ ਉਨ੍ਹਾਂ ਕਦਰਾਂ, ਉਸ ਹਿਤ ਦੀ ਪੂਰਤੀ ਦੇ ਰਾਹ ਪੈਣ ਤੋਂ ਅਧਾਰਤ ਕਰਦੀ ਹੈ। ਰੱਬ ਦੀ ਪ੍ਰਾਪਤੀ, ਸੁਰਗ ਨਰਕ, ਮੌਤ, ਦੁਖ ਸੁਖ ਸਭ ਕੁਝ ਨੂੰ ਉਨ੍ਹਾਂ ਕਦਰਾਂ ਦੀ ਪ੍ਰਾਪਤੀ, ਉਸ ਹਿਤ ਦੇ ਅਧੀਨ ਤੋਰਨ ਵਾਸਤੇ ਵਸੀਲਾ ਬਣਾਉਂਦੀ ਹੈ। ਉਹ ਹਿਤ ਲੋਕਾਂ ਦਾ ਹੈ। ਇਸ ਵਾਸਤੇ ਇਨਸਾਨੀਅਤ ਹੈ, ਮਾਨਵਵਾਦ ਹੈ। ਗੁਰਬਾਣੀ ਹੱਕ ਹਲਾਲ ਦੀ ਲਕੀਰ ਆਪ ਪਾਉਂਦੀ ਹੈ, ਹਰ ਸ਼ਬਦ ਵਿਚ, ਹਰ ਥਾਂ ਪਾਉਂਦੀ ਹੈ। ਮਨੁੱਖੀ ਲੋੜ ਤੇ ਅਧਾਰਤ, ਉਸ ਦੇ ਅਧੀਨ ਪਾਉਂਦੀ ਹੈ। ਚੂੰਕਿ ਮਨੁੱਖੀ ਲੋੜ ਦੇ ਅਧੀਨ ਪਾਉਂਦੀ ਹੈ, ਮਾਨਵ ਦਾ ਹਿਤ ਸਾਮ੍ਹਣੇ ਰਖਦੀ ਹੈ ਇਸ ਵਾਸਤੇ ਮਾਨਵਵਾਦੀ ਹੈ। ਫ਼ੀਊਡਲ ਦੀ ਸਟੇਟ, ਉਸ ਦੇ ਕਾਨੂੰਨ, ਉਸ ਦੀ ਮਲਕੀਅਤ ਦੇ ਵਿਰੁਧ ਪਾਉਂਦੀ ਹੈ ਇਸ ਵਾਸਤੇ ਉਸ ਦੇ ਵਿਰੁਧ ਇਨਕਲਾਬੀ ਹੈ। ਇਸ ਦੇ ਹੱਕ ਹਲਾਲ ਦੀ ਪਾਈ ਲਕੀਰ, 'ਜੇ ਰਤ ਪੀਵੈ ਮਾਣਸਾ', 'ਮੁਰਦਾਰ' ਤੇ 'ਲੋਭ ਰਤ' ਦੇ ਚਿਤਰਾਂ ਤੋਂ ਸਪਸ਼ਟ ਹੈ। ਜਦੋਂ ਇਕ ਮਨੁੱਖ, ਇਕ ਜਮਾਤ ਦੀ ਬੁਰਕੀ ਖੁਸ ਕੇ ਦੂਸਰ ਦੇ ਮੂੰਹ ਪੈ ਗਈ, ਇਨਸਾਨੀਅਤ ਖਤਮ ਹੋਈ, ਮਾਨਵਵਾਦ ਦਾ ਪੈਂਤੜਾ ਅਲੋਪ ਹੋ ਗਿਆ। ਕਿਸੇ ਦੀ ਬੁਰਕੀ ਖੋਹ ਕੇ ਆਪਣੇ ਮੂੰਹ ਵਿਚ ਪਾਉਣੀ ਬੁਨਿਆਦੀ ਗੁਨਾਹ, ਬੁਨਿਆਦੀ ਔਗੁਣ ਹੈ ਅਤੇ ਲੋਭ ਬੁਨਿਆਦੀ ਬੁਰਾਈ ਹੈ। ਮਨੁੱਖੀ ਚਲਨ ਦੀਆਂ ਬਾਕੀ ਸਭ ਬੁਰਾਈਆਂ ਔਗੁਣ, ਗੁਨਾਹ, ਇਸ ਤੇ ਅਧਾਰਤ ਹਨ, ਇਸ ਕਰਕੇ ਹਨ। ਜੋ ਪੰਜਾਬੀ ਆਲੋਚਕ, ਸਿਵਾਏ ਚੰਦ ਸ਼ਬਦਾਂ ਦੇ, ਗੁਰਬਾਣੀ ਨੂੰ ਸਮਾਜਕ ਪ੍ਰਸੰਗ, ਤੇ ਜਮਾਤੀ ਜਦੋਜਹਿਦ ਤੋਂ ਅਣ-ਸਬੰਧਤ, ਨਿਰੀ ਰੂਹਾਨੀਅਤ ਹੀ ਸਮਝਦੇ ਹਨ, ਜਾਂ ਇਉਂ ਕਹੋ ਕਿ ਗੁਰਬਾਣੀ ਵਿਚ ਸਮਾਜਕ ਕਦਰਾਂ ਦਾ ਟਾਕਰਾ ਨਹੀਂ ਵੇਖਦੇ ਉਹ ਇਸ ਦੀ ਪਾਈ ਹਕ ਹਲਾਲ ਦੀ ਲਕੀਰ ਦੀ ਅਹਿਮੀਅਤ ਨਹੀਂ ਸਮਝੇ। ਨਾ ਹੀ ਇਨ੍ਹਾਂ ਆਲੋਚਕਾਂ ਨੇ ਇਸ ਦੇ, ਮਨੁੱਖ ਦੇ ਕਰਾਰ ਦਿਤੇ ਪੰਜ ਦੁਸ਼ਮਣਾਂ—ਕਾਮ, ਕਰੋਧ, ਲੋਭ, ਮੋਹ, ਹੰਕਾਰ-ਜਿਨ੍ਹਾਂ ਦੀ ਮੈਲ ਦੇ ਮਨ ਵਿਚ ਹੁੰਦਿਆਂ, ਰੱਬ ਮਿਲ ਹੀ ਨਹੀਂ ਸਕਦਾ, ਰਿਸ਼ਤੇ ਵਲ ਧਿਆਨ ਦਿੱਤਾ ਹੈ। ਜਾਪਦਾ ਹੈ ਕਿ ਨਾ ਹੀ ਆਲੋਚਕਾਂ, ਇਨ੍ਹਾਂ ਪੰਜਾਂ ਮਨੁੱਖੀ ਔਗੁਣਾਂ ਦੇ ਕਿਸੇ ਦੌਰ ਦੀ ਇਤਿਹਾਸਕ ਸ਼ਖਸੀਅਤ ਵਿਚ ਹੋਣ ਦੇ ਸਮਾਜਕ ਜਮਾਤੀ ਅਰਥ

ਪੜ੍ਹੇ ਹਨ, ਅਤੇ ਨਾ ਹੀ ਇਹ ਵੇਖਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਨੂੰ ਮਨੁੱਖੀ ਸ਼ਖਸੀਅਤ ਵਿਚ ਜਨਮ ਕਿਹੜੀ ਸਮਾਜਕ ਤੋਰ ਦੇਂਦੀ ਹੈ ? ਕਿਸ ਜਮਾਤ ਦੇ ਹਿੱਤ ਤੇ ਅਧਾਰਤ ਹਨ। ਮਨੁੱਖੀ ਸ਼ਖਸੀਅਤ ਵਿਚ ਪੈਦਾ ਹੋ ਕੇ ਇਹ ਕਿਸ ਜਮਾਤ ਦੇ ਹਿੱਤ ਦੀ ਪੁਸ਼ਟੀ ਕਰਦੇ ਹਨ ? ਦੂਸਰੇ ਲਫ਼ਜ਼ਾਂ ਵਿਚ, ਮਨੁੱਖੀ ਖਾਸੀਅਤਾਂ ਦੇ ਰੂਪ ਵਿਚ ਇਹ ਔਗੁਣ ਕਿਸ ਜਮਾਤ ਦਾ ਹਿੱਤ ਹਨ ? ਇਨ੍ਹਾਂ ਦੇ ਮਨੁੱਖੀ ਮਨ ਵਿਚੋਂ ਅਲੋਪ ਹੋਇਆਂ ਸਮਾਜ ਦੀ ਕੀ ਬਣਤਰ ਬਣਦੀ ਹੈ ? ਕਿਸ ਜਮਾਤ ਦਾ ਹਿਤ ਪੂਰਿਆ ਜਾਂਦਾ ਹੈ ? ਗੁਰਬਾਣੀ ਦਾ ਇਨ੍ਹਾਂ ਨੂੰ ਖੰਡਣ ਕਰਨਾ ਸਮਾਜਕ ਤੋਰ ਉੱਤੇ ਕਿਸ ਜਮਾਤ ਦਾ ਹਿੱਤ ਹੈ ਅਤੇ ਕਿਸ ਦੇ ਵਿਰੋਧੀ ? ਮਨੁੱਖ ਸ਼ਕਤੀ ਦਾ ਇਨ੍ਹਾਂ ਮਨੋਰਥਾਂ, ਜਜ਼ਬਿਆਂ ਦੇ ਰੂਪ ਵਿਚ ਆਉਣਾ ਕਿਸ ਜਮਾਤ ਦਾ ਜਨਮ, ਉਸਾਰੀ ਤੇ ਬਰਕਰਾਰੀ ਹੈ ਅਤੇ ਇਨ੍ਹਾਂ ਦਾ ਅਲੋਪ ਹੋਣਾ ਅਤੇ ਇਨ੍ਹਾਂ ਦੇ ਵਿਰੋਧੀਆਂ ਦਾ ਪੈਦਾ ਹੋਣਾ ਕਿਸ ਦੀ ?

ਮਹਲਾ ੧

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ ॥

ਔਗੁਣਾਂ ਦੇ ਉਲਟ ਗੁਣ ਹਨ। ਗੁਣ ਕਿਹੜੇ ਹਨ ? ਪਹਿਲਾਂ ਸੱਚ ਉਤੇ ਪਹਿਰਾ ਰਹਿਣਾ, ਦੂਸਰਾ ਆਪਣੇ ਹੱਕ ਉੱਤੇ ਸ਼ਾਕਰ, ਨਾ ਕਿ ਮਾਣਸਾਂ ਦੀ ਰੱਤ ਪੀਣਾ, ਤੀਸਰੇ ਰੱਬ ਕੋਲੋਂ ਹਰ ਇਕ ਦੀ ਖੈਰ ਮੰਗਣਾ, ਦੂਸਰੇ ਲਫਜ਼ਾਂ ਵਿਚ ਮਨੁਖ ਬਰਾਦਰੀ ਤੇ ਭਰੱਪਣ ਦੇ ਪੌਂਤੜੇ ਉੱਤੇ ਪਹੁੰਚਣਾ, ਚੌਥੇ ਮਨੋਂ ਨੀਅਤ ਦਾ ਸਾਫ ਤੇ ਰੱਬ ਦੇ ਰਾਸ ਹੋਣਾ, ਪੰਜਵੇਂ ਰੱਬ ਦੀ ਵਡਿਆਈ, ਸਿਫਤ ਕਰਨਾ। ਨੀਅਤ ਦੇ ਸਾਫ ਰੱਬ ਦੇ ਰਾਸ ਤੇ ਰੱਬ ਦੀ ਸਿਫਤ ਨਾਲ ਮਨੁੱਖ ਉਹ ਗੁਣ ਗ੍ਰਹਿਣ ਕਰਦਾ ਹੈ, ਜੋ ਰੱਬ ਨੂੰ ਪ੍ਰਵਾਨ, ਪਿਆਰੇ ਹੁੰਦੇ ਹਨ। ਕਲਮਾਂ ਕਰਣੀ ਦਾ ਪੜ੍ਹਨਾ ਹੈ; ਨਿਰੀ ਮੂੰਹ ਦੀ ਗੱਲ ਨਹੀਂ। ਦੂਸਰੇ ਲਫਜ਼ਾਂ ਵਿਚ ਅਮਲੀ ਤੋਰ ਤੇ ਪਵਿਤ੍ਰ; ਰੱਬ ਦੇ ਅਨੁਸਾਰ ਜੀਉਣ ਜੀਉਣਾ ਹੈ ਨਾ ਕਿ ਨਿਰਾ ਜ਼ਬਾਨੀ ਜਮ੍ਹਾਂ ਖਰਚ। ਵੇਖਣ ਵਾਲੀ ਗਲ ਇਹ ਹੈ ਕਿ ਰੱਬ ਦੇ ਰਾਸ ਹੋਣਾ ਜਾਂ ਵਿਰੋਧੀ ਤੋਰ ਤੇ ਮਨੁਖੀ ਗੁਣਾਂ ਦੀ ਗੱਲ ਹੈ। ਇਹ ਗੁਣ ਔਗੁਣ ਸਮਾਜਕ ਤੋਰ ਤੇ ਪ੍ਰਸੰਗ ਵਿਚ ਮਨੁਖ ਦਾ ਸਮਾਜਕ ਆਚਰਨ ਹਨ। ਸੋ ਰੱਬ ਨੂੰ ਪਾਉਣਾ, ਸਮਾਜਕ ਪ੍ਰਸੰਗ, ਇਕ ਖਾਸ ਸਮਾਜਕ ਰੋਲ ਤੇ ਮੁਨਹਸਰ ਹੈ।

ਸਲੋਕ ਮਹਲਾ ੧

ਮੁਸਲਮਾਨ ਕਹਾਵਣੁ ਮੁਸਕਲੁ ਜਾ ਹੋਇ
ਤਾ ਮੁਸਲਮਾਣੁ ਕਹਾਵੈ ॥

ਅਵਲਿ ਅਉਲਿ ਦੀਨੁ ਕਰਿ
ਮਿਠਾ ਮਸਕਲ ਮਾਨਾ ਮਾਲੁ ਮਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ
ਮਰਣ, ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ
ਹੋਇ ਤ ਮੁਸਲਮਾਣੁ ਕਹਾਵੈ ॥

ਮੁਸਲਮਾਨ ਕਹਾਉਣਾ ਸੌਖਾ ਨਹੀਂ । ਆਪਾ ਗਵਾਵੇ, ਔਲੀਆਂ, ਫਕੀਰਾਂ ਦਾ ਦੀਨ ਦਸਿਆ ਰਾਹ ਮਿੱਠਾ ਕਰਕੇ ਮੰਨੇ । ਉਹ ਮੰਨਿਆ ਕਿਸ ਤਰ੍ਹਾਂ ਜਾਇਗਾ ? ਪਹਿਲਾਂ ਮਸਕਲੇ ਵਾਂਗ ਆਪਣਾ ਮਾਲ ਲੁਟਾਵੇ, ਇਸ ਤਰ੍ਹਾਂ ਲੁਟਾਵੇ ਜਿਸ ਤਰ੍ਹਾਂ ਮਸਕਲਾ ਖੁਰਚ ਕੇ ਜੰਗਾਲ ਲਾਹ ਦੇਂਦਾ ਹੈ । ਅੰਦਰੋਂ ਲੋਭ ਨੂੰ ਖਤਮ ਕਰੇ ਅਤੇ ਬਾਹਰੋਂ ਉਸ ਲੋਭ ਦੇ ਅਧੀਨ ਪੀਤੀ ਹੋਈ ਮਾਨਸਾਂ ਦੀ ਰੱਤ ਲੁਟਾ ਦੇਵੇ । ਅੰਦਰੋਂ ਬਾਹਰੋਂ ਅਮਲੀ ਤੌਰ ਤੇ ਪਾਕ ਹੋਵੇ । ਪਾਕ ਹੋ ਕੇ ਮੁਹਾਣੇ ਦਾ ਦਸਿਆ ਦੀਨ ਰੱਬ ਦੀ ਰਜ਼ਾ ਮੰਨੇ । ਇਸ ਦਾ ਨਤੀਜਾ ਕੀ ਹੋਵੇਗਾ ? 'ਸਰਬ ਜੀਆਂ ਮਹਰੰਮਤ' ਆਪਾ ਛੱਡ ਅਮਲੀ ਤੌਰ ਤੇ ਅੰਦਰੋਂ ਬਾਹਰੋਂ ਪਾਕ ਹੋ ਕੇ 'ਸਰਬ ਜੀਆਂ ਮਹਰੰਮਤ' ਦੀ ਸਟੇਜ ਤੇ ਪਹੁੰਚੇ ਤਾਂ ਮੁਸਲਮਾਨ ਕਹਾਉਣ ਦਾ ਹੱਕਦਾਰ ਹੁੰਦਾ ਹੈ । 'ਸਰਬ ਜੀਆ ਮਹਰੰਮਤ' ਲੋਕ ਤੇ ਉਸਾਰੀ ਜਮਾਤ ਦੇ ਵਿਰੋਧੀ ਪੈਂਤੜਾ ਹੈ । ਗੱਲ ਫੇਰ ਜ਼ਿੰਦਗੀ ਦੇ ਵਸੀਲਿਆਂ ਤੇ ਉਨ੍ਹਾਂ ਹਿੱਤਾਂ ਅੰਦਰ ਮਨੁੱਖੀ ਮਨੋਰਥਾਂ ਦੀ ਹੈ ।

ਮਹਲਾ ੪
ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ
ਤਜਿ ਮਾਇਆ ਅਹੰਕਾਰ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ
ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ
ਤਜਿ ਪਿਆਸ ਆਸੁ ਰਾਮ ਲਿਵ ਲਾਵੈ ॥

ਇਸ ਅੰਜਨ ਵਿਚ ਹੀ ਨਿਰੰਜਨੁ ਪਾਉਣ ਵਾਸਤੇ ਕੀ ਜ਼ਰੂਰੀ ਹੈ ? ਰੱਬ ਦੇ ਵਿਰੋਧੀ ਔਸ਼ਾਂ, ਔਗੁਣਾਂ ਦਾ ਤਿਆਗ ਲਾਜ਼ਮੀ ਹੈ । ਪਹਿਲਾ ਤਿਆਗ ਕਾਮ ਦਾ ਹੈ । ਕਾਮ ਕਾਮਿਨੀ ਨਾਲ ਪੂਰਾ ਹੁੰਦਾ ਹੈ, ਸੋ ਕਾਮ ਤੇ ਕਾਮ ਦੇ ਵਸੀਲੇ ਦੋਹਾ ਦਾ ਤਿਆਗ ਹੈ । ਦੂਸਰਾ ਤਿਆਗ ਕ੍ਰੋਧ, ਹੰਕਾਰ, ਮਾਨ ਅਭਿਮਾਨ ਦਾ ਹੈ । ਕ੍ਰੋਧ ਤੇ ਹੰਕਾਰ ਉਹ ਔਗੁਣ ਹਨ ਜੋ ਮਨੁੱਖੀ ਭਰਪੱਣ, ਰੱਬ ਦੀ ਔਲਾਦ ਵਿਚ ਵਿੱਥਾਂ ਪਾਉਂਦੇ ਹਨ । ਉਚ ਨੀਚ ਪੈਦਾ ਕਰਦੇ ਹਨ । ਇਕ ਦੂਸਰੇ ਦੇ ਵਿਰੋਧੀ ਬਣਾਉਂਦੇ ਹਨ ਇਹ ਹੀ ਰੋਲ ਤੇ ਨਿੰਦਿਆ ਦਾ ਹੈ । ਜਿਨ੍ਹਾਂ ਜ਼ਿੰਦਗੀ ਦੇ ਵਸੀਲਿਆਂ ਦੀ ਪਰਾਟੀਕਟ

ਮਲਕੀਅਤ ਨੂੰ ਮੁਰਦਾਰ, ਮਾਣਸ ਦੀ ਰਤ ਕਿਹਾ ਗਿਆ ਹੈ ਅਤੇ ਜਿਨ੍ਹਾਂ ਦੀ ਮਲਕੀਅਤ ਕਰਦੇ ਕਾਮ ਕ੍ਰੋਧ, ਲੋਭ, ਨਿੰਦਿਆ ਤੇ ਝੂਠ ਆਦਿ ਔਗੁਣ ਮਨੁੱਖੀ ਮਨ ਵਿਚ ਪੈਂਦੇ ਹਨ, ਅਤੇ ਉਨ੍ਹਾਂ ਨਾਲ ਸਬੰਧਤ, ਉਨ੍ਹਾਂ ਦੇ ਆਧਾਰਤ ਇਸਤਰੀ ਪੁੱਤਰ ਆਦਿ ਨਾਲ ਰਿਸ਼ਤੇ ਦੇ ਕੁਲ ਜੰਜਾਲ ਦਾ ਨਾਂ ਮਾਇਆ ਹੈ। ਉਸ ਦਾ ਤਿਆਗ ਜ਼ਰੂਰੀ ਹੈ। ਤਿਆਗ ਮਾਇਆ ਦਾ ਹੈ, ਸੰਸਾਰ ਦਾ ਨਹੀਂ। ਸੰਸਾਰ ਵਿਚ ਰਹਿੰਦਿਆ ਹੋਇਆਂ ਹੀ ਨਿਰੰਜਨ ਪਾਉਣਾ ਹੈ ਤੇ ਤਰਿਸ਼ਨਾ ਮਾਇਆ ਦੀ ਦੂਰ ਕਰਨੀ ਹੈ। ਲਿਵ ਰਾਮ ਦੀ ਲਾਉਣੀ ਹੈ, ਸੱਚਾ ਸ਼ਬਦ, ਹਰੀ ਦਾ ਨਾਮ ਮਨ ਵਿਚ ਵਸਾਉਣਾ ਹੈ। ਹਰੀ ਦਾ ਨਾਮ ਵਸਾਉਣ ਨਾਲ ਇਨ੍ਹਾਂ ਔਗੁਣਾਂ ਦੀ ਖਾਲੀ ਕੀਤੀ ਥਾਂ, ਮਨ ਵਿਚ ਹਰੀ ਸਬੰਧਤ ਗੁਣ ਪ੍ਰਵੇਸ਼ ਕਰਨਗੇ। ਸੋ ਸਵਾਲ ਜ਼ਿੰਦਗੀ ਜਾਂ ਮਨੁੱਖੀ ਰਿਸ਼ਤਿਆਂ ਜਾਂ ਜ਼ਿੰਦਗੀ ਦੇ ਹਾਰ ਦੇ ਤਰਕ ਕਰਨ ਦਾ ਨਹੀਂ, ਇਕ ਤਰਜ਼ੇ ਜ਼ਿੰਦਗੀ ਦੇ ਤਿਆਗਣ ਦਾ, ਦੂਸਰੀ ਦੇ ਅਪਨਾਉਣ ਦਾ ਹੈ। ਮਨੁੱਖਾਂ ਦੀ ਕਿਸਮ ਦਾ ਮਸਲਾ ਹੈ, ਅਤੇ ਇਹ ਸਭਿਅਤਾ ਕਲਚਰ, ਸਮਾਜਕ ਤੌਰ ਦੀ ਕਿਸਮ ਦਾ ਸੁਆਲ ਹੈ ਜਿੰਨਾ ਚਿਰ ਮਨੁੱਖ ਦੇ ਮਨ ਵਿਚ ਇਕ ਕਿਸਮ ਦੇ ਮਨੋਰਥ ਹਨ, ਜਿੰਨਾ ਚਿਰ ਉਹ ਮਨ ਵਿਚੋਂ ਨਿਕਲਣ ਨਾ, ਵਿਰੋਧੀ ਕਿਸਮ ਦੇ ਕਿਸ ਤਰ੍ਹਾਂ ਪ੍ਰਵੇਸ਼ ਕਰ ਸਕਦੇ ਹਨ। ਗੁਣ ਤਾਂ ਹੀ ਪ੍ਰਵੇਸ਼ ਕਰਨਗੇ ਜੇ ਔਗੁਣ ਨਿਕਲਣ।

ਸਿਰੀ ਰਾਗੁ ਮਹਲਾ ੧

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰੁ ॥
ਪਰਨਿੰਦਾ ਪਰਮਲੁ ਮੁਖਿ ਸੁਧੀ
ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ
ਏ ਕਰਮ ਮੇਰੇ ਕਰਤਾਰ ॥
ਬਾਬਾ ਬੋਲੀਐ ਪਤਿ ਹੋਇ
ਊਤਮ ਸੇ ਦਰਿ ਊਤਮ ਕਹੀਅਹਿ
ਨੀਚ ਕਰਮ ਬਹਿ ਰੋਇ ॥੧॥ਰਹਾਉ॥
ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ
ਕੈ ਘਟਿ ਨਾਮ ਨਿਵਾਸੁ ॥

ਗੁਰਬਾਣੀ ਦਾ ਮਨੋਰਥ ਮਨੁੱਖਾਂ ਦੀ ਕਿਸਮ ਬਦਲਣ ਦਾ ਹੈ। ਜ਼ਾਹਿਰ ਹੈ ਕਿ ਇਹ ਇਸ ਜ਼ਿੰਦਗੀ ਸਮਾਜਕ ਜ਼ਿੰਦਗੀ ਨਾਲ ਸਬੰਧਤ ਹੈ। ਇਸ ਤਬਦੀਲੀ ਕਰਨ ਦਾ ਸਮਾਜ ਵਿਚ ਬੁਨਿਆਦੀ ਰੋਲ ਹੈ, ਜਮਾਤੀ ਰੋਲ ਹੈ। ਮਨੁੱਖਾਂ ਦੀ ਕਿਸਮ ਮਨੁੱਖੀ ਮਨੋਰਥਾਂ ਦੇ ਬਦਲਣ ਨਾਲ

ਹੀ ਬਦਲੀ ਜਾ ਸਕਦੀ ਹੈ। ਮਨੋਰਥਾਂ, ਜਜ਼ਬਿਆਂ ਦੀ ਤਬਦੀਲੀ ਸਮਾਜਕ ਰਿਸ਼ਤਿਆਂ, ਸਮਾਜਕ ਤੌਰ ਉਤੇ ਨਿਰਭਰ ਹੁੰਦੀ ਹੈ। ਇਕ ਦੀ ਤਬਦੀਲੀ ਦੂਸਰੇ ਦੀ ਤਬਦੀਲੀ ਬਗ਼ੈਰ ਹੋ ਨਹੀਂ ਸਕਦੀ। ਖਾਸ ਸਮਾਜਕ ਤੌਰ ਕਿਸੇ ਖਾਸ ਜਮਾਤ ਦੀ ਸਟੇਟ, ਪੈਦਾਵਾਰੀ ਦੀਆਂ ਸ਼ਕਤੀਆਂ ਉੱਤੇ, ਉਸ ਦੀ ਮਲਕੀਤ ਤੇ ਮੁਨਹਸਰ ਹੁੰਦੀ ਹੈ, ਸੋ ਮਨੁੱਖ ਦੀ ਕਿਸਮ ਤਬਦੀਲ ਕਰਨ ਦਾ ਮਸਲਾ, ਸਾਰੀ ਸਮਾਜਕ ਬਣਤਰ ਬਦਲਣ, ਕਾਬਜ਼ ਜਮਾਤ ਨੂੰ ਉਲੱਦ, ਦੂਸਰ ਦੇ ਅਸਥਾਪਨ ਕਰਨ, ਸਮਾਜਕ ਇਨਕਲਾਬ ਦਾ ਸਵਾਲ ਹੈ। ਪ੍ਰਚਲਤ ਨੂੰ ਖੰਡਣ ਕਿਸ ਪੈਂਤੜੇ ਤੋਂ ਕਰ ਸਕੀਦਾ ਹੈ। ਪੈਂਤੜਾ ਉਸ ਜਮਾਤ ਦਾ ਜੋ ਕਾਬਜ਼ ਨੂੰ ਢਾਹ ਕੇ ਪੈਦਾਵਾਰੀ ਦੀਆਂ ਸ਼ਕਤੀਆਂ, ਸਮਾਜਕ ਤੌਰ ਤੇ ਵਾਗ ਡੋਰ, ਆਪਣੇ ਹੱਥ ਵਿਚ ਲੈ ਸਕਦੀ ਹੈ, ਸਮਾਜਕ ਬਣਤਰ ਨੂੰ ਆਪਣੇ ਹਿਤ ਅਨੁਸਾਰ ਢਾਲ ਸਕਦੀ ਹੈ। ਢਾਹੁਣ ਵਾਲੀ ਜਮਾਤ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਜ਼ ਦੀ ਸਾਰੀ ਤਰਜ਼ ਜ਼ਿੰਦਗੀ ਉਸ ਦੇ ਆਚਰਨ ਨੂੰ ਗੈਰ ਸਦਾਚਾਰਕ ਕਰਾਰ ਦੇਵੇ। ਗੁਰਬਾਣੀ ਪ੍ਰਚਲਤ ਕਿਸਮ ਦੀ ਮਨੁੱਖੀ ਬਣਤਰ ਨੂੰ ਸਦਾਚਾਰਕ ਹਥੌੜੇ ਮਾਰ ਮਾਰ ਤੋੜਦੀ ਹੈ। ਲਾਲਚ, ਜਿਸ ਤੇ ਉਸ ਦੀ ਜ਼ਿੰਦਗੀ ਨਿਰਭਰ ਹੈ, ਜਿਸ ਦੇ ਆਸਰੇ ਉਹ ਲੋਕਾਂ ਦੀ ਬੁਰਕੀ ਖੋਹ ਕੇ ਆਪਣੇ ਮੂੰਹ ਵਿਚ ਪਾਉਂਦਾ ਹੈ ਉਹ ਕੁੱਤਾ ਹੈ। ਕੂੜ ਦਾ ਪਸਾਰਾ ਜੋ ਇਸ ਨੇ ਰਚਿਆ ਹੋਇਆ ਹੈ, ਉਹ ਚੂਹੜਾ ਹੈ। ਲੋਕਾਂ ਨੂੰ ਜੋ ਠੱਗ ਠੱਗ ਖਾਂਦੀ ਹੈ ਉਹ ਮੁਰਦਾਰ ਹੈ। ਲੋਕਾਂ ਦੀ ਜੋ ਨਿੰਦਿਆ ਕਰਦਾ ਹੈ ਉਨ੍ਹਾਂ ਨੂੰ ਜੋ ਘਟੀਆ ਦਸਦਾ ਹੈ, ਆਪ ਚਤਰ ਬਣਦਾ ਹੈ ਉਹ ਆਪਣੇ ਮੂੰਹ ਵਿਚ ਨਿਰੀ ਪਰਾਈ ਮੈਲ ਹੈ। ਕ੍ਰੋਧ ਜਿਸ ਨਾਲ ਲੋਕਾਂ ਨੂੰ ਡਰਾ ਕੇ ਥਾਂ ਸਿਰ ਰਖਦਾ ਹੈ, ਉਹ ਅਗਨੀ ਹੈ ਚੰਡਾਲ ਹੈ। ਆਪਣੇ ਆਪ ਨੂੰ ਸਲਾਹਣਾ ਮੁਰਦਾਰ ਦੇ ਰਸਾਂ ਨੂੰ ਭੋਗਣਾ ਮਨੁੱਖੀ ਗਿਰਾਵਟ ਹੈ। ਮੁਰਦਾਰ ਤੋਂ ਪੈਦਾ ਹੋਇਆ ਸੋਨਾ ਚਾਂਦੀ ਉਨ੍ਹਾਂ ਤੋਂ ਖਰੀਦੀਆਂ ਖੁਸ਼ਬੋਆਂ, ਉਸ ਰਹਿਨੀਅਤ ਨਾਲ ਮਾਣੀ ਇਸਤਰੀ, ਘੋੜੇ, ਸੇਜਾਂ, ਮੰਦਰ ਸਭ ਨੀਚ ਕਰਮ ਹਨ, ਗੁਰਬਾਣੀ ਕਹਿੰਦੀ ਹੈ ਕਿ ਜਿੱਥੇ ਇਨ੍ਹਾਂ ਨੀਚਾਂ ਦਾ ਵਾਸ ਹੈ ਉਥੇ ਰੱਬ ਦਾ ਨਾਮ ਕਿਸ ਤਰ੍ਹਾਂ ਨਿਵਾਸ ਕਰ ਸਕਦਾ ਹੈ। ਦੂਸਰੇ ਲਫ਼ਜ਼ਾਂ ਵਿਚ ਮਤਲਬ ਹੈ ਕਿ ਰੱਬ ਤਾਂ ਹੀ ਪਾਇਆ ਜਾਵੇਗਾ ਜੇ ਇਨ੍ਹਾਂ ਨੀਚਾਂ ਨੂੰ ਪੈਦਾ ਕਰਨ ਤੇ ਚਲਦਿਆਂ ਰੱਖਣ ਵਾਲੀ ਤਰਜ਼ੇ ਜ਼ਿੰਦਗੀ ਖਤਮ ਕੀਤੀ ਜਾਵੇ। ਗੁਰੂ ਸਾਹਿਬ ਦੱਸਦੇ ਹਨ, ਇਸ ਵਕਤ ਕੀ ਹਾਲਤ ਹੈ।

ਆਸਾ ਮਹਲਾ ੪

ਚਾਰਿ ਬਰਨ ਚਉਹਾ ਕੇ
ਮਰਦਨ ਖਟ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ
ਪੰਚਹੁ ਹੀ ਮੋਹਿ ਛਲੀ ਰੇ ॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ
ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਰੇ ॥ਰਹਾਉ॥

ਵਡੀ ਕੋਮ ਵਸਿ ਭਾਗਹਿ ਨਾਹੀ
ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰ ਦਲਿਆ
ਸਾਧ ਸੰਗਤਿ ਕੈ ਝਲੀ ਰੇ ॥

ਬ੍ਰਾਹਮਣ, ਖਤਰੀ, ਵੈਸ਼, ਸੂਦਰ ਚੌਹਾਂ ਜਾਤੀਆਂ ਦੇ ਚੰਗ ਚੰਗੇ ਆਦਮੀ ਜਿਨ੍ਹਾਂ ਦੇ ਹਥ ਵਿਚ ਛੇ ਸ਼ਾਸਤਰ ਹਨ, ਬਾਂਕੇ, ਚਤਰ, ਸੋਹਣੇ ਤੇ ਸਿਆਣੇ ਹਨ, ਇਨ੍ਹਾਂ ਸਾਰਿਆਂ ਨੂੰ ਕਾਮ ਕ੍ਰੋਧ, ਮੋਹ, ਲੋਭ ਹੰਕਾਰ-ਪੰਜਾਂ ਨੇ ਮੋਹ ਕੇ ਛਲਿਆ ਹੋਇਆ ਹੈ। ਮਤਲਬ ਹੈ ਕਿ ਜੋ ਤਰਜ਼ੇ ਜ਼ਿੰਦਗੀ ਕਾਮ, ਕ੍ਰੋਧ, ਲੋਭ, ਮੋਹ ਆਦਿ ਵਾਲੀ ਮਨੁੱਖੀ ਕਿਸਮ ਨੂੰ ਪੈਦਾ ਕਰਦੀ ਹੈ, ਉਹ ਪ੍ਰਧਾਨ ਹੈ। ਉਹ ਸਭ ਨੂੰ, ਸਿਆਣਿਆਂ ਸਿਆਣਿਆ ਨੂੰ ਵੀ ਆਪਣੇ ਮੰਚੇ ਵਿਚ ਢਾਲੀ ਜਾਂਦੀ ਹੈ, ਆਪਣੇ ਅਨੁਸਾਰੀ ਬਣਾਈ ਤੇ ਤੋਰੀ ਜਾਂਦੀ ਹੈ। ਪੁਛਦੇ ਹਨ ਕਿ ਜਿਸ ਨੇ ਕਾਮ, ਕ੍ਰੋਧ ਆਦਿ ਇਹ ਪੰਜ ਸੂਰਬੀਰ ਮਿਲਕੇ ਮਾਰੇ ਹਨ– ਉਹ ਕੌਣ ਸੂਰਮਾ ਹੈ? ਜੋ ਇਨ੍ਹਾਂ ਨੂੰ ਮਾਰਨ ਵਾਲਾ ਸੂਰਮਾ ਹੈ ਉਸ ਦੀ ਸਿਫਤ ਕਰਦੇ ਹਨ। ਜਿਸ ਨੇ ਇਨ੍ਹਾਂ ਪੰਜਾਂ ਨੂੰ ਮਾਰ ਕੇ ਪਾੜਕੇ ਦੂਰ ਕੀਤਾ ਹੈ, ਉਹ ਸਮੇਂ ਦਾ ਪੂਰਨ ਮਨੁੱਖ ਹੈ। ਸੋ ਗੁਰਬਾਣੀ ਵਿਚ ਇਕ ਕਿਸਮ ਮਨੁੱਖ ਦੇ ਹਥੋਂ ਦੂਸਰੀ ਕਿਸਮ ਦੇ ਮਨੁੱਖ ਨੂੰ ਤਬਦੀਲ ਕਰਨ, ਖਤਮ ਕਰਨ ਦਾ ਮਸਲਾ ਹੈ। ਜੋ ਇਹ ਕੰਮ ਨੇਪਰ ਚੜ੍ਹਾਉਂਦਾ ਹੈ, ਉਹ ਪੂਰਨ ਮਨੁੱਖ ਹੈ, ਗੁਰਬਾਣੀ ਦਾ ਰੋਲ, ਉਸ ਦਾ ਮਨੋਰਥ ਐਸਾ ਮਨੁੱਖ ਪੈਦਾ ਕਰਨਾ ਹੈ। ਕਾਮ ਆਦਿ ਵੱਡੀ ਧਾੜ ਹਨ, ਜੋ ਛੇਤੀ ਛੇਤੀ ਨੱਸਦੇ ਨਹੀਂ: ਇਨ੍ਹਾਂ ਦੀ ਫੌਜ ਤਕੜੀ ਹੌਂਸਲੇ ਵਾਲੀ ਹੈ ਇਹ ਨਿਰਾ ਮੇਟਾਫਰ ਹੀ ਨਹੀਂ। ਕਾਮ ਵਾਲਿਆਂ ਦੇ ਹੱਥ ਵਿਚ ਸਟੇਟ ਸੀ, ਸਮਾਜ ਦੇ ਸਭ ਵਸੀਲੇ ਸਨ, ਸਭ ਕੁਝ ਨੂੰ ਆਪਣੇ ਹੱਥ ਵਿਚ ਰੱਖਣ ਵਾਸਤੇ ਉਹ ਮਰ ਮਿਟਣ ਨੂੰ ਤਿਆਰ ਸਨ। ਇਨ੍ਹਾਂ ਨੂੰ ਦਲ ਕੇ ਨਾਸ ਕੌਣ ਕਰ ਸਕਦਾ ਹੈ? ਉਹ ਸੇਵਕ ਜੋ ਸਾਧ ਸੰਗਤ ਦੀ ਓਟ ਵਿਚ ਹੈ। ਇਹ ਇਤਿਹਾਸਕ ਸਚਾਈ ਹੈ ਕਿ ਸਾਧ ਸੰਗਤ ਵਿਚ ਰਲੇ, ਗੁਰਬਾਣੀ ਤੇ ਪਲੇ ਸੂਰਮੀਆਂ ਨੇ ਜਿਨ੍ਹਾਂ ਕਾਮੀਆਂ, ਕ੍ਰੋਧੀਆਂ, ਲੋਭੀਆਂ ਤੇ ਉਨ੍ਹਾਂ ਦੀ ਤਰਜ਼ੇ ਜ਼ਿੰਦਗੀ ਨੂੰ ਨਾਸ ਕੀਤਾ। ਬਾਣੀ ਦਾ ਰੋਲ ਇਸ ਮਨੁੱਖੀ ਕਿਸਮ ਤੇ ਇਸ ਦੀ ਤਰਜ਼ੇ ਜ਼ਿੰਦਗੀ ਨੂੰ ਨੀਚ ਕਰਾਰ ਦੇ ਕੇ ਇਸ ਨੂੰ ਖਤਮ ਕਰਨਾ ਹੈ। ਜੇ ਇਸ ਦੇ ਬਾਵਜੂਦ ਬਾਣੀ ਨੂੰ ਸਮਾਜੋਂ ਅਨ-ਸਬੰਧਤ, ਨਿਰੀ ਰੂਹਾਨੀਅਤ ਆਖੇ, ਉਸ ਦੀ ਮਰਜ਼ੀ :—

ਸਲੋਕ ਮਹਲਾ ੨—

ਕੁਬੁਧਿ ਡੂਮਣੀ, ਕੁਦਇਆ ਕਸਾਇਣਿ।
ਪਰਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਕਿਆ ਥੀਐ, ਜਾ ਚਾਰੇ ਬੈਠੀਆਂ ਨਾਲਿ।
ਸਚੁ ਸੰਜਮ, ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾ ਪੰਦਿ ਨ ਦੇਹੀ ॥

ਸ਼ਬਦ ਤੱਥ ਦੇ ਵਿਰੁਧ ਜਾਣਾ ਹੈ। ਕਾਮ, ਕ੍ਰੋਧ, ਲੋਭ ਆਦਿ ਵਾਲੀ ਨੀਂਹ ਉੱਤੇ ਤੁਰਨਾ

ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅੰਦਰ ਖੋਟੀ ਮਤ ਡੂਮਣੀ ਹੈ, ਬੇਤਰਸੀ ਕਸਾਇਣ ਹੈ। ਪਰਾਈ ਨਿੰਦਾ ਚੂੜ੍ਹੀ ਹੈ ਅਤੇ ਕ੍ਰੋਧ ਚੰਡਾਲਨੀ ਨੇ ਠਗਿਆ ਹੋਇਆ ਹੈ। ਏਹ ਫੇਰ ਫੀਊਡਲ ਹਿਤ ਮਨੁੱਖੀ ਕਿਸਮ ਦਾ ਚਿਤਰ ਹੈ। ਇਸ ਦੀਆ ਖਾਸੀਅਤਾਂ ਨੂੰ ਗੁਰੂ ਸਾਹਿਬ ਸਖਤ ਲਫਜ਼ਾਂ ਵਿਚ ਨਿੰਦਦੇ ਹਨ। ਜੇ ਅੰਦਰ ਤਰਸ ਹੋਵੇ, ਤਾਂ ਆਪਣੇ ਪਿਉ ਦੇ ਪੁਤਰਾਂ, ਰੱਬ ਦੇ ਬੰਦਿਆਂ ਕੋਲੋਂ ਉਨ੍ਹਾਂ ਦੀ ਪੂਰਕੀ ਖੋਹ ਕੇ ਆਪ ਖਾ ਨਹੀਂ ਸਕੀਦੀ। ਉਨ੍ਹਾਂ ਨੂੰ ਭੁਖਿਆਂ ਵੇਖ ਕੇ ਅੰਦਰ ਅਗਲਾ ਆਟਾ ਰਖ ਨਹੀਂ ਸਕੀਦਾ। ਨਿਰਦਈ ਹੋਣ ਤੋਂ ਬਗੈਰ ਮੁਰਦਾਰ ਖਾਧਾ ਨਹੀਂ ਜਾ ਸਕਦਾ। ਮਾਣਸਾਂ ਦੀ ਰੱਤ ਪੀਤੀ ਨਹੀਂ ਜਾ ਸਕਦੀ। ਨਿਰਦਈ ਪੁਣਾਂ ਫੀਊਡਲ ਦੀ ਖਾਸ ਖਾਸੀਅਤ ਹੈ। ਨਿਰਦਈ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਚੰਗਿਆਂ ਸਮਝਣਾਂ ਤੇ ਲੋਕਾਂ ਨੂੰ ਮਾੜਿਆਂ ਕਹਿਣਾ ਤਾਂ ਉਨ੍ਹਾਂ ਦੀ ਖਾਸ ਖਾਸੀਅਤ ਹੈ। ਜੇ ਉਹ ਆਪਣੇ ਆਪ ਨੂੰ ਚੰਗਿਆਂ ਤੇ ਲੋਕਾਂ ਨੂੰ ਮਾੜਿਆਂ ਨ ਕਹਿਣ ਉਨ੍ਹਾਂ ਦੀ ਸਮਾਜਕ ਵਸੀਲਿਆਂ ਉੱਤੇ ਮਲਕੀਅਤ ਵਾਸਤੇ ਕੋਈ ਵਜ੍ਹਾ ਨਹੀਂ ਰਹਿ ਜਾਂਦੀ। ਗੁਰੂ ਸਾਹਿਬ ਕਹਿੰਦੇ ਹਨ ਚੌਂਕੇ ਉੱਤੇ ਕਾਰ ਕਢ ਕੇ ਸੁਚਮ ਬਣਿਆ ਕੀ ਆਖੂ, ਜੇ ਇਹ ਚਾਰ ਨੀਚਣੀਆਂ ਨਾਲ ਦਿਲ ਦੇ ਅੰਦਰ ਬੈਠੀਆਂ ਹਨ। ਸੁਚਾ ਸੱਚ ਬਣਾਉਂਦਾ ਹੈ। ਸੱਚ ਰੱਬ ਅਨੁਸਾਰੀ ਹੋਣਾ ਹੈ। ਅਮਲੀ ਤੌਰ ਤੇ ਸੱਚ ਕਮਾਉਣਾ, ਸੁਚੀ ਕਰਣੀ ਚੌਉਂਕੇ ਦੀਆਂ ਲਕੀਰਾਂ ਹਨ ਅਤੇ ਹਰੀ ਦਾ ਨਾਮ ਜਪਣਾ ਸੁਚੇ ਹੋਣ ਵਾਸਤੇ ਇਸ਼ਨਾਨ ਕਰਨਾ ਹੈ। ਗੁਰੂ ਸਾਹਿਬ ਹਦਾਇਤ ਦੇਂਦੇ ਹਨ ਕਿ ਅੱਗੇ ਜਾ ਕੇ ਚੰਗੇ ਉਹ ਹੀ ਗਿਣੇ ਜਾਣਗੇ, ਜੋ ਇਥੇ ਕਿਸੇ ਨੂੰ ਪਾਪਾਂ ਵਾਲੀ ਸਿਖਿਆ ਨਹੀਂ ਦਿੰਦੇ। ਕਾਮ ਆਦਿ ਦੇ ਮਗਰ ਲਾਉਣਾ ਪਾਪਾਂ ਵਾਲੀ ਸਿਖਿਆ ਹੈ। ਰੱਬ ਐਸੀ ਸਿਖਿਆ ਵਾਲਿਆਂ ਨੂੰ ਮੂੰਹ ਨਹੀਂ ਲਾਵੇਗਾ।

ਮਹਲਾ ੧ :—

ਸਭਿ ਰਸ ਮਿਠੇ ਮੰਨਿਐ, ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ
ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥
ਬਾਬਾ ਹੋਰ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘੋੜੇ ਪਾਖਰ, ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥

ਤਰਕਸ ਤੀਰ ਕਮਾਣ ਸਾਂਗ
ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ
ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘਰ ਮੰਦਰ ਖੁਸੀ ਨਾਮ ਕੀ
ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ
ਨਾਨਕਾ ਸਚਾ ਪਾਤਿਸਾਹੁ
ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੇ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

ਇਸ ਲੰਮੇ ਸ਼ਬਦ ਵਿਚ ਦੋ ਵਿਰੋਧੀ ਕਿਸਮ ਦੀਆਂ ਜ਼ਿੰਦਗੀਆਂ ਦਾ ਆਮੋ ਸਾਮ੍ਹਣਾ ਮੁਕਾਬਲਾ ਹੈ। ਆਮ ਖਿਆਲ ਇਹ ਹੈ ਕਿ ਨਾਮ ਦੀ ਜ਼ਿੰਦਗੀ ਵਿਚ ਸਭ ਕੁਝ ਵਰਜਤ ਹੀ ਵਰਜਤ ਹੈ। ਜ਼ਿੰਦਗੀ ਦੇ ਸਵਾਦ ਦੇ ਨੁਕਤੇ ਤੋਂ ਇਹ ਇਕ ਫਿਕੀ ਫੋਕੀ ਜਿਹੀ ਜ਼ਿੰਦਗੀ ਹੈ। ਕੁਦਰਤ ਦੇ ਜੋ ਪਦਾਰਥ ਹਨ ਜੋ ਨਿਆਮਤਾਂ ਹਨ, ਉਨ੍ਹਾਂ ਦੀ ਮਨਾਹੀ ਹੈ। ਇੰਦਰੀਆਂ ਦੇ ਜੋ ਸਵਾਦ ਹਨ ਉਹ ਵਰਜਤ ਹਨ। ਇਹ ਭੁਲੇਖਾ ਹੈ। ਗੁਰਬਾਣੀ ਵਿਚ ਸੱਚੇ ਨਾਮ ਦਾ ਰਸ ਸਭ ਰਸਾਂ ਨਾਲੋਂ ਮਿੱਠਾ ਤੇ ਉੱਤਮ ਦਸਿਆ ਹੈ। ਵਰਜਤ ਮਾਇਆ ਹੈ, ਸੰਸਾਰ ਨਹੀਂ। ਮਨਾਹੀ ਮਾਇਆ ਦੀ ਹੈ ਕੁਦਰਤ ਦੇ ਕੁਦਰਤ ਦੇ ਪਦਾਰਥਾਂ ਤੇ ਨਿਆਮਤਾਂ ਦੀ ਨਹੀਂ। ਕਾਮ ਕ੍ਰੋਧ, ਲੋਭ ਮੋਹ, ਹੰਕਾਰ ਆਦਿ ਦੀ ਤਰਜ਼ੇ ਜ਼ਿੰਦਗੀ, ਉਨ੍ਹਾਂ ਹਿਤੀ ਸਮਾਜਕ ਰਿਸ਼ਤਿਆਂ, ਸਮਾਜਕ ਤੋਰ ਦੇ ਅਧੀਨ ਇੰਦਰੀਆਂ ਦੇ ਸਵਾਦ ਦੀ ਮਨਾਹੀ ਹੈ ਪਰ ਨਾਮ ਦੇ ਅਧੀਨ ਰੱਬ ਹਿਤੀ ਸਮਾਜਕ ਰਿਸ਼ਤਿਆਂ ਸਮਾਜਕ ਤੋਰ ਦੇ ਅਧੀਨ ਵਰਜਤ ਨਹੀਂ।

ਤਿਸੁ ਵਿਣੁ ਸਭ ਅਪਵਿਤ੍ਰ ਹੈ
ਜੇਤਾ ਪਹਿਨਣੁ ॥

ਜ਼ਾਹਿਰ ਹੈ ਕਿ ਪਹਿਨਣ ਖਾਣ ਦੋ ਕਿਸਮ ਦਾ ਬਿਆਨ ਹੈ, ਇਕ ਪਵਿਤਰ ਇਕ ਅਪ-ਵਿਤਰ। ਜੋ ਖਾਣਾਂ ਜੋ ਪਹਿਨਣਾਂ, ਮਾਣਸ ਦੀ ਰਤ ਹੈ, ਮੁਰਦਾਰ ਹੈ ਉਹ ਅਪਵਿਤਰ ਹੈ, ਹਰਾਮ ਹੈ; ਇਸ ਵਾਸਤੇ ਵਰਜਤ ਹੈ, ਜੋ ਰੱਬ ਦੇ ਕਾਨੂੰਨ ਦੇ ਅਧੀਨ ਹੈ ਉਹ ਜਾਇਜ਼ ਹੈ, ਜ਼ਰੂਰੀ ਹੈ। ਗੁਰੂ ਸਾਹਿਬ ਆਪਣੇ ਨੁਕਤੇ ਤੋਂ ਸਮਾਜ ਦੀ ਵਸੋਂ ਨੂੰ ਦੋ ਹਿੱਸਿਆਂ ਵਿਚ ਵੰਡਦੇ ਹਨ। ਇਕ

ਉਹ ਹਿੱਸਾ ਹੈ ਜੋ ਕਾਮ, ਕ੍ਰੋਧ, ਲੋਭ ਮੋਹ ਆਦਿ ਪੰਜਾਂ ਦਾ ਛਲਿਆ ਹੋਇਆ ਹੈ ਅਤੇ ਜਿਸ ਵਿਚ ਚਊਹਾਂ ਜਾਤੀਆਂ ਦੇ ਸਿਆਣੇ ਸਿਆਣੇ ਆਦਮੀ ਵੀ ਸ਼ਾਮਲ ਹਨ। ਇਨ੍ਹਾਂ ਦੇ ਵਿਰੁਧ ਇਕ ਉਹ ਸੂਰਮੇਂ ਹਨ ਜਿਨ੍ਹਾਂ ਨੇ ਇਨ੍ਹਾਂ ਪੰਜਾਂ ਦੀ ਫੌਜ ਨੂੰ ਮਿਲ ਕੇ ਮਾਰਨਾ ਹੈ। ਦੂਸਰੀ ਕਿਸਮ ਨੂੰ ਗੁਰੂ ਸਾਹਿਬ ਆਪਣੇ ਜ਼ਮਾਨੇ ਦੀ ਪੂਰਨ ਸ਼ਖਸੀਅਤ ਆਖਦੇ ਹਨ। ਇਹ ਗੁਰਬਾਣੀ ਦੇ ਪੈਂਤੜੇ ਵਾਲੇ ਹਨ। ਸੰਸਾਰਕ ਸਾਇੰਟਿਫਿਕ ਬੋਲੀ ਵਿਚ ਇਕ ਉਹ ਧੜਾ ਹੈ ਜੋ ਕਾਮ ਕ੍ਰੋਧ ਵਾਲਿਆਂ, ਫੀਊਡਲ ਹਿਤੀ ਵਿਚਾਰ ਧਾਰਾ, ਉਸ ਦੀ ਤਰਜ਼ੇ ਤੌਰ, ਉਸ ਦੇ ਅਨੁਕੂਲ ਆਚਰਨ ਵਾਲੇ ਹਨ ਅਤੇ ਦੂਸਰੇ ਉਹ ਜੋ ਇਨ੍ਹਾਂ ਦੇ ਵਿਰੋਧੀ ਹਨ, ਲੋਕ ਹਿਤ ਬਾਬਤ ਜਮਾਤੀ ਤੌਰ ਤੇ ਚੇਤੰਨ ਹਨ। ਉਹ ਲੋਕ ਵੀ ਬਹੁਤ ਹਨ ਜੋ ਆਪਣੇ ਜਮਾਤੀ ਹਿਤ ਤੋਂ ਜਾਣੂ ਨਹੀਂ ਜੋ ਵਿਰੋਧੀਆਂ ਦੀ ਤਰਜ਼ੇ ਤੌਰ ਦੀ ਚਾਟੇ ਲੱਗੇ ਹੋਏ ਹਨ। ਗੁਰੂ ਸਾਹਿਬ ਦਾ ਇਹ ਮਤਲਬ ਨਹੀਂ ਕਿ ਮਨੁੱਖ ਨੂੰ ਖਾਣਾ ਪੀਣਾ, ਪਹਿਨਣਾ ਹੀ ਵਰਜਤ ਹੈ। ਬਿਲਕੁਲ ਨਹੀਂ। ਗੁਰਬਾਣੀ ਦੇ ਪੈਂਤੜੇ ਵਾਲਿਆਂ ਦੇ ਹਿਤ ਦੇ ਅਧੀਨ ਉਨ੍ਹਾਂ ਦੇ ਕਾਨੂੰਨ ਤਰਜ਼ੇ ਜ਼ਿੰਦਗੀ ਦੇ ਮੁਤਾਬਿਕ ਜੋ ਵੀ ਸੰਸਾਰ ਦਾ ਰਸ ਹੈ, ਉਹ ਮੁਬਾਰਕ ਹੈ, ਉਹ ਨਾਮ ਰਸ ਹੈ। ਨਾਮ ਰਸ ਵਿਚ ਸਭ ਕਿਸਮ ਦੇ ਰਸ ਹਨ। ਉਨ੍ਹਾਂ ਦੀ ਪਰੇਰਨਾ ਨਾਲ ਗੁਰੂ ਸਾਹਿਬ ਮਨੁਖ ਨੂੰ ਕਾਮ ਆਦਿ ਦੇ ਰਸਾਂ ਵਲੋਂ ਹਟਾਉਂਦੇ ਹਨ । ਜ਼ਾਹਿਰ ਹੈ ਕਿ ਇਥੇ ਸਮਾਜ ਦੀਆਂ ਦੋ ਵਿਰੋਧੀ ਜਮਾਤਾਂ ਦਾ ਆਪਸ ਵਿਚ ਟਕਾਰਾ ਹੈ। ਗੁਰਬਾਣੀ ਵਾਲਿਆਂ ਦੀ ਜਮਾਤ ਕਾਮ, ਕ੍ਰੋਧ, ਆਦਿ ਵਾਲਿਆਂ ਦੀ ਜਮਾਤ ਦੇ ਖਾਣ, ਪਹਿਨਣ, ਸਊਣ, ਸਾਹ ਲੈਣ ਨੂੰ ਵੀ ਗੈਰ-ਸਦਾਚਾਰਕ ਕਰਾਰ ਦੇ ਰਹੀ ਹੈ। ਇਹ ਕਹਿ ਰਹੀ ਹੈ ਕਿ ਕਾਮ, ਕ੍ਰੋਧ ਵਾਲਿਆਂ ਦਾ ਜੀਊਣ ਦਾ ਕੋਈ ਹੱਕ ਨਹੀਂ। ਉਹ ਜ਼ਿੰਦਗੀ ਦੀ ਸਫ ਤੋਂ ਉਤਰ ਜਾਣ, ਇਹ ਰੱਬ ਦਾ ਹੁਕਮ ਹੈ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਦਾ ਬਤੌਰ ਜਮਾਤ ਜੀਊਣ ਦਾ ਹੱਕ ਨਹੀਂ। ਜੇ ਕਾਮ, ਕ੍ਰੋਧ ਆਦਿ ਦਾ ਪੈਂਤੜਾ ਛੱਡ ਦੇਣ, ਰੱਬ ਦੇ ਦਾਇਰੇ ਵਿਚ ਆ ਜਾਣ, ਭਾਈ ਹਨ, ਦੂਸਰਿਆਂ ਵਾਂਗ ਰੱਬ ਦੇ ਘਰੋਂ ਉਨ੍ਹਾਂ ਨੂੰ ਵੀ ਸਭ ਹੱਕ ਹਾਸਲ ਹਨ। ਨਾਮ ਦੇ ਸਭ ਰਸ ਭੋਗਣ।

ਇਸ ਵਿਸ਼ੇ ਬਾਬਤ, ਤੇ ਇਸ ਸ਼ਬਦ ਦੇ ਅਰਥਾਂ ਬਾਬਤ ਬਹੁਤ ਭੁਲੇਖਾ ਹੈ। ਆਮ ਤੌਰ ਉੱਤੇ ਦਸਿਆ ਇਹ ਜਾਂਦਾ ਹੈ ਕਿ ਗੁਰੂ ਸਾਹਿਬ ਸਾਦਾ ਤੇ ਥੋੜ੍ਹਾ ਖਾਣ ਵਾਸਤੇ ਕਹਿ ਰਹੇ ਹਨ, ਚਸਕੇ ਲਾ ਲਾ ਖਾਣ ਤੋਂ ਰੋਕ ਰਹੇ ਹਨ, ਤਾਂ ਕਿ ਸਰੀਰ ਅਰੋਗ ਰਹੇ। ਥੋੜ੍ਹਾ ਸਊਣ ਵਾਸਤੇ ਹਦਾਇਤ ਕਰ ਰਹੇ ਹਨ ਕਿ ਆਦਮੀ ਬਹੁਤਾ ਸੌਂ ਕੇ ਹਮੇਸ਼ਾਂ ਆਲਸ ਦਾ ਮਾਰਿਆ ਹੀ ਨਾ ਰਹੇ। ਗੁਰੂ ਸਾਹਿਬ ਸਰੀਰ ਵਾਸਤੇ ਸਿਹਤ ਨਾਮਾ ਨਹੀਂ ਲਿਖ ਰਹੇ, ਨਾਮ ਵਾਲਿਆਂ ਵਾਸਤੇ ਖਾਣ ਦਾ ਮੀਨੂੰ ਨਹੀਂ ਬਣਾ ਰਹੇ, ਉਨ੍ਹਾਂ ਨੂੰ ਰਸੋਈ ਸਿਖਿਆ ਨਹੀਂ ਸਿਖਾ ਰਹੇ। ਉਹ ਸਮਾਜ ਦਾ ਮਸਲਾ ਹੱਲ ਕਰ ਰਹੇ ਹਨ। ਫੀਊਡਲ ਸਮਾਜ ਦੀ ਪਈ ਗੈਰ ਇਨਸਾਨੀਅਤ ਤੇ ਗਿਰਾਵਟ ਨੂੰ ਜੜ੍ਹਾਂ ਤੋਂ ਪੁੱਟ ਉਸ ਨੂੰ ਚਾਹ ਇਨਸਾਨੀਅਤ ਤੇ ਲੋਕ ਹਿਤ ਦੀ ਨੀਂਹ ਉੱਤੇ ਸਦਾਚਾਰਕ ਤੌਰ ਉੱਤੇ ਸਹੀ ਮਾਨਵਵਾਦੀ ਸਮਾਜ ਦੀ ਉਸਾਰੀ ਵਾਸਤੇ ਲੜ ਰਹੇ ਹਨ।

ਗੁਰੂ ਸਾਹਿਬ ਮਨੁੱਖ ਦੇ ਸਰੀਰ ਦੀਆਂ ਬਾਇਉਲੋਜੀਕਲ ਲੋੜਾਂ ਨੂੰ ਨਾਂਹ ਨਹੀਂ ਕਹਿ

ਰਹੇ। ਨਾ ਹੀ ਸਭਿਅਤਾ ਦੀ ਤਰੱਕੀ ਨੂੰ ਮਨ੍ਹਾਂ ਕਰ ਰਹੇ ਹਨ। ਨਾ ਹੀ ਇਹ ਕਹਿ ਰਹੇ ਹਨ ਕਿ ਜੋ ਸਭਿਅਤਾ ਸਾਇੰਸ ਦੀ ਤਰੱਕੀ ਨਵੇਂ ਪਦਾਰਥ, ਨਵੀਆਂ ਨਿਆਮਤਾਂ ਪੈਦਾ ਕਰ ਦੇਵੇ ਉਹ ਨਾਮ ਵਾਲਿਆਂ ਨੂੰ ਵਰਜਤ ਹਨ। ਬਿਲਕੁਲ ਨਹੀਂ। ਉਹ ਫੀਊਡਲ ਦੀ ਖਾਧੀ ਹੰਢਾਈ ਨੂੰ ਪਾਪ ਕਰਾਰ ਦੇ ਰਹੇ ਹਨ, ਉਸ ਦੀ ਤਰਜ਼ੇ ਜ਼ਿੰਦਗੀ ਉਤੇ ਸੱਟ ਮਾਰ ਰਹੇ ਹਨ। ਉਹ ਖਾਣਾ, ਉਹ ਪਹਿਨਣਾ, ਉਹ ਸਉਣਾ, ਪਾਪ ਹੈ ਜਿਸ ਨਾਲ ਤਨ ਪੀੜੀ ਦਾ ਹੈ ਅਤੇ ਮਨ ਵਿਚ ਵਿਕਾਰ ਚਲਦੇ ਹਨ। ਵਿਕਾਰ ਕਾਮ ਕ੍ਰੋਧ, ਲੋਭ ਆਦਿ ਮਨੋਰਥ ਹਨ। ਚੂੰਕਿ ਫੀਊਡਲ ਹਿਤੀ ਸਮਾਜਕ ਤੌਰ ਇਨ੍ਹਾਂ ਨੂੰ ਪੈਦਾ ਕਰਦੀ ਹੈ, ਇਨ੍ਹਾਂ ਦੀ ਚਲਾਈ ਮਨੁੱਖੀ ਸ਼ਕਤੀ ਦੇ ਆਸਰੇ ਉਹ ਤਰਜ਼ੇ ਜ਼ਿੰਦਗੀ ਖੜ੍ਹੀ ਹੈ ਇਸ ਵਾਸਤੇ ਜੋ ਕੁਝ ਵੀ ਇਨ੍ਹਾਂ ਵਿਕਾਰਾਂ ਨੂੰ ਪੈਦਾ ਕਰਦਾ ਹੈ, ਉਹ ਤਰਜ਼ੇ ਜ਼ਿੰਦਗੀ ਨੂੰ ਢਹਿਣ ਤੋਂ ਬਚਾਉਂਦਾ ਹੈ, ਉਹ ਪਾਪ ਹੈ। ਉਹ ਵਰਜਤ ਹੈ। ਮਿਸਾਲ ਦੇ ਤੌਰ ਉਤੇ ਇਸਤਰੀ ਮਰਦ ਦਾ ਰਿਸ਼ਤਾ ਲਈਏ ਤਾਂ ਗੱਲ ਬਿਲਕੁਲ ਸਾਫ਼ ਹੋ ਜਾਂਦੀ ਹੈ। ਕਾਮ ਵਰਜਤ ਹੈ। ਕਾਮਿਨੀ ਦਾ ਮੋਹ ਵਰਜਤ ਹੈ ਚੂੰਕਿ ਕਾਮ ਦੇ ਅਧੀਨ ਹੈ। ਮਾਨ ਅਭਿਮਾਨ ਵਰਜਤ ਹੈ, ਇਸ ਦੇ ਅਧੀਨ ਰੱਬ ਦੇ ਦਾਇਰੇ ਤੋਂ ਬਾਹਰ ਪੁੱਤਰ ਇਸਤਰੀ ਦਾ ਪਿਆਰ ਵਰਜਤ ਹੈ। ਇਸ ਵਾਸਤੇ ਵਰਜਤ ਹੈ ਕਿ ਇਹ ਰੱਬ ਵਿਰੋਧੀ ਹੈ। ਇਸਤਰੀ ਮਰਦ ਦਾ ਰਿਸ਼ਤਾ ਵਰਜਤ ਨਹੀਂ। ਵਿਆਹ ਇਸਤਰੀ ਮਰਦ ਦੇ ਦਰਮਿਆਨ ਜਿਨਸੀ ਰਿਸ਼ਤਾ ਵਰਜਤ ਨਹੀਂ। ਮਨੁੱਖ ਜਾਤੀ ਦੀ ਉਤਪਤੀ ਵਰਜਤ ਨਹੀਂ। ਇਸਤਰੀ ਨਾਲ ਪਿਆਰ, ਉਸ ਨਾਲ ਵਫ਼ਾਦਾਰੀ, ਉਸ ਵਾਸਤੇ ਇਜ਼ਤ, ਪ੍ਰਸਪਰ ਪਿਆਰ ਤੇ ਬਰਾਬਰੀ ਦੀ ਪੱਧਰ ਤੇ ਪਤੀ ਪਤਨੀ ਦੇ ਰਿਸ਼ਤੇ ਦੀ ਸਫ਼ਾਰਸ਼ ਹੈ।

ਧਨ ਪਿਰੁ ਇਹਿ ਨਾ ਆਖੀਅਨਿ
ਬਹਨ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ ॥

ਸੋ ਸਵਾਲ ਕੁਦਰਤ, ਸਭਿਅਤਾ ਜਾਂ ਸਾਇੰਸ ਦੇ ਪੈਦਾ ਕੀਤੇ ਕਿਸੇ ਪਦਾਰਥ, ਕਿਸੇ ਨਿਆਮਤ, ਦੇ ਵਰਜਣ ਦਾ ਨਹੀਂ। ਨਾ ਹੀ ਇੰਦਰੀਆਂ ਦੇ ਕਿਸੇ ਰਸ ਨੂੰ ਮਨ੍ਹਾਂ ਕਰਨ ਦਾ ਹੈ। ਨਾ ਹੀ ਪਰਵਾਰਕ ਜ਼ਿੰਦਗੀ ਦੀ ਮਨਾਹੀ ਹੈ। ਸਵਾਲ ਸਭਿਅਤਾ, ਕਲਚਰ, ਸਮਾਜਕ ਰਿਸ਼ਤਿਆਂ ਦੀ ਕਿਸਮ ਦਾ ਹੈ। ਜੋ ਕੁਝ ਲੋਕ ਹਿਤ ਇਨਸਾਨੀਅਤ ਦੇ ਵਿਰੋਧੀ ਹੈ ਉਹ ਵਰਜਤ ਹੈ। ਉਸ ਦੇ ਅਧੀਨ, ਉਸ ਦੇ ਅਨੁਸਾਰ, ਸਭ ਰਸਾਂ ਵਾਸਤੇ ਰਾਹ ਮੋਕਲੇ ਹਨ। ਸਭ ਨਿਆਮਤ ਹਲਾਲ ਹਨ ਮਨੁਸ਼ ਵਾਸਤੇ ਹਨ। ਤਮੀਜ਼ ਮਲਕ ਭਾਗੋ ਦੇ ਕੜਾਹ ਤੇ ਹਰੀ ਮੰਦਰ ਦੇ ਕੜਾਹ ਪ੍ਰਸ਼ਾਦ ਦੇ ਦਰਮਿਆਨ ਹੈ। ਸੋ :—

ਹਉਮੈ ਨਿਵਰੈ ਗੁਰਸਬਦੁ ਵੀਚਾਰੈ ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥

ਸੋ ਗੁਰੂ ਦਾ ਸ਼ਬਦ ਹਉਮੈਂ ਤੇ ਇਨ੍ਹਾਂ ਕਾਮ ਆਦਿ ਪੰਜਾਂ ਨੂੰ ਮਾਰਨ ਵਾਸਤੇ ਹੈ। ਇਨ੍ਹਾਂ ਦੇ ਮਰਿਆਂ ਹੀ ਰੱਬ ਦਾ ਰਾਹ ਖੁਲ੍ਹਦਾ ਹੈ। ਇਨ੍ਹਾਂ ਦੇ ਸਮਾਜਕ ਤੌਰ ਤੇ ਮਰਿਆ ਫੀਊਡਲ ਤਰਜ਼ੇ

ਜ਼ਿੰਦਗੀ ਵਹਿੰਦੀ ਹੈ ਸ਼ਬਦ ਦਾ ਇਹ ਸਮਾਜਕ 'ਜਮਾਤੀ ਰੋਲ ਹੈ। ਇਸ ਵਾਸਤੇ ਹੀ ਗੁਰੂ ਸਾਹਿਬ ਥਾਂ ਥਾਂ ਇਸ 'ਨਗਰੀ' ਦੇ 'ਪੰਜਾਂ ਚੋਰਾਂ' ਉੱਤੇ ਚੋਟ ਕਰਦੇ ਹਨ :—

ਲਾਲਚ ਝੂਠ ਬਿਕਾਰ ਮੋਹ
ਬਿਆਪਤ ਮੂੜੇ ਅੰਧ ॥
ਲਾਗਿ ਪਰੇ ਦੁਰਗੰਧ ਸਿਉ
ਨਾਨਕ ਮਾਇਆ ਬੰਧ ॥

ਅਤੇ ਇਨ੍ਹਾਂ ਤੋਂ ਨਿਜਾਤ ਮੰਗਦੇ ਹਨ, ਰੱਬ ਦਾ ਰਾਹ ਖੁਲ੍ਹਦਾ ਹੈ ਨਾਲ ਹੀ ਫੀਊਡਲ ਦੀਆਂ ਜੋਕਾਂ ਤੋਂ ਲੋਕਾਂ ਦੇ ਹੜ ਖਲਾਸ ਹੁੰਦੇ ਹਨ :—

ਕਾਮ ਕ੍ਰੋਧ ਮਦ ਲੋਭ ਮੋਹ
ਦੁਸਟ ਬਾਸਨਾ ਨਿਵਾਰਿ ॥
ਰਾਖਿ ਲੇਹੁ ਪ੍ਰਭ ਆਪਣੇ
ਨਾਨਕ ਸਦ ਬਲਿਹਾਰਿ ॥

ਵੇਖਣ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਦੇ ਰਬ ਨਾਲ ਖਾਸ ਸਮਾਜਕ ਕੀਮਤਾਂ, ਦਾ ਟਕਰਾ ਸਬੰਧਤ ਹੈ। ਕੀਮਤਾਂ ਸਮਾਜਕ ਤੋਰ ਦਾ ਆਧਾਰ ਹੁੰਦੀਆਂ ਹਨ। ਸੋ ਗੁਰਬਾਣੀ ਦਾ ਰੱਬ, ਉਸ ਦਾ ਮੇਲ ਸਰੀਹੀ ਤੌਰ ਉੱਤੇ ਸਮਾਜਕ ਤੋਰ ਨਾਲ ਸਬੰਧਤ ਹੈ। ਗੁਰੂ ਸਾਹਿਬ ਬਾਣੀ ਨੂੰ ਸਮਾਜਕ ਰੋਗ ਦੀ ਦਵਾਈ ਵਜੋਂ ਦੇ ਰਹੇ ਹਨ।

ਅਹੰਬੁਧਿ ਬਹੁ ਸਘਨ ਮਾਇਆ
ਮਹਾ ਦੀਰਘ ਰੋਗੁ ॥
ਹਰਿਨਾਮੁ ਅਉਖਧੁ
ਗੁਰਿ ਨਾਮ ਦੀਨ ਕਰਣ ਕਾਰਣ ਜੋਗੁ ॥

ਜਿਸ ਤਰ੍ਹਾਂ ਫਰੀਦ ਜੀ ਕਹਿੰਦੇ ਹਨ ਕਿ ਟੋਇਆਂ ਟਿਬਿਆਂ ਦੇ ਕਾਰਨ ਰੰਗਾਵਲੀ ਧਰਤੀ ਵਿਚ ਵਿਸੂਲਾ ਬਾਗ ਲੱਗਾ ਹੋਇਆ ਹੈ ਅਤੇ ਸਭ ਪੁਆੜੇ ਉਸ ਦੇ ਹਨ :—

ਮਹਲਾ ੫ :—

ਫਰੀਦਾ ਭੂਮਿ ਰੰਗਾਵਲੀ
ਮੰਝਿ ਵਿਸੂਲਾ ਬਾਗੁ ॥
ਜੋ ਜਨ ਪੀਰਿ ਨਿਵਾਜਿਆ
ਤਿਨਾ ਅੰਚ ਨਾ ਲਾਗ ॥

ਇਸ ਤਰ੍ਹਾਂ ਹੀ ਇਕ ਲੰਬੇ ਸ਼ਬਦ ਵਿਚ ਗੁਰੂ ਸਾਹਿਬ ਵਿਸਤਾਰ ਨਾਲ ਬਿਆਨ ਕਰਦੇ ਹਨ ਕਿ ਨੁਕਸ ਹੋਰ ਕਿਸੇ ਚੀਜ਼ ਵਿਚ ਨਹੀਂ, ਹੋਰ ਤੇ ਛਡੀਆਂ ਸੋਨਾ ਚਾਂਦੀ ਜੋ ਆਮ ਤੌਰ ਤੇ ਬਹੁਤ ਪਵਾੜੇ ਦੀ ਜੜ੍ਹ, ਐਬਾਂ ਦਾ ਕਾਰਨ ਸਮਝੇ ਜਾਂਦੇ ਹਨ। ਗੁਰੂ ਸਾਹਿਬ ਉਨ੍ਹਾਂ ਬਾਬਤ ਵੀ ਨਜ਼ਰੀਆ

ਸਾਫ਼ ਕਰ ਦੇਂਦੇ ਹਨ। ਨੁਕਸ ਉਸ ਵਕਤ ਹੀ ਪੈਂਦਾ ਹੈ ਜਦੋਂ ਸਮਾਜਕ ਤੌਰ ਤੇ ਮਨੁੱਖੀ ਆਚਰਨ, ਚੀਜ਼ਾਂ ਦੀ ਵਰਤੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦੂਸਰੇ ਲਫ਼ਜ਼ਾਂ ਵਿਚ ਜਮਾਤੀ ਅੱਗ ਦੇ ਅਧੀਨ ਹੋ ਤੁਰਦਾ ਹੈ। ਨੁਕਸ ਸਮਾਜ ਵਿਚ ਜਮਾਤੀ ਅਗ ਦਾ ਹੈ ਜੋ ਕਾਮ ਆਦਿ ਔਗੁਣਾਂ ਉੱਤੇ ਅਧਾਰਤ ਹੈ ਜਦੋਂ ਅੰਦਰ ਨਾਮ ਵਸ ਜਾਂਦਾ ਹੈ ਇਨ੍ਹਾਂ ਦੀ ਮੌਲ ਲੱਥ ਜਾਂਦੀ ਹੈ, ਸਭ ਕੁਝ ਠੀਕ ਹੋ ਜਾਂਦਾ ਹੈ।

ਪ੍ਰਥਮੇ ਤੇਰੀ ਨੀਕੀ ਜਾਤਿ ॥
ਦੁਤੀਆ ਤੇਰੀ ਮਨੀਐ ਪਾਤਿ ॥
ਤ੍ਰਿਤੀਆ ਤੇਰਾ ਸੁੰਦਰ ਥਾਨੁ ॥
ਬਿਗੜ ਰੂਪੁ ਮਨ ਮਹਿ ਅਭਿਮਾਨੁ ॥੧॥
ਸੋਹਨੀ ਸਰੂਪਿ ਸੁਜਾਨਿ ਬਿਚਖਨਿ ॥
ਅਤਿ ਗਰਬੈ ਮੋਹਿ ਫਾਕੀ ਤੂੰ ॥੧॥ਰਹਾਉ॥
ਅਤਿ ਸੂਚੀ ਤੇਰੀ ਪਾਕਸਾਲ ॥
ਕਰਿ ਇਸਨਾਨੁ ਪੂਜਾ ਤਿਲਕ ਲਾਲ ॥
ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥
ਸਭਿ ਬਿਧਿ ਖੋਈ ਲੋਭਿ ਸੁਆਨ ॥
ਕਾਪਰਿ ਪਹਿਰਹਿ ਭੋਗਹਿ ਭੋਗ ॥
ਆਚਾਰ ਕਰਹਿ ਸੋਭਾ ਮਹਿ ਲੋਗ ॥
ਚੋਆ ਚੰਦਨ ਸੁਗੰਧ ਬਿਸਥਾਰ ॥
ਸੰਗੀ ਖੋਟਾ ਕ੍ਰੋਧੁ ਚੰਡਾਲ ॥੩॥
ਅਵਰ ਜੋਨਿ ਤੇਰੀ ਪਨਿਹਾਰੀ ॥
ਇਸ ਧਰਤੀ ਮਹਿ ਤੇਰੀ ਸਿਕਦਾਰੀ ॥
ਸੁਇਨਾ ਰੂਪਾ ਤੁਝ ਪਹਿ ਦਾਮ ॥
ਸੀਲੁ ਬਿਗਾਰਿਓ ਤੇਰਾ ਕਾਮ ॥੪॥

ਗੁਰਬਾਣੀ ਵਿਚ ਪੇਸ਼ ਨਜ਼ਰੀਏ ਬਾਬਤ ਸਮਝਣ ਵਾਲਾ ਬੁਨਿਆਦੀ ਨੁਕਤਾ ਇਹ ਹੈ ਕਿ ਤਿਆਗ ਮਾਇਆ ਦਾ ਹੈ, ਸੰਸਾਰ ਦਾ ਨਹੀਂ। ਮਾਇਆ ਦਾ ਮਤਲਬ ਇਸ ਦੁਨੀਆਂ ਦੇ ਪਦਾਰਥ, ਇੰਦਰੀਆਂ ਦੇ ਰਸ, ਸਬੰਧੀਆਂ ਨਾਲ ਰਿਸ਼ਤੇ, ਦੁਨਿਆਵੀ ਕਾਰ ਵਿਹਾਰ, ਸਮਾਜਕ ਪੈਦਾਵਾਰੀ ਤੇ ਉਸ ਨਾਲ ਸਬੰਧਤ ਕੰਮ ਨਹੀਂ। ਮਾਇਆ ਦਾ ਮਤਲਬ ਦੁਨੀਆਂ ਦੇ ਉਹ ਪਦਾਰਥ ਇੰਦਰਿਆਂ ਦੇ ਉਹ ਰਸ, ਸਬੰਧੀਆਂ ਤੇ ਹੋਰ ਮਨੁੱਖਾਂ ਨਾਲ ਉਹ ਰਿਸ਼ਤੇ, ਦੁਨੀਆਂ ਦੇ ਉਹ ਕਾਰ ਵਿਹਾਰ ਹਨ ਜੋ ਕਾਮ ਕ੍ਰੋਧ ਆਦਿ ਮਨੋਰਥਾਂ ਦੇ ਅਧੀਨ ਕੀਤੇ ਜਾਂਦੇ ਹਨ। ਦੂਸਰੇ ਲਫ਼ਜ਼ਾਂ ਵਿਚ ਗੁਰਬਾਣੀ ਸਭਿਅਤਾ ਦੇ ਬਰਖਿਲਾਫ਼ ਨਹੀਂ। ਉਸ ਖਾਸ ਸਭਿਅਤਾ ਦੇ ਵਿਰੋਧੀ ਹੈ ਜੋ ਕਾਮ ਕ੍ਰੋਧ ਆਦਿ ਮਨੁੱਖੀ ਮਨੋਰਥਾਂ ਤੇ ਅਧਾਰਤ ਹੈ। ਜਿਸ ਨੂੰ ਮਨੁੱਖ ਦੇ ਮਨੋਰਥ ਚਲਾਉਂਦੇ ਹਨ। ਜਿਸ ਦਾ ਸਿੱਟਾ ਮਾਣਸਾਂ ਦੀ ਪੀਤੀ ਜਾਂਦੀ ਰੱਤ ਹੈ ਅਤੇ ਜਿਸ ਦਾ ਨਤੀਜਾ ਮਨੁੱਖਾਂ ਦੀ ਗਿਰਾਵਟ, ਵਹਿਸ਼ਤ ਹੈ।

ਗੁਰਬਾਣੀ ਦੀ ਵਸਤੂ ਐਸੀ ਸਭਿਅਤਾ ਦੀ ਵਿਰੋਧੀ ਹੈ ਅਤੇ ਇਸ ਦੇ ਥਾਂ ਇਸ ਦੇ ਵਿਰੋਧੀ ਇਨਸਾਨੀਅਤ ਅਤੇ ਅਧਾਰਤ ਸਭਿਅਤਾ ਦਾ ਅਸਥਾਪਨ ਹੈ। ਅਤੇ ਇਹ ਵਸਤੂ ਸਮਾਜਕ ਹੈ। ਹਰ ਸਭਿਅਤਾ, ਸਮਾਜਕ ਰਿਸ਼ਤਿਆਂ ਦਾ ਹਰ ਪੈਟਰਨ ਵਜੂਦ ਵਿਚ ਆਉਣ ਵਾਸਤੇ ਆਪਣੇ ਅਨਕੂਲ, ਮਨੁੱਖੀ ਮਨ ਵਿਚ ਮਨੋਰਥ, ਜਜ਼ਬੇ ਕਦਰਾਂ ਪੈਦਾ ਕਰਦਾ ਹੈ। ਜਿੰਨਾਂ ਚਿਰ ਉਹ ਮਨੋਰਥ ਤੇ ਕਦਰਾਂ ਕਾਇਮ ਰਹਿੰਦੀਆ ਹਨ, ਸਭਿਅਤਾ ਬਰਕਰਾਰ ਰਹਿੰਦੀ ਹੈ। ਜਦੋਂ ਪੈਦਾਵਾਰ ਦੀਆਂ ਸ਼ਕਤੀਆਂ ਦਾ ਵਿਕਾਸ ਪ੍ਰਚਲਤ ਦੇ ਵਿਰੋਧੀ ਜਜ਼ਬਿਆਂ ਕਦਰਾਂ ਨੂੰ ਜਨਮ ਦੇ ਦੇਵੇ, ਪ੍ਰਚਲਤ ਸਭਿਅਤਾ ਢਹਿ ਪੈਂਦੀ ਹੈ। ਗੁਰਬਾਣੀ ਸਿਖੀ ਦੀ ਵਿਚਾਰਧਾਰਾ ਦੇ ਪੈਦਾ ਹੋਣ ਦਾ ਮਤਲਬ ਹੈ ਕਿ ਪ੍ਰਚਲਤ ਫੀਊਡਲ ਸਭਿਅਤਾ ਦੀਆਂ ਕਦਰਾਂ ਮਨੋਰਥਾਂ ਦੇ ਖਿਲਾਫ ਮਨੋਰਥ ਤੇ ਕਦਰਾਂ ਪੈਦਾ ਹੋ ਚੁੱਕੀਆਂ ਹਨ। ਉਹ ਗੁਰਬਾਣੀ ਦੇ ਰੱਬ ਨਾਲ ਸਬੰਧਤ ਹਨ, ਰੱਬ ਦੇ ਨਾਮ ਦੀ ਇਹ ਵਸਤੂ ਹਨ। ਸੋ ਜਦੋਂ ਮਨ ਵਿਚ ਨਾਮ ਦਾ ਵਾਸਾ ਹੋ ਜਾਵੇ, ਕਾਮ, ਕ੍ਰੋਧ, ਆਦਿ ਦੀ ਮੈਲ ਮਨ ਵਿਚੋਂ ਨਿਕਲ ਜਾਂਦੀ ਹੈ, ਜਦੋਂ ਇਹ ਮਨੋਰਥ ਤੇ ਕਦਰਾਂ ਸਮਾਜ ਵਿਚੋਂ ਨਿਕਲ ਗਈਆਂ ਫ਼ੀਊਡਲ ਸਭਿਅਤਾ ਦਾ ਦਹਿਣਾ ਲਾਜ਼ਮੀ ਹੈ। ਨਵੀਂ ਸਭਿਅਤਾਵਾਂ, ਤੇ ਉਸ ਦੀਆਂ ਕਦਰਾਂ ਤੇ ਅਨਕੂਲ ਸਮਾਜਕ ਪੈਦਾਵਾਰੀ ਦੀ ਵਰਤੋਂ ਇੰਦਰੀਆਂ ਦੇ ਰਸ, ਮਨੁੱਖੀ ਰਿਸ਼ਤੇ ਪਵਿੱਤਰ ਹਨ। ਸੋ ਗੁਰਬਾਣੀ ਦੀ ਵਸਤੂ ਸਮਾਜਕ ਹੈ। ਇਸ ਵਿਚ ਪੇਸ਼ ਮਸਲਾ ਸਭਿਅਤਾ ਦੀ ਤਬਦੀਲੀ ਹੈ। ਇਸ ਵਿਚ ਪਰੇਰਨਾ ਪ੍ਰਚਲਤ ਗੈਰ ਸਦਾਚਾਰਕ ਸਭਿਅਤਾ ਨੂੰ ਢਾਹ ਕੇ ਨਵੀਂ ਸਦਾਚਾਰਕ ਸਭਿਅਤਾ ਉਸਾਰਨ ਦੀ ਹੈ। ਪ੍ਰਚਲਤ ਸਭਿਅਤਾ ਦੇ ਮਾਲਕ ਆਪਣੀ ਐਧ ਪੁਗਾਣ ਤੇ ਆਪਣੇ ਆਪ ਤਾਕਤ ਛੱਡ ਨਹੀਂ ਦੇਂਦੇ ਸਗੋਂ ਜਿਵੇਂ ਜਿਵੇਂ ਉਨ੍ਹਾਂ ਦੀ ਸਭਿਅਤਾ ਦੀਆਂ ਜੜ੍ਹਾਂ ਹਿਲਦੀਆਂ ਹਨ ਤਿਵੇਂ ਤਿਵੇਂ ਉਹ ਹੋਰ ਵਹਿਸ਼ੀ ਤੇ ਖ਼ੂਨਖਾਰ ਹੁੰਦੇ ਹਨ। ਲੋਕਾਂ ਵਾਸਤੇ ਲਾਜ਼ਮੀ ਹੋ ਜਾਂਦਾ ਹੈ ਕਿ ਆਪਣੀ ਤੇ ਆਪਣੀ ਲਹਿਰ, ਨਵੀਂ ਸਭਿਅਤਾ ਉਸਾਰਨ ਦੀ ਆਪਣੀ ਇਤਿਹਾਸਕ ਸ਼ਕਤੀ ਦੀ ਰਾਖੀ ਕਰਨ ਲਈ ਹਥਿਆਰਬੰਦ ਹੋਣ। ਇਸ ਵਾਸਤੇ ਹੀ ਗੁਰਬਾਣੀ ਦੇ ਨਾਮ 'ਗਰੀਬ ਦੀ ਰਖਿਆ ਤੇ ਜਰਵਾਣੇ ਦੀ ਭਖਿਆ' ਵਾਸਤੇ ਤਲਵਾਰ ਨੂੰ ਜਨਮ ਦਿੱਤਾ। ਇਸ ਵਾਸਤੇ ਹੀ ਇਸ ਵਿਚਾਰ-ਧਾਰਾ ਤੋਂ ਪੈਦਾ ਹੋਈ ਲਹਿਰ ਨੇ ਸਮਾਜਕ ਇਨਕਲਾਬ ਲਿਆਂਦਾ। ਜੇ ਸਿਆਸੀ ਬੋਲੀ ਵਿਚ ਕਹਿਣਾ ਹੋਵੇ ਤਾਂ ਰੱਬ ਤੇ ਨਾਮ ਵਿਚ ਸਮਾਜਕ ਵਸਤੂ ਮਨੁੱਖੀ ਆਜ਼ਾਦੀ ਦੀ ਹੈ। ਮਾਣਸਾ ਦੀ ਪੀਤੀ ਜਾ ਰਹੀ ਰੱਤ ਹਟਾਉਣ ਦੀ ਹੈ ਅਤੇ ਉਹ ਹਰ ਸ਼ਬਦ ਵਿਚ ਹੈ। ਦੂਸਰੇ ਲਫ਼ਜ਼ਾਂ ਵਿਚ ਗੁਰ-ਬਾਣੀ ਦੇ ਰੱਬ ਤੇ ਨਾਮ ਨਾਲ ਖਾਸ ਸਮਾਜਕ ਕੀਮਤਾਂ ਸਬੰਧਤ ਹਨ। ਜਿਸ ਤਰ੍ਹਾਂ ਮੈਂ ਬਾਰ ਬਾਰ ਕਹਿ ਚੁੱਕਾਂ ਹਾਂ ਕਿਸੇ ਮਜ਼੍ਹਬੀ ਗ੍ਰੰਥ ਜਾਂ ਰਚਨਾ ਦਾ ਸਮਾਜਕ ਰੋਲ, ਉਸ ਦੀ ਕੀਮਤ ਉਸ ਵਿਚਲੇ ਰੱਬ ਨਾਲ ਸਬੰਧਤ ਸਮਾਜਕ ਕੀਮਤਾਂ ਉੱਤੇ ਮੁਨਹਸਰ ਹੁੰਦੀ ਹੈ। ਇਹ ਕੀਮਤਾਂ ਦਾ ਟੱਕਰਾ ਇਨ੍ਹਾਂ ਦਾ ਨਖੇੜ ਮਹਾਨ ਮਜ਼੍ਹਬੀ ਰਚਨਾਵਾਂ ਵਿਚ ਲਾਜ਼ਮੀ ਹੁੰਦਾ ਹੈ। ਜਾਂ ਦੂਸਰੇ ਲਫ਼ਜ਼ਾਂ ਵਿਚ ਉਹ ਮਹਾਨ ਹੁੰਦੀਆਂ ਹੀ ਤਾਂ ਹਨ ਕਿਉਂਕਿ ਉਨ੍ਹਾਂ ਦੇ ਰੋਮ ਰੋਮ ਵਿਚ ਟਕਰਾ ਪੇਸ਼ ਹੋਂਦਾ ਹੈ। ਜਿਥੇ ਰੱਬ ਦਾ ਜ਼ਿਕਰ ਹੈ ਉਥੇ ਜ਼ਰੂਰੀ ਨਹੀਂ ਕੀਮਤਾਂ ਦਾ ਨਿਖੇੜ ਕੇਂਦਰੀ ਹੋਵੇ। ਭਾਈ ਵੀਰ ਸਿੰਘ ਵੇਖਣ ਨੂੰ ਗੁਰਬਾਣੀ ਦੀ ਪਰੰਪਰਾ ਹੀ ਪੇਸ਼ ਕਰ ਰਿਹਾ ਹੈ। ਪਰ ਉਸ ਦੀ ਰਚਨਾ ਵਿਚ ਰੱਬ ਨਾਲ ਸਮਾਜਕ ਕੀਮਤਾਂ ਦਾ ਟੱਕਰਾ ਘਟ ਹੀ ਹੁੰਦਾ ਹੈ। ਇਸ ਵਾਸਤੇ ਰਚਨਾ ਹਲਕੀ ਹੈ। ਉਸ ਦੇ ਰੱਬ

ਦਾ ਰੋਲ ਗੁਰਬਾਣੀ ਵਾਲੇ ਰੱਬ ਦਾ ਰੋਲ ਨਹੀਂ। ਉਸ ਦੇ ਵਿਰੋਧੀ ਹੈ। ਰੱਬ ਦੀਆਂ ਕਿਸਮਾਂ ਦਾ ਨਿਤਾਰਾ ਉਨ੍ਹਾਂ ਨਾਲ ਸਬੰਧਤ ਕੀਮਤਾਂ ਤੋਂ ਹੀ ਹੋ ਸਕਦਾ ਹੈ। ਅਤੇ ਇਹ ਕੁਦਰਤੀ ਹੈ। ਸਾਹਿਤਕ ਰਚਨਾ ਕੀਮਤ ਅੰਤ ਉਸ ਦੇ ਵਸਤੂ ਉੱਤੇ ਮੁਨਹਸਰ ਹੁੰਦੀ ਹੈ ਅਤੇ ਮਜ਼ਬੀ ਰਚਨਾਵਾਂ ਇਸ ਕਾਨੂੰਨ ਤੋਂ ਬਾਹਿਰ ਨਹੀਂ।

ਜਦੋਂ ਪੰਜਾਬੀ ਆਲੋਚਕਾਂ ਰੂਹਾਨੀਅਤ ਨੂੰ ਸਮਾਜਕ ਮਸਲੇ ਨਾਲੋਂ ਅਣ ਸਬੰਧਤ ਕਰਾਰ ਦੇਂਦੇ ਹਨ ਉਨ੍ਹਾਂ ਦੇ ਸਾਮ੍ਹਣੇ ਇਹ ਸਵਾਲ ਪੇਸ਼ ਹੋਣਾ ਚਾਹੀਦਾ ਹੈ ਕਿ ਰੂਹਾਨੀਅਤ ਨਿਰੋਲ ਰੂਹ ਦਾ ਮਸਲਾ ਹੈ ਅਤੇ ਰੂਹ ਨੂੰ ਰੱਬ ਨੇ ਵੀ ਹਿਰਦੇ ਦੇ ਅੰਦਰ ਆ ਕੇ ਹੀ ਮਿਲਣਾ ਹੈ ਅਤੇ ਬਾਹਰ ਸ੍ਰਿਸ਼ਟੀ ਵਿਚ ਦੀ ਰੱਬ ਨੂੰ ਰੂਹ ਦੀਆਂ ਅੱਖਾਂ ਨੇ ਹੀ ਵੇਖਣਾ ਹੈ, ਇਹ ਰੂਹਾਨੀਅਤ ਦਾ ਵੇਗ ਇਕ ਬਿਲਕੁਲ ਚਾਤੀ, ਪਰਾਈਵੇਟ, ਅੰਦਰਲੇ ਦੀ ਗੱਲ ਹੈ ਤਾਂ ਵੇਲੇ ਦੀ ਹਕੂਮਤ ਦਾ ਇਸ ਨਾਲ ਵਿਰੋਧ ਕਿਉਂ ਹੁੰਦਾ ਹੈ ? ਇਹ ਵੇਗ ਹਕੂਮਤ ਦੀਆਂ ਅੱਖਾਂ ਸਾਮ੍ਹਣੇ ਆਉਂਦਾ ਹੀ ਕਿਸ ਤਰ੍ਹਾਂ ਹੈ, ਉਸ ਨਾਲ ਵਾਸਤਾ ਹੀ ਕਿਉਂ ਹੁੰਦਾ ਹੈ ? ਜੇ ਸਮਾਜਕ ਤੌਰ ਉੱਤੇ ਖਾਸ ਸਮਾਜਕ ਕੀਮਤਾਂ ਲਾਗੂ ਕਰਾਉਣ ਦੇ ਵੇਗ ਨਾਲੋਂ ਰੂਹਾਨੀਅਤ ਦਾ ਵੇਗ ਬਿਲਕੁਲ ਵੱਖਰਾ ਹੈ, ਜਾਂ ਰੱਬ ਉਨ੍ਹਾਂ ਸਮਾ-ਜਕ ਕੀਮਤਾਂ ਦੀ ਪ੍ਰਾਪਤੀ ਤੋਂ ਬਗੈਰ ਹੀ ਮਿਲ ਸਕਦਾ ਹੈ, ਜਾਂ ਰੂਹਾਨੀਅਤ ਦਾ ਸਮਾਜਕ ਤੌਰ ਉੱਤੇ ਖਾਸ ਕੀਮਤਾਂ ਦੇ ਸੱਚੇ ਦੇ ਲਾਗੂ ਕਰਾਉਣ ਨਾਲ ਕੋਈ ਤੁਅਲਕ ਨਹੀਂ ਤਾਂ ਨਾਮ ਦੇ ਰਸੀਏ ਜਥੇਬੰਦ ਕਿਉਂ ਹੋਏ। ਇਨ੍ਹਾਂ ਦੀ ਸਮਾਜਕ ਸਿਆਸੀ ਲਹਿਰ ਕਿਉਂ ਬਣੀ, ਇਹ ਵੇਲੇ ਦੀ ਹਕੂਮਤ ਨਾਲ ਕਿਉਂ ਟਕਰਾਏ। ਜੋ ਇਤਿਹਾਸ ਵਿਚ ਗੁਰਬਾਣੀ ਤੋਂ ਪੈਦਾ ਹੋਈ ਲਹਿਰ ਨੇ ਕੀਤਾ, ਆਲੋਚਨਾ ਨੂੰ ਆਪਣੀ ਕੀਤੀ ਬਾਣੀ ਦੀ ਵਿਆਖਿਆ ਅਨੁਸਾਰ, ਉਸ ਦਾ ਬਾਣੀ ਵਿਚੋਂ ਨਿਕਲਣਾ ਵਖਾਉਣਾ ਚਾਹੀਦਾ ਹੈ, ਜੇ ਕੋਈ ਵਿਆਖਿਆ ਨਹੀਂ ਵਿਖਾ ਸਕਦੀ ਤਾਂ ਇਸ ਦਾ ਮਤਲਬ ਹੈ ਕਿ ਉਹ ਵਿਆਖਿਆ ਗਲਤ ਹੈ। ਜੇ ਰੱਬ ਦੇ ਮਿਲਣ ਦੇ ਵੇਲੇ ਦੇ ਸਮਾਜਕ ਮਸਲੇ ਨਾਲ ਤਅੱਲਕ ਹੀ ਨਹੀਂ ਤਾਂ ਕਿਸੇ ਨੂੰ ਕੀ, ਆਪਣੇ ਰੱਬ ਨੂੰ ਕੋਈ ਢੂੰਡਦਾ ਫਿਰੇ। ਕਿਉਂ ਹਕੂਮਤਾਂ ਉਠਦੇ ਮਜ਼ਬ ਦੇ ਸਿਰ ਹੋ ਜਾਂਦੀਆਂ ਹਨ ? ਕਿਉਂ ਲੱਖਾਂ ਕਰੋੜਾਂ ਆਦਮੀ ਉਸ ਮਜ਼ਬ ਦੇ ਪੈਰੋਕਾਰ ਬਣ ਕੇ ਉਸ ਵਾਸਤੇ ਮਰ ਮਿਟਦੇ ਹਨ ? ਕਿਉਂ ਹਕੂਮਤਾਂ ਤੋਂ ਅੱਖ ਬਚਾ ਕੇ ਆਪੋ ਆਪਣਾ ਰੱਬ ਨਹੀਂ ਪਾ ਲੈਂਦੇ। ਹਕੂਮਤਾਂ ਨਾਲ ਹਮੇਸ਼ਾਂ ਕਿਉਂ ਟਕਰਾਉਂਦੇ ਹਨ ? ਕਿਉਂ ਮਜ਼ਬ ਤੋਂ ਪੈਦਾ ਹੋਈਆਂ ਲਹਿਰਾਂ ਸਿਆਸੀ ਰੰਗ ਵਖਾਉਂਦੀਆਂ ਹਨ, ਸਭਿਅਤਾ ਵਿਚ ਤਬਦੀਲੀ ਲਿਆਉਂਦੀਆਂ, ਰਾਜਾਂ ਨੂੰ ਢਾਹੁੰ-ਦੀਆਂ ਉਸਾਰਦੀਆਂ ਹਨ ? ਮੈਂ ਚਾਹੁੰਦਾ ਹਾਂ ਕਿ ਪੰਜਾਬੀ ਆਲੋਚਕ ਇਸ ਸਵਾਲ ਦਾ ਸਿੱਧਾ ਜਵਾਬ ਦੇਣ ਤਾਕਿ ਬਾਣੀ ਦਾ ਮਤਲਬ ਅਤੇ ਸਿੱਖ ਲਹਿਰ ਦਾ ਇਤਿਹਾਸ ਇਕ ਸੁਰ ਹੋਵੇ, ਇਤਿਹਾਸ ਬਾਣੀ ਵਿਚੋਂ ਨਿਕਲਦਾ ਦਿਸੇ। ਬਾਣੀ ਦੇ ਬੂਟੇ ਨੂੰ ਲੱਗਦਾ ਫਲ ਦਿਸੇ।

ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਬਾਬਤ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਸਮਾਜ ਨਾਲ ਤੁਅਲਕ ਨਹੀਂ, ਉਹ ਆਮ ਤੌਰ ਉੱਤੇ ਉਹ ਸ਼ਬਦ ਹਨ ਜਿਨ੍ਹਾਂ ਵਿਚ ਜਾਂ ਤਾਂ ਰੱਬ ਦੀ ਉਸਤਤ ਕੀਤੀ ਹੋਈ ਹੈ, ਜਾਂ ਮਨੁੱਖ ਦੀ ਉਸ ਨਾਲ ਅਭੇਦ ਹੋਣ ਦੀ ਤੀਬਰ ਤਾਂਘ ਪ੍ਰਗਟ ਹੈ, ਜਾਂ ਰੱਬ ਨਾਲ ਅਭੇਦ ਹੋਣ ਦੀ ਦਸ਼ਾ ਵਰਨਣ ਹੈ। ਮਨੁਖ ਦੇ ਰੱਬ ਨੂੰ ਮਿਲਣ ਦੇ ਵੇਗ ਦਾ ਕੋਈ ਪਹਿਲੂ ਕੋਈ

ਸਟੇਜ ਵੀ ਬਿਆਨ ਹੋਵੇ, ਉਸ ਦਾ ਸਮਾਜਕ ਰੋਲ ਹੈ ਅਤੇ ਉਹ ਹੀ ਹੈ ਜੋ ਉਪਰ ਦਸਿਆ ਗਿਆ ਹੈ ।

ਸੀਹਾ ਬਾਜਾਂ ਚਰਗਾ ਕੁਹੀਆਂ
ਇਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ
ਏਹਿ ਚਲਾਏ ਰਾਹ ॥
ਨਦੀਆਂ ਵਿਚਿ ਟਿਬੇ ਦੇਖਾਲੇ ।
ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ
ਲਸ਼ਕਰ ਕਰੇ ਸੁਆਹ ॥
ਜੇਤੇ ਜੀਅ ਜੀਵਹਿ ਲੈ ਸਾਹਾ ।
ਜੀਵਾਲੇ ਤਾ ਕਿ ਅਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ।
ਤਿਉ ਤਿਉ ਦੇਇ ਗਿਰਾਹ ।

ਇਸ ਸ਼ਬਦ ਵਿਚ ਰੱਬ ਦੀ ਉਸਤਤ ਹੈ। ਰਬ ਬਹੁਤ ਬੇਅੰਤ ਹੈ। ਉਸ ਵਿਚ ਇਤਨੀ ਤਾਕਤ ਹੈ ਕਿ ਉਹ ਅਸੰਭਵ ਨੂੰ ਸੰਭਵ ਤੇ ਅਣਹੋਣੀ ਨੂੰ ਹੋਣੀ ਬਣਾ ਸਕਦਾ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਉਹ ਸੀਹਾਂ, ਬਾਜਾਂ ਚਰਗਾਂ ਕੁਹੀਆਂ ਜੋ ਮਾਸ ਹਾਰੇ ਹਨ, ਨੂੰ ਘਾਹ ਖੁਆ ਸਕਦਾ ਹੈ। ਜੋ ਘਾਹ ਖਾਣ ਵਾਲੇ ਹਨ ਉਨ੍ਹਾਂ ਨੂੰ ਮਾਸ ਖਾਣ ਦੇ ਰਾਹ ਪਾ ਸਕਦਾ ਹੈ। ਜੇ ਉਸ ਨੇ ਸਾਹ ਤੋਂ ਬਿਨਾਂ ਰਖਣਾ ਹੋਵੇ ਤਾਂ ਉਸ ਵਾਸਤੇ ਕੀ ਵੱਡੀ ਗੱਲ ਹੈ ? ਸਮਾਜਕ ਵੇਗ ਵਿਚ ਅਥਾਹ ਤਾਕਤ ਹੈ ਜਿਧਰ ਰੁਖ ਕਰੇ ਉਹ ਹੋ ਜਾਂਦਾ ਹੈ ਜਿਧਰ ਮੂੰਹ ਕਰੇ ਉਹ ਤੁਰ ਜਾਂਦਾ ਹੈ। ਮਾਸ ਹਾਰਿਆਂ ਨੂੰ ਘਾਹ ਖੁਆ ਸਕਦਾ ਹੈ। ਦੂਸਰਿਆਂ ਦਾ ਸ਼ਿਕਾਰ ਕਰਨ ਵਾਲਿਆਂ ਦੀਆਂ ਲੀਕਾਂ ਕਢਾ ਸਕਦਾ ਹੈ। ਜੋ ਘਾਹ ਖਾਣ ਵਾਲੇ ਹਨ ਉਨ੍ਹਾਂ ਦੇ ਮੂੰਹ ਮਾਸ ਲਵਾ ਸਕਦਾ ਹੈ। ਹੇਠਲੇ ਉੱਤੇ ਅਤੇ ਉਤਲੇ ਹੇਠਾਂ ਕਰ ਸਕਦਾ ਹੈ। ਸੂਫੀਆਂ ਤੇ ਭਗਤੀ ਲਹਿਰ ਵਾਲਿਆਂ ਦੀ ਜ਼ਿੰਦਗੀ ਬਾਬਤ ਮਹਾਨ ਪਰਖ ਇਹ ਹੈ ਕਿ ਉਹ ਇਸ ਨੂੰ ਤੁਰਦੀ ਵੇਖਦੇ ਹਨ ਅਤੇ ਆਮ ਤੌਰ ਉੱਤੇ ਇਸ ਸਚਾਈ ਨੂੰ ਨਦੀ ਦੇ ਵਹਿਣ ਦੇ ਬਿੰਬ ਰਾਹੀਂ ਪੇਸ਼ ਕਰਦੇ ਹਨ। ਨਦੀਆਂ ਦਾ ਖਾਸਾ ਹੁੰਦਾ ਹੈ ਕਿ ਜਿਧਰ ਨੂੰ ਮੂੰਹ ਕਰ ਲੈਣ ਉਧਰ ਜਲ ਥਲੀ ਹੋ ਜਾਂਦੀ ਹੈ ਅਤੇ ਜਿਧਰੋਂ ਮੂੰਹ ਮੋੜ ਲੈਣ ਉਧਰ ਬਰੇਤਾ ਹੀ ਬਰੇਤਾ ਹੋ ਜਾਂਦੀ ਹੈ। ਇਹ ਵੀ ਪੈਦਾਵਾਰੀ ਦੀਆਂ ਸ਼ਕਤੀਆਂ ਤੇ ਸਮਾਜਕ ਵੇਗ ਦਾ ਖਾਸਾ ਹੈ। ਜਿਸ ਜਮਾਤ ਵਲ ਮੂੰਹ ਕਰ ਲੈਣ ਉਸ ਦੇ ਨੱਥ ਵਿਚ ਸਮਾਜ ਦੀ ਕੁਲ ਸ਼ਕਤੀ ਆ ਜਾਂਦੀ ਹੈ, ਸਭ ਗੁਣ ਆ ਜਾਂਦੇ ਹਨ, ਉਸ ਦੀ ਤੋਰ ਤੁਰ ਪੈਂਦੀ ਹੈ, ਉਸ ਦਾ ਹਿਤ ਸਮਾਜ ਦਾ ਸੱਚ ਹੋ ਜਾਂਦਾ ਹੈ। ਉਹ ਕੁਲ ਭਾਗਾਂ ਦੀ ਮਾਲਕ ਹੋ ਜਾਂਦੀ ਹੈ। ਜਿਸ ਜਮਾਤ ਵਲੋਂ ਮੂੰਹ ਮੋੜ ਲੈਣ ਉਹ ਕੌਡੀਓਂ ਖੋਟੀ ਹੋ ਜਾਂਦੀ ਹੈ, ਹਰ ਪਾਸਿਓਂ ਹਲਕੀ ਹੋ ਕੇ ਹਾਰ ਕੇ ਹਾਰ ਜਾਂਦੀ ਹੈ। ਤੀਜਾ ਬਿੰਬ ਹੈ ਸਮਾਜ

ਦੇ ਉਸ ਤਬਕੇ ਦਾ ਜੋ ਸਭ ਦੇ ਅਧੀਨ ਹੈ । ਜਿਸ ਨੂੰ ਕੋਈ ਪੁਛਦਾ ਨਹੀਂ । ਜੋ ਕੂੜਾ ਕਿਰਕਟ ਹੈ । ਰੱਬ ਦੀ ਰਜ਼ਾ ਹੋਵੇ ਸਮਾਜਕ ਵੇਗ ਉਨ੍ਹਾਂ ਵਲ ਮੂੰਹ ਕਰ ਲਵੇ, ਹਾਲਾਤ ਇਨਕਲਾਬ ਵਾਸਤੇ ਪੱਕ ਜਾਣ ਤਾਂ ਇਹ 'ਕੀੜੇ' ਰਾਜ ਅਸਥਾਪਤ ਕਰ ਸਕਦੇ ਹਨ, ਲਸ਼ਕਰਾਂ ਦੇ ਲਸ਼ਕਰ ਖ਼ਤਮ ਕਰ ਸਕਦੇ ਹਨ। ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਕਿ ਜਿਵੇਂ ਜਿਵੇਂ ਸੱਚੇ ਪਾਤਸ਼ਾਹਾਂ ਨੂੰ ਭਾਉਂਦਾ ਹੈ ਉਸ ਤਰ੍ਹਾਂ ਹੀ ਗਰਾਹੀ ਦੇਂਦਾ ਹੈ, ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਤਾਂ ਰੱਬ ਦੀ ਬਾਬਤ ਇਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ, ਗਰਾਹੀ ਵੀ ਉਸ ਤਰ੍ਹਾਂ ਦੇਂਦਾ ਹੈ, ਉਸ ਦੇ ਹੁਕਮ ਬਗੈਰ ਪੱਤਾ ਵੀ ਨਹੀਂ ਹਿਲ ਸਕਦਾ ਪਰ ਪੰਜਾਬੀ ਦੇ ਅਲੋਚਕ ਇਹ ਦਸਦੇ ਹਨ ਕਿ ਸਿਵਾਇ ਚੰਦ ਸ਼ਬਦਾਂ ਤੋਂ ਗੁਰਬਾਣੀ ਤੇ ਉਸ ਵਿਚ ਜਿਹੇ ਰੱਬ ਦਾ ਸਮਾਜ ਨਾਲ ਕੋਈ ਤਅੱਲਕ ਨਹੀਂ । ਉਸ ਵਿਚ ਕੋਈ ਸਮਾਜਕ ਵਸਤੂ ਨਹੀਂ । ਸਮਾਜਕ ਵੇਗ ਜਿਥੇ ਕਿਸੇ ਜਮਾਤ ਨੂੰ ਰਖਦਾ ਹੈ ਉਥੇ ਹੀ ਰਹਿਣਾ ਪੈਂਦਾ ਹੈ । ਅਤੇ ਸਮਾਜਕ ਪੈਦਾਵਾਰੀ ਦਾ ਹਿੱਸਾ ਵੀ ਉਤਨਾ ਹੀ ਮਿਲਦਾ ਹੈ ਜਿਤਨਾ ਉਹ ਦੇਵੇ, ਇਸ ਦਾ ਇਹ ਮਤਲਬ ਨਹੀਂ ਕਿ ਮਨੁੱਖ ਹਰਾਸ ਛੱਡ ਦੇਵੇ । ਬਿਲਕੁਲ ਨਹੀਂ । ਮਤਲਬ ਇਹ ਹੈ ਕਿ ਜੋ ਹੋਣਾ ਹੈ ਰੱਬ ਦੇ ਭਾਣੇ ਅਨੁਸਾਰ ਹੋਣਾ ਹੈ । ਸਮਾਜਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੋਣਾ ਹੈ । ਵੇਖਣ ਨੂੰ ਇਹ ਤੇ ਇਸ ਵਰਗੇ ਹੋਰ ਸ਼ਬਦ ਸਿਰਫ਼ ਰੱਬ ਦੀ ਉਸਤਤ ਹੀ ਕਰਦੇ ਹਨ । ਪਰ ਇਸ ਸ਼ਬਦ ਦਾ ਅਸਰ ਕੀ ਹੈ ? ਕਿ ਰੱਬ ਬੇਅੰਤ ਹੈ, ਜੋ ਜੀ ਚਾਹੇ ਕਰ ਸਕਦਾ ਹੈ । ਜੋ ਮਨੁੱਖ ਕਾਮ, ਕ੍ਰੋਧ ਆਦਿ ਦੀ ਮੰਨ ਵਿਚੋਂ ਮੈਲ ਕੱਢ ਕੇ ਰੱਬ ਦੀ ਰਜ਼ਾ ਮੰਨ ਲੈਂਦਾ ਹੈ, ਉਸ ਦੇ ਪੂਰਨ ਅਧੀਨ ਹੋ, ਉਸ ਦੀ ਰਜ਼ਾ ਦਾ ਸੰਦ ਹੋ ਤੁਰਦਾ ਹੈ ਉਹ ਆਪ ਭਾਵੇਂ ਕੀੜਾ ਹੀ ਹੋਵੇ, ਰੱਬ ਦੀ ਰਜ਼ਾ ਨਾਲ ਪਾਤਸ਼ਾਹੀਆਂ ਉਲਟਾ ਸਕਦਾ ਹੈ, ਲਸ਼ਕਰ ਹਰਾ ਸਕਦਾ ਹੈ । ਐਸੇ ਰੱਬ ਦੀ ਰਜ਼ਾ ਵਿਚ ਕਿਹੜਾ ਕੀੜਾ ਨਹੀਂ ਹੋਣਾ ਚਾਹੇਗਾ । ਰੱਬ ਦੇ ਇਨਕਲਾਬ ਸਵੈ-ਵਿਸ਼ਵਾਸ ਵਿਚ ਕਿਤਨੀ ਮਜ਼ਬੂਤੀ ਸਮਝਣਗੇ ਕਿ ਉਨ੍ਹਾਂ ਦੀ ਸ਼ਕਤੀ ਵਿਚ ਕਿਤਨਾ ਅਜ਼ਾਫ਼ਾ ਹੋਵੇਗਾ । ਉਹ ਕਿਸ ਤਰ੍ਹਾਂ ਇਹ ਨਹੀਂ ਆਵੇਗੀ ਅਤੇ ਉਨ੍ਹਾਂ ਦੀ ਹਰ ਮੈਦਾਨ ਵਿਚ ਫ਼ਤੇਹ ਹੋਵੇਗੀ । ਰੱਬ ਦੀ ਉਸਤਤ ਗੁਰਬਾਣੀ ਵਿਚ ਕੀਤੀ ਕਿਸ ਤਰ੍ਹਾਂ ਹੈ ? ਮਨੁੱਖੀ ਖ਼ਾਸੀਅਤਾਂ, ਮਨੁੱਖੀ ਗੁਣਾਂ, ਮਨੁੱਖੀ ਕਰਨੀ ਦੀ ਬੋਲੀ ਵਿਚ । ਉਹ ਜਿਸ ਤਰ੍ਹਾਂ ਉਸ ਦਾ ਜੀ ਕਰੇ ਉਸ ਤਰ੍ਹਾਂ ਹਰ ਇਕ ਨੂੰ ਬੁਰਕੀ ਦੇਂਦਾ ਹੈ । ਗੁਰਬਾਣੀ ਦੇ ਮੁਤਾਬਕ ਰੱਬ ਬੇਅੰਤ ਹੈ, ਅਥਾਹ ਹੈ, ਉਸ ਦਾ ਕੋਈ ਅੰਤ ਨਹੀਂ ਪਾ ਸਕਦਾ, ਉਸ ਦੀ ਕਿਸੇ ਨੂੰ ਹਾਥ ਨਹੀਂ ਆ ਸਕਦੀ । ਪਰ ਗੁਰੂ ਸਾਹਿਬਾਨ ਨੇ ਰੱਬ ਨੂੰ ਮਨੁੱਖੀ ਜਾਮੇ ਵਿਚੋਂ ਸਮਝਿਆ, ਮਨੁੱਖੀ ਜਾਮੇ ਵਿਚੋਂ ਉਚਾਰਿਆ, ਮਨੁੱਖੀ ਬੋਲੀ ਵਿਚ ਉਚਾਰਿਆ, ਮਨੁੱਖਾਂ ਨੂੰ ਹੀ ਮੁਖ਼ਾਤਬ ਕੀਤਾ, ਰੱਬ ਨੂੰ ਮਨੁੱਖੀ ਖ਼ਾਸੀਅਤਾਂ ਕਰਣੀ ਦੇ ਰੂਪ ਵਿਚ ਪੇਸ਼ ਕੀਤਾ । ਜੋ ਕਿਹਾ ਹੈ ਸਮਝਣ ਵਾਸਤੇ ਕਿਹਾ ਹੈ, ਮਨੁੱਖੀ ਜ਼ਿੰਦਗੀ ਦੀ ਬੋਲੀ ਵਿਚ ਕਿਹਾ ਹੈ, ਜੋ ਸਮਝਿਆ ਜਾ ਸਕਦਾ ਹੈ । ਸੋ ਗੁਰਬਾਣੀ ਦਾ ਕੋਈ ਸ਼ਬਦ ਲੈ ਲਵੋ ਉਹ ਮਨੁੱਖੀ ਜ਼ਿੰਦਗੀ ਦੇ ਪ੍ਰਸੰਗ ਵਿਚ ਹੈ, ਉਸ ਦੀ ਵਸਤੂ ਸਮਾਜਕ ਹੈ, ਉਸ ਦਾ ਰੋਲ ਜਮਾਤੀ ਰੋਲ ਹੈ । ਮਜ਼੍ਹਬੀ ਵਿਚਾਰਧਾਰਾ ਦਾ ਖ਼ਾਸਾ ਹੈ ਜਿਸ ਜਮਾਤ ਦਾ ਉਹ ਮਜ਼੍ਹਬ ਹੈ ਉਸ ਜਮਾਤ ਦਾ ਹਿਤ ਉਸ ਰੱਬ ਦੇ ਚਿਤਰ ਵਿਚ ਮੂਰਤੀਮਾਨ ਹੁੰਦਾ ਹੈ । ਇਸ ਵਾਸਤੇ ਹੀ ਰੱਬ ਦੀ

ਹਸਤੀ ਦਾ ਬਿਆਨ ਮਨੁੱਖੀ ਜ਼ਿੰਦਗੀ ਦੀ ਬੋਲੀ ਵਿਚ ਹੁੰਦਾ ਹੈ। ਉਸ ਦਾ ਜੱਸਾ ਜਮਾਤੀ ਹੁੰਦਾ ਹੈ। ਜੋ ਉਸ ਜਮਾਤ ਦਾ ਹਿਤ ਹੁੰਦਾ ਹੈ ਉਸ ਰੱਬ ਨੂੰ ਪ੍ਰਵਾਨ ਹੁੰਦਾ ਹੈ, ਉਸ ਦੇ ਮੁਤਾਬਕ ਉਹ ਗੁਣ ਹੁੰਦਾ ਹੈ, ਨੇਕੀ ਹੁੰਦੀ ਹੈ, ਜੋ ਉਸ ਜਮਾਤ ਦੇ ਵਿਰੋਧੀ ਹੁੰਦਾ ਹੈ ਉਸਨੂੰ ਰੱਬ ਮੂੰਹ ਨਹੀਂ ਲਾਉਂਦਾ। ਉਹ ਔਗੁਣ ਹੁੰਦਾ ਹੈ ਅਪਵਿਤਰ ਹੁੰਦਾ ਹੈ, ਗੁਨਾਹ ਹੁੰਦਾ ਹੈ। ਰੱਬ ਦਾ ਜੁਸਾ ਫੋਲਣਾ ਉਸ ਹਿਤ ਦੀ ਗੌਹਰੀ ਹੋਣਾ ਹੁੰਦਾ ਹੈ, ਜਮਾਤੀ ਚੇਤਨਤਾ ਵਿਚ ਨਿਪੁੰਨ ਹੋਣਾ ਹੁੰਦਾ ਹੈ। ਚੂੰਕਿ ਰੱਬ ਜਮਾਤ ਦੇ ਅਧੀਨ ਜ਼ਿੰਦਗੀ ਦਾ ਬਿੰਬ ਹੁੰਦਾ ਹੈ ਇਸ ਵਾਸਤੇ ਰੱਬ ਦੀ ਉਸਤਤ ਉਸ ਜਿਤ ਦੀ ਉਸਤਤ ਬਣ ਜਾਂਦੀ ਹੈ। ਉਸ ਦੀ ਕੀਤੀ ਹੋਈ ਉਸਤਤ ਵਲ ਪਰੇਰਦੀ ਹੈ। ਉਸ ਨੂੰ ਪਹੁੰਚਣ ਦਾ ਮਨੋਰਥ ਮਨ ਭਾਉਂਦਾ ਹੈ। ਰੱਬ ਨਾਲ ਅਭੇਦ, ਇਕ ਮਿਕ ਹੋਣਾ ਉਸ ਹਿਤ ਦਾ ਰੂਪ ਧਾਰਨਾ ਹੁੰਦਾ ਹੈ। ਰੱਬ ਨੂੰ ਮਿਲਣ ਦੀ ਤੀਬਰ ਤਾਂਘ ਉਸ ਹਿਤ ਦੀ ਪੂਰਤੀ ਵਾਸਤੇ ਜੋਸ਼ ਹੋ ਜਾਂਦਾ ਹੈ। ਰੱਬ ਵਿਚ ਫਿਨਾਂ ਫਿਲਾ ਹੋਣਾ ਪੂਰਨ ਤੌਰ ਉੱਤੇ ਉਸ ਹਿਤ ਦੇ ਅਰਪਣ ਹੋ ਜਾਣਾ ਹੋ ਜਾਂਦਾ ਹੈ। ਸੋ ਗੁਰਬਾਣੀ ਦਾ ਕੋਈ ਸ਼ਬਦ ਹੋਵੇ, ਉਸ ਦਾ ਕੋਈ ਮਤਲਬ ਲੱਗੇ ਰੱਬ ਨੂੰ ਪਾਉਣ ਦੇ ਵੇਗ ਦੀ ਕੋਈ ਸਟੇਜ ਕੋਈ ਪਹਿਲੂ ਕੋਈ ਦਸ਼ਾ ਬਿਆਨ ਕਰੇ, ਉਸਦੀ ਵਸਤੂ ਫ਼ੀਉਡਲ ਵਿਰੋਧੀ ਹੈ, ਲੋਕ ਹਿਤ ਹੈ, ਇਨਸਾਨੀਅਤ ਹੈ। ਉਸ ਦਾ ਰੋਲ ਜਮਾਤੀ ਹੈ, ਇਨਕਲਾਬੀ ਹੈ। ਅਤੇ ਗੁਰਬਾਣੀ ਦੀ ਇਹ ਵਿਆਖਿਆ ਗੁਰਬਾਣੀ ਤੋਂ ਉਪਜੀ ਸਿਖੀ ਲਹਿਰ ਦੇ ਸਮਾਜ ਵਿਚ ਇਤਿਹਾਸਕ ਰੋਲ ਨਾਲ ਇਕ ਸੁਰ ਹੈ।

---

# ਸਮਾਂ ਤੇ ਸਮਾਜ

ਪ੍ਰਿੰ. ਸ. ਸ. ਅਮੋਲ

ਹੈਨਰੀ ਬਰਗਸਨ ਨੇ ਲਿਖਿਆ ਹੈ, ''ਜਿੱਥੇ ਕੋਈ ਰਹਿੰਦਾ ਹੈ ਉਥੇ, ਕਿਤੇ ਨਾ ਕਿਤੇ ਇਕ ਰਜਿਸਟਰ ਖੁਲ੍ਹਾ ਹੈ ਜਿਸ ਵਿਚ ਵਕਤ ਲਿਖਿਆ ਜਾਂਦਾ ਹੈ ।

ਇਸ ਦਾ ਇਕ ਭਾਵ ਇਹ ਨਿਕਲਦਾ ਹੈ ਕਿ ਇਸ ਵਸਦੀ ਦੁਨੀਆਂ ਵਿਚ ਸਮੇਂ ਦੇ ਪੈਰਾਂ ਦੇ ਚਿੰਨ੍ਹ ਅਮਿੱਟ ਹਨ ਅਤੇ ਗਹੁ ਤੇ ਧਿਆਨ ਨਾਲ ਵੇਖਿਆ ਹਰ ਸਮੇਂ ਦੇ ਕੁਝ ਚਿਤਰ ਉਸ ਸਮੇਂ ਵਿਚੋਂ ਲੱਭ ਜਾਂਦੇ ਹਨ, ਵਿਸ਼ੇਸ਼ ਕਰਕੇ ਸਾਹਿਤ ਵਿਚੋਂ ਕਿਉਂਕਿ ਸਾਹਿਤ ਆਪਣੇ ਸਮੇਂ ਦਾ ਸ਼ੀਸ਼ਾ ਹੁੰਦਾ ਹੈ ਅਤੇ ਮਹਾਨ ਸਾਹਿਤਕਾਰਾਂ ਦੀ ਰਚਨਾ ਵਿਚ ਸੁਭਾਵਕ ਹੀ ਉਨ੍ਹਾਂ ਦੇ ਸਮੇਂ ਦਾ ਪ੍ਰਤੀਬਿੰਬ ਆ ਜਾਂਦਾ ਹੈ ।

ਇਹ ਪ੍ਰਤੀਬਿੰਬ ਜਾਂ ਚਿੱਤਰ ਜਾਂ ਵਰਣਨ 'ਸੱਚ' ਹੁੰਦਾ ਹੈ ਅਤੇ ਨਿਰੋਲ ਸੱਚ । ਇਹ ਅੱਖੀਂ ਵੇਖੀਂ ਆਪ ਬੀਤੀ ਗਵਾਹੀ ਹੁੰਦੀ ਹੈ । ਇਸ ਲਈ ਭਵਿਸ਼ ਦੀ ਲੰਮੀ ਦੂਰਬੀਨ ਦੇ ਦੂਜੇ ਸਿਰੇ ਉੱਤੇ ਖਲੋ ਕੇ ਵੇਖਿਆਂ ਭੀ ਭੂਤ ਕਾਲ ਦਾ ਇਹ ਸੱਚ ਸਪਸ਼ਟ ਦਿਖਾਈ ਦੇਂਦਾ ਹੈ । ਟੀ. ਐਚ. ਹਕਸਲੇ ਦਾ ਕਥਨ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ, ਉਸ ਦਾ ਵਿਚਾਰ ਹੈ, Time whose tooth gnaws away every thing else is powerless against truth.

ਅਰਥਾਤ ਸਮਾਂ ਜਿਸ ਦਾ ਦੰਦ ਹੋਰ ਸਭ ਸ਼ੈਆਂ ਨੂੰ ਖਾ ਜਾਂਦਾ ਹੈ, ਸੱਚ ਦੇ ਟਾਕਰੇ ਉੱਤੇ ਨਿਰਬਲ ਹੈ । ਭਾਵ ਇਹ ਕਿ ਸੱਚ ਓੜਕ ਨੂੰ ਰਹਿੰਦਾ ਹੈ, ਪਰਗਟ ਹੋ ਕੇ ਨਿਖਰ ਆਉਂਦਾ ਹੈ ।

ਇਸ ਵਿਚ ਸੰਦੇਹ ਨਹੀਂ ਕਿ ਇਕੋ ਸ਼ੈਅ ਵਿਚਾਰ, ਘਟਨਾ, ਹਾਲਤ ਆਦਿ ਨੂੰ ਵੱਖ ਵੱਖ ਸਮਿਆਂ ਉੱਤੇ ਵੇਖਣ ਨਾਲ ਉਹ ਵੱਖ ਵੱਖ ਰੂਪ ਧਾਰ ਜਾਂਦੀ ਹੈ ਜਿਵੇਂ ਕਿਸੇ ਵਸਤੂ ਨੂੰ ਦੂਰੋਂ

ਵੇਖਣ ਤੇ ਸਾਹਮਣਿਓਂ ਜਾਂ ਪਿੱਛੋਂ ਵੇਖਣ ਨਾਲ ਹੁੰਦਾ ਹੈ ਪਰ ਭੂਤ ਕਾਲ ਦੀ 'ਸਚਾਈ' ਨੂੰ ਜਦ ਸਮੇਂ ਦੀ ਹਨੇਰੀ ਡਿਉਢੀ ਦੇ ਪਰਲੇ ਸਿਰੇ ਉੱਤੇ ਰਖ ਕੇ ਦੇਖਿਆ ਜਾਏ ਤਾਂ ਉਹ ਵਧੇਰੇ ਚਮਕਦੀ ਹੈ ਅਤੇ ਸਾਹਿਤ ਦੀ ਪਾਲਿਸ਼ ਉਸ ਨੂੰ ਹੋਰ ਉਘਾੜ ਦੇਂਦੀ ਹੈ। ਇਉਂ ਸਾਹਿਤ ਸਾਨੂੰ ਪਾਠਕਾਂ ਨੂੰ ਭੀ ਇਕ ਤੀਜੀ ਅੱਖ ਪ੍ਰਦਾਨ ਕਰਦਾ ਹੈ ਜਿਸ ਨਾਲ ਅਸੀਂ ਕੁਝ ਵੇਖਦੇ ਹਾਂ ਜੋ ਸਾਨੂੰ ਆਪਣੀਆਂ ਦੋਹਾਂ ਅੱਖਾਂ ਜਾਂ ਆਪਣੀ ਬੁਧੀ ਨਾਲ ਨਹੀਂ ਦਿਸਿਆ ਹੁੰਦਾ। ਇਤਿਹਾਸਕਾਰ ਭੀ ਕੁਝ ਅਜਿਹਾ ਹੀ ਯਤਨ ਕਰਦਾ ਹੈ ਪਰ ਸਾਹਿਤਕਾਰ ਦੀ ਦੂਰਬੀਨ ਤੇ ਖੁਰਦਬੀਨ, ਦੋਵੇਂ ਹੀ ਵਧੇਰੇ ਸ਼ਕਤੀਸ਼ਾਲੀ ਹਨ।

ਆਦਿ ਗ੍ਰੰਥ ਜਿਸ ਦਾ ਰਚਨਾ ਕਾਲ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਕੇ (ਜਿਨ੍ਹਾਂ ਦਾ ਜਨਮ ਸੰਨ ੧੪੬੯ ਈ: ਵਿਚ ਹੋਇਆ) ਗੁਰੂ ਤੇਗ ਬਹਾਦਰ ਜੀ ਤਕ (ਜਿਨ੍ਹਾਂ ਦਾ ਦਿਹਾਂਤ ਸੰਨ ੧੬੭੪ ਈ: ਵਿਚ ਹੋਇਆ) ਮੰਨਣਾ ਚਾਹੀਦਾ ਹੈ। ਇਸ ਵਿਚ ਉਂਝ ਤਾਂ ਸ਼ੇਖ ਫਰੀਦ, ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ ਆਦਿ ਹੋਰ ਪ੍ਰਾਂਤਾਂ ਦੇ ਤੇ ਗੁਰੂ ਜੀ ਤੋਂ ਪਹਿਲਾਂ ਹੋ ਚੁੱਕੇ ਸੰਤਾਂ ਦੀ ਰਚਨਾ ਭੀ ਹੈ ਪਰ ਸਾਡੇ ਵਿਸ਼ੇ ਨਾਲ ਸਬੰਧਤ ਜਾਣਕਾਰੀ ਵਧੇਰੇ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਵਿਚ ਮਿਲਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਲੋਧੀਆਂ ਦੇ ਸਮੇਂ ਨੂੰ ਦੇਖਿਆ, ਉਨ੍ਹਾਂ ਨੇ ਬਾਬਰ ਦਾ ਹੱਲਾ ਨਾ ਕੇਵਲ ਸੁਣਿਆ, ਨਾ ਕੇਵਲ ਵੇਖਿਆ ਸਗੋਂ ਇਤਿਹਾਸ ਦੇ ਕਹਿਣ ਅਨੁਸਾਰ ਉਸ ਹੱਲੇ ਵੇਲੇ ਆਪ ਕੈਦ ਹੋ ਕੇ ਚੱਕੀ ਪੀਹ ਕੇ ਕਸ਼ਟ ਸਹਾਰੇ, ਅਤੇ ਉਨ੍ਹਾਂ ਨੇ 'ਆਉਣ ਅਠਤਰੈ ਜਾਣ ਸਤਾਨਵੈ, ਹੋਰ ਭੀ ਉਠਸੀ ਮਰਦ ਕਾ ਚੇਲਾ' ਦੀ ਭਵਿਸ਼ਬਾਣੀ ਕਰਕੇ ਸ਼ੇਰ ਸ਼ਾਹ ਸੂਰੀ ਦਾ ਆਉਣਾ ਭੀ ਦਸਿਆ। ਗੁਰੂ ਨਾਨਕ ਦੇਵ ਜੀ ਨੇ ਇਸ ਸਮੇਂ ਵਿਚ ਹੀ, ਨਾ ਕੇਵਲ ਭਾਰਤ ਵਿਚ ਸਗੋਂ ਬਗਦਾਦ, ਮੱਕਾ ਸ਼ਰੀਫ ਤੇ ਦੂਜੇ ਪਾਸੇ ਸੀਲੋਨ ਤੇ ਪਹਾੜ ਵਲ ਸੁਮੇਰ ਪਰਬਤ ਦੇ ਯੋਗੀਆਂ ਤਕ ਦੇਸ਼ਾਟਨ ਕੀਤਾ ਅਤੇ ਸੰਤਾਂ, ਫਕੀਰਾਂ ਵਲੀਆਂ ਯੋਗੀਆਂ ਤੋਂ ਲੈ ਕੇ ਸਰਾਫਾਂ, ਰੁਹੇਲਿਆਂ, ਰਾਜਿਆਂ, ਭਾਈ ਲਾਲੋ ਜੇਹੇ ਕਿਰਤੀਆਂ ਤੇ ਨੂਰ ਸ਼ਾਹ ਜੇਹੀਆਂ ਜਾਦੂਗਰਨੀਆਂ ਤਕ ਨੂੰ ਉਹ ਮਿਲੇ, ਉਨ੍ਹਾਂ ਵਿਚੋਂ ਕਈਆਂ ਕੋਲ ਇਕ ਤੋਂ ਵਧੀਕ ਦਿਨ ਰਹੇ ਤੇ ਕਈਆਂ ਨਾਲ ਵਿਚਾਰਾਂ ਕੀਤੀਆਂ।

ਇਹੀ ਕਾਰਨ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਉਨ੍ਹਾ ਦੇ ਆਪਣੇ ਸਮੇਂ ਤੇ ਸਮਾਜ ਦੀ ਅਵਸਥਾ ਵਲ ਬਹੁਤ ਸਾਰੇ ਸੰਕੇਤ ਮਿਲਦੇ ਹਨ। ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦੀ ਗੱਦੀ ਉਤੇ ਬਿਰਾਜਣ ਵਾਲੇ ਵਿਅਕਤੀਆਂ ਦੀ ਬਾਣੀ ਵਿਚ ਅਜੇਹੇ ਸੰਕੇਤ ਘੱਟ ਹਨ ਭਾਵੇਂ ਅਣਹੋਂਦ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਰਾਜਸੀ ਅਵਸਥਾ ਦਾ ਚਿਤਰ ਇਨ੍ਹਾਂ ਸੰਖੇਪ ਪਰ ਸ਼ਕਤੀ-ਸ਼ਾਲੀ ਸ਼ਬਦਾਂ ਵਿਚ ਚਿਤਰਿਆ ਹੈ :—

**ਰਾਜੇ ਸੀਹ ਮੁਕਦਮ ਕੁਤੇ।**
**ਜਾਇ ਜਗਾਇਨ ਬੈਠੇ ਸੁਤੇ।**

ਚਾਕਰ ਨਹਾ ਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ । (ਆਦਿ ਗ੍ਰੰਥ ਸਫ਼ਾ ੧੨੮੮)

ਅਤੇ ਇਸ ਤਰ੍ਹਾਂ ਇਕ ਹੋਰ ਥਾਂ ਉੱਤੇ ਲਿਖਿਆ ਹੈ :—

ਕਲਿ ਕਾਤੀ ਰਾਜੇ ਕਾਸਾਈ (ਆਦਿ ਗ੍ਰੰਥ ਸਫ਼ਾ ੧੪੫)

ਉਨ੍ਹਾਂ ਕਸਾਈ ਰਾਜਿਆਂ ਦਾ ਇਹ ਹਾਲ ਸੀ ਕਿ ਉਹ ਆਰਟ ਵਿਦਿਆ ਆਦਿ ਦੇ ਰਤਨ ਵਿਗਾੜ ਰਹੇ ਹਨ—

ਰਤਨ ਵਿਗਾੜਿ ਵਿਗੋਏ ਕੁਤੀ
ਮੁਇਆ ਸਾਰ ਨਾ ਕਾਈ

ਅਤੇ ਇਸ ਅਵਸਥਾ ਦੀ ਪ੍ਰੋੜ੍ਹਤਾ ਭਾਈ ਗੁਰਦਾਸ ਨੇ ਜੋ, ਤੀਜੇ, ਚੌਥੇ, ਪੰਜਵੇਂ ਤੇ ਛੇਵੇਂ ਗੁਰੂ ਦਾ ਸਮਕਾਲੀ ਸੀ, ਕੀਤੀ ਹੈ ਜਦ ਉਹ ਲਿਖਦਾ ਹੈ ਕਿ :

ਰਾਜੇ ਪਾਪ ਕਮਾਂਵਦੇ ਉਲਟੀ
ਵਾੜ ਖੇਤ ਕਉ ਖਾਈ । (ਵਾਰ ੧)

ਜਦ ਰਾਜਸੀ ਅਵਸਥਾ ਅਜੇਹੀ ਹੋਵੇ ਤਾਂ ਉਸ ਦਾ ਪ੍ਰਭਾਵ ਲੋਕਾਂ ਦੇ ਸਮਾਜਕ ਜੀਵਨ ਉਤੇ ਅਵਸ਼ ਪੈਂਦਾ ਹੈ । 'ਜਥਾ ਰਾਜਾ ਤਥਾ ਪਰਜਾ' ਪਰਫੁਲਤ ਤੇ ਚੰਗੀ ਸਮਾਜਕ ਅਵਸਥਾ ਮਨੁੱਖੀ ਜੀਵਨ ਲਈ ਉਸ ਤਰ੍ਹਾਂ ਹੀ ਹੈ ਜਿਵੇਂ ਕਿਸੇ ਫੁੱਲ ਲਈ ਚੰਗੀ ਧਰਤੀ ਜਿਸ ਵਿਚ ਫੁਲ ਖਿੜਦਾ ਫੁਲਦਾ ਤੇ ਸੁਗੰਧੀ ਦੇਂਦਾ ਹੈ ਪਰ ਜਦ ਧਰਤੀ ਹੀ ਵਿਗੜੀ ਹੋਵੇ ਤੇ ਉਸ ਦੇ ਰਾਖੇ, ਪ੍ਰਬੰਧਕ ਅਧੋਗਤੀ ਵਲ ਜਾ ਰਹੇ ਹੋਣ ਤਾਂ ਪਰਜਾ ਰੂਪੀ ਫੁਲਵਾੜੀ ਦੀ ਕੀ ਹਾਲਤ ਹੁੰਦੀ ਹੈ, ਉਹ ਦੱਸਣ ਤੋਂ ਬਿਨਾਂ ਹੀ ਕਲਪਨਾ ਕੀਤੀ ਜਾ ਸਕਦੀ ਹੈ ।

ਹਰ ਸਮਾਜ ਵਿਚ 'ਚਾਰ ਪ੍ਰਕਾਰ ਦੇ ਜੀਵ ਹੁੰਦੇ ਹਨ :—੧, ਪ੍ਰੇਮ ਕਰਨ ਵਾਲੇ, ੨. ਉੱਨਤੀ ਦੇ ਚਾਹਵਾਨ, ੩. ਪਾਰਮੁ ਜਾਂ ਚੇਤੰਨ ਸੋਝੀ ਵਾਲੇ, ੪. ਮੂਰਖਾਂ, ਪਰ ਜਦ ਰਾਜ ਅਤਿਆਚਾਰ ਤੇ ਜ਼ੁਲਮ ਉਤੇ ਨਿਰਭਰ ਹੈ ? ਤਾਂ ਕੇਵਲ ਲੁਟ ਖਸੁਟ ਵਾਲੇ ਲੋਕਾਂ ਤੇ ਲਾਲਚੀਆਂ ਦਾ ਹੀ ਵਾਧਾ ਹੁੰਦਾ ਹੈ ਅਤੇ ਇਉਂ ਸਮਾਜ ਦੀ ਸਾਰੀ ਤਾਣੀ ਹੀ ਉਲਝ ਜਾਂਦੀ ਹੈ । ਇਸ ਉਲਝੀ ਤਾਣੀ ਦਾ ਪ੍ਰਭਾਵ ਧਰਮ ਤੇ ਇਖਲਾਕ ਉੱਤੇ ਭੀ ਪ੍ਰਗਟ ਹੁੰਦਾ ਹੈ ਖਾਸ ਕਰਕੇ ਜਦ ਵਿਦਿਆ ਦੀ ਭੀ ਘਾਟ ਹੋਵੇ ਜਾਂ ਅਵਿਦਿਆ ਨੂੰ ਗੁਣ ਸਮਝਿਆ ਜਾਂਦਾ ਹੋਵੇ ।

ਡਰਕਨ ਗ੍ਰੀਨਲੀਸ ਨੇ 'ਗੌਸਪਾਲ ਔਫ ਦੀ ਗੁਰੂ ਗ੍ਰੰਥ ਸਾਹਿਬ' ਵਿਚ ਸਫ਼ਾ XX ਉੱਤੇ ਲਿਖਿਆ ਹੈ—

'ਲੋਕ ਅਣਜਾਣ ਤੇ ਬੇਪਰਵਾਹ ਸਨ । ਉਨ੍ਹਾਂ ਦੇ ਪੁਜਾਰੀ ਖੁਦਗਰਜ਼ ਅਤੇ ਮਸਤ ਸਨ । ਦੋਵੇਂ ਫਿਰਕੇ ਬੇਅਰਥ ਰਸਮਾਂ ਅਤੇ ਵਹਿਮਾਂ ਵਿਚ ਫਸੀਆਂ ਹੋਈਆਂ ਸਨ ਅਤੇ ਬਾਹਰਲੇ ਪਖੰਡਾਂ ਵਿਚ ਅਧਿਆਤਮਕਤਾ ਡੁਬ ਚੁਕੀ ਸੀ । ਕਈਆਂ ਦਾ ਲਾਭ ਇਸੇ ਵਿਚ ਸੀ ਕਿ ਮਨੋਂ ਤਾਂ ਆਪਣੇ ਪਿਤਾ ਪਿਤਾਮਾ ਦੇ ਧਰਮ ਨੂੰ ਅਪਣਾਈ ਰਖਣ ਪਰ ਬਾਹਰੋਂ ਆਪਣੇ ਹਾਕਮਾਂ ਦਾ ਰੰਗ ਢੰਗ ਬਣਾ

ਲੈਣ । ਅਜੇਹੇ ਲੋਕਾਂ ਨੇ ਮੁਸਲਮਾਨਾਂ ਦਾ ਪਹਿਰਾਵਾ ਧਾਰਨ ਕਰ ਲਿਆ ਅਤੇ ਉਹ ਮਸੀਤਾਂ ਵਿਚ ਵੀ ਜਾਣ ਲਗ ਪਏ ਸਨ ਤਾਂ ਜੋ ਕਈ ਤਰ੍ਹਾਂ ਦੇ ਟੈਕਸਾਂ ਤੇ ਕਰਾਂ ਤੋਂ ਬਚ ਜਾਣ.........ਜਿਵੇਂ ਮੁਸਲਮਾਨ ਉਨ੍ਹਾਂ ਨਾਲ ਵਰਤਦੇ ਸਨ ਤਿਵੇਂ ਹੀ ਅਗੋਂ ਉਚ ਜਾਤੀ ਦੇ ਹਿੰਦੂ, ਸ਼ੂਦਰਾਂ ਅਤੇ ਅਛੂਤਾਂ ਨਾਲ ਵਰਤਦੇ ਸਨ । ਉਨ੍ਹਾਂ ਕੋਲ ਤਲਵਾਰਾਂ ਤਾਂ ਨਹੀਂ ਸਨ ਅਤੇ ਨਾ ਕਿਸੇ ਨੂੰ ਜਾਨੋਂ ਮਾਰਨ ਦੀ ਹਿੰਮਤ ਸੀ, ਪਰ ਉਹ ਘਿਰਣਾ ਅਤੇ ਛੂਤ ਛਾਤ ਨਾਲ ਉਨ੍ਹਾਂ ਨੂੰ ਮਾਰਦੇ ਸਨ । ਏਥੋਂ ਤਕ ਕਿ ਤੁਲਸੀ ਦਾਸ ਵਰਗੇ ਮਹਾਤਮਾ ਵੀ ਸ਼ੂਦਰ ਹੀ ਗਿਣੇ ਜਾਂਦੇ ਸਨ ।

ਅੱਗੇ ਸਫਾ XXI ਉੱਤੇ ਲਿਖਿਆ ਹੈ :

'ਮੁਸਲਮਾਨ ਵੀ ਕੋਈ ਖੁਸ਼ ਨਹੀਂ ਸਨ। ਉਹ ਬੜੇ ਕਟੜ ਤੇ ਸਹਿਣਸ਼ੀਲਤਾ ਤੋਂ ਦੂਰ ਸਨ । ਏਥੋਂ ਤਕ ਕਿ ਅਲਾਉਦੀਨ (ਖਿਲਜੀ) ਹਿੰਦੂਆਂ ਕੋਲ ਕੇਵਲ ਛੇ ਮਹੀਨੇ ਜੋਗਾ ਆਟਾ ਦਾਣਾ ਤੇ ਕੱਪੜਾ ਰਹਿਣ ਦਿੰਦਾ ਸੀ। ਆਮ ਲੋਕ ਆਪਣੇ ਮਜ਼੍ਹਬ ਤੋਂ ਬਿਲਕੁਲ ਅਣਜਾਣ ਸਨ। ਉਨ੍ਹਾਂ ਦੇ ਮੁਲਾਂ ਕਿਸੇ ਤਰਾਂ ਵੀ ਆਪਣੇ ਗੁਆਂਢੀ ਬ੍ਰਾਹਮਣਾਂ ਨਾਲੋਂ ਚੰਗੇ ਨਹੀਂ ਸਨ । ਉਹ ਕੁਰਾਨ ਅਤੇ ਸ਼ਰੀਅਤ ਦੇ ਹੁਕਮਾਂ ਨੂੰ ਨਜ਼ਰੋਂ ਉਹਲੇ ਕਰ ਛਡਦੇ ਸਨ ।

ਆਦਿ ਗ੍ਰੰਥ ਵਿਚ ਸਮਾਜ ਦੀ ਧਾਰਮਕ ਤੇ ਇਖਲਾਕੀ ਅਵਸਥਾ ਦੀ ਅਧੋਗਤੀ ਦਾ ਵਰਣਨ ਕਈ ਇਕ ਥਾਈਂ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚੀ ਆਸਾ ਦੀ ਵਾਰ ਵਿਚੋਂ ਇਕ ਸਲੋਕ ਏਥੇ ਦੇਣ ਨਾਲ ਤਸਵੀਰ ਦੇ ਕਈ ਪਾਸੇ ਅਤੇ ਕਈ ਰੇਖਾਵਾਂ ਉਘੜ ਆਉਣਗੀਆਂ :—

ਗਊ ਬਿਰਾਹਮਣ ਕਉ ਕਰੁ ਲਾਵਹੁ,
ਗੋਬਰਿ ਤਰਣੁ ਨ ਜਾਈ ।
ਧੋਤੀ ਟਿਕਾ ਤੇ ਜਪਮਾਲੀ,
ਧਾਨੁ ਮਲੇਛਾਂ ਖਾਈ ।
ਅੰਤਰਿ ਪੂਜਾ ਪੜਹਿ ਕਤੇਬਾ,
ਸੰਜਮੁ ਤੁਰਕਾ ਭਾਈ ।
ਛੋਡੀਲੇ ਪਾਖੰਡਾ,
ਨਾਮਿ ਲਇਐ ਜਾਹਿ ਤਰੰਦਾ ।... ..
ਮਾਣਸ ਖਾਣੇ ਕਰਹਿ ਨਿਵਾਜ ।
ਛੁਰੀ ਵਗਾਇਨਿ ਤਿਨ ਗਲਿ ਤਾਗ ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ ।
ਉਨ੍ਹਾਂ ਭਿ ਆਵਹਿ ਓਈ ਸਾਦ ।
ਕੂੜੀ ਰਾਸਿ ਕੂੜਾ ਵਾਪਾਰੁ ।
ਕੂੜੁ ਬੋਲਿ ਕਰਹਿ ਆਹਾਰੁ ।
ਸਰਮ ਧਰਮ ਕਾ ਡੇਰਾ ਦੂਰਿ ।

ਨਾਨਕ ਕੂੜੁ ਰਹਿਆ ਭਰਪੂਰਿ ।
ਮਥੈ ਟਿਕਾ ਤੇੜਿ ਧੋਤੀ ਕਖਾਈ ।
ਹਥਿ ਛੁਰੀ ਜਗਤ ਕਾਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।
ਅਭਾਖਿਆ ਕਾ ਕੁਠਾ ਬਕਰਾ ਖਾਣਾ ।
ਚਉਕੇ ਉਪਰਿ ਕਿਸੈ ਨ ਜਾਣਾ ।
ਦੇ ਕੈ ਚਉਕਾ ਕਢੀ ਕਾਰ ।
ਉਪਰਿ ਆਇ ਬੈਠੇ ਕੂੜਿਆਰ । (ਆਦਿ ਗ੍ਰੰਥ ਸਫ਼ਾ ੪੭੧-੪੭੨)

ਭਾਈ ਗੁਰਦਾਸ ਜੀ ਨੇ ਭੀ ਇਨ੍ਹਾਂ ਹੀ ਰੇਖਾਵਾਂ ਨੂੰ ਹੋਰ ਉਘਾੜਿਆ ਹੈ :—

ਕਿਸੈ ਪੁਜਾਈ ਸਿਲਾ ਸੁੰਨ
ਕੋਈ ਗੋਰ ਮੜ੍ਹੀ ਪੁਜਾਵੈ
ਤੰਤ੍ਰ ਮੰਤ੍ਰ ਪਾਖੰਡ ਕਰ,
ਕਲਹ ਕ੍ਰੋਧ ਬਹੁ ਵਾਦ ਵਧਾਵੈ ।
ਆਪੋ ਧਾਪੀ ਹੋਇਕੇ
ਨਿਆਰੇ ਨਿਆਰੇ ਧਰਮ ਚਲਾਵੈ । (ਵਾਰ ੧, ਪਉੜੀ ੧੮)

ਅਤੇ ;—

ਠਾਕੁਰ ਦੁਆਰੇ ਢਾਹਿ ਕੇ
ਤਿਹ ਠਉੜੀ ਮਸੀਤ ਉਸਾਰਾ ।
ਮਾਰਨ ਗਊ ਗਰੀਬ ਨੂੰ
ਧਰਤੀ ਉਪਰ ਪਾਪ ਵਿਥਾਰਾ । (ਪਉੜੀ ੨੦)

ਅਤੇ :—

ਸਚੁ ਕਿਨਾਰੇ ਰਹਿ ਗਯਾ
ਖਹਿ ਮਰਦੇ ਬ੍ਰਾਹਮਣ ਮਉਲਾਣੇ । (ਪਉੜੀ ੨੧)

ਇਸ ਤਰ੍ਹਾਂ ਹੀ ਸਮਾਜਕ ਅਵਸਥਾ ਵਿਚ ਘਰੇਲੂ ਜੀਵਨ ਭੀ ਪ੍ਰੇਮ, ਕੁਰਬਾਨੀ ਤੇ ਸ਼ਾਂਤੀ ਤੇ ਸੇਵਾ ਦੀ ਥਾਂ ਲਾਲਚ, ਖ਼ੁਦਗਰਜ਼ੀ ਲੜਾਈ ਦਾ ਘਰ ਬਣ ਜਾਂਦਾ ਹੈ । ਇਕ ਤਾਂ ਪਸਰ ਰਹੀ ਮੂਰਖਤਾ ਕਰਕੇ ਅਤੇ ਦੂਜੇ ਫੈਲੀ ਹੋਈ ਅੰਧਾ ਧੁੰਦ ਕਰਕੇ । ਨਾ ਕਮਾਈ ਨੇਕ ਰਹਿੰਦੀ ਹੈ ਨਾ ਨੀਤ ਸਾਫ । ਇਸ ਲਈ ਨਾ ਸੰਤੋਖ ਹੁੰਦਾ ਹੈ ਨਾ ਸ਼ਾਂਤੀ ਤੇ ਸਬਰ । ਆਦਿ ਗ੍ਰੰਥ ਵਿਚ ਇਸ਼ਾਰਾ ਮਿਲਦਾ ਹੈ :—

ਇਸਤਰੀ ਪੁਰਖੈ ਖਟਿਐ ਭਾਉ ।
ਭਾਵੈ ਆਵਉ ਭਾਵੈ ਜਾਉ । (ਮਹਲਾ ੧)

(ਆਦਿ ਗ੍ਰੰਥ ਸਫ਼ਾ ੯੫੧)

ਜਾਂ :—

'ਇਸਤ੍ਰੀ ਪੁਰਖੈ ਦਾਮ ਹਿਤੁ
ਭਾਵੈ ਆਇ ਕਿਥਾਊ ਜਾਈ । (ਭਾਈ ਗੁਰਦਾਸ)

ਜਦ ਜੀਵਨ ਹੀ 'ਦਾਮ ਹਿਤ' ਜਾਂ 'ਖੱਟੀ' ਲਈ ਹੋ ਜਾਏ ਤਾਂ ਕਪਟ, ਛਲ, ਧੋਖਾ, ਨਿਰਾ ਦੁਨੀਆਂ ਨਾਲ ਹੀ ਨਹੀਂ ਸਗੋਂ ਘਰ ਵਿਚ ਵੀ ਚਲ ਪੈਂਦਾ ਹੈ ਅਤੇ ਜੀਵਨ ਇਹ ਹੋ ਜਾਂਦਾ ਹੈ

ਕਲਿ ਅੰਦਰ ਨਾਨਕਾ ਜਿੰਨਾ ਦਾ ਅਉਤਾਰ
ਪੁਤੁ ਜਿਨੂਰਾ ਧੀਅ ਜਿੰਨੂਰੀ
ਜੋਰੂ ਜਿੰਨਾਂ ਦਾ ਸਿਕਦਾਰੁ । (ਮਹਲਾ ੧, ਆਦਿ ਗ੍ਰੰਥ ਸਫ਼ਾ ੫੫੬)

ਕਿ : —

ਜਦ ਸਮਾਜ ਦੇ ਅੰਗ ਲੋਕ 'ਜਿੰਨ' ਹੋ ਜਾਣ ਤਾਂ ਕਪਟ, ਵਿਭਚਾਰ, ਦਿਖਾਵਾ, ਪਖੰਡ ਆਦਿ ਦਾ ਵਧਣਾ ਸੁਭਾਵਕ ਹੈ। ਇਨ੍ਹਾਂ ਦਾ ਹੀ ਫਲ ਵਹਿਮਾਂ ਭਰਮਾਂ ਦੀ ਭਰਮਾਰ ਹੁੰਦੀ ਹੈ। ਆਦਿ ਗ੍ਰੰਥ ਦੇ ਪਾਠ ਤੋਂ ਪਤਾ ਲੱਗਦਾ ਹੈ ਕਿ ਸੂਤਕ, ਦਿਸ਼ਾ, ਜਾਨਵਰ ਦਾ ਬੋਲਣਾ ਆਦਿ ਵਹਿਮ ਉਸ ਵੇਲੇ ਆਮ ਸਨ ਤੇ ਇੰਜ ਹੀ ਬਹੁਤ ਸਾਰੇ ਫੋਕਟ ਜਾਂ ਦਿਖਾਵੇ ਦੇ ਕਰਮ।

ਇਸ ਦਿਖਾਵੇ ਤੇ ਫੋਕਟ ਕਰਮਾਂ ਦੇ ਦੋਸ਼ੀ ਨਿਰੇ ਗ੍ਰਹਿਸਤੀ ਨਹੀਂ ਕਹੇ ਜਾਂਦੇ ਸਗੋਂ ਸਾਧੂ ਭੀ ਸਨ ਜੋ ਆਪਣੇ ਮਨ ਨੂੰ ਸਾਧਣ ਦੀ ਥਾਂ ਬਾਹਰਲੇ ਕਰਮਾਂ ਦੇ ਪ੍ਰਭਾਵ ਨਾਲ ਲੋਕਾਂ ਉੱਤੇ ਆਪਣੇ ਨੇਕ ਹੋਣ ਦਾ ਛਲ ਕਰਦੇ ਸਨ। ਅਜਿਹੇ ਕੁਝ ਕਰਮਾਂ ਤੇ ਉਨ੍ਹਾਂ ਦੇ ਕਰਤਿਆਂ ਦਾ ਸੰਖੇਪ ਵਰਣਨ ਭੀ ਗੁਰਬਾਣੀ ਵਿਚ ਮਿਲਦਾ ਹੈ ਜਿਵੇਂ : —

ਜੋਗੀ ਗਿਰਹੀ ਜਟਾ ਬਿਭੂਤ ।
ਆਗੈ ਪਾਛੈ ਰੋਵਹਿ ਪੂਤ ।

(ਮਹਲਾ ੧ ਸਫ਼ਾ ੯੫੧)

ਮੋਨਿ ਵਿਗੂਤਾ । ਕਿਉ ਜਾਗੈ ।
ਗੁਰ ਬਿਨੁ ਸੂਤਾ ।
ਪਗ ਉਪੇਤਾਣਾ । ਆਪਣਾ ਕੀਆ ਕਮਾਣਾ ।
ਅਲੁਮਲੁ ਖਾਈ ਸਿਰ ਛਾਈ ਪਾਈ । (ਆਸਾ ਦੀ ਵਾਰ ਮਹਲਾ ੧)

ਜਾਂ

ਅੰਨੁ ਨਾ ਖਾਇਆ ਸਾਦੁ ਗਵਾਇਆ

ਜਾਂ

ਬਸਤ੍ਰ ਨਾ ਪਹਿਰੈ । ਅਹਿਨਿਸਿ ਕਹਿਰੈ ।

ਅਤੇ

ਸੂਤਕੁ ਕਿਉ ਕਰ ਰਖੀਐ ਸੂਤਕੁ ਪਵੈ ਰਸੋਇ ।

(ਮਹਲਾ ੧, ਆਸਾ ਦੀ ਵਾਰ)

ਕਬੀਰ ਜੀ ਨੇ ਲਿਖਿਆ ਹੈ :—

ਬਾਸਨ ਮਾਂਜਿ ਚਰਾਵਹਿ ਊਪਰਿ
ਕਾਠੀ ਧੋਇ ਜਲਾਵਹਿ ।
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ,
ਸਾਰੇ ਮਾਣਸ਼ ਖਾਵਹਿ । (ਆਸਾ ਕਬੀਰ, ਆਦਿ ਗ੍ਰੰਥ ਸਫ਼ਾ ੪੭੬)

ਅਜਿਹੇ ਆਗੂਆਂ ਦੇ ਪਿਛੇ ਲੱਗਣ ਵਾਲਿਆਂ ਦੀ ਹਾਲਤ ਸਪਸ਼ਟ ਹੈ ਕਿ

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ।

(ਮਹਲਾ ੩, ਆਦਿ ਗ੍ਰੰਥ, ਸਫ਼ਾ ੯੫੧)

ਅਜਿਹੀ ਅਵਸਥਾ ਵਿਚ ਲੋਕਾਂ ਦਾ ਨਿਮਕ ਹਰਾਮ ਤੇ ਕ੍ਰਿਤਘਣ ਹੋ ਜਾਣਾ, ਸੁਭਾਵਕ ਹੈ। ਇਉਂ ਜਾਪਦਾ ਹੈ ਕਿ ਇਨ੍ਹਾਂ ਕ੍ਰਿਤਘਣਾਂ ਦੀ ਸੰਖਿਆ ਭੀ ਸਮਾਜ ਵਿਚ ਕਾਫ਼ੀ ਵਧ ਗਈ ਹੋਵੇਗੀ। ਗੁਰੂ ਜੀ ਨੇ ਇਨ੍ਹਾਂ ਲਈ ਇਹ ਫ਼ੁਰਮਾਇਆ ਹੈ :

ਨਰਕੁ ਘੋਰ ਬਹੁ ਦੁਖ ਘਣੇ
ਅਕਿਰਤਘਣਾ ਕਾ ਥਾਨੁ (ਮਹਲਾ ੫, ਆਦਿ ਗ੍ਰੰਥ, ਸਫ਼ਾ ੩੧੫)

ਅਤੇ ਭਾਈ ਗੁਰਦਾਸ ਨੇ ਕਿਹਾ ਹੈ :—

ਭਾਰੇ ਭੁਈਂ ਅਕ੍ਰਿਤਘਣ
ਮੰਦੀ ਹੂ ਮੰਦੇ

ਦੂਜੇ ਪਾਸੇ ਜਦ ਇਸਤਰੀ ਪੁਰਖ ਦਾ ਪ੍ਰੇਮ ਕਾਮ ਹਿਤ ਹੋ ਜਾਇ ਤਾਂ ਇਸਤਰੀ ਦਾ ਸਤਿਕਾਰ ਭੀ ਮਨੁੱਖ ਦੇ ਮਨ ਵਿਚ ਨਹੀਂ ਰਹਿ ਜਾਂਦਾ। ਗੁਰੂ ਜੀ ਦੇ ਵੇਲੇ ਭੀ ਇਸਤ੍ਰੀ ਨੂੰ ਇਨ੍ਹਾਂ ਤੇ ਕੁਝ ਹੋਰ ਪੁਰਾਤਨ ਵਿਚਾਰਾਂ ਅਧੀਨ ਸਮਾਜ ਵਿਚ ਸ਼ੂਦਰ ਤੇ ਨੀਚ ਸਮਝਿਆ ਜਾਂਦਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਆਖਣਾ ਪਿਆ :—

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ । (ਮਹਲਾ ੧, ਆਸਾ ਦੀ ਵਾਰ)

ਅਤੇ ਗੁਰੂ ਅਮਰਦਾਸ ਜੀ ਨੂੰ ਸਤੀ ਦੀ ਰਸਮ ਦੇ ਵਿਰੁਧ ਲਿਖਣਾ ਪਿਆ।

ਨਿਤ ਜੀਵਨ ਦੇ ਨਿਜੀ-ਆਚਾਰ-ਵਿਹਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਇਹ ਪਤਾ ਲਗਦਾ

ਹੈ ਕਿ ਜਾਤੀ ਤੌਰ ਤੇ ਲੋਕਾਂ ਦਾ ਸਖਸੀ ਜੀਵਨ ਕਾਫੀ ਨੀਵਾਂ ਜਾ ਚੁੱਕਾ ਸੀ। ਨਿੰਦਾ, ਚੁਗਲੀ, ਬਖੀਲੀ, ਈਰਖਾ ਪ੍ਰਚਲਤ ਸੀ। 'ਤਿੰਨ ਨਿੰਦਾ ਮੁਹਿ ਅੰਬ ਪਇਆ ਅਨੁਸਾਰ ਕੋਈ ਲੋਕਾਂ ਲਈ ਨਿੰਦਾ ਚੁਗਲੀ ਕਰਨ ਦਾ ਸਵਾਦ ਅੰਬ ਚੂਪਣ ਦੇ ਸਵਾਦ ਵਾਂਗ ਹੋ ਗਿਆ ਸੀ। ਇੰਜ ਹੀ ਵੱਢੀ ਖਾਣ ਤੇ ਜ਼ੁਲਮ ਜਾਂ ਧੋਖੇ ਨਾਲ ਸਨ ਜੋੜਨ ਦਾ ਰਵਾਜ ਵਧ ਰਿਹਾ ਸੀ :—

ਕਾਜੀ ਹੋਇ ਕੈ ਬਹੈ ਨਿਆਇ ॥
ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੇ ਹਕੁ ਗਵਾਏ
ਜੇ ਕੋ ਪੁਛੈ ਤਾ ਪੜਿ ਸੁਣਾਏ ॥ (ਗੁਰੂ ਨਾਨਕ, ਆਦਿ ਗ੍ਰੰਥ ਸਫਾ ੯੫੧)
ਬਰਲੁ ਪਵੈ ਵਿਚ ਆਇ ॥
ਕਾਜੀ ਹੋਇ ਰਿਸਵਤੀ, (ਭਾਈ ਗੁਰਦਾਸ)
ਵੱਢੀ ਲੈ ਕੇ ਹੱਕ ਗਵਾਈਂ

ਇਸ ਤਰ੍ਹਾਂ ਦੇ ਅਮਲੇ ਫੈਲੇ ਵਿਚ ਨਿਆਂ ਦੀ ਆਸ ਰਖਣੀ ਹੀ ਮੂਰਖਤਾ ਹੈ। ਇਸ ਤਰ੍ਹਾਂ ਵੱਢੀ ਤੇ ਜ਼ੁਲਮ ਦੀ ਅੰਨ੍ਹੀ ਕਮਾਈ ਖਰਚਣ ਲਈ ਭੀ ਚੋਰਾਂ ਦੇ ਮਾਲ ਤੇ ਡਾਂਗਾਂ ਦੇ ਗਜ਼ ਵਾਲੀ ਹਾਲਤ ਵਾਪਰ ਰਹੀ ਸੀ। ਕਮਾਏ ਧਨ ਦੇ ਕੋਲ ਰਹਿਣ ਦੀ ਆਸ ਨਹੀਂ ਸੀ ਨਾਲ ਹੀ ਅਗਲੇ ਦਿਨ ਫੇਰ ਵੱਢੀ ਜਾਂ ਧੋਖੇ ਨਾਲ ਜਾਂ ਜ਼ੁਲਮ ਨਾਲ ਹੋਰ ਕਮਾ ਲੈਣ ਦੀ ਆਸ ਹੁੰਦੀ ਸੀ। ਸੋ ਅਜਿਹੀ ਖੱਟੀ ਸ਼ਰਾਬ ਤੇ ਜੂਏ ਉਤੇ ਖੁਲ੍ਹੇ ਹੱਥੀਂ ਉਡਾਈ ਸੀ। ਗੁਰੂ ਜੀ ਨੇ ਨਸ਼ਿਆਂ ਦੇ ਸੇਵਨ ਦੀ ਕਰੜੀ ਆਲੋਚਨਾ ਕੀਤੀ ਹੈ। ਸ਼ਰਾਬ ਆਦਿ ਨਸ਼ਿਆਂ ਨਾਲ ਮਤਿ ਭ੍ਰਿਸ਼ਟ ਜਾਂਦੀ ਹੈ, ਚੰਗੇ ਮਾੜੇ ਦੀ ਤਮੀਜ਼ ਨਹੀਂ ਰਹਿੰਦੀ ਖਸਮ ਵਿਸਰ ਜਾਂਦਾ ਹੈ, ਮਨੁੱਖ ਬਦਰੈਲੀਆਂ ਵਿਚ ਪੈ ਜਾਂਦਾ ਹੈ, ਅਤੇ ਲੋਕ ਪਰਲੋਕ ਵਿਚ ਧੱਕੇ ਪੈਂਦੇ ਹਨ .

ਜਿਤੁ ਪੀਤੈ ਮਤਿ ਦੂਰ ਹੋਇ
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।
ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲ ਨਾ ਪੀਚਈ,
ਜੇ ਕਾ ਪਾਰਿ ਵਸਾਇ ॥

(ਮਹਲਾ ੩, ਆਦਿ ਗ੍ਰੰਥ, ਸਫਾ ੫੫੪)

ਉਸ ਵੇਲੇ ਸਮਾਜ ਵਿਚ ਇਕ ਹੋਰ ਸ਼੍ਰੇਣੀ ਭੀ ਪੈਦਾ ਹੋ ਚੁਕੀ ਸੀ। ਉਹ ਸੀ ਵੇਹਲੇ ਰਹਿ ਕੇ, ਮੰਗ ਕੇ ਖਾਣ ਵਾਲਿਆਂ ਦੀ। ਉਹ ਮੰਗਣ ਲਈ ਸਾਧੂ ਫਕੀਰ ਜਾਂ ਪੀਰ ਤੇ ਗੁਰੂ ਭੀ ਬਣ ਜਾਂਦੇ ਸਨ ਅਤੇ ਫੇਰ ਪਿੰਡ ਪਿੰਡ ਘਰ ਘਰ ਫਿਰ ਕੇ ਚੜ੍ਹਾਵੇ ਤੇ ਉਗਰਾਹੀਆਂ ਲਿਆਉਂਦੇ ਸਨ । ਅਜੇਹੇ ਗੁਰੂ ਸਮਾਜ ਲਈ ਉਜਾੜਾਂ ਸਨ :—

ਮਖਟੂ ਹੋਇ ਕੈ ਕੰਨਿ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ (ਮਹਲਾ ੧, ਆਦਿ ਗ੍ਰੰਥ, ਸਫਾ ੧੨੪੫)

ਅਤੇ

ਜੋਗੁ ਨਾ ਭਗਵੀਂ ਕਪੜੀ,
ਜੋਗੁ ਨਾ ਮੈਲੇ ਵੇਸਿ । (ਮਹਲਾ ੩, ਆਦਿ ਗ੍ਰੰਥ, ਸਫਾ ੧੪੨੦)

ਜਾਂ

ਜੋਗੁ ਨਾ ਖਿੰਥਾ ਜੋਗੁ ਨ ਡੰਡੈ
ਜੋਗੁ ਨਾ ਭਸਮ ਚੜਾਈਐ । (ਮਹਲਾ ੧, ਆਦਿ ਗ੍ਰੰਥ, ਸਫਾ ੭੩੦)

ਮੰਗ ਖਾਣ ਦੀ ਥਾਂ ਗੁਰੂ ਜੀ ਨੇ 'ਕਿਰਤ ਵਿਰਤ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਏ' ਦੀ ਸਿਖਿਆ ਦਿੱਤੀ ਤੇ ਨਾਲ ਹੀ ਇਹ ਭੀ ਸਮਝਾਇਆ ਕਿ :—

ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ
ਅਕਲੀ ਕੀਚੈ ਦਾਨੁ ॥ (ਮਹਲਾ ੧, ਆਦਿ ਗ੍ਰੰਥ ਸਫਾ ੭੩੦)

ਅੰਤ ਵਿਚ ਸੰਖੇਪ ਰੂਪ ਇਉਂ ਕਿਹਾ ਜਾ ਸਕਦਾ ਹੈ ਕਿ ਆਦਿ ਗ੍ਰੰਥ ਵਿਚ ਦੱਸਿਆ ਸਮਾਂ ਅਵਿਦਿਆ, ਭਰਮ, ਵਹਿਮ, ਰਾਜਸੀ, ਅਤਿਆਚਾਰ, ਪਖੰਡ, ਦਿਖਾਵਾ ਤੇ ਕੂੜ ਦਾ ਸਮਾਂ ਸੀ । ਸਮਾਜ ਵਿਚ, ਸਮਾਜ ਦੇ ਹਰ ਅੰਗ ਤੇ ਸ਼੍ਰੇਣੀ ਵਿਚ, ਧਰਮ, ਵਪਾਰ, ਘਰ, ਨੌਕਰੀ, ਵਿਚ ਫਰੇਬ ਪਖੰਡ ਪ੍ਰਧਾਨ ਸੀ । 'ਸਰਮ ਧਰਮ ਕਾ ਡੇਰਾ ਦੂਰ ਨਾਨਕ ਕੂੜਿ ਰਹਿਆ ਭਰਪੂਰ' ਸੀ । ਵੱਢੀ, ਪਰਾਇਆ ਹਕ ਖਾਣਾ, ਕ੍ਰਿਤਘਨਤਾ, ਆਦਿ ਪਾਪਾਂ ਦਾ ਵਰਤਾਰਾ ਸੀ । ਜਿਸ ਵਿਚ 'ਬਲ ਛੁਟਕਿਓ ਬੰਧਨ ਪਰੈ ਕਛੂ ਨ ਹੋਤ ਉਪਾਇ' ਦੀ ਅਵਸਥਾ ਸੀ ।

ਗੁਰੂ ਜੀ ਨੇ ਆਦਿ ਗ੍ਰੰਥ ਵਿਚ ਹੋਰ ਉਦੇਸ਼ਾਂ ਨਾਲ 'ਛੋਡੀ ਲੇ ਪਾਖੰਡਾ' ਉੱਤੇ ਜ਼ੋਰ ਦਿੱਤਾ ਅਤੇ ਫੈਲੀ ਹੋਈ ਗਿਲਾਨੀ ਤੇ ਨਫਰਤ ਅਤੇ ਕਟੜਤਾ ਦੀ ਥਾਂ ਪ੍ਰੇਮ, ਇਸਤ੍ਰੀ ਦਾ ਸਤਿਕਾਰ ਵਿਦਿਆ ਤੇ ਅਕਲ ਦੀ ਮਹਾਨਤਾ, ਪਰਹੇਜ਼-ਗਾਰੀ (ਸ਼ਰਾਬ ਆਦਿ ਤੋਂ) ਪਰਚਾਰੀ ਤੇ ਗ੍ਰਿਹਸਤ ਨੂੰ ਮਨੁੱਖੀ ਜੀਵਨ ਨੂੰ 'ਆਦਰਸ਼' ਵਲ ਮੋੜ ਕੇ ਕਿਰਤ, ਸੇਵਾ ਤੇ ਨੇਕੀ ਦਾ ਜੀਵਨ ਸਿਖਾਇਆ, ਮਨੁੱਖਾਂ ਦੀ ਪੂਜਾ ਤੇ ਮਨੁੱਖਾਂ ਦੀ ਲੁਟ ਖਸੁਟ ਤੋਂ ਬਚਾ ਕੇ ਇਕ ਪ੍ਰਭੂ ਨੂੰ ਪ੍ਰੇਮ ਕਰਨ ਵਾਲਾ, ਹਮਦਰਦੀ ਤੇ ਕੁਰਬਾਨੀ ਵਾਲਾ ਸਮਾਜ ਬਣਾਉਣ ਦਾ ਯਤਨ ਕੀਤਾ ।

—0—

# ਗੁਰਮਤਿ ਸਾਹਿਤ ਅਤੇ ਸਮਾਜ

ਭਾ: ਗੁਰਦਰਸ਼ਨ ਸਿੰਘ 'ਅਕਾਲੀ'

ਗੁਰਮਤਿ ਸਾਹਿਤ ਅਨੇਕ ਵਿਸ਼ੇਸ਼ਤਾਈਆਂ ਭਰਪੂਰ ਸਾਹਿਤ ਹੈ। ਇਸ ਸਾਹਿਤ ਦੇ ਮੋਢੀ ਸਿੱਖ ਮਤ ਦੇ ਬਾਨੀ, ਮਹਾਨ ਫਿਲਾਸਫਰ, ਸ਼ਾਂਤੀ ਦੇ ਪੁੰਜ, ਸੁਲਝੇ ਹੋਏ ਸਾਹਿਤਕਾਰ, ਪਰਉਪਕਾਰੀ ਲੋਕ ਲੀਡਰ ਪਥ ਪਰਦਰਸ਼ਕ ਸੀ ਗੁਰੂ ਨਾਨਕ ਦੇਵ ਜੀ ਹੋਏ ਹਨ। ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਇਕ ਅਮਰ ਦੇਣ ਹੈ। ਆਪ ਤੋਂ ਪਿੱਛੋਂ ਗੁਰਮਤਿ ਨੂੰ ਵਧਾਉਣ ਤੇ ਇਸਨੂੰ ਵਿਕਸਾਉਣ ਵਾਲੇ ਨੌਂ ਗੁਰੂ ਸਾਹਿਬਾਨ ਹੋਰ ਹੋਏ ਹਨ, ਜਿਨ੍ਹਾਂ ਨੇ ਆਪ ਦੀ ਚਲਾਈ ਹੋਈ ਪਰੰਪਰਾ ਨੂੰ ਅੱਗੇ ਵਧਾਇਆ। ਗੁਰੂ ਘਰ ਦੇ ਨਿਕਟ ਵਰਤੀਆਂ ਤੇ ਭਗਤਾਂ ਨੇ ਭੀ ਗੁਰਮਤਿ ਸਾਹਿਤ ਦੇ ਵਾਧੇ ਵਿਚ ਚੋਖਾ ਹਿੱਸਾ ਪਾਇਆ। ਗੁਰੂ ਸਾਹਿਬਾਨ ਨੇ ਉਸ ਸਮੇਂ ਦੇ ਸਮਾਜ ਦੀ ਨਿਘਰੀ ਹੋਈ ਹਾਲਤ ਦਾ ਗੁਰਮਤਿ ਵਿਚ ਚਿਤਰ ਉਲੀਕਿਆ ਹੈ। ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਸਾਨੂੰ ਗੁਰਬਾਣੀ ਤੋਂ ਉਸ ਸਮੇਂ ਦੇ ਸਮਾਜ ਪ੍ਰਤੀ ਸੰਪੂਰਣ ਰੂਪ ਵਿਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਸਮਾਜ ਦੀਆਂ ਕੋਝੀਆਂ ਪ੍ਰਥਾਵਾਂ ਗਲਤ ਕੀਮਤਾਂ ਅਤੇ ਗਲਤ ਰਸਮਾਂ ਵਿਰੁਧ ਅਵਾਜ਼ ਬੁਲੰਦ ਕੀਤੀ। ਉਸ ਸਮੇਂ ਦੇ ਸਮਾਜ ਦੇ ਪਖੰਡਾਂ ਨੂੰ ਜ਼ਾਹਰਾ ਤੌਰ ਤੇ ਨੰਗਾ ਕਰਕੇ ਸਾਡੀਆਂ ਅੱਖਾਂ ਦੇ ਸਾਮ੍ਹਣੇ ਪੇਸ਼ ਕੀਤਾ। ਗੁਰਮਤਿ ਸਾਹਿਤ ਤੋਂ ਸਾਨੂੰ ਉਸ ਸਮੇਂ ਦੇ ਸਮਾਜ ਦਾ ਚਿਤਰ ਭਲੀ ਭਾਂਤ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਉਸ ਸਮੇਂ ਦੇ ਸਮਾਜ ਦੇ ਠੇਕੇਦਾਰਾਂ ਨੇ ਇਸਤ੍ਰੀ ਜਾਤੀ ਨੂੰ ਸਾਹ ਸਤ ਹੀਨ ਬਣਾ ਦਿਤਾ ਸੀ। ਇਸ ਨੂੰ ਚੌਂਕੇ ਦੀ ਬਿਲੀ, ਗੁਤ ਪਿਛੇ ਮਤਵਾਲੀ ਤੇ ਬੇਵਕੂਫ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਸੀ। ਕਵੀਆਂ ਤੇ ਲਿਖਾਰੀਆਂ ਦੀ ਕਲਮ ਨੇ ਭੀ ਇਸਤ੍ਰੀ ਜਾਤੀ ਨੂੰ ਸੁੱਕਾ ਨਾ ਛੱਡਿਆ ਇਥੋਂ ਤਕ ਕਿ ਤੁਲਸੀ ਦਾਸ ਜਿਹੇ ਭਗਤਾਂ ਨੇ ਭੀ ਇਸਤ੍ਰੀ ਜਾਤੀ ਬਾਰੇ ਇਸ ਤਰ੍ਹਾਂ ਕਿਹਾ 'ਢੋਲ ਗਵਾਰ ਸ਼ੂਦਰ ਪਸ਼ੂ ਨਾਰੀ ਇਹ ਸਭ ਤਾੜਨ ਦੇ ਅਧਿਕਾਰੀ।' ਕਿਸੇ ਨੇ ਇਸਤ੍ਰੀ ਨੂੰ ਕਾਗਜ਼ ਦੀ ਪੁਤਲੀ ਹੋਣ ਤੇ ਭੀ ਹਾਨੀਕਾਰਕ ਸਿੱਧ ਕੀਤਾ ਜਿਵੇਂ :—

**ਕਾਗਦ ਕੀ ਜੇ ਹੋਵੇ ਨਾਰੀ, ਇਸ ਗੇਦਲ,**
**ਤਿਸ ਜਾਣ ਕਟਾਰੀ**

ਕਿਸੇ ਨੇ ਇਨ ਤਰ੍ਹਾਂ ਕਿਹਾ :—

ਇਹ ਵਿਸ ਭਰੀਆਂ ਗੰਦਲਾਂ
ਧਹੀਆ । ਖੰਡ ਲਿਵਾੜ

ਨਾਥਾਂ ਨੇ ਵੀ ਇਸਤ੍ਰੀ ਦੀ ਨਿੰਦਿਆ ਕੀਤੀ ਤੇ ਕਿਹਾ :—

**ਇਨ ਬਾਘਣ ਤ੍ਰੈ ਲੋਈ ਖਾਈ ।**

ਇਸ ਤਰ੍ਹਾਂ ਦੇ ਬੁਰੇ ਸਮਾਜ ਵਿਚ ਇਸਤ੍ਰੀ ਜਾਤੀ ਦਾ ਦਮ ਘੁਟੀਣ ਲੱਗ ਪਿਆ । ਥਾਂ ਥਾਂ ਉਨ੍ਹਾਂ ਦਾ ਤਿਰਸਕਾਰ ਕੀਤਾ ਜਾਣ ਲੱਗਿਆ ਪਰ ਗੁਰੂ ਜੀ ਨੇ ਇਨ੍ਹਾਂ ਸਾਰੀਆ ਮਾੜੀਆਂ ਕੀਮਤਾਂ ਵਿਰੁਧ ਕਿਹਾ :—

**ਭੰਡਿ ਜੰਮੀਐ ਭੰਡ ਨਿੰਮੀਐ
ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡਿ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨੁ ॥
ਭੰਡਹੁ ਹੀ ਭੰਡੁ ਉਪਜੈ
ਭੰਡੈ ਬਾਝੁ ਨਾ ਕੋਇ ॥
ਨਾਨਕ ਭੰਡੈ ਬਾਹਰਾ
ਏਕੋ ਸਚਾ ਸੋਇ ॥
ਜਿਤੁ ਮੁਖ ਮਦਾ ਸਾਲਾਹੀਐ
ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖਿ ਉਜਲੇ
ਤਿਸੁ ਸਚੈ ਦਰਬਾਰਿ ॥**

ਇਨ੍ਹਾਂ ਸਤਰਾਂ ਨੇ ਇਸਤ੍ਰੀ ਜਾਤੀ ਨੂੰ ਮੁੜ ਸਾਹਸ ਦਿੱਤਾ । ਉਨ੍ਹਾਂ ਨੇ ਮੁੜ ਆਪਣੀ ਗਈ ਗਵਾਚੀ ਤਾਕਤ ਇਕੱਤਰ ਕਰਕੇ ਸਾਹਸ ਤੇ ਦਲੇਰੀ ਨਾਲ ਆਪਣੇ ਕੰਮਾਂ ਨੂੰ ਨੇਪਰੇ ਚਾੜ੍ਹਨ ਜੋਗੀ ਚੋਖੀ ਹਿੰਮਤ ਕੀਤੀ । ਇਸਤ੍ਰੀ ਜਾਤੀ ਵਿਚ ਜਾਗਰਤ ਪੈਦਾ ਕਰਨ ਵਿਚ ਸਭ ਤੋਂ ਵੱਡਾ ਹੱਥ ਗੁਰਮਤਿ ਦਾ ਹੀ ਹੈ । ਗੁਰਮਤਿ ਸਾਹਿਤ ਨੇ ਇਸ ਹੁੰਦੀ ਦੁਰਦਸ਼ਾ ਵਲ ਧਿਆਨ ਕੇਂਦਰਤ ਕੀਤਾ । ਸਮਾਜ ਵਿਚੋਂ ਇਹੋ ਜਿਹੀਆਂ ਬੁਰੀਆਂ ਰਸਮਾਂ ਨੂੰ ਕੱਢਣ ਲਈ ਇਕ ਤਕੜਾ ਸੰਘਰਸ਼ ਕੀਤਾ ਜਿਸ ਦਾ ਸਿੱਟਾ ਇਸਤ੍ਰੀ ਜਾਤੀ ਆਪਣੇ ਪੈਰਾਂ ਤੇ ਖੜੀ ਗਈ । ਇਥੇ ਹੀ ਬੱਸ ਨਹੀਂ ਉਸ ਸਮੇਂ ਇਕ ਹੋਰ ਕੁਰੀਤੀ ਪਰਚਲਤ ਸੀ ਜਿਸ ਨੇ ਇਸਤਰੀ ਜਾਤੀ ਤੇ ਉਪਰੋਕਤ ਹੱਦਾਂ ਤੋਂ ਵੀ ਵਧ ਕੇ

ਜ਼ੁਲਮ ਕੀਤਾ ਬੇਅੰਤ ਇਸਤਰੀਆਂ ਇਸਦਾ ਸ਼ਿਕਾਰ ਹੋਈਆਂ । ਇਸਨੂੰ ਸਤੀ ਦੀ ਰਸਮ ਨਾਲ ਯਾਦ ਕੀਤਾ ਜਾਂਦਾ ਸੀ । ਇਸਤਰੀ ਜਾਤੀ ਦੇ ਰਹਿਬਰ ਤੇ ਭਗਤੀ ਲਹਿਰ ਦੇ ਬਾਨੀ ਗੁਰੂਆਂ ਨੇ ਇਸ ਤਰ੍ਹਾਂ ਲਿਖਿਆ :—

ਸਤੀਆ ਇਹ ਨਾ ਆਖੀਅਨਿ
ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣਅਨਿ ।
ਜਿ ਬਿਰਹੇ ਚੋਟ ਮਰੰਨਿ ॥ (ਸੂਹੀ ਮਹਲਾ ੩, ੭੮੭)

ਉਸ ਸਮੇਂ ਸੂਤਕ ਦਾ ਬੜਾ ਬੋਲ ਬਾਲਾ ਸੀ । ਇਹ ਭੀ ਸਮਾਜ ਦੀ ਇਕ ਹੋਰ ਬੁਰੀ ਰਸਮ ਸੀ । ਗੁਰੂ ਜੀ ਨੇ ਗੁਰਮਤਿ ਵਿਚ ਇਸ ਬਾਰੇ ਬੜੀ ਦਲੇਰੀ ਨਾਲ ਅਵਾਜ਼ ਉਠਾਈ ਤੇ ਲੋਕਾਂ ਨੂੰ ਦੱਸਿਆ :—

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ।
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥

ਗੁਰੂ ਜੀ ਨੇ ਦਸਿਆ ਕਿ ਅਸਲੀ ਸੂਤਕ ਤਾਂ ਇਹ ਹੈ :—

ਮਨ ਕਾ ਸੂਤਕ ਲੋਭ ਹੈ, ਜਿਹਵਾ ਸੂਤਕੁ ਕੂੜੁ ।
ਅਖੀ ਸੂਤਕੁ ਵੇਖਣਾ, ਪਰ ਤ੍ਰਿਅ ਪਰ ਧਨ ਰੂਪੁ ।
ਕੰਨਿ ਸੂਤਕੁ ਕੰਨਿ ਪੈ ਲਾਇ ਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰ ਜਾਹਿ ॥੧॥

ਉਸ ਸਮੇਂ ਦੀ ਰਾਜਨੀਤਕ ਦਸ਼ਾ ਬਿਲਕੁਲ ਗਈ ਗਵਾਚੀ ਸੀ । ਗੁਰੂ ਜੀ ਦੇ ਸਮੇਂ ਦੇ ਰਾਜੇ ਕਸਾਈਆਂ ਦਾ ਰੂਪ ਸਨ ਜੋ ਜੰਤਾ ਤੇ ਬੇਓੜਕ ਜ਼ੁਲਮ ਕਰ ਰਹੇ ਸਨ ਗੁਰੂ ਜੀ ਨੇ ਇਸ ਬਾਰੇ ਦਸਿਆ ਹੈ ਉਸ ਸਮੇਂ ਜਨਤਾ ਆਪਣੀ ਸੂਝ ਬੂਝ ਖੋ ਚੁਕੀ ਸੀ । ਚਾਰੇ ਪਾਸੇ ਝੂਠ ਦੀ ਪ੍ਰਧਾਨਗੀ ਸੀ ਸੱਚ ਤਾਂ ਬਿਲਕੁਲ ਨਜ਼ਰ ਨਹੀਂ ਸੀ ਆ ਰਿਹਾ ਇਸ ਦਾ ਚਿਤਰ ਇਸ ਤਰ੍ਹਾਂ ਉਲੀਕਿਆ ਹੈ :

ਲਬੁ ਪਾਪੁ-ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ ।
ਗਿਆਨੀ ਨਚਹਿ ਵਾਜੇ ਵਾਵਹਿ, ਰੂਪ ਕਰਹਿ ਸੀਗਾਰੁ ॥

ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥

ਰਾਜਿਆਂ ਦੇ ਜ਼ੁਲਮ ਦਿਨੋ ਦਿਨ ਵਧ ਰਹੇ ਸਨ । ਉਹ ਜਨਤਾ ਨੂੰ ਦੁਖੀ ਕਰ ਰਹੇ ਸਨ ਪਰਜਾ ਉਨ੍ਹਾਂ ਹਥੋਂ ਬਿਲਕੁਲ ਤੰਗ ਆ ਚੁਕੀ ਸੀ ਪਰ ਉਨ੍ਹਾਂ ਦੇ ਜ਼ੁਲਮ ਵਿਰੁਧ ਆਵਾਜ਼ ਨਹੀਂ ਸੀ ਉਠਾਈ ਜਾ ਰਹੀ । ਗੁਰੂ ਜੀ ਨੇ ਉਸ ਸਮੇਂ ਦੇ ਰਾਜਿਆਂ ਨੂੰ ਕਸਾਈਆਂ ਦਾ ਰੂਪ ਦਿਤਾ ਹੈ ਜੋ ਜਨਤਾ ਦੇ ਗਲ ਤੇ ਬੜੀ ਬੇਰਹਿਮੀ ਨਾਲ ਛੁਰੀ ਚਲਾਈ ਜਾਂਦੇ ਸਨ :—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖੁ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥

ਜਾਂ

ਰਾਜੇ ਸ਼ੀਹ ਮੁਕਦਮ ਕੁੱਤੇ

ਬਾਬਰ ਨੇ ਹੱਲਾ ਬੋਲ ਦਿਤਾ ਮਸੂਮ ਜਨਤਾ ਤੇ ਫੇਰ ਜ਼ੁਲਮ ਦਾ ਪਹਾੜ ਟੁੱਟ ਪਿਆ । ਇਸਤ੍ਰੀਆਂ ਨੂੰ ਰੋਲਿਆ ਗਿਆ ਉਨ੍ਹਾਂ ਦੀਆਂ ਬੇਪਤੀਆਂ ਕੀਤੀਆਂ ਗਈਆਂ । ਇਸਤ੍ਰੀਆਂ ਤੇ ਮਨੁੱਖਾਂ ਨੂੰ ਗੁਲਾਮ ਬਣਾਇਆ । ਉਨ੍ਹਾਂ ਨੂੰ ਪਸ਼ੂਆਂ ਦੀ ਤਰ੍ਹਾਂ ਮੁਲ ਵੇਚਿਆ ਗਿਆ । ਮਸੂਮਾਂ ਦੇ ਹਮਦਰਦ ਗਰੀਬ ਨਿਵਾਜ਼ ਸਤਿਗੁਰੂ ਨਾਨਕ ਦੇਵ ਜੀ ਜਨਤਾ ਨੂੰ ਇਸ ਤਰ੍ਹਾਂ ਲੁਟੀਂਦੀ ਤੇ ਲਿਤਾੜੀਂਦੀ ਵੇਖਕੇ ਕਿਵੇਂ ਸਹਿ ਸਕਦੇ ਸਨ । ਉਨ੍ਹਾਂ ਨੇ ਝਟਪਟ ਮਨੁੱਖਤਾ ਦੇ ਭਲੇ ਲਈ ਭਾਈ ਲਾਲੋ ਨੂੰ ਸੰਬੋਧਨ ਕਰਕੇ ਕਿਹਾ :—

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮ-ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ,
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ,
ਏਹਿ ਭੀ ਲੇਖੇ ਲਾਇ ਵੇ ਲਾਲੋ ॥

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥

ਅਤੇ ਫੇਰ ਉਨ੍ਹਾਂ ਮਜ਼ਲੂਮਾਂ ਦੀ ਰਖਿਆ ਲਈ ਪ੍ਰਮਾਤਮਾ ਨੂੰ ਨਿਹੋਰਾ ਦਿਤਾ ਤੇ ਕਿਹਾ :—

ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨ ਡਰਾਇਆ
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ,
ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ ॥੧॥ਰਹਾਉ॥ (ਆਸਾ ਮਹਲਾ ੧)

ਉਸ ਸਮੇਂ ਸਜਵਿਆਹੀਆਂ ਇਸਤ੍ਰੀਆਂ ਜੋ ਰੰਗ ਰੰਗੀਲੇ ਪਲੰਘਾਂ ਦੀ ਮੌਜ ਮਾਣਦੀਆਂ ਸਨ। ਉਨ੍ਹਾਂ ਦੀ ਉਹ ਦੁਰਦਸ਼ਾ ਹੋਈ ਜਿਸਦਾ ਕਰੁਣਾਮਈ ਬਿਆਨ ਗੁਰੂ ਜੀ ਨੇ ਇਸ ਤਰ੍ਹਾਂ ਕੀਤਾ ਹੈ। ਉਹ ਇਸਤ੍ਰੀਆਂ ਜਿਨ੍ਹਾਂ ਦੇ ਵਾਲਾਂ ਤੇ ਉਨ੍ਹਾਂ ਦੇ ਖੁਸ਼ਬੂਦਾਰ ਤੇਲ ਮਲੇ ਅਤੇ ਜਿਨ੍ਹਾਂ ਦੇ ਸਿਰ ਦੀਆਂ ਚੀਰਨੀਆਂ ਵਿਚ ਸੰਧੂਰ ਲਾਇਆ ਹੋਇਆ ਸੀ। ਉਨ੍ਹਾਂ ਸਿਰਾਂ ਨੂੰ ਮਿੱਟੀ ਵਿਚ ਰੋਲਿਆ ਗਿਆ। ਇਸ ਤਰ੍ਹਾਂ ਲਿਖਿਆ ਹੈ :—

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚ ਆਵੈ ਧੂੜਿ ॥
ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀ,
ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ,
ਵੇਖੁ ਤੇਰੀ ਵਡਿਆਈ ॥੨॥
ਜੇ ਕੋ ਨਾਉ ਧਰਾਏ ਵਡਾ
ਸਾਦ ਕਰੇ ਮਨਿ ਭਾਣੇ ।
ਖਸਮੈ ਨਦਰੀ ਕੀੜਾ ਆਵੈ
ਜੇਤੇ ਚੁਗੈ ਦਾਣੇ ॥

ਮਰਿ ਮਰਿ ਜੀਵੈ ਤਾ ਕਿਛੁ ਪਾਏ,
ਨਾਨਕ ਨਾਮ ਵਖਾਣੇ ॥੩॥੫॥੩੯॥

ਗੁਰਮਤਿ ਸਾਹਿਤ ਵਿਚ ਉਨ੍ਹਾਂ ਸਾਧੂਆਂ ਦਾ ਚਿਤਰ ਭੀ ਉਲੀਕਿਆ ਗਿਆ ਹੈ। ਉਨ੍ਹਾਂ ਝੂਠੇ ਸਾਧੂਆਂ ਦੇ ਪਖੰਡਾਂ ਤੇ ਛਲਾਂ ਛਿਦਰਾਂ ਨੂੰ ਰਜ ਰਜ ਕੇ ਭੰਡਿਆ। ਲੋਕਾਂ ਨੂੰ ਸੱਚਾ ਰਾਹ ਦਸਿਆ ਤੇ ਭੇਖੀ ਸਾਧੂਆਂ ਤੋਂ ਬਚ ਕੇ ਰਹਿਣ ਦਾ ਉਪਦੇਸ਼ ਦਿਤਾ। ਉਹ ਭੇਖੀ ਲੋਕਾਂ ਨੂੰ ਠੱਗਣ ਲਈ ਅੱਖਾਂ ਵਿਚ ਸਰੋਂ ਦੇ ਤੇਲ ਦੀਆਂ ਸਲਾਈਆਂ ਪਾ ਕੇ ਅੱਖੀਆਂ ਵਿਚੋਂ ਪਾਣੀ ਕੱਢ ਕੇ ਇਹ ਪ੍ਰਗਟ ਕਰਦੇ ਹਨ ਕਿ ਇਹ ਮਹਾਤਮਾ ਬਹੁਤ ਹੀ ਪ੍ਰਭੂ ਭਗਤੀ ਵਿਚ ਲਿਵਲੀਨ ਹੈ। ਜਿਹੜਾ ਕੋਈ ਅਮੀਰ ਉਨ੍ਹਾਂ ਕੋਲ ਜਾਵੇ ਉਸ ਪਖੰਡੀ ਸਾਧੂ ਦੇ ਸੇਵਕ ਉਸ ਤੋਂ ਧਨ ਲੁੱਟਣ ਲਈ ਸਵਾਰਥ ਵਾਸਤੇ ਉਸ ਦੀ ਉਪਮਾ ਅਥਵਾ ਵਧਾਅ ਚੜ੍ਹਾਅ ਕੇ ਵਡਿਆਈ ਕਰਦੇ ਹਨ। ਜਿਸ ਵਿਚ ਫਸਿਆ ਉਹ ਉਨ੍ਹਾਂ ਨੂੰ ਬਹੁਤ ਸਾਰਾ ਮਾਲ ਤੇ ਧਨ ਦੇ ਕੇ ਖੁਸ਼ ਕਰਦਾ ਹੈ ਜੋ ਗਰੀਬ ਹੁੰਦਾ ਹੈ ਉਸਨੂੰ ਮੂੰਹ ਤਕ ਭੀ ਨਹੀਂ ਵਿਖਾਉਂਦੇ। ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ : --

ਧਿਆਨ ਲਗਾਇ ਠਗਿਓ ਸਭ ਲੋਗਨ
ਸੀਸ ਜਟਾ ਨਖ ਹਾਥ ਬਢਾਏ ॥
ਲਾਇ ਬਿਭੂਤ ਫਿਰਓ ਮੁਖ ਊਪਰ
ਦੇਵ ਅਦੇਵ ਸਭੈ ਡਹਕਾਏ ॥
ਲੋਭ ਕੇ ਲਾਗੇ ਫਿਰਓ
ਘਰ ਹੀ ਘਰ ਜੋਗ ਕੇ ਨਾਯੋਸ ਸਭੈ ਬਿਸਰਾਏ ॥
ਲਾਜ ਗਈ ਕਛੁ ਕਾਜ ਸਰਿਓ ਨਹਿ
ਪ੍ਰੇਮ ਬਿਨਾ ਪ੍ਰਭ ਪਾਨ ਨ ਆਏ ॥੧੧॥
ਆਖਨ ਭੀਤਰ ਤੇਲ ਕੋ ਡਾਰ ਸੁ
ਲੋਗਨ ਨੀਰ ਬਹਾਇ ਦਿਖਾਵੈ ॥
ਜੋ ਧਨਵਾਨ ਲਖੈ ਨਿਜ ਸੇਵਕ
ਤਾਹਿ ਪਰੋਸ ਪ੍ਰਸਾਦਿ ਜਿਵਾਵੈ ॥
ਜੋ ਧਨ ਹੀਨ ਲਖੈਂ ਤਿਹ ਦੇਤ ਨ
ਮਾਂਗਨ ਜਾਤ ਮੁਖੋਂ ਨ ਦਿਖਾਵੈ ॥
ਲੂਟਤ ਹੈ ਪਸੁ ਲੋਗਨ ਕੋ
ਕਬਹੰ ਨ ਪ੍ਰਮੇਸਰ ਕੇ ਗੁਨ ਗਾਵੈ ॥੩੦॥

ਗੁਰ ਜੀ ਦੇ ਸਮੇਂ ਕਰਮ ਕਾਂਡਾਂ ਤੇ ਬੜਾ ਜ਼ੋਰ ਦਿਤਾ ਜਾਂਦਾ ਸੀ ਬਹੁਤ ਸਾਰੇ ਸਾਧੂ ਹਨ ਤਪ ਕਰਦੇ ਸਨ। ਸਰੀਰ ਨੂੰ ਕਸ਼ਟ ਦੇਣ ਵਿਚ ਭਗਤੀ ਦੀ ਸੰਪੂਰਨਤਾ ਸਮਝਦੇ ਸਨ ਉਹ ਘਰ ਬਾਰ ਛੱਡ ਕੇ ਜੰਗਲਾਂ ਨੂੰ ਚਲੇ ਜਾਂਦੇ ਉਥੇ ਪ੍ਰਾਣਾਯਾਮ ਕਰਦੇ ਉਹ ਸਮਝਦੇ ਕਿ ਇਸ ਤਰ੍ਹਾਂ ਉਨ੍ਹਾਂ

ਦੀ ਭਗਤੀ ਸੰਪੂਰਨ ਹੋ ਜਾਵੇਗੀ। ਸਰਦੀ ਦੇ ਦਿਨਾਂ ਵਿਚ ਉਹ ਠੰਢੇ ਪਾਣੀ ਦੇ ਘੜੇ ਆਪਣੇ ਸਿਰ ਉਪਰ ਆਪਣੇ ਸੇਵਕਾਂ ਪਾਸੋਂ ਪਵਾਉਂਦੇ। ਗਰਮੀਆਂ ਵਿਚ ਧੂਣੀਆਂ ਤਾਪ ਤਾਪ ਆਪਣੇ ਸਰੀਰਾਂ ਨੂੰ ਹੱਡੀਆਂ ਦੀ ਮੁੱਠ ਬਣਾ ਲੈਂਦੇ ਸਨ। ਗੁਰੂ ਜੀ ਨੇ ਇਸ ਤਰ੍ਹਾਂ ਦੇ ਹਠਾਂ ਤਪਾਂ ਨੂੰ ਨਿੰਦਿਆ ਤੇ ਕਿਹਾ।

ਰੇ ਮਨ ਐਸ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ ॥੧॥ਰਹਾਉ॥
ਜਤ ਕੀ ਜਟਾ ਜੋਗ ਕੋ ਮਜਨ
ਨੇਮ ਕੇ ਨ ਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ ॥੧॥
ਰੇ ਮਨ ਇਹ ਬਿਧ
ਜੋਗ ਕਮਾਓ ॥
ਸਿੰਙੀ ਸਾਚ ਅਕਪਟ ਕਠਲਾ
ਧਿਆਨੁ ਬਿਭੂਤ ਚੜ੍ਹਾਓ ॥੧॥ਰਹਾਉ॥
ਤਾਤੀ ਗਹੁ ਆਤਮ ਬਸਿ ਕਰ ਕੀ
ਭਿੱਛਾ ਨਾਮ ਅਧਾਰੰ ॥
ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ ॥੧॥

ਉਸ ਸਮੇਂ ਲੁਟ ਖਸੁਟ ਬਹੁਤ ਜੋਹਾਂ ਤੇ ਸੀ ਇਕ ਦੂਜੇ ਦੇ ਹੱਕਾਂ ਨੂੰ ਮਾਰ ਕੇ ਉਸ ਨੂੰ ਤੰਗ ਕਰਨਾ ਆਮ ਪਰਚਲਤ ਸੀ। ਗੁਰਮਤਿ ਸਾਹਿਤ ਵਿਚ ਅਜਿਹੀਆਂ ਕੁਚਾਲਾਂ ਨੂੰ ਅਤਿਅੰਤ ਨਿੰਦਿਆ ਗਿਆ ਹੈ। ਪਰਾਏ ਹੱਕ ਨੂੰ ਗੁਰਮਤਿ ਵਿਚ 'ਗਊ ਤੇ ਸੂਰ' ਦਾ ਦਰਜਾ ਦਿਤਾ ਗਿਆ ਹੈ। ਜਿਸ ਤਰ੍ਹਾਂ ਹਿੰਦੂਆਂ ਲਈ ਗਊ ਤੇ ਮੁਸਲਮਾਨਾਂ ਲਈ ਸੂਰ ਦੀ ਵਰਤੋਂ ਉਨ੍ਹਾਂ ਦੇ ਧਰਮਾਂ ਅਨੁਸਾਰ ਵਿਵਰਜਤ ਹੈ। ਉਸੇ ਤਰ੍ਹਾਂ ਹੀ ਗੁਰੂ ਜੀ ਨੇ ਦੂਜਿਆਂ ਦੇ ਹੱਕਾਂ ਦੀ ਵਰਤੋਂ ਕਰਨੀ ਉਤਨੀ ਹੀ ਹਾਨੀਕਾਰਕ ਦੱਸੀ ਹੈ। ਅਜਿਹੇ ਪਰਾਏ ਹੱਕਾਂ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਹੈ। ਮੁਰਦਾਰ ਖਾਣਾ ਹੈਵਾਨਾਂ ਦਾ ਕੰਮ ਹੈ, ਇਨਸਾਨਾਂ ਦਾ ਨਹੀਂ। ਇਸ ਲਈ ਜੋ ਇਸ ਦੀ ਵਰਤੋਂ ਕਰਦਾ ਹੈ ਉਸ ਨੂੰ ਗੁਰੂ ਦੀ ਹਮਾਇਤ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਦੇਵ ਜੀ ਇਉਂ ਫੁਰਮਾਉਂਦੇ ਹਨ :—

ਹਕੁ ਪਰਾਇਆ ਨਾਨਕਾ
ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ ॥

ਮਾਰਣ ਪਾਹਿ ਹਰਾਮ ਮਹਿ ਹੋਇ
ਹਲਾਲ ਨ ਜਾਇ ॥
ਨਾਨਕ ਗਲੀ ਕੂੜੀਈ
ਕੂੜੋ ਪਲੈ ਪਾਇ ॥੨॥

(ਵਾਰ ਮਾਝ ਕੀ ਮਹਲਾ ੧)

ਗੁਰੂ ਨਾਨਕ ਦੇਵ ਜੀ ਜਗਨ ਨਾਥ ਪੁਰੀ ਵਿਚ ਚਲੇ ਗਏ ਅਗੇ ਮੰਦਰ ਵਿਚ ਪੰਡਤ ਆਰਤੀ ਕਰ ਰਹੇ ਹਨ। ਗੁਰੂ ਜੀ ਨੇ ਪੰਡਤਾਂ ਤੋਂ ਪੁਛਿਆ ਕਿ ਤੁਸੀਂ ਇਹ ਕੀ ਕਰ ਰਹੇ ਹੋ ? ਉਨ੍ਹਾਂ ਨੇ ਉਤਰ ਦਿਤਾ ਕਿ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਆਰਤੀ ਕਰ ਰਹੇ ਹਾਂ ਪਰੰਤੂ ਗੁਰੂ ਜੀ ਨੇ ਕਿਹਾ ਕਿ ਉਹ ਈਸ਼ਵਰ ਤਾਂ ਬੜਾ ਵੱਡਾ ਹੈ ਇਸ ਛੋਟੇ ਜਿਹੇ ਥਾਲ ਤੇ ਦੀਵਿਆਂ ਨਾਲ ਉਸ ਦੇ ਗੁਣਾਂ ਦਾ ਮੁਕਾਬਲਾ ਨਹੀਂ ਹੋ ਸਕਦਾ। ਗੁਰੂ ਜੀ ਨੇ ਕਿਹਾ ਕਿ ਉਸ ਦੀ ਆਰਤੀ ਤਾਂ ਸਦਾ ਹੀ ਹੋ ਰਹੀ ਹੈ। ਚੰਦ, ਸੂਰਜ, ਤਾਰੇ, ਸਾਰੇ ਗਗਨ ਰੂਪੀ ਥਾਲ ਵਿਚ ਪਾਏ ਹੋਏ ਦੀਵੇ ਹਨ।

ਜਿਤਨਾ ਉਹ ਆਪ ਵੱਡਾ ਹੈ ਉਤਨੀ ਹੀ ਉਸਦੀ ਆਰਤੀ ਵੱਡੀ ਹੈ ਅਸੀਂ ਇਨ੍ਹਾਂ ਆਰਤੀਆਂ ਨਾਲ ਉਸ ਨੂੰ ਰਿਝਾ ਨਹੀਂ ਸਕਦੇ ਸਗੋਂ ਸੱਚੀ ਆਰਤੀ ਵਲ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਉਸ ਆਰਤੀ ਬਾਰੇ ਦਸਦੇ ਹਨ :—

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ, ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
ਸਹਸ ਤਵ ਨੈਨ, ਨਨ ਨੈਨ ਹਹਿ
ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।
ਸਹਸ ਪਦ ਬਿਮਲ ਨਨ ਏਕ ਪਦ ਗੰਧ
ਬਿਨ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੇ ਚਾਨਣਿ, ਸਭਿ ਮਹਿ ਚਾਨਣ ਹੋਇ।
ਗੁਰਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੪॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥ : ॥੭॥੯॥੧॥

(ਧਨਾਸਰੀ ਮਹਲਾ ੧)

ਉਸ ਸਮੇਂ ਦੇ ਸਮਾਜ ਵਿਚ ਠਗ ਬੜੇ ਜ਼ੋਰਾਂ ਤੇ ਸਨ। ਉਨ੍ਹਾਂ ਨੇ ਇਕ ਕਿਸਮ ਦੀਆਂ ਠੱਗੀ ਦੀਆਂ ਦੁਕਾਨਾਂ ਹੀ ਖੋਲ੍ਹ ਰੱਖੀਆਂ ਸਨ। ਬੇ ਸਮਝ ਲੋਕਾਂ ਨੂੰ ਠਗਣਾ, ਉਨ੍ਹਾਂ ਨੂੰ ਬੜੇ ਪ੍ਰੇਮ ਨਾਲ ਵਿਕਾਸ ਦੇਣਾ, ਟਹਿਲ ਸੇਵਾ ਚੰਗੀ ਕਰਨੀ ਜਦੋਂ ਯਾਰ ਨੇ ਇਹ ਸਮਝ ਲੈਣਾ ਕਿ ਇਹ ਤਾਂ ਘਰ ਵਰਗਾ ਹੀ ਸਥਾਨ ਹੈ ਉਨ੍ਹਾਂ ਨੇ ਨਿਸਚਿੰਤ ਹੋ ਕੇ ਸੌਂ ਜਾਣਾ ਮਗਰੋਂ ਠੱਗਾਂ ਨੇ ਉਨ੍ਹਾਂ ਨੂੰ ਰਾਤ ਨੂੰ ਮਾਰ ਕੇ ਉਨ੍ਹਾਂ ਦੇ ਕੱਪੜੇ ਆਦਿ ਉਤਾਰ ਲੈਣੇ ਤੇ ਉਨ੍ਹਾਂ ਦੀਆਂ ਸਾਰੀਆਂ ਚੀਜ਼ਾਂ ਨੂੰ ਲੁੱਟ ਲੈਣਾ। ਸਜਨ ਠੱਗ ਭੀ ਇਨਾਂ ਪਖੰਡੀਆਂ ਵਿਚੋਂ ਹੀ ਸੀ ਉਹ ਤੁਲੰਬਾ ਜ਼ਿਲਾ ਮੁਲਤਾਨ ਦਾ ਵਸਨੀਕ ਸੀ। ਗੁਰੂ ਨਾਨਕ ਦੇਵ ਜੀ ਭੀ ਰਮਦੇ ਰਮਦੇ ਉਸ ਥਾਂ ਤੇ ਜਾ ਪਹੁੰਚੇ ਜਿਸ ਥਾਂ ਤੇ ਸਜਨ ਦਾ ਡੇਰਾ ਸੀ। ਉਧ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਸੌਂ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ ਕਿ ਅਸੀਂ ਇਕ ਸ਼ਬਦ ਗਾਇਨ ਕਰਕੇ ਸੌਂਵਾਂਗੇ। ਸ਼ੇਖ ਸਜਨ ਨੇ ਕਿਹਾ ਜ਼ਰੂਰ ਸੁਨਾਉਣ। ਤਾਂ ਗੁਰੂ ਜੀ ਨੇ ਸ਼ਬਦ ਗਾਇਆ ਤੇ ਮਰਦਾਨੇ ਨੇ ਰਬਾਬ ਵਜਾਈ :

ਉਜਲੁ ਕੈਹਾ ਚਿਲਕਣਾ,
ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਨ ਉਤਰੈ,
ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ
ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ,
ਤਿਥੈ ਖੜੇ ਦਿਸੰਨਿ੍ ॥੧॥ ਰਹਾਉ ॥
ਕੋਠੇ ਮੰਡਪ ਮਾੜੀਆ
ਪਾਸਹੁ ਚਿਤਵੀਆਹਾ।
ਢਠੀਆ ਕੰਮਿ ਨ ਆਵਨੀ,
ਵਿਚਹੁ ਸਖਣੀਆਹਾ ॥੨॥
ਬਗਾ ਬਗੇ ਕਪੜੇ,
ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ,
ਬਗੇ ਨ ਕਹੀਅਨਿ੍ ॥੩॥
ਸਿੰਮਲ ਰੁਖੁ ਸਰੀਰ ਮੈ,
ਮੈ ਜਨ ਦੇਖਿ ਭੁਲੰਨਿ੍ ॥

ਸੇ ਫਲ ਕੰਮਿ ਨ ਆਵਨੀ,
ਤੇ ਗੁਣ ਮੈ ਤਨਿ ਹੰਨਿ ॥੪॥
ਅੰਧੁਲੇ ਭਾਰੁ ਉਠਾਇਆ,
ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨ ਲਹਾ,
ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ,
ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ,
ਬਧਾ ਛੁਟਹਿ ਜਿਤੁ ॥੬॥੧॥੩॥ (ਸੂਹੀ ਮਹਲਾ ੧, ਘਰੁ ੬)

ਇਹ ਸ਼ਬਦ ਸੁਣਨ ਸਾਰ ਸਜਨ ਠੱਗ ਇਕ ਦਮ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਕਿਹਾ ਕਿ ਮੈਨੂੰ ਮਾਫ ਕਰ ਦਿਉ। ਗੁਰੂ ਜੀ ਨੇ ਕਿਹਾ ਜਿਨ੍ਹਾਂ ਲੋਕਾਂ ਨੂੰ ਤੂੰ ਪਹਿਲਾਂ ਮਾਰਿਆ ਹੈ ਉਨ੍ਹਾਂ ਦੀਆਂ ਸਾਰੀਆਂ ਚੀਜਾਂ ਲੈ ਆ ਤਾਂ ਸਜਨ ਉਨ੍ਹਾਂ ਦੀਆਂ ਸਾਰੀਆਂ ਵਸਤਾਂ ਲੈ ਆਇਆ ਅਤੇ ਆਪਣੇ ਪਹਿਲੇ ਕੀਤੇ ਹੋਏ ਸਾਰੇ ਪਾਪ ਸੱਚੋ ਸੱਚ ਕਹਿ ਸੁਣਾਏ। ਇਸ ਤਰ੍ਹਾਂ ਗੁਰੂ ਜੀ ਨੇ ਉਸ ਦਾ ਸੁਧਾਰ ਕੀਤਾ।

ਉਸ ਸਮੇਂ ਬ੍ਰਾਹਮਣ ਮਤ ਜ਼ੋਰਾਂ ਤੇ ਸੀ ਇਸ ਲਈ ਜੰਞੂ ਪਾਉਣਾ ਜ਼ਰੂਰੀ ਸੀ। ਗੁਰੂ ਨਾਨਕ ਦੇਵ ਜੀ ਦੇ ਹਰਿ ਦਿਆਲ ਪੰਡਤ ਜਨੇਊ ਪਾਉਣ ਲਈ ਆਇਆ ਤਾਂ ਗੁਰੂ ਜੀ ਨੇ ਕਿਹਾ ਕਿ ਅਸੀਂ ਤਾਂ ਸੱਚਾ ਜੰਞੂ ਪਾਵਾਂਗੇ : ਪੰਡਤ ਨੇ ਪੁਛਿਆ ਉਹ ਕਿਹੋ ਜਿਹਾ ਹੈ ਤਾਂ ਗੁਰੂ ਜੀ ਨੇ ਕਿਹਾ :—

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥
ਏਹ ਜਨੇਊ ਜੀਅ ਕਾ
ਹਈ ਤਾਂ ਪਾਂਡੇ ਘਤੁ ॥

ਉਸ ਸਮੇਂ ਦੇ ਸਮਾਜ ਦੀ ਦਸ਼ਾ ਬਿਲਕੁਲ ਨਿਘਰ ਚੁਕੀ ਸੀ ਬਾਹਰਲੀ ਲਿਸ਼ਕੀ ਪੁਸ਼ਕੀ ਪਰਧਾਨ ਸੀ ਜਿਵੇਂ ਬਾਹਰੋਂ ਧੋਤੀ ਤੂਬੜੀ ਅੰਦ ਵਿਸ ਨਕਰ ਅਨੁਸਾਰ ਹਾਲਤ ਵਾਪਰ ਰਹੀ ਸੀ। ਅਗੇ ਚਲ ਕੇ ਸਾਰਾ ਚਿਤਰ ਉਲੀਕਿਆ ਹੈ :—

ਮਾਣਸਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥

ਕੂੜ ਬੋਲਿ ਕਰਹਿ ਆਹਾਰ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ । ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥
ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥੨॥

ਅੱਗੇ ਚਲ ਕੇ ਹੋਰ ਘਟਨਾ ਦਾ ਚਿਤਰ ਭੀ ਸਾਕਾਰ ਕਰਦੇ ਹਨ :—

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥੨੨॥ (ਮਹਲਾ ੧)

ਜਾਤਾਂ ਪਾਤਾਂ ਦਾ ਬੜਾ ਵਿਚਾਰ ਸੀ ਚਾਰ ਵਰਨ ਬਣ ਚੁਕੇ ਸਨ (ਬ੍ਰਾਹਮਣ, ਖਤਰੀ, ਵੈਸ਼ ਤੇ ਸੂਦਰ) ਬ੍ਰਹਮਣ ਦੂਜੀਆਂ ਜਾਤੀਆਂ ਨੂੰ ਨੀਚ ਸਮਝਦੇ ਸਨ। ਸ਼ੂਦਰਾਂ ਨੂੰ ਤਾਂ ਅਤਿਅੰਤ ਦੁਰਕਾਰਿਆ ਜਾਂਦਾ ਸੀ। ਸੂਦਰਾਂ ਦੇ ਘਰ ਭੋਜਨ ਨਹੀਂ ਸੀ ਕੀਤਾ ਜਾਂਦਾ। ਗੁਰੂ ਜੀ ਭਾਈ ਲਾਲੋ ਦੇ ਘਰ ਗਏ ਤਾਂ ਮਲਕ ਭਾਗੋ ਨੇ ਇਕ ਬ੍ਰਹਮ ਭੋਜਨ ਕੀਤਾ ਉਸ ਤੇ ਉਸ ਨੇ ਗੁਰੂ ਨਾਨਕ ਦੇਵ ਜੀ

ਨੂੰ ਉਚੇਚਾ ਸਦਿਆ ਪਰ ਗੁਰੂ ਜੀ ਉਸ ਦੇ ਖਾਣੇ ਤੇ ਨਾ ਗਏ। ਭਾਈ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਖਾਧੀ ਤਾਂ ਮਲਕ ਭਾਗੋ ਗੁਸੇ ਵਿਚ ਲਾਲ ਪੀਲਾ ਹੋ ਗਿਆ। ਗੁਰੂ ਜੀ ਨੇ ਮਲਕ ਨੂੰ ਦਸਿਆ ਕਿ ਸਾਨੂੰ ਗਰੀਬ ਦੀਆਂ ਰੋਟੀਆਂ ਵਿਚ ਦੁਧ ਪ੍ਰਤੀਤ ਹੁੰਦਾ ਹੈ ਤੇ ਤੇਰੀਆਂ ਪੂਰੀਆਂ ਵਿਚ ਗਰੀਬਾਂ ਦਾ ਖੂਨ ਹੈ।

ਗੁਰਮਤਿ ਵਿਚ ਜਾਤਾਂ ਪਾਤਾਂ ਦਾ ਮੌਜੂ ਉਡਾਇਆ ਗਿਆ। ਸਾਰਿਆਂ ਨੂੰ ਭਰਾ ਭਰਾ ਬਣ ਕੇ ਰਹਿਣ ਦੀ ਪ੍ਰੇਰਣਾ ਹੈ :

ਅਵਲਿ ਅਲਹ ਨੂਰੁ ਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ।
ਕਉਨ ਭਲੇ ਕੋ ਮੰਦੇ ॥ (ਭਗਤ ਕਬੀਰ)

ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ ॥ (ਪਾਤਸ਼ਾਹੀ ੧੦)

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ॥੧॥
ਕਾਰਣ ਕਰਣ ਕਰੀਮ ॥
ਕਿਰਪਾਧਾਰਿ ਰਹੀਮ ॥੧॥ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ (ਰਾਮਕਲੀ ਮਹਲਾ ੫)

ਭਾਈ ਗੁਰਦਾਸ ਜੀ ਉਚ ਕੋਟੀ ਦੇ ਵਿਦਵਾਨ ਹੋਏ ਹਨ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਨ ਹੈ। ਉਨ੍ਹਾਂ ਨੇ ਉਸ ਸਮੇਂ ਦੇ ਮਜ਼ਬਾਂ ਦੀ ਖਿਚੋਤਾਣ ਦਾ ਕਿਤਨਾ ਸੋਹਣਾ ਵਰਨਣ ਕੀਤਾ ਹੈ :—

ਚਾਰਿ ਵਰਨ ਚਾਰਿ ਮਜ਼ਹਬਾ,
ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕੱਬਰੀ,
ਖਿਚੋਤਾਣ ਕਰੇਨਿ ਧਿਙਾਣੇ।

ਗੰਗ ਬਨਾਰਸ ਹਿੰਦੂਆ,
ਮੱਕਾ ਕਾਬਾ ਮੁਸਲਮਾਣੇ ।
ਸੁੰਨਤ ਮੁਸਲਮਾਣ ਦੀ,
ਤਿਲਕ ਜੰਞੂ ਹਿੰਦੂ ਲੋਭਾਣੇ ।
ਰਾਮ ਰਹੀਮ ਕਹਾਇੰਦੇ,
ਇਕ ਨਾਮ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇ ਕੇ,
ਮੋਹੇ ਲਾਲਚ ਦੁਨੀ ਸੈਤਾਣੇ ।
ਸਚੁ ਕਿਨਾਰੇ ਰਹਿ ਗਿਆ,
ਖਹਿ ਮਰਦੇ ਬਾਹਮਣ ਮਉਲਾਣੇ ।
ਸਿਰੋਂ ਨ ਮਿਟੇ ਆਵਣ ਜਾਣੇ ॥੨੧॥

ਸਾਰਿਆਂ ਮਨੁੱਖਾਂ ਨੂੰ ਇਕ ਹੋ ਕੇ ਰਹਿਣ ਦੀ ਪ੍ਰੇਰਣਾ ਗੁਰਬਾਣੀ ਵਿਚੋਂ ਥਾਂ ਪਰ ਥਾਂ ਨਜ਼ਰ ਆਉਂਦੀ ਹੈ :—

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥
ਸਭ ਮਹਿ ਜੋਤਿ ਜੋਤਿ ਹੈ ਸੋਇ
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥
ਅਗੈ ਜਾਤਿ ਨ ਜੋਰੁ ਹੈ
ਅਗੈ ਜੀਉ ਨਵੇ ॥

ਇਸ ਤਰ੍ਹਾਂ ਗੁਰਮਤਿ ਸਾਹਿਤ ਵਿਚੋਂ ਉਸ ਸਮੇਂ ਦੇ ਸਮਾਜ ਦੀ ਤਸਵੀਰ ਸਾਖਯਾਤ ਰੂਪ ਵਿਚ ਮਿਲਦੀ ਹੈ। ਗੁਰਮਤਿ ਸਾਹਿਤ ਵਿਚ ਉਸ ਸਮੇਂ ਦਾ ਬਿਲਕੁਲ ਚਿਤਰ ਉਲੀਕਿਆ ਗਿਆ ਉਸ ਸਮੇਂ ਦੀ ਜਾਣਕਾਰੀ ਸੰਪੂਰਨ ਰੂਪ ਵਿਚ ਮਿਲਦੀ ਹੈ। ਗੁਰਮਤਿ ਸਾਹਿਤ ਸੱਚਮੁੱਚ ਹੀ ਉਸ ਸਮੇਂ ਦੇ ਸਮਾਜ ਦਾ ਦਰਪਣ ਹੈ।

—0—

# ਦਸਮ ਗ੍ਰੰਥ-ਇਕ-ਸਰਵੇਖਣ

ਡਾ. ਰਤਨ ਸਿੰਘ ਜੱਗੀ

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸਿੱਖਾਂ ਵਿਚ ਦੂਜਾ ਸਤਿਕਾਰ ਯੋਗ ਅਤੇ ਮਹੱਤਵ ਪੂਰਣ ਗ੍ਰੰਥ 'ਦਸਮ ਗ੍ਰੰਥ' ਹੈ, ਪਰ 'ਆਦਿ ਗ੍ਰੰਥ' ਦੀ ਪ੍ਰਮਾਣਿਕਤਾ ਜਿਤਨੀ ਅਸੰਦਿਗਧ ਹੈ, 'ਦਸਮ ਗ੍ਰੰਥ' ਦੀ ਉਤਨੀ ਹੀ ਵਿਵਾਦਪੂਰਣ ਹੈ। ੧੮ਵੀਂ ਅਤੇ ੧੯ਵੀਂ ਸਦੀ ਵਿਚ ਇਸ ਗ੍ਰੰਥ ਦਾ ਕਾਫ਼ੀ ਪਠਨ-ਪਾਠਨ ਹੁੰਦਾ ਰਿਹਾ, ਇਥੋਂ ਤਕ ਕਿ 'ਆਦਿ ਗ੍ਰੰਥ' ਦੇ ਨਾਲ ਇਸ ਗ੍ਰੰਥ ਦਾ ਵੀ ਗੁਰਦਵਾਰਿਆਂ ਵਿਚ ਦਰਬਾਰ ਲੱਗਦਾ ਰਿਹਾ, ਪਰ ਵੀਹਵੀਂ ਸਦੀ ਦੇ ਸੁਧਾਰ-ਵਾਦੀ ਅੰਦੋਲਨਾ ਦੇ ਫਲਸਰੂਪ ਇਸ ਗ੍ਰੰਥ ਪ੍ਰਤਿ ਉਪਰਾਮਤਾ ਵਧਣ ਲੱਗੀ, ਕਿਉਂਕਿ ਇਨ੍ਹਾਂ ਅੰਦੋਲਨਾਂ ਦੀ ਬੌਧਿਕ ਰੁਚੀ ਪੌਰਾਣਿਕ ਭਾਵਨਾ ਵਾਲੇ ਗ੍ਰੰਥਾਂ ਦੇ ਪਠਨ-ਪਾਠਨ ਦੇ ਅਨੁਕੂਲ ਨਹੀਂ ਸੀ। ਸਿੱਟੇ ਵਜੋਂ ਗੁਰਦਵਾਰਿਆਂ ਵਿਚੋਂ ਇਸ ਦੀਆਂ ਬੀੜਾਂ ਨੂੰ ਹਟਾ ਦਿਤਾ ਗਿਆ, ਪਰ ਭੂਤ-ਪੂਰਬ 'ਪੈਪਸੂ' ਖੇਤਰ ਦੇ ਕੁਝ ਕੁ ਗੁਰੂ-ਧਾਮਾਂ ਅਤੇ ਡੇਰਿਆਂ ਵਿਚ ਜੋ ਹੁਣੇ ਹੁਣੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੇ ਕਬਜ਼ੇ ਵਿਚ ਆਏ ਹਨ, ਇਸ ਗ੍ਰੰਥ ਨੂੰ ਅਜੇ ਵੀ 'ਆਦਿ-ਗ੍ਰੰਥ' ਦੇ ਨਾਲ ਸਥਾਨ ਦਿੱਤਾ ਜਾਂਦਾ ਹੈ, ਇਥੋਂ ਤਕ ਕਿ ਗੁਰਦਵਾਰਾ 'ਦਮਦਮਾ ਸਾਹਿਬ' ਵਿਚ 'ਆਦਿ ਗਰੰਥ' ਵਾਲੇ ਬਾਰਾਮਾਂਹ ਦੇ ਨਾਲ ਨਾਲ 'ਦਸਮ ਗ੍ਰੰਥ' ਵਾਲੇ ਬਾਰਾਮਾਂਹ (ਕ੍ਰਿਸ਼ਨਾਵਤਾਰ ਪ੍ਰਸੰਗ ਵਿਚੋਂ) ਦਾ ਪਾਠ ਵੀ ਹਰ ਸੰਗਰਾਂਦ ਵਾਲੇ ਦਿਨ ਕੀਤਾ ਜਾਂਦਾ ਹੈ ਅਤੇ ਸਿੱਖਾਂ ਦੇ ਚਾਰ ਤਖਤਾਂ ਵਿਚੋਂ ਤਖਤ ਜਨਮ ਅਸਥਾਨ ਹਰਿ ਮੰਦਿਰ (ਪਟਨਾ) ਅਤੇ ਤਖਤ ਹਜ਼ੂਰ ਸਾਹਿਬ (ਹੈਦਰਾਬਾਦ) ਤੇ ਹੁਣ ਵੀ ਇਸ ਗ੍ਰੰਥ ਦਾ ਪੁਰਾਤਨ ਮਰਯਾਦਾ ਅਨੁਸਾਰ 'ਆਦਿ ਗ੍ਰੰਥ' ਦੇ ਨਾਲ ਦਰਬਾਰ ਲਗਾਇਆ ਜਾਂਦਾ ਹੈ।

ਸਿੱਖ ਵਿਦਵਾਨਾਂ ਵਿਚ ਇਸ ਗ੍ਰੰਥ ਸਬੰਧੀ ਪਰਸਪਰ ਵਿਰੋਧੀ ਵਿਵਾਦ ਇਸ ਦੇ ਸੰਕਲਨਕਾਲ ਤੋਂ ਹੀ ਚਲ ਪਿਆ ਸੀ ਜੋ ਅੱਜ ਤਕ ਲਗਾਤਾਰ ਚਲ ਰਿਹਾ ਹੈ। ਕੁਝ ਵਿਦਵਾਨਾਂ ਨੇ ਇਸ ਸੰਪੂਰਣ ਗਰੰਥ ਨੂੰ ਗੁਰੂ ਗੋਬਿੰਦ ਸਿੰਘ ਰਚਿਤ ਮੰਨਿਆ ਹੈ ਅਤੇ ਕੁਝ ਵਿਦਵਾਨਾਂ ਅਨੁਸਾਰ ਇਸ ਵਿਚ ਬਹੁਤ ਥੋੜ੍ਹਾ ਅੰਸ਼ ਗੁਰੂ ਜੀ ਦਾ ਆਪਣਾ ਲਿਖਿਆ ਹੋਇਆ ਹੈ; ਬਾਕੀ ਹਿਸਾ ਦਰਬਾਰੀ ਕਵੀਆਂ ਦੀ ਰਚਨਾ ਹੈ। ਪੜ੍ਹੇ ਲਿਖੇ ਲੋਕ ਇਸ ਗ੍ਰੰਥ ਦੇ ਵਿਸ਼ੇ-ਵਸਤੂ ਪ੍ਰਤਿ ਉਪਰਾਮ ਹਨ,

ਕਿਉਂਕਿ ਇਸ ਨਾਲ ਉਨ੍ਹਾਂ ਦੀ 'ਆਦਿ ਗ੍ਰੰਥ' ਸਬੰਧੀ ਭਗਤੀ-ਭਾਵਨਾ ਨੂੰ ਠੇਸ ਲੱਗਦੀ ਹੈ। ਇਹ ਗੱਲ ਇਸ ਲੇਖ ਵਿਚੋਂ ਸਪਸ਼ਟ ਹੋ ਜਾਵੇਗੀ।

ਦਸਮ ਗ੍ਰੰਥ ੧੪੨੮ ਪੰਨਿਆਂ ਦਾ ਇਕ ਵੱਡਾ ਗ੍ਰੰਥ ਹੈ।[1] ਜਿਸ ਦੇ ਵਰਤਮਾਨ ਰੂਪ ਵਿਚ ਹੇਠ ਲਿਖੇ ਕ੍ਰਮ ਅਨੁਸਾਰ ਬਾਣੀਆਂ ਦਰਜ ਹਨ :—

੧. ਜਾਪੁ,
੨. ਅਕਾਲ ਉਸਤਤਿ,
੩. ਬਚਿਤ੍ਰ ਨਾਟਕ (ਅਪਨੀ ਕਥਾ),
੪. ਚੰਡੀ ਚਰਿਤ੍ਰ (ਉਕਤਿ ਬਿਲਾਸ),
੫. ਚੰਡੀ ਚਰਿਤ੍ਰ (ਤ੍ਰਾਂਬੀ ਮਾਹਾਤਮ),
੬. ਵਾਰ ਦੁਰਗਾ ਕੀ (ਚੰਡੀ ਦੀ ਵਾਰ),
੭. ਗਿਆਨ ਪ੍ਰਬੋਧ,
੮. ਚੌਬੀਸ ਅਵਤਾਰ,
੯. ਬ੍ਰਹਮਾਵਤਾਰ,
੧੦. ਰੁਦ੍ਰਾਵਤਾਰ (ਦਤਾਤ੍ਰੇਯ ਅਤੇ ਪਾਰਸਨਾਥ)
੧੧. ਸ਼ਬਦ ਹਜ਼ਾਰੇ (ਬਿਸਨ ਪਦੇ),
੧੨. ਸਵੈਯੇ (੩੩),
੧੩. ਖਾਲਸਾ ਮਹਿਮਾ,
੧੪. ਸ਼ਸਤ੍ਰ ਨਾਮ ਮਾਲਾ,
੧੫. ਚਰਿਤ੍ਰੋਪਾਖਿਆਨ,
੧੬. ਜ਼ਫ਼ਰਨਾਮਾ ਅਤੇ ਹਕਾਇਤਾਂ।

ਇਨ੍ਹਾਂ ਰਚਨਾਵਾਂ ਤੋਂ ਛੁਟ, ਪ੍ਰਾਚੀਨ ਬੀੜਾਂ ਵਿਚ ਕੁਝ ਹੋਰ ਵਾਧੂ ਕ੍ਰਿਤੀਆਂ ਵੀ ਸੰਕਲਿਤ ਹਨ ਪਰ ਉਨ੍ਹਾਂ ਬੀੜਾਂ ਵਿਚ ਉਪਰੋਕਤ ਕ੍ਰਮ ਨਾਲ ਅਤੇ ਪਰਸਪਰ ਕ੍ਰਮ ਸਬੰਧੀ ਏਕਤਾ ਨਹੀਂ ਹੈ। ਉਕਤ ਕ੍ਰਮ ਵਿਚੋਂ ਅੰਕ ੧, ੨, ੭, ੧੧, ੧੨, ਅਤੇ ੧੩ ਵਾਲੀਆਂ ਰਚਨਾਵਾਂ ਦਾ ਸਬੰਧ ਲਗ ਭਗ ਭਗਤੀ-ਕਾਵਿ ਨਾਲ ਹੈ। 'ਸ਼ਸਤ੍ਰ ਨਾਮ ਮਾਲਾ' (ਕ੍ਰਮਾਂਕ ੧੪) ਵਿਚ ਭਿੰਨ ਭਿੰਨ ਸ਼ਸਤ੍ਰਾਂ ਦੇ ਨਾਂ ਦੇ ਕੇ ਉਨ੍ਹਾਂ ਦੀ ਪ੍ਰਸ਼ੰਸਾ ਪੌਰਾਣਿਕ ਪ੍ਰਕਰਣ ਵਿਚ ਕੀਤੀ ਗਈ ਹੈ। 'ਜ਼ਫ਼ਰਨਾਮਾ' (ਕ੍ਰਮਾਂਕ ੧੬) ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਭਾਸ਼ਾ ਵਿਚ ਲਿਖਿਆ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਇਤਿਹਾਸਿਕ ਪੱਤਰ ਹੈ ਅਤੇ ਹਕਾਇਤਾਂ ਇਸੇ ਦਾ ਪਰਿਸ਼ਿਸ਼ (appendix) ਮੰਨੀਆਂ ਜਾਂਦੀਆਂ ਹਨ। ਬਾਕੀ ਸਾਰੀਆਂ ਪੌਰਾਣਿਕ ਕ੍ਰਿਤੀਆਂ ਹਨ।

'ਚਰਿਤ੍ਰੋਪਾਖਿਆਨ' (ਕ੍ਰਮਾਂਕ ੧੫) ਦਸਮ ਗ੍ਰੰਥ ਦੇ ੫੮੦ ਪੰਨਿਆਂ ਉੱਤੇ ਵਿਆਪਕ

1. ਦੇਖੋ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਦਸਮ ਗਰੰਥ

ਸੁਤੰਤਰ ਰਚਨਾ ਹੈ । ਇਸ ਵਿਚ ੪੦੪ ਚਰਿਤ੍ਰ ਕਥਾਵਾਂ ਵਰਣਿਤ ਹਨ, ਪ੍ਰਧਾਨਤਾ ਇਸਤ੍ਰੀ ਚਰਿਤ੍ਰਾਂ ਦੀ ਹੀ ਹੈ । ਇਸ ਲਈ ਇਸ ਨੂੰ 'ਤ੍ਰਿਆ ਚਰਿਤ੍ਰ' ਜਾਂ 'ਤ੍ਰਿਆ ਚਰਿਤ੍ਰ' ਦਾ ਨਾਂ ਵੀ ਦਿੱਤਾ ਜਾਂਦਾ ਹੈ । ਇਸ ਵਿਚ ਇਤਿਹਾਸਿਕ ਪੌਰਾਣਿਕ ਦੇਸੀ, ਬਿਦੇਸੀ, ਕਾਲਪਨਿਕ ਆਦਿ ਅਨੇਕ ਕਥਾਵਾਂ ਦੀ ਯੋਜਨਾ ਪੌਰਾਣਿਕ ਰੀਤੀ ਨਾਲ ਹੋਈ ਹੈ ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ (ਕ੍ਰਮਾਂਕ ੩, ੪, ੫, ੮, ੯, ੧੦,) ਅਸਲ ਵਿਚ 'ਬਚਿਤ੍ਰ ਨਾਟਕ' ਦਾ ਹੀ ਅੰਗ ਹਨ । 'ਬਚਿਤ੍ਰ ਨਾਟਕ' ਜਿਹਾ ਕਿ ਇਸ ਦੇ ਨਾਂ ਤੋਂ ਸਪਸ਼ਟ ਹੈ, ਵਿਚਿਤ੍ਰ ਜਾਂ ਅਦਭੁਤ ਲੀਲਾਵਾਂ ਜਾਂ ਚਰਿਤ੍ਰਾਂ ਦਾ ਸਗ੍ਰਹਿ ਹੈ । ਦਸਮ ਗ੍ਰੰਥ ਦੇ ਲਗਭਗ ੬੩੪ ਪੰਨਿਆਂ ਵਿਚ ਇਹ ਮਹੱਤਵ-ਪੂਰਣ ਕ੍ਰਿਤੀ ਰਚੀ ਗਈ ਹੈ । ਇਸ ਵਿਚ ਸਭ ਤੋਂ ਪਹਿਲਾਂ, ੧੪ ਅਧਿਆਵਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ 'ਅਪਨੀ ਕਥਾ' ਵਰਣਿਤ ਹੈ, ਫਿਰ ਅੱਠ ਅੱਠ ਅਧਿਆਵਾਂ ਵਿਚ ਭਿੰਨ ਭਿੰਨ ਸ਼ੈਲੀਆਂ ਵਿਚ ਲਿਖੇ ਦੋ ਚੰਡੀ ਚਰਿਤ੍ਰ ਹਨ । ਇਸ ਤੋਂ ਬਾਅਦ ਵਿਸ਼ਨੂੰ ਦੇ 'ਚੌਬੀਸ ਅਵਤਾਰ—ਮੱਛ, ਕੱਛ, ਮਹਾ-ਮੋਹਨੀ, ਨਰ-ਨਾਰਾਇਣ, ਵੈਰਾਹ, ਨਰ-ਸਿੰਘ, ਬਾਵਨ, ਪਰਸਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਅਰਹੰਤ, ਮਨੁ, ਧਨਵੰਤਰੀ, ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਨਰ, ਬੋਧ ਨਿਹਕਲੰਕੀ—ਤੇ 'ਮੀਰ ਮਹਿਦੀ' ਦਾ ਵਰਣਨ ਹੈ । ਤਦਉਪਰੰਤ ਬ੍ਰਹਮਾ ਦੇ ਸਤ ਅਵਤਾਰਾਂ —ਬਾਲਮੀਕ, ਕੱਸ਼ਪ, ਸੁਕਰ, ਬ੍ਰਹਸਪਤੀ, ਵਿਆਸ, ਛੇ ਸ਼ਾਸਤ੍ਰ ਧਾਰਕ ਅਤੇ ਕਾਲੀਦਾਸ— ਦਾ ਵਰਨਣ ਹੈ, ਅਤੇ ਫਿਰ ਰੁਦ੍ਰ ਦੇ ਦੋ ਅਵਤਾਰਾਂ—ਦੱਤਾਤ੍ਰੇਯ ਅਤੇ ਪਾਰਸ ਨਾਥ – ਦਾ ਚਿਤ੍ਰਣ ਹੈ । ਇਨ੍ਹਾਂ ਸਾਰੀਆਂ ਕਥਾਵਾਂ ਦੇ ਸਰੋਤ ਲਗ ਭਗ ਪੌਰਾਣਿਕ ਹਨ । 'ਵਾਰ ਸ੍ਰੀ ਭਗਉਤੀ ਜੀ ਕੀ' (ਕ੍ਰਮਾਂਕ ੬) 'ਦੁਰਗਾ ਸਪਤਸ਼ਤੀ' ਤੇ ਆਧਾਰਿਤ ਸੁਤੰਤਰ ਵੀਰ-ਰਸੀ ਪੌਰਾਣਿਕ ਰਚਨਾ ਹੈ ।

ਸਿੱਖ ਇਤਿਹਾਸ ਅਤੇ ਪਰੰਪਰਾ ਅਨੁਸਾਰ ਦਸਮ ਗੁਰੂ ਦੇ ੫੨ ਦਰਬਾਰੀ ਕਵੀ ਪ੍ਰਾਚੀਨ ਪੌਰਾਣਿਕ ਰਚਨਾਵਾਂ ਦਾ ਭਾਸ਼ਾ ਰੂਪਾਂਤਰ ਜਾਂ ਅਨੁਵਾਦ ਤਿਆਰ ਕਰਦੇ ਸਨ, ਤਾਂ ਜੋ ਸੰਸਕ੍ਰਿਤ ਗ੍ਰੰਥਾਂ ਵਿਚ ਲੁਪਤ ਪਏ ਵਿਚਾਰਾਂ ਅਤੇ ਕਥਾਵਾਂ ਤੋਂ ਸਿੱਖ ਜਗਤ ਜਾਣੂ ਹੋ ਸਕੇ । ਸੰਮਤ ੧੭੬੧ ਬਿ. ਵਿਚ ਜਦ ਗੁਰੂ ਜੀ ਨੇ ਆਨੰਦਪੁਰ ਛਡਿਆ ਤਾਂ ਅਜਿਹਾ ਸਾਰਾ ਸਾਹਿਤ ਸਰਸਾ ਨਦੀ ਵਿਚ ਰੁੜ ਗਿਆ । ਉਪਰੋਕਤ ਸਾਹਿਤ ਵਿਚੋਂ ਜਿਨ੍ਹਾਂ ਗ੍ਰੰਥਾਂ ਜਾਂ ਪੋਥੀਆਂ ਦੇ ਉਤਾਰੇ ਪੰਜਾਬ ਆਦਿ ਮੈਦਾਨੀ ਪ੍ਰਦੇਸ਼ਾਂ ਵਿਚ ਰਹਿਣ ਵਾਲੇ ਸ਼ਰਧਾਲੂਆਂ ਪਾਸ ਸੁਰਖਿਅਤ ਪਏ ਸਨ, ਉਨ੍ਹਾਂ ਨੂੰ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਦੇ ਉਦਮ ਨਾਲ ਇਕੱਠਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਾਂਭ ਕੇ ਰੱਖਣ ਲਈ, 'ਆਦਿ ਗ੍ਰੰਥ' ਦੀ ਸਰਣੀ ਤੇ ਇਕ ਬੀੜ ਸੰਕਲਿਤ ਕਰ ਦਿਤਾ ਗਿਆ । ਇਸ ਵਿਚ ਦਸਮ ਗੁਰੂ ਦੀਆਂ ਨਿਜੀ ਬਾਣੀਆਂ ਵੀ ਦਰਜ ਸਨ । ਉਸ ਤੋਂ ਪਿਛੋਂ ਕੁਝ ਹੋਰ ਮੁਖੀ ਸਿੱਖਾਂ - ਭਾਈ ਸੁਖਾ ਸਿੰਘ, ਬਾਬਾ ਦੀਪ ਸਿੰਘ ਆਦਿ—ਨੇ ਬਾਅਦ ਵਿਚ ਪ੍ਰਾਪਤ ਹੋਈਆਂ ਹੋਰ ਰਚਨਾਵਾਂ ਨੂੰ ਸ਼ਾਮਲ ਕਰਕੇ ਆਪਣੀ ਆਪਣੀ ਰੁਚੀ ਅਨੁਸਾਰ ਭਿੰਨ ਭਿੰਨ ਬੀੜਾਂ ਤਿਆਰ ਕੀਤੀਆਂ । ਉਦੋਂ ਇਸ ਗ੍ਰੰਥ ਨੂੰ 'ਬਚਿਤ੍ਰ ਨਾਟਕ' ਦਾ ਨਾਂ ਦਿਤਾ ਜਾਂਦਾ ਸੀ, ਪਰ ਬਾਅਦ ਵਿਚ ਇਸ ਨੂੰ 'ਦਸਵੇਂ ਪਤਿਸ਼ਾਹ ਦਾ ਗ੍ਰੰਥ' ਕਿਹਾ ਜਾਣ ਲਗਿਆ ਅਤੇ ਹੁਣ ਇਹੋ 'ਦਸਮ ਗ੍ਰੰਥ' ਦੇ ਨਾਂ ਨਾਲ ਪ੍ਰਸਿੱਧ ਹੈ ।

ਭਾਈ ਮਤਾਬ ਸਿੰਘ ਮੀਰਾਂ ਕੋਟੀਏ ਵਾਲੀ ਘਟਨਾ* ਤੋਂ ਸਾਬਤ ਹੁੰਦਾ ਹੈ ਕਿ ਇਸ ਗ੍ਰੰਥ ਦੀ ਬੀੜ ਬਣਨ ਤੋਂ ਹੀ ਇਸ ਨੂੰ ਇਕ ਜਿਲਦ ਨਾ ਰੱਖਣ ਲਈ ਵਿਵਾਦ ਚਲ ਪਿਆ, ਕਿਉਂਕਿ ਭਗਤੀ-ਭਾਵ ਵਾਲੀ ਸ੍ਰੀ ਮੁਖਵਾਕ ਬਾਣੀ (ਜਾਪ, ਅਕਾਲ ਉਸਤਤਿ, ਸਵੈਯੇ ਆਦਿ) ਦਾ ਪੌਰਾਣਿਕ ਕਥਾਵਾਂ ਨਾਲ ਦਰਜ ਰਹਿਣਾ ਉਚਿਤ ਨਾ ਸਮਝਿਆ ਗਿਆ। ਪਰ ਭਾਈ ਮਤਾਬ ਸਿੰਘ ਦੇ ਦਖਲ ਨਾਲ ਇਸ ਦੀ ਆਰਜ਼ੀ ਮੇਟ ਪੈ ਗਈ। ਸਿੱਖਾਂ ਦੇ ਆਤਮ-ਰਖਿਆ ਲਈ ਯੁਧਾਂ ਲਈ ਲੀਨ ਰਹਿਣ ਕਰਕੇ ਇਸ ਵਿਵਾਦ ਦਾ ਸਮੁਚਿਤ ਨਿਪਟਾਰਾ ਨਾ ਹੋ ਸਕਿਆ। 'ਦੀ ਸਿੱਖ ਰਿਲੀਜਨ, ਏ ਸਿਪੋਜ਼ੀਅਮ' ਵਿਚ ਦਰਜ ਮਿ: ਵਿਲਸਨ (੧੮੪੮ ਈ:) ਦੇ ਇਤਿਹਾਸਿਕ ਨਿਬੰਧ ਅਤੇ ਮੇਜਰ ਕੰਨਿਘਮ (੧੮੪੯ ਈ.) ਦੇ ਸਿੱਖ ਇਤਿਹਾਸ ਤੋਂ ਇਹ ਭਲੀ ਭਾਂਤ ਸਪਸ਼ਟ ਹੈ ਕਿ ਸਿਖ ਰਾਜ ਦੀਆਂ ਸ਼ਾਮਾਂ ਤਕ ਇਸ ਗ੍ਰੰਥ ਵਿਚ ਸੰਕਲਿਤ ਰਚਨਾਵਾਂ ਦਾ ਸੰਪੂਰਣ ਕਰਤ੍ਰਿਤਵ (authorship) ਦਸਮ ਗੁਰੂ ਨਾਲ ਸਬੰਧਿਤ ਨਹੀਂ ਸੀ। ਇਨ੍ਹਾਂ ਇਤਿਹਾਸਕਾਰਾਂ ਨੇ ਉਸ ਵਕਤ ਸਿੱਖ ਸਮਾਜ ਵਿਚ ਪ੍ਰਚਲਿਤ ਧਾਰਨਾ ਅਨੁਸਾਰ ਕੁਝ ਕੁ ਰਚਨਾਵਾਂ ਨੂੰ ਹੀ ਗੁਰੂ ਕ੍ਰਿਤ ਮੰਨਿਆ ਹੈ। ਸਿੰਘ ਸਭਾ ਦੀਆਂ ਸੁਧਾਰ-ਵਾਦੀ ਪ੍ਰਵਿਰਤੀਆਂ ਦੇ ਫਲਸਰੂਪ ਜਦ ਇਸ ਗ੍ਰੰਥ ਦੀ ਪੁਣ-ਛਾਣ ਅਰੰਭ ਹੋਈ ਤਾਂ ਸਨਾਤਨੀ ਧੜੇ ਵਾਲੇ ਸਿੱਖ ਵਿਦਵਾਨਾਂ ਦੀਆਂ ਪੁਜਾਰੀ-ਰੁਚੀਆਂ ਨੂੰ ਠੇਸ ਲਗੀ। ਸਿੱਟੇ ਵਜੋਂ, ਸਿੱਖ ਵਿਦਵਾਨ ਦੋ ਧੜਿਆਂ ਵਿਚ ਵੰਡੇ ਗਏ। ਸਿੰਘ ਸਭਾ ਅੰਮ੍ਰਿਤਸਰ ਦੇ ਵਿਦਵਾਨਾਂ ਨੇ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਰਚਿਤ ਸਿੱਧ ਕਰਨ ਲਈ ਆਪਣੇ ਤਰਕ ਪੇਸ਼ ਕਰਨੇ ਸ਼ੁਰੂ ਕੀਤੇ ਅਤੇ ਲਾਹੌਰ ਵਾਲੀ ਸਿੰਘ ਸਭਾ ਦੇ ਪ੍ਰਵਰਤਕ ਪ੍ਰੋ: ਗੁਰਮੁਖ ਸਿੰਘ ਅਤੇ ਪੰਚ ਖਾਲਸਾ ਦੀਵਾਨ ਦੇ ਮੋਢੀ ਬਾਬੂ ਤੇਜਾ ਸਿੰਘ ਆਦਿ ਨੇ, ਜੋ ਸੁਧਾਰਵਾਦੀ ਧੜੇ ਦੇ ਸਨ; ਸਨਾਤਨੀ ਧੜੇ ਦੀ ਦਸਮ ਗ੍ਰੰਥ ਦੇ ਕਰਤ੍ਰਿਤਵ (authorship) ਸਬੰਧੀ ਧਾਰਨਾ ਦਾ ਡਟ ਕੇ ਵਿਰੋਧ ਕੀਤਾ। ਦਸਮ ਗ੍ਰੰਥ ਦੇ ਕਰਤ੍ਰਿਤਵ ਬਾਰੇ ਵਿਵਾਦ ਦਾ ਇਹ ਦੂਜਾ ਦੌਰ ਸੀ। ਇਸ ਦੌਰਾਨ ਵਿਚ ਉੱਤਰ-ਪ੍ਰਤਿ-ਉੱਤਰ ਰੂਪ ਵਿਚ ਅਨੇਕ ਲੇਖ ਸਮਾਚਾਰ ਪੱਤਰ-ਪੱਤਰਕਾਵਾਂ ਵਿਚ ਛਪਦੇ ਰਹੇ। ਕੁਝ ਛੋਟੀਆਂ ਮੋਟੀਆਂ ਪੁਸਤਕਾਂ ਵੀ ਲਿਖੀਆਂ ਗਈਆਂ, ਪਰ ਸੰਨ ੧੯੪੭ ਤਕ ਇਹ ਵਿਵਾਦ ਅਨਿਰਣਿਤ ਰੂਪ ਵਿਚ ਹੀ ਜਾਰੀ ਰਿਹਾ।

ਦੇਸ਼-ਵੰਡ ਤੋਂ ਬਾਅਦ ਜਦ ਦੇਸੀ ਭਾਸ਼ਾਵਾਂ ਦਾ ਮਹੱਤਵ ਵਧਿਆ ਅਤੇ ਆਧੁਨਿਕ ਵਿਧੀ ਅਨੁਸਾਰ ਖੋਜ ਸ਼ੁਰੂ ਹੋਈ ਤਾਂ ਦਸਮ ਗ੍ਰੰਥ ਵਲ ਵੀ ਵਿਦਵਾਨ ਆਕਰਸ਼ਿਤ ਹੋਏ। ਡਾ: ਤ੍ਰਿਲੋਚਨ ਸਿੰਘ ਦਾ ਸੰਨ ੧੯੫੫ ਈ: ਦੇ ਅੰਗਰੇਜ਼ੀ ਮਾਸਕ ਪੱਤਰ 'ਸਿੱਖ ਰਿਵੀਊ' ਦੇ ਕੁਝ ਕੁ ਅੰਕਾਂ (ਅਪ੍ਰੈਲ, ਮਈ, ਜੂਨ ਅਤੇ ਜੁਲਾਈ) ਵਿਚ 'ਦਸਮ ਗ੍ਰੰਥ ਦਾ ਸੰਕਲਨ ਅਤੇ ਇਤਿਹਾਸ' ਨਾਮਕ ਧਾਰਾਵਾਹੀ ਨਿਬੰਧ ਛਪਿਆ। ਇਸ ਨਿਬੰਧ ਵਿਚ ਜ਼ਿਆਦਾ ਚਰਚਾ ਕਰਤ੍ਰਿਤਵ ਬਾਰੇ ਹੀ ਹੋਈ ਅਤੇ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦਾ ਰਚਿਆ ਸਿੱਧ ਕੀਤਾ ਗਿਆ। ਇਸੇ ਵਿਚਾਰ ਪਰੰਪਰਾ ਦੇ ਦੂਜੇ ਵਿਦਵਾਨ ਭਾਈ ਰਣਧੀਰ ਸਿੰਘ ਨੇ ਦਸਮ ਗ੍ਰੰਥ ਦੇ ਕਰਤ੍ਰਿਤਵ ਸਬੰਧੀ ਅਪਣੀ ਪੁਸਤਕ 'ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ' ਸੰਨ ੧੯੫੫ ਈ: ਵਿਚ

* 1. ਮਹਾਨ ਕੋਸ਼, ਪੰ. 1:44

ਪ੍ਰਕਾਸ਼ਿਤ ਕੀਤੀ, ਜਿਸ ਵਿਚ ਦਸਮ ਗ੍ਰੰਥ ਦੇ ਸੰਪੂਰਣ ਕਰਤ੍ਰਿਤਵ ਦਾ ਸਬੰਧ ਦਸਮ ਗੁਰੂ ਨਾਲ ਜੋੜਿਆ ਗਿਆ। ਸੰਨ ੧੯੫੮ ਈ: ਵਿਚ ਡਾ: ਧਰਮ ਪਾਲ ਆਸ਼ਟਾ ਨੂੰ ਪੰਜਾਬ ਯੂਨੀਵਰਸਿਟੀ ਨੇ 'ਦਸਮ ਗ੍ਰੰਥ ਦੀ ਕਵਿਤਾ' (The Poetry of the Dasam Granth) ਨਾਂ ਦੇ ਵਿਸ਼ੇ ਤੇ ਅੰਗਰੇਜ਼ੀ ਵਿਚ ਛਪੇ ਖੋਜ-ਪ੍ਰਬੰਧ (Thesis) ਤੇ ਪੀ. ਐਚ. ਡੀ. ਦੀ ਉਪਾਧੀ ਪ੍ਰਦਾਨ ਕੀਤੀ। ਡਾ: ਆਸ਼ਟਾ ਨੇ ਦਸਮ ਗ੍ਰੰਥ ਦੀ ਕਵਿਤਾ ਦੇ ਭਿੰਨ ਭਿੰਨ ਪੱਖਾਂ ਤੋਂ ਛੁਟ ਇਸ ਦੇ ਕਰਤ੍ਰਿਤਵ ਬਾਰੇ ਵੀ ਵਿਚਾਰ ਕਰਕੇ ਇਸ ਨੂੰ ਦਸਮ ਗੁਰੂ ਦੀ ਰਚਨਾ ਸਿੱਧ ਕੀਤਾ। ਇਸ ਤੋਂ ਬਾਅਦ ਸੰਨ ੧੯੫੯ ਈ: ਵਿਚ ਦਿੱਲੀ ਯੂਨੀਵਰਸਿਟੀ ਨੇ ਡਾ: ਹਰਭਜਨ ਸਿੰਘ ਨੂੰ 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਿ ਕਾ ਆਲੋਚਨਾਤਮਕ ਅਧਿਐਨ' ਨਾਮਕ ਖੋਜ-ਪ੍ਰਬੰਧ ਤੇ ਪੀ. ਐਚ. ਡੀ. ਦੀ ਉਪਾਧੀ ਦਿਤੀ। ਇਸ ਵਿਚ ਡਾ: ਹਰਭਜਨ ਸਿੰਘ ਨੇ ਲਗਭਗ ੨੦੦ ਪੰਨੇ ਦਸਮ ਗ੍ਰੰਥ ਦੇ ਵਿਵੇਚਨ ਨੂੰ ਅਰਪਣ ਕੀਤੇ। ਇਸ ਤੋਂ ਬਾਅਦ ਸੰਨ ੧੯੬੦ ਈ: ਦੇ 'ਪੰਜਾਬੀ ਦੁਨੀਆਂ' (ਫਰਵਰੀ ਅਤੇ ਜੁਲਾਈ) ਨਾਂ ਦੇ ਮਾਸਕ ਪੱਤਰ ਵਿਚ ਗਿਆਨੀ ਹਰਨਾਮ ਸਿੰਘ ਬਲਭ ਨੇ ਦਸਮ ਗ੍ਰੰਥ ਦੀਆਂ ਦੋ ਰਚਨਾਵਾਂ — ਕ੍ਰਿਸ਼ਨਾਵਤਾਰ ਅਤੇ ਚਰਿਤ੍ਰੋਪਾਖਿਆਨ—ਦੇ ਕਰਤ੍ਰਿਤਵ ਦਾ ਵਿਸ਼ਲੇਸ਼ਣ ਕਰਦਿਆਂ ਇਨ੍ਹਾਂ ਨੂੰ ਦਸਮ ਗੁਰੂ ਤੋਂ ਭਿੰਨ ਦਰਬਾਰੀ ਕਵੀਆਂ ਦੀ ਰਚਨਾ ਸਿੱਧ ਕੀਤਾ। ਸੰਨ ੧੯੬੨ ਈ: ਵਿਚ ਡਾ: ਪ੍ਰਸਿੰਨੀ ਸਹਿਗਲ ਨੂੰ ਲਖਨਊ ਯੂਨੀਵਰਸਿਟੀ ਨੇ ਅਤੇ ਸੰਨ ੧੯੬੩ ਈ: ਵਿਚ ਆਗਰਾ ਯੂਨੀਵਰਸਿਟੀ ਨੇ ਡਾ: ਮਹੀਪ ਸਿੰਘ ਨੂੰ ਦਸਮ ਗੁਰੂ ਦੀ ਕਵਿਤਾ ਸਬੰਧੀ ਵਿਸ਼ਿਆਂ ਤੇ ਪੀ. ਐਚ. ਡੀ. ਦੀਆਂ ਉਪਾਧੀਆਂ ਪ੍ਰਦਾਨ ਕੀਤੀਆਂ। ਇਨ੍ਹਾਂ ਦੋਹਾਂ ਖੋਜ-ਪ੍ਰਬੰਧਾਂ ਵਿਚ ਸੰਪੂਰਣ ਦਸਮ ਗ੍ਰੰਥ ਨੂੰ ਕ੍ਰਿਤ ਮੰਨਿਆ ਗਿਆ ਹੈ। ਸੰਨ ੧੯੬੨ ਵਿਚ ਪੰਜਾਬ ਯੂਨੀਵਰਸਿਟੀ ਨੇ ਰਤਨ ਸਿੰਘ ਜੱਗੀ ਨੂੰ 'ਦਸਮ ਗ੍ਰੰਥ ਮੇਂ ਸੰਗ੍ਰਹੀਤ ਪੌਰਾਣਿਕ ਕ੍ਰਿਤੀਆਂ ਕਾ ਵਿਵੇਚਨਾਤਮਕ ਅਧਿਐਨ' ਨਾਮਕ ਖੋਜ ਪ੍ਰਬੰਧ ਤੇ ਪੀ. ਐਚ. ਡੀ. ਦੀ ਉਪਾਧੀ ਪ੍ਰਦਾਨ ਕੀਤੀ। ਇਸ ਵਿਚ ਲਗਭਗ ੧੫੦ ਪ੍ਰਮਾਣ ਅਤੇ ਪੁਰਾਣੇ ਗ੍ਰੰਥਾਂ ਵਿਚੋਂ ਹਵਾਲੇ ਅਤੇ ਫੋਟੋ ਸਟੇਟ ਦੇ ਕੇ ਸ੍ਰੀ ਮੁਖ ਵਾਕ ਬਾਣੀ ਅਤੇ ਕਵੀਆਂ ਦੀ ਬਾਣੀ ਨੂੰ ਵੱਖ ਵੱਖ ਕਰਕੇ ਦਸਿਆ ਗਿਆ।

ਸਾਰੰਸ਼ ਇਹ ਕਿ ਦਸਮ ਗ੍ਰੰਥ ਦੇ ਕਰਤ੍ਰਿਤਵ ਬਾਰੇ ਵਿਵਾਦ ਦਾ ਤੀਜਾ ਦੌਰ ਸੰਨ ੧੯੪੭ ਤੋਂ ਬਾਅਦ ਸ਼ੁਰੂ ਹੋਇਆ। ਦਸਮ ਗ੍ਰੰਥ ਸਬੰਧੀ ਉਪਰੋਕਤ ਇਤਿਹਾਸਕ ਗਤਿਵਿਧੀ ਦੇ ਪ੍ਰਕਾਸ਼ ਵਿਚ ਇਹ ਗਲ ਕਹਿਣ ਤੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਅਧਿਕਾਂਸ਼ ਵਿਦਵਾਨਾਂ ਨੇ ਇਸ ਸੰਪੂਰਣ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣਾ ਹੀ ਉਚਿਤ ਸਮਝਿਆ ਹੈ ਕਿਉਂਕਿ ਇਸ ਗ੍ਰੰਥ ਦਾ ਸਬੰਧ ਸਿਖ ਧਰਮ ਨਾਲ ਹੋਣ ਕਾਰਣ ਵਿਦਵਾਨਾਂ ਨੂੰ ਤਾਰਕਿਕ ਅਤੇ ਵਿਗਿਆਨਕ ਖੋਜ ਪ੍ਰਣਾਲੀ ਅਪਨਾਉਣ ਦਾ ਹੀਆ ਨਾ ਪਿਆ। ਇਨ੍ਹਾਂ ਦੇ ਅਧਿਕਤਰ ਪ੍ਰਮਾਣ ਨਿਰਾਧਾਰ ਅਤੇ ਕੁਤਰਕ ਸਿੱਧ ਹੋ ਚੁਕੇ ਹਨ।* ਅੰਦਰਲੀਆਂ ਗਵਾਹੀਆਂ ਪੌਰਾਣਿਕ ਕ੍ਰਿਤੀਆਂ ਦੇ ਕਰਤ੍ਰਿਤਵ ਦਾ ਸਬੰਧ ਰਾਮ, ਸ਼ਿਆਮ, ਆਦਿ ਕਵੀਆਂ ਨਾਲ ਜੋੜਦੀਆਂ ਹਨ। ਰਾਮ, ਸ਼ਿਆਮ ਆਦਿ ਕਵੀਆਂ ਦਾ ਗੁਰੂ

* ਦੇਖੋ 'ਦਸਮ ਗ੍ਰੰਥ ਮੇਂ ਸੰਗ੍ਰਹੀਤ ਪੌਰਾਣਿਕ ਕ੍ਰਿਤੀਆਂ ਕਾ ਵਿਵੇਚਨਾਤਮਕ ਅਧਿਐਨ' (ਟੰਕਿਤ ਸੰਸਕਰਣ ਪੰਜਾਬ ਯੂਨੀਵਰਸਿਟੀ), ਪੰਨਾ—21 ਤੋਂ 156

ਸਾਹਿਬ ਦੇ ਦਰਬਾਰ ਵਿਚ ਵਿਦਮਾਨ ਹੋਣਾ ਇਤਿਹਾਸ ਅਨੁਸਾਰ ਸਿੱਧ ਹੈ, ਉਨ੍ਹਾਂ ਦੀਆਂ ਹੋਰ ਰਚਨਾਵਾਂ ਵੀ ਪ੍ਰਾਪਤ ਹਨ । ਇਸ ਤੋਂ ਛੁਟ ਦਸਮ ਗੁਰੂ ਦੇ ਹਰ-ਲੇਖ ਵਿਚ ਮੰਨੇ ਜਾਣ ਵਾਲੇ ਅਤੇ ਬਹੁ ਚਰਚਿਤ ਖਾਸ ਪੱਤਰ ਗੁਰੂ ਜੀ ਦੇ ਲਿਖੇ ਸਿੱਧ ਨਹੀਂ ਹੁੰਦੇ, ਗੁਰੂ ਜੀ ਦੇ ਨਾਂ ਤੇ ਪ੍ਰਚਲਿਤ ਕਰਨ ਲਈ ਇਹ ਚੜ੍ਹਤ ਸਿੰਘ ਆਦਿ ਧਨ ਦੇ ਲਾਲਚੀ ਵਿਅਕਤੀਆਂ ਦੇ ਜਤਨ ਹਨ । ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ ਵੀ ਆਪਣੇ ਸਰੂਪ, ਕ੍ਰਮ, ਸਥਿਤੀ ਅਨੁਸਾਰ ਸੰਪੂਰਣ ਬਾਣੀ ਨੂੰ ਗੁਰੂ ਰਚਿਤ ਮੰਨਣ ਵਿਚ ਆਪਣਾ ਸਹਿਯੋਗ ਪ੍ਰਦਾਨ ਕਰਨ ਲਈ ਅਸਮਰਥ ਹਨ । ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਬਹੁਤ ਵਾਰ ਆਧਾਰ ਬਣਾਈ ਗਈ ਭਾਈ ਮਨੀ ਸਿੰਘ ਦੀ ਚਿੱਠੀ ਵੀ ਪ੍ਰਮਾਣਿਕ ਸਾਬਤ ਨਹੀਂ ਹੋ ਸਕੀ । ਫਲਸਰੂਪ, ਦਸਮ ਗ੍ਰੰਥ ਦੀਆਂ ਪੌਰਾਣਿਕ ਰਚਨਾਵਾਂ ਦਸਮ ਗੁਰੂ ਦੀਆਂ ਕ੍ਰਿਤੀਆਂ ਨਹੀਂ ਹੋ ਸਕਦੀਆਂ । ਭਗਤੀ ਪ੍ਰਧਾਨ ਰਚਨਾਵਾਂ ਦਸਮ ਗੁਰੂ ਦੀਆਂ ਹੀ ਸਿੱਧ ਹੁੰਦੀਆਂ ਹਨ, ਕਿਉਂਕਿ ਅਜਿਹਾ ਨਾ ਮੰਨਣ ਲਈ ਕੋਈ ਬਲਵਾਨ ਤੱਥ ਉਪਲਬਧ ਨਹੀਂ ਹੈ ।

**ਵਿਚਾਰਧਾਰਾ**—ਇਕ ਕਵੀ ਦੀ ਰਚਨਾ ਨਾ ਹੋਣ ਕਾਰਣ ਦਸਮ ਗ੍ਰੰਥ ਦੀ ਵਿਚਾਰਧਾਰਾ ਵਿਚ ਏਕਤਾ ਨਹੀਂ ਹੈ । ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਕ੍ਰਿਤ ਭਗਤੀ ਭਾਵਮਈ ਰਚਨਾਵਾਂ ਵਿਚ ਪਰਮਾਤਮਾ, ਆਤਮਾ, ਸੰਸਾਰ, ਮ੍ਰਿਤੂ, ਭਗਤੀ, ਪਾਖੰਡ, ਮਾਇਆ ਆਦਿ ਸਬੰਧੀ ਧਾਰਨਾਵਾਂ 'ਆਦਿ ਗ੍ਰੰਥ' ਦੀ ਪਰੰਪਰਾ ਵਾਲੀਆਂ ਹੀ ਹਨ । ਇਨ੍ਹਾਂ ਵਿਚ ਜ਼ਿਆਦਾਤਰ ਪਰਮਾਤਮਾ ਦਾ ਗੁਣ-ਕੀਰਤਨ, ਪਾਖੰਡ-ਖੰਡਨ ਅਤੇ ਪ੍ਰੇਮਾ-ਭਗਤੀ ਦਾ ਮਹੱਤਵ ਆਦਿ ਪੱਖਾਂ ਉਤੇ ਵਿਸਥਾਰ ਸਹਿਤ ਚਰਚਾ ਹੋਈ ਹੈ । ਵਿਸਥਾਰ ਦੇ ਡਰ ਤੋਂ ਇਨ੍ਹਾਂ ਪੱਖਾਂ ਦਾ ਵਿਸ਼ਲੇਸ਼ਣ ਇਥੇ ਸੰਭਵ ਨਹੀਂ ਹੈ । ਇਥੇ ਪੌਰਾਣਿਕ ਕ੍ਰਿਤੀਆਂ ਦੇ ਰਚਨਾ-ਪ੍ਰਯੋਜਨ ਵਲ ਪਾਠਕਾਂ ਦਾ ਧਿਆਨ ਦਿਵਾਣਾ ਅਧਿਕ ਅਵਸ਼ਕ ਹੈ, ਕਿਉਂਕਿ ਇਹ ਪੱਖ ਅਜੇ ਤਕ ਅਣਛੋਹਿਆ ਹੀ ਰਿਹਾ ਹੈ ।

ਦਸਮ ਗੁਰੂ ਦੇ ਵੇਲੇ ਸਾਮਿਅਕ ਪਰਿਸਥਿਤੀ ਅਨੁਸਾਰ ਰਾਸ਼ਟਰੀ ਚਰਿਤ੍ਰ ਵਿਚ ਪਰਿਵਰਤਨ ਲਿਅਉਣਾ ਜ਼ਰੂਰੀ ਸੀ । ਇਸ ਲਈ ਪੂਰਵਜਾਂ ਦੀਆਂ ਕਥਾ ਕਹਾਣੀਆਂ ਕਿਤਨੀਆਂ ਲਾਭਦਾਇਕ ਸਿੱਧ ਹੋ ਸਕਦੀਆਂ ਹਨ, ਇਸ ਤੋਂ ਗੁਰੂ ਜੀ ਚੰਗੀ ਤਰ੍ਹਾਂ ਜਾਣੂ ਸਨ (ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ) । ਇਸ ਵੀਰ ਬਾਣੀ ਦੀ ਪ੍ਰੇਰਣਾ ਦੇ ਫਲਸਰੂਪ ਨੀਵੇਂ ਵਰਗ ਦੇ ਵਿਅਕਤੀ ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹਥ ਤਕ ਨਹੀਂ ਸੀ ਲਗਾਇਆ, ਯੋਧਾ ਬਣ ਕੇ ਖੇਤਰ ਵਿਚ ਨਿਤਰੇ । ਚਮਾਰ, ਸੂਦਰ, ਧੋਬੀ ਆਦਿ ਤ੍ਰਿਸਕਾਰੀਆਂ ਜਾਤੀਆਂ ਦੇ ਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਨਿਡਰ ਜੋਧਾ ਬਣ ਕੇ ਮੁਗਲ ਸੈਨਾ ਨਾਲ ਟੱਕਰ ਲੈਣ ਲਈ ਹੁਕਮ ਦੀ ਉਡੀਕ ਕਰਨ ਲਗੇ । ਸਿੱਖ ਗੁਰੂਆਂ ਤੋਂ ਪਹਿਲਾਂ ਕਿਸੇ ਵੀ ਸੈਨਾਪਤੀ ਨੂੰ ਅਛੂਤ ਜਾਤੀਆਂ ਵਿਚੋਂ ਸੈਨਾ ਦਾ ਨਿਰਮਾਣ ਕਰਨ ਦੀ ਗੱਲ ਨਹੀਂ ਸੀ ਸੁਝੀ । ਨੀਵਿਆਂ ਨੂੰ ਨਾ ਕੇਵਲ ਉੱਚਾ ਚੁਕਣ ਸਗੋਂ ਚਿੜੀਆਂ ਨੂੰ ਬਾਜਾਂ ਨਾਲ ਲੜਾਵਣ ਦਾ ਸਿਹਰਾ ਦਸਮ ਗੁਰੂ ਨੂੰ, ਅਤੇ ਲੋਕਾਂ ਦੀਆਂ ਨਸਾਂ ਅੰਦਰ ਉਤਸਾਹ ਅਤੇ ਸਾਹਸ ਦੁਆਰਾ ਗਰਮ ਲਹੂ ਪ੍ਰਵਾਹਿਤ ਕਰਨ ਦਾ ਮਾਣ ਦਸਮ ਗੁਰੂ ਦੀ ਆਪਣੀ ਬਾਣੀ ਅਤੇ ਉਨ੍ਹਾਂ ਦੀ ਅਧੀਨਗੀ ਵਿਚ ਰਚੇ ਗਏ ਸਾਹਿਤ ਨੂੰ ਪ੍ਰਾਪਤ ਹੈ ।

ਇਸ ਵੀਰ ਬਾਣੀ ਦੀ ਰਚਨਾ ਦਾ ਉਦੇਸ਼ ਨਰਸਘਾਰ ਮਾਤ੍ਰ ਨਹੀਂ । ਇਸ ਦਾ ਨਿਰਮਾਣ ਇਕ ਮਹੱਤਵ ਪੂਰਣ ਅਤੇ ਸਾਮਿਅਕ ਆਵਸ਼ਕਤਾ ਕਰਕੇ ਹੋਇਆ ਸੀ । ਰਾਖਸ਼ੀ ਅਤੇ ਦੇਵਤਾ ਸ਼ਕਤੀਆਂ ਦਾ ਦੁਅੰਦ ਚਿਰਕਾਲ ਤੋਂ ਚਲਿਆ ਆ ਰਿਹਾ ਹੈ । ਰਾਖਸ਼ੀ ਸ਼ਕਤੀ ਅਧਰਮ ਦਾ ਪ੍ਰਤੀਕ ਹੈ ਅਤੇ ਦੇਵਤਾ ਸ਼ਕਤੀ ਧਰਮ ਦਾ । ਜਦ ਵੀ ਰਾਖਸ਼ੀ ਸ਼ਕਤੀ ਦਾ ਬਲ ਵਧਿਆ ਹੈ, ਭਗਵਾਨ ਨੇ ਧਰਮ ਦੀ ਮਰਯਾਦਾ ਰਖਣ ਲਈ ਦੇਵਤਾ ਸ਼ਕਤੀ ਦੀ ਸਹਾਇਤਾ ਲਈ ਕਿਸੇ ਨਾ ਕਿਸੇ ਰੂਪ ਵਿਚ ਅਵਤਾਰ ਧਾਰਣ ਕੀਤਾ ਹੈ । ਭਗਵਾਨ ਕ੍ਰਿਸ਼ਨ ਨੇ ਗੀਤਾ ਵਿਚ ਕਿਹਾ ਹੈ :—

यदा यदा हि धर्मस्य ग्लानिर्भवति भारत ।
अभ्युत्थानमधर्मस्य तदात्मानं सृजाम्यहम् ।*

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੈਂਤ ਅਤੇ ਦੇਵਤਾ ਸ਼ਕਤੀਆਂ ਦਾ ਦੁਅੰਦ ਹਿੰਦੂ ਅਤੇ ਮੁਸਲਮਾਨ ਦੋ ਸ਼ਕਤੀਆਂ ਵਿਚ ਉਪਸਥਿਤ ਹੋ ਗਿਆ ਸੀ । ਮੁਸਲਮਾਨ ਦੁਰ-ਵ੍ਰਿਤੀਆਂ ਦੇ ਪ੍ਰਤੀਕ ਸਨ ਅਤੇ ਦੇਵਤਾ ਸ਼ਕਤੀਆਂ ਦੇ ਪ੍ਰਤੀਕ ਹਿੰਦੂ ਸਨ । ਦੇਵਤਿਆਂ ਵਾਂਗ ਹਿੰਦੂ ਨਿਰਬਲ ਅਤੇ ਸਿਥਲ ਸਨ, ਉਨ੍ਹਾਂ ਦੀ ਸਹਾਇਤਾ ਜਾਂ ਧਰਮ ਦੀ ਮਰਯਾਦਾ ਨੂੰ ਬਣਾਏ ਰਖਣ ਲਈ ਭਗਵਾਨ ਨੇ ਆਪਣਾ ਕੋਈ ਨਾ ਕੋਈ ਪ੍ਰਤੀਨਿਧ ਭੇਜਣਾ ਸੀ । ਫਲਸਰੂਪ, ਉਸ ਵੇਲੇ ਅਜਿਹੀ ਚੋਣ ਦਸਮ ਗੁਰੂ ਦੀ ਹੋਈ—

ਤਪ ਸਾਧਤ ਹਰਿ ਮੋਹਿ ਬੁਲਾਯੋ ॥
ਇਮ ਕਹਿ ਕੈ ਇਹ ਲੋਕ ਪਠਾਯੋ ॥੨੮॥
ਮੈਂ ਅਪਨਾ ਸੁਤ ਤੋਹਿ ਨਿਵਾਜਾ ॥
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥ (ਦਸਮ ਗ੍ਰੰਥ ਪੰਨਾ ੫੬,੫੭)

ਚਰਿਤ੍ਰ ਨਾਟਕ ਨੇ ਅਗੇ ਇਹ ਵੀ ਸਵੀਕਾਰ ਕੀਤਾ ਹੈ ਕਿ ਦੁਸ਼ਟਾਂ ਦਾ ਨਾਸ਼ ਕਰਨਾ ਉਨ੍ਹਾਂ ਦੇ ਜਨਮ ਧਾਰਣ ਦਾ ਪ੍ਰਮੁਖ ਪ੍ਰਯੋਜਨ ਹੈ—

ਯਾਹੀ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ ।
ਦੁਸ਼ਟ ਸਭਨ ਕੋ ਮੂਲ ਉਪਾਰਿਨ ॥੪੩॥ (ਦਸਮ ਗ੍ਰੰਥ ਪੰਨਾ ੫੭, ੫੮)

ਸਾਮਿਅਕ ਲੋੜ ਹਿੰਦੂਆਂ ਅਨੁਸਾਰ ਹਿੰਦੂਆਂ ਦੀਆਂ ਸਿਥਲ ਸ਼ਕਤੀਆਂ ਨੂੰ ਖਤਰੀਪਨ ਨਾਲ

---

* ਅਰਥਾਤ —ਹੇ ਅਰਜਨ । ਜਦ ਜਦ ਵੀ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ, ਤਦ ਤਦ ਹੀ ਮੈਂ ਆਪਣੇ ਰੂਪ ਨੂੰ ਰਚਦਾ ਹਾਂ ।

ਉਭਾਰਨ ਲਈ ਇਸ ਗ੍ਰੰਥ ਵਿਚ ਦੋ ਪ੍ਰਮੁਖ ਸਾਧਨ ਵਰਤੇ ਗਏ ਹਨ । ਇਕ ਤਾਂ ਇਹ ਕਿ ਪੁਰਾਣੀਆਂ ਅਵਤਾਰੀ ਸ਼ਕਤੀਆਂ ਦੇ ਕੇਵਲ ਵੀਰ ਰੂਪ ਨੂੰ ਹੀ ਤਨਮਇਤਾ ਨਾਲ ਪੇਸ਼ ਕੀਤਾ ਗਿਆ ਹੈ । ਉਨ੍ਹਾਂ ਦੇ ਹੋਰਨਾਂ ਪੱਖਾਂ ਨੂੰ ਯਾ ਤਾਂ ਬਿਲਕੁਲ ਛੱਡ ਦਿੱਤਾ ਗਿਆ ਹੈ ਜੇ ਅਤੇ ਲਿਆ ਹੈ ਤਾਂ ਕੇਵਲ ਪ੍ਰਸੰਗ ਪੂਰਤੀ ਲਈ । ਇਨ੍ਹਾਂ ਅਲੌਕਿਕ ਸ਼ਕਤੀਆਂ ਵਿਚ ਵੀਰਤਵ ਦਾ ਆਰੋਪ ਕਰਦਿਆਂ ਇਨ੍ਹਾਂ ਨੂੰ ਅਵਤਾਰੀ ਨਾ ਰਹਿਣ ਦੇ ਕੇ ਮਾਨਵੀ ਬਣਾ ਦਿੱਤਾ ਗਿਆ ਹੈ, ਕਿਉਂਕਿ ਮਾਨਵੀ ਸ਼ਕਤੀ ਹੋਣ ਦੇ ਨਾਤੇ ਹੀ ਉਨ੍ਹਾਂ ਦੀ ਸ਼ਤਰੂ ਦਮਨ ਦੀ ਕ੍ਰਿਆ ਦਾ ਪ੍ਰਭਾਵ ਸਿੱਖਾਂ ਅਤੇ ਉਸ ਸਮੇਂ ਦੀ ਜਨਤਾ ਤੇ ਵਧੇਰੇ ਭਰਪੂਰ ਅਤੇ ਪ੍ਰੇਰਣਾਦਾਇਕ ਪੈਂਦਾ ਸੀ । ਦੂਜੇ ਇਹ ਕਿ ਇਸ ਗ੍ਰੰਥ ਦੇ ਯੁੱਧ ਸਬੰਧੀ ਪ੍ਰਸੰਗਾਂ ਵਿਚ ਕਵੀ ਨੇ ਵੀਰ ਪਰੰਪਰਾ ਨਾਲ ਆਪਣਾ ਸਬੰਧ ਜੋੜਦੇ ਹੋਇਆਂ ਆਪਣੇ ਆਪ ਨੂੰ ਖਤਰੀ ਵੰਸ਼ਜ ਘੋਸ਼ਿਤ ਕੀਤਾ ਹੈ ਅਤੇ ਤਪ-ਸਾਧਨਾਂ ਦੀ ਥਾਂ ਤੇ ਯੁਧ ਭੂਮੀ ਵਿਚ ਜੂਝਣ ਦੀ ਕ੍ਰਿਆ ਨੂੰ ਅਧਿਕ ਪਸੰਦ ਕੀਤਾ ਹੈ

> ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ
> ਕੈ ਤਪੁ ਆਵਤ ਹੈ ਜੁ ਕਰੋ ।
> ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ
> ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ।
> ਅਬ ਰੀਝ ਕੇ ਦੇਹੁ ਵਹੈ ਹਮ ਕਉ
> ਜੋਊ ਹਉ ਬਿਨਤੀ ਕਰ ਜੋਰ ਕਰੋ ।
> ਜਬ ਆਉ ਕੀ ਅਉਧ ਨਿਦਾਨ ਬਨੈ
> ਅਤਿ ਹੀ ਰਨ ਮੈ ਤਬ ਜੂਝ ਮਰੋ ॥੨੪੮੯॥ (ਦਸਮ ਗ੍ਰੰਥ, ਪੰਨਾ ੫੭੦)

ਅਤੇ ਇਹ ਰਣ ਵੀ ਧਰਮ ਦੀ ਸਥਾਪਨਾ ਲਈ ਹੈ । ਉਸ ਸਮੇਂ ਧਰਮ ਦੀ ਮਰਯਾਦਾ ਖੰਡਿਤ ਹੋ ਚੁੱਕੀ ਸੀ. ਉਸ ਦੇ ਸੰਤੁਲਨ ਲਈ ਦਸਮ ਗੁਰੂ ਨੇ ਤਲਵਾਰ ਉਠਾਈ ਸੀ, ਕਿਸੇ ਭੌਤਿਕ ਪ੍ਰਾਪਤੀ ਲਈ ਨਹੀਂ । ਇਸ ਲਈ ਇਸ ਗ੍ਰੰਥ ਵਿਚ ਸਪਸ਼ਟ ਘੋਸ਼ਣਾ ਹੋਈ ਹੈ ਕਿ—

> ਦਸਮ ਕਥਾ ਭਾਗੌਤ ਕੀ
> ਭਾਖਾ ਕਰੀ ਬਨਾਇ ।
> ਅਵਰਿ ਬਾਸਨਾ ਨਾਹਿ ਪ੍ਰਭ
> ਧਰਮ ਯੁੱਧ ਕੇ ਚਾਇ ॥੨੪੯੧॥ (ਪੰਨਾ ੫੭੦)

ਇਸ ਤੋਂ ਛੁਟ, ਪੌਰਾਣਿਕ ਕ੍ਰਿਤੀਆਂ ਵਿਚ ਪੁਰਾਣ ਸਾਹਿਤ ਦੀਆਂ ਪ੍ਰਮੁਖ ਪ੍ਰਵਿਰਤੀਆਂ ਦੇ ਵੀ ਦਰਸ਼ਨ ਹੋ ਜਾਂਦੇ ਹਨ ਜਿਵੇਂ ਕਿ ਪੰਜ ਲੱਛਣ, ਆਸਤਿਕਤਾ, ਸੰਪ੍ਰਦਾਇਕਤਾ, ਅਵਤਾਰਵਾਦ ਸਮਨਵੈਭਾਵਨਾ, ਚਰਿਤ੍ਰ ਚਿਤ੍ਰਣ ਸਬੰਧੀ ਰੂਪਕਾਤਮਕਤਾ ਚਮਤਕਾਰਵਾਦ ਅਤੇ ਚਰਿਤ੍ਰ ਵਿਚਿਤ੍ਰਤਾ ਵਰਣ ਅਤੇ ਆਸ਼੍ਰਮ ਵਿਧਾਨ, ਕਰਮ ਕਾਂਡ—ਪੂਜਾ ਵਿਧੀਆਂ, ਉਪਦੇਸ਼ਾਤਮਕਤਾ, ਧਰਮ ਸੰਕਟ ਮੀਮਾਂਸਾ ਆਦਿ ।

ਇਨ੍ਹਾਂ ਕ੍ਰਿਤੀਆਂ ਦੇ ਕਥਾ ਸਰੋਤ ਵੀ ਪੁਰਾਣ ਗ੍ਰੰਥਾਂ ਵਿਚੋਂ ਹਨ। ਮੂਲਾਧਾਰ ਕਥਾਵਾਂ ਨਾਲ ਇਨ੍ਹਾਂ ਦੇ ਤੁਲਨਾਤਮਕ ਅਧਿਐਨ ਤੋਂ ਬਾਅਦ ਇਸ ਨਿਰਣੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਇਨ੍ਹਾਂ ਕ੍ਰਿਤੀਆਂ ਦੇ ਕਵੀਆਂ ਨੇ ਮੂਲ-ਕਥਾਵਾਂ ਦੀਆਂ ਕੇਵਲ ਪ੍ਰਧਾਨ ਘਟਨਾਵਾਂ ਨੂੰ ਗ੍ਰਹਿਣ ਕੀਤਾ ਹੈ। ਕਈ ਇਕ ਪ੍ਰਸੰਗਾਂ ਵਿਚ ਘਟਨਾਵਾਂ ਦਾ ਕ੍ਰਮ ਆਧਾਰ ਕਥਾਵਾਂ ਵਾਂਗ ਨਹੀਂ ਰਿਹਾ ਹੈ। ਅਭਿ-ਵਿਅਕਤੀ ਦੀ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਬਿਲਕੁਲ ਸੁਤੰਤਰ ਹਨ। ਇਨ੍ਹਾਂ ਕਵੀਆਂ ਨੇ ਕਿਤੇ ਕਿਤੇ ਨਵੀਆਂ ਉਦਭਾਵਨਾਵਾਂ ਵੀ ਕੀਤੀਆ ਹਨ ਅਤੇ ਕਿਤੇ ਕਿਤੇ ਕਾਲਪਨਿਕ ਪ੍ਰਸੰਗ ਵੀ ਪੌਰਾਣਿਕ ਲੀਹਾਂ ਤੇ ਘੜੇ ਹਨ। ਕੁਝ ਇਕ ਪੌਰਾਣਿਕ ਪ੍ਰਸੰਗਾਂ ਤੋਂ ਅਪਰਿਚਿਤ ਹੋਣ ਕਰਕੇ ਇਨ੍ਹਾਂ ਕਵੀਆਂ ਨੇ ਬਿਲਕੁਲ ਅਸਬੰਧਿਤ ਪਾਤਰਾਂ ਨਾਲ ਕਈ ਪ੍ਰਸੰਗ ਜੋੜ ਦਿੱਤੇ ਹਨ। ਅਵਤਾਰ ਪਰੰਪਰਾਵਾਂ ਪੁਰਾਣਾਂ ਦੇ ਅਨੁਕੂਲ ਨਹੀਂ ਅਤੇ ਸੂਰਜਵੰਸ਼ੀ ਅਤੇ ਚੰਦਰ ਵੰਸ਼ੀ ਰਾਜਿਆਂ ਦਾ ਵਰਣਨ ਵੀ ਕਾਲ-ਕ੍ਰਮ ਦੇ ਅਨੁਸਾਰ ਨਹੀਂ ਹੈ। ਚਰਿਤ੍ਰ ਨਾਇਕਾਂ ਪ੍ਰਤੀ ਇਨ੍ਹਾਂ ਕ੍ਰਿਤੀਆਂ ਵਿਚ ਸ਼ਰਧਾ ਨਹੀਂ ਹੈ। ਇਨ੍ਹਾਂ ਦੇ ਉਪਾਸਨਾਦੇਵ ਮਹਾਕਾਲ ਅਤੇ ਕਾਲੀ ਹਨ। ਇਨ੍ਹਾਂ ਵਿਚ ਵੀਰ ਰਸ ਦੀ ਪ੍ਰਧਾਨਤਾ ਹੈ ਅਤੇ ਸ਼ਿੰਗਾਰ ਰਸ ਗੌਣ ਹੈ।

**ਵਸਤੂ ਵਿਧਾਨ** :— ਦਸਮ ਗ੍ਰੰਥ ਦੀਆਂ ਭਗਤੀ ਭਾਵ ਮਈ ਰਚਨਾਵਾਂ ਮੁਕਤਕ ਕਾਵਿ ਦੇ ਅੰਤਰਗਤ ਆਉਂਦੀਆਂ ਹਨ। ਇਸ ਲਈ ਉਨ੍ਹਾਂ ਵਿਚ ਕਿਸੇ ਵਸਤੂ ਦਾ ਵਿਧਾਨ ਵੇਖਣਾ ਅਸੰਗਤ ਹੈ। ਉਹ ਤਾਂ ਜਿਗਿਆਸੂ ਨੂੰ ਮੁਕਤਿ ਧਾਮ ਤਕ ਪਹੁੰਚਾਉਣ ਦੇ ਇਕ ਮਾਤ੍ਰ ਸਾਧਨ 'ਨਾਮ ਜਪਣਾ' ਅਥਵਾ 'ਪ੍ਰੇਮਾ ਭਗਤੀ' ਉੱਤੇ ਹੀ ਬਲ ਦੇਂਦੀਆਂ ਹਨ। ਪੌਰਾਣਿਕ ਰਚਨਾਵਾਂ ਚੂੰਕਿ ਪ੍ਰਬੰਧਾਤਮਕ ਕ੍ਰਿਤੀਆਂ ਹਨ, ਇਸ ਵਾਸਤੇ ਉਨ੍ਹਾਂ ਦੇ ਵਸਤੂ-ਵਿਧਾਨ ਤੇ ਇਕ ਝਾਤ ਪਾਉਣਾ ਆਵਸ਼ਕ ਹੋਵੇਗਾ।

**ਬਚਿਤ੍ਰ ਨਾਟਕ** : ਇਹ ਰਚਨਾ ਆਪਣੇ ਨਾਂ ਤੋਂ ਭਾਵੇਂ ਨਾਟਕ ਹੋਵੇ, ਪਰ ਨਾਟਕੀ ਤਤਵਾਂ, ਸੰਧੀਆ, ਅਵਸਥਾਵਾਂ ਅਤੇ ਅਰਥ ਪ੍ਰਕ੍ਰਿਤੀਆਂ ਦਾ ਇਸ ਵਿਚ ਅਭਾਵ ਹੈ। ਇਸ ਨੂੰ ਨਾਟਕ ਕਲਾ ਦੀ ਕਸੌਟੀ ਤੇ ਨਹੀਂ ਪਰਖਿਆ ਜਾ ਸਕਦਾ। ਇਸ ਨੂੰ ਕੁਲ ਮਿਲਾ ਕੇ ਨਾਟਕੀ ਕਾਵਿ (Dramatic Poetry) ਹੀ ਕਿਹਾ ਜਾ ਸਕਦਾ ਹੈ। ਇਸ ਰਚਨਾਕਾਰ ਦੇ ਸਾਮ੍ਹਣੇ ਕੋਈ ਆਦਰਸ਼ ਗ੍ਰੰਥ ਵੀ ਨਹੀਂ ਸੀ। ਇਸ ਦਾ ਸੰਪੂਰਣ ਵਿਧਾਨ ਕਵੀ-ਕਲਪਿਤ ਹੈ, ਪਰ ਕਥਾਵਾਂ ਪ੍ਰਖਿਆਤ ਹਨ। ਇਸ ਦੇ ਮੁਖ ਭਾਗ ਹਨ ਅਪਨੀ ਕਥਾ, ਚੰਡੀ ਚਰਿਤ੍ਰ (ਉਕਤਿ ਬਿਲਾਸ), ਚੰਡੀ ਚਰਿਤ੍ਰ (ਤ੍ਰਿਤੀ ਮਾਹਾਤਮ), ਚੌਬੀਸ ਅਵਤਾਰ, ਬ੍ਰਹਮਾਵਤਾਰ ਅਤੇ ਰੁਦ੍ਰਾਵਤਾਰ। ਇਸ ਦੇ ਨਾਟਕ ਨਾਂ ਦੀ ਪੁਸ਼ਟੀ ਕੇਵਲ ਦੋ ਵਿਸ਼ੇਸ਼ਤਾਵਾਂ ਤੋਂ ਹੁੰਦੀ ਹੈ ਅਭਿਨਯ ਅਤੇ ਸੰਵਾਦ, ਪਰ ਇਨ੍ਹਾਂ ਦੋਹਾਂ ਤੋਂ ਇਥੇ ਸਾਡਾ ਮਤਲਬ ਸਾਧਾਰਣ ਰੰਗ ਮੰਚ ਉਤੇ ਪਾਤਰਾਂ ਦੇ ਅਭਿਨਯ ਅਤੇ ਸੰਵਾਦਾਂ ਤੋਂ ਨਹੀਂ ਹੈ। ਇਥੇ ਰੰਗ ਮੰਚ 'ਸੰਪੂਰਣ ਵਿਸ਼ਵ', ਨਿਰਦੇਸ਼ਕ 'ਕਾਲ ਪੁਰਖ', ਨੇਤਾ (ਪ੍ਰਧਾਨ-ਪਾਤਰ) ਦਸਮ ਗੁਰੂ, ਘਟਨਾਵਾਂ ਭੂਤਕਾਲ ਦੀਆਂ ਹਨ। ਸੰਵਾਦ ਵੀ ਕਥਾ ਦੇ ਪ੍ਰਕਰਣ ਵਿਚ ਆਏ ਹਨ ਅਤੇ ਸੰਵਾਦ ਤੋਂ ਪਹਿਲਾਂ ਪਾਤਰਾਂ ਦਾ ਨਾਂ ਦਿਤਾ ਗਿਆ ਹੈ, ਕਵੀ ਨੇ ਆਪਣੇ ਲਈ 'ਕਬਿਓਵਾਚ' ਸ਼ਬਦ ਵਰਤਿਆ ਹੈ।

'ਆਪਨੀ ਕਥਾ' ਦੇ ੧੪ ਅਧਿਆਇ ਹਨ । ਪਹਿਲਾ ਅਧਿਆਇ ੧੦੧ ਛੰਦਾਂ ਦਾ ਸਭ ਤੋਂ ਵਡਾ ਹੈ ਅਤੇ ਸੱਤਵਾਂ (੩ ਛੰਦ) ਸਭ ਤੋਂ ਛੋਟਾ । ਦੇਵੀ ਚੰਡੀ ਚਰਿਤ੍ਰ ਅੱਠ ਅੱਠ ਅਧਿਆਵਾਂ ਵਿਚ ਵੰਡੇ ਹੋਏ ਹਨ । 'ਚੌਬੀਸ ਅਵਤਾਰ' ਪ੍ਰਸੰਗ ਵਿਚ ਹਰ ਇਕ ਅਵਤਾਰ ਕਥਾ ਲਈ ਕਿਸੇ ਵਿਸ਼ੇਸ਼ ਅਨੁਪਾਤ ਦਾ ਧਿਆਨ ਨਹੀਂ ਰਖਿਆ ਗਿਆ । 'ਕ੍ਰਿਸ਼ਨਾਵਤਾਰ', (੨੪੯੨ ਛੰਦ) ਅਤੇ ਰਾਮਾਵਤਾਰ (੮੬੪ ਛੰਦ) ਵੱਡੀਆਂ ਅਵਤਾਰ-ਕਥਾਵਾਂ ਹਨ ਅਤੇ 'ਬੌਧ ਅਵਤਾਰ' ਦੀ ਕਥਾ ਨੂੰ ਕੇਵਲ 3 ਛੰਦਾਂ ਵਿਚ ਕਿਹਾ ਗਿਆ ਹੈ । 'ਬ੍ਰਹਮਾਵਤਾਰ' ਅਤੇ 'ਰੁਦ੍ਰਾਵਤਾਰ' ਇਨ੍ਹਾਂ ਦੋਹਾਂ ਪ੍ਰਸੰਗਾਂ ਵਿਚ ਵੀ ਵੰਡ ਸੰਬੰਧੀ ਅਜਿਹੀ ਹੀ ਅਨਿਯਮਿਤ ਵਿਵਸਥਾ ਹੈ । ਇਸ ਵਿਚ ਘਟਨਾਵਾਂ ਦਾ ਸਬੰਧ-ਨਿਰਵਾਹ ਕਾਵਿ-ਉਚਿਤ ਪਧਤੀ ਨਾਲ ਨਹੀਂ ਹੋਇਆ । ਇਕ ਘਟਨਾ ਦੂਜੀ ਘਟਨਾ ਵਿਚੋਂ ਜਨਮ ਨਹੀਂ ਲੈਂਦੀ । ਫਲਸਰੂਪ, ਕਵੀ ਨੂੰ ਕਿਤੇ ਕਿਤੇ ਘਟਨਾ-ਪਰਿਵਰਤਨ ਸਬੰਧੀ ਸਪਸ਼ਟ ਸੰਕੇਤ ਕਰਨਾ ਪਿਆ ਹੈ ।

**ਚਰਿਤ੍ਰੋਪਾਖਿਆਨ** – ਇਸ ਦੀ ਕਥਾ ਦਾ ਵਿਧਾਨ ਸੁਵਿਵਸਥਿਤ ਰੂਪ ਨਾਲ ਹੋਇਆ ਹੈ। ਮੁਖ ਘਟਨਾ ਹੈ – ਚਿਤ੍ਰਮਤੀ (ਮਤਰੇਈ ਮਾਂ) ਰਾਜਕੁਮਾਰ ਹਨਿਵੰਤ ਸਿੰਘ ਨੂੰ ਵੇਖ ਕੇ ਮੋਹੀ ਜਾਂਦੀ ਹੈ, ਪਰ ਰਾਜਕੁਮਾਰ ਉਸ ਦੀ ਕਾਮ ਵਾਸਨਾ ਪੂਰਨ ਕਰਨ ਤੋਂ ਇਨਕਾਰ ਕਰ ਦਿੰਦਾ ਹੈ । ਕੁਪਿਤ ਰਾਨੀ ਰਾਜਾ ਚਿਤ੍ਰ ਸਿੰਘ ਨੂੰ ਕੁਮਾਰ ਦੇ ਵਿਰੁਧ ਭੜਕਾਂਦੀ ਹੈ, ਰਾਜਾ ਪੁਤਰ ਨੂੰ ਕਤਲ ਕਰਾਉਣ ਲਈ ਤਿਆਰ ਹੋ ਜਾਂਦਾ ਹੈ । ਤਦੋ—

ਮੰਤ੍ਰਿਨ ਆਨਿ ਰਾਵ ਸਮੁਝਾਯੋ ।
ਤ੍ਰਿਯਾ ਚਰਿਤ੍ਰ ਨ ਕਿਨ ਹੂ ਪਾਯੋ ॥੩੦॥ (ਚਰਿਤ੍ਰਾਂਕ ੨)

ਮੰਤ੍ਰੀਆਂ ਦੀ ਸਲਾਹ ਨਾਲ ਰਾਜਾ ਪੁਤਰ ਨੂੰ ਬੰਦਿਸਾਲ (ਕੈਦਖਾਨੇ) ਭਿਜਵਾ ਦਿੰਦਾ ਹੈ । ਉਥੋਂ ਉਸਨੂੰ ਨਿਤ ਬੁਲਵਾ ਕੇ ਉਸ ਦੇ ਸਾਮ੍ਹਣੇ ਮੰਤ੍ਰੀ, ਜੋ ਸੰਖਿਆ ਵਿਚ ਤਿੰਨ ਹਨ, ਰਾਜਾ ਨੂੰ ਇਸਤ੍ਰੀਆਂ ਦੇ ਚਰਿਤ੍ਰ ਸੁਣਾਦੇ ਹਨ, ਤਾਂ ਕਿ ਉਸ ਦੇ ਮਨ ਦਾ ਭਰਮ ਦੂਰ ਕੀਤਾ ਜਾ ਸਕੇ । ਇਸ ਰਾਜੇ ਤੇ ਉਤਰੋਤਰ ਆਸ਼ਾ ਜਨਕ ਪ੍ਰਭਾਵ ਪੈਂਦਾ ਹੈ । ਹਾਂ, ਅੰਤ ਤੇ ਇਸ ਦੀ ਰਚਨਾ ਦੀ ਕਲਿਆਣ-ਕਾਰੀ ਭਾਵਨਾ ਅਤੇ ਉਦੇਸ਼ ਨੂੰ ਫਿਰ ਦੱਸ ਦਿਤਾ ਗਿਆ ਹੈ ।

ਕਹਾਣੀ ਵਿਚੋਂ ਕਹਾਣੀ ਨੂੰ ਜਨਮ ਦੇ ਕੇ ਪ੍ਰਤਿਪਾਦਤ ਵਿਸ਼ੇ ਦੀ ਪੁਸ਼ਟੀ ਕਰਨਾ ਭਾਰਤੀ ਸਾਹਿਤ ਦੀ ਇਕ ਪਰੰਪਰਾ ਹੈ । ਬ੍ਰਿਹਤ ਕਥਾ, ਬ੍ਰਿਹਤ ਕਥਾ ਮੰਜਰੀ, ਕਥਾ ਸਹਿਤ ਸਾਗਰ, ਵੇਤਾਲ ਪੰਚ-ਵਿੰਸ਼ਤੀ' ਪੰਚ ਤੰਤਰ ਆਦਿ ਗ੍ਰੰਥਾ ਦੀ ਰਚਨਾ ਇਸੇ ਸਰਣੀ ਤੇ ਹੋਈ ਹੈ । ਪਰ ਇਨ੍ਹਾਂ ਗ੍ਰੰਥਾਂ ਵਿਚ ਅਤੇ ਪ੍ਰਸਤੁਤ ਰਚਨਾ ਵਿਚ ਬਹੁਤ ਅੰਤਰ ਹੈ, ਕਿਉਂਕਿ ਉਪਰੋਕਤ ਗ੍ਰੰਥਾਂ ਵਿਚ ਮੁਖ ਕਹਾਣੀ ਦੇ ਪ੍ਰਵਾਹ ਵਿਚ ਪ੍ਰਸੰਗਵਸ਼ ਹੋਰਨਾਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਪਰ ਇਸ ਪ੍ਰਸੰਗ ਵਿਚ ਮੁਖ ਕਥਾ ਨੂੰ ਮੁਢ ਵਿਚ ਹੀ ਕਹਿ ਦਿਤਾ ਗਿਆ ਹੈ ਅਤੇ ਬਾਕੀ ਦੀਆਂ ਚਰਿਤ੍ਰ ਕਥਾਵਾਂ ਇਕ ਲੜੀ ਜਾਂ ਮਾਲਾ ਦੇ ਮਣਕਿਆਂ ਵਾਂਗ ਮੁਖ ਕਥਾ ਦੀ ਪੁਸ਼ਟੀ ਕਰਦੀਆਂ ਹਨ । ਇਹ ਵਿਧਾਨ 'ਅਲਫ ਲੈਲਾ' ਦੇ ਜਿਆਦਾ ਨੇੜੇ ਹੈ ।

ਇਸ ਰਚਨਾ ਦੇ ਮੁਢ ਵਿਚ ਦਿਤੇ ੪੯ ਛੰਦ (ਚਰਿਤ੍ਰਾਂਕ ੧) ਦੇਸ਼ ਭਗਵਤੀ ਦੇ ਮੰਗਲ ਅਤੇ ਕਵੀ ਦੀ ਦੀਨਤਾ ਅਤੇ ਆਤਮ ਨਿਵੇਦਨ ਬਾਰੇ ਹਨ। ਇਸ ਤੋਂ ਪਿਛੋਂ ਮੁਖ ਕਥਾ ਦਾ ਆਰੰਭ ਹੁੰਦਾ ਹੈ। ਹਰ ਕਥਾ ਉਪਰੰਤ ਪੁਸ਼ਪਿਕਾ ਦਿਤੀ ਹੈ : ਚਰਿਤਰਾਂ ਦੇ ਆਕਾਰ ਪ੍ਰਕਾਰ ਦਾ ਕੋਈ ਨਿਸਚਿਤ ਨਿਯਮ ਨਹੀਂ। ੫ ਛੰਦਾਂ (ਬ੍ਰਹਮ-ਰਾਜਮਤੀ ਵਾਲਾ) ਤੋਂ ਲੈ ਕੇ ੪੦੫ ਛੰਦਾਂ (ਮਹਾਕਾਲ ਦੀਰਘ ਦਾੜ੍ਹ) ਤਕ ਚਰਿਤ੍ਰ ਕਥਾਵਾਂ ਲਿਖੀਆਂ ਹਨ। ਪ੍ਰਸੰਗ ਪਰਿਵਰਤਨ ਸੁਭਾਵਿਕ ਨਹੀਂ, ਇਹ ਸਿੱਟੇ ਜਿਆਦਾਤਰ ਮੁਖ ਵਿਸ਼ੇ ਦਾ ਹੀ ਸਮਰਥਨ ਕਰਦੇ ਹਨ।

**ਵਸਤੂ ਵਰਣਨ :**—ਦਸਮ ਗ੍ਰੰਥ ਦੀਆਂ ਪੌਰਾਣਿਕ ਰਚਨਾਵਾਂ ਦੀ ਸ਼ੈਲੀ ਸਬੰਧੀ ਇਹ ਪ੍ਰਧਾਨ ਵਿਸ਼ੇਸ਼ਤਾ ਹੈ। ਇਸ ਵਿਚ ਕਵੀਆਂ ਨੇ ਆਪਣੀ ਵਰਣਨ-ਪ੍ਰਧੀਨਤਾ ਦਾ ਗੂੜ੍ਹਾ ਸਬੂਤ ਦਿੱਤਾ ਹੈ। ਮੂਲਾਧਾਰ ਕਥਾਵਾਂ ਤੋਂ ਇਹ ਵਰਣਨ ਬਿਲਕੁਲ ਸੁਤੰਤਰ ਅਤੇ ਕਾਵਿ-ਉਚਿਤ ਹਨ। ਨਗਰ, ਕਲਿਯੁਗ, ਸ਼ਿਕਾਰ, ਬਾਲਕ੍ਰੀੜਾ, ਮੁਰਲੀ, ਦਾਨ, ਭੇਂਟ ਖਾਧ ਪਦਾਰਥ, ਵਿਆਹ, ਜੰਜ, ਦਾਜ, ਪ੍ਰਕ੍ਰਿਤੀ, ਸਰੂਪ, ਨਖਸ਼ਿਖ, ਬਾਰਹਮਾਸਾ, ਰਾਸ, ਅਵਾਜ਼ਬਾਦਾਂ, ਯੁੱਧ ਆਦਿ ਦਾ ਵਰਣਨ ਵਿਸ਼ੇਸ਼ ਰੋਚਕ ਢੰਗ ਨਾਲ ਹੋਇਆ ਹੈ, ਪਰ ਇਨ੍ਹਾਂ ਸਭ ਵਿਚ ਯੁੱਧ ਵਰਣਨ ਦੀ ਪ੍ਰਧਾਨਤਾ ਹੈ। ਸਾਰਾ ਬਚਿਤ੍ਰ ਨਾਟਕ ਯੁਧ ਦਾ ਅਖੁਟ ਸਰੋਤ ਅਤੇ ਉਤਸਾਹ ਦਾ ਅਸੀਮ ਭੰਡਾਰ ਹੈ। ਚਰਿਤ੍ਰੋਪਾਖਿਆਨ ਵਿਚ ਵੀ ਜਥਾ-ਪ੍ਰਸੰਗ ਯੁਧ ਵਰਣਨ ਹੋਇਆ ਹੈ। ਭਗਤੀ ਭਾਵ ਮਈ ਰਚਨਾਵਾਂ ਵਿਚੋਂ ਛੰਦਾਂ ਦੀ ਚਾਲ ਅਤੇ ਭਾਵਨਾਂ ਦੇ ਤੇਜ ਨਾਲ ਯੁੱਧ ਧੁਨੀ ਦੀ ਗੂੰਜ ਪੈਂਦੀ ਹੈ। ਕਈ ਪ੍ਰਸੰਗ ਵਿਚ ਤਾਂ ਚਰਿਤ੍ਰ ਨਾਇਕਾਂ ਨਾਲ ਸਬੰਧਿਤ ਕਥਾਵਾਂ ਕੇਵਲ ਸਾਰਾਂਸ਼ ਰੂਪ ਵਿਚ ਦਿਤੀਆਂ ਗਈਆਂ ਹਨ, ਬਾਕੀ ਸਾਰਾ ਯੁੱਧ-ਵਰਣਨ ਹੀ ਹੋਇਆ ਹੈ। 'ਰਾਮਾਵਤਾਰ' ਅਤੇ 'ਕ੍ਰਿਸ਼ਨਾਵਤਾਰ' ਵਿਚ ਅੱਧੇ ਤੋਂ ਜਿਆਦਾ ਯੁੱਧ ਦਾ ਵਰਣਨ ਹੈ। ਕੁਲ ਮਿਲਾ ਕੇ ਚਰਿਤ੍ਰਨਾਇਕਾਂ ਅਥਵਾਂ ਅਵਤਾਰ ਦਾ ਯੋਧਾ ਜਾਂ ਵੀਰ ਰੂਪ ਹੀ ਚਿਤਰਿਤ ਹੋਇਆ ਹੈ। 'ਚਰਿਤ੍ਰੋਪਾਖਿਆਨ' ਪ੍ਰਸੰਗ ਦਾ ਭਾਵੇਂ ਕੋਈ ਸਿਧਾ ਸਬੰਧ ਯੁਧ ਨਾਲ ਨਹੀਂ ਹੈ, ਪਰ ਉਥੇ ਵੀ ਜੇ ਕਿਤੇ ਯੁਧ-ਪਰਕ ਘਟਨਾ ਆ ਗਈ ਹੈ ਤਾਂ ਯੁੱਧ-ਵਰਣਨ ਪੂਰਣ ਮਨੋਯੋਗ ਨਾਲ ਹੋਇਆ ਹੈ, ਕਿਤੇ ਕਿਤੇ ਇਸਤ੍ਰੀ ਪਾਤਰਾਂ ਵਿਚ ਵੀ ਵੀਰਤਾ ਦਾ ਆਰੋਪ ਕੀਤਾ ਗਿਆ ਹੈ (ਚਰਿਤ੍ਰਾਂਕ ੧੩੭, ੧੫੨, ੪੦੫ ਆਦਿ) ਅਸਲ ਵਿਚ, ਸਾਮਿਅਕ ਪਰਸਥਿਤੀਆਂ ਅਨੁਸਾਰ ਵੈਰੀ ਦਾਂ ਸੰਘਾਰ ਤਾਂ ਹੀ ਹੋ ਸਕਦਾ ਸੀ, ਜੇ ਸਾਰੇ ਨਿੱਕੇ ਤੋਂ ਲੈ ਕੇ ਵਡੇ ਤਕ, ਸਗੋਂ ਇਸਤ੍ਰੀਆਂ ਵੀ ਵੀਰਤਾ ਦੀਆਂ ਸਜੀਵ ਮੂਰਤੀਆਂ ਬਣ ਜਾਣ। ਬਚਿਆਂ ਦੇ ਯੁੱਧ ਦੀ ਸੁੰਦਰ ਮਿਸਾਲ 'ਰਾਮਾਵਤਾਰ ਦੇ ਲਵ-ਕੁਸ਼ ਯੁੱਧ ਤੋਂ ਮਿਲ ਜਾਂਦੀ ਹੈ।

**ਯੁਧ ਵਰਣਨ ਦੀਆਂ ਸ਼ੈਲੀਆਂ :** ਦਸਮ ਗ੍ਰੰਥ ਵਿਚ ਯੁਧ-ਵਰਣਨ ਦੋ ਸ਼ੈਲੀਆਂ ਵਿਚ ਹੋਇਆ ਹੈ ਪ੍ਰਕ੍ਰਿਤ ਅਤੇ ਅਪ੍ਰਕ੍ਰਿਤ। ਪ੍ਰਕ੍ਰਿਤ ਸ਼ੈਲੀ ਰਾਹੀਂ ਵਿਸ਼ੇ ਦਾ ਸਿਧਾ ਜਾਂ ਪ੍ਰਤਖ ਵਰਣਨ ਹੈ। ਇਸ ਸ਼ੈਲੀ ਲਈ ਲਘੂ ਛੰਦ ਵਰਤੇ ਗਏ ਹਨ। ਯੁੱਧ ਦੀ ਹੌਲੀ, ਤੇਜ਼ ਅਤੇ ਬਹੁਤ ਤੇਜ਼ ਚਾਲ ਨੂੰ ਪ੍ਰਸਤੁਤ ਕਰਨ ਲਈ ਇਸ ਸ਼ੈਲੀ ਵਿਚ ਛੰਦ-ਵਿਵਿਧਤਾ ਅਤੇ ਸ਼ੀਘਰ ਛੰਦ ਪਰਿਵਰਤਨ ਦਾ ਆਸਰਾ ਲਿਆ ਗਿਆ ਹੈ। ਉਦਾਹਰਣ ਵਜੋਂ, 'ਚੰਡੀ ਚਰਿਤ੍ਰ' (ਤ੍ਰਾਂਬੀ ਮਹਾਤਮ) ੨੬੨ ਛੰਦਾਂ ਦੀ ਰਚਨਾ ਹੈ, ਇਸ ਵਿਚ ੧੯ ਪ੍ਰਕਾਰ ਦੇ ਛੰਦ ਵਰਤੇ ਗਏ ਹਨ ਅਤੇ ੬੪ ਵਾਰ ਛੰਦ ਪਰਿਵਰਤਨ

ਹੋਇਆ ਹੈ। ਇਸ ਸ਼ੈਲੀ ਵਿਚ ਅਲੰਕਾਰ ਗੌਣ ਹਨ। ਸਮਾਨਾਂਤਰ ਦ੍ਰਿਸ਼ ਪੇਸ਼ ਕਰਨ ਦਾ ਉਪਰਾਲਾ ਕਰਨ ਦੀ ਥਾਂ ਇਥੇ ਯੁੱਧ ਦਾ ਇਕਹਿਰਾ, ਪ੍ਰਤਖ ਅਤੇ ਇੰਨਬਿੰਨ ਚਿਤ੍ਰਣ ਕੀਤਾ ਗਿਆ ਹੈ। ਇਸ ਸ਼ੈਲੀ ਦੀ ਵਿਸ਼ੇਸ਼ਤਾ ਅਲੰਕਾਰ ਵਿਧਾਨ ਦੀ ਬਜਾਏ ਧੁਨੀ ਜਾਂ ਸ੍ਰਵਣ-ਚਿਤਰਾਂ ਕਰਕੇ ਹੈ। ਇਸ ਚਿਤਰ ਨਿਰਮਾਣ ਲਈ ਚਾਰ ਸਾਧਨ ਵਰਤੇ ਗਏ ਹਨ – ਅਨੁਪ੍ਰਾਸ ਦੀ ਪ੍ਰਧਾਨਤਾ, ਲਘੂ ਛੰਦਾਂ ਦੀ ਵਰਤੋਂ, ਅਨੁਕਰਣਾਤਮਕ ਸ਼ਬਦਾਂ ਦਾ ਪ੍ਰਯੋਗ ਤੇ ਸੰਗੀਤਾਤਮਕ ਸ਼ਬਦਾਂ ਦੀ ਵਰਤੋਂ। ਇਸ ਸ਼ੈਲੀ ਵਿਚ ਲਿਖੀਆਂ ਯੁੱਧ-ਪਰਕ ਪ੍ਰਧਾਨ ਰਚਨਾਵਾਂ ਇਹ ਹਨ—ਚੰਡੀ ਚਰਿਤ੍ਰ (ਤ੍ਰਾਂਬੀ ਮਹਾਤਮ) ਰਾਮਾਵਤਾਰ, ਕਲਕੀ ਅਵਤਾਰ, ਅਪਨੀ ਕਥਾ ਆਦਿ। ਇਨ੍ਹਾਂ ਕ੍ਰਿਤੀਆਂ ਦੀ ਭਾਸ਼ਾ ਉੱਤੇ ਅਪਭ੍ਰੰਸ਼, ਰਾਜਸਥਾਨੀ ਆਦਿ ਦਾ ਬਹੁਤ ਪ੍ਰਭਾਵ ਹੈ।

ਅਪ੍ਰਕ੍ਰਿਤ ਸ਼ੈਲੀ ਦਾ ਮੁਖ ਸਾਧਨ ਸਾਦ੍ਰਿਸ਼ ਮੂਲਕ ਅਲੰਕਾਰਾਂ, ਵਿਸ਼ੇਸ਼ ਕਰਕੇ ਰੂਪਕ, ਉਪਮਾ, ਉਤਪ੍ਰੇਕਸ਼ ਦੀ ਸਹਾਇਤਾ ਨਾਲ ਯੁਧ ਦਾ ਵਰਣਨ ਕੀਤਾ ਗਿਆ ਹੈ, ਪਰ ਇਸ ਵਿਚ ਧੁਨੀ ਚਿਤਰਾਂ ਦਾ ਤਿਆਗ ਨਹੀਂ ਅਤੇ ਨਾ ਹੀ ਵਿਸ਼ੇ ਦਾ ਸਿਧਾ ਜਾਂ ਇਕਹਿਰਾ ਵਰਣਨ ਵਰਜਿਤ ਹੈ। ਇਸ ਸ਼ੈਲੀ ਦੁਆਰਾ ਜੋ ਮਹੱਤਵ ਅਲੰਕਾਰਾਂ ਦੀ ਸਹਾਇਤਾ ਨਾਲ ਚਿਤਰਿਤ ਸਮਾਨਾਂਤਰ ਚਿਤਰਾਂ ਨੂੰ ਮਿਲਿਆ ਹੈ, ਉਹ ਪ੍ਰਕ੍ਰਿਤ ਸ਼ੈਲੀ ਵਾਲੇ ਚਿਤਰਾਂ ਨੂੰ ਨਹੀਂ। ਇਸ ਸ਼ੈਲੀ ਵਿਚ ਆਮ ਤੌਰ ਤੇ ਛੰਦ ਦੇ ਪਹਿਲੇ ਤਿੰਨ ਚਰਣਾਂ ਵਿਚ ਕਿਸੇ ਯੁਧ ਦਾ ਦ੍ਰਿਸ਼-ਵਰਣਨ ਕੀਤਾ ਗਿਆ ਹੈ ਅਤੇ ਚੌਥੇ ਚਰਣ ਵਿਚ ਸਾਦ੍ਰਿਸ਼ ਮੂਲਕ ਅਲੰਕਾਰ ਦੀ ਸਹਾਇਤਾ ਨਾਲ ਉਸ ਦੇ ਸਮਾਨਾਂਤਰ ਦ੍ਰਿਸ਼ ਉਪਸਥਿਤ ਕਰਕੇ ਭਾਵ ਨੂੰ ਤੀਬਰਤਾ ਪ੍ਰਦਾਨ ਕੀਤੀ ਗਈ ਹੈ, ਪਰ ਕਈ ਛੰਦਾਂ ਵਿਚ ਇਕ ਤੋਂ ਵਧ ਅਲੰਕਾਰ ਵੀ ਆ ਗਏ ਹਨ। ਇਸ ਸ਼ੈਲੀ ਲਈ ਸ਼ੁਧ ਬ੍ਰਿਜ ਭਾਸ਼ਾ ਦੀ ਵਰਤੋਂ ਹੋਈ ਹੈ। ਕ੍ਰਿਸ਼ਨਾਵਤਾਰ, ਚੰਡੀ ਚਰਿਤ੍ਰ (ਉਕਤਿ ਬਿਲਾਸ) ਇਸ ਸ਼ੈਲੀ ਦੀਆਂ ਆਦਰਸ਼ ਕ੍ਰਿਤੀਆਂ ਹਨ।

ਦਸਮ ਗ੍ਰੰਥ ਵਿਚ ਯੁਧ ਦੇ ਅੰਗ-ਪ੍ਰਤਿ-ਅੰਗ ਦਾ ਵਰਨਣ ਹੋਇਆ ਹੈ। ਸ਼ੰਕਾ ਪੱਖ ਤੋਂ ਲੈ ਕੇ ਸਮਾਧਾਨ ਪੱਖ ਦੀ ਹਰ ਸਥਿਤੀ ਬੜੀ ਸੂਖਮਤਾ ਨਾਲ ਚਿਤਰੀ ਗਈ ਹੈ, ਪਰ ਸਭ ਤੋਂ ਅਧਿਕ ਵਰਣਨ ਸੰਘਰਸ਼ ਪੱਖ ਅਤੇ ਘੋਰ ਯੁੱਧ ਦਾ ਹੈ। ਇਸ ਸਬੰਧੀ ਕੁਝ ਇਕ ਵਿਸ਼ੇਸ਼ ਵਰਣਨ ਇਹ ਹਨ: ਬਦਲੇ ਦੀ ਭਾਵਨਾ, ਯੋਧਿਆਂ ਦੀ ਪਰਸਪਰ ਮੰਤ੍ਰਣਾ, ਨਾਇਕਾਂ ਦੀ ਯੁੱਧ ਲਈ ਪ੍ਰਤਿਗਿਆ, ਸੈਨਾ ਨੂੰ ਇਕੱਠਾ ਕਰਨਾ, ਸੈਨਾ ਦਾ ਕੂਚ, ਕਿਲੇ ਵਿਚੋਂ ਨਿਕਲਦੀ ਸੈਨਾ, ਰਣ ਸਜਾ, ਬੀੜਾ ਚਕਣਾ, ਗਾਨਾ ਬੰਨ੍ਹਣਾ, ਹਮਲਾ, ਸ਼ਸਤ੍ਰ ਪ੍ਰਹਾਰ, ਵੀਰਾਂ ਦੀ ਪਰਸਪਰ ਉਕਤੀ ਪ੍ਰਤੀਉੱਕਤੀ, ਕਬੰਧ ਯੁੱਧ, ਮੁੰਡ ਯੁੱਧ, ਤੁਮਲ ਯੁਧ, ਮਲ਼ ਯੁੱਧ। ਇਸ ਤੋਂ ਛੁਟ ਰਣਭੂਮੀ ਦੇ ਦ੍ਰਿਸ਼ਾਂ, ਨਗਾਰਿਆਂ, ਡਾਕਣੀਆਂ ਆਦਿ) ਦਾ ਵੀ ਵਰਣਨ ਹੋਇਆ ਹੈ ਅਤੇ ਯੋਧਿਆਂ ਦਾ ਪਰਿਚਯ ਵੀ ਦਿੱਤਾ ਗਿਆ ਹੈ। ਯੁੱਧ ਤੋਂ ਬਾਅਦ ਦੀ ਸਥਿਤੀ ਖਾਸ ਕਰ ਹਾਰੇ ਹੋਏ ਪੱਖ ਦੀਆਂ ਇਸਤ੍ਰੀਆਂ ਦੇ ਰੁਦਨ, ਫੌਜਾਂ ਦੀ ਭਾਗਦੜ ਅਤੇ ਕਿਲਿਆਂ ਦਾ ਨਾਸ਼, ਆਦਿ ਦਾ ਵੀ ਬੜੀ ਰੋਚਕਤਾ ਪੂਰਣ ਚਿਤ੍ਰਣ ਹੋਇਆ ਹੈ।

ਸੰਵਾਦ : ਬਹੁਤੀ ਭਾਵ ਮਈ ਕ੍ਰਤੀਆਂ ਵਿਚ ਸੰਵਾਦ ਦਾ ਵਿਕਾਸ ਅਭਾਵ ਹੈ, ਪਰ ਪੌਰਾਣਿਕ ਕ੍ਰਿਤੀਆਂ ਦੀ ਇਹ ਪ੍ਰਧਾਨ ਵਿਸ਼ੇਸ਼ਤਾ ਹੈ। ਸੰਵਾਦ ਦੇ ਅਕਾਰ ਤਿੰਨ ਉਦੇਸ਼ ਹੁੰਦੇ

ਹਨ—ਕਥਾ ਦੀ ਗਤੀ ਅੱਗੇ ਤੋਰਨੀ, ਚਰਿਤਰਾਂ ਦੀਆਂ ਅੰਤਰ-ਵ੍ਰਿਤੀਆਂ ਦਾ ਵਿਸ਼ਲੇਸ਼ਣ ਕਰਨਾ ਅਤੇ ਕਥਾ ਵਿਚ ਨਾਟਕੀਅਤਾ ਲਿਆਉਣਾ ਜਾਂ ਵਰਣਨ ਨੂੰ ਸਜੀਵ ਬਣਾਉਣਾ। ਇਨ੍ਹਾਂ ਤਿੰਨਾਂ ਮੰਤਵਾਂ ਦੀ ਪੂਰਤੀ ਵਿਚਾਰਾਧੀਨ ਰਚਨਾਵਾਂ ਤੋਂ ਹੋ ਜਾਂਦੀ ਹੈ। ਇਸ ਤੋਂ ਛੁੱਟ, ਇਹ ਸੰਵਾਦ ਸੰਭਾਵਿਕ ਰੋਚਕ ਅਤੇ ਸੰਖਿਪਤ ਵੀ ਹਨ। ਕੁਝ ਪੱਤਰ ਅਤੇ ਸੁਨੇਹੇ ਵੀ ਇਨ੍ਹਾਂ ਕ੍ਰਿਤੀਆਂ ਵਿਚ ਘਲੇ ਗਏ ਮਿਲਦੇ ਹਨ, ਉਹ ਵੀ ਸਫਲ ਅਤੇ ਉਦੇਸ਼ ਸਿਧੀ ਵਿਚ ਸਹਾਇਕ ਹਨ।

**ਸਤੋਤ੍ਰ** ਦਸਮ ਗ੍ਰੰਥ ਵਿਚ ਸਤੋਤ੍ਰ ਸ਼ੈਲੀ ਨੂੰ ਅਪਨਾਉਣ ਪ੍ਰਤਿ ਸਪਸ਼ਟ ਅਤੇ ਸਰਬਤ੍ਰ ਆਗ੍ਰਹ ਮਿਲਦਾ ਹੈ। 'ਜਾਪੁ', 'ਗਿਆਨ ਪ੍ਰਬੋਧ', ਆਦਿ ਭਗਤੀ-ਪਰਕ ਰਚਨਾਵਾਂ ਵੀ ਇਕ ਪ੍ਰਕਾਰ ਦੇ ਸਤੋਤ੍ਰ ਹੀ ਹਨ। 'ਜਾਪੁ' ਤਾਂ ਵਿਸ਼ਨੂੰ ਸਹਸ੍ਰਨਾਮ ਦੀ ਹੀ ਅਨੁਕ੍ਰਿਤੀ ਵਾਂਗ ਹੈ। ਪੌਰਾਣਿਕ ਕ੍ਰਿਤੀਆਂ ਵਿਚ ਵੀ ਸਤੋਤ੍ਰਾਂ ਦੀ ਭਰਮਾਰ ਹੈ। ਉਨ੍ਹਾਂ ਸਤੋਤ੍ਰਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਜਾ ਸਕਦਾ—

੧. ਕ੍ਰਿਤੀਆਂ ਦੇ ਆਰੰਭ ਵਿਚ ਆਏ ਮੰਗਲਿਕ ਸਤੋਤ੍ਰ,
੨. ਪਰਾਕ੍ਰਮ-ਵਰਣਨ ਤੋਂ ਉਪਰੰਤ ਆਖੇ ਗਏ ਧਨਵਾਦ ਸੂਚਕ ਸਤੋਤ੍ਰ,
੩. ਯਾਚਨਾ ਅਥਵਾ ਪ੍ਰਾਰਥਨਾ ਸਬੰਧੀ ਸਤੋਤ੍ਰ, ਅਤੇ
੪. ਹੋਰਾਂ ਪਾਤਰਾਂ ਦੁਆਰਾ ਮਹਾਕਾਲ ਅਤੇ ਕਾਲੀ ਦੇ ਸਤੋਤ੍ਰ।

ਇਨਾਂ ਸਤੋਤ੍ਰਾਂ ਵਿਚ ਇਸ਼ਟ-ਦੇਵਾਂ ਦੀਆਂ ਸੁੰਦਰ ਨਾਮਾਵਲੀਆਂ ਅਤੇ ਉਨ੍ਹਾਂ ਦੇ ਗੁਣਾ ਦਾ ਵਿਵਰਣ ਮਿਲਦਾ ਹੈ। ਅਧਿਕਾਂਸ਼ ਸਤੋਤ੍ਰ ਆਧਾਰ ਗ੍ਰੰਥਾਂ ਵਰਗੇ ਜਾਂ ਪੌਰਾਣਿਕ ਸ਼ੈਲੀ ਦੇ ਹਨ।

**ਮਾਹਾਤਮ** :—ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਦੇ ਅੰਤ ਵਿਚ ਆਧਾਰ ਗ੍ਰੰਥਾਂ ਵਾਂਗ ਮਾਹਾਤਮ ਸ਼ਾਮਿਲ ਹਨ, ਪਰ ਇਹ ਮਾਹਾਤਮ ਉਨ੍ਹਾਂ ਗ੍ਰੰਥਾਂ ਦੇ ਮਾਹਾਤਮ ਤੋਂ ਬਹੁਤ ਘਟ ਅਤੇ ਸੰਖਿਪਤ ਹਨ। ਜ਼ਿਆਦਾਤਰ ਇਨ੍ਹਾਂ ਦਾ ਸਬੰਧ ਸਬੰਧਿਤ ਕ੍ਰਿਤੀਆਂ ਦੇ ਪਠਨ-ਪਾਠਨ, ਗਾਇਨ ਅਤੇ ਸ੍ਰਵਣ ਨਾਲ ਹੈ। ਕੁਝ ਸੁਤੰਤਰ ਹਨ ਅਤੇ ਕੁਝ ਦਾ ਆਧਾਰ ਪ੍ਰਾਚੀਨ ਗ੍ਰੰਥ ਹਨ। ਇਸ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ :—

੧. ਮੂਲ-ਕਥਾਵਾਂ ਦੇ ਅਨੁਰੂਪ ਮਾਹਾਤਮ,
੨. ਮੂਲ-ਕਥਾਵਾਂ ਦੇ ਸਾਰਾਂਸ਼ ਮਾਹਾਤਮ, ਅਤੇ
੩. ਮੂਲ ਕਥਾਵਾਂ ਤੋਂ ਸੁਤੰਤਰ ਮਾਹਾਤਮ।

**ਅਲੰਕਾਰ ਵਿਧਾਨ** :—ਅਲੰਕਾਰਾਂ ਪ੍ਰਤਿ ਵਿਸ਼ੇਸ਼ ਮੋਹ ਦਸਮ ਗ੍ਰੰਥ ਵਿਚ ਸਪਸ਼ਟ ਹੈ। ਭਗਤੀ ਪ੍ਰਧਾਨ ਰਚਨਾਵਾਂ ਜਿਨ੍ਹਾਂ ਦਾ ਕਰਤ੍ਰਿਤਵ ਦਸਮ ਗੁਰੂ ਨਾਲ ਸਬੰਧਿਤ ਹੈ, ਅਰਥ ਅਲੰਕਾਰ ਘੱਟ ਵਰਤੇ ਗਏ ਹਨ, ਕਿਉਂਕਿ ਓਥੇ ਮਨੋਰਥ ਉਕਤੀ ਦੀ ਵਿਚਿਤ੍ਰਤਾ ਵਿਖਾਣਾ ਨਹੀਂ ਸੀ, ਨਿਸ਼ਠਾ ਸਹਿਤ ਭਗਤੀ ਭਾਵ ਮਈ ਉਦਗਾਰ-ਪ੍ਰਗਟ ਕਰਨੇ ਸਨ, ਪਰ ਫਿਰ ਵੀ ਸ਼ਬਦ ਅਲੰਕਾਰਾਂ ਦੀ ਉਥੇ ਭੀ ਘਾਟ ਨਹੀਂ ਹੈ। ਇਸ ਦੇ ਵਿਪਰੀਤ ਪੌਰਾਣਿਕ ਕ੍ਰਿਤੀਆਂ ਵਿਚ ਜੋ ਗੁਰੂ ਜੀ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਹਨ, ਅਲੰਕਾਰਾਂ ਦੀ ਭਰਮਾਰ ਹੈ, ਸ਼ਬਦ ਅਲੰਕਾਰਾਂ ਦੇ ਸਾਰੇ

ਰੂਪਾਂ ਅਤੇ ਅਰਥ ਅਲੰਕਾਰਾਂ ਦੇ ੭੫ ਭੇਦ ਉਪਭੇਦਾਂ ਦੇ ਦਰਸ਼ਨ ਇਨ੍ਹਾਂ ਵਿਚ ਹੋ ਜਾਂਦੇ ਹਨ। ਇਕ ਹੀ ਛੰਦ ਵਿਚ (ਕ੍ਰਿਸ਼ਨਾਵਤਾਰ ਛੰਦ ੩੩੧-੩੩) ਅੱਠ ਜਾਂ ਨੌ ਅਲੰਕਾਰਾਂ ਨੂੰ ਸਮਾਉਣਾ ਸਬੰਧਿਤ ਕਵੀਆਂ ਦੀ ਅਲੰਕਾਰ-ਵਿਧਾਨ ਸਬੰਧੀ ਪ੍ਰਬੀਨਤਾ ਦਾ ਲਖਾਇਕ। ਸ਼ਬਦ ਅਲੰਕਾਰਾਂ ਵਿਚ ਅਨੁਪ੍ਰਾਸ ਦੀ ਪ੍ਰਧਾਨਤਾ ਹੈ ਅਤੇ ਅਰਥ ਅਲੰਕਾਰਾਂ ਵਿਚ ਸਾਦ੍ਰਿਸ਼ਮਲਕ ਅਲੰਕਾਰ ਪ੍ਰਮੁਖ ਹਨ, ਵਿਸਮਤਾ-ਮੂਲਕ ਅਲੰਕਾਰ ਦੀ ਬੜੀ ਵਿਰਲੀ ਵਰਤੋਂ ਹੋਈ ਹੈ। ਪਰ ਇਹ ਅਲੰਕਾਰ-ਵਿਧਾਨ ਕੋਈ ਸ਼ਾਬਦਿਕ ਖਿਲਵਾੜ ਨਹੀਂ, ਸਗੋਂ ਹਰ ਥਾਂ ਇਹ ਆਪਣੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ। ਇਸ ਤੋਂ ਛੁਟ, ਇਸ ਅਲੰਕਾਰ-ਵਿਧਾਨ ਦੀਆਂ ਕੁਝ ਆਪਣੀਆਂ ਨਿਜੀ ਵਿਸ਼ੇਸ਼ਤਾਵਾਂ ਵੀ ਹਨ। ਪਹਿਲੀ, ਇਨ੍ਹਾਂ ਕਵੀਆਂ ਨੇ ਹੇਠਲੇ ਵਰਗਾਂ ਦੇ ਕਿੱਤਿਆਂ, ਲੌਕਿਕ ਅਤੇ ਸਰਬ ਸਾਧਾਰਣ ਜੀਵਨ, ਪ੍ਰਕ੍ਰਿਤੀ, ਨਿਆਨਕ ਤੇ ਸੁਖਦ ਵਾਤਾਵਰਣ; ਯੁੱਧ ਆਦਿ ਨਾਲ ਸਬੰਧਿਤ ਉਪਮਾਨ ਲਏ ਹਨ। ਦੂਜੀ, ਇਨ੍ਹਾਂ ਕਵੀਆਂ ਨੇ ਯੁੱਧ ਪ੍ਰਤਿ ਯੋਧਿਆਂ ਦੀ ਮਾਨਸਿਕ ਰੁਚੀ ਦਾ ਸਪਸ਼ਟੀਕਰਣ ਕੀਤਾ ਹੈ। ਯੁੱਧ ਪ੍ਰਤਿ ਅਨੁਰਾਗ ਅਤੇ ਮੋਹ ਦੀ ਭਾਵਨਾ ਉਤਪੰਨ ਕਰਨ ਲਈ ਉਸ ਨੂੰ ਮਨੋਰੰਜਕ ਕਾਰਜ ਦਸਿਆ ਹੈ। ਤੀਜੀ ਇਨ੍ਹਾਂ ਦੁਆਰਾ ਉਨ੍ਹਾਂ ਪੌਰਾਣਿਕ ਪਾਤਰਾਂ ਅਤੇ ਪ੍ਰਸੰਗਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਜ ਦਸਮ ਗ੍ਰੰਥ ਵਿਚ ਵਰਣਿਤ ਨਹੀਂ ਹਨ। ਪਰ ਇਸ ਸਭ ਤੋਂ ਜ਼ਿਆਦਾ, ਦਸਮ ਗ੍ਰੰਥ ਵਿਚ ਅਨੁਪ੍ਰਾਸ ਪ੍ਰਤਿ ਆਗ੍ਰਹ ਖਾਸ ਵੇਖਣ ਯੋਗ ਹੈ। ਇਸ ਆਗ੍ਰਹ ਦਾ ਸਭ ਤੋਂ ਜ਼ਿਆਦਾ ਯੋਗ/ਦਾਨ ਯੁੱਧ ਵਰਣਨ ਦੇ ਪ੍ਰਸੰਗਾਂ ਵਿਚ ਹੈ।

**ਛੰਦ ਯੋਜਨਾ** :—ਦਸਮ ਗ੍ਰੰਥ ਛੰਦਾਂ ਦਾ ਅਜਾਇਬ ਘਰ ਹੈ। ਇਸ ਵਿਚ ਕੁਲ ੧੫੦ ਕਿਸਮਾਂ ਦੇ ਛੰਦ ਵਰਤੇ ਗਏ ਹਨ। ਜਿਨ੍ਹਾਂ ਵਿਚੋਂ ੧੦੬ ਪਰੰਪਰਿਕ ਹਨ ਤੇ ਬਾਕੀ ਦੇ ੪੪ ਨਵੇਂ ਜਾਂ ਅਜਿਹੇ ਪਰੰਪਰਿਕ ਹਨ ਜਿਨ੍ਹਾਂ ਦੇ ਨਾਂ ਬਦਲ ਦਿਤੇ ਗਏ ਹਨ। ਇਨ੍ਹਾਂ ੧੫੦ ਛੰਦਾਂ ਵਿਚੋਂ ੯੭ ਵਰਣਿਕ ਹਨ ਤੇ ੫੩ ਮਾਤ੍ਰਿਕ। ਪ੍ਰਧਾਨਤਾ ਚੌਪਈ ਛੰਦ ਦੀ ਹੈ ਜਿਸ ਨੂੰ ਇਸ ੧੮੦੦੦ ਛੰਦਾਂ ਦੇ ਗ੍ਰੰਥ ਵਿਚ ੫੫੫੫ ਵਾਰ ਵਰਤਿਆ ਗਿਆ ਹੈ। ਇਸ ਤੋਂ ਬਾਅਦ ਦੋਹਰੇ ਅਤੇ ਸਵੈਯੇ ਦੀ ਥਾਂ ਹੈ ਜੋ ਕ੍ਰਮਾਨੁਸਾਰ ੩੧੪੯ ਅਤੇ ੧੨੨੫੨ ਵਾਰ ਵਰਤੇ ਗਏ ਹਨ। ਇਸ ਗ੍ਰੰਥ ਵਿਚ ਛੰਦ ਵਿਵਧਤਾ ਤਾਂ ਹੈ, ਪਰ ਹਰ ਕ੍ਰਿਤੀ ਜਾਂ ਬਾਣੀ ਵਿਚ ਇਹ ਵਿਵਿਧਤਾ ਸਮਾਨ ਰੂਪ ਨਾਲ ਨਹੀਂ ਆਈ। 'ਕ੍ਰਿਸ਼ਨਾਵਤਾਰ' ਵਿਚ ੨੪੬੨ ਛੰਦਾਂ ਦੀ ਰਚਨਾ ਹੈ, ੧੨ ਪ੍ਰਕਾਰ ਦੇ ਛੰਦ ਵਰਤੇ ਗਏ ਹਨ ਅਤੇ ਕਲਕੀ ਅਵਤਾਰ ਵਿਚ, ਜੋ ੫੯੮ ਛੰਦਾਂ ਦੀ ਰਚਨਾ ਹੈ, ੭੦ ਪ੍ਰਕਾਰ ਦੇ ਛੰਦ ਵਰਤੇ ਗਏ ਹਨ। ਇਸ ਵਿਵਿਧਤਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਛੰਦ-ਵਿਵਿਧਤਾ ਹੈ, ਉਥੇ ਅਲੰਕਾਰ ਗੌਣ ਹਨ, ਜਿਵੇਂ ਰਾਮਾਵਤਾਰ, ਚੰਡੀ-ਚਰਿਤ੍ਰ (ਤ੍ਰਿਤੀ ਮਹਾਤਮ), ਕਲਕੀ ਅਵਤਾਰ ਆਦਿ; ਅਤੇ ਜਿਥੇ ਛੰਦ-ਵਿਵਧਤਾ ਨਹੀਂ ਹੈ, ਉਥੇ ਅਲੰਕਾਰਾਂ ਦੀ ਪ੍ਰਧਾਨਤਾ ਹੈ, ਜਿਵੇਂ ਕ੍ਰਿਸ਼ਨਾਵਤਾਰ, ਚੰਡੀ ਚਰਿਤ੍ਰ (ਉਕਤਿ ਬਿਲਾਸ) ਆਦਿ। ਇਨ੍ਹਾਂ ਕ੍ਰਿਤੀਆਂ ਵਿਚ ਇਕ ਹੀ ਛੰਦ ਨੂੰ ਕਈ ਭਿੰਨ ਭਿੰਨ ਨਾਵਾਂ ਵਿਚ ਵਰਤਿਆ ਗਿਆ ਹੈ। ਜਿਵੇਂ :—

(ੳ) ਅਕਰਾ :—ਅਨਕਾ, ਅਨਹਦ, ਅਜਬਾ, ਅਨੁਭਵ, ਤ੍ਰਿੜਕਾ, ਝਿਣਣਿਣ।

(ਅ) ਕਿਲਕਾ :—ਤੋਟਕ, ਪਧਿਸਟਕਾ, ਭੇਦਕ।

(ੲ) ਅਕਵਾ :—ਤਿਲਕ, ਤ੍ਰਿਗਤਾ।

ਇਸ ਗ੍ਰੰਥ ਪ੍ਰਕ੍ਰਿਤ ਯੁੱਧ-ਵਰਣਨ ਵਿਚ ਲਘੂ ਛੰਦਾਂ ਦੀ ਵਰਤੋਂ ਇਤਨੀ ਪ੍ਰਬੀਨਤਾ ਨਾਲ ਹੋਈ ਹੈ ਕਿ ਯੁੱਧ ਦੀ ਗਤੀ ਨਾਲ ਛੰਦ ਦਾ ਸਰੂਪ ਵੀ ਬਦਲਦਾ ਹੈ। ਛੰਦ ਅਤੇ ਯੁੱਧ ਦਾ ਪਰਸਪਰ ਤਾਲ ਮੇਲ ਕਾਇਮ ਕੀਤਾ ਗਿਆ। ਛੰਦ ਦੀ ਗਤੀ ਤੋਂ ਛੁਟ ਛੰਦ ਧੁਨੀ ਵੀ ਯੁੱਧ ਦਾ ਵਾਤਾਵਰਣ ਪੇਸ਼ ਕਰਦੀ ਹੈ। ਇਹ ਠੀਕ ਹੈ ਕਿ ਛੰਦ-ਪਰਿਵਰਤਨ ਨਾਲ ਕਾਵਿ ਦੀ ਇਕ-ਰੂਪਤਾ ਟੁਟੀ ਹੈ, ਪਰ ਕਈ ਪ੍ਰਸੰਗਾਂ (ਰਾਮਾਵਤਾਰ, ਕਲਕੀ ਅਵਤਾਰ) ਵਿਚ ਛੰਦ ਪਰਿਵਰਤਨ ਇਤਨੀ ਜਲਦੀ ਜਲਦੀ ਹੋਇਆ ਹੈ ਕਿ ਕਥਾ ਦੀ ਤਾਰਤਮਤਾ ਹੀ ਟੁਟ-ਫੁਟ ਗਈ ਹੈ। ਪਾਠਕ ਦਾ ਮਨ ਕਥਾ ਤੋਂ ਉਜੜ ਕੇ ਛੰਦਾਂ ਦੀ ਵਿਵਿਧਤਾ ਵਿਚ ਰਮ ਜਾਂਦਾ ਹੈ। ਨਾਲ ਹੀ, ਇਨ੍ਹਾਂ ਛੰਦਾਂ ਵਿਚ ਪਿੰਗਲ ਸਬੰਧੀ ਨਿਪੁੰਣਤਾ ਘਟ ਹੈ। ਬਹੁਤ ਥੋੜ੍ਹੇ ਛੰਦ ਹੀ ਆਪਣੇ ਲੱਛਣਾਂ ਅਨੁਸਾਰ ਉਤਰਦੇ ਹਨ, ਇਸ ਦੇ ਕਾਰਣ ਤਿੰਨ ਹਨ—ਕਵੀਆਂ ਦੀ ਅਸਾਵਧਾਨੀ, ਗੁਰਮੁਖੀ ਲਿਪੀ ਦੀ ਵਰਤੋਂ ਅਤੇ ਪਾਠਾਂਤਰ। ਇਸ ਗ੍ਰੰਥ ਵਿਚ ਕਾਵਿ ਪਰੰਪਰਾ ਦੇ ਵਿਰੁਧ ਸਵੈਜੇ ਵਰਗੇ ਲਲਿਤ ਛੰਦਾਂ ਨੂੰ ਯੁੱਧ ਵਰਣਨ ਲਈ ਵਰਤਿਆ ਗਿਆ ਹੈ। ਪਰ ਰਸ ਦੀ ਪਰਪਕਤਾ ਵਿਚ ਕਿਸੇ ਪ੍ਰਕਾਰ ਦੀ ਕੋਈ ਘਾਟ ਨਹੀਂ ਪਈ ਇਨ੍ਹਾਂ ਰਚਨਾਵਾਂ ਵਿਚ ਉਸ ਸਮੇਂ ਤਕ ਪਿੰਗਲ ਅਧਾਰਤ ਲਗ ਭਗ ਸਾਰੀਆਂ ਰਚਨਾ ਸ਼ੈਲੀਆਂ ਨੂੰ ਅਪਨਾਇਆ ਗਿਆ ਹੈ। 'ਚਰਿਤ੍ਰੋਪਾਖਿਆਨੇ' ਵਿਚ ਦੁਹਰਾ ਚੌਪਈ-ਪਧਤੀ ਦੀ ਪ੍ਰਧਾਨਤਾ ਹੈ, ਜਾਪੁ ਰਾਮਾਵਤਾਰ, ਕਲਕੀ ਅਵਤਾਰ, ਚੰਡੀ ਚਰਿਤ (ਤ੍ਰਿਤੀ ਮਾਹਾਤਮ) ਆਦਿ ਵਿਚ ਪੱਧਰੀ ਪੱਧਤੀ ਨੂੰ ਅਪਨਾਇਆ ਗਿਆ ਹੈ। ਕ੍ਰਿਸ਼ਨਾਵਤਾਰ, ਚੰਡੀ ਚਰਿਤ੍ਰ (ਉਕਤਿ ਬਿਲਾਸ), ਅਕਾਲ ਉਸਤਤਿ ਆਦਿ ਵਿਚ ਕਬਿਤ-ਸਵੈਯਾ ਪੱਧਰੀ ਦਾ ਅਨੁਸਰਣ ਹੋਇਆ ਹੈ ਅਤੇ 'ਪਾਰਸ ਨਾਥ ਅਵਤਾਰ' ਵਿਚ ਗੀਤ ਅਤੇ ਛਪੇ ਪਧਤੀ ਨੂੰ ਗ੍ਰਹਿਣ ਕੀਤਾ ਗਿਆ ਹੈ।

**ਭਾਸ਼ਾ :** – ਦਸਮ ਗ੍ਰੰਥ ਦੀਆਂ ਕ੍ਰਿਤੀਆਂ ਭਾਸ਼ਾ ਬ੍ਰਜ ਹੈ। ਅਸਲ ਵਿਚ ਸ਼ੈਲੀ ਦੀ ਸੁੰਦਰਤਾ ਅਤੇ ਮਹੱਤਾ ਉਸ ਦੀ ਭਾਸ਼ਾ ਦੀ ਅਮੀਰੀ ਅਤੇ ਪਰਪਕਤਾ ਤੇ ਨਿਰਭਰ ਹੈ। ਜਿਸ ਕਵੀ ਦਾ ਜਿਤਨਾ ਸ਼ਬਦ ਕੋਸ਼ ਅਧਿਕ ਵਿਸ਼ਾਲ ਹੋਵੇਗਾ, ਉਸ ਦੀ ਭਾਸ਼ਾ ਉਤਨੀ ਹੀ ਸ਼ਕਤੀਸ਼ਾਲੀ ਅਤੇ ਅਮੀਰ ਹੋਵੇਗੀ। ਇਸ ਲਈ ਕਵੀ ਨੂੰ ਕਈ ਆਸਰੇ ਲੈਣੇ ਪੈਂਦੇ ਹਨ, ਉਹ ਆਪਣੀ ਵਿਸ਼ੇਸ਼ ਭਾਸ਼ਾ ਦੀ ਸੀਮਾ ਵਿਚ ਨਹੀਂ ਬੰਨ੍ਹਿਆ ਰਹਿ ਸਕਦਾ। ਗੁਰੂ ਗੋਬਿੰਦ ਸਿੰਘ ਅਤੇ ਦਸਮ ਗ੍ਰੰਥ ਦੇ ਹੋਰ ਕਵੀਆਂ ਨੇ ਭਾਸ਼ਾ ਵਿਚ ਆਪਣੀ ਪ੍ਰਬੀਨਤਾ ਦਾ ਪ੍ਰਮਾਣ ਦਿੱਤਾ ਹੈ। ਸਮੁਚੇ ਤੌਰ ਤੇ ਇਨ੍ਹਾਂ ਸਾਰੇ ਬਾਣੀਕਾਰਾਂ ਨੇ ਦੇਸੀ-ਵਿਦੇਸੀ, ਸਾਹਿਤਕ, ਸ਼ਿਸ਼ਟ-ਅਸ਼ਿਸ਼ਟ, ਤਤਸਮ-ਤਦਭਵ ਆਦਿ ਸ਼ਬਦ ਦੀ ਉਦਾਰਤਾ ਪੂਰਵਕ ਵਰਤੋਂ ਕਰਕੇ ਭਾਸ਼ਾ ਦੀ ਵਿਅੰਜਨਾਂ ਸ਼ਕਤੀ ਨੂੰ ਵਧਾਇਆ ਹੈ। ਸ਼ਬਦ ਨੂੰ ਇੱਛਾ ਅਨੁਸਾਰ ਕਿਤੇ ਕਿਤੇ ਸੰਯੁਕਤ ਅਤੇ ਅਸੰਯੁਕਤ ਬਣਾਇਆ ਹੈ, ਮੋੜਿਆ ਤੋੜਿਆ ਵੀ ਹੈ। ਸੰਖੇਪ ਵਿਚ ਇਨ੍ਹਾਂ ਕ੍ਰਿਤੀਆਂ ਵਿਚ ਸੰਸਕ੍ਰਿਤ, ਅਪਭ੍ਰੰਸ਼ ਰਾਜਸਥਾਨੀ, ਪੰਜਾਬੀ, ਅਵਧੀ, ਫਾਰਸੀ, ਅਰਬੀ ਆਦਿ ਕਈਆਂ ਭਾਸ਼ਾਵਾਂ ਦੀ ਮਿਸ਼ ਮਿਲਦੀ ਹੈ। ਪਰ ਬ੍ਰਜ ਭਾਸ਼ਾ ਦੀ ਸਰਬਤ੍ਰ ਪ੍ਰਧਾਨਤਾ ਹੈ, ਬਾਕੀ ਭਾਸ਼ਾਵਾਂ ਨੂੰ ਵੀ ਬ੍ਰਜ ਦੀ ਪ੍ਰਕ੍ਰਿਤੀ ਅਨੁਕੂਲ ਢਾਲਣ ਦਾ ਯਤਨ ਕੀਤਾ ਗਿਆ ਹੈ ਪ੍ਰਬੰਧਾਤਮਕ ਅਤੇ ਭਗਤੀ ਪਰਕ ਰਚਨਾਵਾਂ ਹੋਣ ਕਾਰਨ ਮੁਹਾਵਰਿਆਂ ਅਤੇ ਅਖੌਤਾਂ ਦੀ ਵਰਤੋਂ ਬਹੁਤ ਘੱਟ ਹੋਈ ਹੈ, ਪਰ ਭਾਸ਼ਾ ਨੂੰ ਸਜਾਣ ਵਾਸਤੇ ਸ਼ਬਦ ਅਲੰਕਾਰਾਂ ਨੂੰ ਬਹੁਤ ਵਰਤਿਆ ਗਿਆ

ਹੈ। ਇਨ੍ਹਾਂ ਕ੍ਰਿਤੀਆਂ ਦੀ ਭਾਸ਼ਾ ਵਿਚ ਪ੍ਰਸੰਗ ਅਤੇ ਪਾਤਰ ਅਨੁਕੂਲਤਾ ਵੀ ਹੈ ਅਤੇ ਕਵੀ ਆਪਣੇ ਵਿਚਾਰਾਂ ਨੂੰ ਪ੍ਰੇਸ਼ਿਤ ਕਰਨ ਵਿਚ ਸਫ਼ਲ ਸਿੱਧ ਹੋਏ ਹਨ। ਕਿਉਂਕਿ ਇਸ ਗ੍ਰੰਥ ਦਾ ਪ੍ਰਭਾਵ ਪੰਜਾਬੀ ਜਨ ਜੀਵਨ ਉਪਰ ਅਮਿਟ ਹੈ। ਭਾਸ਼ਾ ਸਬੰਧੀ ਕਈ ਦੋਸ਼ ਵੀ ਹਨ ਜਿਵੇਂ ਪੁਨਰੁਕਤੀ ਦੋਸ਼ ਅਨੁਚਿਤਾਰਥ, ਗ੍ਰਾਮੀਣਪਨ, ਅਸ਼ਲੀਲਤਾ ਆਦਿ। ਪਰ ਇਨ੍ਹਾਂ ਸਭ ਵਿਚੋਂ ਅਸ਼ਲੀਲਤਾ ਦੋਸ਼ ਦੀ ਪ੍ਰਧਾਨਤਾ ਹੈ। 'ਚਰਿਤ੍ਰੋਪਾਖਿਆਨ' ਵਿਚ ਤਾਂ ਗੁਪਤ ਅੰਗਾਂ, ਆਸ਼ਕਾਂ, ਚੁੰਬਨਾਂ, ਆਲਿੰਗਨਾਂ, ਆਦਿ ਦਾ ਵਿਸਥਾਰ ਸਹਿਤ ਅਤੇ ਨਿਰਸੰਕੋਚ ਵਰਣਨ ਹੈ ਅਤੇ ਕਾਮ-ਭੋਗ ਵਿਚ ਸਹਾਇਕ ਉਪਕਰਣਾ ਜਿਵੇਂ ਨਸ਼ੀਲੀਆਂ ਵਸਤਾਂ ਰੋਮਨਨਾਸਨੀ, ਉਸਤਰੇ ਆਦਿ ਦਾ ਬਹੁਤ ਉੱਲੇਖ ਹੋਇਆ ਹੈ। ਇਹ ਦੋਸ਼ ਇਤਨਾ ਮੁਖਰ ਹੈ ਕਿ ਇਕਾਂਤ ਵਿਚ ਵੀ ਇਸ ਨੂੰ ਪੜ੍ਹਨਾ ਲੱਜਾਜਨਕ ਹੈ। ਇਸਤ੍ਰੀਆਂ ਲਈ ਇਹ ਇਕਦਮ ਪੜ੍ਹਨ ਯੋਗ ਨਹੀਂ ਹੈ। ਅਜਿਹੀ ਅਸ਼ਲੀਲਤਾ ਸਾਹਿਤ ਵਿਚ ਹੋਰ ਕਿਤੇ ਮਿਲਣੀ ਮੁਸ਼ਕਲ ਹੈ। ਤੁਕ ਦੇ ਪ੍ਰਤੀ ਮੋਹ ਕਰਕੇ ਵੀ ਕਈ ਸ਼ਬਦਾਂ ਨੂੰ ਵਿਗਾੜਿਆ ਗਿਆ। ਇਨ੍ਹਾਂ ਸਭ ਦੋਸ਼ਾਂ ਦੇ ਬਾਵਜੂਦ ਭਾਸ਼ਾਂ ਵਿਚ ਪ੍ਰਵਾਹ ਸਰਬਤ੍ਰ ਮੌਜੂਦ ਹੈ।

ਸਾਰਾਂਸ਼ ਇਹ ਕਿ ਕੁਝ ਦੋਸ਼ਾਂ ਨੂੰ ਛੱਡ ਕੇ 'ਦਸਮ ਗ੍ਰੰਥ' ਪੰਜਾਬੀ ਅਤੇ ਹਿੰਦੀ ਦੋਸ਼ਾਂ ਭਾਸ਼ਾਵਾਂ ਦਾ ਗੌਰਵ ਗ੍ਰੰਥ ਅਤੇ 'ਆਦਿ ਗ੍ਰੰਥ' ਤੋਂ ਬਾਅਦ ਭਾਰਤੀ ਸਾਹਿਤ ਨੂੰ ਪੰਜਾਬ ਦੀ ਇਹ ਦੂਜੀ ਮਹਤਵ ਪੂਰਣ ਦੇਣ ਹੈ।

—0—

# ਸਾਂਝੀਵਾਲਤਾ ਦੀ ਮੂਰਤ ; ਗੁਰੂ ਗ੍ਰੰਥ ਸਾਹਿਬ

**ਪਿਆਰਾ ਪਦਮ**

ਸਿੱਖ ਧਰਮ ਦਾ ਰੂਹ ਪ੍ਰਾਣ ਗੁਰਬਾਣੀ ਹੈ। ਅਕਾਲ ਪੁਰਖ ਦੀ ਪਰਕਾਸ਼ਕ ਗਿਆਨ ਸ਼ਕਤੀ 'ਗੁਰੂ' ਬਣਕੇ ਪਰਗਟ ਹੋਈ ਅਤੇ ਉਸ ਗੁਰੂ ਜੋਤੀ ਨੇ ਮਹਾਨ ਲੋਤੀਂਦੇ ਦੇਵੀ, ਗਿਆਨ ਨੂੰ 'ਸ਼ਬਦ' ਰੂਪ ਵਿਚ ਟਿਕਾ ਸਦਾ ਲਈ ਅਮਰ ਕਰ ਕੇ ਮਨੁੱਖਤਾ ਦੀ ਝੋਲੀ ਪਾਇਆ। ਇਸ ਬਾਣੀ ਦੇ ਕਲਾ ਕੌਸ਼ਲ ਦਾ ਸਾਕਾਰ ਰੂਪ ਪੰਥ ਹੈ। ਗੁਰੂ ਨਾਨਕ ਦੇਵ ਨੇ ਸਿਧਾਂ ਦੇ ਇਕ ਸਵਾਲ ਦੇ ਜਵਾਬ ਵਿਚ ਇਸੇ ਸਿਖੀ ਮੰਦਰ ਦੀ ਨੀਂਹ ਆਖਿਆ ਸੀ ਤੇ ਇਹੋ ਨਾਮ ਰੂਪ ਗੁਰਬਾਣੀ ਗੁਰੂਆਂ ਦੀ ਸਭ ਤੋਂ ਵੱਡੀ ਕਰਾਮਾਤ ਸੀ*। ਇਸੇ ਬਾਣੀ ਦੇ ਸੰਗ੍ਰਹਿ ਨੂੰ ਹੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਕੇਵਲ ਅਕਾਰ ਦੇ ਲਿਹਾਜ਼ ਨਾਲ ਹੀ ਨਹੀਂ, ਪਰਕਾਰ ਦੇ ਲਿਹਾਜ ਨਾਲ ਵੀ ਇਹ ਇਕ ਲਾਸਾਨੀ ਮਹਾਨ ਉੱਤਮ ਗ੍ਰੰਥ ਹੈ, ਜਿਸ ਵਿਚ ਜ਼ਿੰਦਗੀ ਦੀ ਸਾਇੰਸ ਬਾਰੇ ਹਰ ਪਹਿਲੂ ਤੋਂ ਰੌਸ਼ਨੀ ਪਾਈ ਗਈ ਹੈ। ਇਹ ਸਾਡੀਆਂ ਜੀਵਨ-ਗੁੰਝਲਾਂ ਦਾ ਸਭ ਤੋਂ ਸੌਹਣਾ ਸੌਖਾ ਹੱਲ ਹੈ। ਸਾਡਾ ਨਿਸ਼ਾਨਾ ਸੱਚ ਦੀ ਪਰਾਪਤੀ ਹੈ, ਜਿਸ ਨੂੰ ਧਰਮ ਦੀ ਬੋਲੀ ਵਿਚ 'ਰੱਬੀ ਮਿਲਾਪ' ਕਿਹਾ ਜਾਂਦਾ ਹੈ। ਹਰ ਮਨੁੱਖੀ ਜੀਵਨ ਦੇ ਸਾਮ੍ਹਣੇ ਸਭ ਤੋਂ ਜਰੂਰੀ ਸਵਾਲ ਇਹ ਹੈ :—

**'ਕਿਵ ਸਚਿਆਰਾ ਹੋਈਐ,**
**ਕਿਵ ਕੂੜੈ ਤੁਟੈ ਪਾਲਿ ?''**

ਗੁਰੂ ਗ੍ਰੰਥ ਸਾਹਿਬ ਇਸੇ ਸਵਾਲ ਦਾ ਤਸੱਲੀ ਬਖ਼ਸ਼ ਅਨੁਭਵੀ ਜਵਾਬ ਹੈ। ਸਤਿਗੁਰੂਆਂ ਇਸੇ ਸਚਾਈ ਦੀ ਦਵਾਈ ਨਾਲ ਰੋਗੀ ਸੰਸਾਰ ਦਾ ਇਲਾਜ ਕੀਤਾ ਸੀ। ਡਾ. ਗੋਕਲ ਚੰਦ ਨਾਰੰਗ

---

*ਬਾਝਹੁ ਸਚੇ ਨਾਮ ਦੇ, ਹਰ ਕਰਾਮਾਤ ਅਸਾਥੈ ਨਾਹੀ।
ਗੁਰ ਸੰਗਤਿ ਬਾਣੀ ਬਿਨਾ, ਦੂਜੀ ਓਟ ਨਹੀਂ ਹੈ ਰਾਈ।

ਦੇ ਸ਼ਬਦਾਂ ਵਿਚ 'ਪੰਜਾਬ ਤਾਂ ਰੂਹਾਨੀ ਭੋਖੜੇ ਤੋਂ ਬਚਿਆਂ ਹੀ ਇਸੇ ਦੇ ਸਦਕੇ ਹੈ।' ਜਦੋਂ ਜਦੋਂ ਵੀ ਗੁਰੂ ਜ਼ਿੰਦਗੀ ਨੂੰ ਔਕੜਾਂ ਵਿਚ ਘਿਰਿਆ ਹੋਇਆ ਦੇਖਦੇ, ਉਨ੍ਹਾਂ ਦਾ ਕ੍ਰਿਪਾਲੂ ਹਿਰਦਾ ਰਹਿਮਤ ਵਿਚ ਸਚਾਈ ਦਾ ਅੰਮ੍ਰਿਤ ਲੈ ਕੇ ਉਛਲਦਾ, ਉਹ ਗਾ ਉਠਦੇ ਤੇ ਗਾ ਗਾ ਕੇ ਹੀ ਸਾਰੇ ਰੋਗਾਂ ਨੂੰ ਧੋਂਦੇ ਜਾਂਦੇ। ਗੁਰੂ ਜੀ ਤੇ ਕਈ ਵੇਰ ਕਹਿੰਦੇ, 'ਮਰਦਾਨਿਆਂ! ਰਬਾਬ ਛੇੜ ਬਾਣੀ ਆਈ ਹੈ', ਬਾਣੀ ਰੂਹਾਨੀਅਤ ਦੇ ਸ਼ਾਹਾਨਾ ਠਾਠ ਵਿਚ ਵਿਸਮਾਦੀ ਹੁਲਾਰੇ ਨਾਲ ਝੂਲਦੀ ਆਉਂਦੀ ਸੀ। ਦਰਿਆਵਾਂ, ਨਦੀਆਂ ਦੇ ਕਿਨਾਰੇ, ਚਮਕਦੇ ਸਿਤਾਰੇ, ਭਿਨੜੀ ਰੈਣ ਦੇ ਨਜ਼ਾਰੇ ਤੇ ਅਲੌਕਕ ਰੂਹਾਨੀ ਹੁਲਾਰੇ ਇਸ ਬਾਣੀ ਦੇ ਆਗਮਨ ਦਾ ਸੋਹਣਾ ਸਮਾਂ ਤੇ ਸਥਾਨ ਸਨ। ਗੁਰੂ ਦੀ ਪਾਰ-ਦਰਸ਼ੀ ਆਤਮਾ ਜੋ ਕੁਝ ਵੀ ਸੱਚ ਤੇ ਸੁੰਦਰ ਹੈ, ਉਸ ਨੂੰ ਆਪਣੇ ਆਪ ਵਿਚ ਚਿਤ੍ਰਤ ਕਰੀ ਜਾਂਦੀ ਸੀ। ਇਨ੍ਹਾਂ ਸ਼ਬਦੀ-ਚਿਤ੍ਰਾਂ ਨੂੰ ਗੁਰੂ ਦੇ ਸਿੱਖ ਨਾਲੋ ਨਾਲ ਲਿਖਦੇ ਜਾਂਦੇ ਤੇ ਗੁਰੂ ਜੀ ਵੀ ਇਸ ਦਾ ਸੰਗ੍ਰਹਿ ਕਰਦੇ ਰਹਿੰਦੇ ਸਨ। ਇਤਿਹਾਸ ਵਿਚ ਕਿਤੇ ਕਿਤੇ ਗੁਰੂ ਨਾਨਕ ਦੇਵ ਪਾਸ ਪੋਥੀ ਯਾ ਕਿਤਾਬ, ਜੋ ਉਹ ਉਦਾਸੀਆ ਸਮੇਂ ਸਦਾ ਆਪਣੇ ਨਾਲ ਰਖਿਆ ਕਰਦੇ ਸਨ, ਹੋਣ ਦਾ ਜ਼ਿਕਰ ਆਇਆ ਹੈ। ਜਨਮ ਸਾਖੀ ਵਿਚ ਭਾਈ ਸੀਹਾਂ ਉਪਲ ਤੇ ਭਾਈ ਮਨਮੁਖ ਆਦਿ ਵਲੋਂ ਬਾਬੇ ਨਾਨਕ ਜੀ ਦੀ ਬਾਣੀ ਸੰਗ੍ਰਹਿ ਕਰਨ ਦਾ ਵੀ ਉਲੇਖ ਹੈ।

ਇਹ ਗੁਰੂਆਂ ਦਾ ਪਹਿਲੇ ਸੋਚਿਆ ਸਮਝਿਆ ਨਿਸ਼ਾਨਾ ਸੀ ਕਿ ਉਹ ਤਮਾਮ ਰੂਹਾਨੀ ਤਜਰਬੇ ਸਾਹਿਤਕ ਤੇ ਸੰਗੀਤਕ ਰੰਗ ਵਿਚ ਕਲਮਬੰਦ ਕਰਦੇ ਜਾਣ ਕਿਉਂਕਿ ਉਸ ਸਮੇਂ ਸਾਹਿਤਕਾਰ (ਲਿਖਾਰੀ) ਜ਼ਿੰਦਗੀ ਦੇ ਸੂਚੇ ਅਸਲੀ ਸਾਹਿਤ ਤੋਂ ਭੁਲ ਕੇ ਹੋਰ ਪਾਸੇ ਲੱਗੇ ਹੋਏ ਸਨ। ਜੈਸਾ ਕਿ ਗੁਰੂ ਸਾਹਿਬ ਨੇ ਕਿਹਾ ਹੈ —

**ਨਾਮ ਵਿਸਾਰਿਹ ਬੇਦ ਸਮਾਲਹਿ,**
**ਬਿਖ ਭੂਲੇ ਲੇਖਾਰੀ।**
(ਮਹਲਾ ੧)

ਇਸੇ ਕਰ ਕੇ ਅਸਲੀ ਰੂਹਾਨੀ-ਸਾਹਿਤ ਦੇ ਕਵੀ ਲਿਖਾਰੀ ਗੁਰੂ ਨਾਨਕ ਦੇਵ ਨੇ ਆਪਣੀ ਹਿੰਦੁਸਤਾਨ ਭਰ ਦੀ ਯਾਤਰਾ ਵਿਚ ਕਈ ਹੋਰ ਸੰਤਾਂ ਮਹਾਤਮਾਂ ਦੇ ਵੀ ਸੁੱਚੇ ਬਚਨ ਸੰਚਤ ਕੀਤੇ।

ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਪਾਸ ਇਕੱਠੀ ਕੀਤੀ ਜਾਣ ਦਾ ਸਬੂਤ ਸਾਨੂੰ ਗੁਰੂ ਜੀ ਦੀ ਬਾਣੀ ਵਿਚੋਂ ਮਿਲਦਾ ਹੈ ਕਿਉਂਕਿ ਉਨ੍ਹਾਂ ਕਈ ਸ਼ਬਦ ਸ਼ੇਖ ਫਰੀਦ ਜੀ ਦੀਆਂ ਗੱਲਾਂ ਨੂੰ ਸਪਸ਼ਟ ਕਰਨ ਲਈ ਆਪ ਲਿਖੇ ਸਨ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਂਦਿਆਂ ਹੋਇਆਂ ਇਹ ਬਾਣੀ ਦਾ ਭੰਡਾਰ ਵੀ ਸੌਂਪਿਆ।* ਗੁਰੂ ਅੰਗਦ ਦੇਵ ਜੀ ਨੇ ਆਪੋ ਭਾਵੇਂ ਥੋੜ੍ਹੀ ਹੀ ਰਚਨਾ ਕੀਤੀ ਪਰ ਭਾਈ ਪੈੜੇ ਮੋਖੇ ਪਾਸੋਂ ਬਾਣੀ ਨੂੰ ਗੁਰਮੁਖੀ ਲਿਪੀ

---

* ਤਿਤ ਮਹਿਲ ਸ਼ਬਦੁ ਹੋਆ ਸੋ ਪੋਥੀ ਜੁਬਾਨਿ ਗੁਰ ਅੰਗਦ ਜੋਗ ਮਿਲੀ।

(ਪੁਰਾਤਨ ਜਨਮ ਸਾਖੀ, ਪੰਨਾ 137)

ਵਿਚ ਲਿਖਾ ਕੇ ਸਿਖਾਂ ਵਿਚ ਕਾਫੀ ਪਰਚਾਰਿਆ ਤੇ ਗੁਰੂ ਬਾਬੇ ਦੀ ਜਨਮ ਸਾਖੀ ਵੀ ਲਿਖਵਾਈ। ਗੁਰੂ ਅਮਰਦਾਸ ਜੀ ਭਾਵੇਂ ਬੁਢਾਪੇ ਸਮੇਂ ਗੁਰੂ ਸ਼ਰਨ ਆਏ ਪਰੰਤੂ ਗੁਰਬਾਣੀ ਨੇ ਉਨ੍ਹਾਂ ਅੰਦਰ ਸਦਾ ਜੋਬਨ ਤੇ 'ਗੁਰਮੁਖਿ ਬੁਢੇ ਕਦੀ ਨਾਹੀ' ਵਾਲੀ ਅਵਸਥਾ ਪੈਦਾ ਕਰ ਦਿੱਤੀ। ਉਹ ਆਪ ਵੀ ਕਵੀ ਸਨ ਤੇ ਉਨ੍ਹਾਂ ਦੇ ਪਰਵਾਰ ਵਿਚ ਵੀ ਇਸ ਰੂਹਾਨੀ ਕਵਿਤਾ ਦਾ ਬਹੁਤ ਸ਼ੌਕ ਸੀ। ਚੁਨਾਂਚਿ ਉਨ੍ਹਾਂ ਆਪਣੇ ਸਪੁੱਤਰ ਬਾਬਾ ਮੋਹਨ ਜੀ ਤੇ ਪੋਤਰੇ-ਸਹੰਸ੍ਰ ਰਾਮ ਜੀ ਤੋਂ ਬਾਣੀ ਦਾ ਕਾਫੀ ਸੰਗ੍ਰਹਿ ਕਰਵਾਇਆ।*

ਗੁਰੂ ਰਾਮ ਦਾਸ ਜੀ ਨੇ ਪ੍ਰੇਮ ਰੰਗ ਵਿਚ ਬਾਣੀ ਉਚਾਰੀ। ਇਨ੍ਹਾਂ ਦੇ ਛੋਟੇ ਪੁੱਤਰ ਸ੍ਰੀ ਅਰਜਨ ਦੇਵ ਤਾਂ ਜਮਾਂਦਰੂ ਹੀ ਕਵੀ ਸਨ. ਜਿਨ੍ਹਾਂ ਬਾਰੇ ਉਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਜੀ ਕਿਹਾ ਕਰਦੇ ਸਨ —

'ਦੋਹਤਾ ਬਾਣੀ ਕਾ ਬੋਹਥਾ'

ਜਿਸ ਸਮੇਂ ਗੁਰੂ ਪਰਵਾਰ ਪਾਸ ਸੰਤ ਬਚਨਾਂ ਦਾ ਭਰਪੂਰ ਖਜ਼ਾਨਾ ਹੋ ਗਿਆ, ਇਹ ਏਡੀ ਕਰਾਮਾਤ ਸੀ, ਖੁਸ਼ਬੂ-ਭਰੀ ਕਸਤੂਰੀ ਸੀ, ਜਿਸ ਦੇ ਸ਼ੈਦਾਈ ਕੀਤੇ ਸਿਖ, ਗੁਰੂ ਪਾਸ ਦੂਰੋਂ ਦੂਰੋਂ ਪੁਜਦੇ ਸਨ। ਇਹ ਗੱਲ ਵੇਖ ਕੇ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਨੇ ਇਸ ਕਰਾਮਾਤ ਰਾਹੀਂ ਸਾਰੀ ਸਿਖੀ ਸੇਵਕੀ ਨੂੰ ਆਪਣੇ ਨਾਲ ਜੋੜ ਲੈਣਾ ਚਾਹਿਆ। ਉਸ ਨੇ ਵੀ ਮਿਹਨਤ ਕਰਾਕੇ ਚਾਰ ਗੁਰੂਆਂ ਦੇ ਬਚਨਾਂ ਦੀ ਇਕ ਵੱਡੀ ਪੁਸਤਕ ਬਣਾਈ, ਜਿਸ ਵਿਚ ਕੁਝ ਆਪਣੀ ਵੀ ਬਾਣੀ ਲਿਖਾ ਦਿਤੀ। ਗੁਰੂਆਂ ਦੇ ਹਜ਼ੂਰੀ ਖਾਨਦਾਨ ਵਿਚੋਂ ਤੇ ਭਾ. ਮਨੀ ਸਿੰਘ ਜੀ ਦੇ ਸਮਕਾਲੀ ਸਿਖ ਵਿਦਵਾਨ ਭਾ. ਕੇਸਰ ਸਿੰਘ ਜੀ ਛਿਬਰ 'ਬੰਸਾਵਲੀਨਾਮੇ' ਵਿਚ ਲਿਖਦੇ ਹਨ :

'ਡੂਮ ਲਗੇ ਸਬਦ ਮੀਣਿਆਂ ਦੇ ਗਾਵਣ ਦੂਜਾ ਦਰਬਾਰ ਵਡਾ,
ਗੁਰਿਆਈ ਦਾ ਲਗੇ ਲਾਵਣ
ਮੀਣਿਆਂ ਭੀ ਇਕ ਪੁਸਤਕ ਗ੍ਰੰਥ ਬਣਾਇਆ
ਚਹੁੰ ਪਾਤਸ਼ਾਹੀਆਂ ਦੇ ਸਬਦ,
ਬਾਣੀ ਲਿਖ ਵਿਚ ਪਾਇਆ ॥91॥

(ਬੰਸਾਵਲੀਨਾਮਾ)

ਇਸ ਤੋਂ ਪਹਿਲੇ ਹੀ ਗੁਰੂ ਅਰਜਨ ਦੇਵ ਜੀ ਗੁਰਧਾਮਾਂ ਦੀ ਉਸਾਰੀ ਵਿਚ ਰੁਝੇ ਹੋਏ ਵੀ ਕਈ ਸਿਆਣੇ ਲਿਖਾਰੀ — ਭਾਈ ਸੰਤ ਰਾਮ, ਹਰੀਆ, ਸੁਖਾ ਤੇ ਮਨਸਾ ਰਾਮ — ਆਦਿਕ ਨੂੰ ਲਾ ਕੇ ਸੁੱਧ ਬਾਣੀ ਲਿਖਣ ਲਿਖਾਉਣ ਦੇ ਕੰਮ ਨੂੰ ਅਰੰਭ ਕਰ ਚੁੱਕੇ ਸਨ, ਜੈਸਾ ਕਿ ਉਪਰੋਕਤ ਲਿਖਾਰੀ ਹੀ ਦੱਸਦਾ ਹੈ : —

---

* ਜਬ ਹੀ ਬਡ ਕਰ ਭਏ ਵਡੇਰਾ। ਸਤਿਗੁਰ ਬਾਨੀ ਲਿਖਹਿ ਘਨੇਰਾ।

(ਰਾਸ 1, ਅਧਿਆ 59)

'ਸਾਹਿਬ ਲਗੇ ਉਚਾਰਨ, ਰਸਨਾ ਤੇ ਸਬਦ ਬਾਣੀ।
ਚਾਰ ਲਿਖਾਰੀ ਤੀਰ ਅਪਨੇ ਠਹਿਰਾਏ
ਲਿਖਦੇ ਜਾਣ, ਸਾਹਿਬ ਜੋ ਕੁਝ ਰਸਨੀ ਅਲਾਏ
ਭਾਈ ਸੰਤ ਰਾਮ ਤੇ ਹਰੀਆ, ਸੁਖਾ ਮਨਸਾ ਰਾਮ
ਲਿਖਦੇ ਜਾਣ, ਸਾਹਿਬ ਜੋ ਕਰਨ ਬਖਾਨ।31।'

ਪਰੰਤੂ ਜਦੋਂ ਗੁਰੂ ਜੀ ਨੂੰ ਇਹ ਪਤਾ ਲੱਗਾ ਕਿ ਮੀਣੇ ਸ਼ਰਾਰਤ ਕਰਕੇ ਬਾਣੀ ਵਿਚ ਮਿਲਾਵਟ ਕਰ ਰਹੇ ਹਨ ਤਾਂ ਆਪ ਨੇ ਇਸ ਜ਼ਰੂਰੀ ਕੰਮ ਨੂੰ ਨਿਪਟਾਉਣ ਲਈ ਮਹਾਨ ਜਤਨ ਅਰੰਭ ਦਿਤੇ। ਭਾਵੇਂ ਉਨ੍ਹਾਂ ਦੇ ਪਾਸ ਗੁਰੂਆਂ ਅਤੇ ਭਗਤਾਂ ਦੀ ਬਾਣੀ ਮੌਜੂਦ ਸੀ; ਫਿਰ ਵੀ ਉਹ ਚਾਹੁੰਦੇ ਸਨ ਕਿ ਸਤਿਗੁਰੂਆਂ ਦਾ ਕੋਈ ਅੰਮ੍ਰਿਤਬਚਨ ਸਾਡੇ ਇਸ ਸੰਗ੍ਰਹਿ ਤੋਂ ਬਾਹਰ ਨਾ ਰਹਿ ਜਾਵੇ। ਇਸੇ ਖਿਆਲ ਨਾਲ ਉਨ੍ਹਾਂ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਜਿਸ ਪਾਸ ਵੀ ਗੁਰੂ ਦਾ ਸ਼ਬਦ ਲਿਖਿਆ ਹੋਵੇ, ਉਹ ਫੌਰਨ ਸਾਡੇ ਪਾਸ ਪੁਜਦਾ ਕਰੇ। ਇਸੇ ਖਿਆਲ ਨਾਲ ਲੰਕਾ ਰਾਜੇ ਸੇਦਾਨੀ ਪਾਸ 'ਪ੍ਰਾਣ ਸੰਗਲੀ' ਨਾਮੀ ਪੁਸਤਕ ਲਿਆਉਣ ਲਈ ਉਚੇਚਾ ਭਾਈ ਪੈੜੇ ਨੂੰ ਭੇਜਿਆ ਕਿਉਂਕਿ ਇਸ ਰਚਨਾ ਬਾਰੇ ਖਿਆਲ ਸੀ ਕਿ ਸ਼ਾਇਦ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਕਲਾਮ ਦਾ ਕੋਈ ਸੰਗ੍ਰਹਿ ਹੈ ਪਰ ਇਹ ਗੱਲ ਠੀਕ ਨਾ ਨਿਕਲੀ। ਇਸੇ ਤਰ੍ਹਾਂ ਉਨ੍ਹਾਂ ਆਪਣੇ ਮਾਮੇ ਬਾਬਾ ਮੋਹਨ ਜੀ ਪਾਸੋਂ ਵੀ ਆਪ ਜਾ ਕੇ ਬਾਣੀ ਦੀਆਂ ਸੈਂਚੀਆਂ ਲਿਆਂਦੀਆਂ ਤਾਕਿ ਉਨ੍ਹਾਂ ਤੋਂ ਵੀ ਗੁਰਬਾਣੀ ਸੰਪਾਦਨ ਵਿਚ ਸਹਾਇਤਾ ਲਈ ਜਾ ਸਕੇ। ਇਹ ਸਾਰਾ ਮਸਾਲਾ ਜਮ੍ਹਾਂ ਕਰਨ ਤੇ ਗੁਰੂ ਜੀ ਨੇ ਕਲਮ ਦੇ ਧਨੀ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੂੰ ਆਪਣੇ ਨਾਲ ਲਾਇਆ; ਕਿਉਂਕਿ ਇਹ ਕੰਮ ਕਾਫ਼ੀ ਸਿਆਣਪ ਤੇ ਲਗਾਤਾਰ ਮਿਹਨਤ ਦਾ ਸੀ। ਸਾਰੀ ਬਾਣੀ ਨੂੰ ਰਾਗਾਂ, ਛੰਦਾਂ ਤੇ ਵਖ ਵਖ ਗੁਰੂ-ਵਿਅਕਤੀਆਂ ਦੀ ਤਰਤੀਬ ਅਨੁਸਾਰ ਸੰਚਯ ਕਰਨਾ ਸੀ। ਭਾਈ ਕੇਸਰ ਸਿੰਘ ਜੀ ਲਿਖਦੇ ਹਨ :—

'ਬਚਨ ਕੀਤਾ ਭਾਈ ਗੁਰਦਾਸ !
ਗੁਰੂ ਕੀ ਬਾਣੀ ਜੁਦਾ ਕਰੀਏ।
ਮੀਣੇ ਪਾਨ ਲਗੇ ਨੀ ਰਲਾ,
ਸੋ ਨਿਆਰੀ ਕਰ ਧਰੀਏ।
ਸੋ ਸਾਹਿਬ ਆਗੇ ਹੀ,
'ਬਾਣੀ ਉਚਾਰ ਕਰਤ ਸੇ ਭਏ।
ਸੇ ਭਾਈ ਗੁਰਦਾਸ,
ਸਭ ਇਕੱਤਰ ਕਰ ਲਏ।96।'

ਲਗਭਗ ਛੇ ਹਜ਼ਾਰ ਸ਼ਬਦਾਂ ਦੀ ਛਾਣ ਬੀਣ ਕਰਦਿਆਂ ਕਾਫ਼ੀ ਸਮਾਂ ਲਗਿਆਂ ਹੋਵੇਗਾ ਤੇ ਸੋਧ ਸੁਧਾਈ ਕਰਦਿਆਂ ਸ਼ਾਇਦ ਕਈ ਖਰੜੇ ਵੀ ਤਿਆਰ ਕਰਨੇ ਪਏ ਹੋਣਗੇ।

ਜਦੋਂ ਸਤਿਗੁਰੂ ਇਲਾਹੀ ਗਿਆਨ ਦੀ ਸਾਂਝੀ ਧਰਮ-ਪੁਸਤਕ ਤਿਆਰ ਕਰ ਰਹੇ ਸਨ, ਆਲੇ-ਦੁਆਲੇ ਇਸ ਦੀ ਕਾਫ਼ੀ ਚਰਚਾ ਹੋ ਰਹੀ ਸੀ। 1655 ਬਿ. 25 ਮਘਰ ਨੂੰ ਬਾਦਸ਼ਾਹ ਅਕਬਰ ਵੀ ਇਸ ਇਲਾਹੀ ਕਲਾਮ ਦੇ ਦੀਦਾਰ ਲਈ ਗੁਰੂ ਜੀ ਪਾਸ ਕਰਤਾਰਪੁਰ ਆਇਆ ਤੇ ਉਸ ਨੇ ਇਸ ਉਪਕਾਰੀ ਯਤਨ ਦੀ ਬਹੁਤ ਸ਼ਲਾਘਾ ਕੀਤੀ। ਸਾਲਾਂ ਦੀ ਮਿਹਨਤ ਬਾਅਦ ਗੁਰੂ ਜੀ ਨੇ ਅਖੀਰ 1658 ਬਿ. ਨੂੰ ਸ੍ਰੀ ਰਾਮਸਰ ਅੰਮ੍ਰਿਤਸਰ ਵਿਚ ਇਹ ਮਹਾਨ ਕੰਮ ਸਿਰੇ ਚੜ੍ਹਾਇਆ। ਭਾਵੇਂ ਹੋਰ ਕਈ ਲਿਖਾਰੀਆਂ ਵੀ ਇਸ ਕੰਮ ਵਿਚ ਹਿੱਸਾ ਲਿਆ। ਮਗਰ ਮੋਹਰੀ ਲਿਖਾਰੀ ਭਾ: ਗੁਰਦਾਸ ਜੀ ਹੋਣ ਕਰਕੇ ਉਨ੍ਹਾਂ ਦਾ ਨਾਮ ਹੀ ਵਧੇਰੇ ਪ੍ਰਸਿੱਧ ਹੋਇਆ। 'ਬੰਸਾਵਲੀ ਨਾਮੇ' ਦਾ ਲਿਖਾਰੀ ਦੱਸਦਾ ਹੈ ; --

'ਸੰਮਤ ਸੋਲਾਂ ਸੋ ਅਠਵੰਜਾਂ ਸੇ ਗਏ
ਤਬ ਆਦਿ ਗ੍ਰੰਥ ਜੀ ਜਨਮ ਬੇ ਲਏ
ਗੁਰੂ ਅਰਜਨ ਜੀ ਧਾਮ, ਜਨਮ ਗ੍ਰੰਥ ਜੀ ਧਾਰਾ
ਦਾਇਆ ਸੀ ਭਾਈ ਗੁਰਦਾਸ ਭਲਾ,
ਲਿਖਾਰੀ ਖਿਡਾਵਣਹਾਰਾ ।222।

ਜਦੋਂ ਸਿਖ ਸੰਗਤਾਂ ਵਿਚ ਇਹ ਪਤਾ ਲੱਗਾ ਕਿ ਗੁਰੂ ਜੀ ਨੇ ਸਾਰੇ ਗੁਰੂਆਂ ਤੇ ਭਗਤਾਂ ਦੀ ਬਾਣੀ ਦਾ ਬਾਤਰਤੀਬ ਸੰਗ੍ਰਹਿ ਕਰਵਾ ਕੇ ਇਹ ਅਨੁਪਮ ਗ੍ਰੰਥ ਤਿਆਰ ਕਰ ਲਿਆ ਹੈ, ਤਾਂ ਇਸ ਦੇ ਉਤਾਰਾ ਕਰਨ ਦਾ ਚਾਅ ਕਈ ਸਿੱਖ ਹਿਰਦਿਆਂ ਵਿਚ ਜਾਗਿਆ ਕਿਉਂਕਿ ਸਿੱਖਾਂ ਵਿਚ ਵੀ ਬਾਣੀ ਲਿਖਣ ਦਾ ਬਹੁਤ ਸ਼ੌਕ ਸੀ। ਛਾਪਾਖਾਨਾ ਤਾਂ ਹੈ ਨਹੀਂ ਸੀ, ਹੱਥਾਂ ਨਾਲ ਲਿਖ ਲਿਖ ਕੇ ਹੀ ਬਾਣੀ ਦਾ ਪਰਚਾਰ ਕੀਤਾ ਜਾਂਦਾ ਸੀ। ਮਾਨੋ ਇਹ ਸਾਰੀ ਸਿੱਖੀ ਦਾ ਧੁਰਾ ਸੀ। ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਕਈ ਥਾਂ ਇਸ ਲਿਖਣ ਸੇਵਾ ਦੀ ਪਰਸੰਸਾ ਕਰਦਿਆਂ ਕਿਹਾ ਹੈ : --

'ਗੁਰਮੁਖਿ ਹਥ ਸਕਥ ਹਨ,
ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪੱਖਾ ਪੀਹਣਾ
ਪੈਰ ਧੋਇ ਚਰਣਾਮ੍ਰਿਤ ਪਾਵੈ।
ਗੁਰਬਾਣੀ ਲਿਖ ਪੋਥੀਆਂ
ਤਾਲ ਮ੍ਰਿਦੰਗ ਰਬਾਬ ਬਜਾਵੈ।'
(ਵਾਰ 6)

'ਗੁਰਸਿੱਖੀ ਦਾ ਲਿਖਣਾ,
ਗੁਰਬਾਣੀ ਸੁਣ ਸਮਝੈ ਲਿਖੈ।'
(ਵਾਰ 28)

'ਪਾਂਧਾ ਬੂਲਾ ਜਾਣੀਐ,
ਗੁਰਬਾਣੀ ਗਾਇਣ ਲੇਖਾਰੀ।
ਡਲੇਵਾਸੀ ਸੰਗਤਿ ਭਾਰੀ।'
(ਵਾਰ 11)

ਇਸ ਲੇਖ ਦਾ ਦੀਵਾਨਾ ਹੋਇਆ ਜ਼ਿਲਾ ਗੁਜਰਾਤ ਪਿੰਡ ਖਾਰਾ ਮਾਂਗਟ ਦਾ ਵਾਸੀ ਭਾਈ ਬੰਨੋ ਗੁਰੂ ਜੀ ਪਾਸ ਬੀੜ ਦਾ ਉਤਾਰਾ ਕਰਨ ਲਈ ਆਇਆ। ਬੰਨੋ ਗੁਰੂ ਜੀ ਪਾਸੋਂ ਬੀੜ ਲੈ ਕੇ ਗਿਆ ਤੇ ਉਤਾਰਾ ਕਰਾਉਣਾ ਅਰੰਭ ਦਿੱਤਾ ਗੁਰੂ ਜੀ ਨੇ ਕੁਝ ਸਮੇਂ ਬਾਅਦ ਭਾਈ ਜੀ ਪਾਸ ਸੁਨੇਹਾ ਭੇਜਿਆ ਕੀ ਬੀੜ ਛੇਤੀ ਲੈ ਆਓ। ਬੰਨੋ ਆਗਿਆ ਮੰਨਦੇ ਗੁਰੂ ਜੀ ਵਲ ਤੁਰ ਪਿਆ ਤੇ ਰਹਿੰਦਾ ਉਤਾਰਾ ਕਾਫੀ ਲਿਖਾਰੀ ਲਾ ਕੇ ਰਸਤੇ ਵਿਚ ਕਰਾ ਲਿਆ ਤੇ ਇਉਂ ਅਸੂ ਵਦੀ ਏਕਮ 1659 ਬਿ. ਨੂੰ ਪੋਥੀ ਲਿਖਦਾ ਲਿਖਾਂਦਾ ਉਹ ਗੁਰੂ ਜੀ ਪਾਸ ਅੰਮ੍ਰਿਤਸਰ ਪਹੁੰਚ ਗਿਆ। ਬੰਨੋ ਦੀ ਬੀੜ ਵਿਚ ਦਿੱਤਾ ਹੋਇਆ ਇਹ ਨੋਟ ਧਿਆਨ ਨਾਲ ਪੜ੍ਹਨ ਯੋਗ ਹੈ।

'ਸੰਮਤ 1659 ਮਿਤੀ ਅਸੁ ਵਦੀ
ਏਕਮ ਪੋਥੀ ਲਿਖਿ ਪਹੂਚੇ ਜਪੁ ਗੁਰੂ
ਰਾਮ ਦਾਸ ਜੀਉ ਕੇ ਨਕਲ ਕਾ ਨਕਲੁ।'

ਜਦੋਂ ਅਸੀਂ ਸਿੱਖ ਇਤਿਹਾਸ ਵਿਚ ਗੁਰਬਾਣੀ ਸਬੰਧੀ ਸਿੱਖ ਗੁਰੂਆਂ ਦੀ ਘਾਲਣਾ ਮਿਹਨਤ ਤੇ ਸਤਿਕਾਰ ਬਾਰੇ ਵਿਚਾਰ ਕਰਦੇ ਹਾਂ, ਇਉਂ ਮਲੂਮ ਹੁੰਦਾ ਹੈ ਕਿ ਗੁਰੂਆਂ ਨੇ ਜੋ ਰੂਹਾਨੀਅਤ ਦਾ ਚਮਨ ਲਾਇਆ, ਮਾਨੋ ਗੁਰੂ ਗ੍ਰੰਥ ਸਾਹਿਬ ਉਸ ਦੇ ਚੁੰਣਵੇਂ ਫੁੱਲਾਂ ਦਾ ਨਿਚੋੜ ਸੀ। ਇਹ ਹੀ ਨਹੀਂ ਕਿ ਗੁਰੂਆਂ ਇਸ ਵਿਚ ਕੇਵਲ ਆਪਣੀ ਬਾਣੀ ਹੀ ਸੰਗ੍ਰਹਿ ਕਰਵਾਈ ਬਲਕਿ ਉਨ੍ਹਾਂ ਭਗਤੀ ਲਹਿਰ ਦੇ ਤਮਾਮ ਸੰਤਾਂ ਭਗਤਾਂ ਦੇ ਚਾਰ ਪੰਜ ਸਦੀਆਂ ਦੇ ਸੁੰਦਰ ਬਚਨਾਂ ਨੂੰ ਵੀ ਬਗੈਰ ਕਿਸੇ ਜਨਮ, ਜਾਤੀ, ਮਜ਼੍ਹਬ ਭੇ ਭੇਦ ਦੇ ਇਸ ਵਿਚ ਸ਼ਾਮਿਲ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਕੁਲ 5894 ਸ਼ਬਦ ਹਨ, ਜਿਨ੍ਹਾਂ ਵਿਚੋਂ 4956 ਗੁਰੂਆਂ ਦੇ ਤੇ 938 ਭਗਤਾਂ ਦੇ ਭੱਟਾਂ ਆਦਿ ਦੀ ਰਚਨਾ ਹੈ।

ਇਹ ਸਚਾਈ ਦੀ ਮਹਾਨਤਾ ਤੇ ਵੰਡ ਵਿਖੇਵਿਆਂ ਵਾਲੇ ਦੇਸ਼ ਵਿਚ ਮਨੁਖੀ ਸਮਾਨਤਾ ਦੀ ਸਭ ਤੋਂ ਸੁੰਦਰ ਮਿਸਾਲ ਹੈ, ਜੋ ਗੁਰੂ ਜੀ ਨੇ ਕਰ ਕੇ ਦਿਖਾਈ। ਰੂਹਾਨੀ ਵਿਸ਼ੇਸ਼ਤਾ ਉਨ੍ਹਾਂ ਦੀ ਸਭ ਤੋਂ ਵੱਡੀ ਕਸਵੱਟੀ ਸੀ। ਉਹ ਆਖਦੇ ਸਨ ਕਿ ਸੱਚੀ ਬਾਣੀ ਉਹੋ ਹੈ, ਜਿਸ ਵਿਚ 'ਅੰਮ੍ਰਿਤ ਨਾਮ ਨਿਧਾਨ' ਹੋਵੇ, ਇਹ ਨਾਮ ਹੀ 'ਪਰਤੱਖ ਗੁਰੂ ਬਣ ਕੇ ਨਿਸਤਾਰਾ ਕਰਦਾ ਹੈ।

'ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚ ਬਾਣੀ ਅੰਮ੍ਰਿਤ ਸਾਰੇ
ਗੁਰਬਾਣੀ ਕਹੈ ਸੇਵਕ ਜਨ ਮਾਨੈ,
ਪ੍ਰਤਖ ਗੁਰੂ ਨਿਸਤਾਰੇ।'

ਇਥੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀਆਂ ਦਾ ਵੇਰਵਾ ਦਿੰਦੇ ਹਾਂ, ਜਿਸ ਤੋਂ ਸਾਰੀ ਗੱਲ ਸਮਝ ਆ ਜਾਵੇ।

| ਨਾਮ | ਜਾਤ | ਦੇਸ | ਕੁਲ ਸ਼ਬਦ |
|---|---|---|---|
| ਗੁਰੂ ਨਾਨਕ ਦੇਵ (1469-1539) | ਖੱਤਰੀ | ਪੰਜਾਬ | 974 |
| ਗੁਰੂ ਅੰਗਦ ਦੇਵ (1504-1552) | ,, | ,, | 62 |
| ਗੁਰੂ ਅਮਰਦਾਸ (1429-1574) | ,, | ,, | 907 |
| ਗੁਰੂ ਰਾਮਦਾਸ (1534-1581) | ,, | ,, | 679 |
| ਗੁਰੂ ਅਰਜਨ ਦੇਵ (1563-1606) | ,, | ,, | 2218 |
| ਗੁਰੂ ਤੇਗ ਬਹਾਦਰ (1621-1675) | ,, | ,, | 115 |
| ਗੁਰੂ ਗੋਬਿੰਦ ਸਿੰਘ (1666-1708) | ,, | ,, | 1 |
| ਕਬੀਰ ਸਾਹਿਬ (1389-1495) | ਜੁਲਾਹਾ | ਯੂ. ਪੀ. | 541 |
| ਨਾਮ ਦੇਵ (1270-1350) | ਛੀਂਬਾ | ਮਹਾਰਾਸ਼ਟਰ | 60 |
| ਰਵਿਦਾਸ (ਸੋਲ੍ਹਵੀਂ ਸਦੀ) | ਚਮਾਰ | ਯੂ.ਪੀ. | 41 |
| ਬਾਬਾ ਫਰੀਦ (1173-1265) | ਮੁਸਲਮਾਨ | ਪੰਜਾਬ | 134 |
| ਤ੍ਰਿਲੋਚਨ (1268 ਜਨਮ) | ਬ੍ਰਾਹਮਣ | ਮਹਾਰਾਸ਼ਟਰ | 4 |
| ਬੇਣੀ ..... | ,, | ਬਿਹਾਰ | 3 |
| ਧੰਨਾ (1416 ਜਨਮ) | ਜੱਟ | ਰਾਜਸਥਾਨ | 4 |
| ਜੈ ਦੇਵ (12ਵੀਂ ਸਦੀ) | ਬ੍ਰਾਹਮਣ | ਬੰਗਾਲ | 2 |
| ਭੀਖਨ (1274 ਦੇਹਾਂਤ) | ਮੁਸਲਮਾਨ | ਯੂ. ਪੀ. | 2 |
| ਸੈਣ...... | ਨਾਈ | ਰੀਵਾ | 1 |
| ਪੀਪਾ (1426 ਜਨਮ) | ਬ੍ਰਾਹਮਣ | ਗੁਜਰਾਤ | 1 |
| ਸਧਨਾ ... | ਕਸਾਈ | ਸਿੰਧ | 1 |
| ਰਾਮਾਨੰਦ (1366-1467) | ਬ੍ਰਾਹਮਣ | ਯੂ. ਪੀ. | 1 |
| ਪਰਮਾਨੰਦ... | ਬ੍ਰਾਹਮਣ | ਮਹਾਰਾਸ਼ਟਰ | 2 |
| ਸੂਰਦਾਸ | ,, | ਪੰਜਾਬ | 2 |
| ਸੁੰਦਰ (ਸੋਲ੍ਹਵੀਂ ਸਦੀ) | ਖੱਤਰੀ | ,, | 6 |
| ਮਰਦਾਨਾ (ਸੋਲ੍ਹਵੀਂ ਸਦੀ) | ਮਿਰਾਸੀ | ,, | 3 |
| ਸੱਤਾ (ਸੋਲ੍ਹਵੀਂ ਸਦੀ) | ਡੂਮ | ,, | 5 |
| ਰਾਇ ਬਲਵੰਡ ,, | ਰਾਅ ਭੱਟ | ,, | 5 |
| ਕਲਸਹਾਰ ,, | ਰਾਅ ਭੱਟ | ,, | 54 |
| ਜਾਲਪ ,, | ਭੱਟ | ,, | 5 |
| ਕੀਰਤ ,, | ,, | ,, | 8 |
| ਸੱਲ ,, | ,, | ,, | 3 |

| | | | | |
|---|---|---|---|---|
| ਭੱਲ | ,, | ,, | ,, | 1 |
| ਨੱਲ | ,, | ,, | ,, | 16 |
| ਭਿਖਾ | ,, | ,, | ,, | 2 |
| ਗਯੰਦ | ,, | ,, | ,, | 13 |
| ਬੱਲ | ,, | ,, | ,, | 5 |
| ਹਰਬੰਸ | ,, | ,, | ,, | 2 |
| ਮਥਰਾ | ,, | ,, | ,, | 14 |
| | | | ਕੁਲ ਜੋੜ | 5894 |

ਇਹ ਜੜ ਡਾ. ਚਰਨ ਸਿੰਘ ਜੀ ਦੀ ਗਿਣਤੀ ਅਨੁਸਾਰ ਹੈ। ਭਾਈ ਸਾਹਿਬ ਡਾ. ਕਾਨ੍ਹ ਸਿੰਘ ਨਾਭਾ ਨੇ (ਮਹਾਨ ਕੋਸ਼, ਜਿਲਦ ਦੂਜੀ, ਪੰਨਾ 1307) ਕੁਲ ਗਿਣਤੀ 5867 ਦਿੱਤੀ ਹੈ। ਵੇਰਵੇ ਵਿਚ ਕਈ ਥਾਂ ਫਰਕ ਹੈ; ਮਹਾਨ ਕੋਸ਼ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸ਼ਬਦ 947, ਗੁਰੂ ਅੰਗਦ ਦੇਵ 63, ਗੁਰੂ ਅਮਰਦਾਸ—869, ਗੁਰੂ ਰਾਮ ਦਾਸ—638, ਗੁਰੂ ਅਰਜਨ ਦੇਵ—2312, ਬਾਬਾ ਫਰੀਦ—123, ਨਾਮਦੇਵ—62, ਕਬੀਰ 534, ਰਵਿਦਾਸ—40 ਤੇ ਤ੍ਰਿਲੋਚਨ ਦੇ 5 ਗਿਣ ਗਏ ਹਨ। ਜ਼ਿਆਦਾ ਤਰ ਇਸ ਫਰਕ ਦਾ ਕਾਰਣ ਗਿਣਤੀ ਦੇ ਤਰੀਕੇ ਦਾ ਵਿਖੇਵਾਂ ਹੈ।

ਉਪਰਲੇ ਵੇਰਵੇ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਹਿੰਦੁਸਤਾਨ ਭਰ ਦੇ ਸੰਤੀ ਮਹਾਂ ਪੁਰਖਾਂ ਦੇ ਸੰਤ-ਸਾਹਿਤ ਵਿੱਚੋਂ ਬਗੈਰ ਕਿਸੇ ਭਿੰਨ ਭੇਦ ਦੇ ਇਸ ਰੂਹਾਨੀ ਮਹਿਕ ਨੂੰ ਲੈ ਕੇ ਸੰਗੀਤ ਦੇ ਸੁਨਹਿਰੀ ਪਾਤਰ ਵਿਚ ਸਜਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਅਨੁਸਾਰ ਤਰਤੀਬੀ ਗਈ ਹੈ। ਦਰਅਸਲ ਸਤਿਗੁਰੂ ਖਿੰਡੀ-ਪੁੰਡੀ ਨਿਖੜੀ ਜ਼ਿੰਦਗੀ ਨੂੰ ਵਿਸਮਾਦ ਪੈਦਾ ਕਰਕੇ ਇਕ-ਸੁਰ ਕਰਨ ਆਏ ਸਨ। ਇਸੇ ਲਈ ਹੀ ਉਹ ਆਪ ਗਾਉਂਦੇ ਤੇ ਗਾ ਕੇ ਹੀ ਬਾਣੀ ਉਚਾਰਦੇ ਸਨ। ਇਸ ਦਾ ਮਨੁੱਖੀ ਬਿਰਤੀਆਂ ਤੇ ਬੜਾ ਡੂੰਘਾ ਅਸਰ ਪੈਂਦਾ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸ੍ਰੀ ਰਾਗ, ਮਾਝ, ਗਉੜੀ ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀਗਉੜਾ, ਮਾਰੂ, ਕਿਦਾਰਾ, ਭੈਰਉ, ਬਸੰਤ, ਸਾਰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਤੇ ਜੈਜਾਵੰਤੀ, ਇਨ੍ਹਾਂ 31 ਰਾਗਾਂ ਵਿਚ ਉਚਾਰੀ ਗਈ ਹੈ। ਲਗਭਗ ਇਨ੍ਹਾਂ ਸਾਰੇ ਰਾਗਾਂ ਦੇ ਨਾਮ ਦੇਸਾਂ ਦੇ ਨਾਮ ਤੇ ਹੀ ਪਏ ਹੋਏ ਹਨ। ਗੁਰੂ ਸਾਹਿਬ ਕਈ ਵੇਰ ਦੇਸਾਂ ਮੁਤਾਬਕ ਰੂਹਾਨੀ ਸੰਗੀਤ ਦਾ ਗਾਇਨ ਕਰਕੇ ਹੀ ਜ਼ਿੰਦਗੀ ਦੀਆਂ ਤਰਬਾਂ ਨੂੰ ਹਿਲਾਇਆ ਕਰਦੇ ਸਨ ਤੇ ਉਨ੍ਹਾਂ ਦੀ ਉਚੀ ਮਨੋਹਰ ਸ਼ਖਸੀਅਤ ਸੰਗੀਤ ਰਾਹੀਂ ਜਾਦੂ ਬਰਸਾ ਦੇਂਦੀ ਸੀ।

ਇਸੇ ਤਰ੍ਹਾਂ ਉਨ੍ਹਾਂ ਸਲੋਕ, ਪਉੜੀ, ਛੰਤ, ਅਸ਼ਟਪਦੀ, ਸਵੈਯੇ, ਬਾਰਾਂਮਾਂਹ, ਥਿਤੀ, ਪਹਰੇ,

ਵਾਰ, ਪਟੀ, ਘੋੜੀਆਂ ਤੇ ਅਲਾਹੁਣੀਆਂ, ਆਦਿਕ ਕਈ ਪੰਜਾਬੀ ਲੋਕ-ਗੀਤਾਂ ਦੀ ਤਰਜ਼ ਨੂੰ ਅਪਣਾ ਕੇ ਅਨੇਕ ਕਿਸਮ ਦੇ ਛੰਦਾਂ ਤੇ ਕਾਵਿਰੂਪਾਂ ਵਿਚ ਬਾਣੀ ਲਿਖੀ । ਇਉਂ ਰਾਗ, ਕਵਿਤਾ ਤੇ ਆਧਿ-ਆਤਮਕਤਾ ਦੇ ਮੇਲ ਨੇ ਗੁਰਬਾਣੀ ਨੂੰ ਵਧੇਰੇ ਸੁਹਜਵਾਨ, ਬਲਵਾਨ ਤੇ ਪ੍ਰਭਾਵਸ਼ਾਲੀ ਬਣਾਇਆ ਹੈ ।

ਗੁਰੂ ਗ੍ਰੰਥ ਸਾਹਿਬ ਦੀ ਬੋਲੀ ਪੰਜਾਬੀ ਹਿੰਦੀ ਮਿਲੀ-ਜੁਲੀ ਸੰਤ-ਭਾਸ਼ਾ ਹੈ, ਕਿਤੇ ਕਿਤੇ ਗਾਥਾ, ਸੰਸਕ੍ਰਿਤ, ਫ਼ਾਰਸੀ ਅਤੇ ਹੋਰ ਪ੍ਰਾਂਤਕ ਭਾਸ਼ਾਵਾਂ ਦਾ ਰੰਗ ਵੀ ਹੈ । ਮਿ. ਟਰੰਪ*, ਗੁਰੂ ਗ੍ਰੰਥ ਨੂੰ ਭਾਰਤੀ ਜ਼ਬਾਨਾਂ ਦਾ ਖਜ਼ਾਨਾ ਕਹਿੰਦਾ ਹੈ । ਇਸ ਸੰਤ-ਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਇਹ ਹੈ, ਜਿਤਨੀ ਇਹ ਉਪਰੋਂ ਸਰਲ ਸਾਦੀ ਹੈ, ਉਤਨੀ ਹੀ ਇਹ ਭਾਵ-ਪੂਰਤ ਤੇ ਜੀਵਨ ਦੀਆਂ ਗਹਿਰਾ-ਈਆਂ ਨੂੰ ਛੂਹਣ ਵਾਲੀ ਹੈ । ਇਸ ਦੀ ਇਹ ਗਹਿਰਾਈ ਦਿਮਾਗੀ ਫਿਲਾਸਫਰਾਂ ਵਾਲੀ ਨਹੀਂ ਤੇ ਨਾ ਹੀ ਇਸ ਦੀ ਸਾਦਗੀ ਕਿਸੇ ਗਰੀਬੀ ਦੀ ਨਿਸ਼ਾਨੀ ਹੈ । ਸਗੋਂ ਇਹ ਤਾਂ ਸਾਹਿਤਕ ਸੁਹਜ-ਸੁਆਦ ਨਾਲ ਵੀ ਲਬਾਲਬ ਭਰਪੂਰ ਹੈ । ਇਹ ਰਾਮ-ਵਿਯੋਗੀਆਂ ਦੀ ਤੜਪਾਂ ਭਰੀ ਝੀਣੀ ਬਾਣ ਹੈ, ਜਿਸ ਵਿਚ ਫਰੀਦ ਵਰਗੇ ਤਪਸੀ, ਪਿੰਜਰ ਸਰੀਰ ਕਰ ਕਰਾ ਕੇ ਵੀ 'ਪਿਰ ਦੇਖਣ ਕੀ ਆਸ' ਰਖਦੇ ਹਨ । ਕਿਧਰੇ ਦੁਨੀਆਂ ਨੂੰ ਜਗਾਉਣ ਆਏ ਗੁਰੂ ਨਾਨਕ ਦੇਵ ਸੁਭਾਗੀ ਨੀਂਦ ਦੀ ਤਲਾਸ਼ ਕਰਦੇ ਤੇ ਕਿਧਰ ਗੁਰੂ ਅਰਜਨ ਵਰਗੇ ਸ਼ਾਂਤੀ ਪੁੰਜ ਮਹਾਂਪੁਰਸ਼ ਸਜਣ ਨੂੰ ਉਡ ਕੇ ਮਿਲਣ ਲਈ ਤਨ ਵੇਚ ਕੇ ਖੰਭ ਖਰੀਦਣ ਦੀ ਲਾਲਸਾ ਰਖਦੇ ਹਨ ।**

ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਪੱਖ ਬਹੁਤ ਲਾਸਾਨੀ ਹੈ । ਪ੍ਰੀਤਮ ਦੇ ਬ੍ਰਿਹਾ ਵਿਚ ਹੀ ਕੋਇਲਾਂ ਸੜ ਸੜ ਕੇ ਕਾਲੀਆਂ ਹੋਈਆਂ ਜਾਪਦੀਆਂ ਹਨ । ਬੰਬੀਹੇ ਦੀ ਸਿੱਕ-ਭਰੀ ਸੱਦ, ਮੁੰਧਾਂ ਦੀਆਂ ਜੋਬਨ-ਉਮੰਗਾਂ, ਰੁਤਾਂ ਦੀ ਰੰਗਲੀ ਛਹਿਬਰ, ਕੁਦਰਤ ਦਾ ਅਨੂਪਮ ਦ੍ਰਿਸ਼, ਭਗਤਾਂ ਦੀ ਭਿੰਨੜੀ ਰੈਣ, ਗੁਰੂ ਦਰਸ਼ਨ ਦੀ ਝਲਕ ਤੇ ਹੋਰ ਪੁਰਾਣੀਆਂ ਇਤਿਹਾਸਕ ਕਹਾਣੀਆਂ ਦੀਆਂ ਨਵੇਂ ਰੰਗ ਵਿਚ ਦਿੱਤੀਆਂ ਮਿਸਾਲਾਂ ਇਕ ਅਜਬ ਰੰਗ ਪੈਦਾ ਕਰ ਦਿੰਦੀਆਂ ਹਨ । ਜੇ ਕੋਈ ਇਸ ਬਾਣੀ ਨੂੰ ਕੋਈ ਗੁਰੂ ਮੰਨ ਕੇ ਵੀ ਪੜ੍ਹਦਾ ਹੋਵੇ, ਉਸ ਨੂੰ ਇਸ ਦੇ ਸਾਹਿਤਕ ਸੁਆਦ ਅੱਗੇ ਵੀ ਸਿਰ ਝੁਕਾਉਣਾ ਪਵੇਗਾ ਤੇ ਇਸ ਨੂੰ ਗੁਰੂ ਮੰਨਣਾ ਹੀ ਪਵੇਗਾ । ਇਹ ਇਕ ਤਰ੍ਹਾਂ ਭਾਰਤ ਦੀ ਮਧਕਲੀਨ

---

*"But the chief importance of the Sikh Granth lies in the linguistic line, as being, treasury of the old Hindi dialects."

[Adi Granth, Trump, Preface. PPV iii)

**'ਸੁਪਨੈ ਆਇਆ ਭੀ ਗਇਆ, ਜਲ ਭਰਿਆ ਰੋਇ
ਆਇ ਨ ਸਕਾਂ ਤੁਝ ਕਨਿ ਪਿਆਰੇ, ਭੇਜਿ ਨ ਸਕਾਂ ਕੋਇ
ਆਉ ਸਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ ।'
ਖੰਭ ਵਿਕਾਂਦੜੇ, ਜੇ ਲਹਾਂ, ਘਿੰਨਾ ਸਾਵੀ ਤੋਲ
ਤੰਨਿ ਜੜਾਈ ਆਪਣੈ, ਲਹਾਂ ਸੁ ਸਜਨ ਟੋਲਿ ।' (ਮ. 5)

ਸਭਿਅਤਾ ਦਾ ਮਹਾਨ ਕੋਸ਼ ਹੈ, ਪੰਜ ਸੱਤ ਸਦੀਆਂ ਦੀ ਅੰਤਰੰਗ ਇਤਿਹਾਸਕ ਚਿਤ੍ਰਾਵਲੀ ਹੈ, ਜੋ ਸੀ ਕਿ ਹੋਰ ਕਿਤੇ ਵੀ ਅਜੇਹੇ ਸੱਚੇ ਰੂਪ ਵਿਚ ਪ੍ਰਾਪਤ ਨਹੀਂ।

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਧਾਰਮਕ ਦ੍ਰਿਸ਼ਟੀਕੋਣ ਤੋਂ ਵਿਚਾਰੀਏ ਤਾਂ ਇਸਦੀ ਮਹਾਨਤਾ ਬਹੁਤ ਵਧੀਕ ਹੈ। ਸੰਸਾਰ ਦਾ ਇਹ ਪਹਿਲਾ ਮਹਾਨ ਗ੍ਰੰਥ ਹੈ ਜਿਸ ਵਿਚ ਤਮਾਮ ਦੇਸ਼, ਨਸਲ ਦੀਆਂ ਵਿਥਾਂ ਨੂੰ ਮੇਟ ਕੇ ਹਰ ਹਿੰਦੂ, ਮੁਸਲਮਾਨ ਤੇ ਅਛੂਤ ਦੇ ਪਵਿੱਤਰ ਰੂਹਾਨੀ ਬਚਨਾਂ ਨੂੰ ਇਕੱਤਰ ਕਰਕੇ ਸਮਾਨ ਸਤਿਕਾਰ ਦਿੱਤਾ ਗਿਆ ਹੈ। ਇਸ ਕਰਕੇ ਇਸ ਨੂੰ ਪਹਿਲੀ ਪੁਸਤਕ ਅਰਥਾਤ 'ਆਦਿ ਗ੍ਰੰਥ' ਆਖਿਆ ਗਿਆ ਹੈ। ਦੂਸਰੇ ਇਸ ਨਿਰੋਲਤਾ ਦਾ ਸਬੂਤ ਇਹ ਹੈ ਕਿ ਜਿਥੇ ਹਜ਼ਰਤ ਮੂਸਾ, ਸੰਤ ਜ਼ਰਥੁਸ਼ਟ, ਮਹਾਤਮਾ ਬੁਧ, ਕਨਫਿਊਸ਼ਸ, ਹਜ਼ਰਤ ਈਸਾ ਤੇ ਹਜ਼ਰਤ ਮੁਹੰਮਦ ਸਾਹਿਬ ਦਾ ਇਲਾਹੀ ਕਲਾਮ ਉਨ੍ਹਾਂ ਤੋਂ ਪਿਛੋਂ ਬਹੁਤ ਸਮੇਂ ਬਾਅਦ ਦੂਸਰਿਆਂ ਰਾਹੀਂ ਸੰਪਾਦਿਤ ਹੋਇਆ, ਉਥੇ ਸਿੱਖ ਗੁਰੂਆਂ ਨੇ ਆਪ ਜੀਉਂਦੇ ਜੀ ਹੀ ਬੜੀਆਂ ਘਾਲਾਂ ਨਾਲ ਇਸ ਕੁੰਦਨ ਸਚਾਈ ਨੂੰ ਇਕੱਤਰ ਕੀਤਾ। ਮਿ. ਮੈਕਾਲਿਫ ਨੇ ਵੀ ਇਸ ਗੱਲ ਦੀ ਹਾਮੀ ਭਰੀ ਹੈ।*

ਤੀਸਰੇ ਸੰਸਾਰ ਦੇ ਕਈ ਪੁਰਾਣੇ ਧਾਰਮਕ ਗ੍ਰੰਥ ਅੰਧਵਿਸ਼ਵਾਸ ਯੁਗ ਦੇ ਬੇਜਾਨ ਕਰਮ ਕਾਂਡ ਤੇ ਫਾਲਤੂ ਕਿੱਸੇ-ਕਹਾਣੀਆਂ ਨਾਲ ਭਰੇ ਪਏ ਹਨ ਪਰ ਗ੍ਰੰਥ ਸਾਹਿਬ ਵਿਚ ਅਜੇਹੀਆਂ ਗੱਲਾਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ, ਕੇਵਲ ਜੀਵਨ-ਸਿਧਾਂਤਾਂ ਤੇ ਹੀ ਵਿਚਾਰ ਕੀਤੀ ਗਈ ਹੈ। ਚੌਥੇ ਗੁਰੂ ਗ੍ਰੰਥ ਸਾਹਿਬ ਵਿਚ ਦਸਿਆ, ਜੀਵਨ ਨਜ਼ਰੀਆ ਹੈ, ਉਹ ਸਭ ਤੋਂ ਵਧੇਰੇ ਮਹੱਤਤਾ ਵਾਲੀ ਚੀਜ਼ ਹੈ ਜਿਸ ਕਰਕੇ ਅਸੀਂ ਇਸਨੂੰ 'ਗੁਰੂ' ਮੰਨਦੇ ਹਾਂ। ਸੰਸਾਰ ਦੀ ਕੋਈ ਧਰਮ-ਪੋਥੀ ਹਜ਼ਾਰਾਂ ਵਰ੍ਹੇ ਪੁਰਾਣੇ ਫਜ਼ੂਲ ਕਰਮ ਕਾਂਡਾਂ ਤੇ ਜ਼ੋਰ ਦਿੰਦੀ ਹੈ, ਕੋਈ ਇਸ ਜੀਵਨ ਨਾਟਕ ਵਿਚੋਂ ਭਜ ਜਾਣ ਦਾ ਉਪਦੇਸ਼ ਦੱਸਦੀ ਹੈ, ਕੁਛ ਕਿਤਾਬਾਂ ਘੁੰਤਰਬਾਜ਼ੀ ਦੇ ਜਾਲ ਵਿਚ ਫਸਾਉਂਦੀਆਂ ਤੇ ਵਾਧੂ ਦੀ ਕਲਪਤ ਦੁਨੀਆਂ ਦੀਆਂ ਹਵਾਈ ਕਹਾਣੀਆਂ ਸੁਣ ਕੇ ਦਿਲ ਲਲਚਾਉਂਦਾ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਅਜੇਹੀ ਕੋਈ ਗਲ ਨਹੀਂ। ਨਾ ਇਥੇ ਨਿਰੀ ਦਿਮਾਗੀ ਗਿਆਨ ਬਾਜ਼ੀ ਹੈ ਤੇ ਨਾ ਅੰਧ ਵਿਸ਼ਵਾਸੀ ਕਰਮਾਂ ਦੀ ਪਰੇਰਨਾ। ਨਾ ਜੋਗੀਆਂ ਵਾਂਗ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਨਿਰੀ

1. 'ਸਿਖ ਮਤ ਤੇ ਹੋਰ ਮਤਾਂ ਵਿਚ ਇਹ ਇਕ ਵਡਾ ਫਰਕ ਹੈ ਕਿ ਸਿਖੀ ਸਿਧਾਂਤ ਸਾਡੇ ਪਾਸ ਬਿਲਕੁਲ ਠੀਕ ਤੇ ਸੁਧ ਰੂਪ ਵਿਚ ਮੌਜੂਦ ਹਨ। ਸਿਖ ਗੁਰੂਆਂ ਦੀ ਬਾਣੀ ਕਿਸੇ ਮਿਲਾਵਟ ਦੇ ਐਨ ਉਸੇ ਤਰਾਂ ਸਾਡੇ ਤਕ ਪਹੁੰਚੀ ਹੈ ਜਿਸ ਤਰ੍ਹਾਂ ਕਿ ਉਨ੍ਹਾਂ ਆਪ ਉਚਾਰੀ ਸੀ। ਦੁਨੀਆਂ ਦੇ ਵਡੇ ਮਹਾਂਪੁਰਸ਼ਾਂ ਬਾਰੇ ਅਸੀਂ ਪੜ੍ਹਦੇ ਸੁਣਦੇ ਹਾਂ ਪਰ ਉਨ੍ਹਾਂ ਦੇ ਖਿਆਲ ਹੂਬਹੂ ਉਸੇ ਸ਼ਕਲ ਵਿਚ ਸਾਡੇ ਤਕ ਨਹੀਂ ਪਹੁੰਚੇ। ਜਾਂ ਤਾਂ ਰਵਾਇਤਾਂ ਦੀ ਸ਼ਕਲ ਵਿਚ ਤੇ ਜਾਂ ਕਿਸੇ ਹੋਰ ਲਿਖਾਰੀ ਦੇ ਰਾਹੀਂ ਉਨ੍ਹਾਂ ਨੂੰ ਅੰਕਿਤ ਕੀਤਾ ਗਿਆ ਸੀ। ਫੀਸਾ ਗੋਰਸ ਨੇ ਨਵੀ ਉਪਦੇਸ਼ ਦਿਤੇ ਪਰ ਉਸਦੀ ਕੋਈ ਵੀ ਲਿਖਤ ਸਾਡੇ ਤਕ ਨਹੀਂ ਪਹੁੰਚੀ। ਸੁਕਰਾਤ ਦੇ ਖਿਆਲ ਸਾਡੇ ਤਕ ਅਫਲਾਤੂਨ ਤੇ ਜ਼ੇਨਫੋਨ ਰਾਹੀਂ ਆਏ ਹਨ। ਸੁਕਰਾਤ ਦੀ ਕੋਈ ਲਿਖਤ ਸੰਸਾਰ ਵਿਚ ਪ੍ਰਾਪਤ ਨਹੀਂ। ਮਹਾਤਮਾ ਬੁਧ ਦੀ ਵੀ ਆਪਣੀ ਕੋਈ ਲਿਖਤ ਮੌਜੂਦ ਨਹੀਂ। ਕਨਫਿਊਸ਼ਸ ਦੇ ਚਲਾਏ ਹੋਏ ਮਤ ਦੇ ਅਸੂਲ, ਜਿਸ ਤਰ੍ਹਾਂ ਉਸ ਨੇ ਦਸੇ ਸਨ, ਉਨ੍ਹਾਂ ਦਾ ਆਪਣਾ ਲਿਖਤੀ ਰੀਕਾਰਡ ਨਹੀਂ। ਹਜ਼ਰਤ ਈਸਾ ਨੇ ਆਪਣੀ ਸਿਖਿਆ ਨੂੰ ਲਿਖਤ ਵਿਚ ਲਿਆਂਦਾ ਹੀ ਨਹੀਂ ਸੀ। ਮੈਥੀਊ, ਮਾਰਕ ਲੂਕਾ ਤੇ ਯੂਹੰਨਾ ਦੀਆਂ ਲਿਖਤਾਂ ਦੁਆਰਾ ਹੀ ਈਸਾਈ ਮਤ ਦੇ ਅਸੂਲਾਂ ਦਾ ਪਤਾ ਲਗਦਾ ਹੈ। ਕੁਰਾਨ ਸ਼ਰੀਫ ਵੀ ਹਜ਼ਰਤ ਮੁਹੰਮਦ ਸਾਹਿਬ ਨੇ ਆਪ ਨਹੀਂ ਸੀ ਲਿਖੀ, ਇਸ ਦੇ ਸਾਰੇ ਸੂਕੇ ਨਬੀ ਦੇ ਸ਼ਰਧਾਲੂਆਂ ਤੇ ਨਾਮਲੇਵਿਆਂ ਹੀ ਲਿਖੇ ਸਨ।

(ਮੈਕਾਲਿਫ)

ਅੰਤਰ-ਮੁਖੀ ਹੈ ਤੇ ਨਾ ਹੀ ਪਦਾਰਥਵਾਦੀਆਂ ਵਾਂਗ ਬਾਹਰਮੁਖੀ । ਇਸ ਵਿਚ ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਵੈਰਾਗੀਆਂ, ਸੰਨਿਆਸੀਆਂ ਆਦਿ ਤੇ ਤਮਾਮ ਭੁਲੇਖਿਆਂ, ਵਹਿਮਾਂ, ਔਖਾਂ ਤੇ ਗਲਤੀਆਂ ਨੂੰ ਸੋਧ ਕੇ ਨਵਾਂ ਜੀਵਨ-ਸਿਧਾਂਤ ਦਰਸਾਇਆ ਗਿਆ ਹੈ, ਜੋ ਸਮਾਜ ਵਿਚ ਰਹਿੰਦਿਆਂ ਸਮਾਜਕ ਜੀਵਨੀ ਜੀਉਂਦਿਆਂ ਹੀ ਪਰਮਾਨੰਦ ਦਾ ਮਾਰਗ ਦਰਸਾਉਂਦਾ ਹੈ, ਬਾਕੀ ਅਧਿਆਤਮਕ ਸਾਹਿਤ ਨਾਲੋਂ ਇਹੋ ਇਸ ਦੀ ਵੱਖਰੀ ਵਿਸ਼ੇਸ਼ਤਾ ਹੈ । ਭਗਤੀ ਲਹਿਰ ਨੂੰ ਸਮਾਜਕ ਕ੍ਰਾਂਤੀ ਵਿਚ ਰੰਗ ਕੇ ਪੇਸ਼ ਕਰਨਾ ਹੀ ਗੁਰੂਆਂ ਦਾ ਗੌਰਵ ਸੀ । ਗੁਰਬਾਣੀ ਦਾ ਮਜ਼ਮੂਨ ਹੈ : ਸੱਚ 1-ਸੱਚ ਦਾ ਸਹੀ ਰੂਪ, 2-ਸੱਚ ਦੀ ਪਰਾਪਤੀ ਦੇ ਸਾਧਨ, 3-ਜਿਨ੍ਹਾਂ ਪ੍ਰਾਪਤ ਕਰ ਲਿਆ ਤੇ 4-ਜਿਨ੍ਹਾਂ ਨਹੀਂ ਪ੍ਰਾਪਤ ਕੀਤਾ ਇਨ੍ਹਾਂ ਚਹੁੰਆਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ । ਫਿਲਾਸਫੀ ਜਿਸ ਨੂੰ ਸਚਾਈ ਕਹਿੰਦੀ ਹੈ, ਉਸ ਨੂੰ ਸੰਤ 'ਨਾਮ' ਕਹਿੰਦੇ ਹਨ । ਨਾਮ ਸੱਚ ਦਾ ਹੀ ਵਿਸਮਾਦੀ ਰੂਪ ਹੈ, ਇਸੇ ਨਾਮ ਦੀ ਵਿਚਾਰ ਗੁਰਬਾਣੀ ਹੈ । ਇਹ ਸਚਾਈ ਯਾ ਨਾਮ ਦੀ ਤਾਰੀਫ ਹੈ ਕਿ ਉਹ ਹੈ, ਸਦਾ ਹੈ, ਤੇ ਉਹੋ ਸਭ ਦਾ ਖਸਮ-ਸੱਚ ਸਾਡੇ ਸਾਰੇ ਰੋਗਾਂ ਦਾ ਦਾਰੂ ਹੈ ।

**ਇਹ ਸੱਚ ਸਭਨਾ ਦਾ ਖਸਮ ਹੈ, ਜਿਸ ਬਖਸ਼ੇ ਸੋ ਜਨ ਪਾਵਏ ।'**

(ਮਹਲਾ 3)

**'ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ ।'**

(ਮਹਲਾ 1)

ਪਰੰਤੂ ਅਸੀਂ ਕੂੜੀ ਮਾਇਆ ਦੇ ਭੁਲੇਖੇ ਵਿਚ ਆ ਕੇ ਉਸ ਮਹਾਨ ਸੱਚ ਨੂੰ ਵਿਸਾਰ ਬੈਠੇ ਹਾਂ ਤੇ ਹਉਮੈ ਦੇ ਦੀਰਘ ਰੋਗ ਨਾਲ ਬੀਮਾਰ ਹੋ ਗਏ ਹਾਂ । ਮਾਇਆ ਦੀ ਤਾਰੀਫ਼ ਹੀ ਇਹ ਹੈ ਜੋ ਸੱਚ ਤੋਂ ਭੁਲਾ ਤੇ ਮੋਹ ਵਿਚ ਫਸਾਕੇ ਦਵੈਤਭਾਵ ਵਿਚ ਲਾ ਦੇਵੇ । ਇਹ ਗੈਰ ਕੁਦਰਤੀ ਜੀਵਨ ਹੈ । ਜੇ ਅਸੀਂ ਗੁਰੂ ਸ਼ਬਦ ਸੁਣੀਏ ਤਾਂ ਸਾਨੂੰ ਸਪਸ਼ਟ ਮਾਰਗ ਦਿਸ ਸਕਦਾ ਹੈ । ਤੇ ਅਸੀਂ ਮੁੜ ਪਹਿਲਾਂ ਕੁਦਰਤੀ ਜੀਵਨ (ਸਹਿਜ ਪਦ) ਹਾਸਲ ਕਰ ਸਕਦੇ ਹਾਂ । ਇਸ ਅਵਸਥਾ ਨੂੰ ਗੁਰਬਾਣੀ ਵਿਚ ਅਮਰਪਦ, ਪਰਮਪਦ, ਸਹਿਜਪਦ, ਚਉਥਾਪਦ, ਨਿਰਬਾਣ ਪਦ, ਬੇਗਮਪੁਰ, ਤੇ ਸਚਖੰਡ ਆਦਿ ਸ਼ਬਦਾਂ ਨਾਲ ਵੀ ਵਰਨਿਆਂ ਗਿਆ ਹੈ । ਜੋ ਹਉਮੈ ਛੱਡ, ਨਾਲ ਪਰਾਇਣ ਹੋ ਇਸ ਜੀਵਨ-ਅਵਸਥਾ ਨੂੰ ਹਾਸਲ ਕਰ ਲੈਂਦਾ ਹੈ, ਉਹੋ ਸੱਚਾ ਗੁਰਮੁਖ, ਸੰਤ, ਸਿੱਖ ਤੇ ਬ੍ਰਹਮ ਗਿਆਨੀ ਹੈ । ਜੋ ਜੀਵ ਰੂਪੀ ਇਸਤਰੀ ਸਿਮਰਨ ਤੇ ਸੇ ਸੇਵਾ ਰਾਹੀਂ ਆਪਣੇ ਪ੍ਰੀਤਮ ਨੂੰ ਪ੍ਰਸੰਨ ਨਹੀਂ ਕਰ ਸਕਦੀ, ਉਹ ਨਾ ਸੁਚੱਜੀ, ਨ ਗੁਣਵੰਤੀ ਹੋ ਸਕਦੀ ਹੈ ਤੇ ਨਾਂ ਹੀ ਸੋਹਾਗਣ । ਅਜੇਹੀ ਕੁਚੱਜੀ ਨਿਰਗੁਣਵੰਤੀ ਜ਼ਿੰਦਗੀ ਰੰਡੇਪੇ ਦੇ ਦੁਹਾਗ ਦਾ ਜੀਵਨ ਹੀ ਗੁਜ਼ਾਰਦੀ ਹੈ । ਅਜੇਹੇ ਘਟੀਆ ਜੀਵਨ ਨੂੰ ਮਨਮੁਖ, ਸਾਕਤ, ਦੁਰਜਨ ਤੇ ਦੁਹਾਗਣੀ ਆਦਿਕ ਨਾਮਾ ਨਾਲ ਧ੍ਰਕਾਰ ਕੇ ਨਿੰਦਿਆ ਗਿਆ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਸੰਪ੍ਰਦਾਈ ਤਾਲੀਮ ਲਈ ਵੀ ਕੋਈ ਗੁੰਜੈਸ਼ ਨਹੀਂ । ਏਥੇ ਤਾਂ ਅੱਲਾਹ ਪਾਰਬ੍ਰਹਮ, ਰਾਮ ਰਹੀਮ, ਵੇਦ ਕਿਤੇਬ, ਪੁਰਾਨ ਕੁਰਾਨ, ਦਾ ਸਾਂਝਾ ਜ਼ਿਕਰ ਚਲਦਾ ਹੈ । ਗੁਰਬਾਣੀ ਦੀਆਂ ਦੱਸੀਆਂ ਆਰਤੀਆਂ ਨਿਮਾਜ਼ਾਂ ਵੀ ਆਪਣੀ ਕਿਸਮ ਦੀਆਂ ਹੀ ਹਨ ਜਿਸ ਦ ਹਰ ਕੋਈ ਭਾਈਵਾਲ ਹੋ ਸਕਦਾ ਹੈ । ਗੁਰਬਾਣੀ ਦੀ ਤਾਲੀਮ ਵਿਅਕਤੀਆਂ ਦੀ ਸੋਧ ਤੇ ਜ਼ਿਆਦਾ

ਜ਼ੋਰ ਦੇਂਦੀ ਹੈ। ਸੋਧੀਆਂ ਵਿਅਕਤੀਆਂ ਹੀ ਚੰਗਾ ਸੋਹਣਾ ਸਮਾਜ ਬਣਾ ਸਕਦੀਆਂ ਹਨ। ਜਿਤਨਾ ਚਿਰ ਕਾਮ, ਕਰੋਧ, ਲੋਭ, ਮੋਹ ਅਹੰਕਾਰ ਦੀ ਮੈਲ ਤੋਂ ਬਚ ਕੇ ਅਸੀਂ ਸਤ, ਸੰਤੋਖ, ਧੀਰਜ, ਨਿਮ੍ਰਤਾ, ਜਤ ਤੇ ਪਰਸਪਰ ਪਿਆਰ ਆਦਿਕ ਦੈਵੀ ਗੁਣਾਂ ਨਾਲ ਸੋਧੇ ਸ਼ਿੰਗਾਰੇ ਨਹੀਂ ਜਾਂਦੇ, ਉਤਨਾ ਚਿਰ ਕਿਵੇਂ ਚੰਗੇ ਸਮਾਜ ਦਾ ਢਾਂਚਾ ਬਣ ਸਕਦਾ ਹੈ। ਕੱਚੀਆਂ ਇੱਟਾਂ ਨਾਲ ਪੱਕੇ ਮਕਾਨ ਤਾਂ ਨਹੀਂ ਨਾ ਉਸਾਰੇ ਜਾ ਸਕਦੇ। ਇਸ ਲਈ ਪਹਿਲੇ ਜੀਵਨ ਦੀ ਹਰ ਇਕਾਈ ਦੀ ਸੁਧਾਈ ਤੇ ਪਕਿਆਈ ਦੀ ਲੋੜ ਹੈ। ਪਰ ਇਹ ਵਿਅਕਤੀਗਤ ਜੀਵਨ ਦੀ ਉਸਾਰੀ ਦੀ ਟਕਸਾਲ ਸੰਗਤ ਅਰ-ਥਾਤ ਸਮੂਕ ਜੀਵਨ ਦੇ ਮੇਲਜੋਲ ਵਿਚ ਹੀ ਦੱਸੀ ਗਈ ਹੈ. ਪਲਾਇਨਵਾਦੀਆਂ ਵਾਂਗ ਜੰਗਲੀ ਏਕਾਂਤ ਵਿਚ ਨਹੀਂ।

ਇਹ ਗੁਰਬਾਣੀ ਦੀ ਦੱਸੀ ਜੀਵਨ ਜਾਂਚ, ਜੋ ਗੁਰੂ ਸਾਹਿਬਾਨ ਨੇ ਬੜੀ ਮਨੋਵਿਗਿਆਨਕ ਛਾਣਬੀਣ ਤੋਂ ਬਾਅਦ ਮਾਨਵਤਾ ਅੱਗੇ ਰਖੀ। ਇਸ ਜੀਵਨ-ਜਾਂਚ-ਭਰਪੂਰ ਸਿਖਿਆ ਹੋਣ ਕਰਕੇ ਹੀ ਗੁਰਬਾਣੀ ਨੂੰ ਗੁਰੂ ਕਿਹਾ ਗਿਆ ਹੈ ਤੇ ਦਸਮੇਸ਼ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਨੂੰ ਜੁਗੋ ਜੁਗ ਮੰਨਣ ਦਾ ਉਪਦੇਸ਼ ਦਿੱਤਾ।

'ਆਗਿਆ ਭਈ ਅਕਾਲ ਕੀ,
ਤਬੀ ਚਲਾਇਓ ਪੰਥ.
ਸਭ ਸਿਖਨ ਕੋ ਹੁਕਮ ਹੈ,
ਗਰ ਮਾਨਿਓ ਗ੍ਰੰਥ।

ਗੁਰੂ ਆਪ ਇਸ ਨੂੰ ਆਪਣਾ ਗੁਰੂ ਮੰਨਦੇ ਸਨ। ਇਹ ਇਕ ਰੂਹਾਨੀਅਤ ਦਾ ਰਸ-ਭਰਪੂਰ ਨਖੇੜਵਾਂ ਮੁਤਾਲਿਆ ਤੇ ਅਨੁਭਵੀ ਪ੍ਰਕਾਸ਼ ਹੈ। ਇਸ ਦੀ ਰੌਸ਼ਨੀ ਵਿਚ ਹੀ ਅਸੀਂ ਸੱਚ ਦੀ ਪਛਾਣ ਕਰ ਸਕਦੇ ਹਾਂ। ਆਤਮਾ ਯਾ ਰੂਹ ਹੀ ਸੱਚ ਹੈ ਬਾਕੀ ਤੇ ਸਭ ਕੁਝ ਨਾਸ਼ ਹੋਣ ਵਾਲਾ ਹੈ। ਇਹ ਆਤਮਾ ਉਸ ਨਿਰੰਕਾਰੀ ਜੋਤ ਦਾ ਅੰਸ਼ ਹੈ, ਇਸ ਲਈ ਇਹ ਰੂਹਾਨੀ ਗਿਆਨ ਹੀ ਗੁਰਬਾਣੀ ਤੇ ਸਭ ਦਾ ਗੁਰੂ ਹੈ। ਅਸਲੀਅਤ ਇਹ ਹੈ ਕਿ ਗੁਰੂਆਂ ਦੀ ਆਤਮਾ ਉਸ ਪਰਮਸੱਚ ਨਾਲ ਇਕਮਿਕ ਹੋ ਕੇ ਹੀ ਇਸ ਧੁਰ ਦੀ ਬਾਣੀ ਨੂੰ ਸ਼ਬਦ ਰੂਪ ਵਿਚ ਲਿਆਉਂਦੀ, ਉਹੋ ਰੱਬੀ ਹੁਕਮ ਹੀ ਸ਼ਬਦ ਰੂਪ ਵਿਚ ਲਿਆਉਂਦੀ ਹੈ, ਉਹੋ ਰੱਬੀ ਹੁਕਮ ਹੀ ਸ਼ਬਦ ਰੂਪ ਵਿਚ ਆ ਕੇ ਗੁਰਬਾਣੀ ਦੇ ਨਾਮ ਯਾਦ ਕੀਤਾ ਗਿਆ। ਇਸ ਸਾਰੇ ਸਿਧਾਂਤ ਨੂੰ ਸਮਝਣ ਲਈ ਇਨ੍ਹਾਂ ਤੁਕਾਂ ਦਾ ਪਾਠ ਤੇ ਵੀਚਾਰ ਜ਼ਰੂਰੀ ਹੈ।

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨ ਵੇ ਲਾਲੋ।'

(ਮਹਲਾ 1)

'ਹਉ ਆਪਹਿ ਬੋਲ ਨਾ ਜਾਣਾ,
ਮੈਂ ਕਹਿਆ ਸਭ ਹੁਕਮਾਉ ਜੀਉ।'

(ਮਹਲਾ 5)

'ਸਬਦੁ ਗੁਰ ਪੀਰਾ ਗਹਿਰ ਗੰਭੀਰਾ,
ਬਿਨ ਸਬਦੈ ਜਗ ਬਉਰਾਨੰ ।'

(ਮਹਲਾ 1)

'ਗੁਰਬਾਣੀ ਇਸ ਜਗ ਮਹਿ ਚਾਨਣੁ,
ਕਰਮ ਵਸੈ ਮਨਿ ਆਇ ।'

(ਮਹਲਾ 3)

'ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚ ਬਾਣੀ ਅੰਮ੍ਰਿਤੁ ਸਾਰੇ ।
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ।
'ਸਤਿਗੁਰ ਬਚਨੁ ਹੈ ਸਤਿਗੁਰ,
ਪਾਧਰੁ ਮੁਕਤਿ ਜਨਾਵੈਗੋ ।'

(ਮਹਲਾ 5)

'ਇਕਾ ਬਾਣੀ ਇਕੁ ਗੁਰੁ,
ਇਕੋ ਸਬਦੁ ਵੀਚਾਰੁ ।'

(ਮਹਲਾ 5)

'ਧੁਰ ਕੀ ਬਾਣੀ ਆਈ ।
ਤਿਨ ਸਗਲੀ ਚਿੰਤ ਮਿਟਾਈ ।'

(ਮਹਲਾ 5)

'ਭਗਤ ਭੰਡਾਰ ਗੁਰਬਾਣੀ ਲਾਲ'
ਗਾਵਤ ਸੁਣਤ ਕਮਾਵਤ ਨਿਹਾਲ ।'

(ਮਹਲਾ 5)

ਸੋ ਗੁਰਬਾਣੀ ਜ਼ਿੰਦਗੀ ਦਾ ਉਹ ਅੰਮ੍ਰਿਤ ਭੋਜਨ ਹੈ, ਜਿਸ ਤੋਂ ਮਨੁੱਖਤਾ ਸਦੈਵੀ ਤ੍ਰਿਪਤੀ ਹਾਸਲ ਕਰ ਸਕਦੀ ਹੈ । ਸੋ ਸਚਾਈ ਦਾ ਤਾਂਘੀ ਇਸ ਨੂੰ ਭੁੰਚੇਗਾ ਉਹ ਆਤਮਕ ਸ਼ਾਂਤੀ ਹਾਸਲ ਕਰੇਗਾ ਤੇ ਇਸ ਅੰਧੇਰੇ ਸੰਸਾਰ ਵਿਚ ਨੂਰ ਪ੍ਰਾਪਤ ਕਰਕੇ ਉਸ ਮਹਾਨ ਸਚਾਈ ਦੀ ਵਿਆਪਕਤਾ ਨੂੰ ਅਨੁਭਵ ਕਰ ਸਕੇਗਾ ਤੇ ਸੱਚ ਦੀ ਪ੍ਰਾਪਤੀ ਕਰਕੇ ਸਚਿਆਰ ਹੋਣਾ ਹੀ ਸਾਡਾ ਜੀਵਨ ਮਨੋਰਥ ਹੈ । ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਇਸੇ ਵਿਸ਼ੇਸ਼ਤਾ ਨੂੰ ਪਰਗਟ ਕਰਦਿਆਂ ਅੰਤ ਵਿਚ ਫ਼ੁਰਮਾਇਆ ਹੈ : —

'ਥਾਲ ਵਿਚਿ ਤਿੰਨਿ ਵਸਤੂ ਪਈਓ,
ਸਤੁ ਸੰਤੋਖੁ ਵੀਚਾਰੋ ॥

ਅੰਤਿਮ ਨਾਮੁ ਠਾਕਰੁ ਕਾ ਪਇਓ,
ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀਅ ਨਹਿ ਜਾਈ,
ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰ ਚਰਨ ਲਗਿ ਤਰੀਐ,
ਸਭੁ ਨਾਨਕ ਬ੍ਰਹਮ ਪਸਾਰੋ ॥'

(ਮੁੰਦਾਵਣੀ ਮਹਲਾ 5)

# ਬਾਣੀ ਬਿਉਰਾ

## ਅੰਤਕਾ (ੳ)

(ੳ) ਬਾਣੀ ਬਿਉਰਾ

ਰਾਗ-ਕ੍ਰਮ ਨਾਲ ਪਦਾਂ ਦੀ ਗਿਣਤੀ

| ਬਾਣੀ ਦਾ ਨਾਂ | ਪਦਾਂ ਦੀ ਗਿਣਤੀ | ਆਦਿ ਗ੍ਰੰਥ ਦਾ ਪਨਾ |
|---|---|---|
| 1. ਮੂਲਮੰਤਰ | 1 | 1 |
| 2. ਜਪੁਜੀ | 40 | 1 |
| 3. ਸੋ ਦਰੁ | 5 | 2 |
| 4. ਸੋ ਪੁਰਖੁ | 4 | 10 |
| 5. ਸੋਹਿਲਾ | 5 | 22 |
| ਅੱਗੇ ਕ੍ਰਮ ਅੰਕ 6 ਤੋਂ 36 ਤਕ 31 ਰਾਗ ਹਨ — | | |
| 6. ਸਿਰੀ ਰਾਗੁ | 211 | 14 |
| 7, ਰਾਗੁ ਮਾਝ | 194 | 94 |
| 8. ਰਾਗੁ ਗਉੜੀ | 814 | 151 |
| 9. ਰਾਗੁ ਆਸਾ | 510 | 347 |
| 10. ਰਾਗੁ ਗੂਜਰੀ | 194 | 489 |
| 11. ਰਾਗੁ ਦੇਵਗੰਧਾਰੀ | 46 | 527 |
| 12. ਰਾਗੁ ਬਿਹਾਗੜਾ | 81 | 537 |
| 13. ਰਾਗੁ ਵਡਹੰਸੁ | 120 | 557 |
| 14. ਰਾਗੁ ਸੋਰਠਿ | 259 | 595 |
| 15. ਰਾਗੁ ਧਨਾਸਰੀ | 119 | 660 |
| 16. ਰਾਗੁ ਜੈਤਸਰੀ | 96 | 696 |

| ਬਾਣੀ ਦਾ ਨਾਂ | ਪਦਾਂ ਦੀ ਗਿਣਤੀ | ਆਦਿ ਗ੍ਰੰਥ ਦਾ ਪੰਨਾ |
|---|---|---|
| 17. ਰਾਗੁ ਟੋਡੀ | 34 | 711 |
| 18. ਰਾਗੁ ਬੈਰਾੜੀ | 7 | 719 |
| 19. ਰਾਗੁ ਤਿਲਗ | 20 | 720 |
| 20. ਰਾਗੁ ਸੂਹੀ | 207 | 728 |
| 21. ਰਾਗੁ ਬਿਲਾਵਲੁ | 257 | 795 |
| 22. ਰਾਗੁ ਗੋਂਡ | 49 | 859 |
| 23. ਰਾਗੁ ਰਾਮਕਲੀ | 474 | 876 |
| 24. ਰਾਗੁ ਨਟ ਨਰਾਇਣ | 25 | 975 |
| 25, ਰਾਗੁ ਮਾਲੀ ਗਉੜਾ | 17 | 984 |
| 26: ਰਾਗੁ ਮਾਰੂ | 320 | 989 |
| 27. ਰਾਗੁ ਤੁਖਾਰੀ | 27 | 1107 |
| 28. ਰਾਗੁ ਕੇਦਾਰਾ | 25 | 1118 |
| 29. ਰਾਗੁ ਭੈਰਉ | 132 | 1125 |
| 30. ਰਾਗੁ ਬਸੰਤੁ | 89 | 1168 |
| 31. ਰਾਗੁ ਸਾਰੰਗ | 286 | 1197 |
| 32. ਰਾਗੁ ਮਲਾਰ | 161 | 1154 |
| 33. ਰਾਗੁ ਕਾਨੜਾ | 115 | 1294 |
| 34. ਰਾਗੁ ਕਲਿਆਨ | 23 | 1319 |
| 35. ਰਾਗੁ ਪ੍ਰਭਾਤੀ | 107 | 1327 |
| 36. ਰਾਗੁ ਜੈ ਜਾਵੰਤੀ | 4 | 1352 |
| 37. ਸਲੋਕ ਸਹਸਕ੍ਰਿਤੀ ਮਹਲਾ 1 | 71 | 1353 |
| 38. ਗਾਥਾ (ਮਹਲਾ 5) | 24 | 1360 |
| 39. ਫੁਨਹੇ (ਮਹਲਾ 5) | 23 | 1361 |
| 40. ਚਉਬੋਲੇ (ਮ, 5) | 11 | 1363 |
| 41. ਸਲੋਕ ਭਗਤ ਕਬੀਰ | 230 | 1364 |
| 42. ਸਲੋਕ ਸ਼ੇਖ ਫਰੀਦ | 122 | 1377 |
| 43. ਗੁਰੂ ਅਰਜਨ ਦੇਵ ਤੇ ਭਟਾਂ ਦੇ ਸਵੈਯੇ | 143 | 1385 |
| 44. ਸਲੋਕ ਗੁਰੂ ਸਾਹਿਬਾਨ ਦੀਆਂ ਵਾਰਾਂ ਤੇ ਵਧੀਕ | 152 | 1410 |
| 45. ਸਲੋਕ (ਮਹਲਾ 9) | 57 | 1436 |
| 46. ਮੁੰਦਾਵਣੀ (ਮ. 5) | | 1429 |
| 47. ਰਾਗ ਮਾਲਾ | | 1429 |

## ਅੰਤਕਾ (ਅ)

### ਬਾਣੀ ਬਿਓਰਾ

ਆਦਿ ਗ੍ਰੰਥ ਦੇ ਹਰ ਲੇਖਕ ਦੁਆਰਾ ਵਰਤੇ ਗਏ ਰਾਗਾਂ ਤੇ ਰਚੇ ਪਦਾਂ ਦੀ ਗਿਣਤੀ ਦਾ ਬਿਓਰਾ—

| ਨਾਮ ਲੇਖਕ | ਰਾਗਾਂ ਦੀ ਗਿਣਤੀ | ਪਦਾਂ ਦੀ ਗਿਣਤੀ |
|---|---|---|
| ਗੁਰੂ ਨਾਨਕ ਦੇਵ | 19 | 947 |
| ਗੁਰੂ ਅੰਗਦ ਦੇਵ | ਕੇਵਲ ਸਲੋਕ | 62 |
| ਗੁਰੂ ਅਮਰਦਾਸ | 17 | 907 |
| ਗੁਰੂ ਰਾਮਦਾਸ | 30 | 619 |
| ਗੁਰੂ ਅਰਜਨ ਦੇਵ | 31 | 2218 |
| ਗੁਰੂ ਤੇਗ ਬਹਾਦਰ | 15 | 115 |
| ਕਬੀਰ | 18 | 533 |
| ਰਾਮਾਨੰਦ | 1 | 1 |
| ਸੈਨ | 1 | 1 |
| ਰੈਦਾਸ | 16 | 40 |
| ਪੀਪਾ | 1 | 1 |
| ਧੰਨਾ | 2 | 1 |
| ਨਾਮਦੇਉ | 18 | 61 |
| ਤ੍ਰਿਲੋਚਨ | 3 | 4 |
| ਬੇਣੀ | 3 | 2 |
| ਜੈਦੇਵ | 2 | 2 |
| ਸੂਰਦਾਸ | 1 | (ਸਿਰਫ ਇਕ ਤੁਕ) |
| ਪਰਮਾਨੰਦ | 1 | 1 |
| ਸ਼ੇਖ ਫ਼ਰੀਦ | 2 | 116 |
| ਭੀਖਨ | 1 | 1 |
| ਸੁੰਦਰ | 1 | 6 |
| ਸੱਤਾ | 1 | 6 |
| ਮਰਦਾਨਾ | 1 | 3 |
| ਭੱਟ* | ---- | 123 |
| | | 5811 |

*ਭੱਟਾਂ ਦਾ ਵੇਰਵਾ ਅੰਤਕਾ 'ੲ' ਵਿਚ ਦਿਤਾ ਗਿਆ ਹੈ।

## ਅੰਤਕਾ (ੲ)

**ਬਾਣੀ ਬਿਓਰਾ**

ਸ੍ਰੀ ਆਦਿ ਗ੍ਰੰਥ ਵਿਚ ਲੇਖਕਾਂ ਦਾ ਕਾਲ ਕ੍ਰਮ ਅਨੁਸਾਰ ਵੇਰਵਾ।

1. **ਜੈ ਦੇਵ :** ਸਮਾਂ—ਬਾਰਵੀਂ ਸਦੀ : ਉੱਤਰ ਭਾਰਤੀ ਆਧੁਨਿਕ ਭਾਸ਼ਾਵਾਂ ਦੇ ਪ੍ਰਾਪਤ ਸਾਹਿਤ ਵਿਚੋਂ ਭਗਤੀ ਭਾਵਨਾ ਵਾਲਾ ਪਹਿਲਾ ਕਵੀ ਹੈ ਜਿਸ ਵਿਚ ਭਗਤੀ ਤੇ ਯੋਗ ਦਾ ਮੇਲ ਹੈ। ਪ੍ਰਸਿੱਧ ਰਚਨਾ ਗੀਤ ਗੋਵਿੰਦ।
2. **ਸ਼ੇਖ ਫਰੀਦ :** ਮੁਸਲਮਾਨ ਸੂਫ਼ੀ ਕਵੀ—ਸਮਾਂ—1173—1265 ਈ.।
3. **ਨਾਮਦੇਵ :** ਸਮਾਂ—1269—1350। ਮਹਾਰਾਸ਼ਟਰੀ ਸੰਤ। ਪੰਜਾਬ ਦਾ ਵੀ ਦੌਰਾ ਕੀਤਾ। ਰਚਨਾ ਵਿਚ ਯੋਗ ਅਤੇ ਭਗਤੀ ਦਾ ਮੇਲ ਹੈ। 'ਨਾਮ' ਨੂੰ ਈਸਵਰ ਮੰਨਿਆ ਹੈ।
4. **ਤ੍ਰਿਲੋਚਨ :** ਸਮਾਂ—1267 ਈ. ਵਿਚ ਜਨਮ। ਮਰਾਠੀ ਦਾ ਪ੍ਰਭਾਵ ਹੋਣ ਕਾਰਣ ਮਹਾਰਾਸ਼ਟਰ ਦੇ ਜਾਪਦੇ ਹਨ। ਨਾਮਦੇਵ ਨਾਲ ਇਨ੍ਹਾਂ ਦੀ ਭੇਂਟ ਦਾ ਜ਼ਿਕਰ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਇਨ੍ਹਾਂ ਦੀਆਂ ਹੋਰ ਰਚਨਾਵਾਂ ਮਿਲਦੀਆਂ ਹਨ—ਕਰਮਵਾਦ, ਯੋਗ ਤੇ ਭਗਤੀ ਇਨ੍ਹਾਂ ਤਿੰਨਾਂ ਦਾ ਮੇਲ ਇਨ੍ਹਾਂ ਦੀ ਬਾਣੀ ਵਿਚ ਹੈ।
5. **ਸਧਨਾ :** ਨਾਮਦੇਵ ਦੇ ਸਮਕਾਲੀ—ਰਚਨਾ ਬਹੁਤ ਥੋੜੀ ਪ੍ਰਾਪਤ ਹੈ। ਆਦਿ ਗ੍ਰੰਥ ਤੋਂ ਬਾਹਰ ਵੀ ਕੇਵਲ ਇਕ ਪਦ ਹੀ ਮਿਲਦਾ ਹੈ। 'ਹਉਮੈਂ' ਨੂੰ ਮਾਰਨਾ ਤੇ 'ਭਗਵਾਨ ਦੀ ਭਗਤੀ' ਇਨ੍ਹਾਂ ਪਦਾਂ ਦਾ ਵਿਸ਼ਾ ਹੈ।
6. **ਬੇਣੀ :** ਸਮਾਂ—14ਵੀਂ ਸਦੀ ਕਿਸੇ ਪੱਛਮੀ ਇਲਾਕੇ ਦੇ ਹਨ—ਯੋਗ ਤੇ ਭਗਤੀ ਇਨ੍ਹਾਂ ਦੇ ਪਦਾਂ ਦਾ ਵਿਸ਼ਾ ਹੈ। ਆਦਿ ਗ੍ਰੰਥ ਵਿਚ ਇਨ੍ਹਾਂ ਦੇ ਤਿੰਨ ਪਦ ਤੇ ਬਾਹਰ ਸਤ ਸ਼ਬਦ ਹੋਰ ਮਿਲਦੇ ਹਨ।
7. **ਰਾਮਾਨੰਦ :** ਸਮਾਂ (1299—1410 ਈ.) ਦਖਣ ਤੋਂ ਆ ਕੇ ਪ੍ਰਯਾਗ ਵਿਚ ਵਸੇ ਮੁਸਲਮਾਨ ਹੋਏ ਹਿੰਦੂਆਂ ਨੂੰ ਮੁੜ ਹਿੰਦੂ ਧਰਮ ਵਿਚ ਵਾਪਸ ਲਿਆਉਣਾ ਉਤਰ ਭਾਰਤ ਵਿਚ ਇਸਲਾਮ ਦੇ ਜਬਰ ਦੇ ਪ੍ਰਤੀ ਕਰਮ ਰੂਪ ਵਿਚ ਹਿੰਦੂ ਧਰਮ ਵਿਚ ਭਗਤੀ ਲਹਿਰ ਨੂੰ ਜਨਤਕ ਰੂਪ ਦਿੱਤਾ ਤੇ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਦੀਕਸ਼ਾ ਦੇ ਕੇ ਉਨ੍ਹਾਂ ਵਿਚ ਇਸਲਾਮ ਦੇ ਸਮੂਹਕ ਪ੍ਰਚਾਰ ਤੇ ਪ੍ਰਸਾਰ ਨੂੰ ਰੋਕਿਆ। ਜੁਲਾਹਾ ਕਬੀਰ, ਚਮਾਰ ਰਵਿਦਾਸ, ਨਾਈ ਸੈਨ, ਜੱਟ ਧੰਨਾ ਤੇ ਰਾਜਾ ਪੀਪਾ ਇਹ ਸਭ ਇਨ੍ਹਾਂ ਦੇ ਹੀ ਚੇਲੇ ਸਨ ਜਿਨ੍ਹਾਂ ਨੇ ਪੰਦਰਵੀਂ ਸਦੀ ਵਿਚ ਸਾਰੇ ਉੱਤਰੀ ਭਾਰਤ ਵਿਚ ਭਗਤੀ, ਯੋਗ, ਨਾਮ ਤੇ ਗੁਰੂ ਦੀ ਮਹਿਮਾ ਖ਼ੂਬ ਗਾਈ ਹੈ।
8. **ਕਬੀਰ :** ਸਮਾਂ—1398—1520 ਈ. ਰਾਮਾਨੰਦ ਦੇ ਸ਼ਿਸ਼, ਜਾਤੀ ਦੇ ਜੁਲਾਹੇ,

ਵਿਚ ਗੁਰੂ ਦੀ ਮਹਿਮਾ, ਪ੍ਰਭੂ, ਪ੍ਰੇਮ, ਸ਼ਾਕਤਾਂ ਦੀ ਕਾਮਿਨੀ ਦੀ ਨਿੰਦਾ ਬ੍ਰਾਹਮਣਾ ਦੇ ਪ੍ਰਭ ਗਿਆਨ ਬਾਰੇ ਇਕ-ਅਧਿਕਾਰ ਦਾ ਖੰਡਨ, ਪੁਸਤਕ ਗਿਆਨ ਤੇ ਮੂਰਤੀ ਪੂਜਾ ਦੀ ਨਿਰਾਰਥਕਤਾ, ਇਨ੍ਹਾਂ ਦੀ ਰਚਨਾ ਵਿਸ਼ਾ ਹੈ। ਆਪਣੇ ਸਮੇਂ ਦੇ ਭਗਤਾਂ ਵਿਚੋਂ ਸਭ ਤੋਂ ਮਹਾਨ ਵਿਅਕਤੀ ਮੰਨੇ ਜਾਂਦੇ ਹਨ ਅਤੇ ਆਪਣੇ ਸਮਕਾਲੀਆਂ ਤੇ ਉਤਰ ਕਾਲੀਆਂ ਨੂੰ ਇਨ੍ਹਾਂ ਆਪਣੀ ਬਾਣੀ ਨਾਲ ਕਾਫ਼ੀ ਪ੍ਰਭਾਵਤ ਕੀਤਾ ਹੈ।

9. **ਰਵਿਦਾਸ :** (ਸਮਾਂ 1384—1514) ਰਾਮਾਨੰਦ ਦੇ ਚੇਲੇ, ਜਾਤੀ ਦੇ ਚਮਾਰ। ਪ੍ਰਭੂ ਤੇ ਤੇ ਅਤੁਟ ਵਿਸ਼ਵਾਸ਼, ਅਨੰਨ ਭਗਤੀ, ਤੇ ਨਿਮਰਤਾ ਇਨ੍ਹਾਂ ਦੀ ਰਚਨਾ ਦਾ ਵਿਸ਼ਾ ਹੈ। ਧਨਾਸਰੀ ਰਾਗ ਵਿਚ ਇਨ੍ਹਾਂ ਦੀ ਲਿਖੀ 'ਆਰਤੀ' ਹੈ, ਜਿਹੜੀ ਗੁਰੂ ਨਾਨਕ ਦੇਵ ਜੀ ਦੀ ਆਰਤੀ ਲਈ ਪਰੰਪਰਾ ਸਮਝੀ ਜਾ ਸਕਦੀ ਹੈ। ਆਪਣੀ ਜਾਤੀ ਵਾਸਤੇ 'ਹਰੀਜਨ' ਦਾ ਸ਼ਬਦ ਇਨ੍ਹਾਂ ਵਰਤਿਆ ਹੈ, ਜਿਹੜਾ ਬਾਅਦ ਵਿਚ ਗਾਂਧੀ ਜੀ ਨੇ ਅਪਣਾਇਆ ਹੈ।

10. **ਧੰਨਾ :** ਸਮਾਂ – ਜਨਮ : 1418 ਈ; ਜਾਤੀ ਦੇ ਜੱਟ। ਰਾਮਾ ਨੰਦ ਦੇ ਸ਼ਿਸ਼। ਖੇਤੀ ਬਾੜੀ ਕਰਦੇ ਸਨ। ਸਰਲ ਸੁਭਾ ਦੇ ਭਗਤੀ ਵਿਚ ਪ੍ਰਭੂ ਪਾਸੋਂ ਸੰਸਾਰਕ ਵਸਤਾਂ ਮੰਗੀਆਂ ਹਨ ਅਤੇ ਅੱਛੀ ਪਤਨੀ ਵੀ ਮੰਗੀ ਹੈ।

11. **ਪੀਪਾ :** ਸਮਾਂ —ਜਨਮ : 1428 ਈ.; ਰਾਜਸਥਾਨ ਵਿਚ ਗਗਰੌਨ ਗੜ੍ਹ ਦੇ ਰਾਜਾ। ਰਾਮਾ ਨੰਦ ਦੇ ਸ਼ਿਸ਼, ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੋਂ ਛੁਟ 'ਪੀਪਾ ਜੀ ਕੀ ਬਾਣੀ' ਨਾਂ ਤੋਂ ਇਨ੍ਹਾਂ ਦੀ ਬਾਣੀ ਦਾ ਸੰਗ੍ਰਹਿ ਮਿਲਦਾ ਹੈ। ਗੁਰਪ੍ਰਸਾਦਿ ਤੇ ਭਗਤ ਰਾਹੀਂ ਹੀ ਬ੍ਰਾਹਮੰਡੀ ਬ੍ਰਹਮ ਨੂੰ ਆਪਣੇ ਅੰਦਰ ਅਨੁਭਵ ਕਰਨਾ ਉਨ੍ਹਾਂ ਦੇ ਆਦਿ ਗ੍ਰੰਥ ਵਿਚ ਦੇ ਪਦਾਂ ਦਾ ਵਿਸ਼ਾ ਹੈ।

12. **ਸੈਨ :** ਸਮਾਂ— ਧੰਨਾ ਤੇ ਪੀਪਾ ਦੇ ਸਮਾਕਾਲੀ; ਰਾਮਾਨੰਦ ਦੇ ਸ਼ਿਸ਼, ਰਾਜਾ ਬਿਦਰ ਦੇ ਨਾਈ, ਇਨ੍ਹਾਂ ਦੀ ਰਚਨਾ ਆਦਿ ਗ੍ਰੰਥ ਤੋਂ ਇਲਾਵਾ ਵੀ ਮਿਲਦੀ ਹੈ। ਕੁਝ ਕੁਝ ਪਦ ਮਰਾਠੀ ਵਿਚ ਵੀ ਹਨ। ਭਗਤੀ ਤੇ ਨਿਮਰਤਾ ਭਰੇ ਭਾਵ ਨਾਲ ਰਾਮਾਨੰਦ ਦੀ ਉਸਤਤ ਵਿਚ ਇਨ੍ਹਾਂ ਕਿਹਾ ਹੈ ਕਿ ਉਹ 'ਭਗਤੀ' ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ।

13. **ਪਰਮਾਨੰਦ :** ਸਮਾਂ – ਗੁਰੂ ਸਾਹਿਬ ਗੁਰੂ ਨਾਨਕ ਦੇਵ ਦੇ ਸਮਕਾਲੀ—ਪਵਿਤਰ ਭਗਤੀ ਤੇ ਸਤਿਸੰਗ ਦੀ ਬੜੀ ਮਹਿਮਾ ਮੰਨੀ ਹੈ। ਆਦਿ ਗ੍ਰੰਥ ਵਿਚ ਇਕ ਸ਼ਬਦ ਹੈ।

14. **ਗੁਰੂ ਨਾਨਕ ਦੇਵ :** (ਸਮਾਂ—1469—1539.) ਪੰਜਾਬ ਵਿਚ ਪਵਿਤਰ ਭਗਤੀ ਦੀ ਨਿਰੰਤਰ ਪਰੰਪਰਾ ਦੇ ਸੰਸਥਾਪਕ ਬ੍ਰਹਮ ਦੀ ਇੱਛਾ (ਰਜ਼ਾ) ਉਸ ਦੇ ਹੁਕਮ ਤੇ ਭਾਣੇ ਅੱਗੇ ਆਪਣੇ ਵਿਅਕਤਕ 'ਹਉਮੈਂ' ਨੂੰ ਮਾਰਨਾ; ਪ੍ਰਭੂ ਪ੍ਰੇਮ, ਨਾਮ ਸਿਮਰਨ, ਹਰੀ ਦੇ ਗੁਣ ਗਾਣ, ਪ੍ਰਭੂ ਅਤੇ ਗੁਰ ਪ੍ਰਸਾਦਿ ਸਤਿਸੰਗ, ਆਦਿ

ਵਿਚਾਰ ਤੇ ਸਾਧਨਾ ਦੇ ਤੱਤਾਂ ਤੇ ਅਧਾਰਤ ਭਗਤੀ ਪ੍ਰਣਾਲੀ ਨੂੰ ਸੁਗੰਠਿਆਂ ਕੀਤਾ ਹੈ । ਆਦਿ ਗ੍ਰੰਥ ਵਿਚ ਆਪਣੇ 978 ਸ਼ਬਦ ਤੇ ਸਲੋਕ ।

15. ਮਰਦਾਨਾ : ਇਹ ਮੁਸਲਮਾਨ ਰਬਾਬੀ ਸੀ ਅਤੇ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੀਆਂ ਉਦਾਸੀਆਂ ਸਮੇਂ ਉਨ੍ਹਾਂ ਨਾਲ ਰਿਹਾ ।

16. ਗੁਰੂ ਅੰਗਦ ਦੇਵ : ਸਮਾਂ 1504-1553) ਈ.—ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਆਪਣੇ ਗੁਰੂ ਲਈ ਅਥਾਹ ਪਿਆਰ ਸੀ । 'ਧ੍ਰਿਗ ਜੀਵਨ ਸੰਸਾਰ ਤਾ ਕੈ ਪਾਛੈ ਜੀਵਨਾ ।' ਆਪਣੀ ਬਾਣੀ ਵਿਚ ਗੁਰੂ ਦੀ ਮਹਾਨਤਾ ਬਹੁਤ ਦਰਸਾਈ ਹੈ ਤੇ ਸੇਵਾ ਵਾਲਾ ਉੱਚਾ ਸੱਚਾ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ਹੈ । ਇਨ੍ਹਾਂ ਦੀ ਬਾਣੀ ਬਹੁਤੀ ਕਰਕੇ ਸਲੋਕਾਂ ਵਿਚ ਹੈ ।

17. ਗੁਰੂ ਅਮਰਦਾਸ : ਸਮਾਂ—1479—1578; ਗੁਰੂ ਨਾਨਕ ਦੇਵ ਦੀ ਪਰੰਪਰਾ ਵਿਚ ਤੀਜੇ ਨਾਨਕ; ਸਾਰਿਆਂ ਵਿਚ ਇਕ ਵੇਖਣਾ ਅਤੇ ਸੰਗਤ ਵਿਚ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇ ਬਿਨਾਂ ਆਪਣੇ ਦਰਸ਼ਨ ਦੇਣ ਦੀ ਮਨਾਹੀ ਕਰ ਦਿੱਤੀ ਅਤੇ ਇਉਂ ਗਰੀਬ ਤੇ ਅਮੀਰ ਇਕ ਪੱਧਰ ਤੇ ਲੈ ਆਉਂਦੇ । ਆਪ ਦੀ ਪ੍ਰਧਾਨ ਬਾਣੀ ਅਨੰਦ ਸਾਹਿਬ ਹੈ ਜਿਸ ਵਿਚ ਚੰਗੇ ਅਮਲਾਂ ਦੀ ਪ੍ਰੇਰਨਾ ਦੇ ਕੇ ਅਤੇ ਤਨ ਮਨ ਧਨ ਗੁਰੂ ਨੂੰ ਅਰਪਨ ਕਰਕੇ ਪ੍ਰਮਾਤਮਾ ਦਾ ਮੇਲ ਅਤੇ ਅਸਲੀ ਅਨੰਦ ਦੀ ਪ੍ਰਾਪਤੀ ਦੱਸੀ ਹੈ । ਸਤੀ ਦੀ ਰਸਮ ਦਾ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ । ਆਪ ਜੀ ਸੇਵਾ ਦੇ ਨਮੂਨੇ ਸਨ । ਆਪਣੀ ਬਿਰਧ ਅਵਸਥਾ ਵਿਚ ਵੀ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆ ਕੇ ਗੁਰੂ ਇਸ਼ਨਾਨ ਕਰਾਉਣ ਦਾ ਨੇਮ ਤੋੜ ਨਿਭਾਇਆ ।

18. ਗੁਰੂ ਰਾਮ ਦਾਸ : ਸਮਾਂ—1534-1581 ਈ. ਗੁਰੂ ਨਾਨਕ ਦੇਵ ਜੀ ਦੀ ਪਰੰਪਰਾ ਵਿਚ ਚੌਥੇ ਨਾਨਕ ਹਨ । ਸ੍ਰੀ ਅੰਮ੍ਰਿਤਸਰ ਨਗਰ ਵਸਾਇਆ ਅਤੇ ਇਤਿਹਾਸਕ ਸਰੋਵਰ ਦੀ ਨੀਂਹ ਰੱਖੀ । ਗੁਰਮਤਿ ਸਿਧਾਂਤਾਂ ਨੂੰ ਪ੍ਰੇਮ-ਭਰੀ ਬੋਲੀ ਵਿਚ ਅਤੇ ਅਤਿ ਸੌਖੇ ਸ਼ਬਦਾਂ ਅੰਦਰ ਬਿਆਨ ਕੀਤਾ । ਆਪ ਜੀ ਦੀ ਬਾਣੀ ਕਾਵਿ ਕਲਾ ਦਾ ਉਤਮ ਨਮੂਨਾ ਹੈ ।

19. ਗੁਰੂ ਅਰਜਨ ਦੇਵ : ਸਮਾਂ—1563—1606 ਈ; ਗੁਰੂ ਅਮਰ ਦਾਸ ਜੀ ਨੇ ਆਪ ਜੀ ਨੂੰ 'ਬਾਣੀ ਦਾ ਬੋਹਿਥਾ' ਕਰਕੇ ਆਖਿਆ । ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਧੀਕ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਣ ਆਪ ਜੀ ਨੇ ਹੀ ਕੀਤਾ ਹੈ । ਸ੍ਰੀ ਸੁਖਮਨੀ ਸਾਹਿਬ ਆਪ ਜੀ ਦੀ ਪ੍ਰਧਾਨ ਬਾਣੀ ਹੈ ਜਿਸ ਵਿਚ ਸਾਰੀ ਗੁਰਮਤਿ ਫਿਲਾਸਫ਼ੀ ਭਰੀ ਪਈ ਹੈ । ਮਨ ਦੀ ਗਰੀਬੀ ਦਾ ਪੂਰਨ ਨਮੂਨਾ ਸਨ ਅਤੇ ਆਪ ਜੀ ਨੇ ਸ਼ਹੀਦੀ ਪਾ ਕੇ ਭਾਣਾ ਮੰਨਣ ਦਾ ਪੂਰਨਾ ਪਾਇਆ ਹੈ ।

20. ਭੀਖਨ : ਸਮਾਂ—ਹਮਾਯੂੰ ਤੇ ਅਕਬਰ ਦੇ ਸਮੇਂ [illegible]

ਇਨ੍ਹਾਂ ਦੇ ਪਦਾਂ ਦੇ ਵਿਸ਼ੇ ਤੋਂ ਇਨ੍ਹਾਂ ਨੂੰ ਹਿੰਦੂ ਭਗਤ ਕਿਹਾ ਜਾ ਸਕਦਾ ਹੈ। ਆਦਿ ਗ੍ਰੰਥ ਵਿਚ ਇਨ੍ਹਾਂ ਦੇ ਦੋ ਪਦ ਹਨ। ਸਤਿਗੁਰੂ ਦੀ ਸ਼ਰਨ ਨਾਮ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਹੈ।

21. ਸੂਰਦਾਸ ; ਸਮਾਂ—ਅਕਬਰ ਦੇ ਸਮਕਾਲੀ ਤੇ ਸਾਂਡਿਲ ਦੇ ਗਵਰਨਰ—ਸ਼ਾਇਦ ਇਹ ਹਿੰਦੀ ਦੇ ਸੂਰ ਸਾਗਰ ਦੇ ਕਰਤੇ ਤੋਂ ਭਿੰਨ ਹਨ। ਡਾ. ਧਰਮਪਾਲ ਮੈਨੀ ਨੇ ਇਨ੍ਹਾਂ ਦੋਹਾਂ ਨੂੰ ਇਕੋ ਹੀ ਸੂਰਦਾਸ ਮੰਨਿਆ ਹੈ। ਆਦਿ ਗ੍ਰੰਥ ਵਿਚ ਇਨ੍ਹਾਂ ਦੇ ਦੋ ਸ਼ਬਦ ਹਨ।

22. ਸੁੰਦਰ : ਗੁਰੂ ਅਮਰਦਾਸ ਜੀ ਦੇ ਪੋਤਰੇ। ਆਦਿ ਗ੍ਰੰਥ ਵਿਚ ਇਕ ਸ਼ਬਦ ਜਿਸ ਦੀਆਂ 6 ਪਉੜੀਆਂ ਹਨ।

23. ਗੁਰੂ ਤੇਗ ਬਹਾਦਰ : ਸਮਾਂ—1622-1675 ਈ.। ਆਦਿ ਗ੍ਰੰਥ ਵਿਚ 59 ਸ਼ਬਦ ਅਤੇ 57 ਸਲੋਕ ਹਨ—ਪੰਜਾਬ ਦੀ ਭਗਤੀ ਪਰੰਪਰਾ ਵਿਚੋਂ ਨੌਵੇਂ ਗੁਰੂ ਹਨ। ਇਨ੍ਹਾਂ ਦੇ ਪਦ ਸੰਸਾਰ ਦੀ ਅਸਾਰਤਾ ਦਸਕੇ ਪ੍ਰਭੂ ਦੇ ਗੁਣ ਗਾਉਣ ਤੇ ਨਾਮ ਸਿਮਰਨ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਦੇ ਪਦ ਜਨਤਾ ਵਿਚ ਸ਼ਾਇਦ ਸਭ ਤੋਂ ਵਧੇਰੇ ਗਾਏ ਜਾਂਦੇ ਹਨ।

24. ਕਲ
25. ਕਲਸਹਾਰ
26. ਟਲ
27. ਜਾਲਪ
28. ਜਲ
29. ਕੀਰਤ

ਇਹ ਸਭ ਭੱਟ ਸਨ, ਜਿਨ੍ਹਾਂ ਸਤਿ ਦੀ ਸੱਚੀ ਭਾਲ ਵਿਚ ਸਾਰੇ ਭਾਰਤ ਦਾ ਭ੍ਰਮਣ ਕੀਤਾ। ਅਤੇ ਅਖੀਰ ਉਨ੍ਹਾਂ ਨੂੰ ਪ੍ਰਭੂ ਭਗਤੀ ਵਿਚ ਸੱਚਾ ਸੁਖ ਪ੍ਰਾਪਤ ਹੋਇਆ। ਇਨ੍ਹਾਂ ਦੇ ਕੁਲ 123 ਪਦ ਆਦਿ ਗ੍ਰੰਥ ਵਿਚ ਸ਼ਾਮਲ ਹਨ। ਇਨ੍ਹਾਂ ਦੇ ਪਦ ਗੁਰੂ ਸਾਹਿਬਾਨ ਦੀ ਉਸਤਤ ਵਿਚ ਹਨ।

30. ਸਲ
31. ਭਲ
32. ਨਲ
33. ਪੀਪਾ
34. ਜਲਨ
35. ਦਸ
36. ਗਯੰਦ
37. ਸੇਵਕ
38. ਮਥੁਰਾ
39. ਬਲ
40. ਹਰਿਬੰਸ

ਇਨ੍ਹਾਂ ਦੀ ਗਿਣਤੀ ਬਾਰੇ ਵਿਦਵਾਨਾਂ ਵਿਚਕਾਰ ਮਤ ਭੇਦ ਹੈ।

41. ਸੱਤਾ ਤੇ ਬਲਵੰਡ ਸੱਤੇ ਬਲਵੰਡ : ਦੀ ਵਾਰ ਦੀਆਂ ਪੰਜ ਪਉੜੀਆਂ ਅਤੇ ਤਿੰਨ ਪਉੜੀਆਂ ਬਲਵੰਡ ਦੀਆਂ ਹਨ।

———

## ਅੰਤਕਾ (ਸ)

### ਆਦਿ ਗ੍ਰੰਥ ਬਾਰੇ ਸਹਾਇਕ ਗ੍ਰੰਥਾਵਲੀ


| | |
|---|---|
| ਸਾਹਿਬ ਸਿੰਘ | ਧਾਰਮਕ ਲੇਖ |
| | ਕੁਝ ਹੋਰ ਲੇਖ |
| | ਗੁਰੂ ਗ੍ਰੰਥ ਸਾਹਿਬ ਦਰਪਨ |
| | ਗੁਰਮਤਿ ਪ੍ਰਕਾਸ਼ |
| ਸਾਵਨ ਸਿੰਘ (ਬਾਬਾ | ਸ਼ਬਦ |
| ਸਾਧੂ ਸਿੰਘ | ਸ੍ਰੀ ਮੁਖਵਾਕ ਸਿਧਾਂਤ ਜਯੋਤੀ |
| ਸ਼ੇਰ ਸਿੰਘ ਐਮ. ਐਸ. ਸੀ., ਕਸ਼ਮੀਰ | ਆਤਮ ਦਰਸ਼ਨ |
| ਸ਼ੇਰ ਸਿੰਘ | ਗੁਰਮਤਿ ਦਰਸ਼ਨ |
| ਸੰਤ ਸਿੰਘ ਸੇਖੋਂ | ਪੰਜਾਬੀ ਕਾਵਿ ਸ਼ਰੋਮਣੀ |
| ਕਾਨ੍ਹ ਸਿੰਘ, ਭਾਈ | ਗੁਰਮਤਿ ਪ੍ਰਭਾਕਰ |
| | ਗੁਰੂ ਸ਼ਬਦ ਰਤਨਾਕਰ (ਮਹਾਨ ਕੋਸ਼) |
| | ਗੁਰਮਿਤ ਮਾਰਤੰਡ |
| ਕੌਰ ਸਿੰਘ ਅਕਾਲੀ | ਸ੍ਰੀ ਗੁਰਸ਼ਬਦ ਰਤਨਾਕਰ ਪ੍ਰਕਾਸ਼ |
| ਗੋਪਾਲ ਸਿੰਘ | ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ |
| ਚਰਨ ਸਿੰਘ | ਬਾਣੀ ਬਿਓਰਾ |
| ਜਗਜੀਤ ਸਿੰਘ | ਮੂਲਮੰਤਰ, ਸੰਕਲਪ ਅਤੇ ਵਿਵੇਚਨ । |
| ਜੀ. ਬੀ. ਸਿੰਘ | ਪ੍ਰਾਚੀਨ ਬੀੜਾਂ |
| ਜੋਧ ਸਿੰਘ | ਗੁਰਮਤਿ ਨਿਰਣੈ |
| ਜੋਗਿੰਦਰ ਸਿੰਘ (ਡਾ.) | 'ਜਪੁਜੀ ਦੇ ਟੀਕੇ' । |
| ਤਾਰਨ ਸਿੰਘ | ਗੁਰੂ ਨਾਨਕ, ਚਿੰਤਨ ਤੇ ਕਲਾ |
| ਤਾਰਾ ਸਿੰਘ (ਪੰਡਤ) | ਗੁਰਮਤਿ ਨਿਰਣੈ ਸਾਗਰ |
| ਤੇਜਾ ਸਿੰਘ ਪ੍ਰਿੰਸੀਪਲ | ਸਿੱਖ ਧਰਮ, ਆਰਸੀ, ਸ਼ਬਦਾਂਤਿਕ ਲਗਾਂ ਮਾਤ੍ਰਾਂ |
| ਪਿਆਰਾ ਸਿੰਘ ਪਦਮ | ਗੁਰਬਾਣੀ ਕੋਸ਼, ਸਾਡੇ ਗੁਰਦੇਵ, ਸੰਖੇਪ ਸਿੱਖ ਇਤਿਹਾਸ ਸੋਲਾਂ ਕਲਾਂ |
| ਪ੍ਰਤਾਪ ਸਿੰਘ | ਗੁਰਮਤਿ ਫਿਲਾਸਫੀ |
| ਭਾਸ਼ਾ ਵਿਭਾਗ | ਗੁਰੂ ਨਾਨਕ ਅੰਕ, ਗੁਰੂ ਰਾਮ ਦਾਸ ਅੰਕ—ਪੰਜਾਬੀ ਦੁਨੀਆਂ |
| ਮਹਿਤਾਬ ਸਿੰਘ | ਨਾਵਾਂ ਥਾਵਾਂ ਦਾ ਕੋਸ਼ |
| ਰਣਧੀਰ ਸਿੰਘ | ਗੁਰਮਤਿ ਅਧਿਆਤਮ ਤੇ ਕਰਮ ਫਿਲਾਸਫੀ |

ਵਧਾਵਾ ਸਿੰਘ — ਨਾਮ ਕੀ ਹੈ ?
ਵੀਰ ਸਿੰਘ ਭਾਈ — ਅਸ਼ਟ ਗੁਰਚਮਤਕਾਰ
ਗੁਰ ਨਾਨਕ ਚਮਤਕਾਰ
ਗੁਰਮਤਿ ਨਾਮ (ਰਚਨਾ ਵਿਚੋਂ)

ਹਿੰਦੀ

चतुर्वेदी परशुराम — मध्यकालीन प्रेम साधना
उतर भारत की सन्त परम्परा
द्विवेदी, हजारी प्रसाद — कबीर
बड़थवल, पीताम्बरदत्त — हिन्दी काव्य में निर्गुण सम्प्रदाय
मिश्र, जयराम — गुरु ग्रन्थ दर्शन
भैनी, धर्मपाल — श्री गुरु ग्रन्थ साहब — एक परिचय
वर्मा, राम कुमार — संत कबीर
बियोगी हरि — संत सुधासर

ENGLISH

Archar John C. ...The Sikhs.
Bhandarkar R. G. ...Vaishanvism, Shaivism and Minor Religious systems.
Brigges, W. ...Gorakhnath and Kanphata Yogis.
Cunningham J. D. ...History of the Sikhs.
Dorothy Field ...Something about Sikhs.
Duncan Greenless ...Gospel of the Guru Granth.
Fisher ...Mystics, Ascetics and Saints of India
Ganda Singh and Teja Singh ...A Short History of the Sikhs
Gopal Singh Dardi ...The English Translation of Guru Granth Sahib
Harnam Singh ...Sikh Religion-Karam and Transmigration.
James Brown ...History of Origin and Progress of the Sikhs.
Kapoor Singh ...Parashar Prashana
Kartar Singh ...Life of Guru Nanak Dev
Khazan Singh ...History and Philosophy of Sikh Religion (in two volumes)

Khushwant Singh ...The Sikh The History of the Sikhs.
Kohli S. S. ... A Critical Study of the Adi Granth.
Lixcholin C. H. ...The Sikh sand their Books
Macauliffe M. A. ...The Sikh Religion (in there Volumes:
Mohan Singh .. Gorakhnath and Medieval Hindu Mysticism;
Molcolm .. Sketch of the Sikhs
Narang G. C. ...Transformation of Sikhism
Puran Singh ...The Book of ten Masters,
The Spirit Born Poeple
The Spirit of the Oriental Peotry
Seva Ram Singh ...Divine Masters
Sardool Singh ...Sikh Studies
Scott J. B. ...Religion and the History of the Sikhs
Sher Singh ...Phliosophy oi Sikhism
Tara Chand ...Influence of Islam on Indian Culture
Trumpp Earnest .. The Adi granth
Unesco Publication ...The Sacred Writings of the Sikhs